# ਸ੍ਰੀ
# ਗੁਰੂ ਭਗਤ ਮਾਲ
# ਸਟੀਕ



ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ ।

ਭੇਟਾ : 300-00

**ਪ੍ਰਕਾਸ਼ਕ -**

ਭਾ: ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ :

ਜਲ੍ਹਿਆਂ ਵਾਲਾ ਬਾਗ , ਅੰਮ੍ਰਿਤਸਰ ।

Publishers:

B.Jawahar Singh Kirpal Singh & Co.

Jallianwala Bagh , Amritsar -143006.

Website : www.jsks.co.in Email: contact@jsks.co.in

Phone/Fax : 0183-2545421

# ਤਤਕਰਾ


ਪ੍ਰਸੰਗ
- ਸੁਣਿ ਸਾਖੀ ਮਨਿ ਜਪਿ ਪਿਆਰ ੭

੧. ਭਗਤ ਕਬੀਰ ਜੀ
- ਜਨਮ ਤੇ ਬਚਪਨ ੧੦
- ਸੁੰਨਤ ਦਾ ਝਗੜਾ ੧੩
- ਕਬੀਰ ਬਿਮਾਰ ਹੋ ਗਿਆ ੧੭
- ਸਵਾਮੀ ਰਾਮਾਨੰਦ ਨੂੰ ਗੁਰੂ ਧਾਰਨਾ ੨੦
- ਕਪੜੇ ਦਾ ਥਾਨ ਸੰਤਾਂ ਨੂੰ ਭੇਟ ਕਰਨਾ ਤੇ ਪ੍ਰਭੂ ਦੀ ਕ੍ਰਿਪਾ ੨੬
- ਬੈਰਾਗੀ ਸਾਧੂਆਂ ਨੂੰ ਭੋਜਨ ਛਕਾਉਣਾ ਤੇ ਬ੍ਰਾਹਮਣਾਂ ਦਾ ਕ੍ਰੋਧ ਕਰਨਾ ੨੯
- ਸੰਸਾਰ ਥਿਰ ਨਹੀਂ ਮਰਨਾ ਜਰੂਰੀ ਹੈ ੩੩
- ਬ੍ਰਾਹਮਣ ਨੂੰ ਸਿਖਿਆ ਤੇ ਜਾਤੀ ਅਭਿਮਾਨ ਦਾ ਖੰਡਨ ੩੬
- ਸਾਧ ਸੰਗਤ ਦੇ ਗੁਣ ੪੪
- ਚੋਰ ਨੂੰ ਬਚਾਉਣਾ ੪੬
- ਕਬੀਰ ਦੇ ਵਿਰੁੱਧ ਬਾਦਸ਼ਾਹ ਅਗੇ ਸ਼ਿਕਾਇਤ ੫੦
- ਕਬੀਰ ਜੀ ਦਾ ਕਾਂਸ਼ੀ ਨੂੰ ਛੱਡਣਾ ੬੫
- ਕਬੀਰ ਜੀ ਦਾ ਅੰਤਮ ਸਮਾਂ ੬੭

੨. ਭਗਤ ਰਵਿਦਾਸ ਜੀ
- ਜਨਮ, ਮਾਂ-ਬਾਪ ਤੇ ਬਚਪਨ ੬੯
- ਰਵਿਦਾਸ ਜੀ ਦੇ ਪਿਛਲੇ ਜਨਮ ਦੀ ਕਥਾ ੭੧
- ਵਿਆਹ ਤੇ ਵੱਖਰਾ ਘਰ ੭੪
- ਅਭੀਚ ਨਛੱਤ੍ਰ ਪੁਰਬ ਤੇ ਰਵਿਦਾਸ ਜੀ ਦਾ ਕਸੀਰਾ ੭੫
- ਭਗਵਾਨ ਨੇ ਰਵਿਦਾਸ ਦੀ ਪ੍ਰੀਖਿਆ ਕਰਨੀ ੭੭
- ਕੱਖਾਂ ਦੀ ਛੰਨ ਤੋਂ ਪੱਕੇ ਮੰਦਰ ੭੯
- ਬ੍ਰਾਹਮਣਾਂ ਦੀ ਦੁਸ਼ਮਣੀ ੮੨
- ਝਾਲੀ ਰਾਣੀ ਦੀ ਕਥਾ ੮੯

੩. ਸਵਾਮੀ ਰਾਮਾਨੰਦ ਜੀ ੯੮

੪. ਭਗਤ ਪੀਪਾ ਜੀ
- ਦੇਵੀ ਭਗਤ ਰਾਜਾ ੧੦੨
- ਹਰਿ ਭਗਤੀ ਵਲ ਮੁੜਨਾ ੧੦੩
- ਪੀਪਾ ਜੀ ਨੂੰ ਸੁਪਨਾ ਆਉਣਾ ੧੦੪
- ਸਵਾਮੀ ਰਾਮਾਨੰਦ ਜੀ ਨਾਲ ਮੇਲ ੧੦੭
- ਪੀਪਾ ਜੀ ਦਾ ਰਾਜ ਭਾਗ ਤਿਆਗਣਾ ੧੦੯
- ਪੀਪਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ੧੧੧
- ਸੀਤਾ ਸਹਚਰੀ ਦੀ ਰਖਿਆ ੧੧੩
- ਠੱਗ ਸਾਧੂ ਤੇ ਸੀਤਾ ੧੧੪
- ਧਨ ਆਉਣਾ ਤੇ ਪੀਪਾ ਜੀ ਦਾ ਲੁਟਾਉਣਾ ੧੧੭
- ਰਾਜਾ ਸੂਰਜ ਮਲ ਸੈਨ ਦਾ ਉਧਾਰ ਕਰਨਾ ੧੧੮

੫. ਭਗਤ ਸੈਣ ਜੀ ੧੨੧

੬. ਧੰਨਾ ਭਗਤ ਜੀ ੧੨੪

੭. ਭਗਤ ਜੈ ਦੇਵ ਜੀ
- ਜਨਮ ਤੇ ਬਚਪਨ ੧੩੧
- ਨਿਰੰਜਨ ਬ੍ਰਾਹਮਣ ਦਾ ਪਾਪ ੧੩੨
- ਰਾਜ ਕਵੀ ੧੩੩
- ਤੀਰਥ ਯਾਤਰਾ ਤੇ ਦੇਸ ਦਾ ਰਟਨ ੧੩੪
- ਪਦਮਾਵਤੀ ਨਾਲ ਵਿਆਹ ੧੩੫
- ਆਪਣੇ ਨਗਰ ਆਉਣਾ ੧੩੮
- ਗੀਤ ਗੋਬਿੰਦ ਦੀ ਰਚਨਾ ੧੩੯
- ਗੀਤ ਗੋਬਿੰਦ ਜਗਨਨਾਥ ਪੁਰੀ ਦੇ ਮੰਦਰ ਵਿਚ ੧੪੨
- ਡਾਕੂਆਂ ਦਾ ਪਾਪ ੧੪੪
- ਰਾਜੇ ਲਛਮਣ ਸੈਨ ਦਾ ਮੇਲ ੧੪੫
- ਸ੍ਰੀ ਜੈ ਦੇਵ ਜੀ ਦੀਆਂ ਬਾਹਾਂ ਦਾ ਠੀਕ ਹੋਣਾ ੧੪੬
- ਪਦਮਾਵਤੀ ਦਾ ਮਰਨਾ ਤੇ ਜੀਊਣਾ ੧੪੭
- ਆਪਣੇ ਘਰ ਵਾਪਸੀ ਤੇ ਅੰਤਕਾਲ ੧੫੦

੮. ਭਗਤ ਨਾਮਦੇਵ ਜੀ
- ਜਨਮ, ਮਾਂ-ਬਾਪ ਤੇ ਬਚਪਨ ੧੫੧
- ਠਾਕੁਰਾਂ ਨੂੰ ਦੁਧ ਪਿਆਉਣਾ ੧੫੩
- ਪੁੰਡਰਪੁਰ ਬੀਠੁਲ ਵਾਹਿਗੁਰੂ ਦੀ ਪੂਜਾ ੧੫੫
- ਤੀਰਥ ਯਾਤਰਾ ਕਰਨ ਜਾਣਾ ੧੫੬
- ਮੋਈ ਗਊ ਜੀਉਂਦੀ ਕਰਨੀ ੧੫੭
- ਦੇਹੁਰਾ ਫਿਰ ਗਿਆ ੧੬੦
- ਭਗਤ ਪਾਂਡੀ ਬਣਿਆ ੧੬੩
- ਸੁਕੇ ਖੂਹ ਵਿਚੋਂ ਪਾਣੀ ਦਾ ਨਿਕਲਣਾ ੧੬੪
- ਪੁੰਡਰਪੁਰ ਵਾਪਸੀ ੧੬੫
- ਨਾਮਦੇਵ ਜੀ ਦੀ ਛੰਨ ਪ੍ਰਮਾਤਮਾ ਨੇ ਬਨਾਉਣੀ ੧੬੬
- ਸੋਨਾ ਦਾਨ ਤੇ ਰਾਮ ਦੀ ਲੀਲ੍ਹਾ ੧੬੮
- ਨਾਮਦੇਵ ਜੀ ਦੇ ਅੰਤਲੇ ਦਿਨ ਤੇ ਪ੍ਰਲੋਕ ਗਮਨ ੧੭੧

੯. ਭਗਤ ਤ੍ਰਿਲੋਚਨ ਜੀ ੧੭੨
ਜੈ ਚੰਦ ਨੂੰ ਉਪਦੇਸ਼ ੧੭੮
੧੦. ਭਗਤ ਸੂਰਦਾਸ ਜੀ
ਜਨਮ ਤੇ ਵਿਦਿਆ ੧੭੯
ਮਦਨ ਮੋਹਨ ਦਾ ਅੰਨ੍ਹਾ ਹੋਣਾ
ਤੇ ਸੂਰਦਾਸ ਬਣਨਾ ੧੮੦
ਅਕਬਰ ਬਾਦਸ਼ਾਹ ਦੀ ਨੌਕਰੀ ੧੮੧
ਜੇਲ੍ਹ ਵਿਚ ੧੮੨
ਅੰਨ੍ਹੇ ਖੂਹ ਵਿਚ ਡਿਗਣਾ ੧੮੩
ਸ੍ਰੀ ਕ੍ਰਿਸ਼ਨ ਮਹਿਮਾ ਤੇ ਗ੍ਰੰਥਾਂ ਦੀ ਰਚਨਾ ੧੮੪
੧੧. ਭਗਤ ਪਰਮਾਨੰਦ ਜੀ ੧੮੫
੧੨. ਭਗਤ ਸਧਨਾ ਜੀ
ਜਨਮ, ਮਾਂ-ਬਾਪ ਤੇ ਨਗਰ ੧੮੬
ਮਾਸ ਵੇਚਣ ਦਾ ਕੰਮ ਛੱਡਣਾ ੧੮੭
ਰੂਪਵਤੀ ਇਸਤਰੀ ਦਾ ਪਾਪ ੧੮੮
੧੩. ਭਗਤ ਬੇਣੀ ਜੀ ੧੯੨
੧੪. ਭਗਤ ਭੀਖਣ ਜੀ ੧੯੫
੧੫. ਬਾਬਾ ਫਰੀਦ ਜੀ
ਜਨਮ ਤੇ ਮਾਂ-ਬਾਪ ੧੯੬
ਜੰਗਲਾਂ ਵਿਚ ਪਹਿਲੀ ਵਾਰ ਤਪਸਿਆ ੧੯੭
ਬਾਰਾਂ ਸਾਲ ਲਈ ਦੂਸਰਾ ਬਨਵਾਸ ੧੯੯
ਅਜਮੇਰ ਵਿਚ ਮੁਰਸ਼ਦ ਧਾਰਿਆ ੨੦੧
ਫਰੀਦ ਜੀ ਦੀ ਗੱਦੀ ਤੇ ਉਪਦੇਸ਼ ੨੦੨
ਫਰੀਦ ਜੀ ਦੀ ਬਾਣੀ ਤੇ
ਗੁਰੂ ਨਾਨਕ ਜੀ ਨਾਲ ਮੇਲ ੨੦੪
੧੬. ਰਾਇ ਬਲਵੰਡ ਤੇ ਸੱਤਾ
ਲਾਲਚ ਤੇ ਹੰਕਾਰ ੨੦੪
ਸਿੱਖਾਂ ਨੂੰ ਰਾਗੀ ਬਨਾਉਣਾ ੨੦੯
ਸੱਤੇ ਬਲਵੰਡ ਨੂੰ ਕੋਹੜ ੨੧੦
ਭਾਈ ਲੱਧਾ ਪਰਉਪਕਾਰੀ ਕੋਲ
ਸੱਤੇ ਤੇ ਬਲਵੰਡ ਦਾ ਜਾਣਾ ੨੧੦
ਭਾਈ ਲੱਧਾ ਜੀ ਗੁਰੂ ਜੀ ਦੀ ਹਜ਼ੂਰੀ ਵਿਚ ੨੧੨
੧੭. ਬਾਬਾ ਸੁੰਦਰ ਦਾਸ ਜੀ ੨੧੪
੧੮. ਕੁਬਿਜਾਂ ਮਾਲਣ ੨੧੪
੧੯. ਬਿਦਰ ਜੀ ਦੀ ਕਥਾ ੨੧੬
੨੦ ਬਧਿਕ ਪਹਿਲਾ ੨੨੦
੨੧. ਬਧਿਕ ਦੂਸਰਾ ੨੨੪
੨੨. ਦਰੋਪਤੀ ਦੀ ਕਥਾ
ਦੁਰਬਾਸ਼ਾ ਰਿਖੀ ਦਾ ਵਰ ੨੨੬
ਕ੍ਰਿਸ਼ਨਾ ਦਾ ਵਿਆਹ ੨੨੭
ਚੀਰ ਹਰਨ ੨੨੯
੨੩. ਰਾਜਾ ਉਗ੍ਰਸੈਨ ੨੩੨
੨੪. ਊਧੋ ਜੀ ਦੀ ਕਥਾ ੨੩੪
੨੫. ਅਕਰੂਰ ਜੀ ਦੀ ਕਥਾ ੨੩੫
੨੬. ਗੌਤਮ ਮੁਨੀ
ਗੌਤਮ ਰਿਖਿ ਜਸੁ ਗਾਇਓ ੨੩੮
੨੭. ਅਹਿਲਿਆ ਦੀ ਕਥਾ
ਇੰਦਰ ਦੀਆਂ ਮੰਦੀਆਂ ਵਿਉਂਤਾਂ ੨੪੦
ਇੰਦਰ ਦਾ ਅਹਿਲਿਆ ਕੋਲ ਪੁੱਜਣਾ ੨੪੧
ਗੌਤਮ ਦੇ ਸਰਾਪ ੨੪੨
ਇੰਦਰ ਦਾ ਦੁਖ ਉਠਾਉਣਾ ਤੇ ਲੁਕਣਾ ੨੪੪
੨੮. ਹਨੂੰਮਾਨ
ਜਨਮ ਤੇ ਅੰਜਨੀ ਮਾਤਾ ੨੪੫
ਹਨੂੰਮਾਨ ਦੀਆਂ ਬਹਾਦਰੀਆਂ ੨੪੭
੨੯. ਅੰਗਰਾ ਜੀ ੨੪੯
੩੦. ਅੰਬਰੀਕ ਭਗਤ ਜੀ ੨੫੦
੩੧. ਰਾਜਾ ਜਨਕ ਜੀ
ਰਾਜੇ ਜਨਕ ਦੀ ਉਪਮਾ ੨੫੪
ਗੁਰੂ ਧਾਰਨ ਕਰਨਾ ੨੫੫
ਨਰਕਾਂ ਵਿਚੋਂ ਪਾਪੀਆਂ ਨੂੰ ਕੱਢਣਾ ੨੬੦
੩੨. ਸੀਤਾ ਜੀ ਦੀ ਕਥਾ ੨੬੧
੩੩. ਸ੍ਰੀ ਰਾਮ ਚੰਦਰ ਜੀ ੨੬੪
੩੪. ਸ਼ੇਸ਼ਨਾਗ ਜੀ ਦੀ ਕਥਾ ੨੬੬
੩੫. ਸੁਕਦੇਵ ਮੁਨੀ ਜੀ
ਜਨਮ ਕਥਾ ੨੬੭
ਸੁਕਦੇਵ ਦਾ ਰਾਜੇ ਜਨਕ ਨੂੰ
ਗੁਰੂ ਧਾਰਨ ਕਰਨਾ ੨੭੦
੩੬. ਸ਼ਿਵ ਜੀ ਮਹਾਰਾਜ ੨੭੩
੩੭ ਸਨਕਾਦਿਕ ਕੌਣ ਹਨ ੨੭੪
੩੮. ਸੰਮਨ ਮੂਸਨ ੨੭੬
੩੯. ਰਾਜਾ ਹਰੀ ਚੰਦ (ਪਹਿਲਾ) ੨੮੧
੪੦. ਸਤਿਆਵਾਦੀ ਰਾਜਾ ਹਰੀ ਚੰਦ (ਦੂਜਾ) ੨੮੩
ਇੰਦਰ ਦੀ ਈਰਖਾ ੨੮੪
ਵਿਸ਼ਵਾਮਿਤ੍ਰ ਨੇ ਬ੍ਰਾਹਮਣ ਦਾ ਰੂਪ ਧਾਰਨਾ ੨੮੫
ਰਾਜੇ ਹਰੀ ਚੰਦ ਦਾ ਰਾਣੀ ਤੇ
ਲੜਕੇ ਸਮੇਤ ਸ਼ਹਿਰੋਂ ਨਿਕਲਣਾ ੨੮੭
ਕਾਂਸ਼ੀ ਵਿਚ ਹਰੀ ਚੰਦ ਦਾ ਵਿਕਣ ਵਾਸਤੇ
ਹੋਕਾ ਦੇਣਾ ੨੮੮
ਰੋਹਿਤਾਸ ਦੀ ਮੌਤ ੨੯੦
ਰਾਣੀ ਦਾ ਚੋਰੀ ਦੇ ਦੋਸ਼ ਵਿਚ
ਫੜਿਆ ਜਾਣਾ ੨੯੨
ਕਤਲ ਹੋਣ ਵਾਸਤੇ ਰਾਣੀ ਸ਼ੈਵਯਾ

ਸ਼ਮਸ਼ਾਨ ਭੂਮੀ ਵਿਚ ੨੯੩
ਰਾਜਾ ਹਰੀ ਚੰਦ ਦਾ ਬੈਕੁੰਠ ਨੂੰ ਜਾਣਾ ਤੇ ਹਰਿ ਚੰਦਉਰੀ ੨੯੫
੪੧. ਮੁਨੀ ਕਪਿਲ ਦੇਵ ਜੀ ੨੯੫
੪੨. ਮਾਤਾ ਜਸ਼ੋਧਾ ਜੀ ੨੯੭
੪੩. ਚੰਦਰਹਾਂਸ ਦਾ ਪ੍ਰਸੰਗ ੨੯੮
ਠਾਕੁਰ ਪੂਜਾ ੨੯੯
ਕੁੰਤਲਪੁਰ ਦਾ ਧ੍ਰਿਸ਼ਟਬੁਧੀ ਵਜੀਰ ੨੯੯
ਜਲਾਦਾਂ ਨੇ ਚੰਦਰਹਾਂਸ ਨੂੰ ਜੰਗਲ ਵਿਚ ਲੈ ਜਾਣਾ ੩੦੧
ਰਾਜੇ ਕੁਲਿੰਦਰ ਨਾਲ ਚੰਦਰਹਾਂਸ ਦਾ ਮੇਲ ੩੦੪.
ਧ੍ਰਿਸ਼ਟ ਬੁਧੀ ਦਾ ਚੰਦਨਪੁਰ ਆਉਣਾ ਤੇ ਚੰਦਰਹਾਂਸ ਦਾ ਪਛਾਨਣਾ ੩੦੫
ਬਿਖਯਾ ਨਾਲ ਮੇਲ ਤੇ ਵਿਆਹ ੩੦੭
ਚੰਦਰਹਾਂਸ ਦੀ ਥਾਂ ਮਦਨ ਦੀ ਮੌਤ ੩੦੯
ਚੰਦਰਹਾਂਸ ਦਾ ਦੂਸਰਾ ਵਿਆਹ ਤੇ ਧ੍ਰਿਸ਼ਟ ਬੁਧੀ ਦਾ ਮਰਨਾ ੩੧੦
੪੪. ਅਰਜਨ ਜੀ ਦੀ ਕਥਾ
ਜਨਮ ਤੇ ਮਾਤਾ ਪਿਤਾ ੩੧੩
ਦਰੋਪਤੀ ਤੇ ਪੰਜੇ ਪਾਂਡਵ ੩੧੪
ਅਰਜਨ ਕੋਲੋਂ ਨਿਯਮ ਭੰਗ ਹੋਣਾ ੩੧੪
ਅਰਜਨ ਨੂੰ ਬਾਰ੍ਹਾਂ ਸਾਲ ਦਾ ਬਨਵਾਸ ੩੧੬
ਅਰਜਨ ਦੀਆਂ ਬਹਾਦਰੀਆਂ ਤੇ ਦੇਵਤਿਆਂ ਦੀ ਪ੍ਰਸੰਨਤਾ ੩੧੭
ਉਰਵਸ਼ੀ ਅਪੱਛਰਾਂ ਤੇ ਬਲੀ ਅਰਜਨ ੩੧੮
੪੫. ਦੇਵਾ ਕਮਲਾ ਜੀ ੩੨੧
੪੬. ਭੀਸ਼ਮ ਪਿਤਾਮਾ ਜੀ
ਜਨਮ ਤੇ ਮਾਂ-ਬਾਪ ੩੨੧
ਦੇਵਬ੍ਰਤ ਦੀ ਭੀਸ਼ਮ ਪ੍ਰਤਗਿਆ ੩੨੪
ਭੀਸ਼ਮ ਪਿਤਾਮਾ ਦਾ ਪਰਸਰਾਮ ਨਾਲ ਯੁੱਧ ੩੨੫
ਸਤਿਆਵਤੀ ਦੇ ਪੁੱਤਰ ਤੇ ਉਹਨਾਂ ਦੀਆਂ ਮੌਤਾਂ ੩੨੬
ਭੀਸ਼ਮ ਪਿਤਾਮਾ ਸੈਨਾਪਤੀ ਤੀਰਾਂ ਦੀ ਸੇਜਾ ੩੨੭
੪੭. ਗਰੁੜ ਦੀ ਕਥਾ ੩੨੮
੪੮. ਦੇਵਾ ਪੰਡਾ ਦੀ ਅਰਦਾਸ ੩੩੧
੪੯. ਭਾਈ ਪਤੰਗ ਜੀ ਦਾ ਪ੍ਰਸੰਗ ੩੩੫
੫੦. ਜਮਦਗਨਿ ੩੩੯
੫੧. ਮਾਤਾ ਦੇਵਕੀ ਜੀ ੩੪੦
੫੨. ਧਰਮਰਾਇ ੩੪੦
੫੩. ਬ੍ਰਹਮਾ ਜੀ ਦੀ ਜੀਵਨ ਕਥਾ ੩੪੧
੫੪. ਰਾਜਾ ਬਲਿ ਦੀ ਕਥਾ ੩੪੨
ਰਾਜਾ ਪ੍ਰੀਛਤ ੩੪੪
ਪਾਰਥ ੩੪੫
ਪਰੂਰਵਾ ੩੪੫
ਭਗੀਰਥ ੩੪੫
ਮਾਨਧਾਤਾ ੩੪੫
ਰੁਕਮਾਂਗਦ ੩੪੬
ਰਾਵਨ ੩੪੬
ਅਜੈ ਰਾਜਾ ੩੪੭
ਬਾਬਾ ਆਦਮ ੩੪੭
ਅਰੁਣ ਪਿੰਗਲਾ ੩੪੮
ਇੰਦਰ ਰੋ ਪਿਆ ੩੪੯
ਬ੍ਰਹਮਾ ਤੇ ਉਸ ਦੀ ਲੜਕੀ ਸੁਰਸਵਤੀ ੩੪੯
ਕਰਨ ਦੀ ਕਥਾ ੩੫੦
ਸਮੁੰਦਰ ਦੇ ਖਾਰੇ ਹੋਣ ਦੀ ਕਥਾ ੩੫੦
ਕੇਸੀ ਦੈਂਤ ੩੫੧
ਕਾਲੀ ਸੱਪ ੩੫੧
ਦੁਰਬਾਸ਼ਾ ਰਿਸ਼ੀ ੩੫੨
ਅਠਾਰਾਂ ਪੁਰਾਣ ੩੫੩
ਸਹਸ ਬਾਹੂ ਤੇ ਰਾਵਨ ੩੫੩
ਰਕਤ ਬੀਜ ੩੫੪
ਮਧੂ ਕੀਟਮ ੩੫੪
ਮਹਾਂਦੇਵ ਨੇ ਲੜਕਾ ਮਾਰਨਾ ੩੫੪
ਬਿੰਦ੍ਰਾਬਨ ੩੫੬
ਪਾਰਜਾਤ ੩੫੭
੫੫. ਸ੍ਰੀ ਧਰੂਅ ਭਗਤ ਜੀ ੩੫੭
੫੬. ਸਾਖੀ ਰੈਬਾਂ ਨਾਮੀ ਰਾਜੇ ਦੀ ਲੜਕੀ ਦੀ ੩੬੮
੫੭. ਸਾਖੀ ਗੁਜਰੀ ਦੀ ੩੭੨
੫੮. ਸਾਖੀ ਭਾਈ ਭਿਖਾਰੀ ਜੀ ੩੭੩
੫੯. ਗਨਿਕਾ ੩੭੬
੬੦. ਅਜਾਮਲ ਜੀ ਦੀ ਕਥਾ
ਅਜਾਮਲ ਦਾ ਪਹਿਲਾ ਜੀਵਨ - ਰਾਜ ਪੰਡਤ ੩੮੧
ਦੂਸਰਾ ਜੀਵਨ ਚਿੜੀ ਮਾਰ ੩੮੭
੬੧. ਪਿੰਗਲਾ ਵੇਸਵਾ ੩੯੦
੬੨. ਗਜਿੰਦਰ (ਹਾਥੀ) ਦੀ ਕਥਾ ੩੯੫
੬੩. ਭਗਤ ਪ੍ਰਹਿਲਾਦ ਜੀ ੩੯੮
ਦੇਵਤਿਆਂ ਦੀ ਵਿਸ਼ਨੂੰ ਅਗੇ ਪੁਕਾਰ ੪੦੨
ਪ੍ਰਹਿਲਾਦ ਦਾ ਰਾਮ ਕਹਿਣਾ ੪੦੩
ਪ੍ਰਹਿਲਾਦ ਨੂੰ ਮਾਰਨ ਦੇ ਯਤਨ ਕਰਨੇ ੪੦੪
੬੪. ਭਗਤ ਸੁਦਾਮਾ ੪੦੭
੬੫. ਲਛਮਨ ਜਤੀ ੪੧੬
ਲਛਮਨ ਜੀ ਦਾ ਸਰੂਪ ਨਖਾ ਨੂੰ ਦੁਰਕਾਰਨਾ੪੧੭

ਸੀਤਾ ਜੀ ਦੇ ਗਹਿਣੇ ਤੇ ਬਸਤ੍ਰ ਪਛਾਨਣੇ ੪੧੭
ਮੇਘਨਾਥ ਨੂੰ ਮਾਰਨਾ ੪੧੮
੬੬. ਸੁੰਨਤ ਦੀ ਰਸਮ ੪੧੯
੬੭. ਭਾਈ ਤਾਰਾ ਜੀ ੪੨੨
੬੮. ਭਾਈ ਮੂਲਾ ਕੀੜ ਲਾਹੌਰੀਆ ੪੨੫
੬੯. ਭਾਈ ਜੀਵਾ ਜੀ ੪੩੨
੭੦. ਭਾਈ ਪੀਂਘਾ ਜੀ ੪੩੪
੭੧. ਭਾਈ ਮਿਹਰੂ ਜੀ ੪੩੭
ਮਿਹਰੂ ਦਾ ਗੁਰੂ ਜੀ ਕੋਲ ਜਾਣਾ ੪੩੮
ਚੋਰੀ ਦਾ ਮਾਲ ਵਾਪਸ ਕਰਨਾ ੪੪੦
੭੨. ਭਾਈ ਬਹੋੜਾ ਜੀ ਦੀ ਕਥਾ ੪੪੧
੭੩. ਭਾਈ ਤਿਲਕੂ ਜੀ ਤੇ ਜੋਗੀ ਦੀ ਕਥਾ ੪੪੪
ਜੋਗੀ ਨੇ ਜੋਗ ਸ਼ਕਤੀਆਂ ਦੀ ਵਰਤੋਂ ਕਰਨੀ ੪੪੫
ਭਾਈ ਤਿਲਕੂ ਨੇ ਜੋਗੀ ਨੂੰ ਸਤਿਗੁਰੂ ਜੀ ਪਾਸ ਲੈ ਜਾਣਾ ੪੪੮
ਜੋਗੀ ਗੁਰੂ ਜੀ ਦੀ ਚਰਨੀਂ ਡਿੱਗਾ ੪੪੯
੭੪. ਪ੍ਰਸੰਗ ਭਾਈ ਦੀਪਾ ਜੀ ੪੫੧
੭੫. ਪ੍ਰਸੰਗ ਭਾਈ ਸਮੁੰਦਾ ਜੀ ੪੫੨
੭੬. ਭਾਈ ਵਸਾਵਾ ਜੀ ਦੀ ਕਥਾ ੪੫੬
ਭਾਈ ਵਸਾਵੇ ਨੂੰ ਗੁਰੂ ਜੀ ਦਾ ਸੁਨੇਹਾ ਪੁੱਜਣਾ ੪੫੭
ਪੁੱਤਰ ਦੇ ਮਰਨ ਦੀ ਖ਼ਬਰ ੪੫੮
੭੭. ਭਾਈ ਹਰਿਪਾਲ ੪੬੦
੭੮. ਭਾਈ ਰਣੀਆਂ ਜੀ ੪੬੬
੭੯. ਭਾਈ ਸਾਈਏਂ ਦੀ ਨਿਰਮਾਣਤਾ ੪੭੦
੮੦. ਭਾਈ ਜੇਠਾ ਜੀ ਤੇ ਲਖੂ ਧਾੜਵੀ ੪੭੩
੮੧. ਭਾਈ ਜੱਟੂ ਤਪਾ ੪੭੮
੮੨. ਭਾਈ ਭਾਨਾ ਪਰਉਪਕਾਰੀ ੪੮੦
੮੩. ਮਾਈ ਸਰਖਾਨਾ ਦੇ ਪ੍ਰੇਮ ਦੀ ਕਥਾ ੪੮੩
੮੪. ਛੱਜੂ ਝੀਵਰ ਦਾ ਗੀਤਾ ਗਿਆਨ ੪੮੬
੮੫. ਮੀਹਾਂ ਮਸੰਦ ਦੀ ਕਥਾ ੪੮੯
੮੬. ਵੈਦ ਸੁਜਾਨ ਸਿੰਘ ੪੯੪
੮੭. ਭਾਈ ਜੋਗਾ ਸਿੰਘ
ਜੋਗੇ ਦੇ ਮਾਂ ਬਾਪ ਦਾ ਪਿਸ਼ਾਵਰ ਮੁੜ ਜਾਣਾ ੫੦੦
ਜੋਗਾ ਸਿੰਘ ਦੇ ਮਾਂ ਬਾਪ ਨੇ ਖ਼ਤ ਭੇਜਣਾ ੫੦੧
ਘਰ ਪੁੱਜਣ ਤੇ ਵਿਆਹ ੫੦੨
ਵੇਸਵਾ ਨੂੰ ਦੇਖ ਕੇ ਅਟਕਣਾ ੫੦੩
ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਣਾ ੫੦੭
੮੮. ਬੀਬੀ ਬਸੰਤ ਲਤਾ ਦੀ ਕਥਾ ੫੦੯
ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਜੀ ਕੋਲ ਜਾਣਾ ੫੧੦
ਅਨੰਦਪੁਰ ਦਾ ਤਿਆਗ ੫੧੧
ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਜੀ ਨਾਲੋਂ ਵਿਛੜਨਾ ੫੧੩
ਸਮੁੰਦ ਖਾਨ ਨੇ ਬਸੰਤ ਲਤਾ ਨੂੰ ਲਾਲਚ ਦੇਣਾ ੫੧੪
ਬਸੰਤ ਲਤਾ ਬੰਦੀ ਖਾਨੇ ਵਿਚ ੫੧੬
ਸਮੁੰਦ ਖਾਨ ਦਾ ਬੰਦੀਖਾਨੇ ਆਉਣਾ ੫੧੯
ਰੱਬੀ ਸ਼ਕਤੀ ਨੇ ਬਸੰਤ ਲਤਾ ਦੀ ਸਹਾਇਤਾ ਕਰਨੀ ੫੨੧
ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਜੀ ਨੂੰ ਮੁੜ ਮਿਲਨਾ ੫੨੩
੮੯. ਬੀਬੀ ਸ਼ਰਨ ਕੌਰ ਦੀ ਕੁਰਬਾਨੀ ਜੰਗ ਚਮਕੌਰ ੫੨੪
੯੦. ਬੀਬੀ ਰੰਗ ਕੌਰ ੫੨੭
੯੧. ਰਾਣੀ ਝਾਲਾ ਕੌਰ ੫੩੧
੯੨. ਚੰਦ੍ਰਾਵਲੀ ਛਲਣ ਦੀ ਕਥਾ ੫੩੭
੯੩. ਦੇਵੀ ਦੇ ਤੀਰਥ ਸਥਾਪਣ ਦੀ ਕਥਾ ੫੪੦
੯੪. ਭਾਈ ਪੱਲਾ ਜੀ ਦੀ ਕਥਾ ੫੪੩
੯੫. ਕਾਕੇ ਬੁੜ੍ਹੇ ਤੋਂ ਬੁੱਢਾ ਜੀ ੫੪੯
੯੬. ਸ੍ਰੀ ਅੰਮ੍ਰਿਤਸਰ ਜੀ ਦੀ ਕਥਾ ੫੫੩
ਗੁਰੂ ਰਾਮਦਾਸ ਜੀ ਦਾ ਗੋਇੰਦਵਾਲ ਤੋਂ ਆਉਣਾ ੫੫੩
ਦੁਨੀ ਚੰਦ ਪੱਟੀ ਤੇ ਉਸ ਦੀਆਂ ਸਤ ਧੀਆਂ ੫੫੩
ਰਜਨੀ ਨੂੰ ਕੋਹੜੇ ਨਾਲ ਵਿਆਹੁਣਾ ੫੫੫
ਕਾਲੇ ਕਾਵਾਂ ਦਾ ਹੰਸ ਬਣਨਾ ੫੫੭
ਰਜਨੀ ਦਾ ਕੋਹੜੀ ਨੂੰ ਭਾਲਣਾ ੫੫੭
ਗੁਰੂ ਜੀ ਕੋਲ ਮਾਮਲਾ ਪੇਸ਼ ਹੋਣਾ ੫੫੮
ਅੰਮ੍ਰਿਤਸਰ ਸ਼ਹਿਰ ਵਸਣਾ ੫੬੦
੯੭. ਮਾਈ ਭਿਰਾਈ ਦੀ ਭਗਤੀ ੫੬੧
ਗੁਰੂ ਅੰਗਦ ਦੇਵ ਜੀ ਦੀ ਇਕਾਂਤ ਸਮਾਧੀ ੫੬੫
ਸੰਗਤਾਂ ਦਾ ਵਿਆਕੁਲ ਹੋ ਕੇ ਗੁਰੂ ਜੀ ਨੂੰ ਭਾਲਣਾ ੫੬੫
੯੮. ਗਾਇਤ੍ਰੀ ਦੀ ਕਥਾ ੫੬੭
੯੯. ਦੁਆਦਸ ਸਿੱਲਾ ਬਾਰਾਂ ਤੀਰਥਾਂ ਦੀ ਕਥਾ ੫੬੯
੧੦੦. ਜਨਮੇਜੇ ਦਾ ਕੋਹੜ ਨਾਲ ਮਰਨਾ ੫੭੩
ਮਹਾਂਭਾਰਤ ਦੀ ਕਥਾ ੫੯੦
੧੦੧. ਜਰਾਸੰਧ ਦੀ ਕਥਾ ੫੯੫
੧੦੨. ਸ੍ਰੀ ਕ੍ਰਿਸ਼ਨ ਜੀ ਨੇ ਹਾਥੀ ਨੂੰ ਮਾਰਨਾ ੫੯੬
੧੦੩. ਸ੍ਰੀ ਕ੍ਰਿਸ਼ਨ ਤੇ ਚੰਡੂਰ ਦਾ ਘੋਲ ੫੯੮
੧੦੪. ਚੰਦ੍ਰਮਾ ਨੂੰ ਕਲੰਕ ੬੦੦

ੴ ਸਤਿਗੁਰ ਪ੍ਰਸਾਦਿ ॥

# ਸੁਣਿ ਸਾਖੀ ਮਨ ਜਪਿ ਪਿਆਰ ॥

ਭਾਰਤ ਭੂਮੀ, ਰਿਸ਼ੀਆਂ, ਮੁਨੀਆਂ, ਭਗਤਾਂ ਤੇ ਅਵਤਾਰਾਂ ਦੀ ਜਨਮ-ਭੂਮੀ ਹੈ। ਪਰਬਤਾਂ, ਮੈਦਾਨਾਂ ਤੇ ਦਰਿਆਵਾਂ ਵਾਲੀ ਭੂਮੀ ਜੀਵਾਂ ਨੂੰ ਰਜਵਾਂ ਅੰਨ, ਘਿਓ, ਦੁਧ ਤੇ ਕਪੜਾ ਦੇਂਦੀ ਸੀ, ਸੁਖ ਵਿਚ ਵਸਦੇ ਲੋਕਾਂ ਵਿਚੋਂ ਫਿਰ ਵੀ ਐਸੇ ਲੋਕ ਸਨ ਜੋ ਜੀਵਨ ਨੂੰ ਹੋਰ ਚੰਗੇਰਾ ਬਨਾਉਣ ਦਾ ਯਤਨ ਕਰਦੇ ਸਨ।

ਭਗਤ ਦਾ ਆਤਮਿਕ ਗਿਆਨ ਆਵਾਗਵਣ ਨੂੰ ਮੰਨਦਾ ਹੈ। ਲੋਕਾਂ ਦਾ ਵਿਸ਼ਵਾਸ ਹੈ ਕਿ ਮਨੁਖੀ ਜੀਵਨ ਇਸ ਜਨਮ ਵਿਚ ਹੀ ਖ਼ਤਮ ਨਹੀਂ ਹੋ ਜਾਂਦਾ ਸਗੋਂ ਜੀਵਨ-ਆਤਮਾ ਕਈਆਂ ਜਨਮਾਂ ਵਿਚ ਫਿਰਦਾ ਰਹਿੰਦਾ ਹੈ, ਜਿਵੇਂ ਗੁਰੂ ਜੀ ਫ਼ੁਰਮਾਉਂਦੇ ਹਨ—

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥*
*ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥*
*ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥*

*(ਗਉੜੀ ਗੁਆਰੇਰੀ ਮਹਲਾ ੫)*

ਇਹ ਵੀ ਪੱਕਾ ਵਿਸ਼ਵਾਸ ਹੈ ਕਿ ਮਨੁਖ ਇਸ ਜਨਮ ਵਿਚ ਨੇਕੀ ਪੁੰਨ ਦਾਨ ਕਰੇ, ਕਿਸੇ ਨੂੰ ਮੰਦੇ ਬਚਨ ਨਾ ਬੋਲੇ, ਸੇਵਾ ਕਰੇ ਤੇ ਉਸ ਦਾਤੇ ਪ੍ਰਮਾਤਮਾ ਨੂੰ ਯਾਦ ਰਖੇ, ਜਿਸ ਨੇ ਜਨਮ ਦਿਤਾ ਹੈ, ਜੋ ਮਾਂ ਦੇ ਗਰਭ ਵਿਚ ਜਠਰ ਅਗਨੀ ਦੇ ਸੇਕ ਤੋਂ ਬਚਾਉਂਦਾ ਰਿਹਾ ਹੈ ਤਾਂ ਮੁਕਤੀ ਹਾਸਲ ਕਰਦਾ ਹੈ। ਮੁੜ ਚੌਰਾਸੀ ਦਾ ਜੀਵਨ ਗੇੜ ਮੁਕ ਜਾਂਦਾ ਹੈ। ਉਹ ਪ੍ਰਮਾਤਮਾ ਨਾਲ ਇਉਂ ਘੁਲ ਮਿਲ ਜਾਂਦਾ ਹੈ ਜਿਵੇਂ—

*ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧੧॥*

*(ਸੁਖਮਨੀ ਮਃ ੫)*

ਭਾਵੇਂ ਮਲੇਛਾਂ ਤੇ ਪ੍ਰਦੇਸੀਆਂ ਨੇ ਪਵਿਤ੍ਰ ਭਾਰਤ ਭੂਮੀ ਉਤੇ ਹਮਲਾ ਕਰ ਕਰ ਕੇ ਇਸਦੀ ਸਭਿਅਤਾ, ਇਸ ਦੇ ਧਰਮ ਸੁਚੇ ਜੀਵਨ ਨੂੰ ਬਰਬਾਦ ਕਰਨ ਦਾ ਯਤਨ ਕੀਤਾ ਸੀ, ਫਿਰ ਜਿਵੇਂ ਅਮਰ ਸਰੋਵਰ ਵਿਚੋਂ ਵਰਤਿਆਂ ਜਲ ਨਹੀਂ ਮੁਕਦਾ ਤਿਵੇਂ ਧਰਮ ਤੇ ਨੇਕੀ ਦੀ ਖਾਨ ਭਾਰਤ ਵਿਚੋਂ ਨੇਕੀ ਧਰਮ ਸੁਚਾ ਕਰਮ ਤੇ ਭਗਤੀ ਜੀਵਨ ਦਾ ਅੰਤ ਨਹੀਂ ਹੋਇਆ ਐਸੇ ਅਨੇਕਾਂ ਭਗਤ ਹੋਏ ਨੇ ਜੋ ਪ੍ਰਮਾਤਮਾ ਦੀ ਭਗਤੀ ਕਰਕੇ ਸੰਸਾਰ ਉਤੇ ਸੋਭਾ ਖਟ ਗਏ ਨੇ ਤੇ ਦਰਗਾਹੇ ਪ੍ਰਵਾਨ ਹੋਏ ਨੇ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ, ਤਿਵੇਂ ਉਹ ਪ੍ਰਮਾਤਮਾ ਦੀ ਜੋਤ ਨਾਲ ਜੋਤ ਹੋ ਘੁਲ ਮਿਲ ਗਏ ਨੇ। ਸਿੱਖ ਧਰਮ ਦੇ ਗ੍ਰੰਥ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਸਾਹਿਬ ਵਿਚ ਐਸੇ ਭਗਤਾਂ ਦਾ ਨਾਮ ਬੜੀ ਉਚਤਾ ਨਾਲ ਲਿਖਿਆ ਗਿਆ ਹੈ। ਗੁਰੂ ਘਰ ਦੇ ਮਹਾਨ ਪ੍ਰਚਾਰਕ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਕ ਵਾਰ 'ਦਸਵੀਂ' ਭਗਤਾਂ ਦੀ ਗਿਣਤੀ ਕਰਨ ਵਿਚ ਲਿਖੀ ਹੈ। ਇਸ ਤੋਂ ਪਹਿਲਾਂ ਸ਼੍ਰੋਮਣੀ ਸ਼ਹੀਦ, ਗਿਆਨ ਭੰਡਾਰੇ, ਮਹਾਂ ਵਿਦਵਾਨ ਅਤੇ ਸੁਚੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਕ ਸ਼ਬਦ ਬਸੰਤ ਰਾਗ ਵਿਚ ਵੱਡੇ ਵੱਡੇ ਭਗਤਾਂ ਦੀ ਸਿਮਰਨ ਕਰਕੇ ਮੁਕਤੀ ਹਾਸਲ ਕਰਨ ਵਾਲਿਆਂ ਵਿਚ ਗਿਣਤੀ ਦਸੀ ਹੈ।

ਸੁਣਿ ਸਾਖੀ ਮਨ ਜਪਿ ਪਿਆਰ॥ ਅਜਾਮਲੁ ਉਧਰਿਆ ਕਹਿ ਏਕ ਬਾਰ॥
ਬਾਲਮੀਕੈ ਹੋਆ ਸਾਧਸੰਗੁ॥ ਧ੍ਰੂ ਕਉ ਮਿਲਿਆ ਹਰਿ ਨਿਸੰਗ॥੧॥
ਤੇਰਿਆ ਸੰਤਾ ਜਾਚਉ ਚਰਨ ਰੇਨ॥ ਲੇ ਮਸਤਕਿ ਲਾਵਉ ਕਰਿ ਕ੍ਰਿਪਾ ਦੇਨ॥੧॥ ਰਹਾਉ॥
ਗਨਿਕਾ ਉਧਰੀ ਹਰਿ ਕਹੈ ਤੋਤ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥
ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥੨॥
ਬਧਿਕੁ ਉਧਾਰਿਓ ਖਮਿ ਪ੍ਰਹਾਰ॥ ਕੁਬਿਜਾ ਉਧਰੀ ਅੰਗੁਸਟ ਧਾਰ॥
ਬਿਦਰੁ ਉਧਾਰਿਓ ਦਾਸਤ ਭਾਇ॥ ਰੇ ਮਨ ਤੂ ਭੀ ਹਰਿ ਧਿਆਇ॥੩॥
ਪ੍ਰਹਲਾਦ ਰਖੀ ਹਰਿ ਪੈਜ ਆਪ॥ ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥
ਜਿਨਿ ਜਿਨਿ ਸੇਵਿਆ ਅੰਤ ਬਾਰ॥ ਰੇ ਮਨ ਸੇਵਿ ਤੂ ਪਰਹਿ ਪਾਰ॥੪॥
ਧੰਨੈ ਸੇਵਿਆ ਬਾਲ ਬੁਧਿ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥
ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਰੇ ਮਨ ਤੂ ਭੀ ਹੋਹਿ ਦਾਸੁ॥੫॥
ਜੈਦੇਵ ਤਿਆਗਿਓ ਅਹੰਮੇਵ॥ ਨਾਈ ਉਧਰਿਓ ਸੈਨੁ ਸੇਵ॥
ਮਨੁ ਡੀਗਿ ਨ ਡੋਲੈ ਕਹੂੰ ਜਾਇ॥ ਮਨ ਤੂ ਭੀ ਤਰਸਹਿ ਸਰਣਿ ਪਾਇ॥੬॥
ਜਿਹ ਅਨੁਗ੍ਰਹੁ ਠਾਕੁਰਿ ਕੀਓ ਆਪਿ॥ ਸੇ ਤੈਂ ਲੀਨੇ ਭਗਤ ਰਾਖਿ॥
ਤਿਨ ਕਾ ਗੁਣੁ ਅਵਗਣੁ ਨ ਬੀਚਾਰਿਓ ਕੋਇ॥ ਇਹ ਬਿਧਿ ਦੇਖਿ ਮਨੁ ਲਗਾ ਸੇਵ॥੭॥

ਕਬੀਰਿ ਧਿਆਇਓ ਏਕ ਰੰਗ ॥ ਨਾਮਦੇਵ ਹਰਿ ਜੀਉ ਬਸਹਿ ਸੰਗਿ ॥
ਰਵਿਦਾਸ ਧਿਆਏ ਪ੍ਰਭ ਅਨੂਪ ॥ ਗੁਰ ਨਾਨਕ ਦੇਵ ਗੋਵਿੰਦ ਰੂਪ ॥੮॥੧॥

ਗੁਰੂ ਜੀ ਦਾ ਉਪਰੋਕਤ ਹੁਕਮ ਹੈ—ਸੁਣਿ ਸਾਖੀ ਮਨ ਜਪਿ ਪਿਆਰ ॥ ਭਾਵ ਕਿ ਹੇ ਮਨ ! ਭਗਤਾਂ ਦੀਆਂ ਸਾਖੀਆਂ ਸੁਣ, ਜਿਵੇਂ ਉਨ੍ਹਾਂ ਵਾਹਿਗੁਰੂ ਦਾ ਸਿਮਰਨ ਕੀਤਾ ਹੈ, ਤਿਵੇਂ ਤੂੰ ਸਿਮਰਨ ਨਾਲ ਪਿਆਰ ਕਰ । ਭਗਤੀ ਤੇ ਨੇਕੀ ਦੇ ਮਾਰਗ ਕਰਨ ਵਾਲਿਆਂ ਵਾਸਤੇ ਇਹ ਵੀ ਬਹੁਤ ਜ਼ਰੂਰੀ ਹੈ ਕਿ ਉਹ ਐਸੇ ਭਗਤਾਂ ਤੇ ਸਿੱਖਾਂ ਦੀਆਂ ਜੀਵਨ ਕਥਾਵਾਂ ਸੁਨਣ । ਭਗਤਾਂ ਦੀਆਂ ਸਾਖੀਆਂ ਹਿਰਦੇ ਦੀ ਮੈਲ ਹਰਦੀਆਂ ਤੇ ਪਾਪਾਂ ਨੂੰ ਖੰਡਨ ਕਰਦੀਆਂ ਨੇ । ਜਿਹੜੇ ਭਗਤਾਂ ਦੀਆਂ ਜੀਵਨ ਸਾਖੀਆਂ ਇਸ ਗ੍ਰੰਥ ਵਿਚ ਲਿਖੀਆਂ ਗਈਆਂ ਹਨ ਉਹ ਬਹੁਤ ਪਵਿਤ੍ਰ ਤੇ ਭਗਤੀ-ਭਾਵ ਵਾਲੀਆਂ ਨੇ ਜਿਨ੍ਹਾਂ ਦੇ ਪੜ੍ਹਨ ਸੁਨਣ ਤੇ ਮਨੁਖ ਦੀ ਕਲਿਆਣ ਹੁੰਦੀ ਹੈ । ਮਨ ਦੇ ਸਾਰੇ ਸੰਸੇ ਦੂਰ ਹੁੰਦੇ ਹਨ । ਸੰਸੇ ਦੂਰ ਹੋਣ ਤੇ ਆਤਮਾ ਵਿਚ ਦਲੇਰੀ ਤੇ ਸ਼ਾਂਤੀ ਅਤੇ ਪ੍ਰਮਾਤਮਾ ਨਾਲ ਲਿਵ ਜੋੜਨ ਦੀ ਸ਼ਕਤੀ ਆਉਂਦੀ ਹੈ । ਦੇਹ ਅਰੋਗ ਤੇ ਚਿਹਰੇ ਉਤੇ ਉਸੇ ਤਰ੍ਹਾਂ ਦਾ ਖੇੜਾ ਰਹਿੰਦਾ ਹੈ, ਜਿਵੇਂ ਸੂਰਜ ਉਦੈ ਹੋਣ ਤੇ ਕੰਵਲ ਤੇ ਗੁਲਾਬ ਦੇ ਫੁਲ ਖਿੜ ਜਾਂਦੇ ਹਨ ਆਤਮਾ ਹੌਲੀ ਤੇ ਉਤਸ਼ਾਹੀ ਰਹਿੰਦੀ ਹੈ ।

ਗੁਰਮੁਖ ਪਿਆਰਿਆਂ ਨੂੰ ਇਕ ਚਿਤ ਹੋ ਕੇ 'ਗੁਰ ਭਗਤ ਮਾਲ' ਨੂੰ ਸੁਨਣਾ ਚਾਹੀਦਾ ਹੈ ਤਾਂ ਕਿ ਇਸ ਕਲਜੁਗ ਵਿਚ ਸ਼ਾਂਤੀ, ਖੇੜਾ ਤੇ ਮੁਕਤੀ ਹਾਸਲ ਕਰ ਸਕਣ ।

# ੧. ਭਗਤ ਕਬੀਰ ਜੀ

ਕਬੀਰਿ ਧਿਆਇਓ ਏਕ ਰੰਗ ॥ (ਬਸੰਤੁ ਮਹਲਾ ੫)
ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾ ਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿ ਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇ ਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
ਝਰਣਾ ਝਰਦਾ ਨਿਝਰਹੁੰ ਗੁਰਮੁਖਿ ਬਾਣੀ ਅਘੜ ਘੜਾਈ।
ਰਾਮ ਕਬੀਰੈ ਭੇਦੁ ਨ ਭਾਈ ॥੧੫॥ (ਭਾਈ ਗੁਰਦਾਸ ਜੀ, ਵਾਰ ੧੦)

## ਜਨਮ ਤੇ ਬਚਪਨ

**ਸੰਮਤ ੧੪੫੫ ਬਿਕ੍ਰਮੀ ਜੇਠ ਦੀ ਪੂਰਨਮਾਸ਼ੀ ਦਿਹਾੜੇ ਕਾਂਸ਼ੀ ਬਨਾਰਸ ਸ਼ਹਿਰ ਦੇ ਵਸਨੀਕ ਜੁਲਾਹੇ ਨੀਰੂ ਦੇ ਘਰ 'ਭਗਤ ਕਬੀਰ' ਨੇ ਜਨਮ* ਲਿਆ।**

* ਕਈ ਗ੍ਰੰਥਾਂ ਵਿਚ ਕਬੀਰ ਜੀ ਦੇ ਜਨਮ ਤੇ ਅਸਲ ਮਾਂ ਬਾਪ ਬਾਰੇ ਭੁਲੇਖੇ ਵਾਲੀਆਂ ਅਸਚਰਜ ਕਥਾਵਾਂ ਲਿਖੀਆਂ ਹੋਈਆਂ ਹਨ । ਜਿਵੇਂ ਨੀਰੂ ਤੇ ਨੀਮਾਂ ਨੂੰ ਤਲਾ ਕਿਨਾਰਿਓਂ ਕਬੀਰ ਬਾਲਕ ਦਾ ਲਭਣਾ ਤੇ ਇਸ ਨੂੰ ਪਾਲਣਾ ਦੂਸਰਾ ਰਾਮਾਨੰਦ ਦਾ ਬ੍ਰਾਹਮਣ ਦੀ ਵਿਧਵਾ ਕੰਨਿਆਂ ਨੂੰ ਪੁੱਤਰ ਵਰ ਦੇਣਾ । ਉਸ ਬਾਲਕ ਦਾ ਜਨਮ ਲੈਣਾ ਤੇ ਬ੍ਰਾਹਮਣ ਕੰਨਿਆਂ ਨੇ ਚੋਰੀ ਤਲਾ ਤੇ ਸੁਟ ਜਾਣਾ ਤਾਂ ਕਿ ਉਸ ਦੀ ਬਦਨਾਮੀ ਨਾ ਹੋਵੇ । ਇਹ ਦੋਵੇਂ ਕਹਾਣੀਆਂ ਮਨ-ਘੜਤ ਹਨ, ਇਨ੍ਹਾਂ ਮਨੋ-ਕਲਪਤ ਸਾਖੀਆਂ ਦੇ ਪ੍ਰਗਟ ਕਰਨ ਦਾ ਮੁਖ ਭਾਵ ਇਹ ਸੀ ਕਿ ਬ੍ਰਾਹਮਣ ਕੁਲ ਤੋਂ ਬਿਨਾਂ ਕੋਈ ਭਗਤ ਤੇ ਗਿਆਨੀ ਨਹੀਂ ਹੋ ਸਕਦਾ । ਕਬੀਰ ਭਗਤ ਇਸ ਕਰਕੇ ਸੀ ਕਿ ਉਸ ਬ੍ਰਾਹਮਣ ਕੰਨਿਆਂ ਦੇ ਪੇਟੋਂ ਜਨਮ ਲਿਆ ਸੀ, ਪਰ ਕਬੀਰ ਦੇ ਵਡੇ ਚੇਲੇ ਧਰਮ ਦਾਸ ਜੀ ਵੀ ਇਨ੍ਹਾਂ ਕਹਾਣੀਆਂ ਨੂੰ ਝੂਠੀਆਂ ਸਾਬਤ ਕਰਦੇ ਨੇ ਜਦੋਂ ਉਹ ਲਿਖਦੇ ਹਨ—

ਕਾਂਸ਼ੀ ਮੇਂ ਪ੍ਰਗਟੇ ਦਾਸ ਕਹਾਏ ਨੀਰੂ ਕੇ ਗ੍ਰਿਹਿ ਆਇ ॥
ਰਾਮਾ ਨੰਦ ਕੇ ਸ਼ਿਸ਼ ਭਵ ਸਾਗਰ ਪੰਥ ਚਲਾਇ ॥
(ਕਬੀਰ ਕਸੌਟੀ, ਪੰਨਾ ੩੩)

ਜਾਂ ਕਬੀਰ ਜੀ ਫ਼ੁਰਮਾਉਂਦੇ ਹਨ—

ਕਬੀਰ ਮੇਰੀ ਜਾਤਿ ਕਉ ਸਭੁ ਕੋ ਹਸਨੇਹਾਰੁ ॥
ਬਲਿਹਾਰੀ ਇਹ ਜਾਤਿ ਕਉ ਜਿਹ ਜਪਿਓ ਸਿਰਜਨਹਾਰੁ ॥੨॥ (ਸਲੋਕ ਕਬੀਰ ਜੀ)

ਇਨ੍ਹਾਂ ਦੀ ਮਾਤਾ ਦਾ ਨਾਮ ਨੀਮਾਂ ਸੀ। ਨੀਰੂ ਤੇ ਨੀਮਾਂ ਦੇ ਸੰਜੋਗ ਜੁੜਨ (ਵਿਆਹ ਹੋਣ ਦੇ ਚੋਖੇ ਸਾਲ ਪਿਛੋਂ ਉਨ੍ਹਾਂ ਦੇ ਘਰ ਬਾਲਕ ਜਨਮਿਆ ਸੀ। ਉਹ ਬਾਲਕ ਖਿਡਾਉਣ ਵਾਸਤੇ ਤਰਲੋ ਮੱਛੀ ਹੁੰਦੇ ਰਹਿੰਦੇ ਸਨ ਕਿਉਂਕਿ ਉਨ੍ਹਾਂ ਦੇ ਹਾਣੀਆਂ ਦੇ ਘਰੀਂ ਚਾਰ ਚਾਰ ਬਾਲ ਖੇਡਦੇ ਦਿਖਾਈ ਦੇਂਦੇ ਸਨ। ਲੰਮੇ ਤਰਸੇਵੇਂ ਪਿਛੋਂ ਬਾਲਕ ਦਾ ਮੂੰਹ ਵੇਖਿਆ, ਉਨ੍ਹਾਂ ਦੇ ਅਨੰਦ ਦੀ ਕੋਈ ਹੱਦ ਨਾ ਰਹੀ। ਦੋਹਾਂ ਦੀ ਆਤਮਾ ਨੱਚ ਉਠੀ। ਨੀਮਾਂ ਤਾਂ ਬਾਲਕ ਨੂੰ ਗੋਦ ਲਈ ਮੰਜੇ ਉਤੇ ਲੇਟੀ ਜਾਂ ਬੈਠੀ ਰਹਿੰਦੀ, ਪਰ ਨੀਰੂ ਖ਼ੁਸ਼ੀਆਂ ਮਨਾ ਰਿਹਾ ਸੀ ਰਾਤ ਦਿਨੇ ਮਿਹਨਤ ਕਰ ਕੇ ਕਮਾਈ ਪੂੰਜੀ (ਮਾਇਆ) ਨੂੰ ਪਾਣੀ ਵਾਂਗ ਖ਼ਰਚ ਕਰ ਰਿਹਾ ਸੀ, ਜੇ ਕੋਈ ਨੀਰੂ ਨੀਮਾਂ ਨੂੰ ਵਧਾਈ ਦੇਣ ਵਾਸਤੇ ਆਉਂਦਾ ਉਹ ਖ਼ਾਲੀ ਝੋਲੀ ਨਾ ਜਾਂਦਾ। ਇਉਂ ਖ਼ੁਸ਼ੀਆਂ ਮਨਾਉਂਦਿਆਂ ਨੂੰ ਸਵਾ ਮਹੀਨਾ ਬਤੀਤ ਹੋ ਗਿਆ। ਹੁਸ਼ਿਆਰ ਤੇ ਸੁੰਦਰ ਬਾਲਕ ਨੀਮਾਂ ਦੀ ਗੋਦੀ ਖੇਡਣ ਲਗਾ। ਉਹ ਬਹੁਤ ਘਟ ਰੋਂਦਾ, ਮੁਸਕ੍ਰਾਉਂਦਾ ਤੇ ਹੱਸਦਾ ਰਹਿੰਦਾ। ਨੀਰੂ ਤੇ ਨੀਮਾਂ ਨੇ ਉਸ ਦਾ ਨਾਮ ਕਬੀਰ ਰਖਿਆ। ਕਬੀਰ ਦਾ ਅਰਥ ਹੈ ਵੱਡਾ, ਕਿਉਂਕਿ ਸਿਆਣਿਆਂ ਵਾਂਗ ਮੁਸਕ੍ਰਾਉਂਦਾ ਤੇ ਹੱਸਦਾ ਸੀ ਇਸ ਵਾਸਤੇ ਲਾਡ ਨਾਲ ਉਸ ਦਾ ਨਾਂ ਕਬੀਰ ਰੱਖ ਦਿੱਤਾ।

ਹੌਲੀ ਹੌਲੀ ਸਮੇਂ ਨਾਲ ਕਬੀਰ ਰਿੜਨ ਤੋਂ ਤੁਰਨ ਲੱਗਾ। ਤੁਰਨ ਦੇ ਥੋੜ੍ਹੇ ਦਿਨ ਪਿਛੋਂ ਤੋਤਲੀ ਜ਼ਬਾਨ ਵਿਚ ਬਚਨ ਬੋਲਣ ਲੱਗਾ। ਇਕ ਸੁੰਦਰ ਤੇ ਮਨਮੋਹਣਾ ਬਾਲ, ਦੂਸਰਾ ਮਿੱਠੀਆਂ-ਮਿੱਠੀਆਂ ਗੱਲਾਂ ਕਰਦਾ ਤੇ ਕਰਦਾ ਬਹੁਤ ਸਿਆਣੀਆਂ, ਦੇਖਣ ਸੁਣਨ ਵਾਲੇ ਮਲੋ ਮਲੀ ਖਿਚੇ ਜਾਂਦੇ। ਜਿਸ ਨੇ ਕਦੀ ਨਿਕੇ ਬਾਲ ਨੂੰ ਨਹੀਂ ਸੀ ਬੁਲਾਇਆ ਤੇ ਖਿਡਾਇਆ ਉਹ ਵੀ ਕਬੀਰ ਦੇ ਨੇੜੇ ਆ ਕੇ ਉਸ ਨੂੰ ਚੁਕ ਲੈਂਦਾ ਉਹਦੇ ਨਾਲ ਆਪ-ਮੁਹਾਰੇ ਬਚਨ ਕਰਨ ਲੱਗ ਪੈਂਦਾ। ਬਾਲਕਾਂ ਨਾਲ ਖੇਡਣ ਜਾਂਦਾ ਤੇ ਕੋਈ ਐਸੀ ਹਰਕਤ ਨਾ ਕਰਦਾ ਜਿਸ ਨਾਲ ਕਿਸੇ ਬੱਚੇ ਦਾ ਦਿਲ ਦੁਖੇ। ਹਾਣੀਆਂ ਨੂੰ ਇਕੱਠੇ ਕਰ ਕੇ ਬੈਠਾ ਲੈਂਦਾ। ਜਿਵੇਂ ਬਨਾਰਸ ਦੇ ਪੰਡਤ ਚੇਲਿਆਂ ਨੂੰ ਚੌਗਿਰਦ ਬਿਠਾ ਕੇ ਪੜ੍ਹਾਉਂਦੇ ਤਿਵੇਂ ਕਬੀਰ ਜੀ ਸਾਥੀਆਂ ਨੂੰ 'ਰਾਮ ਨਾਮ' ਭਗਤੀ ਦਾ ਉਪਦੇਸ਼ ਕਰਦੇ। ਕੁਦਰਤੀ ਵੈਰਾਗ ਹੋ ਗਿਆ। ਵੈਰਾਗ ਦੇ ਆਉਣ ਨਾਲ ਪ੍ਰਭੂ ਨਾਲ ਅਨੁਰਾਗ ਹੋ ਜਾਂਦਾ ਹੈ। ਜਦੋਂ ਅਨੁਰਾਗ ਹੋ ਜਾਵੇ ਤਾਂ ਪ੍ਰਮਾਤਮਾ ਤੇ ਭਗਤ ਵਿਚ ਭੇਦ ਨਹੀਂ ਰਹਿੰਦਾ।

ਕਬੀਰ ਨੇ ਮੁਸਲਮਾਨ ਜੁਲਾਹੇ ਦੇ ਘਰ ਜਨਮ ਲਿਆ। ਮੁਸਲਮਾਨ ਮਹੱਲੇ ਵਿਚ ਉਸ ਦਾ ਘਰ ਸੀ। ਸਵੇਰੇ ਸ਼ਾਮ ਉਠਦੇ ਚੌਗਿਰਦੇ ਮੁਸਲਮਾਨ ਰਹਿੰਦੇ ਸਨ ਪਰ ਕਬੀਰ ਬਚਪਨ ਤੋਂ ਹੀ ਨਿਰਾਲਾ ਬੱਚਾ ਸੀ। ਉਹ ਹਿੰਦੂ ਸਭਿਅਤਾ ਵਲ ਝੁਕਿਆ ਹੋਇਆ ਸੀ। ਬਨਾਰਸ (ਕਾਂਸ਼ੀ) ਵਿਚ ਥਾਂ ਥਾਂ ਮੰਦਰ ਹਨ। ਮੁਸਲਮਾਨਾਂ ਦੇ ਰਾਜ ਵੇਲੇ ਵੀ ਮੰਦਰਾਂ ਦੀ ਕਮੀ ਨਹੀਂ ਸੀ ਕਿਉਂਕਿ ਬਨਾਰਸ ਵਿਚ ਸਦਾ ਹਿੰਦੂ ਬਹੁ-ਗਿਣਤੀ ਰਹੀ ਹੈ। ਕਬੀਰ ਘਰੋਂ ਨਸਦਾ ਕਿਸੇ ਨਾ ਕਿਸੇ ਮੰਦਰ ਦੇ ਲਾਗੇ ਜਾ ਕੇ ਬੈਠ ਜਾਂਦਾ ਤੇ ਪੂਜਾ ਹੁੰਦੀ ਵੇਖਦਾ। ਭਜਨ ਅਤੇ ਵੇਦ ਮੰਤਰ ਸੁਣਦਾ। ਮਾਸੂਮ ਬੱਚਾ ਹੋਣ ਕਰਕੇ ਕੋਈ ਨਾ ਰੋਕਦਾ। ਕਈ ਵਾਰ ਮੰਦਰ ਦੇ ਵਿਚ ਚਲਿਆ ਜਾਂਦਾ। ਦੇਵੀ ਜਾਂ ਦੇਵਤੇ ਦੇ ਸਾਹਮਣੇ ਹੱਥ ਜੋੜ ਕੇ ਖਲੋ ਜਾਂਦਾ। ਭਾਵੇਂ ਦੇਵਤਾ ਅਗੇ ਵਡਿਆਈ ਤੇ ਅਰਦਾਸ ਕਰਨ ਦੇ ਸ਼ਬਦ ਜ਼ਬਾਨੋਂ ਬੋਲਣੇ ਨਹੀਂ ਸਨ ਆਉਂਦੇ ਪਰ ਹਿਰਦਾ ਅਰਦਾਸ ਜ਼ਰੂਰੀ ਕਰਦਾ ਸੀ ਕਿਉਂਕਿ ਕਬੀਰ ਜਨਮ ਤੋਂ ਬ੍ਰਹਮ ਗਿਆਨੀ ਸੀ। ਉਸ ਨੂੰ ਅਨੁਭਵੀ ਪ੍ਰਕਾਸ਼ ਬਹੁਤ ਸੀ। ਕਿਤਿਓਂ 'ਦੇਵ ਨਾਗਰੀ' ਅਖਰ ਗਿਆਨ ਹਾਸਲ ਕੀਤਾ, ਉਸ ਰਾਹੀਂ ਭਾਸ਼ਾ ਦੇ ਅਖਰ ਸਿਖੇ। ਇਕ ਬਾਲ ਉਪਦੇਸ਼ ਪੜ੍ਹਿਆ। ਬਾਲ ਉਪਦੇਸ਼ ਦੇ ਪੜ੍ਹਨ ਪਿਛੋਂ ਭਾਸ਼ਾ ਵਿਚ ਜਿਥੇ ਕੁਝ ਲਿਖਿਆ ਹੁੰਦਾ ਉਸ ਨੂੰ ਉਠਾ ਲੈਂਦਾ।

ਉਸ ਸਮੇਂ ਮਜ਼੍ਹਬੀ ਤੁਅੱਸਬ ਬਹੁਤ ਸੀ। ਮੁਸਲਮਾਨਾਂ ਦੇ ਲੜਕੇ ਮਸੀਤਾਂ ਵਿਚ ਪੜ੍ਹਦੇ ਸਨ। ਹਿੰਦੂ ਲੜਕਿਆਂ ਵਾਸਤੇ ਠਾਕੁਰ ਦੁਆਰਿਆਂ, ਧਰਮਸਾਲਾਂ ਤੇ ਪੰਡਿਆਂ ਦੇ ਘਰ ਵਿਦਿਆ ਪੜ੍ਹਨ ਦਾ ਪ੍ਰਬੰਧ ਸੀ। ਹਿੰਦੂਆਂ ਵਿਚੋਂ ਵੀ ਧਿਆਨ ਨਾਲ ਸਿਰਫ਼ ਬ੍ਰਾਹਮਣਾਂ ਦੇ ਲੜਕਿਆਂ ਨੂੰ ਉਚੀ ਵਿਦਿਆ ਪੜ੍ਹਾਈ ਜਾਂਦੀ ਸੀ। ਕਬੀਰ ਮੁਸਲਮਾਨ ਸੀ ਪਰ ਉਹ ਮੌਲਵੀਆਂ ਕੋਲੋਂ ਪੜ੍ਹਨਾ ਨਹੀਂ ਸੀ ਚਾਹੁੰਦਾ ਅਤੇ ਪੰਡਤ ਉਸ ਨੂੰ ਪੜ੍ਹਾ ਨਹੀਂ ਸਨ ਸਕਦੇ। ਇਸ ਵਾਸਤੇ ਤੀਬਰ ਇਛਾ ਦੇ ਹੁੰਦਿਆਂ ਵੀ ਕਬੀਰ ਜੀ ਅੱਖਰਾਂ ਰਾਹੀਂ ਬਚਪਨ ਵਿਚ ਉਚੀ ਵਿਦਿਆ ਨਾ ਪੜ੍ਹ ਸਕੇ। ਫਿਰ ਵੀ ਅਨਪੜ੍ਹ ਬਾਲਕ ਭਗਤੀ ਭਾਵ ਦੋਹਿਰੇ, ਸੋਰਠੇ ਤੇ ਕਬਿੱਤ ਆਦਿਕ ਛੰਦਾਂ ਰਾਹੀਂ ਭਜਨ ਰਚ ਕੇ ਗਾਉਂਦੇ ਫਿਰਿਆ ਕਰਦੇ ਸਨ। ਗਲਾ ਰਸੀਲਾ, ਸੂਰਤ ਮਨਮੋਹਣੀ ਤੇ ਭੋਲੀ ਸੀ। ਜਦੋਂ ਪ੍ਰਭੂ ਦੇ ਗੁਣ ਗਾਉਂਦੇ ਤਾਂ ਲੋਕ ਉਨ੍ਹਾਂ ਦੇ ਉਦਾਲੇ ਇਕੱਠੇ ਹੋ ਜਾਂਦੇ, ਪ੍ਰੇਮ ਨਾਲ ਸੁਣਦੇ।

ਜੇ ਉਹ ਗਾਉਣੋਂ ਹਟ ਜਾਂਦੇ ਤਾਂ ਲੋਕ ਬਿਹਬਲਤਾ ਨਾਲ ਆਖਦੇ—'ਕਬੀਰਾ! ਇਕ ਭਜਨ ਤਾਂ ਹੋਰ ਸੁਣਾਓ! ਬਹੁਤ ਅੱਛਾ ਗਾਤੇ ਹੋ। ਬੇਟਾ ਗਾਓ!' ਫਿਰ ਉਹ ਗਾਉਣ ਲੱਗ ਪੈਂਦੇ। ਪ੍ਰਭੂ ਦੇ ਦੀਵਾਨੇ ਪ੍ਰਭੂ ਦੇ ਗੁਣ ਗਾਉਂਦੇ ਥੱਕਦੇ ਅੱਕਦੇ ਨਹੀਂ ਸੀ।

ਨੀਰੂ-ਨੀਮਾਂ ਦੀ ਖ਼ੁਸ਼ੀ ਦਾ ਪਿਆਲਾ ਨੱਕ-ਨੱਕ ਭਰਿਆ ਰਹਿੰਦਾ। ਜਦੋਂ ਉਹ ਲੋਕਾਂ ਦੀ ਜ਼ਬਾਨੋਂ ਆਪਣੇ ਪੁੱਤਰ ਦੇ ਗੁਣਾਂ ਦੀ ਸੋਭਾ ਸੁਣਦੇ ਤਾਂ ਕਿਸੇ ਅਗੰਮੀ ਅਨਜਾਚੇ ਅਨੰਦ ਨਾਲ ਮਸਤ ਹੋ ਜਾਂਦੇ। ਉਨ੍ਹਾਂ ਦੇ ਘਰ ਵਿਚ ਚਾਨਣ ਸੀ, ਆਤਮਾ ਵਿਚ ਰੌਸ਼ਨੀ ਸੀ, ਅੱਖਾਂ ਵਿਚ ਸਰੂਰ ਸੀ। ਨੀਰੂ ਨੀਮਾਂ ਖ਼ਾਨਦਾਨੀ ਧੰਦਾ (ਕਪੜਾ ਬੁਨਣਾ) ਕਰਦੇ ਸਨ। ਤਾਣਾ ਤਨਣ, ਨੜੇ ਵਟਣ ਤੇ ਕਪੜਾ ਬੁਨਣ ਵੇਲੇ ਕਬੀਰ ਨੂੰ ਕੋਲ ਰਖਦੇ, ਬਚਪਨ ਵਿਚ ਹੀ ਕਬੀਰ ਉਸ ਸਾਰੇ ਧੰਦੇ ਨੂੰ ਸਿਖਦਾ ਜਾਂਦਾ। ਕਈ ਵਾਰ ਨਿਕੇ ਨਿਕੇ ਹੱਥਾਂ ਨਾਲ ਭਜਨ ਗਾਉਂਦਾ ਹੋਇਆ ਤਾਣਾ ਤਣਦਾ। ਬਾਕੀ ਦੇ ਜੁਲਾਹੇ ਕਬੀਰ ਨੂੰ ਤਾਣਾ ਤਣਦਾ ਦੇਖਕੇ ਨੀਮਾਂ ਨੂੰ ਵਧਾਈਆਂ ਦੇਂਦੇ। 'ਨੀਮਾਂ ਤੇਰਾ ਪੁੱਤਰ ਬਹੁਤ ਸਿਆਣਾ ਹੋਵੇਗਾ ਕਮਾਈ ਕਰ ਕੇ ਖੁਆਏਗਾ। ਖ਼ੁਦਾ ਨੇ ਤੇਰੇ ਉਤੇ ਬਹੁਤ ਮਿਹਰ ਕੀਤੀ ਹੈ। ਇਸ ਨੂੰ ਖ਼ੂਬ ਖਵਾਇਆ ਕਰ। ਛੇਤੀ ਤਕੜਾ ਹੋਵੇ, ਕੰਮ ਵਿਚ ਤੁਹਾਡੇ ਨਾਲ ਹੱਥ ਵਟਾਏ।' ਇਹ ਲੋਕਾਂ ਦਾ ਕਹਿਣਾ ਸੀ।

## ਸੁੰਨਤ ਦਾ ਝਗੜਾ

ਕਬੀਰ ਅੱਠਾਂ ਸਾਲਾਂ ਦਾ ਹੋ ਗਿਆ ਪਰ ਮੁਸਲਮਾਨੀ ਸ਼ਰਹ ਅਨੁਸਾਰ ਉਸ ਨੇ ਸੁੰਨਤ ਨਹੀਂ ਕਰਾਈ। ਕੁਰਾਨ ਆਖਦਾ ਹੈ ਕਿ ਜਿੰਨਾ ਚਿਰ ਕਿਸੇ ਮਰਦ ਦੀ ਸੁੰਨਤ ਨਾ ਹੋਵੇ ਓਨਾ ਚਿਰ ਮੁਸਲਮਾਨ ਨਹੀਂ ਗਿਣਿਆ ਜਾਂਦਾ। ਹਜ਼ਰਤ ਮੁਹੰਮਦ ਸਾਹਿਬ ਉਸ ਦੇ ਗਵਾਹ ਨਹੀਂ ਬਣਨਗੇ। ਦੂਸਰਾ ਸੁੰਨਤ ਕਰਨ ਸਮੇਂ ਭਾਈ-ਚਾਰੇ, ਆਂਢੀਆਂ-ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਭੋਜਨ ਖੁਆਇਆ ਜਾਂਦਾ। ਬਹੁਤ ਸਾਰੇ ਇਸ ਕਰਕੇ ਵੀ ਜ਼ੋਰ ਦੇਂਦੇ ਹਨ ਕਿ ਕਿਸੇ ਦੀ ਸੁੰਨਤ ਹੋਵੇ ਤਾਂ ਉਹ ਰੱਜ ਕੇ ਮਨ ਭਾਉਂਦੇ ਖਾਣੇ ਖਾਣ। ਕਬੀਰ ਨੂੰ ਅੱਠ ਸਾਲ ਦਾ ਹੋਇਆ ਵੇਖ ਕੇ ਬਜ਼ੁਰਗ, ਮੌਲਵੀ ਤੇ ਖਾਊ ਯਾਰ ਨੀਰੂ-ਨੀਮਾਂ ਨੂੰ ਮੂੰਹ ਚੜ੍ਹ ਆਖਣ ਲੱਗੇ 'ਕਬੀਰ ਦੀ ਸੁੰਨਤ ਕਰੋ।'

ਨੀਰੂ ਨੀਮਾਂ ਨੇ ਵਿਚਾਰਕੇ ਤਹਿ ਕਰ ਲਿਆ ਕਿ ਸੁੰਨਤ ਕਰ ਦਈਏ ਦਿਨ ਭਲੇ ਸਨ, ਅੰਨ ਤੇ ਮਿੱਠਾ ਸਸਤਾ ਸੀ, ਉਨ੍ਹਾਂ ਦੇ ਬਰਾਦਰੀ ਦੇ ਸਿਆਣੇ ਆਦਮੀਆਂ ਨੂੰ ਪੁਛ ਕੇ ਸੁੰਨਤ ਵਿਵਹਾਰ ਤੇ ਖ਼ਰਚ ਹੋਣ ਜੋਗਾ ਅੰਨ, ਘਿਓ, ਮਿੱਠਾ ਖ਼ਰੀਦ ਲਿਆ। ਸੁੰਨਤ ਕਰਨ ਦਾ ਦਿਹਾੜਾ ਮਿਥਿਆ ਗਿਆ। ਲੋਕਾਂ ਵਲ ਸੱਦੇ-ਪੱਤਰ (ਸੁਨੇਹੇ) ਭੇਜੇ ਗਏ। ਦੋ ਕੁ ਸੌ ਇਸਤਰੀ ਪੁਰਸ਼ ਇਕੱਠੇ ਕਰਨ ਦਾ ਜਤਨ ਕੀਤਾ।

ਖ਼ੁਸ਼ੀ ਤੇ ਸ਼ਗਨਾਂ ਦੇ ਦਿਨ ਬੀਤਦਿਆਂ ਦੇਰ ਨਹੀਂ ਲਗਦੀ ਝੱਟ ਬੀਤ ਜਾਂਦੇ ਹਨ। ਮਿਥੇ ਦਿਨ ਤੋਂ ਪਹਿਲੇ ਦਿਨ ਲੰਘ ਗਏ। ਉਹ ਦਿਹਾੜਾ ਆ ਗਿਆ। ਬਰਾਦਰੀ ਮਿੱਤਰ ਤੇ ਰਿਸ਼ਤੇਦਾਰ ਆ ਜੁੜੇ। ਨੀਰੂ ਨੀਮਾਂ ਦੇ ਗ੍ਰਹਿ ਵਿਖੇ ਵਿਆਹ ਵਰਗੀ ਭੀੜ ਸੀ। ਮੁਟਿਆਰਾਂ ਢੋਲਕੀ ਵਜਾ ਕੇ ਗੀਤ ਗਾ ਰਹੀਆਂ ਸਨ। ਜ਼ਰਦਾ ਪੱਕ ਰਿਹਾ ਸੀ। ਮੌਲਵੀ ਜੀ ਵੀ ਦਾਹੜੀ ਉਤੇ ਹੱਥ ਫੇਰਦੇ ਤੇ ਕੁਰਾਨ ਨੂੰ ਕੱਛੇ ਮਾਰੀ ਹਾਥੀ ਵਾਂਗ ਝੂਮਦੇ ਹੋਏ ਆ ਪੁਜੇ ਸਨ। ਸੁੰਨਤ ਵਾਸਤੇ ਉਸਤਰਾ ਤਿਆਰ ਕਰਕੇ ਲਿਆਏ ਸੀ।

ਕਬੀਰ ਨੂੰ ਮੌਲਵੀ ਦੇ ਕੋਲ ਲਿਆ ਖਲਿਹਾਰਿਆ। ਜਦੋਂ ਕਬੀਰ ਨੇ ਦੇਖਿਆ ਕਿ ਮੌਲਵੀ ਅਰਬੀ ਵਿਚ ਕੋਈ ਕੁਰਾਨ ਦੀ ਆਇਤ ਪੜ੍ਹਦਾ ਹੋਇਆ ਉਸਤਰੇ ਨੂੰ ਚਮਕਾ ਰਿਹਾ ਹੈ ਤਾਂ ਕਬੀਰ ਨੇ ਉਸ ਨੂੰ ਪੁਛਿਆ—'ਮੌਲਵੀ ਜੀ! ਇਸ ਉਸਤਰੇ ਨਾਲ ਕੀ ਕਰਨਾ ਜੇ?'

'ਕਾਕਾ! ਸੁੰਨਤ ਕਰਨੀ ਹੈ।'

'ਮੈਂ ਸੁੰਨਤ ਨਹੀਂ ਕਰਾਉਣੀ। ਤੁਸੀਂ ਜੋ ਖਾਣਾ ਪੀਣਾ ਹੈ ਖਾ ਲਓ।'

ਕਬੀਰ ਦੀ ਜ਼ਬਾਨੋਂ ਇਹ ਸੁਣ ਕੇ ਮੌਲਵੀ ਹੈਰਾਨ ਹੋਇਆ ਤੇ ਕਰੋਪੀ ਵੀ। ਉਸ ਨੇ ਕਬੀਰ ਨੂੰ ਬਾਲਕ ਸਮਝ ਕੇ ਡਾਂਟਿਆ—'ਐ ਤੇਰੀ.....ਸੁੰਨਤ ਕਰਨੀ ਪਵੇਗੀ। ਨਹੀਂ ਤੇ ਕਰੜਾ ਡੰਨ ਮਿਲੇਗਾ। ਜੋ ਸੁੰਨਤ ਨਹੀਂ ਕਰਦਾ ਉਹ ਹਿੰਦੂ ਹੁੰਦਾ ਹੈ ਹਿੰਦੂ ਕਾਫ਼ਰ ਹੁੰਦੇ ਨੇ, ਕਾਫ਼ਰ ਦੋਜ਼ਕ ਨੂੰ ਜਾਂਦਾ ਹੈ। ਸੁੰਨਤ ਕਰਨ ਪਿਛੋਂ ਤੂੰ ਮੋਮਨ ਬਣ ਜਾਵੇਂਗਾ। ਪਾਕ ਹਜ਼ਰਤ ਮੁਹੰਮਦ ਸਾਹਿਬ ਤੇਰੀ ਸਹਾਇਤਾ ਕਰਨਗੇ। ਇਸ ਵਾਸਤੇ ਸੁੰਨਤ ਕਰਾਉਣੀ ਹੋਵੇਗੀ। ਪਤਾ ਹੈ ਮੁਸਲਮਾਨਾਂ ਦਾ ਰਾਜ ਹੈ। ਕਾਂਸ਼ੀ ਦੇ ਨਵਾਬ ਬਹੁਤ ਗੁਸੇ ਵਾਲੇ ਹਨ, ਉਹ ਉਨ੍ਹਾਂ ਲੋਕਾਂ ਨੂੰ ਕਰੜਾ ਡੰਨ ਦੇਂਦੇ ਨੇ ਜੋ ਸੁੰਨਤ ਨਹੀਂ ਕਰਾਉਂਦੇ।'

ਇਹ ਸੁਣ ਕੇ ਕਬੀਰ ਗੁਸਾਈਂ ਨੇ ਇਕ ਸ਼ਬਦ ਉਚਾਰ ਕੇ ਕਾਜ਼ੀ ਨੂੰ ਸਮਝਾਉਣ ਦਾ ਯਤਨ ਕੀਤਾ—

*ਹਿੰਦੂ ਤੁਰਕ ਕਹਾ ਤੇ ਆਏ ਕਿਨਿ ਏਹ ਰਾਹ ਚਲਾਈ ॥*
*ਦਿਲ ਮਹਿ ਸੋਚਿ ਬਿਚਾਰਿ ਕਵਾਦੇ ਭਿਸਤ ਦੋਜਕ ਕਿਨਿ ਪਾਈ ॥੧॥*
*ਕਾਜੀ ਤੈ ਕਵਨ ਕਤੇਬ ਬਖਾਨੀ ॥*
*ਪੜ੍ਹਤ ਸੁਨਤ ਐਸੇ ਸਭ ਮਾਰੇ ਕਿਨਹੂੰ ਖਬਰਿ ਨ ਜਾਨੀ ॥੧॥ ਰਹਾਉ ॥*
*ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥*
*ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥*
*ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥*
*ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥*
*ਛਾਡਿ ਕਤੇਬ ਰਾਮੁ ਭਜੁ ਬਉਰੇ ਜੁਲਮ ਕਰਤ ਹੈ ਭਾਰੀ ॥*
*ਕਬੀਰੈ ਪਕਰੀ ਟੇਕ ਰਾਮ ਕੀ ਤੁਰਕ ਰਹੇ ਪਚਿਹਾਰੀ ॥੪॥੮॥*

*(ਆਸਾ ਕਬੀਰ ਜੀ)*

ਤਿਸਦਾ ਪ੍ਰਮਾਰਥ—'ਹੇ ਕਾਜ਼ੀ ! ਰਤਾ ਸਮਝ ਤਾਂ ਸਹੀ, ਹਿੰਦੂ ਤੇ ਤੁਰਕ (ਮੁਸਲਮਾਨ) ਕਿਥੋਂ ਆਏ ਹਨ ? ਸੱਚ ਦੱਸ ਕਿ ਕੌਣ ਨਰਕਾਂ ਨੂੰ ਜਾਵੇਗਾ ਤੇ ਕੌਣ ਸਵਰਗਾਂ ਨੂੰ, ਕਿਹੜੀ ਕਿਤਾਬ ਪੜ੍ਹੀ ਊ ? ਪੜ੍ਹੀ ਊ ਤਾਂ ਤੈਨੂੰ ਖ਼ਬਰ ਕੋਈ ਨਹੀਂ । ਰਿਸ਼ਤੇਦਾਰਾਂ ਨੂੰ ਸੱਦ ਕੇ ਜੋ ਸੁੰਨਤ ਕਰਦਾ ਹੈ ਮੈਂ ਇਹ ਨਹੀਂ ਕਰਨੀ ਕਿਉਂਕਿ ਜੇ ਮੈਨੂੰ ਖ਼ੁਦਾ ਨੇ ਮੁਸਲਮਾਨ ਕਰਨਾ ਹੁੰਦਾ ਤਾਂ ਇੰਦ੍ਰੀ ਆਪੇ ਕਟੀ ਜਾਂਦੀ। ਜੇ ਮਰਦ ਸੁੰਨਤ ਕੀਤਿਆਂ ਮੁਸਲਮਾਨ ਹੋ ਗਿਆ ਤਾਂ ਇਸਤ੍ਰੀ ਦਾ ਕੀ ਬਣੇਗਾ ? ਜੇ ਇਸਤ੍ਰੀ ਨੇ ਹਿੰਦੂ ਰਹਿਣਾ ਹੈ ਤਾਂ ਅਸੀਂ ਵੀ ਹਿੰਦੂ ਚੰਗੇ ਹਾਂ। ਹੇ ਪਾਗਲ ! ਕਿਤਾਬਾਂ ਦਾ ਗਿਆਨ ਛੱਡ ਕੇ ਰਾਮ ਭਜੋ। ਕਬੀਰ ਨੇ ਤਾਂ ਰਾਮ ਦਾ ਆਸਰਾ ਲਿਆ ਹੈ ।'

ਇਹ ਸੁਣ ਕੇ ਕਾਜ਼ੀ (ਮੌਲਵੀ) ਦੰਗ ਰਹਿ ਗਿਆ । ਅੱਠ ਸਾਲ ਦਾ ਬੱਚਾ ਕਬੀਰ ਮਹਾਨ ਬਜ਼ੁਰਗ ਵਿਦਵਾਨਾਂ ਵਾਂਗ ਭਾਸ਼ਾ ਵਿਚ ਕਵਿਤਾ ਕਰੇ। ਖ਼ਿਆਲ ਉਚੇ ਤੇ ਸਤਵਾਦੀ ਦੇਵੇ । ਇਸਲਾਮ ਵਰਗੇ ਸ਼ਾਹੀ ਧਰਮ ਦਾ ਖੰਡਨ ਕਰੇ ਤੇ ਖੰਡਨ ਵੀ ਐਸੇ ਢੰਗ ਨਾਲ ਕਿ ਉਸ ਦਾ ਉੱਤਰ ਹੀ ਕੋਈ ਨਹੀਂ ਦੇ ਸਕਦਾ। ਦਸ ਮਿੰਟ ਤੱਕ ਕਾਜ਼ੀ ਨੂੰ ਕੋਈ ਗੱਲ ਨਾ ਔੜੀ ਉਹ ਕਬੀਰ ਗੁਸਾਈਂ ਵਲ ਦੇਖਦਾ ਰਿਹਾ । ਕਾਜ਼ੀ ਨੂੰ ਚੁਪ ਹੋਇਆਂ ਦੇਖ ਕੇ ਤੇ ਕਬੀਰ ਦੀ ਸੂਝ-ਬੂਝ ਦਾ ਖ਼ਿਆਲ ਕਰ ਕੇ ਸੁਨਣ ਵਾਲੇ ਚੁਪ ਸਨ । ਬਹੁਤੇ ਇਸ ਗੱਲੋਂ ਗੁਸੇ ਵੀ

ਸਨ ਕਿ ਬਾਲਕ ਕਬੀਰ ਕਿੰਨੀ ਭੁਲ ਕਰ ਰਿਹਾ ਹੈ । ਅਸੀਂ ਜੁਲਾਹੇ ਜਾਤ ਹਾਂ ਜੇ ਸੁੰਨਤ ਨਾ ਕੀਤੀ ਤਾਂ ਮੁਸਲਮਾਨ ਹਾਕਮ ਸੁਣੇਗਾ ਬਾਬੇ ਦਾਦੇ ਦੀ ਘਾਣੀ ਪੀੜ ਦੇਵੇਗਾ । ਨਵਾਬ ਦੇ ਜ਼ੁਲਮੀ ਸੁਭਾਅ ਨੇ ਉਨ੍ਹਾਂ ਦੇ ਦਿਲ ਦੀਆਂ ਕੋਠੀਆਂ ਹਿਲਾ ਦਿਤੀਆਂ । ਉਨ੍ਹਾਂ ਵਿਚੋਂ ਕਈ ਅਗੇ ਅਗੇ ਹੋਏ । ਰੌਲਾ ਪਾਉਣਾ ਸ਼ੁਰੂ ਕੀਤਾ—ਕਬੀਰ ਤੈਨੂੰ ਸੁੰਨਤ ਜ਼ਰੂਰ ਕਰਵਾਉਣੀ ਪਵੇਗੀ ਨਹੀਂ ਤਾਂ ਨਵਾਬ ਡੰਨ ਦੇਵੇਗਾ । ਮਲੋਮਲੀ ਸੁੰਨਤ ਕਰ ਦਿਓ । ਮਾਮੂਲੀ ਬਾਲਕ ਨੂੰ ਫੜ ਲਵੋ । ਸੁੰਨਤ ਜ਼ਰੂਰ ਕਰੋ । ਇਉਂ ਸ਼ੋਰ ਮਚ ਗਿਆ । ਨੀਰੂ-ਨੀਮਾਂ ਸੁਣ ਕੇ ਘਬਰਾ ਗਏ। ਪੁੱਤਰ ਉਨ੍ਹਾਂ ਨੂੰ ਪਿਆਰਾ ਸੀ । ਕਦੀ ਉਹ ਪੁੱਤਰ ਨੂੰ ਆਖਣ—ਪੁੱਤਰ ਕਬੀਰ ! ਸੁੰਨਤ ਕਰਾ ਲੈ । ਵਡੇ ਵਡੇਰਿਆਂ ਦਾ ਰਿਵਾਜ ਹੈ । ਕਦੀ ਕਾਜ਼ੀ ਤੇ ਲੋਕਾਂ ਅਗੇ ਹੱਥ ਜੋੜਨ ਕਿ ਉਨ੍ਹਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਨਾ ਪਹੁੰਚਾਇਆ ਜਾਵੇ । ਕਬੀਰ ਮਾਸੂਮ ਹੈ ਅਜੇ ਐਨਾ ਗਿਆਨ ਨਹੀਂ ਸੂ। ਜੇ ਗਿਆਨ ਹੋਵੇ ਤਾਂ ਕਾਜ਼ੀ ਕਿਉਂ ਅੜੇ ।

ਤਕੜੀ ਆਤਮਾ ਵਾਲਾ ਬਾਲਕ ਕਬੀਰ ਨਹੀਂ ਡਰਿਆ। ਉਹ ਅਡੋਲ ਖਲੋਤਾ ਰਿਹਾ । ਉਸ ਨੂੰ ਆਪਣੇ ਰਾਮ (ਪ੍ਰਮਾਤਮਾ) ਉਤੇ ਭਰੋਸਾ ਸੀ ਕਿ ਉਸ ਦਾ ਰਾਮ ਸਭ ਤੋਂ ਤਕੜਾ ਹੈ, ਉਹ (ਰਾਮ) ਉਸ (ਕਬੀਰ) ਦੀ ਸਹਾਇਤਾ ਕਰੇਗਾ। ਇਹ ਕਾਜ਼ੀ ਤੇ ਲੋਕੀਂ ਕਿਹੜੇ ਬਾਗ ਦੀ ਮੂਲੀ ਹਨ ।

ਸਾਰੇ ਲੋਕ ਰੌਲਾ ਪਾਉਂਦੇ ਰਹੇ ਗਰਮਾ ਗਰਮ ਬਹਿਸ ਹੁੰਦੀ ਰਹੀ । ਜ਼ਰਦੇ ਪੁਲਾ ਵਲ ਵੀ ਕਿਸੇ ਦਾ ਖ਼ਿਆਲ ਨਹੀਂ ਸੀ । ਪਰ ਕਿਸੇ ਨੂੰ ਐਨਾ ਹੌਂਸਲਾ ਨਹੀਂ ਸੀ ਕਿ ਕਬੀਰ ਨੂੰ ਅਗੇ ਹੋ ਕੇ ਹੱਥ ਪਾਉਣ ਤੇ ਜਬਰਨ ਉਸ ਦੀ ਸੁੰਨਤ ਕਰਨ । ਕਬੀਰ ਉਹਨਾਂ ਨੂੰ ਸਾਹਮਣੇ ਖਲੋਤਾ ਨਜ਼ਰ ਆਉਂਦਾ ਸੀ।

ਪਰ ਕਬੀਰ ਦੇ ਰਾਮ ਨੇ ਅਸਚਰਜ ਕੌਤਿਕ ਕੀਤਾ । ਆਪਣੇ ਬਲ ਨਾਲ ਕਾਜ਼ੀ ਦੇ ਅਗੋਂ ਕਬੀਰ ਨੂੰ ਸਰਕਾ ਦਿਤਾ ਪਰ ਕਬੀਰ ਦੀ ਛਾਇਆ ਉਥੇ ਹੀ ਖੜੀ ਰਹਿਣ ਦਿਤੀ। ਲੋਕ ਦੇਖੀ ਜਾਂਦੇ ਸਨ, ਕਾਜ਼ੀ ਕ੍ਰੋਧ ਨਾਲ ਕੰਬਦਾ ਹੋਇਆ ਤੱਕੀ ਜਾਂਦਾ ਸੀ ਕਿ ਕਬੀਰ ਉਨ੍ਹਾਂ ਦੇ ਸਾਹਮਣੇ ਖਲੋਤਾ ਹੋਇਆ ਨਿਰਭਉ ਮੁਸਕਰਾਈ ਜਾਂਦਾ ਹੈ । ਉਹਨਾਂ ਨੂੰ ਮਖੌਲ ਕਰ ਰਿਹਾ ਹੈ ਪਰ ਅਸਲ ਕਬੀਰ ਜੁਲਾਹਿਆਂ ਦੇ ਮਹੱਲੇ ਤੋਂ ਦੂਰ ਗੰਗਾ ਕਿਨਾਰੇ ਖੇਡ ਰਿਹਾ ਸੀ । ਉਹ ਗੰਗਾ ਦੀਆਂ ਲਹਿਰਾਂ ਨੂੰ ਦੇਖ ਕੇ ਉਸ ਆਪਣੇ ਰਾਮ ਦਾ ਸਿਮਰਨ ਕਰ ਰਿਹਾ ਸੀ।

ਕਾਜ਼ੀ ਦੀ ਸ਼ੈਤਾਨ ਆਤਮਾ ਗੁਸੇ ਨਾਲ ਕੰਬੀ, ਅੱਖਾਂ ਲਾਲ ਹੋਈਆਂ, ਹੱਥ ਕੰਬੇ, ਜ਼ਬਾਨ ਹਿੱਲੀ। ਕ੍ਰੋਧ ਨਾਲ ਬੋਲਿਆ—'ਕਿਉਂ ਓਏ ਕਬੀਰ! ਤੂੰ ਸੁੰਨਤ ਨਹੀਂ ਕਰਾਉਣੀ?'

ਕਾਜ਼ੀ ਦਾ ਇਹ ਬੋਲ ਸੁਣ ਕੇ ਕਬੀਰ ਦੀ ਛਾਇਆ ਬੋਲੀ ਨਹੀਂ ਮੁਸਕਰਾਈ। ਉਸ ਦੇ ਮੁਸਕ੍ਰਾਉਣ ਤੇ ਕਾਜ਼ੀ ਨੇ ਜਾਤਾ ਕਿ ਕਬੀਰ ਉਸ ਨੂੰ ਮਖੌਲ ਕਰਦਾ ਹੈ। ਕਾਜ਼ੀ ਨੇ ਹੱਥ ਅਗੇ ਵਧਾਇਆ ਕਬੀਰ ਦੀ ਬਾਂਹ ਫੜਨ ਵਾਸਤੇ, ਪਰ ਜਦੋਂ ਉਸ ਨੇ ਬਾਂਹ ਨੂੰ ਹੱਥ ਪਾਇਆ ਤਾਂ ਕਾਜ਼ੀ ਦੇ ਹੱਥ ਕੁਝ ਨਾ ਆਇਆ, ਛਾਇਆ ਅਲੋਪ ਹੋ ਗਈ, ਕਾਜ਼ੀ ਅੱਖਾਂ ਮਲਦਾ ਹੋਇਆ ਹੈਰਾਨ ਸੀ, ਲੋਕ ਪ੍ਰੇਸ਼ਾਨ ਸਨ ਕਿ ਕਬੀਰ ਕਿਧਰ ਉਡ ਗਿਆ। ਨਾ ਕਿਸੇ ਨਸਦਾ ਦੇਖਿਆ ਨਾ ਖਿਸਕਦਾ। ਇਸ ਕੌਤਕ ਨੂੰ ਦੇਖ ਕੇ ਕਾਜ਼ੀ ਹੱਥ ਮਲਦਾ ਰਹਿ ਗਿਆ। ਮੂਰਖ ਤੁਰਕ ਨੇ ਰਾਮ ਦੀ ਲੀਲ੍ਹਾ ਨੂੰ ਅਨੁਭਵ ਨਾ ਕੀਤਾ। ਉਹ ਉਠ ਕੇ ਤੁਰ ਪਿਆ। ਉਸ ਨੇ ਰੋਟੀ ਨਹੀਂ ਖਾਧੀ। ਜਦੋਂ ਰੋਟੀ ਖਾਣ ਵਾਸਤੇ ਆਖਿਆ ਗਿਆ ਤਾਂ ਉਹ ਕ੍ਰੋਧ ਨਾਲ ਬੋਲਿਆ, 'ਇਹ ਘਰ ਕਾਫ਼ਰਾਂ ਦਾ ਹੈ। ਮੈਂ ਕੁਝ ਨਹੀਂ ਖਾਵਾਂਗਾ।'

ਕਾਜ਼ੀ ਰੁਸ ਗਿਆ। ਪਰ ਰਾਮ ਦੀ ਲੀਲ੍ਹਾ, ਲੋਕ ਨਹੀਂ ਰੁਸੇ। ਜਿੰਨਾ ਅੰਨ ਪੱਕਾ ਸੀ ਸਾਰਾ ਸਵਾਦਾਂ ਨਾਲ ਖਾ ਗਏ। ਨੀਰੂ-ਨੀਮਾਂ ਸਭ ਉਦਾਸ ਸਨ ਤੇ ਗੁਸੇ ਵੀ। ਉਹ ਹੈਰਾਨ ਸਨ ਕਿ ਇਹ ਖੇਲ ਕੀ ਵਰਤੀ ਹੈ। ਉਨ੍ਹਾਂ ਦਾ ਕਬੀਰ ਕਿਥੇ ਹੈ? ਉਹ ਕਬੀਰ ਨੂੰ ਲਭਣ ਵਾਸਤੇ ਘਰੋਂ ਨਿਕਲ ਤੁਰੇ।

ਉਸ ਦਿਨ ਨੀਰੂ ਤੇ ਨੀਮਾਂ ਲਭਦੇ ਰਹੇ। ਸ਼ਾਮਾਂ ਪੈ ਗਈਆਂ ਪਰ ਉਨ੍ਹਾਂ ਨੂੰ ਕਬੀਰ ਨਾ ਮਿਲਿਆ। ਜਦੋਂ ਡੂੰਘੀਆਂ ਸ਼ਾਮਾਂ ਪਈਆਂ ਤਾਂ ਕਬੀਰ ਮਨ ਦੀ ਮੌਜ ਨਾਲ ਗਾਉਂਦਾ ਹੋਇਆ ਆਪਣੇ ਘਰ ਆ ਗਿਆ। ਮਾਂ ਬਾਪ ਨੇ ਬਹੁਤ ਖ਼ੁਸ਼ੀ ਮਨਾਈ। ਘੁਟ ਘੁਟ ਕੇ ਛਾਤੀ ਨਾਲ ਲਾਇਆ। ਮੁੜ ਮੁੜ ਪੁਛਦੇ ਰਹੇ, 'ਕਬੀਰ ਕਿਥੇ ਗਿਆ ਸੀ?' ਪਰ ਕਬੀਰ ਚੁਪ ਰਿਹਾ। ਉਸ ਨੇ ਕੁਝ ਨਹੀਂ ਦਸਿਆ।

## ਕਬੀਰ ਬੀਮਾਰ ਹੋ ਗਿਆ

ਅਗਲੇ ਦਿਨ ਕਬੀਰ ਮੰਜੇ ਉਤੇ ਲੇਟ ਗਿਆ, ਲੇਟਿਆ ਹੋਇਆ ਪੰਜਾਂ ਸਤਾਂ

ਮਿੰਟਾਂ ਪਿਛੋਂ ਬੋਲ ਛਡਦਾ, 'ਓ ਮੇਰੇ ਰਾਮ ਜੀ! ਰਾਮ ਜੀ!' ਨੀਮਾਂ ਨੇ ਜਾਤਾ ਉਸ ਦਾ ਬਾਲਕ ਕਬੀਰ ਬੀਮਾਰ ਹੋ ਗਿਆ ਹੈ। ਉਹ ਨੱਸ ਕੇ ਗਈ ਤੇ ਵੈਦ ਨੂੰ ਸੱਦ ਲਿਆਈ। ਵੈਦ ਬ੍ਰਾਹਮਣ ਸੀ। ਉਸ ਨੇ ਕਬੀਰ ਦੀ ਨਬਜ਼ ਨਾ ਦੇਖੀ ਕਿਉਂਕਿ ਛੂਹਣ ਤੇ ਉਹ ਭਿਟਿਆ ਜਾਂਦਾ ਸੀ, ਉਹਦਾ ਹਿੰਦੂ ਧਰਮ ਭ੍ਰਿਸ਼ਟ ਹੁੰਦਾ ਸੀ।

ਨੀਮਾਂ ਦੇ ਦਸਣ ਉਤੇ ਉਸ ਦੇ ਆਉਣ ਦੇ ਦੋ ਕਾਰਣ ਸਨ ਇਕ ਤਾਂ ਫੀਸ ਮਿਲਣ ਦਾ ਲਾਲਚ ਤੇ ਦੂਸਰਾ ਰਾਜ ਦਾ ਭੈਅ ਸੀ। ਕਿਉਂਕਿ ਨਵਾਬ ਨੇ ਹਿੰਦੂ ਵੈਦਾਂ ਨੂੰ ਹੁਕਮ ਕੀਤਾ ਹੋਇਆ ਸੀ ਕਿ ਮੁਸਲਮਾਨਾਂ ਦੇ ਸੱਦਣ ਤੇ ਉਨ੍ਹਾਂ ਦੇ ਘਰੀਂ ਜਾ ਕੇ ਬੀਮਾਰ ਨੂੰ ਦੇਖਣ ਤੇ ਇਲਾਜ ਕਰਨ। ਸੋ ਮੰਜੀ ਦੇ ਨੇੜੇ ਹੋ ਕੇ ਵੈਦ ਨੇ ਕਬੀਰ ਨੂੰ ਦੇਖਿਆ। ਉਸ ਦਾ ਚਿਹਰਾ ਦੇਖ ਕੇ ਗੱਲਾਂ ਸੁਣ ਕੇ ਵੈਦ ਨੇ ਨਤੀਜਾ ਕੱਢਿਆ ਕਿ ਕਬੀਰ ਨੂੰ ਸਰੀਰਕ ਰੋਗ ਕੋਈ ਨਹੀਂ ਸੀ। ਹਾਂ, ਉਹ ਮਾਨਸਿਕ ਰੋਗੀ ਜ਼ਰੂਰ ਸੀ। ਵੈਦ ਜੀ ਬੋਲੇ—'ਕਬੀਰ ਨੂੰ ਰੋਗ ਕੋਈ ਨਹੀਂ ਕਿਤੇ ਰਾਤ ਦਾ ਉਨੀਂਦਰਾ ਹੋਵੇਗਾ।'

ਇਹ ਸੁਣ ਕੇ ਕਬੀਰ ਬੋਲਿਆ—'ਮੈਂ ਰੋਗੀ ਨਹੀਂ ਹਾਂ, ਮੇਰੀ ਨਬਜ਼ ਤਾਂ ਦੇਖੋ ਦਿਲ ਧੜਕ ਰਿਹਾ ਹੈ।'

ਵੈਦ ਸੰਸੇ ਵਿਚ ਪੈ ਗਿਆ। ਆਖਣ ਤੇ ਨਬਜ਼ ਨਾ ਦੇਖੇ ਤਾਂ ਰਾਜੇ ਦਾ ਡਰ। ਜੇ ਨਬਜ਼ ਦੇਖੇ ਤਾਂ ਲੀੜਿਆਂ ਸਮੇਤ ਇਸ਼ਨਾਨ ਕਰਨਾ ਪਵੇਗਾ। ਡਰਦੇ ਮਾਰੇ ਨੇ ਕਬੀਰ ਦੀ ਨਬਜ਼ ਦੇਖਣੀ ਸ਼ੁਰੂ ਕਰ ਦਿਤੀ। ਦਸ ਮਿੰਟ ਸੱਜੀ ਖੱਬੀ ਨਾੜੀ ਨੂੰ ਟਟੋਲਦਾ ਰਿਹਾ, ਪਰ ਕਿਸੇ ਰੋਗ ਦਾ ਉਸ ਨੂੰ ਪਤਾ ਨਾ ਲੱਗਾ। ਵੈਦ ਨੇ ਮੱਥੇ ਉਤੇ ਤਿਊੜੀ ਪਾ ਕੇ ਨੀਮਾਂ ਨੂੰ ਆਖਿਆ—'ਐਵੇਂ ਮੇਰੇ ਵਲ ਨੱਸੀ ਗਈ। ਮੁੰਡੇ ਤੇਰੇ ਨੂੰ ਤਾਂ ਕੋਈ ਰੋਗ ਨਹੀਂ ਇਹ ਤਾਂ ਚੰਗਾ ਭਲਾ ਹੈ। ਮੈਂ ਇਸ ਨੂੰ ਦਵਾਈ ਕੀ ਦੇਵਾਂ?'

ਨੀਮਾਂ ਹੱਥ ਜੋੜ ਕੇ ਆਖਣ ਲੱਗੀ, 'ਜੀ! ਕੱਲ ਦਾ ਖਾਧਾ ਪੀਤਾ ਨਹੀਂ। ਮੰਜੀ ਉਤੋਂ ਉਠ ਕੇ ਤੁਰਦਾ ਫਿਰਦਾ ਨਹੀਂ! ਜੇ ਮੇਰੇ ਕਬੀਰ ਨੂੰ ਕੋਈ ਦੁੱਖ ਨਾ ਹੋਵੇ ਤਾਂ ਇਹ ਖੇਡੇ, ਮੇਰਾ ਪੁੱਤਰ ਆਲਸੀ ਨਹੀਂ।'

'ਭੋਲੀ ਨੀਮਾਂ!' ਵੈਦ ਬੋਲਿਆ, 'ਮੈਂ ਝੂਠ ਨਹੀਂ ਬੋਲਦਾ, ਤੇਰੇ ਕਬੀਰੇ ਨੂੰ ਕੋਈ ਰੋਗ ਨਹੀਂ, ਇਹ ਬਿਲਕੁਲ ਅਰੋਗ ਹੈ।'

ਨੀਮਾਂ ਨੇ ਤਾਂ ਅਜੇ ਕੋਈ ਉੱਤਰ ਨਾ ਦਿਤਾ, ਪਰ ਕਬੀਰ ਜੀ ਆਪ ਬੋਲ ਹੀ ਪਏ। ਉਨ੍ਹਾਂ ਇਕ ਸ਼ਬਦ ਰਾਹੀਂ ਵੈਦ ਨੂੰ ਆਪਣੇ ਦਿਲ ਦਾ ਰੋਗ ਦਸਿਆ—

*ਕਤ ਨਹੀ ਠਉਰ ਮੂਲੁ ਕਤ ਲਾਵਉ ॥*
*ਖੋਜਤ ਤਨ ਮਹਿ ਠਉਰ ਨ ਪਾਵਉ ॥੧॥*
*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥੧॥ ਰਹਾਉ ॥*
*ਏਕ ਭਾਇ ਦੇਖਉ ਸਭ ਨਾਰੀ ॥*
*ਕਿਆ ਜਾਨਉ ਸਹ ਕਉਨ ਪਿਆਰੀ ॥੨॥*
*ਕਹੁ ਕਬੀਰ ਜਾ ਕੈ ਮਸਤਕਿ ਭਾਗੁ ॥*
*ਸਭ ਪਰਹਰਿ ਤਾ ਕਉ ਮਿਲੈ ਸੁਹਾਗੁ ॥੩॥੨੧॥* (ਗਉੜੀ ਕਬੀਰ ਜੀ)

ਪ੍ਰਮਾਰਥ—ਪਹਿਲਾਂ ਵੈਦ ਜੀ ਦੇ ਭਾਵ ਨੂੰ ਕਬੀਰ ਜੀ ਆਪ ਦਸਦੇ ਹਨ, ਇਸ ਨੂੰ ਤਾਂ ਕੋਈ ਰੋਗ ਨਹੀਂ ਦਿਸਦਾ ਮੈਂ ਦਵਾਈ ਕਾਹਦੀ ਕਰਾਂ? ਮੈਂ ਤਾਂ ਬਹੁਤ ਪੜਤਾਲ ਕੀਤੀ ਹੈ, ਸਾਰੇ ਸਰੀਰ ਦੇ ਕਿਸੇ ਹਿੱਸੇ ਵਿਚੋਂ ਮੈਨੂੰ ਕੋਈ ਰੋਗ ਨਹੀਂ ਲੱਭਿਆ।

ਕਬੀਰ ਜੀ ਉੱਤਰ ਦੇਂਦੇ ਹਨ—'ਵੈਦਾ! ਜੇ ਤੈਨੂੰ ਦੁੱਖ ਹੋਵੇ ਤਾਂ ਜ਼ਰੂਰ ਤੂੰ ਅਗਲੇ ਦਾ ਵੀ ਦੁੱਖ ਲੱਭ ਲਵੇਂ, ਜਿਸ ਨੂੰ ਪੀੜ ਹੋਵੇ ਓਹੋ ਜਾਣਦਾ ਹੈ, ਪਰਾਈ ਪੀੜ ਨੂੰ ਕੌਣ ਜਾਣੇ? ਸੁਣ ਵੈਦਾ! ਮੈਨੂੰ ਰਾਮ ਭਗਤੀ ਦੇ ਅਣਿਆਲੇ ਤੀਰ ਮੁੜਵੇਂ ਕੁੰਡੀਆਂ ਵਾਲੇ ਜੋ ਪੁਟਿਆਂ ਤਨ ਪਾੜਦੇ ਨੇ ਲਗੇ ਨੇ, ਮੇਰੇ ਸਰੀਰ ਦਾ ਲੂੰ ਲੂੰ ਵਿੰਨ੍ਹਿਆ ਹੋਇਆ ਹੈ।'

'ਜਿਵੇਂ ਕਿਸੇ ਰਾਜੇ ਦੀਆਂ ਬਹੁਤ ਸਾਰੀਆਂ ਸੁੰਦਰ ਨਾਰੀਆਂ ਹੁੰਦੀਆਂ ਹਨ, ਕਿਸੇ ਰਾਣੀ ਨੂੰ ਇਹ ਨਹੀਂ ਪਤਾ ਹੁੰਦਾ ਕਿ ਰਾਜਾ ਕਿਸ ਨਾਲ ਬਹੁਤਾ ਪਿਆਰ ਕਰਦਾ ਹੈ ਕਿਉਂਕਿ ਸਾਰੀਆਂ ਨੂੰ ਪ੍ਰਤੀਤ ਹੁੰਦਾ ਹੈ ਕਿ ਉਹ ਇਕੋ ਨਿਗਾਹ ਨਾਲ ਸਭ ਨੂੰ ਸਤਿਕਾਰ ਰਿਹਾ ਹੈ। ਤਿਵੇਂ ਮੈਂ ਸੋਚਦਾ ਹਾਂ ਕਿ ਇਸ ਧਰਤੀ ਉਤੇ ਵਸਣ ਵਾਲੇ ਲੋਕ, ਪੰਛੀ, ਪਸ਼ੂ, ਕੀੜੇ-ਮਕੌੜੇ ਸਭ ਉਸ ਪ੍ਰਮਾਤਮਾ ਦੀ ਰਚਨਾ ਹੈ, ਕੀ ਪਤਾ ਉਹ ਕਿਸ ਨਾਲ ਪਿਆਰ ਕਰਦਾ ਹੈ? ਇਹ ਤਾਂ ਕਰਮਾਂ ਦੀ ਗੱਲ ਹੈ, ਜੇ ਧੁਰੋਂ ਮੱਥੇ ਵਿਚ ਵਿਧਾਤਾ ਨੇ ਵਡਿਆਈ ਲਿਖੀ ਹੈ ਤਾਂ ਜ਼ਰੂਰ ਵਡਿਆਈ ਪ੍ਰਾਪਤ ਹੋਵੇਗੀ। ਉਹ ਹੀ ਜੇ ਪੂਰਬਲੇ ਜਨਮ ਕੋਈ ਨੇਕ ਕੰਮ ਕੀਤਾ ਹੈ ਤਾਂ ਜਿਵੇਂ ਸਾਰੀਆਂ ਰਾਣੀਆਂ ਵਿਚੋਂ ਆਖਰ ਇਕ ਭਾਗਾਂ ਵਾਲੀ

ਰਾਣੀ ਨੂੰ ਪਟਰਾਣੀ ਮਿਥਿਆ ਜਾਂਦਾ ਹੈ ਤੇ ਉਸ ਦੇ ਮੁਢ ਨੂੰ ਟਿੱਕਾ ਰਾਜ ਬਣਾਇਆ ਜਾਂਦਾ ਹੈ। ਜੋ ਰਾਜੇ ਦੇ ਮਰਨ ਪਿਛੋਂ ਰਾਜ ਦਾ ਅਧਿਕਾਰੀ ਹੁੰਦਾ ਹੈ। ਸੋ ਵੈਦ ਜੀ! ਰਾਮ ਨਾਮ ਦੇ ਤੀਰਾਂ ਨੇ ਮੈਨੂੰ ਘਾਇਲ ਕੀਤਾ ਹੈ, ਜੇ ਕੋਈ ਪੁੜੀ ਕੋਲ ਹੈ ਤਾਂ ਦੇਹ।'

ਮਾਇਆ ਨਾਲ ਹਿਤ ਕਰਨ ਵਾਲਾ ਵੈਦ, ਆਤਮਿਕ ਗਿਆਨ ਤੋਂ ਕੋਰਾ ਪੰਡਤ ਛੋਟੀ ਉਮਰ ਦੇ ਬਾਲਕ ਦੀ ਜ਼ਬਾਨੋਂ ਬਹੁਮੁਲੇ ਗਿਆਨ ਦੇ ਬਚਨ ਸੁਣ ਕੇ ਨਿਰਾ ਦੰਗ ਹੀ ਨਾ ਹੋਇਆ, ਸਗੋਂ ਉਸ ਦੇ ਹੱਥ ਜੁੜ ਗਏ। ਉਸ ਨੇ ਕਬੀਰ ਨੂੰ ਪ੍ਰਣਾਮ ਕੀਤਾ। ਜ਼ਬਾਨੋਂ ਆਖਿਆ—'ਹੇ ਬਾਲਕ! ਤੂੰ ਕੋਈ ਸਾਧਾਰਨ ਬਾਲਕ ਨਹੀਂ, ਈਸ਼ਵਰ ਭਗਤ ਹੈਂ ਮੈਂ ਤੇਰਾ ਇਲਾਜ ਨਹੀਂ ਕਰ ਸਕਦਾ।'

ਇਹ ਆਖ ਕੇ ਵੈਦ ਨੀਰੂ-ਨੀਮਾਂ ਦੇ ਘਰੋਂ ਚਲਿਆ ਗਿਆ ਪਰ ਦਿਲ ਵਿਚ ਕਬੀਰ ਵਾਸਤੇ ਸ਼ਰਧਾ ਦਾ ਭਾਵ ਜ਼ਰੂਰ ਲੈ ਗਿਆ, ਸਤਿਨਾਮ ਵਾਹਿਗੁਰੂ!

## ਸਵਾਮੀ ਰਾਮਾ ਨੰਦ ਨੂੰ ਗੁਰੂ ਧਾਰਨਾ

ਕਬੀਰ ਜਵਾਨ ਹੋ ਗਿਆ ਘਰ ਦੇ ਧੰਦੇ ਵੀ ਕਰਦਾ ਤੇ ਰਾਮ ਭਜਨ ਵੀ। ਇਕ ਦਿਨ ਇਕ ਸਿਆਣੇ ਪੁਰਸ਼ ਨਾਲ ਆਪ ਦਾ ਮੇਲ ਹੋ ਗਿਆ। ਉਸ ਨਾਲ ਜਦੋਂ ਗਿਆਨ ਦੀ ਚਰਚਾ ਹੋਈ ਤਾਂ ਉਸ ਬਜ਼ੁਰਗ ਨੇ ਪੁਛਿਆ—'ਕਬੀਰਾ! ਇਹ ਤਾਂ ਦਸ ਤੇਰਾ ਗੁਰੂ ਕੌਣ ਹੈ?'

'ਜੀ ਮੈਂ ਗੁਰੂ ਤਾਂ ਅਜੇ ਤਕ ਕਿਸੇ ਨੂੰ ਧਾਰਨ ਨਹੀਂ ਕੀਤਾ' ਕਬੀਰ ਜੀ ਦਾ ਉਤਰ ਸੀ।

'ਗੁਰੂ! ਧਾਰਨ ਨਹੀਂ ਕੀਤਾ? ਇਹ ਤੂੰ ਭੁਲ ਕੀਤੀ ਹੈ। ਗੁਰੂ ਬਿਨਾਂ ਗਤੀ ਨਹੀਂ ਹੁੰਦੀ, ਤੈਨੂੰ ਗੁਰੂ ਧਾਰਨ ਕਰਨਾ ਚਾਹੀਦਾ ਹੈ।'

'ਬਹੁਤ ਹੱਛਾ ਜੀ! ਗੁਰੂ ਜੀ ਦੀ ਢੂੰਡ ਕਰਾਂਗਾ।'

ਬਜ਼ੁਰਗ ਜਿਧਰੋਂ ਆਇਆ ਸੀ ਉਧਰੇ ਤੁਰ ਗਿਆ। ਸ਼ਾਇਦ ਪ੍ਰਮਾਤਮਾ ਨੇ ਪ੍ਰੇਰ ਕੇ ਭੇਜਿਆ ਸੀ ਕਿ ਕਬੀਰ ਨੂੰ ਪੂਰਨ ਭਗਤ ਬਣਾਇਆ ਜਾਵੇ। ਕਬੀਰ ਸੋਚੀਂ ਪੈ ਗਿਆ। ਗੁਰੂ ਕਿਸ ਨੂੰ ਧਾਰਨ ਕਰਾਂ। ਜੋ ਬਣਨ ਦੇ ਅਧਿਕਾਰੀ ਨੇ ਉਹ ਉਚ ਜਾਤੀਆਂ (ਸ੍ਵਰਨ ਜਾਤੀਆਂ) ਵਿਚੋਂ ਹਨ। ਕਬੀਰ ਨੀਚ ਜਾਤੀ ਦਾ ਹੈ ਨੀਚ ਜਾਤੀ ਵਾਲੇ ਨੂੰ ਕਿਸੇ ਨੇ ਚੇਲਾ ਨਹੀਂ ਬਣਾਉਣਾ।

ਬਨਾਰਸ ਸ਼ਹਿਰ 'ਚ ਉਸ ਵੇਲੇ ਸਵਾਮੀ ਰਾਮਾਨੰਦ ਜੀ ਦੀ ਬੜੀ ਪੂਜਾ ਸੀ, ਆਪ ਰਾਮ ਭਗਤ ਸਨ, ਉਸ ਦੇ ਬਹੁਤ ਸਾਰੇ ਚੇਲੇ ਸਨ। ਜਨਤਾ ਉਨ੍ਹਾਂ ਉੱਤੇ ਬੜੀ ਸ਼ਰਧਾ ਰਖਦੀ ਸੀ। ਲੰਮੀ ਸੋਚ ਵਿਚਾਰ ਪਿਛੋਂ ਕਬੀਰ ਜੀ ਨੇ ਆਪਣੇ ਮਨ ਵਿਚ ਫ਼ੈਸਲਾ ਕੀਤਾ ਕਿ ਉਹ ਸਵਾਮੀ ਰਾਮਾਨੰਦ ਜੀ ਨੂੰ ਜ਼ਰੂਰ ਗੁਰੂ ਧਾਰਨ ਕਰਨਗੇ, ਭਾਵੇਂ ਉਸ ਨੂੰ ਤਪ ਅਤੇ ਕਸ਼ਟ ਕਿਉਂ ਨਾ ਉਠਾਉਣਾ ਪਵੇ।

ਰਾਮ ਭਗਤ ਨੇ ਮਨ ਵਿਚ ਫ਼ੈਸਲਾ ਕਰ ਲਿਆ। ਪਰ ਉਸ ਫ਼ੈਸਲੇ ਨੂੰ ਅਮਲੀ ਜਾਮਾ ਕਿਵੇਂ ਪਹਿਨਾਏ ਇਹ ਸੋਚ ਦਿਨ ਰਾਤ ਬੇਚੈਨ ਕਰਦੀ ਸੀ। ਰਾਮਾਨੰਦ ਨੀਵੀਂ ਜਾਤੀ ਵਾਲਿਆਂ ਨੂੰ ਚੇਲੇ ਨਹੀਂ ਸੀ ਬਣਾਉਂਦਾ। ਇਕ ਦਿਨ ਕਬੀਰ ਜੀ ਨੂੰ ਡਾਢੀ ਵਿਉਂਤ ਸੁਝੀ। ਉਹ ਵਿਉਂਤ ਇਹ ਸੀ ਕਿ ਸਵਾਮੀ ਰਾਮਾਨੰਦ ਜੀ ਰੋਜ਼ ਸਵੇਰੇ ਗੰਗਾ ਇਸ਼ਨਾਨ ਕਰਨ ਵਾਸਤੇ ਜਾਇਆ ਕਰਦੇ ਸਨ, ਜਾਂਦੇ ਵੀ ਸਨ 'ਮਣੀ ਕਰਨ ਘਾਟ' ਉਤੇ। ਕਬੀਰ ਜੀ ਡੇਢ ਪਹਿਰ ਰਾਤ ਰਹਿੰਦੇ ਨਾਲ ਘਰੋਂ ਉਠੇ ਗੰਗਾ ਜੀ ਦੇ ਕਿਨਾਰੇ ਪੌੜ ਉਤੇ ਜਾ ਲੰਮੇ ਪਏ। ਸਵਾਮੀ ਰਾਮਾਨੰਦ ਜੀ ਜਿਸ ਸਮੇਂ (ਬ੍ਰਹਮ ਮਹੂਰਤ ਵਿਚ) ਗੰਗਾ ਇਸ਼ਨਾਨ ਕਰਨ ਵਾਸਤੇ ਆਏ, ਸਵਾਮੀ ਜੀ ਨੇ ਦੂਰੋਂ ਨਹੀਂ ਦੇਖਿਆ। ਸਬੱਬ ਨਾਲ ਸਵਾਮੀ ਜੀ ਦਾ ਪੈਰ ਕਬੀਰ ਜੀ ਦੇ ਸਿਰ ਵੱਜਾ। ਪੈਰ ਦੀ ਛੁਹ ਵਿਚੋਂ ਸਵਾਮੀ ਜੀ ਨੇ ਮਹਿਸੂਸ ਕੀਤਾ ਕਿ ਕੋਈ ਮਨੁਖ ਸੁਤਾ ਹੈ। ਇਸ਼ਨਾਨ ਦਾ ਵੇਲਾ ਹੋ ਗਿਆ ਹੈ ਇਸ ਵਾਸਤੇ ਸੁਤੇ ਨੂੰ ਜਗਾਉਣਾ ਯੋਗ ਹੈ। ਆਪਣੇ ਸੁਭਾਅ ਅਨੁਸਾਰ ਸਵਾਮੀ ਰਾਮਾਨੰਦ ਜੀ ਨੇ ਸੁਭਾਵਕ ਆਖਿਆ, 'ਉਠੋ ਰਾਮ ਕੇ! ਰਾਮ ਕਹੁ।' ਜਦੋਂ ਕਬੀਰ ਜੀ ਨੇ ਇਹ ਬਚਨ ਸੁਣ ਲਿਆ ਤਾਂ ਓਹ ਅਨੰਦ ਹੋ ਗਏ। ਉਨ੍ਹਾਂ ਦੀ ਇਛਾ ਪੂਰੀ ਹੋ ਗਈ। ਛੇਤੀ ਨਾਲ ਉਠੇ ਤੇ ਰਾਮਾਨੰਦ ਜੀ ਦੇ ਚਰਨਾਂ ਉਤੇ ਡੰਡਵਤ ਮੱਥਾ ਟੇਕਿਆ। ਚਰਨਾਂ ਨੂੰ ਛੋਹ ਕੇ ਹੱਥ ਅੱਖਾਂ ਉਤੇ ਲਾਏ। ਉਠ ਕੇ ਸਵਾਮੀ ਜੀ ਨੂੰ ਬੁਲਾਇਆ ਨਹੀਂ, ਚੁਪ ਕਰ ਕੇ ਖਿਸਕ ਗਏ। ਸਵਾਮੀ ਜੀ ਨੂੰ ਕੁਝ ਗਿਆਨ ਨਾ ਹੋਇਆ ਕਿ ਉਹਨਾਂ ਦੇ ਪੈਰ ਨਾਲ ਟੱਕਰ ਖਾਣ ਵਾਲਾ ਕੌਣ ਸੀ। ਉਹ ਗੰਗਾ ਇਸ਼ਨਾਨ ਕਰਨ ਵਾਸਤੇ ਅਗੇ ਚਲੇ ਗਏ ਤੇ ਕਬੀਰ ਜੀ ਆਪਣੇ ਘਰ ਆ ਗਏ।

ਘਰ ਆਏ, ਅਨੰਦ ਚਿਤ ਸਨ, 'ਰਾਮ ਨਾਮ' ਉਨ੍ਹਾਂ ਦੇ ਲਹੂ ਵਿਚ ਘੁਲ ਮਿਲ ਗਿਆ ਸੀ। ਸਵਾਸ ਸਵਾਸ ਨਾਲ ਰਾਮ! ਰਾਮ! ਆਖਦੇ ਸਨ। ਪਹਿਲੇ

ਗ੍ਰਿਹਸਤੀ ਕਪੜੇ ਲਾਹ ਸੁਟੇ। ਹਿੰਦੂ ਸਾਧੂਆਂ ਵਰਗੇ ਭਗਵੇਂ ਬਸਤ੍ਰ ਸਜਾ ਲਏ। ਰਾਮ ਭਜਨ ਗਾਉਣ ਲਗੇ ਪਰ ਘਰ ਦੇ ਧੰਧਿਆਂ ਦਾ ਵੀ ਤਿਆਗ ਨਹੀਂ ਕੀਤਾ। ਕਬੀਰ ਜੀ ਦਾ ਵਿਆਹ ਹੋ ਚੁਕਾ ਸੀ। ਇਹਨਾਂ ਦੀ ਧਰਮ ਪਤਨੀ ਲੋਈ ਸੀ। ਉਹ ਬੜੀ ਸੁੰਦਰ ਸਿਆਣੀ ਤੇ ਮਿੱਠ-ਬੋਲੀ ਸੀ। ਕਬੀਰ ਸਮੇਤ ਘਰ ਦਾ ਕੰਮ ਕਰਨ ਵਾਲੇ ਚਾਰ ਜੀਅ ਸਨ। ਚਾਰੇ ਦਿਲ ਲਾ ਕੇ ਮਿਹਨਤ ਕਰਦੇ ਸਨ, ਜਿਸ ਕਰਕੇ ਘਰ ਦੀ ਆਰਥਿਕ ਦਸ਼ਾ ਚੰਗੀ ਹੋ ਗਈ ਸੀ। ਆਏ ਗਏ ਨੂੰ ਪ੍ਰਸ਼ਾਦ ਛਕਾਉਣ ਵਿਚ ਝਿਜਕ ਨਹੀਂ ਸੀ। ਦਿਨੋ ਦਿਨ ਕਬੀਰ ਜੀ ਦੀ ਭਗਤੀ ਦੀ ਚਰਚਾ ਸਾਰੇ ਬਨਾਰਸ ਸ਼ਹਿਰ ਵਿਚ ਖਿਲਰੀ ਜਾਂਦੀ ਸੀ।

ਕਬੀਰ ਜੀ ਦਾ ਭਗਵਾਂ ਵੇਸ ਦੇਖ ਕੇ ਸਵਰਨ ਜਾਤੀਆਂ ਦੇ ਸਾਧੂ ਆਪ ਨੂੰ ਪੁਛਣ ਲਗੇ, 'ਤੇਰਾ ਗੁਰੂ ਕੌਣ ਹੈ?'

'ਜੀ ਸਵਾਮੀ ਰਾਮਾ ਨੰਦ!' ਕਬੀਰ ਉੱਤਰ ਦੇਂਦਾ।

ਖ਼ੁਦਗਰਜ਼ ਪੰਡਤਾਂ ਨੇ ਸ਼ੋਰ ਮਚਾ ਦਿਤਾ ਕਿ ਨੀਚ ਜੁਲਾਹੇ ਨੂੰ ਸਵਾਮੀ ਰਾਮਾ ਨੰਦ ਨੇ ਦੀਖਿਆ ਦਿਤੀ ਹੈ। ਉਸ ਨੂੰ ਚੇਲਾ ਬਣਾ ਕੇ ਹਿੰਦੂ ਧਰਮ ਦੀ ਨਿਰਾਦਰੀ ਕੀਤੀ ਹੈ। ਸਵਾਮੀ ਜੀ ਨੂੰ ਡੰਨ ਲਗਾਣਾ ਚਾਹੀਦਾ ਹੈ। ਇਕੱਠੇ ਹੋ ਕੇ ਪੰਡਤ ਤੇ ਸਾਧੂ ਸਵਾਮੀ ਰਾਮਾ ਨੰਦ ਕੋਲ ਗਏ। ਜਦੋਂ ਸਵਾਮੀ ਜੀ ਨੇ ਇਹ ਗੱਲ ਸੁਣੀ ਕਿ ਉਸ ਨੇ ਨੀਚ ਜਾਤ ਜੁਲਾਹੇ ਨੂੰ ਦੀਖਿਆ ਦੇ ਕੇ ਰਾਮ ਨਾਮ ਬਖ਼ਸ਼ਿਆ ਹੈ ਤਾਂ ਬਹੁਤ ਹੈਰਾਨ ਹੋਏ। ਉਹਨਾਂ ਨੇ ਪੰਡਤਾਂ ਨੂੰ ਉੱਤਰ ਦਿਤਾ 'ਮੈਨੂੰ ਤਾਂ ਕੋਈ ਚੇਤਾ ਨਹੀਂ ਆਉਂਦਾ ਕਿ ਮੈਂ ਕਿਸੇ ਕਬੀਰ ਨੂੰ ਆਪਣਾ ਚੇਲਾ ਬਣਾਇਆ ਹੈ, ਨਾ ਡੇਰੇ ਵਿਚ ਚੇਲਿਆਂ ਦੇ ਹੁੰਦਿਆਂ ਕਿਸੇ ਐਸੇ ਪੁਰਸ਼ ਨੂੰ ਦੀਖਿਆ ਦਿਤੀ ਹੈ।'

ਜਦੋਂ ਚੇਲਿਆਂ ਕੋਲੋਂ ਪੁਛਿਆ ਗਿਆ ਤਾਂ ਉਹਨਾਂ ਵੀ ਕੰਨਾਂ ਉਤੇ ਹੱਥ ਰੱਖ ਕੇ ਦੁਹਾਈ ਪਾਈ ਕਿ ਗੁਰੂ ਜੀ ਨੇ ਕਿਸੇ ਨੀਚ ਜਾਤੀ ਦੇ ਪੁਰਸ਼ ਨੂੰ ਚੇਲਾ ਨਹੀਂ ਬਣਾਇਆ। ਜਿੰਨੇ ਚੇਲੇ ਹਨ ਸਭ ਸਵਰਨ ਜਾਤੀਆਂ ਵਿਚੋਂ ਹਨ।

ਸਾਰੇ ਪੰਡਤ ਇਕੱਠੇ ਹੋ ਕੇ ਕਬੀਰ ਦੇ ਘਰ ਚਲੇ ਗਏ। ਉਸ ਨੂੰ ਜਾ ਕੇ ਜਦੋਂ ਪੁਛਿਆ ਕਿ 'ਤੇਰਾ ਗੁਰੂ ਕੌਣ ਹੈ?' ਤਾਂ ਕਬੀਰ ਜੀ ਨੇ ਦਲੇਰੀ ਨਾਲ ਉੱਤਰ ਦਿਤਾ—'ਸਵਾਮੀ ਰਾਮਾ ਨੰਦ ਜੀ!'

ਪੰਡਤਾਂ ਨੇ ਕਬੀਰ ਨੂੰ ਅਗੇ ਲਾ ਲਿਆ ਤੇ ਸਵਾਮੀ ਰਾਮਾ ਨੰਦ ਕੋਲ ਆ

ਗਏ। ਕਬੀਰ ਦੇ ਭਗਤ ਤੇ ਮਿੱਤਰ ਵੀ ਡਾਂਗਾਂ ਸੋਟੇ ਫੜ ਕੇ ਪਿਛੇ ਹੋ ਤੁਰੇ ਮਤਾਂ ਪੰਡਤ ਤੇ ਸਾਧੂ ਕਬੀਰ ਜੀ ਨੂੰ ਕੁਟਨ ਨਾ। ਸਾਰੀ ਕਾਂਸ਼ੀ ਵਿਚ ਸ਼ੋਰ ਮਚ ਗਿਆ। ਸਵਾਮੀ ਰਾਮਾ ਨੰਦ ਗੁਸਾਈਂ ਦੀ ਧਰਮਸਾਲਾ ਦੇ ਅੰਦਰ ਬਾਹਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ ਜਿੰਨੇਂ ਮੂੰਹ ਓਨੀਆਂ ਗੱਲਾਂ ਹੁੰਦੀਆਂ ਸਨ। ਕੋਈ ਆਖਦਾ ਫਸਾਦ ਹੋਵੇਗਾ, ਕਿਸੇ ਕਿਹਾ ਕਬੀਰ ਸੱਚਾ ਹੈ। ਕੋਈ ਕੋਈ ਨੇਕ ਆਤਮਾ ਤੇ ਸੁਤੰਤਰ ਖ਼ਿਆਲਾਂ ਨਾਲ ਬਹਿਸਦਾ ਸੀ ਕਿ ਜੇ ਕਬੀਰ ਨੇ ਨੀਚ ਜ਼ਾਤੀ ਵਿਚ ਜਨਮ ਲੈ ਕੇ 'ਰਾਮ ਨਾਮ' ਜਪਣਾ ਸ਼ੁਰੂ ਕੀਤਾ ਹੈ ਤਾਂ ਕੀ ਮਾੜਾ? ਰਾਮ ਸਭ ਦਾ ਹੈ। ਪਰ ਮਨੂੰ ਸਿਮਰਤੀ ਪੜ੍ਹਨ ਵਾਲੇ ਸ਼ੋਰ ਮਚਾਉਂਦੇ ਸੀ—'ਨੀਚ ਜਾਤ ਵਾਲਾ ਰਾਮ ਭਜਨ ਨਹੀਂ ਕਰ ਸਕਦਾ।'

ਕਬੀਰ ਨੂੰ ਦੇਖ ਕੇ ਸਵਾਮੀ ਰਾਮਾਨੰਦ ਨੇ ਬੜੀ ਗੰਭੀਰਤਾ ਤੇ ਸਹਿਜ ਬਿਰਤੀ ਦੇ ਨਾਲ ਪੁਛਿਆ—'ਕਿਉਂ ਕਬੀਰਾ! ਤੇਰਾ ਗੁਰੂ ਕੌਣ ਹੈ?'

ਹੱਥ ਜੋੜ ਕੇ ਸਿਰ ਝੁਕਾ ਕੇ ਕਬੀਰ ਨੇ ਪਹਿਲਾਂ ਪ੍ਣਾਮ ਕੀਤਾ ਫਿਰ ਆਖਿਆ—'ਮੇਹਰਾਂ ਦੇ ਦਾਤਿਓ! ਮੇਰੇ ਗੁਰੂ ਆਪ ਹੋ।'

'ਮੈਂ!' ਰਾਮਾ ਨੰਦ ਨੇ ਮੁੜ ਪੁਛਿਆ।

'ਹਾਂ! ਆਪ! ਮੇਰੇ ਗੁਰੂ ਸਵਾਮੀ ਰਾਮਾ ਨੰਦ ਜੀ ਗੁਸਾਈਂ!' ਕਬੀਰ ਨੇ ਕਿਸੇ ਨਿਰਾਲੀ ਖ਼ੁਸ਼ੀ ਨਾਲ ਦੀਵਾਨੇ ਜਿਹੇ ਹੋ ਕੇ ਉਚੀ ਸਾਰੀ ਆਖਿਆ।

ਪੰਡਤ ਸਾਧੂ ਲੋਕ ਇਹ ਸੁਣ ਕੇ ਸਵਾਮੀ ਰਾਮਾ ਨੰਦ ਵਲ ਦੇਖਣ ਲੱਗ ਪਏ। ਦੇਖਣ ਤੋਂ ਉਨ੍ਹਾਂ ਦਾ ਭਾਵ ਸੀ ਕਿ ਸਵਾਮੀ ਜੀ ਹੁਣ ਦਸੋ। ਲੋਕ ਸਚੇ ਹਨ ਕਿ ਕਬੀਰ ਨੀਚ ਨੂੰ ਸਵਾਮੀ ਰਾਮਾ ਨੰਦ ਜੀ ਨੇ ਸ਼ਿਸ਼ ਬਣਾਇਆ ਹੈ।

ਰਾਮਾਨੰਦ ਨੇ ਹੈਰਾਨ ਹੋ ਕੇ ਪੁਛਿਆ—'ਪਰ ਮੈਂ ਤਾਂ ਤੈਨੂੰ ਨਾ ਦੀਖਿਆ ਦਿਤੀ ਹੈ ਨਾ ਚੇਲਾ ਬਣਾਇਆ ਹੈ।'

'ਮਹਾਰਾਜ ਇਹ ਠੀਕ ਹੈ ਆਪ ਜੀ ਨੇ ਮੈਨੂੰ ਦੀਖਿਆ ਨਹੀਂ ਦਿਤੀ, ਨਾ ਚੇਲਿਆਂ ਵਿਚ ਬਿਠਾ ਕੇ ਚੇਲਾ ਮਿਥਿਆ ਹੈ, ਪਰ.....'

ਸਵਾਮੀ ਰਾਮਾ ਨੰਦ ਜੀ ਬੋਲੇ—'ਪਰ ਕੀ?'

ਇਹ ਘਟਨਾ ਇਉਂ ਵਾਪਰੀ ਹੈ (ਕਬੀਰ ਜੀ ਧੀਰਜ ਨਾਲ ਦਸਣ ਲਗੇ) 'ਇਹ ਠੀਕ ਹੈ ਪ੍ਮਾਤਮਾ ਦੀ ਮਰਜ਼ੀ ਤੇ ਸੰਜੋਗ ਨਾਲ ਮੈਂ ਉਸ ਜਾਤੀ ਵਿਚ ਜਨਮ ਲਿਆ ਹੈ ਜਿਸ ਨੂੰ ਕੁਝ ਲੋਕ ਨੀਚ ਜਾਤੀ ਮੰਨਦੇ ਹਨ...ਮੈਨੂੰ ਰਾਮ

ਨਾਮ ਜਪਣ ਦੀ ਲਗਨ, ਜਨਮ ਤੋਂ ਹੈ। ਮੈਂ ਰਾਮ ਦੀ ਭਗਤੀ ਕਰਦਾ ਸਾਂ। ਮੈਨੂੰ ਕਿਸੇ ਨੇ ਕਿਹਾ ਕਿ ਗੁਰੂ ਬਿਨਾਂ ਕਲਿਆਣ ਨਹੀਂ ਹੁੰਦੀ। ਮੈਂ ਸੋਚਿਆ ਕਿ ਮੈਂ ਨੀਚ ਜਾਤੀ ਦਾ ਹਾਂ ਸਵਰਨ ਜਾਤੀ ਵਾਲੇ ਗੁਰੂਆਂ ਮੈਨੂੰ ਚੇਲਾ ਨਹੀਂ ਬਨਾਉਣਾ। ਮੈਂ ਮਨ ਨਾਲ ਇਹ ਫ਼ੈਸਲਾ ਕੀਤਾ ਕਿ ਜੇ ਮੈਂ ਗੁਰੂ ਬਨਾਉਣਾ ਹੈ ਤਾਂ ਸਵਾਮੀ ਰਾਮਾ ਨੰਦ ਜੀ ਨੂੰ ਬਨਾਉਣਾ ਹੈ। ਸੋ ਮੈਂ ਗੰਗਾ ਤੇ ਪੁਜਾ।' ਇਸ ਤੋਂ ਅਗੇ ਕਬੀਰ ਜੀ ਨੇ ਉਹ ਸਾਰੀ ਘਟਨਾ ਕਹਿ ਸੁਣਾਈ ਜਿਵੇਂ ਰਾਮਾ ਨੰਦ ਕੋਲੋਂ ਕਬੀਰ ਨੇ ਦੀਖਿਆ ਹਾਸਲ ਕੀਤੀ। ਵਾਰਤਾ ਸੁਨਾਉਣ ਪਿਛੋਂ ਹੈਰਾਨ ਹੋ ਕੇ ਕਬੀਰ ਨੇ ਆਖਿਆ—'ਮੇਰੇ ਗੁਰੂ ਮੇਰੇ ਪਿਤਾ, ਲੋਕੀਂ ਭਾਵੇਂ ਮੈਨੂੰ ਮਾਰ ਦੇਣ। ਮੇਰੇ ਤਨ ਨੂੰ ਟੁਕੜੇ ਟੁਕੜੇ ਕਰ ਦੇਣ ਫਿਰ ਵੀ ਮੈਥੋਂ 'ਰਾਮ ਨਾਮ' ਨਹੀਂ ਛੁਟਣਾ। ਮੇਰੇ ਤਨ ਦੇ ਟੁਕੜੇ ਵੀ ਪੁਕਾਰਣਗੇ—'ਰਾਮ ਰਾਮ, ਰਾਮ ਰਾਮ ਤੇ ਗੁਰੂ ਰਾਮਾ ਨੰਦ। ਇਸ ਸਿਮਰਨ ਕਰਨ ਤੇ ਮੈਨੂੰ ਸ਼ਾਂਤੀ, ਸੁਖ, ਆਨੰਦ, ਰਿਧੀ ਸਿਧੀ ਮਿਲਦੀ ਹੈ ਮੈਂ ਤੇਰਾ ਹਾਂ ਤੇਰਾ।'

ਸਵਾਮੀ ਰਾਮਾ ਨੰਦ ਚੁਪ ਹੋ ਗਿਆ ਆਤਮਿਕ ਗਿਆਨ ਦੇ ਵਸੀਲੇ ਨਾਲ ਉਸ ਨੂੰ ਚੇਤੇ ਆ ਗਿਆ ਕਿ ਠੀਕ ਉਸ ਨੇ ਗੰਗਾ ਦੇ ਕਿਨਾਰੇ ਕਿਸੇ ਨੂੰ ਆਖਿਆ ਸੀ—'ਰਾਮ ਕੇ ਰਾਮ ਕਹੁ!' ਪੰਡਤਾਂ ਤੇ ਸਾਧੂਆਂ ਵਲ ਦੇਖ ਕੇ ਉਸ ਨੇ ਕਿਹਾ—'ਭਗਤੋ! ਇਹ ਕੁਝ ਨਹੀਂ ਕਬੀਰ ਮੇਰਾ ਚੇਲਾ ਹੈ। ਮੇਰਾ ਚੇਲਾ ਹੀ ਨਹੀਂ ਪਰ ਮੈਥੋਂ ਵੀ ਅਗੇ ਲੰਘ ਕੇ ਰਾਮ ਦਾ ਭਗਤ ਬਣ ਚੁਕਾ ਹੈ। ਹਰੀ ਦਾ ਨਾਮ ਸਿਮਰਨ ਕਰਨ ਵਾਲਾ ਕੋਈ ਹੋਵੇ ਓਹੁ ਚੰਗਾ ਹੈ। ਉਸ ਨਾਲ ਘਿਰਣਾ ਨਹੀਂ ਕਰਨੀ ਚਾਹੀਦੀ। (ਕਬੀਰ ਨੂੰ) ਓ ਰਾਮ ਦੇ ਕਬੀਰ, ਜਾਹ ਮੌਜ ਕਰ। ਰਾਮ ਤੇਰਾ ਰਾਖਾ ਹੈ।'

ਗੁਰੂ ਕੋਲੋਂ ਇਹ ਅਸੀਸ ਹਾਸਲ ਕਰਕੇ ਕਬੀਰ ਅਨੰਦ ਨਾਲ ਉਛਲ ਪਿਆ। ਸਵਾਮੀ ਰਾਮਾਨੰਦ ਨੂੰ ਡੰਡਵਤ ਪ੍ਰਨਾਮ ਕੀਤਾ ਤੇ ਪੁਠੀਂ ਪੈਰੀਂ ਗਾਉਂਦਾ ਹੋਇਆ ਪਿਛੇ ਮੁੜ ਪਿਆ। ਝੂਠੇ ਭਗਤ ਪੰਡਤ ਤੇ ਸਾਧੂ ਸ਼ਰਮਿੰਦੇ ਹੋ ਕੇ ਉਹਦੇ ਤੇ ਰਾਮਾ ਨੰਦ ਜੀ ਵਲ ਦੇਖਦੇ ਰਹੇ। ਆਪਣੀ ਫ਼ਤਹ ਨੂੰ ਦੇਖ ਕੇ ਕਬੀਰ ਜਿਥੇ ਅਨੰਦ ਹੋਏ ਓਥੇ ਪੰਡਤਾਂ ਤੇ ਸਾਧੂਆਂ ਦੀ ਮੂਰਖਤਾ ਨੂੰ ਪ੍ਰਗਟ ਕਰਨ ਵਾਸਤੇ ਉਹਨਾਂ ਨੇ ਰਾਗ ਮਾਰੂ ਵਿਚ ਸ਼ਬਦ ਉਚਾਰ ਕੇ ਪ੍ਰੇਮ ਨਾਲ ਗਾਉਣਾ ਸ਼ੁਰੂ ਕੀਤਾ। ਪ੍ਰੇਮੀ ਲੋਕ ਕਬੀਰ ਜੀ ਦੇ ਪਿਛੇ ਓਹੋ ਸ਼ਬਦ ਗਾਉਂਦੇ ਹੋਏ ਤੁਰ ਪਏ—

ਪਢੀਆ ਕਵਨ ਕੁਮਤਿ ਤੁਮ ਲਾਗੇ ॥
ਬੂਡਹੁਗੇ ਪਰਵਾਰ ਸਕਲ ਸਿਉ ਰਾਮੁ ਨ ਜਪਹੁ ਅਭਾਗੇ ॥੧॥ ਰਹਾਉ ॥
ਬੇਦ ਪੁਰਾਨ ਪੜੇ ਕਾ ਕਿਆ ਗੁਨੁ ਖਰ ਚੰਦਨ ਜਸ ਭਾਰਾ ॥
ਰਾਮ ਨਾਮ ਕੀ ਗਤਿ ਨਹੀ ਜਾਨੀ ਕੈਸੇ ਉਤਰਸਿ ਪਾਰਾ ॥੧॥
ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ ॥੨॥
ਮਨ ਕੇ ਅੰਧੇ ਆਪਿ ਨ ਬੂਝਹੁ ਕਾਹਿ ਬੁਝਾਵਹੁ ਭਾਈ ॥
ਮਾਇਆ ਕਾਰਨ ਬਿਦਿਆ ਬੇਚਹੁ ਜਨਮੁ ਅਬਿਰਥਾ ਜਾਈ ॥੩॥
ਨਾਰਦ ਬਚਨ ਬਿਆਸੁ ਕਹਤ ਹੈ ਸੁਕ ਕਉ ਪੂਛਹੁ ਜਾਈ ॥
ਕਹਿ ਕਬੀਰ ਰਾਮੈ ਰਮਿ ਛੂਟਹੁ ਨਾਹਿ ਤ ਬੂਡੇ ਭਾਈ ॥੪॥੧॥

(ਰਾਗੁ ਮਾਰੂ ਕਬੀਰ ਜੀ)

'ਹੇ ਪੰਡਤ ! ਕਿਹੜੀ ਪੁੱਠੀ ਮਤ ਵਿਚ ਰੁਝਿਆ ਏਂ, ਭਾਵ ਚੁਗਲੀ ਨਿੰਦਿਆ ਕਰਕੇ ਸਮਾਂ ਗਵਾਈ ਜਾਂਦਾ ਹੈਂ । ਪ੍ਰਮਾਤਮਾ ਦੀ ਭਗਤੀ ਕਰ ਨਹੀਂ ਤੇ ਸਣੇ ਪ੍ਰਵਾਰ ਨਰਕ ਰੂਪੀ ਸਾਗਰ ਵਿਚ ਡੁਬ ਜਾਵੇਂਗਾ । ਜਿਵੇਂ ਖੋਤੇ ਉਤੇ ਚੰਦਨ ਲਦਿਆ ਹੋਵੇ ਤਾਂ ਉਸ ਨੂੰ ਖ਼ੁਸ਼ਬੂ ਨਹੀਂ ਆਉਂਦੀ ਉਹ ਤਾਂ ਰੂੜੀ ਦਾ ਖ਼ਿਆਲ ਕਰਦਾ ਹੈ, ਇਸੇ ਤਰ੍ਹਾਂ ਪੰਡਤ ਵੇਦ ਗ੍ਰੰਥ ਤੇ ਪੁਰਾਨ ਪੜ੍ਹਦੇ ਤਾਂ ਜ਼ਰੂਰ ਹਨ ਪਰ ਗਿਆਨ ਉਤੇ ਅਮਲ ਨਹੀਂ ਕਰਦੇ । ਜਿੰਨਾ ਚਿਰ ਰਾਮ ਨਾਮ ਦਾ ਭੇਤ ਨਾ ਪਾਇਆ ਓਨਾਂ ਚਿਰ ਭਵਸਾਗਰ ਤੋਂ ਪਾਰ ਕਿਵੇਂ ਉਤਰੋਗੇ ! ਜੀਵ ਹਤਿਆ ਕਰਕੇ ਧਰਮ ਦੀ ਥਾਪਨਾ ਕਰਦੇ ਜੇ ਤਾਂ ਅਧਰਮ (ਪਾਪ) ਕਿਸ ਨੂੰ ਆਖੋਗੇ। ਆਪ ਤਾਂ ਤੁਸੀਂ ਚੰਗੇ ਆਗੂ ਬਣ ਬੈਠੇ ਜੇ, ਤੇ ਲੋਕਾਂ ਨੂੰ ਕਸਾਈ ਆਖਦੇ ਜੇ, ਅਸਲ ਵਿਚ ਤੁਹਾਡੇ ਨਾਲੋਂ ਵੱਡਾ ਕਸਾਈ ਕੋਈ ਨਹੀਂ ਆਪ ਤਾਂ ਮੂਰਖ ਜੇ, ਜਦੋਂ ਆਪ ਅਗਿਆਨੀ ਜੇ ਤਾਂ ਦੂਸਰਿਆਂ ਨੂੰ ਕੀ ਉਪਦੇਸ਼ ਕਰੋਗੇ । ਲਾਲਚ ਬਦਲੇ (ਮਾਇਆ ਖ਼ਾਤਰ) ਵਿਦਿਆ (ਗੁਣਾਂ) ਨੂੰ ਵੇਚਦੇ ਜੇ । ਸਮਝ ਲਵੋ ਤੁਹਾਡਾ ਜੀਵਨ ਵਿਅਰਥ ਜਾ ਰਿਹਾ ਹੈ । ਨਾਰਦ ਬਿਆਸ ਤੇ ਸੁਕ ਕੁਮਾਰ ਦੇ ਗ੍ਰੰਥਾਂ ਨੂੰ ਪੜ੍ਹ ਕੇ ਦੇਖ ਲਵੋ ਜਿੰਨਾਂ ਚਿਰ ਰਾਮ ਨਾਮ ਦਾ ਸਿਮਰਨ ਮਨ ਦੀ ਮੈਲ ਨਹੀਂ ਧੋਵੇਗਾ, ਓਨਾ ਚਿਰ ਚੁਰਾਸੀ ਦੇ ਗੇੜ ਵਿਚੋਂ ਨਹੀਂ ਛੁਟ ਸਕਦੇ ਜ਼ਰੂਰ ਨਰਕਾਂ ਦੇ ਖੂਹ ਡੁਬਣਾ ਪਵੇਗਾ।'

ਇਹ ਸੁਣ ਕੇ ਵਾਧੂ ਰੌਲਾ ਪਾਉਣ ਵਾਲਿਆਂ ਨੂੰ ਧਰਤੀ ਵੇਹਲ ਨਹੀਂ ਸੀ ਦੇਂਦੀ । ਕਬੀਰ ਦੀ ਲੋਕ ਸੋਭਾ ਕਰਦੇ ਸਨ ।

# ਕਪੜੇ ਦਾ ਥਾਨ ਸੰਤਾਂ ਨੂੰ ਭੇਟ ਕਰਨਾ ਤੇ ਪ੍ਰਭੂ ਦੀ ਕ੍ਰਿਪਾ

ਕਬੀਰ ਜੀ ਸਿਆਣੇ ਹੋ ਗਏ, ਉਨ੍ਹਾਂ ਦੀ ਭਗਤੀ, ਉਨ੍ਹਾਂ ਦੇ ਗਿਆਨ ਅਤੇ ਨੇਕ ਵਰਤਾਓ ਦੀ ਚਰਚਾ ਸਾਰੇ ਬਨਾਰਸ ਵਿਚ ਖਿਲਰ ਗਈ। ਉਨ੍ਹਾਂ ਦੇ ਘਰੋਂ ਲੋਈ ਜੀ ਦੋਹਾਂ ਬਚਿਆਂ ਦੀ ਮਾਂ ਹੋ ਚੁਕੀ ਸੀ। ਇਕ ਪੁੱਤਰ ਕਮਾਲਾ ਸੀ ਤੇ ਦੂਸਰੀ ਲੜਕੀ ਕਮਾਲੀ। ਦੋਵੇਂ ਬਾਲਕ ਵੀ ਤਕੜੇ ਹੋ ਗਏ। ਘਰ ਦੇ ਕੰਮਾਂ ਵਿਚ ਹੱਥ ਵਟਾਉਂਦੇ ਕਬੀਰ ਜੀ ਘਰ ਤੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਦਸਾਂ-ਨੌਂਹਾਂ ਦੀ ਕਿਰਤ ਕਰਦੇ ਭਾਵ ਕਪੜਾ ਬੁਣਦੇ, ਜਦੋਂ ਕਪੜਾ ਤਿਆਰ ਹੋ ਜਾਂਦਾ ਤਾਂ ਉਸ ਨੂੰ ਬਜ਼ਾਰ ਵੇਚਦੇ। ਵਟੀ ਰਕਮ ਨਾਲ ਅੰਨ ਘਿਓ ਦੁਧ ਤੇ ਲੂਣ ਮਿਰਚ ਖ਼ਰੀਦ ਕੇ ਲਿਆਉਂਦੇ, ਜਿਸ ਨਾਲ ਸਾਰੇ ਜੀਆਂ ਦੀ ਪੇਟ ਪੂਜਾ ਹੁੰਦੀ ਸੀ। ਵਾਧੂ ਵਸਤੂਆਂ ਕਬੀਰ ਜੀ ਕਈ ਵਾਰ ਸਾਧੂ ਸੰਤਾਂ ਨੂੰ ਦੇਂਦੇ। ਲੋਕਾਂ ਨਾਲੋਂ ਵਾਧਾ ਇਹ ਸੀ ਕਿ ਹੱਥਾਂ ਨਾਲ ਕਾਰ ਕਰਦੇ ਤੇ ਜਿਹਬਾ ਨਾਲ 'ਰਾਮ ਨਾਮ' ਦਾ ਸਿਮਰਨ ਕਰਦੇ, ਉਹ ਖ਼ੁਦ ਰਾਮ ਰੂਪ ਹੋ ਚੁਕੇ ਸਨ। ਉਨ੍ਹਾਂ ਤੇ ਰਾਮ ਵਿਚ ਭੇਦ ਨਹੀਂ ਸੀ ਰਿਹਾ।

ਪ੍ਰਮਾਤਮਾ ਦੀ ਲੀਲ੍ਹਾ ਦਾ ਭੇਤ ਨਹੀਂ ਆਉਂਦਾ। ਗ਼ਰੀਬੀ ਭਗਤਾਂ ਦਾ ਪਿੱਛਾ ਨਹੀਂ ਛੱਡਦੀ। ਪਰਛਾਵੇਂ ਵਾਂਗ ਭਗਤਾਂ ਦੇ ਨਾਲ ਰਹਿੰਦੀ ਹੈ। ਇਕ ਦਿਨ ਕਬੀਰ ਦੇ ਘਰ ਅੰਨ ਦੀ ਥੁੜ ਸੀ। ਨੀਰੂ ਦੇ ਆਖਣ ਤੇ ਕਬੀਰ ਕਪੜੇ ਦਾ ਥਾਨ ਵੇਚਣ ਵਾਸਤੇ ਬਜਾਰ ਗਿਆ। ਰਾਜੇ ਹਰੀਸ਼ ਚੰਦਰ ਵਾਂਗ ਕਬੀਰ ਦੇ ਨਾਮ ਨੂੰ ਪਰਖਣ ਵਾਸਤੇ ਇਕ ਸਾਧੂ ਨੂੰ ਬਜ਼ਾਰ ਵਿਚ ਭੇਜ ਦਿਤਾ। ਉਹ ਸਾਧੂ ਕਬੀਰ ਜੀ ਨੂੰ ਮਿਲ ਕੇ ਕਹਿਣ ਲੱਗਾ—'ਓ ਭਗਤਾ! ਤੂੰ ਬਹੁਤ ਧਰਮੀ ਤੇ ਨੇਕ ਕਰਮੀ ਜਾਪਦਾ ਹੈਂ। ਸਿਆਲ ਦੇ ਦਿਨ ਨੇੜੇ ਆ ਰਹੇ ਨੇ, ਤਨ ਮੇਰਾ ਸਾਰਾ ਨੰਗਾ ਹੈ, ਉਦਾਲੇ ਦੇ ਬਸਤ੍ਰ ਪਾਟ ਗਏ ਨੇ। ਕਿਤਨਾ ਚੰਗਾ ਹੋਵੇ ਜੇ ਇਹ ਕਪੜਾ ਮੈਨੂੰ ਬਸਤਰਾਂ ਵਾਸਤੇ ਬਖ਼ਸ਼ ਦੇਵੇਂ ਤਾਂ ਪ੍ਰਮਾਤਮਾ ਤੇਰੀਆਂ ਸਾਰੀਆਂ ਕਾਮਨਾਵਾਂ ਪੂਰੀਆਂ ਕਰੇਗਾ। ਤੇਰੇ ਘਰ ਤੋਟ ਨਹੀਂ ਆਵੇਗੀ, ਭੰਡਾਰੇ ਭਰਪੂਰ ਰਹਿਣਗੇ।'

'ਮਹਾਤਮਾ ਜੀ! ਕਿੰਨਾ ਕਪੜਾ ਚਾਹੀਦਾ ਹੈ?' ਕਬੀਰ ਜੀ ਨੇ ਪੁਛਿਆ।

'ਸਾਰਾ ਥਾਨ ਹੀ! ਕਿਉਂਕਿ ਦੋ ਚਾਦਰੇ ਬਨਾਉਣੇ ਨੇ।' ਸਾਧੂ ਨੇ ਉੱਤਰ

ਦਿਤਾ ।

ਕਬੀਰ ਨੇ ਸਾਰਾ ਥਾਨ ਸਾਧੂ ਦੇ ਹਵਾਲੇ ਕਰ ਦਿਤਾ, ਉਹ ਥਾਨ ਨੂੰ ਫੜਕੇ ਜਿਧਰੋਂ ਆਇਆ ਸੀ ਉਧਰੇ ਚਲਿਆ ਗਿਆ ।

ਰਾਮ ਸਿਮਰਨ ਕਰਨ ਵਾਲਾ ਭਗਵੰਤ ਦਾ ਭਗਤ ਸਾਧੂ ਦੇ ਚਲੇ ਜਾਣ ਪਿਛੋਂ ਸੋਚੀਂ ਪੈ ਗਿਆ। ਥਾਨ ਤਾਂ ਦਾਨ ਕਰ ਦਿਤਾ ਹੁਣ ਘਰ ਵਾਸਤੇ ਸੀਧਾ ਰਾਸ਼ਨ ਮੁਲ ਕਿਵੇਂ ਲਵਾਂ ? ਘਰ ਵਿਚ ਸਾਰੇ ਭੁਖੇ ਉਡੀਕਦੇ ਹੋਣਗੇ । ਇਹ ਸੋਚ ਕੇ ਘਰ ਨੂੰ ਜਾਣ ਦੀ ਥਾਂ ਗੰਗਾ ਕਿਨਾਰੇ ਨੂੰ ਤੁਰ ਗਿਆ । ਗੰਗਾ ਦੇ ਨਿਰਮਲ ਨੀਰ ਕਿਨਾਰੇ ਜਾ ਕੇ ਸਮਾਧੀ ਲਾ ਲਈ । ਰਾਮ ਨਾਮ ਦਾ ਸਿਮਰਨ ਕਰਨ ਲਗੇ । ਲਿਵ ਦਸਮੇਂ ਦੁਆਰ ਪੁੱਜੀ, ਭਗਵਾਨ ਦੇ ਚਰਨਾਂ ਵਿਚ ਧਿਆਨ ਜੁੜ ਗਿਆ । 'ਰਾਮ ਹੀ, ਰਾਮ' ਦੀ ਧੁਨੀ ਲੂੰ ਲੂੰ ਵਿਚੋਂ ਪ੍ਰਗਟ ਹੋ ਰਹੀ ਸੀ।

ਸਰਬ ਸ਼ਕਤੀਵਾਨ ਭਗਵਾਨ ਆਪਣੇ ਭਗਤਾਂ ਵਿਚ ਧਿਆਨ ਰਖਦਾ ਹੈ। ਭਗਤਾਂ ਨੂੰ ਸ਼ਰਮਿੰਦਾ ਨਹੀਂ ਹੋਣ ਦਿੰਦਾ। ਸਾਰੀਆਂ ਜੀਵਨ ਦੀਆਂ ਲੋੜਾਂ ਪੂਰੀਆਂ ਕਰਦਾ ਹੈ । ਕਬੀਰ ਭਗਤ ਨੇ ਭਗਵਾਨ ਦਾ ਦਿਲ ਜਿੱਤ ਲਿਆ। ਭਗਵਾਨ ਨੇ ਖ਼ਿਆਲ ਕੀਤਾ ਕਿ ਭਗਤ ਦਾ ਪਰਿਵਾਰ ਭੁੱਖਾ ਹੈ । ਪਰਿਵਾਰ ਘਰ ਬੈਠਾ ਅੰਨ ਉਡੀਕ ਰਿਹਾ ਹੈ ਪਰ ਭਗਤ ਕਬੀਰ ਕਪੜੇ ਦੇ ਥਾਨ ਨੂੰ ਦਾਨ ਕਰ ਕੇ ਆਪ 'ਰਾਮ ਰਾਮ' ਰਟ ਰਿਹਾ ਹੈ । ਹਰਿ ਜੀ ਨੇ ਆਪਣਾ ਆਸਨ (ਸਿੰਘਾਸਨ) ਛਡਿਆ । ਧਰਤੀ ਉਤੇ ਵਸਦੇ ਸ਼ਹਿਰ ਬਨਾਰਸ ਵਿਚ ਆਏ । ਵਣਜਾਰੇ ਬਣ ਕੇ ਭਗਵਾਨ ਨੇ ਬਾਜ਼ਾਰ ਵਿਚੋਂ ਅੰਨ, ਦਾਲ, ਲੂਣ, ਘਿਓ, ਗੁੜ, ਆਦਿਕ ਜਿੰਨੀਆਂ ਵੀ ਵਰਤਣ ਵਾਲੀਆਂ ਵਸਤੂਆਂ ਸਨ, ਉਨ੍ਹਾਂ ਨੂੰ ਖ਼ਰੀਦਿਆ ਤੇ ਗੱਡੇ ਉਤੇ ਲਦਵਾ ਕੇ ਕਬੀਰ ਜੀ ਦੇ ਘਰ ਪਹੁੰਚ ਗਏ। ਬਿਨਾਂ ਕਿਸੇ ਨੂੰ ਪੁਛਣ ਗਿਛਣ ਦੇ ਸਾਮਾਨ ਦੀਆਂ ਭਰੀਆਂ ਹੋਈਆਂ ਛੱਟਾਂ ਸੁਟਣੀਆਂ ਸ਼ੁਰੂ ਕਰ ਦਿਤੀਆਂ। ਨੀਰੂ ਨੀਮਾਂ ਤੇ ਕਬੀਰ ਦੀ ਇਸਤਰੀ ਲੋਈ ਹੈਰਾਨ ਸਨ । ਉਹ ਤਿੰਨੇ ਅਗੇ ਹੋਏ ਤੇ ਵਣਜਾਰੇ ਰੂਪ ਭਗਵਾਨ ਨੂੰ ਆਖਣ ਲਗੇ—'ਭਾਈ ! ਪ੍ਰਤੀਤ ਹੁੰਦਾ ਹੈ ਕਿ ਤੂੰ ਘਰ ਨੂੰ ਭੁਲ ਗਿਆ ਹੈਂ । ਇਹ ਸਾਮਾਨ ਨਾ ਅਸਾਂ ਮੰਗਾਇਆ ਹੈ ਤੇ ਨਾ ਅਸਾਡੇ ਵਿਚ ਪਹੁੰਚ ਹੈ ਅਸੀਂ ਤਾਂ ਗ਼ਰੀਬ ਜੁਲਾਹੇ ਹਾਂ । ਇਹ ਕਿਸੇ ਸ਼ਾਹੂਕਾਰ ਦਾ ਮਾਲ ਹੈ । ਇਥੇ ਨਾ ਸੁਟੋ।'

'ਘਾਬਰੋ ਨਾ, ਇਹ ਕਬੀਰ ਦਾ ਘਰ ਹੈ ਇਹ ਸਭ ਸਾਮਾਨ ਕਬੀਰ ਨੇ ਭੇਜਿਆ

ਹੈ । ਅਜ ਕਪੜੇ ਦਾ ਥਾਨ ਕਬੀਰ ਕੋਲੋਂ ਇਕ ਸ਼ਾਹੂਕਾਰ ਦੇ ਖ਼ਰੀਦਿਆ ਤੇ ਬਹੁਤ ਸਾਰੀ ਮਾਇਆ ਦਿਤੀ, ਉਸ ਮਾਇਆ ਨਾਲ ਉਹਨਾਂ ਨੇ ਇਹ ਸਾਮਾਨ ਖ਼ਰੀਦਿਆ ਹੈ । ਘਬਰਾਉਣ ਦੀ ਲੋੜ ਕੋਈ ਨਹੀਂ । ਖਾਓ ਅਨੰਦ ਲਵੋ।' ਭਗਵਾਨ ਵਣਜਾਰੇ ਨੇ ਆਖਿਆ ।

ਲੋੜ ਦੀਆਂ ਵਸਤੂਆਂ ਨਾਲ ਘਰ ਭਰ ਗਿਆ । ਬੁਢੇਪੇ ਵਿਚ ਨੀਰੂ ਨੀਮਾਂ ਖ਼ੁਸ਼ ਸਨ । ਐਨੇ ਖ਼ੁਸ਼ ਕਿ ਉਹ ਬੁਢੇਪੇ ਵਿਚ ਜੁਆਨੀ ਪ੍ਰਤੀਤ ਕਰਨ ਲਗ ਪਏ ਸਨ । ਲੋਈ ਅਨੰਦ ਸੀ, ਕਮਾਲੀ ਤੇ ਕਮਾਲਾ ਸਾਮਾਨ ਦੇਖ ਦੇਖ ਕੇ ਨੱਚ ਰਹੇ ਸਨ । ਉਹ ਕਦੀ ਸੱਕਰ ਦੇ ਫੱਕੇ ਮਾਰਦੇ ਸਨ ਕਦੀ ਗੁੜ ਖਾਂਦੇ ਸੀ, ਚੌਲਾਂ ਦੀਆਂ ਬੋਰੀਆਂ ਦੇਖ ਉਹਨਾਂ ਦਾ ਲਹੂ ਵਧ ਰਿਹਾ ਸੀ । ਬੋਰੀਆਂ ਵਿਚੋਂ ਚਾਵਲ ਕੱਢ ਕੇ ਲੋਈ ਨੇ ਪੁਲਾ ਧਰ ਦਿਤਾ । ਪੁਲਾ ਬਣ ਗਿਆ । ਨੀਰੂ ਨੀਮਾਂ ਕਮਾਲੇ ਤੇ ਕਮਾਲੀ ਨੇ ਰੱਜ ਕੇ ਖਾਧਾ, ਪਰ ਲੋਈ ਅਜੇ ਭੁੱਖੀ ਬੈਠੀ ਸੀ ਕਿਉਂਕਿ ਉਹਦਾ ਜੀਵਨ ਸਾਥੀ ਕਬੀਰ ਘਰ ਨਹੀਂ ਸੀ ਆਇਆ। ਉਸ ਨੂੰ ਉਡੀਕਦੀ ਸੀ । ਤਰਕਾਲਾਂ ਪੈ ਗਈਆਂ, ਕਬੀਰ ਨਾ ਆਇਆ । ਸਾਰੇ ਪਰਿਵਾਰ ਨੂੰ ਚਿੰਤਾ ਹੋਈ । ਨੀਰੂ ਨੀਮਾਂ ਲਭਣ ਗਏ । ਕਈਆਂ ਨੂੰ ਪੁਛਿਆ ਪਰ ਕੋਈ ਸੂਹ ਨਾ ਨਿਕਲੀ ਕਿ ਕਬੀਰ ਕਿਥੇ ਹੈ। ਸੰਤਾਂ ਦੇ ਅੱਡੇ ਦੇਖੇ । ਦੋਵੇਂ ਜੀਅ ਢੂੰਡਦੇ ਢੂੰਡਦੇ ਗੰਗਾ ਕਿਨਾਰੇ ਚਲੇ ਗਏ । ਅਗੇ ਕਬੀਰ ਚੌਂਕੜੀ ਮਾਰ ਕੇ ਸਮਾਧੀ ਲਾਈ ਬੈਠਾ ਸੀ, ਉਸ ਦੇ ਚੌਗਿਰਦੇ 'ਰਾਮ ਨਾਮ' ਦੀ ਗੂੰਜ ਸੀ, ਨੀਰੂ ਨੇ ਮੋਢਿਆਂ ਤੋਂ ਫੜ ਕੇ ਕਬੀਰ ਨੂੰ ਆਵਾਜ਼ ਦਿਤੀ, 'ਕਬੀਰ! ਪੁੱਤਰ ਕਬੀਰ!'

ਕਬੀਰ ਨੇ ਅੱਖਾਂ ਖੋਲ੍ਹੀਆਂ । ਅੱਖਾਂ ਅਗੇ ਹਨੇਰਾ ਸੀ, ਰਾਤ ਹੋ ਚੁਕੀ ਸੀ। ਆਪਣੀ ਮਾਂ ਤੇ ਬਾਪ ਨੂੰ ਦੇਖ ਕੇ ਤ੍ਰਬਕ ਉਠੇ । ਮਾਂ-ਬਾਪ ਨੂੰ ਦੇਖਦੇ ਸਾਰ ਉਨ੍ਹਾਂ ਨੂੰ ਚੇਤਾ ਆਇਆ ਕਿ ਉਹ ਤਾਂ ਥਾਨ ਵੇਚ ਕੇ ਅੰਨ ਖ਼ਰੀਦਣ ਆਏ ਹੋਏ ਹਨ ਪਰ ਥਾਨ ਤਾਂ ਸਾਧੂ ਨੂੰ ਦੇ ਦਿਤਾ । ਹੁਣ ਉਹ ਕੀ ਦਸੇ ? ਉਹ ਅਜੇ ਸੋਚ ਹੀ ਰਿਹਾ ਸੀ ਕਿ ਨੀਰੂ ਪਹਿਲਾਂ ਹੀ ਆਖਣ ਲੱਗਾ—'ਪੁੱਤਰ ! ਆਪ ਇਥੇ ਆ ਬੈਠਾ ਤੇ ਘਰ ਦਾ ਸਾਮਾਨ ਖ਼ਰੀਦ ਕੇ ਭੇਜ ਦਿਤਾ । ਸਾਮਾਨ ਵੀ ਇੱਕਠਾ ਸਾਲ ਦਾ ਲੈ ਲਿਆ। ਜੇ ਥਾਨ ਦੇ ਪੈਸੇ ਬਹੁਤ ਮਿਲੇ ਸੀ ਤਾਂ ਸਾਰੇ ਨਹੀਂ ਸਨ ਖਰਚਣੇ ਕੁਝ ਰੱਖ ਲੈਣੇ ਸਨ ।

ਇਹ ਸੁਣ ਕੇ ਕਬੀਰ ਪ੍ਰਸੰਨ ਹੋ ਗਿਆ । ਉਸ ਦੀ ਆਤਮਾ ਜਾਂਚ ਗਈ ਕਿ ਇਹ ਸਭ ਖੇਡ ਓਹਦੇ 'ਰਾਮ' ਦੀ ਹੈ । ਉੱਤਰ ਕੋਈ ਨਹੀਂ ਦਿਤਾ । 'ਰਾਮ ਰਾਮ' ਆਖਦਾ ਹੋਇਆ ਮਾਂ-ਬਾਪ ਦੇ ਨਾਲ ਤੁਰ ਆਇਆ । ਘਰ ਪੁੱਜ ਕੇ ਦੇਖਿਆ ਸੱਚਮੁਚ ਸਭ ਕੁਝ ਘਰ ਸੀ, ਲੋਈ ਪੁਲਾ ਰਿੰਨ੍ਹ ਕੇ ਬੈਠੀ ਸੀ, ਕਬੀਰ ਨੇ ਪੁਲਾ ਖਾਧਾ ਤੇ ਭਗਵਾਨ ਦਾ ਧੰਨਵਾਦ ਕੀਤਾ । ਜਦੋਂ ਲੋਈ ਨੇ ਸੀਧਾ ਘਰ ਪਾਉਣ ਦੀ ਕਥਾ ਕਬੀਰ ਕੋਲੋਂ ਸੁਣੀ ਤਾਂ ਉਹ ਵੀ 'ਰਾਮ ਰਾਮ' ਦਾ ਸਿਮਰਨ ਕਰਨ ਲੱਗੀ।

## ਬੈਰਾਗੀ ਸਾਧੂਆਂ ਨੂੰ ਭੋਜਨ ਛਕਾਉਣਾ ਤੇ ਬ੍ਰਾਹਮਣਾਂ ਦਾ ਕ੍ਰੋਧ ਕਰਨਾ

ਕਬੀਰ ਨੇ ਘਰ ਦੇ ਧੰਧੇ ਛੱਡ ਦਿਤੇ, ਹਰੀ ਨਾਮ ਸਿਮਰਨ ਵਿਚ ਮਸਤ ਹੋ ਬੈਠਾ । ਖੜਤਾਲਾਂ ਹੱਥ ਵਿਚ ਫੜ ਲਈਆਂ । ਖੜਤਾਲਾਂ ਵਜਾਉਂਦੇ ਤੇ ਭਗਤਾਂ ਦੇ ਸਾਥ ਆਪਣੀ ਉਚਾਰੀ ਹੋਈ ਬਾਣੀ ਨੂੰ ਪੜ੍ਹਦੇ । ਜਿਸ ਬਾਣੀ ਵਿਚ ਪ੍ਰਭੂ ਭਗਤੀ, ਪ੍ਰਭੂ ਉਪਮਾ ਤੇ ਸੁਧਾਰ ਦੇ ਖ਼ਿਆਲ ਹਨ । ਰੋਜ ਸਤਸੰਗ ਹੁੰਦਾ। ਕਬੀਰ ਦਾ ਘਰ ਹੁਣ ਇਕ ਠਾਕੁਰ ਦੁਆਰਾ ਬਣ ਚੁੱਕਾ ਸੀ ।

ਇਕ ਦਿਨ ਸਤਸੰਗ ਵਿਚ ਬਹੁਤ ਸਾਰੇ ਬੈਰਾਗੀ ਸਾਧੂ ਆਏ ਹੋਏ ਸਨ। ਕਬੀਰ ਜੀ ਨੇ ਉਨ੍ਹਾਂ ਬੈਰਾਗੀ ਸਾਧੂਆਂ ਨੂੰ ਬਸਤ੍ਰ ਅਤੇ ਭੋਜਨ ਵਾਸਤੇ ਸੀਧਾ ਦਿਤਾ । ਭਗਵਾਨ ਦੀ ਵਡਿਆਈ ਕਰਦੇ ਹੋਏ ਬੈਰਾਗੀ ਸਾਧੂ ਆਪੋ ਆਪਣੇ ਅਸਥਾਨਾਂ ਨੂੰ ਗਏ । ਬਨਾਰਸ ਦੇ ਬ੍ਰਾਹਮਣਾਂ ਨੂੰ ਜਦੋਂ ਪਤਾ ਲਗਾ ਕਿ ਭਗਤ ਕਬੀਰ ਨੇ ਬੈਰਾਗੀ ਸਾਧੂਆਂ ਨੂੰ ਦਾਨ ਕੀਤਾ ਹੈ ਤਾਂ ਉਹ ਸੜ ਬਲ ਕੇ ਕੋਲੇ ਹੋ ਗਏ। ਈਰਖਾ ਨੇ ਉਨ੍ਹਾਂ ਦੀ ਆਤਮਾ ਨੂੰ ਸਾੜ ਕੇ ਸੁਆਹ ਕਰ ਦਿੱਤਾ। ਉਹ ਕਬੀਰ ਜੀ ਦੀ ਨਿੰਦਿਆ ਕਰਨ ਲੱਗੇ । ਕਬੀਰ ਦੇ ਸ਼ਰਧਾਲੂਆਂ ਨੇ ਆ ਕੇ ਕਬੀਰ ਨੂੰ ਦਸਿਆ ਕਿ ਸਾਰੇ ਸ਼ਹਿਰ ਵਿਚ ਆਪ ਦੀ ਨਿੰਦਾ ਹੋ ਰਹੀ ਹੈ। ਨਿੰਦਿਆ ਨੂੰ ਖਲਾਰਣ ਵਾਲੇ ਬਨਾਰਸ ਦੇ ਪੰਡਤ ਹਨ । ਉਹ ਆਖਦੇ ਹਨ ਕਿ ਬੈਰਾਗੀਆਂ (ਸ਼ੂਦਰਾਂ ਤੇ ਨੀਵੀਂ ਜਾਤ ਦੇ ਸਾਧੂਆਂ ਨੂੰ) ਕਬੀਰ ਨੇ ਦਾਨ ਦੇ ਕੇ ਹਿੰਦੂ ਧਰਮ ਦੀ ਨਿਰਾਦਰੀ ਕੀਤੀ ਹੈ ਕਿਉਂਕਿ ਧਾਰਮਿਕ ਗ੍ਰੰਥ ਆਖਦੇ ਹਨ ਕਿ ਦਾਨ ਬ੍ਰਾਹਮਣ ਨੂੰ ਦੇਣਾ ਚਾਹੀਦਾ ਹੈ । ਦਾਨ ਪਾਤ੍ਰ ਬ੍ਰਾਹਮਣ ਹੈ।

ਇਹ ਸਾਰੀ ਵਾਰਤਾ ਸੁਣ ਕੇ ਕਬੀਰ ਜੀ ਮੁਸਕ੍ਰਾਏ ਤੇ ਉਨ੍ਹਾਂ ਨੇ ਨਿੰਦਿਆ ਪ੍ਰਥਾਏ ਬਾਣੀ ਉਚਾਰੀ—

ਨਿੰਦਉ ਨਿੰਦਉ ਮੋਕਉ ਲੋਗੁ ਨਿੰਦਉ ॥
ਨਿੰਦਾ ਜਨ ਕਉ ਖਰੀ ਪਿਆਰੀ ॥ ਨਿੰਦਾ ਬਾਪੁ ਨਿੰਦਾ ਮਹਤਾਰੀ ॥੧॥ ਰਹਾਉ ॥
ਨਿੰਦਾ ਹੋਇ ਤ ਬੈਕੁੰਠਿ ਜਾਈਐ ॥ ਨਾਮੁ ਪਦਾਰਥੁ ਮਨਹਿ ਬਸਾਈਐ ॥
ਰਿਦੈ ਸੁਧ ਜਉ ਨਿੰਦਾ ਹੋਇ ॥ ਹਮਰੇ ਕਪਰੇ ਨਿੰਦਕੁ ਧੋਇ ॥੧॥
ਨਿੰਦਾ ਕਰੈ ਸੁ ਹਮਰਾ ਮੀਤੁ ॥ ਨਿੰਦਕ ਮਾਹਿ ਹਮਾਰਾ ਚੀਤੁ ॥
ਨਿੰਦਕੁ ਸੋ ਜੋ ਨਿੰਦਾ ਹੋਰੈ ॥ ਹਮਰਾ ਜੀਵਨੁ ਨਿੰਦਕੁ ਲੋਰੈ ॥੨॥
ਨਿੰਦਾ ਹਮਰੀ ਪ੍ਰੇਮ ਪਿਆਰੁ ॥ ਨਿੰਦਾ ਹਮਰਾ ਕਰੈ ਉਧਾਰੁ ॥
ਜਨ ਕਬੀਰ ਕਉ ਨਿੰਦਾ ਸਾਰੁ ॥ ਨਿੰਦਕੁ ਡੂਬਾ ਹਮ ਉਤਰੇ ਪਾਰਿ ॥੩॥੨੦॥੭੧॥

(ਗਉੜੀ ਕਬੀਰ ਜੀ)

ਤਿਸ ਦਾ ਪ੍ਰਮਾਰਥ—'ਹੇ ਭਗਤੋ ! ਲੋਕਾਂ ਨੂੰ ਮੇਰੀ ਨਿੰਦਾ ਕਰਨ ਦਿਓ ਕਿਉਂਕਿ ਨਿੰਦਾ ਮੈਨੂੰ ਬਹੁਤ ਹੀ ਪਿਆਰੀ ਹੈ । ਨਿੰਦਾ ਨੂੰ ਤਾਂ ਮੈਂ ਮਾਂ ਬਾਪ ਵਾਂਗ ਸਮਝਦਾ ਹਾਂ । ਭਾਵ ਜੇ ਬਹੁਤ ਨਿੰਦਾ ਹੋਵੇ ਤਾਂ ਹੰਕਾਰ ਨਹੀਂ ਆਉਂਦਾ । ਜਦੋਂ ਮਨੁਖ ਕੋਲ ਹੰਕਾਰ ਨਾ ਆਵੇ ਤਾਂ ਓਹਦੀ ਆਤਮਾ ਪਵਿਤ੍ਰ ਤੇ ਸ਼ਾਂਤ ਰਹਿੰਦੀ ਹੈ। ਜੇ ਨਿੰਦਿਆ ਹੋਵੇ ਤਾਂ ਸਵਰਗ ਨੂੰ ਜਾਈਦਾ ਹੈ, ਆਤਮਾ ਪਵਿਤ੍ਰ ਹੁੰਦੀ ਹੈ ਨਿੰਦਕ ਨੂੰ ਪਾਪ ਲੱਗਦਾ ਹੈ । ਜਿਸ ਦੀ ਨਿੰਦਾ ਹੋਵੇ ਉਸ ਦੇ ਪਾਪ ਸੜਦੇ ਹਨ । ਭਾਈ ਸਮਝੋ ਜਿਹੜਾ ਨਿੰਦਾ ਕਰਦਾ ਹੈ ਉਹ ਮੇਰਾ ਮਿੱਤਰ ਹੈ ਕਿਉਂਕਿ ਉਹ ਮੇਰੇ ਪਾਪਾਂ ਦੇ ਭਾਰ ਘੱਟ ਕਰਦਾ ਹੈ । ਆਖਰ ਨਿੰਦਾ ਕਰਨ ਵਾਲਾ ਪਾਪਾਂ ਦੇ ਭਵ ਸਾਗਰ ਵਿਚ ਡੁਬ ਮਰੇਗਾ ਤੇ ਪ੍ਰਮਾਤਮਾ ਦੀ ਮਿਹਰ ਨਾਲ ਮੈਂ ਭਵ ਸਾਗਰ ਨੂੰ ਪਾਰ ਕਰ ਜਾਵਾਂਗਾ।'

ਇਕ ਦਿਨ ਬ੍ਰਾਹਮਣ ਇਕੱਠੇ ਹੋ ਕੇ ਕਬੀਰ ਜੀ ਕੋਲ ਆ ਗਏ । ਇਕ ਬ੍ਰਿਧ ਬ੍ਰਾਹਮਣ ਅਗੇ ਹੋ ਕੇ ਕਬੀਰ ਜੀ ਨੂੰ ਆਖਣ ਲੱਗਾ—'ਓ ਕਬੀਰ ! ਜੁਲਾਹੇ ਦਾ ਜੁਲਾਹਾ ਹੀ ਰਿਹੋਂ ! ਭਗਤ ਹੋ ਗਿਓਂ ਪਰ ਪੁਰਸ਼ ਦੀ ਪਛਾਣ ਨਾ ਆਈ ਬੈਰਾਗੀਆਂ ਨੂੰ ਦਾਨ ਦੇ ਕੇ ਬ੍ਰਾਹਮਣ ਦਾ ਨਿਰਾਦਰ ਨਹੀਂ ਕੀਤਾ ? ਕੀ ਇਹ ਗੱਲ ਤੇਰੇ ਵਾਸਤੇ ਚੰਗੀ ਹੈ ?'

ਕਬੀਰ ਨੇ ਕ੍ਰੋਧ ਨਹੀਂ ਕੀਤਾ ਬੜੀ ਧੀਰਜ ਨਾਲ ਹੱਥ ਜੋੜ ਕੇ ਬੋਲੇ— 'ਮਹਾਰਾਜ ਤੁਸੀਂ ਹੁਕਮ ਕਰੋ । ਜੇ ਮੈਂ ਉਨ੍ਹਾਂ ਦੀ ਸੇਵਾ ਕੀਤੀ ਹੈ ਤਾਂ ਕੋਈ

ਬੁਰਾ ਨਹੀਂ ਕੀਤਾ। ਉਨ੍ਹਾਂ ਦੀ ਸੇਵਾ ਉਨ੍ਹਾਂ ਦੇ ਥਾਂ ਹੋ ਗਈ, ਹੁਣ ਤੁਸੀਂ ਹੁਕਮ ਕਰੋ, ਤੁਹਾਡੀ ਕੀ ਸੇਵਾ ਕਰਾਂ?'

ਬ੍ਰਾਹਮਣ—'ਅਸਾਂ ਨੂੰ ਵੀ ਪੱਕਾ ਭੋਜਨ ਖਵਾ, ਦਛਣਾ ਦੇਹ!'

ਕਬੀਰ—'ਬਹੁਤ ਹੱਛਾ ਜੀ! ਮੇਰਾ ਰਾਮ ਏਸੇ ਗੱਲ ਵਿਚ ਖ਼ੁਸ਼ ਹੈ ਤਾਂ ਮੈਂ ਤੁਸਾਂ ਦੀ ਸੇਵਾ ਵੀ ਕਰ ਦੇਂਦਾ ਹਾਂ। ਹੁਕਮ ਕਰੋ ਕੀ ਲਿਆਵਾਂ?'

'ਮਿਠਾਈ ਦਛਣਾ' ਸਾਰੇ ਬ੍ਰਾਹਮਣ ਇਕ ਜ਼ਬਾਨ ਹੋ ਕੇ ਬੋਲੇ।

ਅਗਿਆਨੀ ਬ੍ਰਾਹਮਣ ਕਬੀਰ ਕੋਲੋਂ ਮਠਿਆਈ ਖਾਣ ਵਾਸਤੇ ਨਹੀਂ ਸਨ ਆਏ ਉਹ ਤਾਂ ਸਗੋਂ ਕਬੀਰ ਦੇ ਕੰਮਾਂ ਦਾ ਇਮਤਿਹਾਨ ਲੈਣ ਵਾਸਤੇ ਆਏ ਸਨ। ਉਨ੍ਹਾਂ ਲੋਕਾਂ ਕੋਲੋਂ ਸੁਣਿਆ ਸੀ ਕਿ ਭਗਵਾਨ ਕਬੀਰ ਦੀਆਂ ਸਾਰੀਆਂ ਕਾਮਨਾਵਾਂ ਤੇ ਮੰਗਾਂ ਪੂਰੀਆਂ ਕਰਦਾ ਹੈ। ਉਨ੍ਹਾਂ ਸਾਰਿਆਂ ਸਲਾਹ ਕੀਤੀ ਕਿ ਕਬੀਰ ਨੂੰ ਆਖੀਏ 'ਮਠਿਆਈ ਕਿਵੇਂ ਖੁਆਏਂਗਾ?' ਇਹ ਫ਼ੈਸਲਾ ਕਰ ਕੇ ਕਬੀਰ ਦੇ ਘਰ ਆ ਕੇ ਉਹ ਧਰਨਾ ਮਾਰ ਬੈਠੇ।

ਕਬੀਰ ਜੀ ਨੇ ਹਾਂ ਕਰ ਦਿੱਤੀ, ਪਰ ਸੱਚਮੁਚ ਉਸ ਦੇ ਕੋਲ ਮਠਿਆਈ ਖੁਆਉਣ ਜੋਗੀ ਮਾਇਆ ਨਹੀਂ ਸੀ। ਨਾ ਹੀ ਉਸ ਦਿਨ ਕਬੀਰ ਦੇ ਘਰ ਆਟਾ ਤੇ ਮਿੱਠਾ ਸੀ। ਫਿਰ ਵੀ ਰਾਮ ਨੂੰ ਯਾਦ ਕਰ ਕੇ ਅੰਦਰ ਚਲੇ ਗ਼ਏ। ਅੰਦਰ ਲੋਈ ਜੀ ਬੈਠੇ ਸਨ। ਕਬੀਰ ਜੀ ਨੇ ਜਾ ਕੇ ਕਿਹਾ—'ਭਾਗਾਂ ਵਾਲੀਏ! ਬ੍ਰਾਹਮਣ ਮਠਿਆਈ ਤੇ ਦਛਨਾ ਮੰਗਦੇ ਨੇ।' ਲੋਈ ਵੀ ਰਾਮ ਤੇ ਭਰੋਸਾ ਕਰਨ ਲਗ ਪਈ ਸੀ ਉਸਨੇ ਅਗੋਂ ਉਤਰ ਦਿਤਾ—'ਛਕਾਓ! ਦਛਣਾ ਦਿਓ ਘਰ ਬਹੁਤ ਕੁਝ ਹੈ।'

ਲੋਈ ਜੀ ਕੋਲੋਂ ਇਹ ਸੁਣ ਕੇ 'ਘਰ ਬਹੁਤ ਕੁਝ ਹੈ।' ਕਬੀਰ ਜੀ ਨੇ ਜਬਾਨੋਂ 'ਰਾਮ' ਕਿਹਾ ਤੇ ਬੇਅੰਤ ਅਨੰਦ ਹੋਏ। ਨਾਲ ਹੀ ਲੋਈ ਬੋਲੀ 'ਰਾਤੀਂ ਭਾਂਡੇ ਖ਼ਾਲੀ ਸਨ। ਸਵੇਰੇ ਮੈਂ ਦੇਖੇ ਤੇ ਮਠਿਆਈ ਨਾਲ ਭਰੇ ਹੋਏ ਨੇ। ਰਾਮ ਦੀ ਲੀਲ੍ਹਾ ਅਲਖ ਹੈ। ਕੁਝ ਸਮਝ ਨਹੀਂ ਆਉਂਦੀ ਆਪੇ ਬ੍ਰਾਹਮਣਾਂ, ਬੈਰਾਗੀਆਂ, ਸੰਤਾਂ ਤੇ ਭੁਖਿਆਂ ਨੰਗਿਆਂ ਨੂੰ ਤੇਰੇ ਘਰ ਲੈ ਆਉਂਦਾ ਹੈ ਤੇ ਆਪੇ ਹੀ ਭੰਡਾਰੇ ਭਰਪੂਰ ਕਰਕੇ ਵਰਤਾ ਜਾਂਦਾ ਹੈ। ਅਸੀਂ ਸੇਵਾਦਾਰ ਹਾਂ। ਕਈ ਵਾਰ ਅਸਾਂ ਕੋਲੋਂ ਵੀ ਸੇਵਾ ਨਹੀਂ ਕਰਵਾਉਂਦਾ। ਜਾਹ ਸਭ ਦੇ ਹੱਥ ਸੁਚੇ ਕਰਾ।'

ਅਨੰਦ ਨਾਲ ਉਛਲਦੇ ਦਿਲ ਕਬੀਰ ਜੀ ਅੰਦਰੋਂ ਬਾਹਰ ਆਏ। ਆਉਂਦਿਆਂ

ਹੀ ਬ੍ਰਾਹਮਣਾਂ ਨੂੰ ਆਖਿਆ—'ਮੇਰੇ ਰਾਮ ਦੇ ਪਿਆਰਿਓ ! ਪੰਗਤਾਂ ਲਾ ਕੇ ਬੈਠ ਜਾਓ । ਮੈਂ ਹੱਥ ਸੁਚੇ ਕਰਾਵਾਂ । ਮੇਰੇ ਰਾਮ ਦੀ ਆਗਿਆ ਹੈ, ਬ੍ਰਾਹਮਣ ਰੱਜ ਕੇ ਮਠਿਆਈ ਖਾਣ ।' ਇਹ ਆਖ ਕੇ ਕਬੀਰ ਨੇ ਬੇਟੇ ਕਮਾਲ ਨੂੰ ਆਵਾਜ਼ ਦਿਤੀ, ਉਹ ਆਵਾਜ਼ ਸੁਣਦੇ ਸਾਰ ਆ ਹਾਜ਼ਰ ਹੋਇਆ । ਉਸ ਨੂੰ ਕਬੀਰ ਨੇ ਆਖਿਆ—'ਕਮਾਲ ਜਲਦੀ ਗੜਵਾ ਲਿਆ ਕੇ ਸਭ ਦੇ ਹੱਥ ਸੁਚੇ ਕਰਾ। ਇਨ੍ਹਾਂ ਨੂੰ ਪੱਕਾ ਭੋਜਨ ਛਕਾਉਣਾ ਹੈ । ਛੇਤੀ ਕਰ ਦੇਰ ਹੋ ਰਹੀ ਹੈ ।'

'ਸਤ ਬਚਨ ਜੀ !' ਆਖ ਕੇ ਕਮਾਲ ਤੁਰ ਗਿਆ ਤੇ ਸੁਚੇ ਜਲ ਦਾ ਗੜਵਾ ਭਰ ਕੇ ਬ੍ਰਾਹਮਣਾਂ ਦੇ ਹੱਥ ਸੁਚੇ ਕਰਾਉਣ ਲੱਗਾ ।

ਬ੍ਰਾਹਮਣਾਂ ਦੀ ਗਿਣਤੀ ਸੱਠ ਕੁ ਸੀ । ਉਹ ਬਹੁਤ ਹੈਰਾਨ ਹੋਏ । ਨਾ ਕਬੀਰ ਘਰੋਂ ਬਾਹਰ ਗਿਆ। ਨਾ ਉਸ ਨੇ ਕਿਸੇ ਆਦਮੀ ਨੂੰ ਭੇਜਿਆ। ਸੱਠਾਂ ਆਦਮੀਆਂ ਨੂੰ ਪੱਕਾ ਭੋਜਨ ਕਿਵੇਂ ਕਰਾਏਗਾ। ਉਹਨਾਂ ਦੇ ਦਿਲ ਵਿਚ ਗੰਢਾਂ ਬੱਝ ਗਈਆਂ ਕਿ ਕਬੀਰ ਬ੍ਰਾਹਮਣਾਂ ਨਾਲ ਮਖੌਲ ਕਰਨ ਲਗਾ ਹੈ । ਇਸ ਵਾਸਤੇ ਕਈਆਂ ਨੇ ਹੱਥ ਵੀ ਨਾ ਧੋਤੇ । ਕਮਾਲ ਨੂੰ ਐਵੇਂ ਆਖ ਦਿਤਾ 'ਹੱਥ ਸੁਚੇ ਕਰ ਕੇ ਆਏ ਹਾਂ ।'

ਭਗਵਾਨ ਨੇ ਜਦੋਂ ਭਗਤ ਦੀ ਕੀਰਤੀ ਵਧਾਉਣੀ ਹੋਵੇ ਤਾਂ ਉਹ ਸਾਰੇ ਕਾਰਜ ਆਪ ਰਾਸ ਕਰਦਾ ਹੈ । ਉਹਦੇ ਘਰ ਕਿਸ ਗੱਲ ਦਾ ਘਾਟਾ ਹੈ । ਅੱਖ ਦੇ ਪਲਕਾਰੇ ਵਿਚ ਭੰਡਾਰੇ ਭਰਪੂਰ ਕਰ ਸਕਦਾ ਹੈ ।

*'ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥'* *(ਸੁਖਮਨੀ)*

ਬ੍ਰਾਹਮਣਾਂ ਦੇ ਮੂੰਹ ਖੁਲ੍ਹੇ, ਅੱਖਾਂ ਅੱਡੀਆਂ ਰਹਿ ਗਈਆਂ। ਜਦੋਂ ਕਈ ਪ੍ਰਕਾਰ ਦੀਆਂ ਮਠਿਆਈਆਂ ਦਾ ਥਾਲ ਭਰ ਕੇ ਕਬੀਰ ਨੇ ਲਿਆਂਦਾ ਤੇ ਮੁਖੀ ਬ੍ਰਾਹਮਣ ਦੀ ਝੋਲੀ ਵਿਚ ਉਲਟਾ ਦਿਤਾ। ਏਸੇ ਤਰ੍ਹਾਂ ਲੋਈ, ਕਮਾਲਾ, ਕਮਾਲੀ ਨੇ ਵੀ ਥਾਲਾਂ ਨੂੰ ਭਰ ਭਰ ਲਿਆਉਣਾ ਸ਼ੁਰੂ ਕੀਤਾ। ਕਬੀਰ ਫੜ ਫੜ ਕੇ ਹਰ ਇਕ ਬ੍ਰਾਹਮਣ ਦੀ ਝੋਲੀ ਵਿਚ ਪਲਟੀ ਗਿਆ । ਬ੍ਰਾਹਮਣ ਜ਼ਬਾਨੋਂ ਤਾਂ ਬੋਲ ਨਾ ਸਕਣ ਪਰ ਅੱਖਾਂ ਨਾਲ ਇਕ ਦੂਜੇ ਨੂੰ ਇਸ਼ਾਰਾ ਕਰ ਕੇ ਪੁੱਛਣ ਦਾ ਯਤਨ ਕਰਨ ਕਿ 'ਭਗਵਾਨ ਦੀ ਕੀ ਮਾਇਆ ਹੈ । ਅਸੀਂ ਤਾਂ ਕਬੀਰ ਨੂੰ ਗ਼ਰੀਬ ਜੁਲਾਹਾ ਸਮਝਦੇ ਸਾਂ । ਨਾਲ ਉਹ ਸਿਰ ਮਾਰ ਮਾਰ ਕੇ ਇਹ ਵੀ ਇਕ ਦੂਸਰੇ ਨੂੰ ਸਮਝਾਈ ਜਾਣ ਠੀਕ ਹੈ ਭਾਈ, ਕਲਜੁਗ ਵਿਚ ਕਬੀਰ ਵੱਡਾ ਭਗਤ ਹੈ

ਭਗਵਾਨ ਇਸ ਦੀਆਂ ਸੁਣਦਾ ਹੈ ।'

ਹਰ ਇਕ ਥਾਲ ਵਿਚ ਸਵਾ ਸਵਾ ਸੇਰ ਮਠਿਆਈ ਸੀ । ਜਦੋਂ ਮਠਿਆਈ ਵਰਤਾਈ ਗਈ ਤਾਂ ਕਬੀਰ ਨੇ ਹੱਥ ਜੋੜ ਕੇ ਬ੍ਰਾਹਮਣਾਂ ਨੂੰ ਆਖਿਆ, 'ਰਾਮ ਭਗਤੋ ਛਕੋ ਰੱਜ ਕੇ ਛਕੋ । ਜਿੰਨੀ ਮਠਿਆਈ ਹੋਰ ਚਾਹੀਦੀ ਹੋਵੇ ਹੋਰ ਮਿਲ ਜਾਵੇਗੀ । ਮੇਰਾ ਰਾਮ ਇਹੋ ਆਖਦਾ ਹੈ ।'

ਮੂਰਖ ਬ੍ਰਾਹਮਣ ਜਗਤ ਕਰਤਾ ਹਰਤਾ ਦਾ ਅੰਤਰ ਲੈਣ ਵਾਸਤੇ ਆਏ ਸਨ । ਉਨ੍ਹਾਂ ਕੀ ਖਾਣਾ ਸੀ, ਉਹ ਸ਼ਰਮਿੰਦੇ ਹੋ ਗਏ, ਉਨ੍ਹਾਂ ਦੀਆਂ ਅੱਖਾਂ ਨੀਵੀਆਂ ਹੋ ਗਈਆਂ । ਗੱਡਿਆਂ ਦੇ ਗੱਡੇ ਗ੍ਰੰਥ ਪੜ੍ਹਨ ਵਾਲੇ ਤੇ ਤੋਤੇ ਦੀ ਨਿਆਈਂ ਵੇਦ ਮੰਤ੍ਰਾਂ ਨੂੰ ਰਟ ਕੇ ਪੇਟ ਪੂਜਾ ਕਰਨ ਵਾਲੇ ਗਿਆਨ ਤੇ ਭਗਵਾਨ ਤੋਂ ਕੋਰੇ ਸਨ । ਅਨਪੜ੍ਹ ਕਬੀਰ ਪ੍ਰਮਾਤਮਾ ਦੇ ਨੇੜੇ ਪੁਜਾ ਸੀ । ਮੁਖੀ ਬ੍ਰਾਹਮਣ ਉਠ ਬੈਠਾ । ਉਸ ਨੇ ਕਿਹਾ 'ਬਸ ਕਬੀਰ ਅਸੀਂ ਜੋ ਕੁਝ ਦੇਖਣ ਆਏ ਸਾਂ ਸੋ ਦੇਖ ਲਿਆ, ਸਚਮੁਚ ਤੂੰ ਰਾਮ ਪਿਆਰਾ ਹੈਂ, ਅਸਾਂ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ।'

ਮੁਖੀ ਬ੍ਰਾਹਮਣਾਂ ਦੇ ਉਠਣ ਤੇ ਸਾਰੇ ਬ੍ਰਾਹਮਣ ਪੰਗਤ ਵਿਚੋਂ ਉਠ ਬੈਠੇ। ਦਿਲ ਦਾ ਹਨੇਰਾ ਦੂਰ ਕਰ ਕੇ ਉਹ ਆਪੋ ਆਪਣੇ ਘਰਾਂ ਨੂੰ ਤੁਰ ਗਏ । ਸਾਰੇ ਕਾਂਸ਼ੀ ਨਗਰ ਵਿਚ ਕਬੀਰ ਦੀ ਕੀਰਤੀ ਹੋਰ ਖਿਲਰ ਗਈ ।

## ਸੰਸਾਰ ਥਿਰ ਨਹੀਂ ਮਰਨਾ ਜ਼ਰੂਰੀ ਹੈ

ਜਿਸ ਸਮੇਂ ਕਬੀਰ ਹੋਇਆ ਹੈ, ਉਸ ਸਮੇਂ ਨੂੰ ਸਾਹਿਤਕਾਰ 'ਭਗਤੀ ਦਾ ਯੁਗ' ਗਿਣਦੇ ਹਨ । ਧਨੰਤ੍ਰਸ਼ਾਹੀ ਰਾਜ ਦੇ ਸਤਾਏ ਹੋਏ ਲੋਕ ਬੇਚੈਨ ਸਨ। ਉਹ ਮਾਲੀ ਤੌਰ ਤੇ ਤੰਗ ਸਨ । ਜਦੋਂ ਮਨੁਖ ਦੀ ਮਾਲੀ ਹਾਲਤ ਮਾੜੀ ਹੋਵੇ ਤਾਂ ਉਹ ਦੇਵੀ ਦੇਵਤੇ ਦਾ ਜਾਂ ਰੱਬ ਦਾ ਪੁਜਾਰੀ ਹੋ ਜਾਂਦਾ ਹੈ । ਇਸ ਵਾਸਤੇ ਕਿ ਉਸ ਨੂੰ ਸੁਖ ਤੇ ਸ਼ਾਂਤੀ ਜੇ ਰਾਜ ਰਾਹੀਂ ਪ੍ਰਾਪਤ ਨਹੀਂ ਤਾਂ ਕਿਸੇ ਕਿਸੇ ਰੱਬ ਸ਼ਕਤੀ ਰਾਹੀਂ ਹੀ ਉਨ੍ਹਾਂ ਉਤੇ ਮਿਹਰ ਹੋ ਜਾਵੇ, ਲੋਕ ਭਟਕਦੇ ਫਿਰਦੇ ਸਨ । ਜਿਵੇਂ ਪਿਆਸਾ ਮੁੜ ਜਲ ਵਾਲੀ ਥਾਂ ਵਲ ਸ਼ਰਧਾ ਨਾਲ ਦੇਖਦਾ ਹੈ, ਤਿਵੇਂ ਜਗਿਆਸੂ ਸੁਖ ਜੀਵਨ ਕਿਰਨ ਹਾਸਲ ਕਰਨ ਵਾਸਤੇ ਚਾਤ੍ਰਿਕ ਦੀ ਨਿਆਈਂ ਉਧਰ ਨੂੰ ਦੌੜਦਾ ਹੈ ਜਿਧਰ ਕਿਸੇ ਰੱਬ ਦੇ ਭਗਤ ਦਾ ਡੇਰਾ ਹੁੰਦਾ

ਹੈ ।

ਕਬੀਰ ਹੁਣ ਆਤਮਿਕ ਗਿਆਨ ਦਾ ਵਿਦਿਆਰਥੀ ਨਾ ਰਿਹਾ, ਸਗੋਂ ਪੰਡਤਾਂ ਦੀ ਤਰ੍ਹਾਂ ਕਾਂਸ਼ੀ ਵਿਚ ਬ੍ਰਹਮ ਗਿਆਨ ਦਾ ਉਸਤਾਦ ਬਣ ਗਿਆ । ਕਈ ਸ਼ਰਧਾਲੂ ਇਸ ਦੇ ਚੇਲੇ ਬਣ ਗਏ । ਹਰ ਰੋਜ਼ ਕਬੀਰ ਜੀ ਕੋਲ ਸਾਧੂ ਸੰਤਾਂ ਦੀ ਭੀੜ ਲਗੀ ਰਹਿੰਦੀ । ਗਿਆਨ ਚਰਚਾ ਹੁੰਦੀ ਰਹਿੰਦੀ । ਕਈਆਂ ਸਵਾਲਾਂ ਨੂੰ ਹੱਲ ਕੀਤਾ ਜਾਂਦਾ । ਜਿਸ ਵੀ ਕਿਸੇ ਜਗਿਆਸੂ ਨੂੰ ਕਬੀਰ ਜੀ ਗਿਆਨ ਕਿਰਨ ਬਖ਼ਸ਼ਦੇ ਉਸ ਨੂੰ ਬਾਣੀ ਰਾਹੀਂ ਬਖ਼ਸ਼ਦੇ । ਏਸ ਕਰਕੇ ਕਬੀਰ ਜੀ ਦੀ ਬਹੁਤ ਸਾਰੀ ਬਾਣੀ ਹੈ, ਜੋ ਜੀਵਨ ਉਲਝਨਾਂ ਤੇ ਅਟਕਾਂ ਨੂੰ ਦੂਰ ਕਰਨ ਦਾ ਢੰਗ ਦਸਦੀ ਹੈ । ਕਬੀਰ ਦੀ ਬਾਣੀ ਹਨੇਰੇ ਵਿਚ ਚਾਨਣ ਕਰਦੀ ਹੈ, ਜੀਵਨ ਬਖ਼ਸ਼ਦੀ ਹੈ । ਮੁਰਦਾ ਰੂਹਾਂ ਨੂੰ ਉਮਾਹ ਤੇ ਬਲ ਬਖ਼ਸ਼ਦੀ ਹੈ ।

ਇਕ ਦਿਨ ਦੋ ਜਗਿਆਸੂ ਆਏ । ਉਨ੍ਹਾਂ ਦੇ ਹਿਰਦੇ ਵਿਚ ਸੰਸਾ ਦੀਆਂ ਗੰਢਾਂ ਸਨ, ਉਨ੍ਹਾਂ ਨੇ ਕਬੀਰ ਜੀ ਅਗੇ ਸਵਾਲ ਕੀਤਾ—

'ਗੁਰੂ ਜੀ! ਇਹ ਦਸੀਏ ਕਿ ਮਨੁਖ ਦਾ ਇਸ ਜਗਤ ਨਾਲ ਕੀ ਸੰਬੰਧ ਹੈ ? ਜੀਵ ਨੂੰ ਕਲਜੁਗ ਵਿਚ ਕੀ ਕਰਨਾ ਚਾਹੀਦਾ ਹੈ ? ਜੀਵ ਜਮਾਂ ਦੇ ਡੰਡ ਤੋਂ ਕਿਵੇਂ ਬਚੇ ?' ਇਹ ਮਾਰਗ ਬਤਾਈਏ।

ਕਬੀਰ ਜੀ ਨੇ ਜਗਿਆਸੂਆਂ ਨੂੰ ਇਉਂ ਉੱਤਰ ਦਿਤਾ—

*ਐਸੋ ਇਹੁ ਸੰਸਾਰੁ ਪੇਖਨਾ ਰਹਨੁ ਨ ਕੋਊ ਪਈਹੈ ਰੇ ॥*
*ਸੂਧੇ ਸੂਧੇ ਰੇਗਿ ਚਲਹੁ ਤੁਮ ਨਤਰ ਕੁਧਕਾ ਦਿਵਈਹੈ ਰੇ ॥ ੧ ॥ ਰਹਾਉ ॥*

ਇਸ ਦਾ ਪ੍ਰਮਾਰਥ ਇਹ ਹੈ—'ਓ ਭਾਈ ਰਾਮ ਜਨੋ ! ਜੋ ਇਹ ਸੰਸਾਰ ਦੇਖਦੇ ਜੇ ਇਸ ਵਿਚ ਕਿੰਨੇ ਜੀਵ, ਪਸ਼ੂ ਪੰਛੀ ਮਨੁਖ ਇਹ ਸਦਾ ਨਹੀਂ ਰਹਿਣਗੇ ਆਉਂਦੇ ਤੇ ਤੁਰਦੇ ਜਾਂਦੇ ਹਨ । ਕੀ ਰਾਜਾ ਕੀ ਕੰਗਲਾ ਮੌਤ ਦਾ ਭਾਰੀ ਹੱਥ ਸਾਰਿਆਂ ਦੇ ਦਿਲਾਂ ਦੀ ਧੜਕਣ ਨੂੰ ਬੰਦ ਕਰ ਲੈਂਦਾ ਹੈ । ਇਸ ਸੰਸਾਰ ਵਿਚ ਜੀਵ ਨੂੰ ਸਿਧੇ ਰਾਹ ਚਲਣਾ ਚਾਹੀਦਾ ਹੈ ਤਾਂ ਕਿ ਜਮ ਦਾ ਧੱਕਾ ਨਾ ਲਗੇ ਸਿਧੇ ਰਾਹ ਤੋਂ ਭਾਵ ਹੈ ਜੀਵਨ ਨੂੰ ਚੰਗਾ ਬਨਾਉਣ ਵਾਸਤੇ ਗੁਰੂ ਜਾਂ ਕੋਈ ਮਹਾਂ ਪੁਰਸ਼ ਉਪਦੇਸ਼ ਕਰਦਾ ਹੈ ਸੋ ਉਹਦੇ ਉਪਦੇਸ਼ਾਂ ਉਤੇ ਅਮਲ ਕਰਨਾ, ਗਿਆਨ ਸੁਣਨ ਜਾਂ ਚੇਤੇ ਕਰਨ ਨਾਲ ਜੀਵ ਆਤਮਾ ਮੁਕਤ ਨਹੀਂ ਹੁੰਦੀ ਗਿਆਨ ਨੂੰ ਸੁਣ ਅਮਲ ਵਿਚ ਲਿਆਉਣਾ ਜ਼ਰੂਰੀ ਹੈ ।'

*ਬਾਰੇ ਬੂਢੇ ਤਰੁਨੇ ਭਈਆ ਸਭਹੂ ਜਮੁ ਲੈ ਜਈਹੈ ਰੇ ॥*
*ਮਾਨਸੁ ਬਪੁਰਾ ਮੂਸਾ ਕੀਨੋ ਮੀਚੁ ਬਿਲਈਆ ਖਈਹੈ ਰੇ ॥੧॥*

ਹੇ ਰਾਮ ਜਨੋ ! ਬਾਲ, ਬੁਢੇ, ਜੁਆਨ ਸਾਰਿਆਂ ਨੂੰ ਜਮ ਨੇ ਲੈ ਜਾਣਾ ਹੈ। ਮਨੁਖ ਚੂਹੇ ਦੀ ਨਿਆਈਂ ਹੈ ਅਤੇ ਹੋਣੀ 'ਮੌਤ' ਬਿੱਲੀ ਦੀ ਨਿਆਈਂ। ਚੂਹੇ 'ਮਨੁਖ' ਨੂੰ ਹੋਣੀ ਰੂਪੀ ਬਿੱਲੀ ਖਾਈ ਜਾਂਦੀ ਹੈ। ਪ੍ਰਮਾਤਮਾ ਨੇ ਇਹ ਬਿਲੀ ਇਸ ਵਾਸਤੇ ਛੱਡੀ ਹੈ ਕਿ ਸੰਸਾਰ ਵਿਚ ਇਕੱਠ ਨਾ ਹੋ ਜਾਵੇ। ਪਿਪਲ ਦੇ ਪੱਤਿਆਂ ਵਾਂਗ ਪੁਰਾਣੇ ਪੱਤੇ ਸੁਕ ਕੇ ਝੜ ਜਾਂਦੇ ਹਨ ਉਨ੍ਹਾਂ ਦੀ ਥਾਂ ਨਵੇਂ ਫੁਟ ਪੈਂਦੇ ਹਨ, ਮਰਨਾ ਸੱਚ ਹੈ ਜੀਊਣਾ ਝੂਠ ਹੈ।

*ਧਨਵੰਤਾ ਅਰੁ ਨਿਰਧਨ ਮਨਈ ਤਾ ਕੀ ਕਛੂ ਨ ਕਾਨੀ ਰੇ ॥*
*ਰਾਜਾ ਪਰਜਾ ਸਮ ਕਰਿ ਮਾਰੈ ਐਸੋ ਕਾਲੁ ਬਡਾਨੀ ਰੇ ॥੨॥*

ਉਹ ਪ੍ਰਮਾਤਮਾ ਇਸ ਗੱਲੋਂ ਬਹੁਤ ਵੱਡਾ ਹੈ ਉਹ ਕਿਸੇ ਨਾਲ ਲਿਹਾਜ ਨਹੀਂ ਕਰਦਾ। ਅਮੀਰ ਤੇ ਗ਼ਰੀਬ ਨੂੰ ਇਕੋ ਅੱਖ ਨਾਲ ਵੇਖਦਾ ਹੈ। ਉਸ ਨੂੰ ਕਿਸੇ ਦੀ ਮੁਛੰਦਗੀ ਨਹੀਂ। ਉਹ ਰਾਜੇ ਤੇ ਪਰਜਾ ਦੇ ਮਨੁਖਾਂ ਨੂੰ ਇਕੋ ਸਮਾਨ ਮਾਰਦਾ ਹੈ। ਇਹ ਕਾਲ 'ਮੌਤ' ਦੀ ਵਡਿਆਈ ਹੈ ਭਾਵ ਕਿ ਭੂਮੀਏ, ਰਾਜੇ, ਸੈਨਿਕ, ਧਨਾਢ, ਕੰਗਾਲ, ਅਨਪੜ੍ਹ ਤੇ ਪੜ੍ਹੇ ਲਿਖੇ ਸਭ ਨੇ ਜ਼ਰੂਰ ਮਰਨਾ ਹੈ। ਸੋ ਜਗਿਆਸੂਓ ਮੌਤ ਨੂੰ ਅਟੱਲ ਸਮਝੋ।

*ਹਰਿ ਕੇ ਸੇਵਕ ਜੋ ਹਰਿ ਭਾਏ ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ ਪਾਰਬ੍ਰਹਮ ਸੰਗਾਰੀ ਰੇ ॥੩॥*

ਹੇ ਭਾਈ ਰਾਮ ਜਨੋ ! ਕਬੀਰ ਜੀ ਬੋਲੇ, ਪਰ ਆਮ ਲੋਕਾਂ ਨਾਲੋਂ ਹਰੀ ਦੇ ਸੰਤਾਂ ਹਰੀ ਭਗਤਾਂ ਦੀ ਮੌਤ ਦਾ ਫ਼ਰਕ ਹੈ। ਦੁਨੀਆਂ ਦੀ ਨਿਗਾਹ 'ਚ ਭਗਤ ਵੀ ਮਰਦੇ ਹਨ। ਦੁਨੀਆਂ ਸੰਤਾਂ ਭਗਤਾਂ ਦੀਆਂ ਪੰਜ ਭੂਤਕ ਦੇਹਾਂ ਨੂੰ ਚੁਕ ਕੇ ਸ਼ਮਸ਼ਾਨ ਭੂਮੀ ਵਿਚ ਲਿਜਾ ਕੇ ਅਗਨ ਭੇਟ ਕਰਦੀ ਹੈ। ਪਰ ਹਰਿ ਕੇ ਸੰਤ ਨਹੀਂ ਮਰਦੇ। ਇਹ ਅਮਰ ਹੋ ਜਾਂਦੇ ਹਨ। ਪੰਜ ਤੱਤਾਂ ਦੇ ਸਰੀਰ ਨੂੰ ਜ਼ਰੂਰ ਬਦਲਦੇ ਹਨ। ਆਵਾ ਗੌਣ ਦੇ ਝੰਜਟ ਤੋਂ ਛੁਟਕਾਰਾ ਪਾ ਲੈਂਦੇ ਹਨ ਕਿਉਂਕਿ ਪਾਰਬ੍ਰਹਮ ਦੀ ਸ਼ਰਨ ਲਗੇ ਹੋਏ ਹਨ। ਜੋ ਰਾਮ ਭਗਤ ਹਨ ਉਨ੍ਹਾਂ ਨੂੰ ਮੌਤ ਕੋਲੋਂ ਭੈ ਨਹੀਂ ਆਉਂਦਾ ਉਹ ਤਾਂ ਸਗੋਂ ਮੌਤ ਨੂੰ ਸੱਦਦੇ ਹਨ ਕਿਉਂਕਿ ਮਰਨ ਤੋਂ (ਦੇਹ ਛੱਡਣ) ਬਿਨਾਂ ਜੀਵ ਪ੍ਰਮਾਤਮਾ ਨੂੰ ਨਹੀਂ ਮਿਲਦਾ।

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥੨੨॥* (ਸਲੋਕ ਕਬੀਰ ਜੀ)

ਸੋ ਰਾਮ ਜਨੋ! ਰਾਮ ਦਾ ਨਾਮ ਸਿਮਰਨ ਕਰੋ। ਫਿਰ ਮੌਤ ਦਾ ਭੈ ਨਹੀਂ ਰਹੇਗਾ। ਤੁਸੀਂ ਮੌਤ ਨੂੰ ਆਵਾਜ਼ਾਂ ਮਾਰੋਗੇ, ਪਰ ਤੁਸਾਂ ਦੇ ਨੇੜੇ ਨਹੀਂ ਆਏਗੀ।

ਹੇ ਰਾਮ ਜਨੋ! ਧੀਆਂ, ਪੁੱਤਰਾਂ, ਇਸਤਰੀ, ਮਾਇਆ ਸਭ ਨੂੰ ਜੀਵ ਨੇ ਛੱਡ ਜਾਣਾ ਹੈ। ਜੇ ਜੀਉਂਦੇ ਜੀ ਹੀ ਇਹਨਾਂ ਵਲੋਂ ਮੋਹ ਘਟਾ ਕੇ ਭਗਵਾਨ ਨਾਲ ਬਿਰਤੀ ਜੋੜ ਲਵੇ ਤਾਂ ਕਬੀਰ ਦਾ ਇਹ ਕਥਨ ਸੱਚ ਜਾਣੋ ਕਿ ਹਰੀ ਨਾਲ ਇਕ ਮਿਕ ਹੋ ਜਾਵੋਗੇ। ਭਾਵ ਮੁਕਤ ਹੋ ਜਾਵੋਗੇ ਹਰ ਸਾਸ ਨਾਲ ਰਾਮ ਨਾਮ ਦਾ ਸਿਮਰਨ ਕਰਨਾ ਚਾਹੀਦਾ ਹੈ।

*ਪੁਤ੍ਰ ਕਲਤ੍ਰ ਲਛਿਮੀ ਮਾਇਆ ਇਹੈ ਤਜਹੁ ਜੀਅ ਜਾਨੀ ਰੇ ॥*
*ਕਹਤ ਕਬੀਰੁ ਸੁਨਹੁ ਰੇ ਸੰਤਹੁ ਮਿਲਿਹੈ ਸਾਰਿਗਪਾਨੀ ਰੇ ॥੪॥੧॥* (ਬਿਲਾਵਲੁ)

ਦੋਹਾਂ ਸ਼ਰਧਾਲੂਆਂ ਦੇ ਮਨ ਨਿਰਮਲ ਹੋ ਗਏ। ਸਾਰੇ ਸੰਸੇ ਮਿਟ ਗਏ। ਮੌਤ ਦਾ ਭੈ ਨਾ ਰਿਹਾ। ਉਹ ਕਬੀਰ ਜੀ ਦੇ ਚਰਨੀ ਲਗੇ ਤੇ ਇਕ ਚਿਤ ਹੋ ਕੇ ਰਾਮ ਨਾਮ ਦਾ ਸਿਮਰਨ ਕਰਨ ਲਗੇ।

## ਬ੍ਰਾਹਮਣ ਨੂੰ ਸਿਖਿਆ ਤੇ ਜਾਤੀ ਅਭਿਮਾਨ ਦਾ ਖੰਡਨ

ਕਾਂਸ਼ੀ ਬਨਾਰਸ ਦੇ ਵਿਚ ਬ੍ਰਾਹਮਣਾਂ ਦਾ ਰਾਜ ਸੀ। ਨੀਚ ਜਾਤੀਆਂ ਨੂੰ ਬ੍ਰਾਹਮਣ ਬਹੁਤ ਤੰਗ ਕਰਦੇ ਸਨ। ਜਾਤੀ ਹੰਕਾਰ ਅੰਨ੍ਹਾ ਸੀ, ਗੰਗਾ ਇਸ਼ਨਾਨ ਕਰਨ ਵਾਲੇ ਘਾਟਾਂ ਉਤੇ ਦਿਨ ਦੇ ਬਾਰਾਂ ਵਜੇ ਤਕ ਕੋਈ ਅਛੂਤ ਨਹੀਂ ਸੀ ਜਾ ਸਕਦਾ ਤਾਂ ਕਿ ਉਹ ਕਿਸੇ ਉਚ ਜਾਤੀ ਦੇ ਬ੍ਰਾਹਮਣ ਤੇ ਖੱਤ੍ਰੀ ਦੇ ਮੱਥੇ ਨਾ ਲਗੇ। ਜੇ ਕੋਈ ਨੀਚ ਜਾਤੀ ਵਾਲਾ ਇਸ਼ਨਾਨ ਕਰਕੇ ਬ੍ਰਾਹਮਣ ਦੇ ਮੱਥੇ ਲੱਗ ਜਾਵੇ ਤਾਂ ਬ੍ਰਾਹਮਣ ਨੂੰ ਮੁੜਕੇ ਇਸ਼ਨਾਨ ਕਰਨਾ ਪੈਂਦਾ ਸੀ। ਛੂਤ-ਛਾਤ ਬਹੁਤ ਵਧੀ ਹੋਈ ਸੀ। ਬ੍ਰਾਹਮਣ ਨੇ ਮਨੁਖ ਜਾਤੀ ਦੀਆਂ ਵੰਡੀਆਂ ਪਾ ਕੇ ਮਹਾਂ ਪਾਪ ਕੀਤਾ ਹੋਇਆ ਸੀ।

ਕਬੀਰ ਜੀ ਇਕ ਪਹਿਰ ਰਾਤ ਰਹਿੰਦੇ ਗੰਗਾ ਤੇ ਇਸ਼ਨਾਨ ਕਰਨ ਜਾਇਆ ਕਰਦੇ ਸਨ। ਹਨੇਰੇ ਹੀ ਇਸ਼ਨਾਨ ਕਰਕੇ ਮੁੜ ਆਉਂਦੇ। ਰਾਹ ਵਿਚ ਕਿਸੇ ਨਾਲ ਕੋਈ ਗੱਲਬਾਤ ਨਾ ਕਰਦੇ। ਬਸ ਰਾਮ ਰਾਮ ਜਿਹਬਾ ਰਟੀ ਜਾਂਦੀ।

ਰਾਮ ਨੂੰ ਹੀ ਅੱਖਾਂ ਦੇਖਦੀਆਂ । ਸਬੱਬ ਨਾਲ ਇਕ ਦਿਨ ਕਬੀਰ ਜੀ ਕੁਝ ਪਛੜ ਗਏ ਇਸ ਕਰਕੇ ਨਹੀਂ ਆਲਸੀਆਂ ਵਾਂਗ ਸੁਤੇ ਹੀ ਨਹੀਂ ਉਠੇ ਸਗੋਂ ਸਮਾਧੀ ਵਿਚ ਮਗਨ ਰਹੇ, ਸਰਬ ਸ਼ਕਤੀਮਾਨ ਪ੍ਰਮਾਤਮਾ ਨਾਲ ਲਿਵ ਜੁੜੀ ਰਹੀ, ਦਿਨ ਚੜ੍ਹ ਗਿਆ, ਸੂਰਜ ਚੜ੍ਹਨ ਨਾਲ ਘੰਟਾ ਕੁ ਸਮਾਂ ਰਹਿੰਦਾ ਸੀ ਕਿ ਉਨ੍ਹਾਂ ਦੀ ਸਮਾਧੀ ਖੁਲ੍ਹੀ । ਚੇਤਾ ਆਇਆ ਕਿ ਇਸ਼ਨਾਨ ਕਰਨਾ ਹੈ। ਆਸਨ ਤੋਂ ਉਠ ਕੇ ਵਾਹੋਦਾਹੀ ਇਸ਼ਨਾਨ ਕਰਨ ਨੂੰ ਤੁਰ ਪਏ, ਗੰਗਾ ਦੇ ਨੇੜੇ ਆਏ । ਜਾਂ ਘਾਟ ਦੀਆਂ ਪੌੜੀਆਂ ਉਤਰਨ ਲਗੇ ਤਾਂ ਇਸ਼ਨਾਨ ਕਰਕੇ ਮੁੜਿਆ ਆ ਰਿਹਾ ਇਕ ਬ੍ਰਾਹਮਣ ਅਗੋਂ ਮਿਲ ਪਿਆ । ਉਸ ਨੇ ਮੱਥੇ ਉਤੇ ਤਿਲਕ ਲਾਏ ਹੋਏ ਸੀ, ਕਈ ਮਾਲਾ ਗਲ ਪਾਈਆਂ ਹੋਈਆਂ ਸਨ । ਉਸ ਬ੍ਰਾਹਮਣ ਨੇ ਕਬੀਰ ਜੀ ਨੂੰ ਪਛਾਣ ਲਿਆ । ਪਛਾਣਦੇ ਸਾਰ ਹੀ ਬ੍ਰਾਹਮਣ ਦੇ ਮਾਪੇ ਮਰ ਗਏ । ਉਹ ਸੁਕੜ ਜਿਹਾ ਸਰੀਰ ਕੰਬ ਗਿਆ, ਉਹ ਕ੍ਰੋਧ ਨਾਲ ਬੋਲਿਆ, ਓ ਕਬੀਰਾ! ਸ਼ੂਦਰ ਹੋ ਕੇ ਮੇਰੇ ਮੱਥੇ ਇਸ਼ਨਾਨ ਘਾਟ ਉਤੇ ਆ ਲੱਗਾ ਹੈਂ। ਇਸ਼ਨਾਨ ਮੁੜ ਕੇ ਕਰਨਾ ਪਿਆ । ਮੈਂ ਤਾਂ ਮੰਦਰ ਵਿਚ ਠਾਕੁਰ ਦੀ ਪੂਜਾ ਕਰਨੀ ਸੀ ।

ਕਬੀਰ ਜੀ ਨੇ ਕੋਈ ਉੱਤਰ ਨਹੀਂ ਦਿਤਾ, ਚੁਪ ਕਰ ਕੇ ਖਲੋ ਗਏ । ਪੰਡਤ ਮੁੜ ਕੇ ਇਸ਼ਨਾਨ ਕਰਨ ਵਾਸਤੇ ਗੰਗਾ ਵਲ ਮੁੜਿਆ । ਪ੍ਰਮਾਤਮਾ ਦੇ ਭਗਤ ਕਬੀਰ ਨੇ ਬ੍ਰਾਹਮਣ ਨੂੰ ਸਿਖਿਆ ਦੇਣੀ ਸੀ, ਬ੍ਰਾਹਮਣ ਅੰਨ੍ਹਾ ਸੀ। ਉਸ ਅੰਨ੍ਹੇ ਨੂੰ ਸੁਜਾਖਾ ਕਰਨਾ ਸੀ । ਭਰਮਾਂ ਦੇ ਕੋਲਿਆਂ ਨਾਲ ਬ੍ਰਾਹਮਣ ਦੀ ਆਤਮਾ ਕਾਲੀ ਹੋ ਚੁਕੀ ਸੀ, ਉਸ ਨੂੰ ਸਾਫ਼ ਕਰਨ ਦੀ ਅਤੀ ਲੋੜ ਸੀ। ਜਿਥੇ ਬ੍ਰਾਹਮਣ ਮਿਲਿਆ ਸੀ, ਉਸੇ ਪਉੜੀ ਉਤੇ ਕਬੀਰ ਜੀ ਬੈਠ ਗਏ । ਧਿਆਨ ਪੰਡਤ ਜੀ ਵਲ ਰਖਿਆ ਕਿ ਕਦੋਂ ਆਉਂਦਾ ਹੈ। ਪੰਡਤ ਦੁਬਾਰਾ ਇਸ਼ਨਾਨ ਕਰਕੇ ਪਿਛੇ ਮੁੜਿਆ, ਬ੍ਰਾਹਮਣ ਨੂੰ ਦੂਰੋਂ ਆਉਂਦਾ ਦੇਖ ਕੇ ਕਬੀਰ ਜੀ ਹੁਸ਼ਿਆਰ ਹੋ ਗਏ। ਦੋ ਪਉੜੀਆਂ ਹੇਠਾਂ ਆ ਕੇ ਕਬੀਰ ਜੀ ਨੇ ਉਸ ਬ੍ਰਾਹਮਣ ਦਾ ਨਾਂ ਲੈ ਕੇ ਜਾ ਰਾਮ ਸਤਿ ਬੁਲਾਈ, "ਮੁਕੰਦਾ ਜੀ! ਰਾਮ ਰਾਮ! ਰਾਮ ਰਾਮ।"

ਇਕ ਸਿਆਲ ਦੇ ਦਿਨ ਦੂਸਰਾ ਗੰਗਾ ਦਾ ਸੀਤਲ ਜਲ, ਤੀਸਰਾ ਪੰਡਤ ਨੂੰ ਦੁਬਾਰਾ ਇਸ਼ਨਾਨ ਕਰਨਾ ਪਿਆ ਚੌਥਾ ਪੰਡਤ ਸਰੀਰ ਤੇ ਮਨ ਦਾ ਸੁਚਾ ਹੋਇਆ ਅਤੇ ਪੰਜਵਾਂ ਦੋ ਵਾਰ ਗੰਗਾ ਦੀਆਂ ਪਉੜੀਆਂ ਚੜ੍ਹਦਿਆਂ ਉਤਰਦਿਆਂ

ਹੋਇਆਂ ਉਹਦੀਆਂ ਲੱਤਾਂ ਫੁਲ ਗਈਆਂ ਅਤੇ ਛੇਵਾਂ ਮੁੜ ਮੱਥੇ ਲਗ ਗਿਆ, ਸ਼ੂਦਰ ਜਾਤੀ ਦਾ ਕਬੀਰ । ਇਹਨਾਂ ਛੇਆਂ ਕਾਰਨਾਂ ਕਾਰਨ ਮੁਕੰਦਾ ਪੰਡਤ ਤਾਂ ਆਪੇ ਤੋਂ ਬਾਹਰ ਹੋ ਗਿਆ । ਉਹ ਤਾਂ ਉਚੀ ਉਚੀ ਕਬੀਰ ਜੀ ਨੂੰ ਮਾਵਾਂ ਭੈਣਾਂ ਦੀਆਂ ਗੰਦੀਆਂ ਗਾਲ੍ਹਾਂ ਕਢਣ ਲਗ ਪਿਆ । ਹਨੇਰ ਪੈ ਗਿਆ ਕੋਈ ਨਹੀਂ ਸੁਣਦਾ । ਸ਼ੂਦਰ ਬ੍ਰਾਹਮਣਾਂ ਦੇ ਮੱਥੇ ਲਗਣ ਦਾ ਹੀਆ ਕਰਨ ਲਗ ਪਏ ਨੇ । ਕਲਜੁਗ ਮਹਾਂ ਕਲਜੁਗ ਆ ਗਿਆ । ਉਚੀ ਉਚੀ ਮੁਕੰਦਾ ਚਿਲਾਉਣ ਲਗਾ । ਹੋਰ ਲੋਕ ਇਕੱਠੇ ਹੋ ਗਏ, ਪੰਜ ਸਤ ਬ੍ਰਾਹਮਣ ਆ ਗਏ । ਬ੍ਰਾਹਮਣਾਂ ਨੇ ਨੀਤ ਧਾਰੀ ਕਿ ਕਬੀਰ ਨੂੰ ਕੁਟੀਏ । ਇਕ ਤਾਂ ਸ਼ੂਦਰ ਹੋ ਕੇ ਧਰਮ ਪ੍ਰਚਾਰ ਕਰਦਾ ਹੈ, ਆਪਣਾ ਧਰਮ ਚਲਾਉਣਾ ਚਾਹੁੰਦਾ ਹੈ । ਦੂਸਰਾ ਰੋਜ਼ ਸਵੇਰੇ ਉਸੇ ਘਾਟ ਤੇ ਇਸ਼ਨਾਨ ਕਰਦਾ ਹੈ ਜਿਥੇ ਬ੍ਰਾਹਮਣ ਇਸ਼ਨਾਨ ਕਰਦੇ ਹਨ । ਪਰ ਕਬੀਰ ਦਾ ਰਾਮ ਕਬੀਰ ਨੂੰ ਬਚਾਉਂਦਾ ਸੀ। ਰਾਮ ਨੇ ਬ੍ਰਾਹਮਣਾਂ ਦੀਆਂ ਬਾਹਾਂ ਉਪਰ ਉਠਣ ਨਾ ਦਿਤੀਆਂ, ਉਹਨਾਂ ਨੂੰ ਹੌਂਸਲਾ ਹੀ ਨਾ ਪਿਆ ਕਿ ਅਗੇ ਹੋ ਕੇ ਕਬੀਰ ਨੂੰ ਮਾਰਨ । ਉਹਨਾਂ ਦਾ ਲਹੂ ਠੰਢਾ ਹੋ ਗਿਆ ।

ਕਬੀਰ ਜੀ ਦਾ ਸੁਭਾਅ ਸੀ ਕਿ ਜਦੋਂ ਕਦੀ ਏਹੋ ਜਿਹੀ ਘਟਨਾ ਵਾਪਰਦੀ ਤਦੋਂ ਨਾ ਤਾਂ ਉਹ ਘਬਰਾਉਂਦੇ ਤੇ ਨਾ ਡਰਦੇ । ਸਗੋਂ ਅਡੋਲ ਖਲੋਤੇ ਮੁਸਕ੍ਰਾਂਦੇ ਰਹਿੰਦੇ । ਹਾਸੇ ਦੇ ਲਹਿਜੇ ਵਿਚ ਹੀ ਅਗਲੇ ਨੂੰ ਉਪਦੇਸ਼ ਕਰਦੇ। ਲੋਕਾਂ ਨੂੰ ਇਕੱਠਿਆਂ ਹੋਇਆਂ ਦੇਖ ਕੇ ਕਬੀਰ ਜੀ ਨੇ ਗਿਆਨ ਚਰਚਾ ਸ਼ੁਰੂ ਕਰ ਦਿਤੀ । ਬਾਣੀ ਰਾਹੀਂ ਪੰਡਤ ਮੁਕੰਦ ਤੇ ਸਵਾਲ ਜਵਾਬ ਕੀਤੇ—

*ਗਰਭ ਵਾਸ ਮਹਿ ਕੁਲੁ ਨਹੀ ਜਾਤੀ ॥*
*ਬ੍ਰਹਮ ਬਿੰਦੁ ਤੇ ਸਭ ਉਤਪਾਤੀ ॥੧॥*
*ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ ॥*
*ਬਾਮਨ ਕਹਿ ਕਹਿ ਜਨਮੁ ਮਤ ਖੋਏ ॥੧॥ ਰਹਾਉ ॥*

'ਸੁਣੋ ਬ੍ਰਾਹਮਣ ਦੇਵਤਾ ਜੀ! ਮਾਂ ਦੇ ਪੇਟ ਵਿਚ ਜਦੋਂ ਤੂੰ ਸੈਂ ਓਦੋਂ ਤਾਂ ਨਾ ਤੇਰੀ ਕੁਲ ਸੀ ਨਾ ਜਾਤ । ਬ੍ਰਹਮਾ ਦੇ ਬਣਾਏ ਹੋਏ ਸਾਰੇ ਜੀਵ ਜਨਮ ਲੈਂਦੇ ਨੇ । ਹੱਛਾ, ਭਲਾ ਇਹ ਦਸ ਸਕਦਾ ਹੈਂ ਕਿ ਬ੍ਰਾਹਮਣ ਕਦੋਂ ਦੇ ਹੋਏ ਨੇ ? ਕੀ ਵਾਹਿਗੁਰੂ ਨੇ ਤੁਹਾਨੂੰ ਸ਼ੁਰੂ ਤੋਂ ਬ੍ਰਾਹਮਣ ਬਣਾ ਕੇ ਭੇਜਿਆ ਹੈ ? ਮੂਰਖ ਐਵੇਂ ਬ੍ਰਾਹਮਣ ਬ੍ਰਾਹਮਣ ਆਖ ਕੇ ਇਉਂ ਜਨਮ ਅਕਾਰਥ ਗਵਾਉਂਦਾ ਹੈ । ਜਨਮ ਤੋਂ ਨਾ ਕੋਈ ਸ਼ੂਦਰ ਹੈ ਨਾ ਬ੍ਰਾਹਮਣ । ਇਹ ਸਭ ਭੁਲੇਖੇ ਤੇ ਵੰਡਾਂ

ਜਨਤਾ ਨੂੰ ਲੁਟਣ ਵਾਸਤੇ ਆਪ ਤੁਹਾਡੀਆਂ ਉਤਪੰਨ ਕੀਤੀਆਂ ਹੋਈਆਂ ਨੇ।' ਮੁਕੰਦਾ ਵੀ ਬੜਾ ਝਗੜਾਲੂ ਸੀ, ਉਸ ਨੂੰ ਵੀ ਪੁਠੀਆਂ ਸਿਧੀਆਂ ਬਹਿਸਾਂ ਕਰਦਿਆਂ ਹੋਇਆਂ ਪੰਜਾਹ ਸਾਲ ਬੀਤ ਗਏ ਸਨ। ਉਹ ਆਖਣ ਲਗਾ—'ਕਬੀਰ ਦੇਖ ਕਿਉਂ ਪੁੱਠੀਆਂ ਗੱਲਾਂ ਕਰਦਾ ਹੈਂ। ਲੋਕਾਂ ਨੂੰ ਕੁਰਾਹੇ ਪਾਉਣ ਦਾ ਕੀ ਲਾਭ? ਮੈਂ ਬ੍ਰਾਹਮਣ ਨਹੀਂ? ਜਦੋਂ ਮੇਰਾ ਬਾਪ, ਦਾਦਾ ਤੇ ਨਕੜ ਦਾਦਾ ਬ੍ਰਾਹਮਣ ਸੀ। ਮੇਰੀ ਮਾਂ ਬ੍ਰਾਹਮਣੀ ਸੀ। ਮਾਤਾ ਬ੍ਰਾਹਮਣੀ ਤੇ ਬਾਪ ਬ੍ਰਾਹਮਣ ਹੋਣ ਤੇ ਮੈਂ ਕੁਦਰਤੀ ਬ੍ਰਾਹਮਣ ਹਾਂ। ਗ੍ਰੰਥਾਂ ਦੀਆਂ ਲਿਖਤਾਂ ਤੇ ਸਮਾਜ ਦੇ ਰਿਵਾਜਾਂ ਅਨੁਸਾਰ ਜੇ ਮੈਂ ਬ੍ਰਾਹਮਣ ਨਹੀਂ ਤਾਂ ਹੋਰ ਕੀ ਹਾਂ?'

ਕਬੀਰ ਹੱਸ ਪਿਆ, ਹੱਸ ਕੇ ਆਖਣ ਲੱਗਾ—

*ਜੌ ਤੂੰ ਬ੍ਰਾਹਮਣੁ ਬ੍ਰਾਹਮਣੀ ਜਾਇਆ॥*
*ਤਉ ਆਨ ਬਾਟ ਕਾਹੇ ਨਹੀ ਆਇਆ॥੨॥*
*ਤੁਮ ਕਤ ਬ੍ਰਾਹਮਣ ਹਮ ਕਤ ਸੂਦ॥*
*ਹਮ ਕਤ ਲੋਹੂ ਤੁਮ ਕਤ ਦੂਧ॥੩॥*

ਸੁਣ ਮੁਕੰਦੇ! ਜੇ ਤੂੰ ਬ੍ਰਾਹਮਣੀ ਦੇ ਪੇਟੋਂ ਬ੍ਰਾਹਮਣ ਜੰਮਿਆਂ ਹੈਂ ਤਾਂ ਤੂੰ ਜਨਮ ਕਿਸੇ ਹੋਰ ਰਾਹੇ ਕਿਉਂ ਨਹੀਂ ਲਿਆ। ਕਬੀਰ ਜੀ ਦਾ ਭਾਵ ਹੈ ਕਿ ਸ਼ੂਦਰ ਵੈਸ਼ ਖੱਤ੍ਰੀ ਤੇ ਬ੍ਰਾਹਮਣ ਸਾਰੇ ਨੌਂ ਮਹੀਨੇ ਮਾਂ ਦੇ ਪੇਟ ਵਿਚ ਰਹਿੰਦੇ ਹਨ। ਪ੍ਰਮਾਤਮਾ ਸਭ ਨੂੰ ਪਾਲਦਾ ਤੇ ਇਕ ਸਮਾਨ ਰੋਜ਼ੀ ਦੇਂਦਾ ਹੈ। ਜਦੋਂ ਨੌਂ ਮਹੀਨੇ ਪੂਰੇ ਹੁੰਦੇ ਨੇ ਤਾਂ ਕੁਦਰਤ ਨੇ ਜੋ ਰਾਹ ਬੱਚੇ ਦੇ ਬਾਹਰ ਆਉਣ ਲਈ ਬਣਾਇਆ ਹੈ ਉਸ ਰਾਹ ਥਾਣੀਂ ਬਾਹਰ ਆਉਂਦਾ ਹੈ। ਜੇ ਕਰਤਾਰ ਨੇ ਜਾਤੀ ਦੀ ਵੰਡ ਕੀਤੀ ਹੁੰਦੀ ਭਾਵ ਉਚੇ ਤੇ ਨੀਵੇਂ ਪੈਦਾ ਕੀਤੇ ਹੁੰਦੇ ਤਾਂ ਉਚੀਆਂ ਜਾਤਾਂ ਦੇ ਜਨਮ ਵਾਸਤੇ ਵੀ ਕੋਈ ਵਖਰਾ ਰਾਹ ਹੁੰਦਾ। ਜੇ ਕੋਈ ਵਖਰਾ ਰਾਹ ਨਹੀਂ ਤਾਂ ਸਮਝੋ ਸਾਰੇ ਜੀਵ ਇਕੋ ਜੇਹੇ ਹਨ ਕੋਈ ਅਛੂਤ ਨਹੀਂ ਤੇ ਕੋਈ ਪੂਜਯ ਨਹੀਂ। ਇਹ ਮਨੁਖ ਕਰਮ ਨਾਲ ਹੀ ਉਚੇ ਨੀਵੇਂ ਹੁੰਦੇ ਹਨ। ਫਿਰ ਕਬੀਰ ਜੀ ਕਹਿੰਦੇ ਹਨ ਸੁਣ ਮੁਕੰਦੇ ਤੂੰ ਕਿਸ ਤਰ੍ਹਾਂ ਬ੍ਰਾਹਮਣ ਹੈ ਤੇ ਅਸੀਂ ਕਿਵੇਂ ਸ਼ੂਦਰ ਹਾਂ। ਜੇ ਅਸਾਡੀਆਂ ਨਾੜਾਂ ਵਿਚ ਲਹੂ ਹੈ ਤਾਂ ਕੀ ਤੇਰੀਆਂ ਨਾੜਾਂ ਵਿਚ ਦੁਧ ਹੈ? ਤੇਰੀਆਂ ਨਾੜਾਂ ਵਿਚ ਵੀ ਓਹ ਲਹੂ ਹੈ ਜੋ ਮੇਰੀਆਂ ਨਾੜਾਂ ਵਿਚ। ਜੋ ਮਨੁਖ ਸੰਸਾਰ ਦੇ ਨੇ ਸਭ ਦਾ ਲਹੂ, ਮਾਸ, ਹੱਡ, ਵਾਲ, ਦੰਦ, ਜੀਭਾ ਸਭ

ਏਕ ਸਮਾਨ ਹੈ । ਦੇਸ਼ ਕਾਲ ਤੇ ਜਲ ਵਾਯੂ ਦੇ ਸੁਭਾਵ ਅਨੁਸਾਰ ਕੋਈ ਚਮੜੀ ਕਾਲੀ ਹੈ ਤੇ ਕੋਈ ਰਤਾ ਗੋਰੀ । ਕਿਸੇ ਦਾ ਕੱਦ ਉਚਾ ਹੈ ਕੋਈ ਮਧਰਾ। ਇਹ ਜਾਤ ਦਾ ਪਖੰਡ ਸੰਸਾਰ ਦੇ ਜੀਆਂ ਨੂੰ ਧੋਖਾ ਦੇਣ ਵਾਲਾ ਹੈ। ਇਸ ਜਾਤੀ ਵੰਡ ਨੇ ਭਾਰਤ ਵਿਚ ਵੈਰ ਦਾ ਵਾਧਾ ਕੀਤਾ । ਹਿੰਦੂ ਮੁਸਲਮਾਨ, ਬ੍ਰਾਹਮਣ ਤੇ ਸ਼ੂਦਰ ਦੇ ਝਗੜੇ ਹੁੰਦੇ ਰਹਿੰਦੇ ਨੇ ਪ੍ਰਮਾਤਮਾ ਦਾ ਪੁਤਰ ਮਨੁਖ ਆਪਣੇ ਹੀ ਵੀਰਾਂ ਦਾ ਦੁਸ਼ਮਣ ਹੈ । ਹੇ ਪੰਡਤ ਸਮਾਂ ਤੈਨੂੰ ਕੂਕ ਕੇ ਪੁਕਾਰ ਰਿਹਾ ਹੈ । ਇਹ ਝੇੜੇ ਛੱਡ । ਹਰ ਮਨੁਖ ਨੂੰ ਆਪਣਾ ਵੀਰ ਸਮਝ ਕੇ ਉਸ ਦਾ ਸਤਿਕਾਰ ਕਰ ।

ਕਹੁ ਕਬੀਰ ਜੋ ਬ੍ਰਹਮੁ ਬੀਚਾਰੈ ॥
ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ ॥੪॥੭॥ (ਗਉੜੀ ਕਬੀਰ ਜੀ)

ਕਬੀਰ ਜੀ ਆਖਦੇ ਹਨ ਜਿਹੜਾ ਪ੍ਰਮਾਤਮਾ (ਬ੍ਰਹਮ) ਦੀ ਵੀਚਾਰ ਕਰਦਾ ਹੈ ਉਹ ਰੱਬੀ ਗਿਆਨ ਦਾ ਗਿਆਨੀ ਹੈ—ਅਸਾਂ ਦੇ ਮੱਤ ਵਿਚ ਉਸ ਨੂੰ ਬ੍ਰਾਹਮਣ ਆਖਦੇ ਹਨ। ਭਾਵ ਜਨਮ ਕਰ ਕੇ ਕਿਸੇ ਨੂੰ ਬ੍ਰਾਹਮਣ ਨਹੀਂ ਆਖੀਦਾ। ਜਿਹੜਾ ਵਿਦਿਆ ਪੜ੍ਹ ਕੇ ਬ੍ਰਹਮਾ (ਵਾਹਿਗੁਰੂ) ਨੂੰ ਜਾਣੇ, ਉਸਦਾ ਸਿਮਰਨ ਕਰੇ, ਵਾਹਿਗੁਰੂ ਦੀ ਸਾਜੀ ਸ੍ਰਿਸ਼ਟੀ ਦੇ ਜੀਵਾਂ ਨਾਲ ਪਿਆਰ ਕਰੇ । ਅਸਲ ਵਿਚ ਓਹੋ ਬ੍ਰਾਹਮਣ ਹੈ, ਛੂਤ ਛਾਤ ਨੂੰ ਮੰਨਣ ਵਾਲੇ, ਮਨੁਖਤਾ ਨਾਲ ਘਿਰਨਾ ਕਰਨ ਵਾਲੇ ਪੰਡਤ ਇਹ ਬ੍ਰਾਹਮਣ ਨਹੀਂ ਭੇਖੀ ਹਨ ।

ਕਬੀਰ ਦੇ ਇਨ੍ਹਾਂ ਬਚਨਾਂ ਦਾ ਉਤਰ ਪੰਡਤ ਕੋਲ ਕੋਈ ਨਹੀਂ ਸੀ । ਉਹ ਤਾਂ ਜਨਮ ਦਾ ਬ੍ਰਾਹਮਣ ਸੀ। ਨਿਰਾ ਮੁਕੰਦ ਪੰਡਤ ਕੋਲ ਹੀ ਨਹੀਂ ਸਗੋਂ ਕੋਈ ਸੰਸਾਰ ਦਾ ਪੁਰਸ਼ ਇਸ ਅਟੱਲ ਸਚਾਈ ਦੇ ਉਲਟ ਕੋਈ ਦਲੀਲ ਨਹੀਂ ਦੇ ਸਕਦਾ। ਜਾਤਾਂ, ਗੋਤਾਂ, ਕੁਲਾਂ ਤੇ ਮਤਾਂ ਦਾ ਕਰਤਾ ਮਨੁਖ ਹੈ ਪ੍ਰਮਾਤਮਾ ਨਹੀਂ। ਸਚਾਈ ਨੂੰ ਸੁਣ ਕੇ ਬਨਾਰਸ ਦੇ ਬ੍ਰਾਹਮਣ ਪਿੱਟ ਉਠੇ । ਕਿਉਂਕਿ ਜੋ ਹਨੇਰੇ ਦੀ ਚਾਦਰ ਤਾਣ ਕੇ ਉਹ ਭੋਲੇ ਭਾਲੇ ਗ੍ਰਿਹਸਤੀਆਂ ਨੂੰ ਲੁਟ ਰਹੇ ਸਨ, ਉਸ ਕਾਲੀ ਚਾਦਰ ਨੂੰ ਕਬੀਰ ਜੀ ਲੀਰੂੰ-ਲੀਰੂੰ ਕਰ ਰਹੇ ਸਨ । ਉਹ ਸਾਰੇ ਭੁਲੇਖੇ ਦੂਰ ਕਰਕੇ ਕਰੋੜਾਂ ਮਨੁਖਾਂ ਦਾ ਪੁਨਰ ਜਨਮ ਕਰਨਾ ਚਾਹੁੰਦੇ ਸਨ । ਹਿੰਦੂਆਂ ਦੇ ਗੜ੍ਹ ਕਾਂਸ਼ੀ ਵਿਚ ਕਬੀਰ ਦੀ ਮਹਾਨ ਦਲੇਰੀ ਸੀ ਕਿ ਦਲਤ ਜਾਤੀਆਂ ਨੂੰ ਉਚਤਾ ਤੇ ਸਮਾਨਤਾ ਦਿਵਾਉਣ ਵਾਸਤੇ ਨਾਹਰਾ ਲਾਇਆ।

ਨਿਰੁਤਰ ਹੋ ਕੇ ਪੰਡਤ ਮੁਕੰਦ ਮੁੜ ਕੇ ਗੰਗਾ ਵਿਚ ਇਸ਼ਨਾਨ ਕਰਨ ਵਾਸਤੇ ਤੁਰ ਗਿਆ। ਭੁਲੇ ਬ੍ਰਾਹਮਣ ਨੂੰ ਰਾਹੇ ਪਾਉਣ ਵਾਸਤੇ ਕਬੀਰ ਦੇ ਰਾਮ ਨੇ ਕਬੀਰ ਦੀ ਸਹਾਇਤਾ ਕੀਤੀ। ਜਦੋਂ ਬ੍ਰਾਹਮਣ ਮੁਕੰਦ ਗੰਗਾ ਵਿਚ ਇਸ਼ਨਾਨ ਕਰਨ ਲੱਗਾ ਤਾਂ ਭਗਵਾਨ ਦੀ ਮਾਇਆ ਦੇ ਬਲ ਨਾਲ ਕਬੀਰ ਮੁਕੰਦ ਦੇ ਨਾਲ ਇਸ਼ਨਾਨ ਕਰ ਰਿਹਾ ਸੀ। ਜੇ ਮੁਕੰਦ ਨੇ ਦੂਸਰੇ ਪਾਸੇ ਧਿਆਨ ਮਾਰਿਆ ਤਾਂ ਉਧਰ ਵੀ ਕਬੀਰ ਖਲੋਤਾ ਹੱਸ ਰਿਹਾ ਸੀ। ਜਿਧਰ ਉਹ ਦੇਖੇ ਉਧਰ ਹੀ ਉਸ ਨੂੰ ਕਬੀਰ ਦਿਸੇ। ਨਾਲ ਹੀ ਗੰਗਾ ਵਿਚੋਂ ਆਵਾਜ਼ ਆਈ—ਝੂਠੇ ਬ੍ਰਾਹਮਣ ਮੁਕੰਦ! ਕਬੀਰ ਸ਼ੂਦਰ ਨਹੀਂ ਉਹ ਸੱਚਾ ਬ੍ਰਾਹਮਣ ਹੈ ਕਿਉਂਕਿ ਉਸ ਨੇ ਹਰੀ ਨਾਮ ਦਾ ਸਿਮਰਨ ਕੀਤਾ ਹੈ। ਕਬੀਰ ਦੇ ਚਰਨੀ ਪਉ ਨਹੀਂ ਤੇ ਕਬੀਰ ਤੇਰੇ ਸਾਥ ਰਹੇਗਾ।

ਇਹ ਅਵਾਜ਼ਾਂ ਸੁਣ ਕੇ ਮੁਕੰਦਾ ਘਬਰਾ ਗਿਆ। ਅਣਨ੍ਹਾਤੇ ਹੀ ਗੰਗਾ ਵਿਚੋਂ ਬਾਹਰ ਨਿਕਲਿਆ ਤੇ ਕੰਬਦੀਆਂ ਲੱਤਾਂ ਨਾਲ ਕਾਹਲੀ ਕਾਹਲੀ ਪਉੜੀਆਂ ਚੜ੍ਹਨ ਲੱਗਾ। ਜਿੰਨੀ ਕਾਹਲ ਕਰੇ ਓਨਾਂ ਹੀ ਠੇਡਾ ਖਾਵੇ। ਪੈਰ ਅਗੇ ਜਾਣ ਦੀ ਥਾਂ ਪਿਛੇ ਨੂੰ ਆਵੇ। ਮਰ ਮਰ ਕੇ ਉਪਰਲੀਆਂ ਪਉੜੀਆਂ ਤੇ ਪੁਜਾ ਤਾਂ ਫਿਰ ਅਗੇ ਕਬੀਰ ਖਲੋਤਾ ਸੀ। ਅੱਖਾਂ ਮੀਟ ਕੇ ਕਬੀਰ ਜੀ ਦੇ ਲਾਗਿਓਂ ਅਗੇ ਨੂੰ ਨੱਸ ਗਿਆ। ਮੁੜ੍ਹਕੋ ਮੁੜ੍ਹਕੀ ਹੋ ਕੇ ਘਰ ਪਹੁੰਚਾ। ਬ੍ਰਾਹਮਣੀ ਨੇ ਚੌਂਕ ਪੂਰ ਕੇ ਰੋਟੀ ਦਾ ਪ੍ਰਬੰਧ ਕੀਤਾ ਹੋਇਆ ਸੀ। ਮੁਕੰਦ ਜਾਂਦਾ ਹੀ ਚੌਂਤਰੇ ਵਿਚ ਪਏ ਮੂੜੇ ਉਤੇ ਬੈਠ ਗਿਆ। ਪੰਡਤਾਣੀ ਨੇ ਖਾਣੇ ਦਾ ਪਰੋਸਿਆ ਹੋਇਆ ਥਾਲ ਉਹਦੇ ਅਗੇ ਰਖਿਆ। ਮੁਕੰਦ ਮੁੜ੍ਹਕਾ ਪੂੰਝ ਕੇ ਹੱਥ ਦੁਬਾਰਾ ਸੁਚੇ ਕਰਕੇ ਜਾਂ ਪ੍ਰਸ਼ਾਦ ਛਕਣ ਲਗਾ ਤਾਂ ਦੇਖੇ ਕੀ ਕਬੀਰ ਜੀ ਉਸ ਦੇ ਸਾਥ ਬੈਠ ਗਏ। ਓਹ ਵੀ ਪੰਡਤ ਦੇ ਥਾਲ ਵਿਚੋਂ ਬੁਰਕੀ ਚੁਕ ਕੇ ਮੂੰਹ ਪਾ ਰਹੇ ਹਨ। ਕਬੀਰ ਜੀ ਦਾ ਸਰੂਪ ਦੇਖ ਕੇ ਪੰਡਤ ਦੇ ਹੱਥੋਂ ਬੁਰਕੀ ਡਿਗ ਪਈ। ਓਹ ਡਰ ਕੇ ਉਠ ਬੈਠਾ, ਉਠਿਆ ਹੀ ਨਾ ਸਗੋਂ ਚੌਂਕੇ ਵਿਚੋਂ ਬਾਹਰ ਹੋ ਗਿਆ।

ਪੰਡਤਾਣੀ ਬਹੁਤ ਹੈਰਾਨ ਸੀ ਕਿ ਓਹਦੇ ਪਤੀ ਨੂੰ ਕੀ ਹੋ ਗਿਆ। ਇਹ ਕਿਉਂ ਘਬਰਾਇਆ ਹੋਇਆ ਹੈ? ਕੀ ਇਹਦਾ ਦਿਮਾ.ਗ ਤਾਂ ਨਹੀਂ ਫਿਰ ਗਿਆ ਇਹੋ ਜਿਹੇ ਸੰਸੇ ਦਿਲ ਵਿਚ ਕਰਕੇ ਉਸ ਨੇ ਪੰਡਤ ਨੂੰ ਬਾਹੋਂ ਫੜਿਆ ਤੇ ਪੁਛਿਆ ਪਤੀ ਦੇਵ! ਕੀ ਮਾਮਲਾ ਹੈ? ਕਿਉਂ ਘਬਰਾਏ ਜੇ ਕੀ ਕੋਈ ਚੀਜ਼ ਗੰਗਾ ਕਿਨਾਰੇ

ਭੁਲ ਆਏ ਜੇ ?

"ਮੈਂ ਸਭ ਕੁਝ ਭੁਲ ਆਇਆ ਹਾਂ, ਅਕਲ ਗਿਆਨ ਭੁਲ ਆਇਆ ਹਾਂ। ਜੁਲਾਹਾ ਕਬੀਰ ਮੇਰਾ ਪਿੱਛਾ ਨਹੀਂ ਛਡਦਾ, ਓਹ ਮੇਰੇ ਨਾਲ ਰੋਟੀ ਖਾ ਰਿਹਾ ਸੀ, ਉਹ ਸ਼ੂਦਰ ਹੈ। ਮੇਰਾ ਜਨਮ ਭ੍ਰਿਸ਼ਟ ਕਰੀ ਜਾਂਦਾ ਹੈ, ਭਾਗਵਾਨ।"

ਆਪਣੇ ਪਤੀ ਦੀ ਜ਼ਬਾਨੋਂ ਕਬੀਰ ਦਾ ਨਾਮ ਸੁਣ ਕੇ ਪੰਡਤਾਣੀ ਬਹੁਤ ਪ੍ਰੇਸ਼ਾਨ ਹੋਈ। ਉਸ ਨੂੰ ਪੱਕਾ ਭਰੋਸਾ ਹੋ ਗਿਆ ਉਹਦੇ ਪਤੀ ਨੂੰ ਮਾਲੀਆ ਖੌਲੀਆ ਹੋ ਗਿਆ। ਸਿਆਲ ਵਿਚ ਇਸ਼ਨਾਨ ਕਰਨ ਜਾਂਦਾ ਹੈ ਇਸ ਨੂੰ ਠੰਢ ਲੱਗ ਗਈ ਹੈ। ਜੇ ਇਹ ਸ਼ੁਦਾਈ ਨਹੀਂ ਹੋਇਆ ਤਾਂ ਇਹ ਕਿਉਂ ਕਹੇ ਸ਼ੂਦਰ ਕਬੀਰ ਮੇਰੇ ਨਾਲ ਰੋਟੀ ਖਾ ਰਿਹਾ ਹੈ ਚੌਂਤਰੇ ਵਿਚ। ਤਾਂ ਉਹਦਾ ਹੱਥ ਘੁਟ ਕੇ ਫੜਦਿਆਂ ਹੋਇਆਂ ਆਖਿਆ—'ਜੀ ਕੀ ਹੋ ਗਿਆ ਜੇ। ਚੌਂਤਰੇ ਵਿਚ ਛਡਿਆਂ ਘਰ ਵਿਚ ਕੋਈ ਤੀਸਰਾ ਪੁਰਸ਼ ਨਹੀਂ, ਬਾਹਰਲਾ ਬੂਹਾ ਮੈਂ ਮਾਰ ਆਈ ਹਾਂ, ਕੋਈ ਆਇਆ ਨਹੀਂ। ਤੁਹਾਡੇ ਕੋਲ ਕੌਣ ਆ ਗਿਆ ? ਐਵੇਂ ਵਹਿਮ ਕਰ ਰਹੇ ਜੇ ਦਿਨੇ ਸੁਪਨੇ ਦੇਖ ਰਹੇ ਮਾਮਲਾ ਕੀ ਹੈ ?'

"ਤੈਨੂੰ ਨਹੀਂ ਦਿਸਦਾ ਤੂੰ ਅੰਨ੍ਹੀ ਹੈਂ। ਕਬੀਰ ਮੇਰੇ ਨਾਲ ਬੈਠਾ ਸੀ ਮੇਰੇ ਕੋਲ ਖਲੋਤਾ ਸੀ। ਕੋਈ ਜਾਦੂਗਰ ਹੈ ਕਬੀਰ, ਪਰਛਾਵੇਂ ਵਾਂਗ ਨਾਲ ਚਿਮੜ ਗਿਆ ਹੈ, ਮੈਂ ਕੀ ਕਰਾਂ ਸ਼ੂਦਰ ਕਬੀਰ ਦਾ!" ਮੁਕੰਦ ਨੇ ਦੁਹਾਈ ਪਾਈ।

'ਕੀ ਤੁਸੀਂ ਉਸ ਨਾਲ ਝਗੜੇ ਸੀ ?'

'ਆਹੋ ! ਉਹ ਸਵੇਰੇ ਮੱਥੇ ਲਗਾ ਸੀ ਇਕ ਵਾਰ ਨਹੀਂ ਤਿੰਨ ਵਾਰ।'

'ਉਸ ਕੋਲੋਂ ਖਿਮਾਂ ਮੰਗ ਲਵੋ ਉਹ ਹਰੀ ਭਗਤ ਦਸੀਦਾ ਹੈ।'

'ਹੈਂ, ਇਹ ਕੀ ਆਖਿਆ ਈ, ਬ੍ਰਾਹਮਣ ਸ਼ੂਦਰ ਕੋਲੋਂ ਖਿਮਾਂ ਮੰਗੇ। ਬ੍ਰਾਹਮਣ ਸ਼ੂਦਰ ਦੇ ਪੈਰੀਂ ਪਵੇ। ਕਲਜੁਗ, ਹਨੇਰ ! ਇਹ ਨਹੀਂ ਹੋ ਸਕਦਾ।'

'ਬ੍ਰਾਹਮਣ, ਬ੍ਰਾਹਮਣ ਕੂਕ ਕੇ ਜਾਨ ਗਵਾਉਣੀ ਜੇ। ਚਲੋ ਮੇਰੇ ਨਾਲ ਕਬੀਰ ਜੀ ਕੋਲੋਂ ਖਿਮਾ ਮੈਂ ਮੰਗ ਲਵਾਂਗੀ ! ਉਹ ਹਰੀ ਭਗਤ ਹਨ। ਹਰੀ ਭਗਤ ਦਾ ਦਿਤਾ ਹੋਇਆ ਸਰਾਪ ਭਗਵਾਨ ਟਾਲ ਨਹੀਂ ਸਕਦਾ, ਛੇਤੀ ਕਰੋ ਚਲੋ। ਪਾਗਲ ਹੋ ਜਾਓਗੇ, ਮੈਨੂੰ ਰੰਡੀ ਨਾ ਕਰੋ।'

'ਮੈਂ ਖਿਮਾਂ ਨਹੀਂ ਮੰਗਣੀ ਮੈਂ ਕਬੀਰ ਦਾ ਸਿਰ ਪਾੜ ਦੇਣਾ ਹੈ, ਹਟ ਜਾ ਪਰੇ, ਮੈਂ ਉਸ ਨੂੰ ਮਾਰ ਦਿਆਂਗਾ। ਉਹ ਜਾਦੂਗਰ ਨਹੀਂ, ਮੇਰੇ ਮਨ ਦਾ ਡਰ

ਹੈ, ਮੇਰੀਆਂ ਅੱਖਾਂ ਸੁਪਨੇ ਦੀ ਨਿਆਈਂ ਉਸ ਨੂੰ (ਕਬੀਰ ਜੀ ਨੂੰ) ਦੇਖ ਰਹੀਆਂ ਹਨ । ਮੈਂ ਮਾਰ ਦਿਆਂਗਾ ।'

ਇਉਂ ਆਖ ਕੇ ਮੁਕੰਦ ਨੇ ਆਪਣੀ ਇਸਤਰੀ ਕੋਲੋਂ ਬਾਂਹ ਛੁਡਾ ਲਈ। ਮਲੋ ਮਲੀ ਬਾਹਰ ਨੂੰ ਭਜ ਉਠਿਆ । ਬਾਹਰਲਾ ਬੂਹਾ ਖੁਲ੍ਹਾ ਸੀ ਪੰਡਤਾਣੀ ਦੇ ਖ਼ਿਆਲ ਵਿਚ ਕੁੰਡਾ ਵੱਜਾ ਹੈ ਪਰ ਉਹ ਖੁਲ੍ਹਾ ਸੀ, ਕਿਵੇਂ ਖੁਲ੍ਹ ਗਿਆ ਇਸ ਗੱਲੋਂ ਉਹ ਵੀ ਹੈਰਾਨ ਸੀ ।

ਅਗੇ ਅਗੇ ਪੰਡਤ ਮੁਕੰਦ ਤੇ ਪਿਛੇ ਪਿਛੇ ਉਸ ਦੀ ਇਸਤਰੀ ਦੋਵੇਂ ਨੱਸੇ ਜਾਂਦੇ ਸਨ । ਇਸਤਰੀ ਨੇ ਰੌਲਾ ਪਾਇਆ, 'ਫੜੋ ! ਮੇਰਾ ਪਤੀ ਸ਼ੁਦਾਈ ਹੋ ਗਿਆ, ਫੜੋ ! ਵੇ ਲੋਕੋ ਕਿਸੇ ਦਾ ਖ਼ੂਨ ਕਰ ਦੇਵੇਗਾ।'

ਇਸਤਰੀ ਦੇ ਇਹ ਬੋਲ ਸੁਣ ਕੇ ਪੰਡਤ ਮੁਕੰਦ ਦੇ ਪਿਛੇ ਲੋਕ ਦੌੜ ਪਏ। ਲੋਕਾਂ ਨੂੰ ਪਿਛੇ ਆਉਂਦਿਆਂ ਦੇਖ ਕੇ ਮੁਕੰਦ ਹੋਰ ਜ਼ੋਰ ਨਾਲ ਨੱਸਣ ਲਗਾ। ਨੱਸਦੇ ਦੀ ਧੋਤੀ ਖੁਲ੍ਹ ਗਈ । ਉਸ ਨੂੰ ਇਕੱਠੀ ਕਰਦਾ ਹੋਇਆ ਵੀ ਨੱਸਾ ਗਿਆ, ਸ਼ੋਰ ਮਚ ਗਿਆ । 'ਪੰਡਤ ਮੁਕੰਦ ਪਾਗਲ ਹੋ ਗਿਆ' ਦਾ ਵਾਕ ਹਰ ਉਸ ਮਨੁਖ ਦੀ ਜ਼ਬਾਨ ਤੇ ਸੀ ਜਿਸ ਨੇ ਮੁਕੰਦ ਨੂੰ ਦੇਖਿਆ ।

ਕਬੀਰ ਜੀ ਇਸ਼ਨਾਨ ਕਰਕੇ ਅਜੇ ਘਰ ਨਹੀਂ ਸਨ ਪੁਜੇ । ਅਜੇ ਰਾਹ ਵਿਚ ਹੀ ਜਾ ਰਹੇ ਸਨ ਕਿ ਮੁਕੰਦ ਦਾ ਉਨ੍ਹਾਂ ਨਾਲ ਮੇਲ ਹੋ ਗਿਆ । ਲੀਲ੍ਹਾ ਭਗਵਾਨ ਕਰ ਰਿਹਾ ਸੀ । ਮੁਕੰਦ ਨੇ ਹੱਥ ਵਿਚ ਪੱਕੀ ਇਟ ਫੜੀ ਹੋਈ ਸੀ। ਕਬੀਰ ਜੀ ਨੂੰ ਦੇਖਦੇ ਸਾਰ ਉਸ ਨੇ ਜੋਰ ਨਾਲ ਉਹ ਇੱਟ ਕਬੀਰ ਜੀ ਨੂੰ ਮਾਰ ਦਿਤੀ । ਇਟ ਮੱਥੇ ਵਿਚ ਵੱਜੀ ਤੇ ਟੁਟ ਕੇ ਭੌਂ ਤੇ ਡਿਗ ਪਈ। ਪਰ ਕਬੀਰ ਜੀ ਨੂੰ ਸੱਟ ਨਾ ਲੱਗੀ ਨਾ ਕੋਈ ਦਾਗ ਪਿਆ । ਇਸ ਤਰ੍ਹਾਂ ਵੱਜੀ ਜਿਵੇਂ ਫੁੱਲ ਵੱਜਦਾ ਹੈ ।

ਇੱਟ ਵੱਜੀ ਨੂੰ ਦੇਖ ਤੇ ਮਹਿਸੂਸ ਕਰਕੇ ਕਬੀਰ ਜੀ ਨੂੰ ਕ੍ਰੋਧ ਨਹੀਂ ਆਇਆ। ਉਹ ਆਪਣੇ ਕੁਦਰਤੀ ਸੁਭਾਵ ਅਨੁਸਾਰ ਮੁਸਕਰਾ ਪਏ । 'ਕਿਉਂ ਪੰਡਤ ਜੀ ! ਏਨੇ ਕ੍ਰੋਧਵਾਨ ਕਿਉਂ ਜੇ ?' ਇਹ ਆਖਣ ਦੀ ਢਿੱਲ ਸੀ ਕਿ ਮੁਕੰਦ ਦਾ ਗੁਸਾ ਲੋਥ ਗਿਆ, ਉਸ ਨੂੰ ਸੂਝ ਪੈ ਗਈ । ਉਸ ਦੇ ਕਪਾਟ ਖੁਲ੍ਹ ਗਏ । ਜਨਮ ਜਨਮ ਦੀ ਆਤਮਾ ਨੂੰ ਲਗੀ ਕਾਲਖ ਧੋਤੀ ਗਈ। ਕੁੰਦਨ ਹੋ ਕੇ ਪੰਡਤ ਮੁਕੰਦ ਕਬੀਰ ਜੀ ਦੇ ਚਰਨਾਂ ਉਤੇ ਡਿਗ ਪਿਆ । ਲੋਕ ਵੀ ਨੇੜੇ ਪੁਜ ਗਏ ਕੌਤਕ

ਦੇਖਦੇ ਰਹੇ ।

ਕਬੀਰ ਜੀ ਨੇ ਮੁਕੰਦ ਨੂੰ ਚਰਨਾਂ ਤੋਂ ਉਠਾਇਆ ਤੇ ਆਖਿਆ—'ਮੁਕੰਦ ਉਠ ਰਾਮ ਕਹੋ । ਰਾਮ ਨੇ ਤੇਰੇ ਤੇ ਕਿਰਪਾ ਕੀਤੀ ਹੈ ।'

ਉਸ ਦਿਨ ਤੋਂ ਪੰਡਤ ਮੁਕੰਦ ਕਬੀਰ ਜੀ ਦਾ ਸ਼ਿਸ਼ ਹੋ ਗਿਆ । ਸਚੇ ਦਿਲ ਨਾਲ ਰਾਮ ਨਾਮ ਦਾ ਸਿਮਰਨ ਕਰਨ ਲਗਾ । ਉਸ ਨੂੰ ਸ਼ਿਸ਼ ਬਣਿਆ ਦੇਖ ਕੇ ਕਾਂਸ਼ੀ ਦੇ ਪੰਡਤ ਬਹੁਤ ਤੜਫੇ । ਉਹ ਖਾਹ ਮਖਾਹ ਕਬੀਰ ਜੀ ਨਾਲ ਈਰਖਾ ਕਰਨ ਲਗੇ । ਬ੍ਰਾਹਮਣ ਤੋਂ ਬਿਨਾਂ ਕੋਈ ਭਗਤ ਨਹੀਂ ਹੋ ਸਕਦਾ । ਜਨੇਊ ਪਾਉਂਦਾ ਹੈ ਪੰਡਤ । ਕਬੀਰ ਨਾ ਜਨੇਊ ਪਾਂਦਾ ਹੈ ਨਾ ਵੇਦ ਮੰਤ੍ਰਾਂ ਨੂੰ ਜਾਣਦਾ ਹੈ । ਅਨਪੜ੍ਹ ਜੁਲਾਹਾ ਕਿਵੇਂ ਭਗਤ ਬਣ ਸਕਦਾ ਹੈ ਤੇ ਲੋਕ ਉਸ ਦੇ ਚੇਲੇ ਕਿਉਂ ਬਣਦੇ ਹਨ ? ਉਹਨਾਂ ਅਗਿਆਨੀਆਂ ਤੇ ਹੰਕਾਰੀਆਂ ਨੂੰ ਸਮਝਾਉਣ ਵਾਸਤੇ ਕਬੀਰ ਜੀ ਨੇ ਬਾਣੀ ਉਚਾਰੀ—

ਹਮ ਘਰਿ ਸੂਤੁ ਤਨਹਿ ਨਿਤ ਤਾਨਾ ਕੰਠਿ ਜਨੇਊ ਤੁਮਾਰੇ ॥
ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ ॥੧॥
ਮੇਰੀ ਜਿਹਬਾ ਬਿਸਨੁ ਨੈਨ ਨਾਰਾਇਨ ਹਿਰਦੈ ਬਸਹਿ ਗੋਬਿੰਦਾ ॥
ਜਮ ਦੁਆਰ ਜਬ ਪੂਛਸਿ ਬਵਰੇ ਤਬ ਕਿਆ ਕਹਸਿ ਮੁਕੰਦਾ ॥੧॥ ਰਹਾਉ ॥
ਹਮ ਗੁਰੂ ਤੁਮ ਗੁਆਰ ਗੁਸਾਈ ਜਨਮ ਜਨਮ ਰਖਵਾਰੇ ॥
ਕਬਹੂੰ ਨ ਪਾਰਿ ਉਤਾਰਿ ਚਰਾਇਹੁ ਕੈਸੇ ਖਸਮ ਹਮਾਰੇ ॥੨॥
ਤੂੰ ਬਾਮ੍ਨੁ ਮੈ ਕਾਸੀਕ ਜੁਲਹਾ ਬੂਝਹੁ ਮੋਰ ਗਿਆਨਾ ॥
ਤੁਮ੍ ਤਉ ਜਾਚੇ ਭੂਪਤਿ ਰਾਜੇ ਹਰਿ ਸਉ ਮੋਰ ਧਿਆਨਾ ॥੩॥੪੪॥੨੬॥

(ਆਸਾ ਕਬੀਰ ਜੀ)

ਪ੍ਰਮਾਰਥ—'ਪੰਡਤੋ ! ਸਾਡੇ ਘਰ ਤਾਂ ਸੂਤਰ ਦੀਆਂ ਤਾਣੀਆਂ ਤਣੀਆਂ ਜਾਂਦੀਆਂ ਹਨ । ਤੁਸੀਂ ਦੋ ਕੁ ਰਤੀਆਂ ਸੂਤਰ ਗਲ ਪਾ ਕੇ ਆਖਦੇ ਜੇ ਜਨੇਊ ਪਾਇਆ ਹੋਇਆ ਹੈ, ਤੁਸੀਂ ਤਾਂ ਸਿਰਫ਼ ਇਕ ਤੰਦ ਹੀ ਪਾਈ ਜੇ ।'

## ਸਾਧ ਸੰਗਤ ਦੇ ਗੁਣ

ਕਬੀਰ ਜੀ ਹੁਣ ਵਡੇ ਭਗਤ ਹੋ ਗਏ ਸਨ । ਉਹਨਾਂ ਦੀ ਭਗਤੀ ਤੇ ਸੂਝ-ਬੂਝ ਦੀ ਚਰਚਾ ਸੁਗੰਧੀ ਦੀ ਤਰ੍ਹਾਂ ਦੂਰ ਦੂਰ ਤੱਕ ਖਿਲਰ ਗਈ ਸੀ । ਕਈ ਗੋਬਿੰਦ ਲੋਕ ਚਰਚਾ ਕਰਨ ਵਾਸਤੇ ਆ ਜਾਂਦੇ । ਸਵੇਰ ਤੋਂ ਸ਼ਾਮ ਤਕ ਕਬੀਰ ਦੇ ਘਰ ਰੌਣਕ ਰਹਿੰਦੀ । ਕਈ ਗੋਬਿੰਦ ਲੋਕ ਕਬੀਰ ਕੋਲੋਂ ਭੋਜਨ ਖਾ ਕੇ

ਉਹਦੇ ਘਰ ਹੀ ਲੇਟੇ ਰਹਿੰਦੇ ।

ਇਕ ਦਿਨ ਤਿੰਨ ਰਾਮ ਜਨ ਆ ਗਏ ।. ਬੈਠ ਕੇ ਸਾਹ ਲੈਣ ਪਿਛੋਂ ਉਨ੍ਹਾਂ ਨੇ ਕਬੀਰ ਨਾਲ ਬਚਨ ਬਿਲਾਸ ਕਰਨਾ ਸ਼ੁਰੂ ਕੀਤਾ । ਇਕ ਸਾਧੂ ਨੇ ਨਿਮਰਤਾ ਨਾਲ ਪੁਛਿਆ—'ਕਬੀਰ ਜੀ, ਦਸੋ ਜੀਵ ਨੂੰ ਸੁਖ ਕਿਵੇਂ ਪ੍ਰਾਪਤ ਹੋ ਸਕਦਾ ਹੈ ? ਸੁਖ ਦੇ ਸਾਧਨ ਕਿਥੋਂ ਪ੍ਰਾਪਤ ਹੁੰਦੇ ਹਨ ?'

ਸਾਧੂ ਦੇ ਇਸ ਬਚਨ ਨੂੰ ਸੁਣ ਕੇ ਕਬੀਰ ਜੀ ਨੇ ਫ਼ੁਰਮਾਇਆ, ਸੁਣੋ ਭਾਈ ਸਾਧੋ, ਸੁਖ ਦੀ ਪ੍ਰਾਪਤੀ ਦਾ ਇਹ ਰਾਹ ਹੈ—

*ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥*
*ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥੧॥*

ਭਰਮਾਂ ਤੇ ਅਗਿਆਨਤਾ ਦੇ ਹਨੇਰਿਆਂ ਵਿਚ ਸੁਖ ਪ੍ਰਾਪਤ ਨਹੀਂ ਹੁੰਦਾ। ਰਾਜਾ ਤੇ ਗ਼ਰੀਬ ਦੋਵੇਂ ਹੀ ਹਨੇਰੇ ਵਿਚ ਠੋਕਰਾਂ ਖਾਂਦੇ ਹੋਏ ਦੁਖ ਉਠਾਉਂਦੇ ਹਨ । ਹਨੇਰਾ ਦੂਰ ਹੋ ਸਕਦਾ ਹੈ ਸਾਧ ਸੰਗਤ ਵਿਚ ਜਾ ਕੇ ਗਿਆਨ ਸੁਣਿਆਂ। ਜਦੋਂ ਗਿਆਨ ਸੁਣ ਕੇ ਅਮਲ ਕਰਨ ਲੱਗ ਪੈਂਦੇ ਹਾਂ ਤਾਂ ਜਨਮ ਮਰਨ ਮਿਟ ਜਾਂਦਾ ਹੈ ।

*'ਜਉ ਪੈ ਰਸਨਾ ਨਾਮੁ ਨ ਕਹਿਬੋ ॥*
*ਉਪਜਤ ਬਿਨਸਤ ਰੋਵਤ ਰਹਿਬੋ' ॥੧॥ ਰਹਾਉ ॥* (ਗਉੜੀ ਕਬੀਰ ਜੀ)

ਪਰ ਜੇ ਜੀਭ ਤੋਂ ਰਾਮ ਨਾਮ ਦਾ ਸਿਮਰਨ ਕੀਤਾ ਜਾਵੇ ਤਾਂ ਸੁਖ ਹੀ ਸੁਖ ਹਨ ਕਿਉਂਕਿ ਜਨਮ ਤੇ ਮਰਨ ਦਾ ਚੱਕਰ ਅਟੱਲ ਚਲਦਾ ਰਹਿਣਾ ਹੈ । ਜਿਹੜੇ ਲੋਕ ਇਹ ਵਿਚਾਰ ਕਰਦੇ ਹਨ ਕਿ ਸਵਰਗ (ਬੈਕੁੰਠ) ਵਿਚ ਵਿਸ਼ੇਸ਼ ਥਾਂ ਹੈ ਉਥੇ ਪੁੱਜ ਕੇ ਸ਼ਾਂਤੀ ਹਾਸਲ ਹੋਵੇਗੀ । ਇਹ ਝੂਠ ਹੈ ਕਿਉਂਕਿ ਬਹੁਤੇ ਗੱਲਾਂ ਨਾਲ ਬੈਕੁੰਠ ਭੇਜਣ ਤੇ ਜਾਣ ਵਾਲੇ ਹਨ ਅਸਲੀ ਜੀਵਨ ਬੈਕੁੰਠ ਪੁਜਣ ਵਾਲਾ ਨਹੀਂ ਨਾ ਹੀ ਉਹ ਜਾਣਦੇ ਹਨ ਕਿ ਬੈਕੁੰਠ ਕਿਥੇ ਹੈ ?

*ਜੋ ਜਨ ਪਰਮਿਤਿ ਪਰ ਮਨੁ ਜਾਨਾ ॥*
*ਬਾਤਨ ਹੀ ਬੈਕੁੰਠ ਸਮਾਨਾ ॥੧॥*
*ਨਾ ਜਾਨਾ ਬੈਕੁੰਠ ਕਹਾ ਹੀ ॥*
*ਜਾਨੁ ਜਾਨੁ ਸਭਿ ਕਹਹਿ ਤਹਾ ਹੀ ॥੧॥ ਰਹਾਉ ॥*
*ਕਹਨ ਕਹਾਵਨ ਨਹ ਪਤੀਆਈ ਹੈ ॥*
*ਤਉ ਮਨੁ ਮਾਨੈ ਜਾਤੇ ਹਉਮੈ ਜਈ ਹੈ ॥੨॥*
*ਜਬ ਲਗੁ ਮਨਿ ਬੈਕੁੰਠ ਕੀ ਆਸ ॥*

ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥੩॥
ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥ (ਗਉੜੀ)

ਹੇ ਰਾਮ ਜਨੋ! ਜਿੰਨਾ ਚਿਰ ਵਡੇ ਪ੍ਰਭੂ ਪ੍ਰਮਾਤਮਾ ਦੀ ਜਾਣ ਪਛਾਣ ਨਾ ਕਰ ਸਕੀਏ ਓਨਾ ਚਿਰ ਭਲਾ ਸੁਖ (ਸ੍ਵਰਗ ਜਾਂ ਬੈਕੁੰਠ) ਦੀ ਆਸ ਰਖਣੀ ਹਵਾ ਨੂੰ ਤਲਵਾਰਾਂ ਮਾਰਨੀਆਂ ਹਨ । ਮੈਂ ਇਹ ਆਖਦਾ ਹਾਂ ਮੈਨੂੰ ਤਾਂ ਪਤਾ ਨਹੀਂ ਬੈਕੁੰਠ ਕਿਥੇ ਹੈ ? ਜਦੋਂ ਪੁਛੀਏ ਏਹੋ ਦਸਦੇ ਹਨ ਬੈਕੁੰਠ ਚਲਾਂਗੇ । ਪਰ ਕਿਥੇ ਜਾਣਗੇ ? ਮੈਂ ਤਾਂ ਆਖਦਾ ਹਾਂ ਨਿਰਾ ਕਹਿਣ ਦੀ ਗੱਲ ਨਹੀਂ। ਜਦੋਂ ਦਿਲੋਂ ਹਉਮੈ ਚਲੀ ਜਾਵੇ ਤਾਂ ਕੁਦਰਤੀ ਬੈਕੁੰਠ ਦੇ ਨੇੜੇ ਪੁਜ ਜਾਈਦਾ ਹੈ ਜੇ ਨਿਰੀ ਬੈਕੁੰਠ ਦੀ ਆਸ ਰਖੇ ਤਾਂ ਕੁਦਰਤੀ ਬੈਕੁੰਠ ਵੱਲ ਨਹੀਂ ਜਾ ਸਕਦਾ । ਪਰ ਕਬੀਰ ਤਾਂ ਏਹੋ ਆਖਦਾ ਹੈ ਭਾਈ ਸਾਧ ਸੰਗਤ ਬੈਕੁੰਠ ਹੈ। ਏਥੋਂ ਹੀ ਸਾਰੇ ਸੁਖ ਪ੍ਰਾਪਤ ਹੁੰਦੇ ਹਨ । ਪਰ ਦੁਨੀਆਂ ਕੀ ਕਰਦੀ ਹੈ—

ਸੁਖੁ ਮਾਂਗਤ ਦੁਖੁ ਆਗੈ ਆਵੈ ॥
ਸੋ ਸੁਖੁ ਹਮਹੁ ਨ ਮਾਂਗਿਆ ਭਾਵੈ ॥੧॥
ਬਿਖਿਆ ਅਜਹੁ ਸੁਰਤਿ ਸੁਖ ਆਸਾ ॥
ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ ॥੧॥ ਰਹਾਉ ॥ (ਗਉੜੀ ਗੁਆਰੇਰੀ)

ਮਨ ਤਾਂ ਵਿਸ਼ਿਆਂ ਵਲ ਜੋੜੀ ਰਖਦੇ ਹਨ ਪਰ ਇੱਛਾ ਸੁਖ ਦੀ ਲੋੜਦੇ ਹਨ। ਦਸੋ ਉਨ੍ਹਾਂ ਨੂੰ ਸੁਖ ਦੇਣ ਵਾਲੀ ਵਡੇ ਪ੍ਰਮਾਤਮਾ ਦੀ ਹਜ਼ੂਰੀ ਕਿਵੇਂ ਪ੍ਰਾਪਤ ਹੋਵੇ । ਜੇ ਸੁਖ ਦੀ ਇੱਛਾ ਹੈ ਤਾਂ ਰਾਮ ਨਾਮ ਦਾ ਸਿਮਰਨ ਕਰੋ । ਸਾਧ ਸੰਗਤ ਵਿਚ ਪੁਜ ਕੇ ਲਾਭ ਉਠਾਇਆ ਕਰੋ ।

ਕਬੀਰ ਜੀ ਦੇ ਇਹ ਅਮੋਲਕ ਬਚਨ ਸੁਣ ਕੇ ਸਾਧੂ ਬਹੁਤ ਪ੍ਰਸੰਨ ਹੋਏ। ਮਨ ਹੀ ਮਨ ਵਿਚ ਕਬੀਰ ਜੀ ਦੀ ਉਪਮਾ ਕਰਨ ਲੱਗੇ ।

ਸਾਧਕ ਸਿਧ ਸਗਲ ਮੁਨਿ ਹਾਰੇ ॥
ਏਕ ਨਾਮ ਕਲਿਪ ਤਰ ਤਾਰੇ ॥੧॥ (ਗਉੜੀ ਗੁਆਰੇਰੀ)

## ਚੋਰ ਨੂੰ ਬਚਾਉਣਾ

ਜਿਸ ਮਹੱਲੇ ਵਿਚ ਕਬੀਰ ਜੀ ਰਹਿੰਦੇ ਸਨ ਰਾਤ ਨੂੰ ਉਸ ਮਹੱਲੇ ਵਿਚ ਚੋਰੀ ਹੋ ਗਈ । ਘਰ ਵਾਲੇ ਜਾਗ ਪਏ । ਚੋਰ ਭਜ ਉਠਿਆ, ਘਰ ਵਾਲੇ

ਤੇ ਹੋਰ ਮਹੱਲੇ ਦੇ ਲੋਕ ਚੋਰ ਦਾ ਪਿਛਾ ਕਰਨ ਲਗੇ। ਅਗੇ ਅਗੇ ਚੋਰ ਤੇ ਪਿਛੇ ਪਿਛੇ ਲੋਕ ਸਨ। ਜੀ ਭਿਆਣਾ ਚੋਰ ਜਾਨ ਬਚਾਉਣ ਵਾਸਤੇ ਕਬੀਰ ਜੀ ਦੇ ਘਰ ਦਾਖ਼ਲ ਹੋ ਗਿਆ। ਕਬੀਰ ਜੀ ਜਾਗਦੇ ਸਨ, ਉਨ੍ਹਾਂ ਨੇ ਪੁਛਿਆ, 'ਰਾਮ ਜਨ ਕਿਉਂ ਆਇਆ ਏਂ?'

'ਜੀ ਮੈਂ ਚੋਰ ਹਾਂ ਮੇਰੇ ਪਿਛੇ ਲੋਕ ਆ ਰਹੇ ਨੇ ਉਹ ਫੜ ਕੇ ਮੈਨੂੰ ਮਾਰਨ ਕੁਟਣਗੇ ਤੇ ਨਾਲ ਹੀ ਰਾਜੇ ਦੇ ਹਵਾਲੇ ਕਰ ਦੇਣਗੇ। ਰਾਜੇ ਵਲੋਂ ਡੰਨ ਮਿਲੇਗਾ, ਮੈਂ ਭੁਲ ਕੀਤੀ ਹੈ। ਮੈਨੂੰ ਖਿਮਾਂ ਕਰੋ, ਲੁਕਣ ਦਿਓ ਮੇਰੀ ਜਾਨ ਬਚ ਜਾਵੇ।'

ਕਬੀਰ ਜੀ ਬ੍ਰਹਮ ਗਿਆਨੀ ਹੋ ਚੁਕੇ ਸਨ। ਚੋਰ ਸਾਧ ਵਿਚ ਫ਼ਰਕ ਨਹੀਂ ਸਨ ਸਮਝਦੇ। ਉਹ ਤਾਂ ਸਭ ਪ੍ਰਮਾਤਮਾ ਦੇ ਪੁੱਤਰ ਮਨੁਖ ਜਾਣਦੇ ਸੀ। ਮੇਹਰਬਾਨ ਹੋ ਕੇ ਬੋਲੇ—'ਹੱਛਾ ਰਾਮ ਜਨ ਲੋਕ ਤੈਨੂੰ ਮਾਰਨਾ ਚਾਹੁੰਦੇ ਨੇ ਚੰਗਾ ਇਸ ਮੰਜੀ ਤੇ ਸੌਂ ਜਾਹ, ਮੇਰੀ ਲੜਕੀ ਕਮਾਲੀ। ਇਸ ਦੇ ਨਾਲ ਸੌਂ ਜਾਹ।'

ਚੋਰ ਝੱਟ ਪੱਟ ਕਮਾਲੀ ਦੇ ਨਾਲ ਸੌਂ ਗਿਆ। ਕਬੀਰ ਜੀ ਮੰਜੇ ਉਤੇ ਬੈਠੇ ਰਾਮ ਨਾਮ ਰਟੀ ਜਾਂਦੇ ਸਨ।

ਵਾਹਰ ਕਬੀਰ ਦੇ ਘਰ ਲਾਗੇ ਪੁਜੀ। ਇਕ ਆਦਮੀ ਨੇ ਚੋਰ ਨੂੰ ਕਬੀਰ ਜੀ ਦੇ ਘਰ ਵੜਦਿਆਂ ਦੇਖਿਆ ਸੀ। ਉਸ ਨੇ ਵਾਹਰ ਨੂੰ ਕਿਹਾ—'ਚੋਰ ਕਬੀਰ ਦੇ ਘਰ ਦਾਖ਼ਲ ਹੋ ਗਿਆ ਜੇ।' ਵਾਹਰ ਕਬੀਰ ਦੇ ਘਰ ਵੜੀ ਤੇ ਪੁਛਿਆ—'ਕਬੀਰਾ! ਤੇਰੇ ਘਰ ਚੋਰ ਆਇਆ ਹੈ।'

'ਗੋਬਿੰਦ ਲੋਕੋ! ਮੈਂ ਕੋਈ ਚੋਰ ਨਹੀਂ ਦੇਖਿਆ। ਮੇਰੇ ਘਰ ਤਾਂ ਘਰ ਦੇ ਆਦਮੀ ਹਨ ਓਪਰਾ ਆਦਮੀ ਇਕ ਆਇਆ ਹੋਇਆ ਹੈ ਜੋ ਮੇਰਾ ਜਵਾਈ ਹੈ ਤੇ ਬੇਟੀ ਕਮਾਲੀ ਦੀ ਮੰਜੀ ਉਤੇ ਸੁਤਾ ਹੈ। ਅਗੇ ਹੋ ਕੇ ਦੇਖ ਲਵੋ ਹੋਰ ਤਾਂ ਕੋਈ ਨਹੀਂ ਹੈ।'

ਮਹੱਲੇ ਵਾਲੇ ਕਬੀਰ ਨੂੰ ਮਹਾਤਮਾ ਸਮਝਦੇ ਸਨ। ਉਨ੍ਹਾਂ ਨੂੰ ਭਰੋਸਾ ਸੀ ਕਿ ਕਬੀਰ ਕਦੀ ਝੂਠ ਨਹੀਂ ਬੋਲਦਾ। ਜੋ ਆਖਦਾ ਹੈ ਸੱਤ ਹੀ ਆਖਦਾ ਹੈ। ਵਾਹਰ ਪਿਛੇ ਮੁੜ ਗਈ।

ਦਿਨ ਚੜ੍ਹਿਆ ਚੋਰ ਕਮਾਲੀ ਦੇ ਮੰਜੇ ਉਤੋਂ ਉਠਿਆ। ਸੋਲਾਂ ਸਤਾਰਾਂ ਸਾਲ ਦੀ ਮੁਟਿਆਰ ਲੜਕੀ ਕਮਾਲੀ ਦੇ ਮੰਜੇ ਉਤੇ ਚੋਰ ਨੂੰ ਸੌਣ ਵਾਸਤੇ ਆਖਣਾ ਕਬੀਰ ਜੀ ਦੀ ਹੀ ਦਲੇਰੀ ਸੀ। ਸਾਰਾ ਦਿਨ ਘਰ ਦੇ ਧੰਦਿਆਂ ਨੂੰ ਕਰਦੀ

ਹੋਈ ਥੱਕੀ ਟੁੱਟੀ ਕਮਾਲੀ ਘੂਕ ਸੁਤੀ ਸੀ। ਉਸ ਨੂੰ ਕੁਝ ਪਤਾ ਨਹੀਂ ਸੀ ਕਿ ਉਸ ਨਾਲ ਕੌਣ ਸੁਤਾ ਹੈ.। ਉਹ ਚੋਰ ਦੇ ਉਠਣ ਪਿਛੋਂ ਸੁਤੀ ਉਠੀ।

ਚੋਰ ਦੀ ਜਾਨ ਬਚ ਗਈ। ਉਹ ਨਿਰਾ ਨੀਂਦ ਤੋਂ ਹੀ ਨਾ ਜਾਗਿਆ ਸਗੋਂ ਉਸਦੀ ਸੁਤੀ ਆਤਮਾ ਜਾਗ ਪਈ। ਉਸ ਨੂੰ ਗਿਆਨ ਹੋ ਗਿਆ ਕਿ ਮਾੜੇ ਕੰਮ ਦਾ ਫਲ ਮਾੜਾ ਹੁੰਦਾ ਹੈ। ਚੋਰੀ ਯਾਰੀ ਮਾੜੀ ਹੈ ਇੱਜ਼ਤ ਜਾਣ ਨਾਲ ਜਾਨ ਵੀ ਚਲੀ ਜਾਂਦੀ ਹੈ। ਜੇ ਰਾਤ ਕਬੀਰ ਨਾ ਸਹਾਇਤਾ ਕਰਦਾ ਤਾਂ ਲੋਕਾਂ ਨੇ ਜਾਨੋਂ ਮਾਰ ਸੁਟਣਾ ਸੀ। ਇਹ ਸੋਚ ਕੇ ਉਹ ਕਬੀਰ ਦੇ ਚਰਨੀਂ ਡਿੱਗਾ। ਅੱਥਰੂ ਕੇਰ ਕੇ ਚਰਨ ਫੜ ਲਏ। ਡਡੋਲਿਕੇ ਲੈਂਦਾ ਹੋਇਆ ਬੋਲਿਆ, 'ਮਹਾਤਮਾ ਜੀ! ਮੈਨੂੰ ਖਿਮਾ ਕਰੋ, ਮੇਰੇ ਤੇ ਦਇਆ ਕਰੋ ਮੈਂ ਪਾਪੀ ਹਾਂ ਮੈਂ ਚੋਰੀਆਂ ਕੀਤੀਆਂ ਨੇ ਮੈਨੂੰ ਸਿਧੇ ਰਾਹ ਪਾਓ।'

'ਰਾਮ ਜਨ, ਰਾਮ ਨਾਮ ਦਾ ਸਿਮਰਨ ਕਰ ਤੇਰਾ ਉਧਾਰ ਹੋਵੇ।' ਕਬੀਰ ਦਾ ਉੱਤਰ ਸੀ।

'ਲੌ ਮਹਾਰਾਜ! ਹੁਣ ਮੈਂ ਖਿਸਕ ਜਾਂਦਾ ਹਾਂ।'

'ਨਹੀਂ, ਮੈਂ ਆਪ ਨੂੰ ਜਵਾਈ ਬਣਾ ਬੈਠਾ ਹਾਂ। ਹੁਣ ਕਮਾਲੀ ਨੂੰ ਨਾਲ ਲੈ ਜਾਓ। ਇਹ ਕੰਵਾਰੀ ਕੰਨਿਆ ਤੁਹਾਡੀ ਹੋ ਗਈ।'

'ਨਹੀਂ, ਇਸ ਤਰ੍ਹਾਂ ਮੈਂ ਨਹੀਂ ਲਿਜਾਣੀ। ਜੇ ਮੈਨੂੰ ਜਵਾਈ ਬਨਾਉਣਾ ਜੇ ਤਾਂ ਮੈਂ ਵਿਆਹ ਕੇ ਲੈ ਜਾਵਾਂਗਾ। ਮੇਰੇ ਘਰ ਦੇ ਨਾਲ ਆਉਣਗੇ ਸੋਭਾ ਹੋਵੇਗੀ ਇਸ ਤਰ੍ਹਾਂ ਲੋਕ ਆਪ ਦੀ ਤੇ ਮੇਰੀ ਨਿੰਦਾ ਕਰਨਗੇ।'

'ਹੱਛਾ! ਤੇਰੀ ਮਰਜੀ, ਕਮਾਲੀ ਤੇਰੀ ਹੈ ਜਦੋਂ ਜੀ ਕਰੇ ਤਦੋਂ ਹੀ ਲੈ ਜਾਈਂ।' ਇਹ ਆਖ ਕੇ ਕਬੀਰ ਜੀ ਨੇ ਚੋਰ ਨੂੰ ਵਿਦਾ ਕੀਤਾ।

ਜਦੋਂ ਚੋਰ ਭਗਤ ਜੀ ਦੇ ਘਰੋਂ ਨਿਕਲਿਆ ਤੇ ਆਂਢੀਆਂ ਗੁਆਂਢੀਆਂ ਨੂੰ ਪਤਾ ਲੱਗ ਗਿਆ ਕਿ ਕਬੀਰ ਜੀ ਨੇ ਜੋ ਜਵਾਈ ਬਣਾਇਆ ਸੀ ਉਹ ਅਸਲ ਵਿਚ ਚੋਰ ਸੀ। ਕਬੀਰ ਨੇ ਝੂਠ ਬੋਲਿਆ। ਕਬੀਰ ਜੀ ਨੇ ਚੋਰ ਨੂੰ ਜਵਾਈ ਬਣਾ ਲਿਆ ਇਹ ਲੋਕਾਂ ਦੀਆਂ ਗੱਲਾਂ ਸਨ। ਕੋਈ ਮਾੜਾ ਆਖਦਾ ਸੀ ਕੋਈ ਚੰਗਾ। ਕਬੀਰ ਜੀ ਨੂੰ ਜਦੋਂ ਇਸ ਚਰਚਾ ਦਾ ਪਤਾ ਲਗਾ ਤਾਂ ਇਸ ਸ਼ਬਦ ਰਾਹੀਂ ਉਨ੍ਹਾਂ ਆਖਿਆ—

*ਜਬ ਹਮ ਏਕੋ ਏਕੁ ਕਰਿ ਜਾਨਿਆ॥ ਤਬ ਲੋਗਹ ਕਾਹੇ ਦੁਖੁ ਮਾਨਿਆ॥੧॥*

ਹਮ ਅਪਤਹ ਅਪੁਨੀ ਪਤਿ ਖੋਈ ॥ ਹਮਰੇ ਖੋਜਿ ਪਰਹੁ ਮਤਿ ਕੋਈ ॥੧॥ ਰਹਾਉ ॥
ਹਮ ਮੰਦੇ ਮੰਦੇ ਮਨ ਮਾਹੀ॥ ਸਾਝ ਪਾਤਿ ਕਾਹੂ ਸਿਉ ਨਾਹੀ॥੨॥
ਪਤਿ ਅਪਤਿ ਤਾ ਕੀ ਨਹੀ ਲਾਜ ॥ ਤਬ ਜਾਨਹੁਗੇ ਜਬ ਉਘਰੈਗੋ ਪਾਜ ॥੩॥
ਕਹੁ ਕਬੀਰ ਪਤਿ ਹਰਿ ਪਰਵਾਨੁ ॥ ਸਰਬ ਤਿਆਗਿ ਭਜੁ ਕੇਵਲ ਰਾਮੁ ॥੪॥੩॥

(ਗਉੜੀ ਕਬੀਰ ਜੀ)

ਇਸ ਦਾ ਪ੍ਰਮਾਰਥ—'ਜਦੋਂ ਮੈਂ ਪ੍ਰਮਾਤਮਾ (ਤੇ ਉਹਦੀ ਮਨੁਖਤਾ) ਨੂੰ ਇਕ ਸਮਝਦਾ ਹਾਂ ਤਾਂ ਲੋਕਾਂ ਨੂੰ ਕੀ ਤਕਲੀਫ਼ ਹੁੰਦੀ ਹੈ। ਆਪ ਮਾੜਾ ਹਾਂ। ਮੈਂ ਆਦਰ ਨਹੀਂ ਕਰਾਉਣਾ ਚਾਹੁੰਦਾ ਨਾ ਮੇਰੀ ਕੋਈ ਇੱਜ਼ਤ ਹੈ। ਭਾਈ ਮੇਰੇ ਪਿਛੇ ਲਗ ਕੇ ਬੇਸ਼ਕ ਕੋਈ ਇੱਜ਼ਤ ਨਾ ਗਵਾਵੇ। ਅਸੀਂ ਜੇ ਬੁਰੇ ਹਾਂ ਤਾਂ ਲੋਕਾਂ ਨੂੰ ਕੀ, ਜਦੋਂ ਅਸਾਡੀ ਕਿਸੇ ਨਾਲ ਵਰਤੋਂ ਨਹੀਂ। ਪਰ ਭਾਈ ਇੱਜ਼ਤ ਤੇ ਨਿਰਾਦਰੀ ਦਾ ਪਤਾ ਤਦੋਂ ਲਗੇਗਾ ਜਦੋਂ ਅਕਾਲ ਪੁਰਖ ਨੇ ਹਿਸਾਬ ਕਰਕੇ ਪਾਜ ਖੋਹਲਿਆ। ਏਥੇ ਤਾਂ ਹਰ ਕੋਈ ਨੇਕ ਤੇ ਧਰਮੀ ਹੈ ਭਾਈ ਓਹੋ ਹੀ ਸਤਿਕਾਰ ਚੰਗਾ ਹੈ ਜੋ ਪ੍ਰਮਾਤਮਾ ਦੀ ਦਰਗਾਹੇ ਪ੍ਰਵਾਨ ਚੜ੍ਹੇ ਤੇ ਤੇਰੀ ਕਲਿਆਣ ਹੋਵੇ।'

ਉਸੇ ਜਗਿਆਸੂ ਨੂੰ ਕਬੀਰ ਜੀ ਕਹਿਣ ਲਗੇ—'ਭਾਈ ਸੰਸਾਰ ਦੇ ਜੀਵ ਗਿਆਨ ਨਹੀਂ ਅਗਿਆਨਤਾ ਦੇ ਹਨੇਰੇ ਵਿਚ ਠੇਡੇ ਖਾ ਰਹੇ ਹਨ। ਜੇ ਸਮਝ ਹੋਵੇ ਤਾਂ ਮੈਨੂੰ ਕੁਝ ਨਾ ਕਹਿਣ।'

ਅੰਧਕਾਰ ਸੁਖਿ ਕਬਹਿ ਨ ਸੋਈ ਹੈ॥ ਰਾਜਾ ਰੰਕੁ ਦੋਊ ਮਿਲਿ ਰੋਈ ਹੈ॥੧॥
ਜਉ ਪੈ ਰਸਨਾ ਰਾਮੁ ਨ ਕਹਿਬੋ॥ ਉਪਜਤ ਬਿਨਸਤ ਰੋਵਤ ਰਹਿਬੋ॥੧॥ ਰਹਾਉ ॥
ਜਸ ਦੇਖੀਐ ਤਰਵਰ ਕੀ ਛਾਇਆ॥ ਪ੍ਰਾਨ ਗਏ ਕਹੁ ਕਾ ਕੀ ਮਾਇਆ॥੨॥
ਜਸ ਜੰਤੀ ਮਹਿ ਜੀਉ ਸਮਾਨਾ॥ ਮੂਏ ਮਰਮੁ ਕੋ ਕਾ ਕਰ ਜਾਨਾ॥੩॥
ਹੰਸਾ ਸਰਵਰੁ ਕਾਲੁ ਸਰੀਰ॥ ਰਾਮ ਰਸਾਇਨ ਪੀਉ ਰੇ ਕਬੀਰ॥੪॥੮॥

(ਗਉੜੀ ਕਬੀਰ ਜੀ)

ਅਗਿਆਨਤਾ ਦੇ ਹਨੇਰੇ ਵਿਚ ਜੀਵ ਕਦੀ ਸੁਖ ਨਹੀਂ ਪਾਉਂਦਾ ਭਾਵੇਂ ਰਾਜਾ ਹੋਵੇ ਜਾਂ ਕੰਗਾਲ ਉਹ ਰੋਂਦਾ ਰਹਿੰਦਾ ਹੈ। ਜੇ ਜੀਵ ਪ੍ਰਮਾਤਮਾ ਨੂੰ ਚੇਤੇ ਨਾ ਕਰੇਗਾ ਤਾਂ ਜਨਮ ਮਰਨ ਦੇ ਚੱਕਰ ਵਿਚ ਸਦੀਵਕਾਲ ਵਾਸਤੇ ਰੋਂਦਾ ਰਹੇਗਾ। ਜਿਸ ਤਰ੍ਹਾਂ ਦਰਖ਼ਤ ਦੀ ਛਾਂ ਥਿਰ ਨਹੀਂ ਰਹਿੰਦੀ। ਏਸੇ ਤਰ੍ਹਾਂ ਜੀਵ ਆਤਮਾ ਸਰੀਰ ਵਿਚ ਟਿਕਿਆ ਨਹੀਂ ਰਹਿੰਦਾ। ਭਾਈ ਜਦੋਂ ਜਾਨ ਨਿਕਲ ਗਈ ਤਾਂ ਫਿਰ ਇਹ ਮਾਇਆ ਦੌਲਤ ਤੇ ਇੱਜ਼ਤ ਕਿਸ ਦੀ। ਜਿਵੇਂ ਵਾਜਾ ਵਜਾਉਣ

ਵਾਲੇ ਦੇ ਆਸਰੇ ਹੈ ਆਪੇ ਨਹੀਂ ਵੱਜਦਾ। ਵਾਜੇ ਵਿਚ ਸੁਰ ਸਮਾਈ ਹੈ। ਏਸੇ ਤਰ੍ਹਾਂ ਪ੍ਰਮਾਤਮਾ ਨਾਲ ਮਨੁਖ ਦਾ ਸਬੰਧ ਹੈ। ਜਿੰਨਾ ਚਿਰ ਉਹ ਚਾਹੁੰਦਾ ਹੈ ਬਾਜੀਗਰ ਦੀ ਤਰ੍ਹਾਂ ਬਾਜੀ ਪਾਉਂਦਾ ਰਹਿੰਦਾ ਹੈ ਤੇ ਜਦੋਂ ਚਿੱਤ ਕਰਦਾ ਹੈ ਤਦੋਂ ਖੇਡ ਸਮੇਟ ਲੈਂਦਾ ਹੈ। ਸਰੀਰ ਦੇ ਨੇੜੇ ਮੌਤ ਰਹਿੰਦੀ ਹੈ ਜਿਵੇਂ ਹੰਸ ਸਰੋਵਰ (ਤਲਾਬ) ਦੇ ਕਿਨਾਰੇ ਰਹਿੰਦੇ ਹਨ। ਸੋ ਭਾਈ ਗਿਆਨ ਤੇ ਰਾਮ ਭਜਨ ਦਾ ਪ੍ਰਤਾਪ ਹੈ।

## ਕਬੀਰ ਦੇ ਵਿਰੁੱਧ ਬਾਦਸ਼ਾਹ ਅਗੇ ਸ਼ਿਕਾਇਤ

ਕਬੀਰ ਜੀ ਦਾ ਧਾਰਮਿਕ ਤੇ ਸਮਾਜਕ ਪ੍ਰਚਾਰ ਪੰਡਤਾਂ ਤੇ ਕਾਜੀਆਂ ਨਾਲੋਂ ਵੱਖਰਾ ਸੀ। ਕਿਉਂਕਿ ਦੋਵੇਂ ਹੀ ਕੁਰਾਹੇ ਤੁਰ ਰਹੇ ਸਨ। ਮਤ ਉਤੇ ਪੜਦਾ ਪਾ ਕੇ ਝੂਠ ਦਾ ਦਿਖਾਵਾ ਕਰਦੇ ਸੀ। ਕਬੀਰ ਦਾ ਸੱਚ ਉਨ੍ਹਾਂ ਨੂੰ ਟੁੰਬਦਾ ਸੀ। ਕਾਜੀ ਤੇ ਪੰਡਤ ਦੋਵੇਂ ਹੀ ਕਬੀਰ ਦੇ ਵਿਰੁਧ ਹੋ ਗਏ ਅਤੇ ਦੁਸ਼ਮਣੀ ਰਖਣ ਲਗੇ। ਬਨਾਰਸ ਦੇ ਨਵਾਬ ਕੋਲ ਤਾਂ ਉਨ੍ਹਾਂ ਦੀ ਦਾਲ ਨਾ ਗਲੀ ਨਾ ਉਹ ਕਬੀਰ ਜੀ ਨੂੰ ਦੰਡ ਦਵਾ ਸਕੇ ਤੇ ਨਾ ਵਿਰੋਧਤਾ ਰਾਹੀਂ ਉਸ ਦੀ ਮਹਿਮਾ ਨੂੰ ਘਟ ਕਰ ਸਕੇ।

ਦਿੱਲੀ ਦਾ ਬਾਦਸ਼ਾਹ ਸਿਕੰਦਰ ਲੋਧੀ ਦੌਰਾ ਕਰਦਾ ਕਰਦਾ ਕਾਂਸ਼ੀ ਪੁਜ ਗਿਆ। ਕਾਜੀ ਤੇ ਪੰਡਤ ਇਕੱਠੇ ਹੋ ਕੇ ਬਾਦਸ਼ਾਹ ਅਗੇ ਜਾ ਫ਼ਰਿਆਦੀ ਹੋਏ। ਉਨ੍ਹਾਂ ਕਿਹਾ, 'ਜੀ! ਹਿੰਦੂ ਧਰਮ ਤੇ ਇਸਲਾਮ ਮਤ ਵਿਰੁਧ ਕੁਫ਼ਰ ਦਾ ਪ੍ਰਚਾਰ ਕਰ ਰਿਹਾ ਹੈ। ਪੁਰਾਣੀਆਂ ਕਿਤਾਬਾਂ ਵੇਦਾਂ ਉਪਨਿਸ਼ਦਾਂ ਅਤੇ ਰਸਮਾਂ ਰਿਵਾਜਾਂ ਦੇ ਉਲਟ ਜਾਂਦਾ ਹੈ। ਨਮਾਜ਼ ਰੋਜ਼ੇ, ਇਸ਼ਨਾਨ ਕਿਰਿਆ ਕਰਮ ਆਦਿਕ ਦੇ ਵਿਰੁਧ ਹੈ। ਆਪ ਤਾਂ ਵਿਗੜਿਆ ਹੈ ਹੋਰਨਾਂ ਨੂੰ ਵਿਗਾੜੀ ਜਾਂਦਾ ਹੈ। ਉਹ ਕਵਿਤਾ ਕਰਦਾ ਹੈ ਉਹ ਕਵਿਤਾ ਲੋਕ ਗਾਉਂਦੇ ਫਿਰਦੇ ਹਨ।'

ਬਾਦਸ਼ਾਹ ਨੇ ਕਬੀਰ ਵਲ ਪਿਆਦਾ ਭੇਜ ਦਿਤਾ। ਪਿਆਦਾ ਘਰ ਗਿਆ ਅਗੇ ਕਬੀਰ ਜੀ ਘਰ ਹੀ ਸਨ। ਪਿਆਦੇ ਨੇ ਬਾਦਸ਼ਾਹੀ ਹੁਕਮ ਕਬੀਰ ਜੀ ਨੂੰ ਸੁਣਾਇਆ।

ਹੁਕਮ ਸੁਣਦੇ ਸਾਰ ਕਬੀਰ ਜੀ ਪਿਆਦੇ ਨਾਲ ਤੁਰ ਪਏ। ਉਹ ਡਰੇ ਡੋਲੇ ਨਹੀਂ ਕਿਉਂਕਿ ਉਹਨਾਂ ਨੂੰ ਆਪਣੇ ਰਾਮ ਦਾ ਆਸਰਾ ਸੀ ਬਹੁਤ ਸਾਰੇ ਲੋਕ

ਕਬੀਰ ਜੀ ਦੇ ਸਾਥ ਹੋ ਤੁਰੇ। ਕਈਆਂ ਕਿਹਾ ਬਾਦਸ਼ਾਹ ਬਹੁਤ ਕ੍ਰੋਧੀ ਹੈ ਕਬੀਰ ਨੂੰ ਜਾਨੋਂ ਮਰਵਾ ਦੇਵੇਗਾ। ਕਿਸੇ ਕਿਹਾ ਕਾਂਸ਼ੀ ਵਿਚੋਂ ਕੱਢ ਦੇਵੇਗਾ। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਕਬੀਰ ਜੀ ਸਹਿਜ ਸੁਭਾਵ ਆਪਣੇ ਰਾਮ ਨੂੰ ਚੇਤੇ ਕਰਕੇ ਆਖਣ ਲਗੇ—

*ਫੁਰਮਾਨੁ ਤੇਰਾ ਸਿਰੈ ਊਪਰਿ ਫਿਰਿ ਨ ਕਰਤ ਬੀਚਾਰ॥*
*ਤੁਹੀ ਦਰੀਆ ਤੁਹੀ ਕਰੀਆ ਤੁਝੈ ਤੇ ਨਿਸਤਾਰ॥੧॥*
*ਬੰਦੇ ਬੰਦਗੀ ਇਕਤੀਆਰ॥ ਸਾਹਿਬੁ ਰੋਸੁ ਧਰਉ ਕਿ ਪਿਆਰੁ॥੧॥ ਰਹਾਉ॥*
*ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ॥*
*ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ॥੨॥੧੮॥੬੯॥*

(ਗਉੜੀ ਕਬੀਰ ਜੀ)

ਹੇ ਪ੍ਰਮਾਤਮਾ! ਜੋ ਤੇਰਾ ਹੁਕਮ ਹੈ ਉਸ ਨੂੰ ਮੰਨਣ ਵਾਸਤੇ ਮੈਂ ਤਿਆਰ ਹਾਂ। ਆਪ ਹੀ ਤੂੰ ਨਦੀ ਤੇ ਆਪ ਹੀ ਮਲਾਹ। ਬੇੜਾ ਵੀ ਆਪ ਅਤੇ ਆਪੇ ਤੂੰ ਪਾਰ ਕਰਨ ਵਾਲਾ ਹੈ। ਮੈਂ ਅਗਿਆਨੀ ਕੀ ਚੀਜ਼ ਹਾਂ। ਮੈਂ ਤੇ ਆਖਦਾ ਹਾਂ ਕਿ ਬੰਦੇ ਨੂੰ ਭਗਤੀ ਕਰਨੀ ਚਾਹੀਦੀ ਹੈ। ਪ੍ਰਮਾਤਮਾ ਭਾਵੇਂ ਕ੍ਰੋਧ ਕਰੇ ਜਾਂ ਖ਼ੁਸ਼ ਰਹੇ ਬੰਦੇ ਨੂੰ ਓਹਦਾ ਨਾਮ ਜਪੀ ਜਾਣਾ ਚਾਹੀਦਾ ਹੈ। ਈਸ਼ਵਰ ਮੈਂ ਤੈਨੂੰ ਚੇਤੇ ਕਰਕੇ ਇਸ ਤਰ੍ਹਾਂ ਖ਼ੁਸ਼ ਹਾਂ ਜਿਵੇਂ ਬੱਚੇ ਦਾ ਮੂੰਹ ਦੇਖ ਕੇ ਮਾਂ ਖ਼ੁਸ਼ ਹੁੰਦੀ ਹੈ। ਮੈਂ ਪ੍ਰਮਾਤਮਾ ਤੇਰਾ ਗੁਲਾਮ (ਨੌਕਰ) ਹਾਂ ਜਿਵੇਂ ਜੀ ਕਰੇ ਤਿਵੇਂ ਰਖ। ਭਾਵੇਂ ਮਾਰ ਦੇਹ ਭਾਵੇਂ ਜੀਉਂਦਾ ਰਹਿਣ ਦੇਹ। ਇਸ ਦੇ ਨਾਲ ਹੀ ਰਾਹ ਜਾਂਦਿਆਂ ਮਨ ਨੂੰ ਸਮਝਾਉਣ ਲਗ ਪਏ—

*ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ॥*
*ਸੂਰੁ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੇ॥੧॥*
*ਡਗਮਗ ਛਾਡਿ ਰੇ ਮਨ ਬਉਰਾ॥*
*ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ॥੧॥ ਰਹਾਉ॥*
*ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ॥*
*ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ॥੨॥੨॥੧੭॥੬੮॥* (ਗਉੜੀ)

ਪ੍ਰਮਾਰਥ—'ਰੇ ਮਨਾ! ਸਾਰੇ ਸੰਸੇ ਤਿਆਗ ਦੇਹ। ਨੱਚਣ ਲਗੀ ਤਾਂ ਘੁੰਡ ਕਿਉਂ? ਪ੍ਰਗਟ ਹੋ ਕੇ ਨੱਚ। ਭਾਵੇਂ ਤੂੰ ਦੋਸ਼ੀ ਠਹਿਰਾਇਆ ਜਾਵੇਂ—ਨਾਮ ਜਪੋ ਤੇ ਨੇਕ ਕਰਮ ਕਰੋ ਪਰ ਕਿਸੇ ਕੋਲੋਂ ਭੈ ਨਾ ਖਾਹ। ਉਹ ਬਹਾਦਰ ਨਹੀਂ ਜੋ ਲੜਾਈ ਦੇ ਮੈਦਾਨ ਕੋਲੋਂ ਡਰਦਾ ਹੈ। ਉਹ ਇਸਤਰੀ ਨੂੰ ਕੋਈ ਸਤੀ ਨਹੀਂ

ਕਹਿ ਸਕਦਾ ਜੋ ਪਤੀ ਦੇ ਮਰਨ ਪਿਛੋਂ ਜਾਨ ਲੁਕੌਣ ਵਾਸਤੇ ਘਰ ਦੇ ਭਾਂਡੇ ਸਾਂਭਣ ਲਗ ਪਏ। ਹੁਣ ਡੋਲਣ ਦਾ ਕੀ ਮਤਲਬ ਜਦੋਂ ਹੱਥ ਸੰਧਉਰਾ (ਨਰੇਲ) ਹੀ ਫੜ ਲਿਆ? ਹੁਣ ਤਾਂ ਸੜ ਕੇ ਮਰਨ ਨਾਲ ਹੀ ਛੁਟਕਾਰਾ ਹੋਣਾ ਹੈ। ਭਾਵ ਜਿਸ ਤਰ੍ਹਾਂ ਸਤੀ ਹੋਣ ਵੇਲੇ ਇਸਤਰੀ ਹੱਥ ਨਾਲ ਸੰਧਉਰਾ ਫੜ ਲੈਂਦੀ ਹੈ। ਫਿਰ ਪਿਛੇ ਨਹੀਂ ਹਟਦੀ ਸੜ ਕੇ ਮਰ ਜਾਂਦੀ ਹੈ, ਤਿਵੇਂ ਸਚਾਈ ਨੂੰ ਪ੍ਰਗਟ ਕਰਦਿਆਂ ਹੋਇਆਂ ਡਰੇ ਕਿਉਂ? ਇਹ ਸਾਰਾ ਜਗਤ ਪੰਜਾਂ ਦੁਸ਼ਮਨਾਂ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਕਾਰਨ ਖ਼ਰਾਬ ਹੋ ਚੁਕਾ ਹੈ। ਮੈਂ ਤਾਂ ਆਪਣਾ ਰਾਮ ਨਹੀਂ ਛਡਾਂਗਾ। ਰਾਮ ਬਦਲੇ ਭਾਵੇਂ ਮੈਨੂੰ ਕਸ਼ਟ ਕਿਉਂ ਨਾ ਉਠਾਉਣੇ ਪੈਣ।'

ਇਉਂ ਆਤਮਾ ਨੂੰ ਤਕੜਿਆਂ ਕਰਦੇ ਹੋਏ ਕਬੀਰ ਜੀ ਬਾਦਸ਼ਾਹ ਸਿਕੰਦਰ ਲੋਧੀ ਦੇ ਸਨਮੁਖ ਜਾ ਖਲੋਤੇ। ਬਾਦਸ਼ਾਹ ਨੂੰ ਸਲਾਮ ਨਹੀਂ ਆਖੀ। ਚੁਪ ਕਰਕੇ ਰਾਮ ਨਾਮ ਦਾ ਸਿਮਰਨ ਕਰਦੇ ਰਹੇ। ਸਿਕੰਦਰ ਬੜਾ ਤਅੱਸਬੀ ਸੀ ਉਸ ਨੇ ਜਦੋਂ ਦੇਖਿਆ ਕਿ ਮੁਸਲਮਾਨ ਹੋ ਕੇ ਤਾਂ ਇਸ ਨੇ ਸਲਾਮ ਨਹੀਂ ਬੁਲਾਈ ਦੂਸਰਾ ਰਾਮ ਦਾ ਨਾਮ ਲੈਂਦਾ ਹੈ ਇਸ ਨਾਲੋਂ ਵੱਡਾ ਕਾਫ਼ਰ ਕੌਣ ਹੋ ਸਕਦਾ ਹੈ? ਇਸ ਨੂੰ ਦੰਡ ਦੇਣਾ ਯੋਗ ਹੈ।

ਬਾਦਸ਼ਾਹ ਕ੍ਰੋਧ ਨਾਲ ਲਾਲ ਪੀਲਾ ਹੋ ਕੇ ਕਬੀਰ ਨੂੰ ਪੁਛਣ ਲਗਾ—'ਕਬੀਰ ਤੇਰਾ ਨਾਮ ਹੈ?' ਹਾਂ ਜੀ, ਕਬੀਰ ਨੇ ਅਗੋਂ ਉਤਰ ਦਿਤਾ। ਕੀ ਇਹ ਠੀਕ ਹੈ ਕਿ ਤੂੰ ਹਿੰਦੂ ਧਰਮ ਤੇ ਇਸਲਾਮ ਦੇ ਵਿਰੁਧ ਪ੍ਰਚਾਰ ਕਰਦਾ ਹੈਂ। ਐਸੀ ਕਵਿਤਾ ਵੀ ਕਰਦਾ ਹੈਂ ਜੋ ਲੋਕਾਂ ਨੂੰ ਗੁਮਰਾਹ ਕਰਦੀ ਹੈ, ਜੋ ਪੁਰਾਣੀਆਂ ਰਸਮਾਂ ਤੇ ਵਡਿਆਂ ਦੇ ਧਰਮਾਂ ਦੇ ਵਿਰੁਧ ਲੋਕਾਂ ਨੂੰ ਭੜਕਾਂਦੀ ਹੈ, ਨਾਲ ਹੀ ਮੈਨੂੰ ਸਲਾਮ ਕਿਉਂ ਨਹੀਂ ਕੀਤੀ?

ਕਬੀਰ—'ਮੈਂ ਕਿਸੇ ਕਿਸਮ ਜਾਂ ਮਤ ਦੇ ਵਿਰੁਧ ਨਹੀਂ ਹਾਂ। ਕਾਜ਼ੀਆਂ ਪੰਡਤਾਂ ਦੀਆਂ ਉਨ੍ਹਾਂ ਹਰਕਤਾਂ ਦੇ ਜ਼ਰੂਰ ਵਿਰੁਧ ਹਾਂ ਜੋ ਲੁਕਾਈ ਨੂੰ ਲੁਟਣ ਤੇ ਧੋਖਾ ਦੇਣ ਖ਼ਾਤਰ ਕਰਦੇ ਨੇ। ਪਖੰਡਾਂ ਦੇ ਵਿਰੁਧ ਹਾਂ ਭਾਵੇਂ ਪਖੰਡ ਇਸਲਾਮ ਦਾ ਹੈ ਜਾਂ ਹਿੰਦੂ ਧਰਮ ਦਾ। ਲੋਕਾਂ ਦੇ ਭਲੇ ਦੀ ਗੱਲ ਕਰਦਾ ਹਾਂ। ਸਲਾਮ ਤਾਂ ਨਹੀਂ ਕੀਤੀ ਮੈਂ ਆਪਣੇ 'ਰਾਮ' ਨੂੰ ਆਪਣਾ ਪਾਤਸ਼ਾਹ ਸਮਝਦਾ ਹਾਂ। ਆਪਣੇ ਰਾਮ ਤੋਂ ਬਿਨਾਂ ਮੈਂ ਕਿਸੇ ਨੂੰ ਵੀ ਦਬਾ ਨਾਲ ਸਲਾਮ ਨਹੀਂ ਕਰ ਸਕਦਾ।'

ਬਾਦਸ਼ਾਹ—'ਤੇਰਾ ਧਰਮ ਕੀ ਹੈ ?'

ਕਬੀਰ—'ਦੋਹਾਂ ਧਰਮਾਂ ਤੋਂ ਪਿਆਰਾ ਰਾਮ ਦਾ ਸਿਮਰਨ ਕਰਨਾ ਤੇ ਸਭ ਨਾਲ ਪਿਆਰ ਕਰਨਾ। ਸਾਰੇ ਰਾਮ ਦੇ ਬਣਾਏ ਨੇ। ਰਾਮ ਉਹਨਾਂ ਦਾ ਰਾਖਾ ਹੈ। ਓਹੋ ਹੀ ਹਰ ਤਰ੍ਹਾਂ ਸਹਾਇਤਾ ਕਰਦਾ ਹੈ।'

ਬਾਦਸ਼ਾਹ—'ਤੂੰ ਬਹੁਤ ਵਿਗੜਿਆ ਹੋਇਆ ਹੈਂ। ਮੁਸਲਮਾਨ ਹੋ ਕੇ ਰਾਮ ਦਾ ਨਾਮ ਲੈਂਦਾ ਹੈਂ। ਪੁਰਾਣੇ ਮੱਤ ਦੇ ਵਿਰੁਧ ਹੈਂ, ਬਾਦਸ਼ਾਹ ਨੂੰ ਬਾਦਸ਼ਾਹ ਨਹੀਂ ਮੰਨਦਾ, ਰਾਜ ਤੇ ਅਮਨ ਵਾਸਤੇ ਇਹ ਖ਼ਤਰੇ ਦਾ ਕਾਰਨ ਹੈ ਇਸ ਵਾਸਤੇ ਤੈਨੂੰ ਸਜਾਏ ਮੌਤ ਦਿਤੀ ਜਾਂਦੀ ਹੈ। ਪਾਣੀ ਵਿਚ ਡੋਬ ਕੇ ਮਾਰਿਆ ਜਾਵੇਂਗਾ। ਜਿਸ ਵੇਲੇ ਤੈਨੂੰ ਡੋਬਣਾ ਹੋਵੇਗਾ ਤਦੋਂ ਸਾਰੇ ਸ਼ਹਿਰ ਦੇ ਹਿੰਦੂ ਮੁਸਲਮਾਨ ਸੱਦ ਕੇ ਕੋਲ ਖਲਿਆਰੇ ਜਾਣਗੇ। ਬਸ ਇਹੋ ਸ਼ਾਹੀ ਹੁਕਮ ਹੈ।'

ਬਾਦਸ਼ਾਹ ਦੀ ਜ਼ਬਾਨੋਂ ਉਪ੍ਰੋਕਤ ਹੁਕਮ ਸੁਣ ਕੇ ਕਬੀਰ ਜੀ ਘਬਰਾਏ ਨਹੀਂ ਸਗੋਂ ਉਨ੍ਹਾਂ ਦੇ ਚਿਹਰੇ ਤੇ ਖ਼ੁਸ਼ੀ ਦੀ ਲਹਿਰ ਦੌੜ ਗਈ, ਉਨ੍ਹਾਂ ਨੇ ਆਪਣੇ ਰਾਮ ਨੂੰ ਚੇਤੇ ਕੀਤਾ ਉਹਦਾ ਰਾਮ ਅੰਗ ਸੰਗ ਰਹਿੰਦਾ ਸੀ, ਉਹਦੇ ਰਾਮ ਨੇ ਉਸ ਦੀ ਆਤਮਾ ਨੂੰ ਤਕੜਿਆਂ ਕੀਤਾ। ਬਾਦਸ਼ਾਹ ਨੂੰ ਕੌਤਕ ਦਿਖਾਲ ਕੇ ਉਸ ਨੂੰ ਸਿਖਿਆ ਦੇਣੀ ਸੀ। ਰਾਮ ਨੇ ਕਬੀਰ ਨੂੰ ਪ੍ਰੇਰਿਆ ਕਿ ਉਹ ਬਾਦਸ਼ਾਹ ਨੂੰ ਉੱਤਰ ਦੇਵੇ। ਦਲੇਰੀ ਨਾਲ ਕਬੀਰ ਨੇ ਬਾਣੀ ਰਾਹੀਂ ਕਿਹਾ—

*ਆਪੇ ਪਾਵਕ ਆਪੇ ਪਵਨਾ॥ ਜਾਰੈ ਖਸਮੁ ਤ ਰਾਖੈ ਕਵਨਾ॥੧॥*
*ਰਾਮ ਜਪਤ ਤਨੁ ਜਰਿ ਕੀ ਨ ਜਾਇ॥ ਰਾਮ ਨਾਮ ਚਿਤੁ ਰਹਿਆ ਸਮਾਇ॥੧॥ ਰਹਾਉ॥*
*ਕਾ ਕੋ ਜਰੈ ਕਾਹਿ ਹੋਇ ਹਾਨਿ॥ ਨਟ ਵਟ ਖੇਲੈ ਸਾਰਿਗਪਾਨਿ॥੨॥*
*ਕਹੁ ਕਬੀਰ ਅਖਰ ਦੁਇ ਭਾਖਿ॥ ਹੋਇਗਾ ਖਸਮੁ ਤ ਲੇਇਗਾ ਰਾਖਿ॥੩॥੩੩॥*

*(ਗਉੜੀ ਕਬੀਰ ਜੀ)*

ਓ ਦੁਨੀਆ ਦੇ ਝੂਠੇ ਬਾਦਸ਼ਾਹ! ਪ੍ਰਮਾਤਮਾ ਆਪ ਹੀ ਅੱਗ ਤੇ ਆਪ ਹੀ ਹਵਾ ਹੈ ਜੇ ਉਸਨੇ ਕਿਸੇ ਨੂੰ ਸਾੜਨਾ ਹੋਵੇ ਤਾਂ ਕੋਈ ਰਖ ਨਹੀਂ ਸਕਦਾ। ਭਾਵ ਕਿ ਜੀਵ ਨੂੰ ਮਾਰਨਾ ਜਾਂ ਜੀਉਂਦੇ ਰਖਣਾ ਬੰਦੇ ਦੇ ਹੱਥ ਵਸ ਨਹੀਂ ਸਗੋਂ ਸਰਬ ਸ਼ਕਤੀਵਾਨ ਪ੍ਰਮਾਤਮਾ ਦੇ ਹੱਥ ਹੈ। ਜਿਨ੍ਹਾਂ ਮਨੁਖਾਂ ਨੂੰ ਆਪਣੇ ਜੀਵਨ ਦੇ ਅੰਤ ਦਾ ਪਤਾ ਨਹੀਂ ਉਹ ਐਵੇਂ ਯਤਨ ਕਰਦੇ ਨੇ ਕਿਸੇ ਨੂੰ ਮਾਰਨ ਜਾਂ ਸਾੜਨ ਦਾ। ਜੇ ਰਾਮ ਦਾ ਸਿਮਰਨ ਕਰਦਿਆਂ ਸੜ ਵੀ ਜਾਈਏ ਤਾਂ ਹਰਜ ਕੀ? ਆਤਮਾ ਵਿਚ ਰਾਮ ਦਾ ਵਾਸ ਹੈ। ਓ ਸਿਕੰਦਰ, ਨਾ ਕੋਈ ਕਿਸੇ ਨੂੰ ਮਾਰਦਾ

ਤੇ ਨਾ ਹੀ ਸਾੜਦਾ ਹੈ ਨਾ ਕੋਈ ਰਖਦਾ ਹੈ। ਜਿਵੇਂ ਮਦਾਰੀ ਵਟੇ ਨਾਲ ਕੋਈ ਹੇਰੀਆਂ ਫੇਰੀਆਂ ਕਰਕੇ ਤਮਾਸ਼ੇ ਕਰਦਾ ਹੈ। ਤਿਵੇਂ ਪ੍ਰਮਾਤਮਾ ਖੇਲ ਕਰਕੇ ਦੇਖਦਾ ਤੇ ਖ਼ੁਸ਼ ਹੁੰਦਾ ਹੈ। ਕਬੀਰ ਜੀ ਆਖਦੇ ਹਨ—ਦੋ ਅੱਖਰ 'ਰਾ-ਮ' ਦਾ ਸਿਮਰਨ ਕਰ ਜੋ ਮਰਜੀ ਊ ਕਰ ਲੈ ਜੇ ਮੇਰਾ ਮਾਲਕ 'ਰਾਮ' ਹੋਵੇਗਾ ਤਾਂ ਉਹ ਡੁਬਨੋਂ ਸੜਨੋਂ ਬਚਾ ਲਵੇਗਾ। ਤਰਲੇ ਕੱਢਣ ਦਾ ਕੋਈ ਲਾਭ ਨਹੀਂ।

ਪ੍ਰਮਾਤਮਾ ਉਤੇ ਕਬੀਰ ਦਾ ਦ੍ਰਿੜ ਵਿਸ਼ਵਾਸ ਦੇਖ ਕੇ ਬਾਦਸ਼ਾਹ ਨੂੰ ਹੋਣਾ ਤਾਂ ਖ਼ੁਸ਼ ਚਾਹੀਦਾ ਸੀ ਕਿ ਉਸ ਦੀ ਪਰਜਾ ਵਿਚ ਭਗਤੀ, ਪਿਆਰ ਤੇ ਏਕਤਾ ਦਾ ਪ੍ਰਚਾਰ ਹੁੰਦਾ ਹੈ ਪਰ ਉਹ ਪੁਠੀ ਮਤ ਵਾਲਾ ਬਾਦਸ਼ਾਹ ਜੋ ਨੇਕੀ ਦੀ ਥਾਂ ਬਦੀ ਕਰਾਉਣਾ ਚਾਹੁੰਦਾ ਸੀ ਕ੍ਰੋਧਵਾਨ ਹੋ ਗਿਆ। ਉਸ ਨੇ ਕਪੜਿਆਂ ਤੋਂ ਬਾਹਰ ਹੋ ਕੇ ਆਖਿਆ—'ਸੰਗਲਾਂ ਨਾਲ ਜੂੜ ਕੇ ਗੰਗਾ ਦੇ ਡੂੰਘੇ ਪਾਣੀ ਵਿਚ ਸੁਟ ਦਿਓ। ਡੁਬ ਕੇ ਮਰ ਜਾਵੇਗਾ। ਰਾਜ ਵਿਚ ਇਸ ਪੁਰਸ਼ ਦਾ ਫਿਰਨਾ ਤੁਰਨਾ ਤੇ ਬੋਲਣਾ ਖ਼ਤਰੇ ਤੋਂ ਬਾਹਰ ਨਹੀਂ। ਇਹ ਕਾਫ਼ਰ ਹੈ।'

ਉਸ ਸਮੇਂ ਬਾਦਸ਼ਾਹ ਦੀ ਜ਼ਬਾਨੋਂ ਨਿਕਲਿਆ ਹੋਇਆ ਹਰ ਬੋਲ ਕਾਨੂੰਨ ਹੁੰਦਾ ਸੀ, ਜਿਸ ਕਾਨੂੰਨ ਦੀ ਕਿਤੇ ਅਪੀਲ ਨਹੀਂ ਹੋ ਸਕਦੀ। ਬਿਨਾਂ ਸੋਚੇ ਸਮਝੇ ਬਾਦਸ਼ਾਹ ਨੇ ਕਬੀਰ ਨੂੰ ਸਜ਼ਾਇ-ਮੌਤ ਦਾ ਹੁਕਮ ਦੇ ਦਿਤਾ। ਬਾਦਸ਼ਾਹ ਕੋਲ ਜੋ ਸਰਕਾਰੀ ਅਫ਼ਸਰ ਖਲੋਤੇ ਸਨ ਉਨ੍ਹਾਂ ਨੇ ਕੋਤਵਾਲ ਵਲ ਇਸ਼ਾਰਾ ਕੀਤਾ। ਉਹ ਛੇਤੀ ਨਾਲ ਅਗੇ ਵਧਿਆ ਤੇ ਕਬੀਰ ਨੂੰ ਬਾਹੋਂ ਫੜ ਕੇ ਬਾਹਰ ਲੈ ਗਿਆ। ਕਬੀਰ ਨੂੰ ਗ੍ਰਿਫ਼ਤਾਰ ਕੀਤਾ ਗਿਆ। ਨਾਲ ਹੀ ਸਜ਼ਾਇ-ਮੌਤ ਵੀ ਹੋ ਗਈ। ਮੌਲਵੀ ਕਾਜੀ ਤੇ ਪੰਡਤ ਬਹੁਤ ਖ਼ੁਸ਼ ਹੋਏ। ਉਹ ਤਾਲੀਆਂ ਮਾਰ ਮਾਰ ਕੇ ਹੱਸਣ ਲਗੇ ਤੇ ਮੂੰਹ ਜੋੜ ਜੋੜ ਕੇ ਗੱਲਾਂ ਕਰਦੇ ਸਨ। ਪਰ ਕਬੀਰ ਦੇ ਸ਼ਰਧਾਲੂ ਤੇ ਸ਼ਹਿਰ ਦੇ ਨੇਕ ਆਦਮੀਆਂ ਦੇ ਘਰੀਂ ਸੋਗ ਦੀ ਸਫ਼ ਵਿਛ ਗਈ। ਉਹ ਹਾਹਾਕਾਰ ਕਰਨ ਲੱਗੇ ਜਿਉਂ ਜਿਉਂ ਕੋਈ ਸੁਣਦਾ ਗਿਆ ਤਿਉਂ ਤਿਉਂ ਹੀ ਕੋਤਵਾਲੀ ਤੇ ਗੰਗਾ ਕਿਨਾਰੇ ਵਲ ਨਸ ਜਾਂਦਾ ਰਿਹਾ। ਹਮਦਰਦੀਆਂ, ਮਿੱਤਰਾਂ, ਦੁਸ਼ਮਣਾਂ ਤੇ ਤਮਾਸ਼ਬੀਨਾਂ ਨੇ ਭੀੜ ਕਰ ਦਿਤੀ ਪਰ ਸਰਕਾਰ ਨੂੰ ਭੀੜ ਕੋਲੋਂ ਕੋਈ ਡਰ ਨਹੀਂ ਸੀ। ਇਸ ਵਾਸਤੇ ਲੋਕ ਦੇਖਦੇ ਰਹੇ।

ਕੋਤਵਾਲੀ ਵਿਚ ਸੰਗਲ ਮਾਰ ਕੇ ਕਬੀਰ ਨੂੰ ਜੂੜਿਆ ਗਿਆ। ਹੱਥ ਪੈਰ ਕੱਸ ਕੇ ਬੰਨ੍ਹ ਦਿਤੇ ਗਏ। ਜਲਾਦਾਂ ਨੂੰ ਹੁਕਮ ਦਿਤਾ ਉਹ ਬੰਨ੍ਹੇ ਹੋਏ ਹੱਥਾਂ

ਪੈਰਾਂ ਦੇ ਵਿਚ ਬਾਂਸ ਪਾ ਕੇ ਕਬੀਰ ਨੂੰ ਇਸ ਤਰ੍ਹਾਂ ਚੁਕ ਤੁਰੇ ਜਿਵੇਂ ਮਰੇ ਪਸ਼ੂ ਨੂੰ ਚੁਕੀਦਾ ਹੈ । ਕਿਉਂਕਿ ਮੁਸਲਮਾਨ ਕੋਤਵਾਲ ਕਬੀਰ ਦੀ ਨਿਰਾਦਰੀ ਕਰਨਾ ਚਾਹੁੰਦਾ ਸੀ । ਉਸ ਨੂੰ ਇਹ ਗੁੱਸਾ ਸੀ ਕਿ ਮੁਸਲਮਾਨ ਹੁੰਦਿਆਂ ਹੋਇਆਂ ਕਬੀਰ ਹਿੰਦੂ ਧਰਮ ਵਲ ਕਿਉਂ ਵਧੀ ਜਾਂਦਾ ਹੈ । ਭਾਵੇਂ ਖ਼ੁਦਾ, ਅੱਲਾ, ਰਾਮ, ਭਗਵਾਨ, ਰੱਬ, ਵਾਹਿਗੁਰੂ ਤੇ ਅਕਾਲ ਪੁਰਖ ਉਸ ਸਰਬ ਸ਼ਕਤੀਮਾਨ ਪ੍ਰਮਾਤਮਾ ਦੇ ਹੀ ਵਖਰੇ-ਵਖਰੇ ਨਾਮ ਹਨ, ਪਰ ਭੁਲੜ ਮੁਸਲਮਾਨ ਆਗੂ ਤੇ ਹਾਕਮ ਮੁਸਲਮਾਨ ਦੀ ਜ਼ਬਾਨੋਂ 'ਰਾਮ ਰਾਮ' ਦਾ ਸ਼ਬਦ ਉਚਾਰਨਾ ਬਹੁਤ ਮਾੜਾ ਸਮਝਦੇ ਸਨ ।

ਕਬੀਰ ਨੂੰ ਗੰਗਾ ਕਿਨਾਰੇ ਪਹੁੰਚਾਇਆ ਗਿਆ । ਰਿਵਾਜ ਅਨੁਸਾਰ ਲੋਕ ਦੇਖਣ ਵਾਸਤੇ ਕਿਨਾਰੇ ਤੇ ਇਕੱਠੇ ਹੋ ਗਏ । ਬਾਦਸ਼ਾਹ ਸਿਕੰਦਰ ਲੋਧੀ ਵੀ ਦੇਖਣ ਵਾਸਤੇ ਪੁਜਾ । ਉਹ ਇਕੱਲਾ ਨਹੀਂ ਸੀ । ਉਸ ਦੇ ਨਾਲ ਉਸ ਦੀਆਂ ਬੇਗਮਾਂ ਵੀ ਸਨ । ਗੰਗਾ ਦਾ ਜਲ ਠਾਠਾਂ ਮਾਰ ਰਿਹਾ ਸੀ । ਦਸ ਫੁਟ ਉਚੇ ਕਪਰ ਪੈਂਦੇ ਸਨ । ਕਪਰ ਨਹੀਂ ਸ਼ਾਇਦ ਗੰਗਾ ਖ਼ੁਸ਼ ਹੋ ਕੇ ਉਛਲ ਰਹੀ ਸੀ ਕਿ ਰਾਮ ਭਗਤ ਉਸ ਦੀ ਗੋਦ 'ਚ ਖੇਡਣ ਵਾਸਤੇ ਆ ਰਿਹਾ ਹੈ । ਰਾਮ ਭਗਤ ਨੂੰ ਗੋਦ ਖਿਡਾ ਕੇ ਉਹ ਜੀਵਨ ਸਫਲ ਕਰ ਲਏਗੀ । ਉਹਦਾ ਅੰਗ ਅੰਗ ਅਗੰਮੀ ਖ਼ੁਸ਼ੀ ਨਾਲ ਮਸਤ ਹੋ ਰਿਹਾ ਸੀ । ਉਪਰੰ ਆ ਕੇ ਛੇਤੀ ਤੋਂ ਛੇਤੀ ਕਬੀਰ ਦੇ ਚਰਨ ਛੂਹਣ ਵਾਸਤੇ ਉਤਾਵਲੀ ਸੀ ਪਰ ਹਾਕਮ ਗੰਗਾ ਦਾ ਚੜ੍ਹਾ ਦੇਖ ਕੇ ਖ਼ੁਸ਼ ਸਨ ਕਿ ਕਬੀਰ ਛੇਤੀ ਡੁਬ ਕੇ ਕਿਧਰੇ ਰੁੜ੍ਹ ਜਾਵੇਗਾ। ਸੰਸਾਰ ਤੇ ਮੱਛ ਉਹਦਾ ਮਾਸ ਖਾ ਜਾਣਗੇ ।

ਸਰਕਾਰੀ ਬੇੜਾ ਕਿਨਾਰੇ ਲਾਇਆ ਗਿਆ । ਪਿਆਦਿਆਂ ਤੇ ਜਲਾਦਾਂ ਨੇ ਕਬੀਰ ਨੂੰ ਚੁੱਕ ਕੇ ਬੇੜੇ (ਵਡੀ ਬੇੜੀ) ਵਿਚ ਰੱਖ ਦਿਤਾ । ਬੇੜੇ ਦੇ ਰੱਸੇ ਖੋਲ੍ਹ ਦਿਤੇ ਗਏ । ਮਲਾਹਾਂ ਨੇ ਚੱਪੂ ਚਲਾਏ ਤੇ ਬੇੜਾ ਗੰਗਾ ਦੀ ਹਿੱਕ ਵਲ ਚਲਿਆ। ਭਾਣਾ ਰੱਬ ਦਾ ਸੁਕੇ ਅੰਬਰ ਹੀ ਹਨੇਰੀ ਤੇ ਕਾਲੀ ਘਟਾ ਆ ਗਈ । ਧਰਮੀ ਲੋਕਾਂ ਨੇ ਕਿਹਾ 'ਮੁਗਲਾਂ ਉਤੇ ਭਗਵਾਨ ਕਰੋਪ ਹੋਇਆ ਹੈ, ਉਹ ਆਪਣੇ ਭਗਤ ਦੀ ਰਾਖੀ ਕਰੇਗਾ ।' ਬੇੜੇ ਨੂੰ ਡੋਬੇਗਾ ਪਰ ਇਸ ਗੱਲ ਤੇ ਹੋਰ ਹੈਰਾਨੀ ਹੋਈ ਕਿ ਬੱਦਲ ਤੇ ਝੱਖੜ ਆਇਆ ਅਤੇ ਪੰਜਾਂ ਮਿੰਟਾਂ ਵਿਚ ਹੀ ਅਗੇ ਲੰਘ ਗਿਆ । ਬੇੜਾ ਨਾ ਡੁੱਬਾ । ਕਿਨਾਰੇ ਖਲੋਤਿਆਂ ਨੂੰ ਸਾਫ਼ ਦਿਖਾਈ ਦੇਂਦਾ ਰਿਹਾ

ਜਦੋਂ ਬੇੜਾ ਗੰਗਾ ਦੇ ਅੱਧ ਵਿਚ ਚਲਿਆ ਗਿਆ ਜਿਥੇ ਪਾਣੀ ਬਹੁਤ ਡੂੰਘਾ ਤੇਜ ਵੇਗ ਵਿਚ ਚਲਦਾ ਸੀ ਤਾਂ ਪਿਆਦਿਆਂ ਤੇ ਜਲਾਦਾਂ ਨੇ ਕਬੀਰ ਨੂੰ ਚੁਕ ਕੇ ਗੰਗਾ ਵਿਚ ਸੁਟ ਦਿਤਾ। ਗੰਗਾ ਵਿਚ ਡਿਗਦੇ ਸਾਰ ਕਬੀਰ ਨੇ ਕਿਹਾ—
'ਰਾਮ ਤੇਰਾ ਆਸਰਾ।'

ਕੰਢੇ ਖਲੋਤੇ ਲੋਕਾਂ ਨੇ ਜਦੋਂ ਦੇਖਿਆ ਤਾਂ ਉਨ੍ਹਾਂ ਨੇ ਸ਼ੋਰ ਮਚਾ ਦਿਤਾ। ਬਾਦਸ਼ਾਹ ਨੇ ਬਹੁਤ ਬੁਰਾ ਕੀਤਾ ਹੈ ਭਗਤ ਨੂੰ ਪਾਣੀ ਵਿਚ ਡੋਬ ਦਿਤਾ। ਬਾਦਸ਼ਾਹੀ ਗ਼ਰਕ ਹੋ ਜਾਵੇਗੀ। ਓ ਕਬੀਰਾ! ਨਾ ਡੁਬੀਂ! ਭਗਵਾਨ ਬਚਾਈਂ, ਪਰ ਜਿਸ ਦਾ ਰਾਖਾ ਰਾਮ ਹੈ ਉਸ ਨੂੰ ਕੌਣ ਮਾਰੇ? ਜਿਉਂ ਹੀ ਕਬੀਰ ਨੇ 'ਰਾਮ! ਤੇਰਾ ਆਸਰਾ' ਆਖਿਆ ਤਿਉਂ ਹੀ ਹੱਥਾਂ ਪੈਰਾਂ ਦੇ ਸੰਗਲ ਆਪਣੇ ਆਪ ਟੁਟ ਗਏ। ਹੱਥ ਤੇ ਪੈਰ ਸੁਤੰਤਰ ਹੋ ਗਏ। ਪਾਣੀ ਵਿਚ ਇਕ ਡੁਬਕੀ ਲਗਾਉਣ ਪਿਛੋਂ ਕਬੀਰ ਜੀ ਗੰਗਾ ਦੇ ਪਾਣੀ ਦੀ ਸਤਹ ਉਤੇ ਆ ਗਏ। ਚੌਕੜਾ ਵੱਜ ਗਿਆ 'ਰਾਮ ਰਾਮ' ਦਾ ਸਿਮਰਨ ਕਰਦੇ ਹੋਏ ਇੰਝ ਬੈਠ ਗਏ ਸਨ ਜਿਵੇਂ ਧਰਤੀ ਉਤੇ ਆਸਣ ਲਾ ਕੇ ਬੈਠੇ ਹੁੰਦੇ ਨੇ। ਪਾਣੀ ਦੀ ਛਲ ਦਾ ਹੁਲਾਰਾ ਵੀ ਨਹੀਂ ਸੀ ਪੈਂਦਾ।

ਬੇੜੇ ਦੇ ਮਲਾਹ, ਪਿਆਦੇ ਤੇ ਜਲਾਦ ਅੰਨ੍ਹੇ ਹੋ ਗਏ। ਬੇੜਾ ਡੁਬਣ ਲਗਾ। ਉਨ੍ਹਾਂ ਹਾਲ ਪਾਹਰਿਆ ਮਚਾ ਦਿਤਾ। 'ਕੋਈ ਬਚਾਵੇ! ਕੋਈ ਬਚਾਵੇ! ਦਾ ਸ਼ੋਰ ਪਾਉਣ ਲਗੇ ਪਰ ਉਨ੍ਹਾਂ ਨੂੰ ਬਚਾਵੇ ਕਿਹੜਾ। ਕਿਨਾਰੇ ਖਲੋਤਿਆਂ ਨੂੰ ਬੇੜਾ ਦਿਸਦਾ ਹੀ ਨਹੀਂ ਸੀ। ਬੇੜਾ ਪੁਠਾ ਹੋ ਗਿਆ। ਜਲਾਦ ਮਲਾਹ ਤੇ ਪਿਆਦੇ ਡੁਬ ਕੇ ਮਰ ਗਏ। ਗੰਗਾ ਦਾ ਅਥਾਹ ਜਲ ਰੋੜ੍ਹ ਕੇ ਅਗੇ ਲੈ ਗਿਆ।

ਦੂਸਰੇ ਪਾਸੇ ਕਬੀਰ ਜੀ ਪਾਣੀ ਦੀ ਸਤਹ ਉਤੇ ਚੌਕੜਾ ਮਾਰੀ ਬੈਠੇ ਸਨ ਅਤੇ ਫਿਰ ਬਾਣੀ ਉਚਾਰ ਕੇ ਪੜ੍ਹ ਰਹੇ ਸਨ—

*ਗੰਗ ਗੁਸਾਇਨਿ ਗਹਿਰ ਗੰਭੀਰ ॥ ਜੰਜੀਰ ਬਾਂਧਿ ਕਰਿ ਖਰੇ ਕਬੀਰ ॥੧॥*
*ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਨ ਕਮਲ ਚਿਤੁ ਰਹਿਓ ਸਮਾਇ ॥ ਰਹਾਉ ॥*
*ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥ ਮ੍ਰਿਗਛਾਲਾ ਪਰ ਬੈਠੇ ਕਬੀਰ ॥੨॥*
*ਕਹਿ ਕੰਬੀਰ ਕੋਊ ਸੰਗ ਨ ਸਾਥ ॥ ਜਲ ਥਲ ਰਾਖਨ ਹੈ ਰਘੁਨਾਥ ॥੩॥੧੦॥੧੮॥*

(ਭੈਰਉ ਕਬੀਰ)

ਹੌਲੀ ਹੌਲੀ ਜਲ ਆਪੇ ਹੀ ਉਨ੍ਹਾਂ ਨੂੰ ਘਾਟ ਵਲ ਲਈ ਆਇਆ ਜਿਸ ਘਾਟ ਉਤੇ ਰੋਜ਼ ਇਸ਼ਨਾਨ ਕਰਿਆ ਕਰਦੇ ਸਨ। ਉਸ ਘਾਟ ਉਤੇ ਆ ਲਗੇ।

'ਰਾਮ! ਤੇਰਾ ਆਸਰਾ' ਆਖ ਕੇ ਜਲ ਤੋਂ ਉਤਰੇ ਘਾਟ ਦੀ ਪਥਰੀਲੀ ਸਤਹ ਉਤੇ ਖਲੋ ਗਏ। ਕਿਨਾਰੇ ਖਲੋਤੇ ਕਬੀਰ ਦੇ ਸ਼ਰਧਾਲੂ ਕਬੀਰ ਨੂੰ ਦੇਖਦੇ ਹੋਏ ਘਾਟ ਵਲ ਆ ਗਏ ਸਨ। ਘਾਟ ਤੇ ਪੁਜ ਕੇ ਜਦੋਂ ਉਨ੍ਹਾਂ ਕਬੀਰ ਜੀ ਨੂੰ ਨੌ-ਬਰ-ਨੌ ਦੇਖਿਆ ਤਾਂ ਖ਼ੁਸ਼ੀ ਨਾਲ ਗਦ-ਗਦ ਹੋ ਗਏ। ਕਬੀਰ ਜੀ ਨੂੰ ਪ੍ਰਨਾਮ ਕੀਤਾ। ਅਗੇ ਅਗੇ ਕਬੀਰ ਜੀ ਤੇ ਪਿਛੇ ਪਿਛੇ ਲੋਕ ਹਰੀ ਨਾਮ ਦਾ ਕੀਰਤਨ ਕਰਦੇ ਹੋਏ ਸ਼ਹਿਰ ਆ ਗਏ।

ਆਪਣੀ ਵਲੋਂ ਕਬੀਰ ਨੂੰ ਗੰਗਾ ਵਿਚ ਡੋਬ ਕੇ ਬਾਦਸ਼ਾਹ ਸਿਕੰਦਰ ਲੋਧੀ ਆਪਣੇ ਡੇਰੇ ਨੂੰ ਮੁੜ ਰਿਹਾ ਸੀ। ਚੁਗਲ ਮੌਲਵੀ ਤੇ ਪੰਡਤ ਉਹਦੇ ਨਾਲ-ਨਾਲ ਆ ਰਹੇ ਸਨ। ਅਜੇ ਡੇਰੇ ਨਹੀਂ ਸੀ ਪੁਜਾ ਕਿ ਉਨ੍ਹਾਂ ਨੂੰ ਸੁਨੇਹਾ ਮਿਲਿਆ ਕਿ ਕਬੀਰ ਗੁਸਾਈਂ ਡੁੱਬਾ ਨਹੀਂ। ਉਹ ਤਾਂ ਹਰਿ ਕੀਰਤਨ ਕਰਦਾ ਹੋਇਆ ਕਾਂਸ਼ੀ ਦੇ ਬਜ਼ਾਰਾਂ ਵਿਚ ਆਪਣਾ ਜਲੂਸ ਕੱਢੀ ਫਿਰਦਾ ਹੈ। ਸੁਨੇਹਾ ਦੇਣ ਵਾਲੇ ਨੇ ਨਾਲ ਹੀ ਆਖਿਆ, 'ਜਹਾਂ ਪਨਾਹ! ਕਬੀਰ ਜਾਦੂਗਰ ਹੈ। ਉਹ ਪਾਣੀ ਵਿਚ ਨਹੀਂ ਡੁਬੇਗਾ। ਉਸ ਨੂੰ ਅੱਗ ਵਿਚ ਸਾੜੋ। ਉਸ ਨੇ ਤਾਂ ਜਾਦੂ ਨਾਲ ਜਲਾਦ, ਮਲਾਹ ਤੇ ਪਿਆਦੇ ਵੀ ਬੇੜੇ ਸਮੇਤ ਡੋਬ ਦਿਤੇ ਹਨ। ਉਸ ਦੀ ਮਹਿਮਾ ਘਟਨ ਦੀ ਥਾਂ ਵਧ ਗਈ ਹੈ। ਸਾਰਾ ਸ਼ਹਿਰ ਬਾਦਸ਼ਾਹ ਸਲਾਮਤ ਨੂੰ ਬੁਰਾ ਭਲਾ ਆਖ ਰਿਹਾ ਹੈ। ਕਬੀਰ ਸਗੋਂ ਉਚੀ ਉਚੀ ਰਾਮ ਰਾਮ ਆਖਦਾ ਹੈ। ਉਹ ਮੌਲਵੀਆਂ ਕਾਜ਼ੀਆਂ ਤੇ ਸਰਕਾਰੀ ਹਾਕਮਾਂ ਨੂੰ ਚਿੜਾਉਂਦਾ ਹੈ।' ਚੁਗਲ ਦੀ ਜ਼ਬਾਨੋਂ ਇਹ ਸੁਣ ਕੇ ਬਾਦਸ਼ਾਹ ਦੰਗ ਰਹਿ ਗਿਆ। ਉਹ ਸੋਚਣ ਲੱਗਾ ਲੋਹੇ ਦੇ ਸੰਗਲ ਨਾਲ ਜੂੜਿਆ ਹੋਇਆ ਆਦਮੀ ਗੰਗਾ ਦੀਆਂ ਲਹਿਰਾਂ ਵਿਚੋਂ ਕਿਵੇਂ ਬਚ ਗਿਆ। ਜੇ ਇਹ ਆਦਮੀ ਐਸੇ ਬਚ ਸਕਦਾ ਹੈ ਤਾਂ ਇਕ ਦਿਨ ਬਾਦਸ਼ਾਹੀ ਉਲਟਾ ਸਕਦਾ ਹੈ, ਐਸੇ ਆਦਮੀ ਨੂੰ ਜ਼ਰੂਰ ਮਾਰਨਾ ਚਾਹੀਦਾ ਹੈ। ਉਸਨੇ ਉਥੇ ਖਲੋਤਿਆਂ ਹੀ ਹੁਕਮ ਦਿਤਾ, 'ਜਾਓ ਕਬੀਰ ਨੂੰ ਇਕ ਵਾਰ ਫਿਰ ਮੇਰੇ ਸਾਹਮਣੇ ਪੇਸ਼ ਕਰੋ, ਮੈਂ ਉਸ ਨੂੰ ਮਾਰਾਂਗਾ। ਖ਼ਤਮ ਕਰਾਂਗਾ, ਜਾਓ ਛੇਤੀ ਜਾਓ।'

ਸਰਕਾਰੀ ਪਿਆਦੇ ਸਿਰ ਤੋੜ ਨੱਸ ਉਠੇ। ਜਿਧਰ ਕਬੀਰ ਦੀ ਦਸ ਪਈ ਉਧਰ ਹੀ ਪੁਜੇ। ਇਕ ਚੌਂਕ ਦੇ ਵਿਚ ਸ਼ਬਦ ਪੜ੍ਹ ਰਹੇ ਕਬੀਰ ਨੂੰ ਜਾ ਘੇਰਿਆ। ਚਲੋ, ਤੁਹਾਨੂੰ ਬਾਦਸ਼ਾਹ ਸਲਾਮਤ ਬੁਲਾਉਂਦੇ ਨੇ। ਉਹਨਾਂ ਦਾ ਕਰੜਾ ਹੁਕਮ

ਹੈ । ਛੇਤੀ ਚਲਣਾ ਹੋਵੇਗਾ ।

ਚਲੋ ਭਾਈ ਬਾਦਸ਼ਾਹ ਮਨ ਆਈਆਂ ਕਰ ਲਵੇ, ਲੈ ਚਲੋ। ਕਬੀਰ ਬਾਦਸ਼ਾਹ ਕੋਲੋਂ ਡਰਦਾ ਨਹੀਂ ਕਿਉਂਕਿ ਕਬੀਰ ਦਾ ਪਾਤਸ਼ਾਹ ਵੱਡਾ ਹੈ । ਇਹ ਕਬੀਰ ਦਾ ਉੱਤਰ ਸੀ ।

ਕਬੀਰ ਦੇ ਸ਼ਰਧਾਲੂ ਹੁਣ ਬੜੇ ਕ੍ਰੋਧ ਵਿਚ ਸਨ। ਉਹ ਇਸ ਵਾਰ ਕਬੀਰ ਨੂੰ ਬਾਦਸ਼ਾਹ ਕੋਲ ਨਹੀਂ ਜਾਣ ਦੇਣਾ ਚਾਹੁੰਦੇ ਸਨ ਪਰ ਕਬੀਰ ਨੇ ਉਹਨਾਂ ਨੂੰ ਸ਼ਾਂਤ ਰਹਿਣ ਵਾਸਤੇ ਆਖਿਆ। ਅਗੇ ਅਗੇ ਕਬੀਰ ਪਿਛੇ ਪਿਆਦੇ ਅਤੇ ਪਿਆਦਿਆਂ ਪਿਛੇ ਕਬੀਰ ਪੰਥੀ ਸਨ। ਇਕ ਤਕੜੇ ਜਲੂਸ ਦੀ ਸ਼ਕਲ ਵਿਚ ਫਿਰ ਕਬੀਰ ਜੀ ਬਾਦਸ਼ਾਹ ਦੇ ਡੇਰੇ ਪੁਜ ਗਏ ।

'ਓ ਕਬੀਰਾ! ਅਜੇ ਵੀ ਮੇਰੇ ਆਖੇ ਲੱਗ, ਰਾਮ ਨਾਮ ਛਡ ਕੇ ਸੱਚਾ ਮੁਸਲਮਾਨ ਬਣ ਨਹੀਂ ਤੇ ਮੈਂ ਬਹੁਤ ਬੁਰੀ ਕਰਾਂਗਾ। ਤੇਰੇ ਸਾਰੇ ਟੱਬਰ ਨੂੰ ਵੇਲਣੇ ਵਿਚ ਹੀ ਦਲ ਸੁਟਾਂਗਾ। ਤੇਰੇ ਡੱਕਰੇ ਕੀਤੇ ਜਾਣਗੇ। ਅਗੇ ਤਾਂ ਜਾਦੂ ਦੇ ਦਾਅ ਪੇਚ ਨਾਲ ਬਚ ਗਿਆ ਹੈਂ। ਹੁਣ ਅੱਗ ਵਿਚ ਸਾੜਿਆ ਜਾਵੇਂਗਾ, ਰਤਾ ਸੋਚ। ਤੇਰਾ ਜਨਮ ਮੁਸਲਮਾਨ ਦੇ ਘਰ ਦਾ ਹੈ ਤੇ ਬਣਿਆ ਹਿੰਦੂ ਫਿਰਦਾ ਹੈਂ, ਸ਼ਰਮ ਕਰ।' ਬਾਦਸ਼ਾਹ ਨੇ ਆਖਿਆ ।

ਕਬੀਰ ਜੀ ਨੇ ਉੱਤਰ ਦਿਤਾ—

*ਕਬੀਰ ਜਿਹ ਦਰਿ ਆਵਤ ਜਾਤਿਅਹੁ ਹਟਕੈ ਨਾਹੀ ਕੋਇ ॥*
*ਸੋ ਦਰੁ ਕੈਸੇ ਛੋਡੀਐ ਜੋ ਦਰੁ ਐਸਾ ਹੋਇ ॥੬੬॥*

ਜਿਸ ਰਾਮ ਦੇ ਦਰਬਾਰ ਅਥਵਾ ਬੂਹੇ ਉਤੇ ਆਉਂਦਿਆਂ ਕੋਈ ਰੋਕਦਾ ਨਹੀਂ ਓਸ ਪਿਆਰੇ ਦੇ ਦਰ (ਦਰਵਾਜ਼ੇ ਜਾਂ ਘਰ) ਨੂੰ ਕਿਵੇਂ ਛਡ ਦੇਵਾਂ।

*ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ ॥*
*ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ ॥੭੪॥*

ਹੇ ਰਾਜ ਪੁਰਸ਼, ਕਬੀਰ ਤਾਂ ਰਾਮ ਦਾ ਕੁੱਤਾ ਹੈ ਮੋਤੀ ਮੇਰਾ ਨਾਮ ਹੈ। ਰਾਮ ਨੇ ਮੇਰੇ ਗਲ ਰੱਸੀ ਪਾਈ ਹੋਈ ਹੈ। ਜਿਧਰ ਖਿੱਚਦਾ ਹੈ ਉਧਰ ਹੀ ਮੁੜ ਪੈਂਦਾ ਹਾਂ। ਮੇਰੇ ਵਸ ਦੀ ਗੱਲ ਕੋਈ ਨਹੀਂ ।

*ਕਹਿ ਕਬੀਰ ਭੈ ਸਾਗਰ ਤਰਨ ਕਉ ਮੈ ਸਤਿਗੁਰ ਓਟ ਲਇਓ ॥੪॥੧॥੮॥੫੯॥*

ਕਬੀਰ ਜੀ ਆਖਦੇ ਹਨ—ਡਰ ਰੂਪੀ ਸਮੁੰਦਰ ਨੂੰ ਤਰਨ ਵਾਸਤੇ ਮੈਂ ਸਚੇ

ਸਤਿਗੁਰੂ (ਪ੍ਰਮਾਤਮਾ) ਦਾ ਆਸਰਾ ਤੱਕਿਆ। ਦਲੇਰੀ ਨਾਲ ਕਬੀਰ ਜੀ ਬਾਦਸ਼ਾਹ ਨੂੰ ਸੁਣਾਈ ਗਏ। ਉਹਨਾਂ ਨੇ ਸਚੋ ਸੱਚ ਕਹਿ ਦੇਣ ਦਾ ਫ਼ੈਸਲਾ ਕੀਤਾ ਸੀ। ਕਬੀਰ ਜੀ ਨੇ ਆਖਿਆ—

*ਕਬੀਰ ਜੋਰੁ ਕੀਆ ਸੋ ਜੁਲਮੁ ਹੈ ਲੇਇ ਜਬਾਬੁ ਖੁਦਾਇ ॥*
*ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ ॥੨੦੦॥*
*ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ ॥*
*ਉਸੁ ਸਚੇ ਦੀਬਾਨ ਮਹਿ ਪਲਾ ਨ ਪਕਰੈ ਕੋਇ ॥੨੦੧॥*

ਪ੍ਰਮਾਰਥ—(ਬਾਦਸ਼ਾਹ ਅੱਜ) ਜੋ ਧੱਕਾ ਕਰਦਾ ਹੈ, ਓਹ ਜ਼ੁਲਮ ਪਾਪ ਕਰਦਾ ਹੈ। ਖ਼ੁਦਾ (ਪ੍ਰਮਾਤਮਾ) ਦੇ ਦਫ਼ਤਰ ਉਸ ਦੇ ਕਰਮਾਂ ਦਾ ਜਦੋਂ ਲੇਖਾ ਹੋਵੇਗਾ ਤਾਂ ਪਾਪਾਂ ਦਾ ਪੱਲਾ ਭਾਰੀ ਨਿਕਲੇਗਾ। ਜਦੋਂ ਪਾਪ ਬਹੁਤੇ ਹੋਏ ਤਾਂ ਉਸ ਦੇ ਮੂੰਹ ਉਤੇ (ਚਪੇੜਾਂ) ਵੱਜਣਗੀਆਂ। ਪਾਪਾਂ ਦਾ ਫਲ ਉਸ ਨੂੰ ਭੁਗਤਣਾ ਪਵੇਗਾ।

ਲੇਖਾ ਦੇਣਾ ਤਾਂ ਹੀ ਸੌਖਾ ਹੁੰਦਾ ਹੈ ਜੇ ਦਿਲ ਵਿਚ ਸਚਾਈ ਹੋਵੇ ਕਿਉਂਕਿ ਸਚੇ ਪ੍ਰਮਾਤਮਾ ਦੀ ਦਰਗਾਹ ਵਿਚ ਕਰਮਾਂ ਤੋਂ ਬਿਨਾਂ ਕੋਈ ਸਹਾਇਤਾ ਨਹੀਂ ਕਰ ਸਕਦਾ। ਉਥੇ ਕੋਈ ਜ਼ਮਾਨਤੀ ਵੀ ਨਹੀਂ ਬਣਦਾ।

ਇਉਂ ਉੱਤਰ ਦੇਂਦਾ ਹੋਇਆ ਕਬੀਰ ਉਚੀ-ਉਚੀ ਆਖਣ ਲਗ ਪਿਆ— 'ਰਾਮ ਰਾਮ! ਰਾਮ ਰਾਮ!'

*ਕਬੀਰ ਲਾਗੀ ਪ੍ਰੀਤਿ ਸੁਜਾਨ ਸਿਉ ਬਰਜੈ ਲੋਗੁ ਅਜਾਨੁ ॥*
*ਤਾ ਸਿਉ ਟੂਟੀ ਕਿਉ ਬਨੈ ਜਾ ਕੇ ਜੀਅ ਪਰਾਨ ॥੨੧੭॥*

ਸਿਕੰਦਰ ਲੋਧੀ ਹੈਰਾਨ ਹੋ ਗਿਆ ਕਿ ਇਕ ਮਾਮੂਲੀ ਜੁਲਾਹਿਆ ਦਿੱਲੀ ਦੇ ਬਾਦਸ਼ਾਹ ਕੋਲੋਂ ਨਹੀਂ ਡਰਦਾ। ਮੌਤ ਕੋਲੋਂ ਨਹੀਂ ਡਰਦਾ। ਹੱਛਾ ਮੈਂ ਵੀ ਸਿਕੰਦਰ ਹਾਂ। ਜ਼ਰੂਰ ਇਸ ਨੂੰ ਸਿਧੇ ਰਾਹ ਪਾਵਾਂਗਾ। ਇਹ ਆਖ ਕੇ ਉਹ ਕ੍ਰੋਧ ਨਾਲ ਕੰਬਿਆ, ਅੱਖਾਂ ਲਾਲ ਕੀਤੀਆਂ। ਅਹਿਲਕਾਰਾਂ ਨੂੰ ਕਹਿਣ ਲਗਾ 'ਲੱਕੜਾਂ ਇਕੱਠੀਆਂ ਕਰੋ। ਉਨ੍ਹਾਂ ਲੱਕੜਾਂ ਵਿਚ ਕਬੀਰ ਨੂੰ ਬੈਠਾ ਕੇ ਸਾੜ ਸੁਟੋ। ਪਾਣੀ ਤੋਂ ਬਚ ਗਿਆ, ਅੱਗ ਤੋਂ ਕਿਵੇਂ ਬਚੇਗਾ? ਹਾਂ ਲੱਕੜਾਂ ਅੱਧੀਆਂ ਹੇਠਾਂ ਰਖਣੀਆਂ ਤੇ ਅੱਧੀਆਂ ਉਪਰ। ਪਹਿਰਾ ਤਾੜਕੇ ਰੱਖਣਾ। ਜੇ ਇਸ ਦਫ਼ਾ ਵੀ ਇਹ ਬਚ ਗਿਆ ਤਾਂ ਯਾਦ ਰਖੋ ਤੁਹਾਡੀ ਜਾਨ ਨਹੀਂ ਬਚੇਗੀ।'

ਇਉਂ ਤਾੜਨਾ ਕਰਕੇ ਬਾਦਸ਼ਾਹ ਤੰਬੂ ਵਿਚ ਗਿਆ। ਸਰਕਾਰੀ ਕਸਾਈਆਂ

ਨੇ ਕਬੀਰ ਜੀ ਨੂੰ ਬੰਨ੍ਹ ਲਿਆ ਤੇ ਉਜਾੜ ਵਿਚ ਲੈ ਗਏ । ਬਹੁਤ ਸਾਰੀਆਂ ਲੱਕੜਾਂ ਹੇਠਾਂ ਰੱਖੀਆਂ । ਵਿਚਾਲੇ ਕਬੀਰ ਨੂੰ ਰੱਖ ਕੇ ਉਪਰ ਫਿਰ ਚੌੜੀਆਂ ਲੱਕੜਾਂ ਰੱਖ ਦਿਤੀਆਂ । ਨੰਗੀ ਤਲਵਾਰ ਦਾ ਚੌਗਿਰਦ ਪਹਿਰਾ ਸੀ । ਕੋਈ ਵੀ ਚਿਖਾ ਦੇ ਲਾਗੇ ਨਹੀਂ ਸੀ ਜਾ ਸਕਦਾ ।

ਚਾਰੇ ਪਾਸੇ ਤੋਂ ਇਕ ਵਾਰ ਅੱਗ ਲਾਈ । ਮਿੰਟਾਂ ਵਿਚ ਦੀ ਅੱਗ ਦੇ ਭਾਂਬੜ ਬਲੇ । ਦੇਖਣ ਵਾਲਿਆਂ ਕਲਜੁਗ ਦੇ ਲੋਕਾਂ ਨੇ ਹੌਕੇ ਲਏ ਤੇ ਆਖਿਆ 'ਅੱਜ ਕਬੀਰ ਮਰ ਗਿਆ, ਹੁਣ ਨਹੀਂ ਬਚੇਗਾ ।' ਪਰ ਕਬੀਰ ਨੂੰ ਭਰੋਸਾ ਸੀ ਕਿ ਜੇ ਉਸ ਦੇ ਰਾਮ ਨੇ ਅਜੇ ਨਹੀਂ ਮਾਰਨਾ ਤਾਂ ਉਹ ਨਹੀਂ ਮਰੇਗਾ।

ਅੱਗ ਦੇ ਲਾਂਬੂ ਨਿਕਲੇ ਸਾਰੀਆਂ ਲੱਕੜਾਂ ਅੱਗ ਦੀ ਲਪੇਟ ਵਿਚ ਆ ਗਈਆਂ। ਸਾਰੇ ਰਾਖੇ ਦੋ ਦੋ ਪੈਲੀਆਂ ਪਿਛੇ ਹੋ ਗਏ ਕਿਉਂਕਿ ਸੇਕ ਦੂਰ ਦੂਰ ਜਾਂਦਾ ਸੀ । ਦੂਰ ਦੇਖਦੇ ਰਹੇ ਕਿ ਕਿਸੇ ਕਰਾਮਾਤ ਨਾਲ ਕਬੀਰ ਅੱਗ ਵਿਚੋਂ ਨਿਕਲ ਜਾਂਦਾ ਹੈ ਕਿ ਨਹੀਂ । ਤਿੰਨ ਘੰਟੇ ਅੱਗ ਬਲਦੀ ਰਹੀ । ਤਿੰਨ ਘੰਟਿਆਂ ਪਿਛੋਂ ਸਰਕਾਰੀ ਕਰਮਚਾਰੀਆਂ ਨੂੰ ਇੰਝ ਪ੍ਰਤੀਤ ਹੋਣ ਲਗ ਪਿਆ ਜਿਵੇਂ ਹੁਣ ਸੁਆਹ ਦਾ ਢੇਰ ਹੀ ਰਹਿ ਗਿਆ ਹੈ । ਉਨ੍ਹਾਂ ਨੂੰ ਭਰੋਸਾ ਹੋ ਗਿਆ ਕਿ ਇਸ ਵਾਰ ਕਬੀਰ ਜੀਉਂਦਾ ਨਹੀਂ ਰਿਹਾ । ਉਸ ਦੀਆਂ ਹੱਡੀਆਂ ਵੀ ਸੜ ਕੇ ਸੁਆਹ ਹੋ ਚੁਕੀਆਂ ਹੋਣਗੀਆਂ । ਹੁਣ ਪਾਣੀ ਸੁਟ ਕੇ ਚਿਖਾ ਨੂੰ ਬੁਝਾ ਕੇ ਗੰਗਾ ਵਿਚ ਸੁਟ ਦੇਣਾ ਚਾਹੀਦਾ ਹੈ । ਉਨ੍ਹਾਂ ਨੇ ਪਾਣੀ ਦੀਆਂ ਮਸ਼ਕਾਂ ਮੰਗਵਾਈਆਂ, ਚਿਖਾ ਨੂੰ ਠੰਢਿਆਂ ਕੀਤਾ, ਠੰਢਿਆਂ ਕਰਕੇ ਜਦੋਂ ਫਰੋਲਿਆ ਤਾਂ ਹੇਠੋਂ ਕਬੀਰ ਜੀ ਜੀਉਂਦੇ ਨਿਕਲੇ । ਉਨ੍ਹਾਂ ਦੇ ਉਦਾਲੇ ਦੇ ਕਪੜੇ ਨਾ ਸੜੇ ਨਾ ਖੜਾਵਾਂ ਸੜੀਆਂ। ਉਹ ਉਠ ਕੇ ਰਾਮ ਰਾਮ ਆਖਣ ਲਗ ਪਏ। ਉਨ੍ਹਾਂ ਸਗੋਂ ਸਰਕਾਰੀ ਕਰਮਚਾਰੀਆਂ ਨੂੰ ਪੁਛਿਆ—'ਰਾਮ ਜਨੋ ! ਤੁਹਾਨੂੰ ਕੋਈ ਕਸ਼ਟ ਤਾਂ ਨਹੀਂ ਹੋਇਆ ?'

ਜਿਵੇਂ ਅੱਗ ਦੇ ਸੇਕ ਨਾਲ ਸੋਨਾ ਸਾਫ਼ ਹੋ ਜਾਂਦਾ ਹੈ ਤੇ ਡਲ੍ਹਕਾਂ ਮਾਰਦਾ ਹੈ, ਤਿਵੇਂ ਚਿਖਾ ਵਿਚੋਂ ਨਿਕਲ ਕੇ ਕਬੀਰ ਜੀ ਦੂਣੇ ਨੂਰੋ ਨੂਰ ਹੋ ਗਏ । ਉਨ੍ਹਾਂ ਦੇ ਚਿਹਰੇ ਦਾ ਪ੍ਰਭਾਵ ਝਲਿਆ ਨਹੀਂ ਸੀ ਜਾਂਦਾ। ਉਹ ਸਚਮੁਚ ਭਗਵਾਨ ਰੂਪ ਹੋ ਗਏ ਸਨ । ਦੋਹਾਂ ਕਸ਼ਟਾਂ ਵਿਚੋਂ ਉਨ੍ਹਾਂ ਦੇ ਰਾਮ ਨੇ ਉਨ੍ਹਾਂ ਨੂੰ ਹੱਥ ਦੇ ਕੇ ਰਖ ਲਿਆ ।

ਕਬੀਰ ਸੜਿਆ ਨਹੀਂ । ਅੱਗ ਨੇ ਨਹੀਂ ਸਾੜਿਆ । ਉਹ ਸਚਮੁਚ ਰਾਮ

ਭਗਤ! ਇਹ ਤਿੰਨੇ ਵਾਕ ਕਾਂਸ਼ੀ ਦੇ ਹਰ ਵਾਸੀ ਦੀ ਜ਼ਬਾਨੋਂ ਆਪ ਮੁਹਾਰੇ ਨਿਕਲ ਰਹੇ ਸਨ। ਹਰ ਪਾਸੇ ਕਬੀਰ ਦੀ ਸੋਭਾ ਹੋ ਰਹੀ ਸੀ। ਕਬੀਰ ਦਾ ਪ੍ਰਵਾਰ ਜੋ ਸੋਗ ਵਿਚ ਬੈਠਾ ਸੀ, ਉਹ ਖ਼ੁਸ਼ ਹੋ ਗਿਆ। ਮਾਤਾ ਲੋਈ ਖ਼ੁਸ਼ੀ ਵਿਚ ਫੁਲੀ ਨਹੀਂ ਸੀ ਸਮਾਉਂਦੀ। ਰਾਮ ਨੇ ਉਸ ਦੇ ਜੀਵਨ ਸਾਥੀ ਨੂੰ ਬਚਾ ਲਿਆ ਸੀ, ਕਬੀਰ ਦੀ ਉਪਮਾ ਹੋਣ ਲਗੀ।

ਕਾਂਸ਼ੀ ਦੇ ਕੋਤਵਾਲ ਤੇ ਹੋਰ ਸਰਕਾਰੀ ਅਹਿਲਕਾਰਾਂ ਨੂੰ ਕਰੜਾ ਹੁਕਮ ਸੀ ਕਿ ਜਿਵੇਂ ਵੀ ਹੋਵੇ ਕਬੀਰ ਨੂੰ ਜ਼ਰੂਰ ਮਾਰਨਾ ਜੇ। ਜੇ ਇਹ ਜੀਉਂਦਾ ਰਹਿ ਗਿਆ ਤਾਂ ਤੁਹਾਨੂੰ ਮਾਰ ਦਿਤਾ ਜਾਵੇਗਾ।

ਅੱਗ ਵਿਚੋਂ ਨਿਕਲੇ ਕਬੀਰ ਨੂੰ ਉਨ੍ਹਾਂ ਫਿਰ ਫੜ ਲਿਆ। ਹੱਥੀਂ ਪੈਰੀਂ ਬੇੜੀਆਂ ਤੇ ਹਥਕੜੀਆਂ ਮਾਰ ਕੇ ਮੁੜ ਕਬੀਰ ਨੂੰ ਨਰੜ ਲਿਆ। ਮੂਰਖ ਸਮਝੇ ਨਾ ਕਿ ਕਬੀਰ ਰਾਮ ਅੰਸ ਹੈ ਇਹ ਅਮਰ ਹੈ ਨਹੀਂ ਮਰੇਗਾ। ਉਨ੍ਹਾਂ ਫ਼ੈਸਲਾ ਕੀਤਾ ਕਿ ਬਾਦਸ਼ਾਹ ਨੂੰ ਅਣਦਸੇ ਹੀ ਹਾਥੀ ਅਗੇ ਸੁਟ ਕੇ ਕਬੀਰ ਨੂੰ ਮਾਰ ਦਿਤਾ ਜਾਵੇ।

ਖ਼ੂਨੀ ਹਾਥੀ ਨੂੰ ਸ਼ਰਾਬ ਪਿਲਾਈ ਗਈ। ਨਸ਼ੇ ਨਾਲ ਹਾਥੀ ਅੰਨ੍ਹਾ ਹੋ ਗਿਆ ਤਾਂ ਉਹਦੇ ਅਗੇ ਕਬੀਰ ਨੂੰ ਸੁਟ ਦਿਤਾ ਗਿਆ। ਵਾਹ ਰਾਮ ਦੇ ਰੰਗ ਪਸ਼ੂ ਹਾਥੀ ਪੁਰਸ਼ਾਂ ਨਾਲੋਂ ਬਹੁਤੀ ਸੂਝ ਰਖਦਾ ਸੀ, ਆਪਣੇ ਅਗੇ ਕਬੀਰ ਨੂੰ ਪਿਆ ਦੇਖ ਕੇ ਹਾਥੀ ਦਾ ਨਸ਼ਾ ਉਤਰ ਗਿਆ। ਸੁੰਡ ਚੁਕ ਕੇ ਅਤੇ ਅਗਲੇ ਗੋਡੇ ਨਿਵਾ ਕੇ ਉਸ ਨੇ ਕਬੀਰ ਜੀ ਨੂੰ ਨਮਸ਼ਕਾਰ ਕੀਤੀ। ਦੋ ਕਦਮ ਪਿਛੇ ਹਟ ਗਿਆ। ਜਲਾਦ ਮਹਾਵਤ ਨੇ ਹਾਥੀ ਦੇ ਸਿਰ ਵਿਚ ਕੁੰਡੀਆਂ ਮਾਰੀਆਂ ਕਿ ਅਗੇ ਹੋ ਕੇ ਕਬੀਰ ਨੂੰ ਲਤਾੜ ਸੁਟੇ। ਸੁੰਡ ਨਾਲ ਚੁਕ ਕੇ ਮਾਰੇ ਪਰ ਸਿਆਣਾ ਹਾਥੀ ਰਾਮ ਭਗਤ ਨੂੰ ਕਸ਼ਟ ਦੇ ਕੇ ਆਪ ਨਰਕਾਂ ਦਾ ਭਾਗੀ ਨਹੀਂ ਸੀ ਬਣਨਾ ਚਾਹੁੰਦਾ। ਮਹਾਵਤ ਮਾਰ ਮਾਰ ਕੇ ਥੱਕ ਗਿਆ ਪਰ ਹਾਥੀ ਨੇ ਅਗੇ ਪੈਰ ਨਹੀਂ ਪੁਟਿਆ। ਆਖ਼ਰ ਹਾਥੀ ਨੇ ਅੱਕ ਕੇ ਆਪਣੇ ਪੂਰੇ ਬਲ ਤੋਂ ਕੰਮ ਲਿਆ। ਕ੍ਰੋਧ ਨਾਲ ਪਾਗਲ ਹੋ ਕੇ ਉਸ ਨੇ ਚੀਕਾਂ ਮਾਰੀਆਂ, ਪਿਛੇ ਹਟਿਆ ਕਬੀਰ ਨੂੰ ਬਚਾ ਕੇ ਜ਼ੋਰ ਨਾਲ ਨੱਠ ਉਠਿਆ, ਸੁੰਡ ਮਾਰ ਮਾਰ ਮਹਾਵਤ ਨੂੰ ਹੇਠਾਂ ਸੁਟਣ ਦਾ ਯਤਨ ਕੀਤਾ ਪਰ ਚੰਬੜਿਆ ਹੋਇਆ ਮਹਾਵਤ ਨਾ ਡਿਗ ਸਕਿਆ। ਆਪ ਮੁਹਾਰੇ ਹੋ ਕੇ ਹਾਥੀ ਸ਼ਹਿਰ ਵਿਚੋਂ ਬਾਹਰ ਹੋ ਗਿਆ। ਘਣੇ ਜੰਗਲ

ਵਿਚ ਦੌੜ ਪਿਆ, ਮਹਾਵਤ ਨੇ ਦੇਖਿਆ ਕਿ ਉਹਦੀ ਜਾਨ ਲਵੇਗਾ ਤਾਂ ਘਬਰਾ ਕੇ ਮਹਾਵਤ ਨੇ ਹਾਥੀ ਦੀ ਧੌਣ ਉਤੋਂ ਛਾਲ ਮਾਰ ਦਿਤੀ। ਛਾਲ ਮਾਰਨ ਦੀ ਢਿੱਲ ਹੀ ਸੀ ਹਾਥੀ ਉਨ੍ਹੀ ਪੈਰੀਂ ਰੁਕ ਗਿਆ। ਉਸ ਨੇ ਮਹਾਵਤ ਨੂੰ ਫੜ ਲਿਆ ਤੇ ਪੈਰਾਂ ਹੇਠਾਂ ਲਿਤਾੜ ਲਿਤਾੜ ਕੇ ਮਾਰ ਦਿਤਾ। ਮੁੜ ਹਾਥੀ ਜੰਗਲ ਨੂੰ ਨੱਸ ਗਿਆ। ਕਿਧਰ ਗਿਆ, ਕੋਈ ਪਤਾ ਨਹੀਂ ਲੱਗਾ। ਲਖ ਯਤਨ ਕਰਨ ਤੇ ਵੀ ਨਹੀਂ ਲੱਭਾ। ਕਈਆਂ ਦਾ ਵਿਚਾਰ ਹੈ ਕਿ ਅਲੋਪ ਹੋ ਗਿਆ। ਰਾਮ ਦੇ ਭਗਤ ਉਤੇ ਉਸ ਨੇ ਤਰਸ ਕੀਤਾ, ਰਾਮ ਨੇ ਉਸ ਉਤੇ ਤਰਸ ਕੀਤਾ। ਹਾਥੀ ਜੂਨ ਵਿਚੋਂ ਓਹਦਾ ਛੁਟਕਾਰਾ ਕਰਵਾਇਆ, ਓਹਦੀ ਚੰਗੀ ਰੂਹ ਚੌਰਾਸੀ ਦੇ ਗੇੜ ਵਿਚੋਂ ਬਚ ਕੇ ਪ੍ਰਮਾਤਮਾ ਦੇ ਚਰਨਾਂ ਵਿਚ ਅਮਰ ਹੋ ਕੇ ਰਹਿਣ ਲਗੀ।

ਦੂਸਰੇ ਹੱਥ ਜਦੋਂ ਹਾਥੀ ਨਸ ਗਿਆ ਤਾਂ ਰਾਮ ਨੂੰ ਯਾਦ ਕਰਕੇ ਕਬੀਰ ਜੀ ਇਹ ਸ਼ਬਦ ਗਾਉਣ ਲਗ ਪਏ—

*ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥*
*ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ ॥੧॥*
*ਆਹਿ ਮੇਰੇ ਠਾਕੁਰ ਤੁਮਰਾ ਜੋਰੁ ॥ ਕਾਜੀ ਬਕਿਬੋ ਹਸਤੀ ਤੋਰੁ ॥੧॥ ਰਹਾਉ ॥*
*ਰੇ ਮਹਾਵਤ ਤੁਝੁ ਡਾਰਉ ਕਾਟਿ ॥ ਇਸਹਿ ਤੁਰਾਵਹੁ ਘਾਲਹੁ ਸਾਟਿ ॥*
*ਹਸਤਿ ਨ ਤੋਰੈ ਧਰੈ ਧਿਆਨੁ ॥ ਵਾ ਕੇ ਰਿਦੈ ਬਸੈ ਭਗਵਾਨੁ ॥੨॥*
*ਕਿਆ ਅਪਰਾਧੁ ਸੰਤ ਹੈ ਕੀਨ੍ਹਾ ॥ ਬਾਂਧਿ ਪੋਟ ਕੁੰਚਰ ਕਉ ਦੀਨ੍ਹਾ ॥*
*ਕੁੰਚਰੁ ਪੋਟ ਲੈ ਲੈ ਨਮਸਕਾਰੈ ॥ ਬੂਝੀ ਨਹੀ ਕਾਜੀ ਅੰਧਿਆਰੈ ॥੩॥*
*ਤੀਨਿ ਬਾਰ ਪਤੀਆ ਭਰਿ ਲੀਨਾ ॥ ਮਨ ਕਠੋਰੁ ਅਜਹੂ ਨ ਪਤੀਨਾ ॥*
*ਕਹਿ ਕਬੀਰ ਹਮਰਾ ਗੋਬਿੰਦੁ ॥ ਚਉਥੇ ਪਦ ਮਹਿ ਜਨ ਕੀ ਜਿੰਦੁ ॥੪॥੧॥੪॥*

*(ਗੋਂਡ ਕਬੀਰ ਜੀ)*

ਪ੍ਰਮਾਰਥ—ਕਬੀਰ ਜੀ ਆਖਦੇ ਹਨ—'ਮੇਰੀਆਂ ਬਾਹਾਂ ਤੇ ਲੱਤਾਂ ਨੂੰ ਬੰਨ੍ਹ ਹਾਥੀ ਅਗੇ ਸੁਟ ਦਿਤਾ। ਜਿਵੇਂ ਮਹਾਵਤ ਨੂੰ ਹੁਕਮ ਦਿਤਾ ਹੋਇਆ ਸੀ ਤਿਵੇਂ ਉਹ ਹਾਥੀ ਨੂੰ ਕੁੰਡੇ ਮਾਰਨ ਲਗਾ ਕਿ ਹਾਥੀ ਮੇਰੇ (ਕਬੀਰ) ਉਤੇ ਚੜ੍ਹੇ। ਪਰ ਸਿਆਣਾ ਹਾਥੀ ਚੀਕਾਂ ਮਾਰ ਕੇ ਪਿਛੇ ਨੂੰ ਹਟਦਾ ਸੀ। ਉਹ ਤਾਂ ਕਹਿੰਦਾ ਸੀ ਮੈਂ ਇਸ ਭਗਤ ਤੋਂ ਬਲਿਹਾਰ ਜਾਂਦਾ ਹਾਂ। ਕਬੀਰ ਜੀ ਆਖਦੇ ਹਨ ਮੈਂ ਤਾਂ ਰਾਮ ਅਗੇ ਅਰਦਾਸ ਕਰਦਾ ਸਾਂ ਤੇ ਕਾਜ਼ੀ ਮਹਾਵਤ ਨੂੰ ਤੰਗ ਕਰਦਾ ਸੀ ਕਿ ਹਾਥੀ ਨੂੰ ਕਿਉਂ ਨਹੀਂ ਤੋਰਦਾ। ਕਾਜ਼ੀ ਮਹਾਵਤ ਨੂੰ ਆਖੀ ਜਾਂਦਾ ਸੀ ਕਿ ਜੇ ਕਬੀਰ ਨੂੰ ਨਾ ਮਾਰਿਆ ਤਾਂ ਮੈਂ ਤੇਰੇ ਟੋਟੇ ਕਰਵਾ ਦੇਵਾਂਗਾ। ਕਬੀਰ

ਨੂੰ ਮਾਰ ਕੇ ਪਰੇ ਸੁਟ, ਪਰ ਹਾਥੀ ਮੈਨੂੰ (ਕਬੀਰ ਨੂੰ) ਨਹੀਂ ਸੀ ਮਾਰਦਾ। ਉਹ ਤਾਂ ਪੂਜਾ ਕਰਦਾ ਸੀ ਕਿਉਂਕਿ ਸਮਝਦਾ ਸੀ ਕਿ ਕਬੀਰ ਦੇ ਰਿਦੇ ਵਿਚ ਰਾਮ ਵਸਦਾ ਹੈ। ਹਾਥੀ ਕਾਜ਼ੀ ਤੇ ਹੋਰ ਅਫ਼ਸਰਾਂ ਕੋਲੋਂ ਪੁਛਦਾ ਸੀ ਕਿ ਇਸ ਰਮਜਨ ਨੂੰ ਮੇਰੇ ਕੋਲੋਂ ਕਿਉਂ ਮਰਵਾਉਂਦੇ ਜੇ ? ਰਤਾ ਮੈਨੂੰ ਦਸੋ ਤਾਂ ਸਹੀ ਕਿ ਇਸ ਦਾ ਦੋਸ਼ ਕੀ ਹੈ ? ਜਿਸ ਬਦਲੇ ਇਸ ਨੂੰ ਬੰਨ੍ਹ ਕੇ ਮੇਰੇ ਅਗੇ ਸੁਟਿਆ ਹੈ। ਹਾਥੀ ਸੁੰਡ ਨੂੰ ਚੁਕ ਚੁਕ ਕੇ ਕਬੀਰ ਨੂੰ ਨਮਸਕਾਰ ਕਰਦਾ ਸੀ। ਕਬੀਰ ਕਾਜ਼ੀ ਨੂੰ ਸੰਬੋਧਨ ਕਰਕੇ ਆਖਦੇ ਨੇ—'ਤਿੰਨ ਵਾਰ ਤਾਂ ਪਰਖ ਲਿਆ ਅਜੇ ਵੀ ਤੈਨੂੰ ਸਮਝ ਨਹੀਂ ਪਈ ਮੈਂ ਕੌਣ ਹਾਂ ? ਓ ਸ਼ੁਦਾਈ ! ਮੇਰਾ ਗੋਬਿੰਦ (ਆਤਮਾ) ਦਸਵੇਂ ਦੁਆਰ ਰਹਿੰਦਾ ਹੈ, ਉਹ ਅਮਰ ਹੈ। ਮੌਤ ਉਸ ਦੇ ਨੇੜੇ ਨਹੀਂ ਆ ਸਕਦੀ।' ਇਸ ਤੋਂ ਅਗੇ ਕਬੀਰ ਜੀ ਨੇ ਆਖਿਆ—

*ਕਹੁ ਕਬੀਰ ਇਹ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥*

'ਹੇ ਦੁਨੀਆਂ ਦੇ ਬਾਦਸ਼ਾਹੋ ! ਹਾਕਮੋ ! ਮੇਰੀ ਆਤਮਾ ਰਾਮ (ਪ੍ਰਮਾਤਮਾ) ਦੀ ਅੰਸ (ਉਸ ਦਾ ਇਕ ਹਿੱਸਾ ਹੈ) ਇਹ ਉਸੇ ਤਰ੍ਹਾਂ ਮਰ ਵਿਛੜ ਨਹੀਂ ਸਕਦੀ ਜਿਵੇਂ ਕਾਗਜ਼ ਤੋਂ ਸਿਆਹੀ ਵੱਖਰੀ ਨਹੀਂ ਹੁੰਦੀ। ਛਡ ਦਿਓ ਖ਼ਿਆਲ ਮੈਨੂੰ ਮਾਰਨ ਦੇ।'

ਬਾਦਸ਼ਾਹ ਸਿਕੰਦਰ ਨੂੰ ਕਾਜ਼ੀਆਂ ਤੇ ਕੋਤਵਾਲ ਨੇ ਜਾ ਦਸਿਆ ਕਿ ਕਬੀਰ ਨਹੀਂ ਮਰਿਆ। ਇਹ ਖ਼ਬਰ ਉਸ ਵੇਲੇ ਮਿਲੀ ਜਦੋਂ ਉਸ ਨੇ ਰੋਟੀ ਖਾਣ ਵਾਸਤੇ ਜਾਣਾ ਸੀ। ਉਹਦੀ ਭੁਖ ਮਰ ਗਈ। ਪ੍ਰਸ਼ਾਦ ਛਕਣ ਤੋਂ ਨਾਂਹ ਕਰ ਦਿਤੀ, ਸੋਚਾਂ ਵਿਚ ਪੈ ਗਿਆ। ਉਸ ਨੂੰ ਗੁਰੂ ਨਾਨਕ ਦੇਵ ਜੀ ਦਾ ਕਥਨ ਯਾਦ ਆਇਆ। ਦਿੱਲੀ ਵਿਚ ਗੁਰੂ ਜੀ ਨੇ ਸਿਕੰਦਰ ਨੂੰ ਆਖਿਆ ਸੀ—'ਸਿਕੰਦਰ ਬਾਦਸ਼ਾਹ, ਜੇ ਜੀਵਨ ਸੁਖੀ ਕਰਨਾ ਹੈ ਤਾਂ ਕਿਸੇ ਰੱਬ ਦੇ ਪਿਆਰੇ ਨੂੰ ਤੰਗ ਨਾ ਕਰੀਂ, ਜੇ ਕਰੇਂਗਾ ਤਾਂ ਤੇਰੇ ਰਾਜ ਦਾ ਅੰਤ ਹੋ ਜਾਏਗਾ। ਬਾਦਸ਼ਾਹ ਸੀ ਰਾਜ ਬਲ ਹੰਕਾਰ ਦੇ ਨਾਲ ਉਸ ਦੀ ਮਤ ਮਾਰੀ ਗਈ ਸੀ। ਉਹ ਛੇਤੀ ਹੀ ਗੁਰੂ ਜੀ ਦੇ ਬਚਨਾਂ ਨੂੰ ਭੁਲ ਗਿਆ ਸੀ। ਕਬੀਰ ਜੀ ਦੇ ਅਗਨ ਵਿਚ ਨਾ ਸੜਨ ਦੀ ਵਾਰਤਾ ਸੁਣ ਕੇ ਉਸ ਦੀ ਆਤਮਾ ਜਾਗ ਪਈ। ਹਾਥੀ ਨੇ ਕਬੀਰ ਨੂੰ ਨਹੀਂ ਮਾਰਿਆ। ਇਸ ਗੱਲ ਤੋਂ ਉਸ ਨੂੰ ਗਿਆਨ ਹੋਇਆ। ਅੱਖਾਂ ਖੁਲ੍ਹੀਆਂ ਆਪਣੀ ਮੂਰਖਤਾ ਉਤੇ ਉਹ ਪਛਤਾਇਆ। ਅਹਿਲਕਾਰਾਂ ਨੂੰ ਸੱਦ ਕੇ ਆਖਣ

ਲੱਗਾ—'ਕੀ ਕਬੀਰ ਨੂੰ ਇਕ ਵਾਰ ਫਿਰ ਸੱਦ ਕੇ ਲਿਆ ਸਕਦੇ ਜੇ ?'

'ਜਿਵੇਂ ਬਾਦਸ਼ਾਹ ਸਲਾਮਤ ਦੀ ਆਗਿਆ ਹੋਵੇ ।' ਨ.ਫ਼ਰ ਨੇ ਆਖਿਆ।

'ਹੱਛਾ ਜਾਓ, ਉਸ ਨੂੰ ਸੱਦ ਕੇ ਲਿਆਓ, ਦੇਖੋ ਤੰਗ ਨਹੀਂ ਕਰਨਾ । ਮੰਦਾ ਸ਼ਬਦ ਨਹੀਂ ਬੋਲਣਾ, ਆਦਰ ਨਾਲ ਲਿਆਓ, ਦੇਖੋ ਉਹ ਖ਼ੁਦਾ ਦਾ ਬੰਦਾ ਹੈ। ਜੇ ਕ੍ਰੋਧ ਹੋ ਗਿਆ ਤਾਂ ਬਾਦਸ਼ਾਹੀ ਗ਼ਰਕ ਕਰ ਦੇਵੇਗਾ ।' ਬਾਦਸ਼ਾਹ ਦਾ ਫ਼ੁਰਮਾਨ ਸੀ ।

ਬਾਦਸ਼ਾਹ ਦਾ ਫ਼ੁਰਮਾਨ ਸੁਣ ਕੇ ਨ.ਫ਼ਰ ਕਬੀਰ ਜੀ ਨੂੰ ਲਿਆਉਣ ਵਾਸਤੇ ਦੌੜ ਗਏ । ਪਹਿਲਾਂ ਘਰ ਪੁਜੇ ਕਬੀਰ ਜੀ ਘਰ ਨਹੀਂ ਸਨ । ਫਿਰ ਸਾਧੂਆਂ ਦੇ ਅੱਡਿਆਂ ਉਤੇ ਪੁਜੇ ਪਰ ਉਹ ਨਾ ਮਿਲੇ, ਗੰਗਾ ਦੇ ਕਿਨਾਰੇ ਦੱਸ ਪਈ। ਉਧਰ ਗਏ ਜਦੋਂ ਨੇੜੇ ਗਏ ਤਾਂ ਦੇਖਦੇ ਕੀ ਹਨ ਕਿ ਕਬੀਰ ਜੀ ਚੌਂਕੜਾ ਮਾਰ ਕੇ ਸਮਾਧੀ ਲਾਈ ਬੈਠੇ ਹਨ । ਸੁਰਤ ਰਾਮ ਦੇ ਚਰਨਾਂ ਨਾਲ ਜੁੜੀ ਹੈ। ਨੈਨ ਬੰਦ ਹਨ । ਦਸਵੇਂ ਦੁਆਰ ਪੁਜੇ ਹੋਏ ਨੇ ।

ਨ.ਫ਼ਰਾਂ ਨੇ ਜਾ ਕੇ ਅਵਾਜ਼ਾਂ ਦਿਤੀਆਂ—'ਕਬੀਰ ਜੀ, ਕਬੀਰ ਜੀ !' ਪੰਜਵੀਂ ਆਵਾਜ਼ੇ ਕਬੀਰ ਜੀ ਨੇ ਨੈਨ ਖੋਹਲੇ ਨ.ਫ਼ਰਾਂ ਵਲ ਦੇਖਿਆ ਪਰ ਜ਼ਬਾਨੋਂ ਕੁਝ ਨਹੀਂ ਬੋਲੇ । ਨ.ਫ਼ਰਾਂ ਨੇ ਬੇਨਤੀ ਕੀਤੀ—'ਮਹਾਰਾਜ ! ਬਾਦਸ਼ਾਹ ਸਿਕੰਦਰ ਲੋਧੀ ਆਪ ਨੂੰ ਯਾਦ ਕਰਦੇ ਹਨ ।'

'ਯਾਦ ਕਰਦੇ ਨੇ, ਕਿਉਂ ?' ਕਬੀਰ ਜੀ ਨੇ ਪੁਛਿਆ ।

'ਦਰਸ਼ਨ ਕਰਨ ਵਾਸਤੇ ।'

'ਵਾਹ ਮੇਰੇ ਰਾਮ ਤੇਰੀ ਮਹਿਮਾ ਅਪਰ ਅਪਾਰ ਹੈ । ਭੁਲਿਆਂ ਨੂੰ ਰਾਹੇ ਪਾ ਦੇਂਦਾ ਹੈਂ । ਹੱਛਾ ਚਲੋ ਭਾਈ ਚਲਦੇ ਹਾਂ । ਮੇਰੇ ਰਾਮ ਦੀ ਇਹੋ ਆਗਿਆ ਹੈ।'

ਕਬੀਰ ਜੀ ਸ਼ਾਹੀ ਨ.ਫ਼ਰਾਂ ਨਾਲ ਬਾਦਸ਼ਾਹ ਦੇ ਡੇਰੇ ਪੁਜੇ । ਨੰਗੀਂ ਪੈਰੀਂ ਬਾਦਸ਼ਾਹ ਅਗੋਂ ਸਵਾਗਤ ਕਰਨ ਵਾਸਤੇ ਆਇਆ । ਉਸ ਨੇ ਝੁਕ ਕੇ ਕਬੀਰ ਨੂੰ ਸਲਾਮ ਕੀਤੀ । ਅਗੇ ਤਾਂ ਆਪ ਸਲਾਮ ਕਰਾਉਣ ਵਾਸਤੇ ਕਬੀਰ ਨੂੰ ਮੌਤ ਦਾ ਹੁਕਮ ਦੇਂਦਾ ਸੀ ਹੁਣ ਆਪ ਕਬੀਰ ਜੀ ਦੀ ਚਰਨੀ ਲੱਗਾ । ਬੜੇ ਆਦਰ ਨਾਲ ਆਪਣੇ ਤੰਬੂ ਵਿਚ ਕਬੀਰ ਨੂੰ ਲੈ ਗਿਆ । ਕੀਤੀਆਂ ਭੁਲਾਂ ਦੀ ਖਿਮਾਂ ਮੰਗੀ । ਕਬੀਰ ਜੀ ਨੇ ਉਸ ਨੂੰ ਨੇਕੀ ਕਰਨ ਦਾ ਉਪਦੇਸ਼ ਦਿਤਾ।

ਇਹ ਰਾਮ ਭਜਨ ਦਾ ਪ੍ਰਤਾਪ ਹੈ ਕਿ ਕਬੀਰ ਜੀ ਜਲ ਅੱਗ ਵਿਚ ਡੁਬਣੋ ਸੜਣੋ ਤੇ ਬਚ ਗਏ ਅਤੇ ਬਾਦਸ਼ਾਹ ਵੀ ਚਰਣੀ ਲਗਾ। ਜੋ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਉਹ ਹਜ਼ਾਰਾਂ ਦਿਲਾਂ ਉਤੇ ਰਾਜ ਕਰਦਾ ਹੈ।

## ਕਬੀਰ ਜੀ ਦਾ ਕਾਂਸ਼ੀ ਨੂੰ ਛੱਡਣਾ

ਰਾਮ ਭਗਤੀ ਦੇ ਪ੍ਰਤਾਪ ਨਾਲ ਹਰ ਪਾਸੇ ਕਬੀਰ ਹੀ ਕਬੀਰ ਹੋਣ ਲੱਗਾ। ਪੰਡਤ ਤੇ ਕਾਜ਼ੀ ਬਹੁਤ ਟਿੱਲ ਲਾ ਚੁਕੇ ਪਰ ਕਬੀਰ ਜੀ ਦਾ ਪ੍ਰਤਾਪ ਘਟਿਆ ਨਹੀਂ ਸਗੋਂ ਵਧਿਆ, ਵਧਿਆ ਵੀ ਬਹੁਤ। ਪੰਡਤ ਕਬੀਰ ਜੀ ਨਾਲ ਈਰਖਾ ਕਰਨ ਲਗ ਪਏ। ਕਈ ਐਵੇਂ ਸੰਤਾਂ ਸਾਧੂਆਂ ਨੂੰ ਕਬੀਰ ਜੀ ਵਲੋਂ ਪ੍ਰਸ਼ਾਦ ਛਕਣ ਦਾ ਨਿਉਂਦਾ ਦੇ ਆਉਂਦੇ ਤਾਂ ਕਿ ਕਬੀਰ ਦੀ ਨਿੰਦਾ ਹੋਵੇ। ਇਕ ਮੂਰਖ ਬ੍ਰਾਹਮਣ ਨੇ ਕਬੀਰ ਜੀ ਦੇ ਘਰ ਨੂੰ ਅੱਗ ਲਾ ਦਿਤੀ। ਮਕਾਨ ਸੜਨੋਂ ਤਾਂ ਬਚ ਗਿਆ ਪਰ ਨੁਕਸਾਨ ਬਹੁਤ ਹੋਇਆ। ਪੰਡਤਾਂ ਦੀਆਂ ਇਹੋ ਜਿਹੀਆਂ ਹਰਕਤਾਂ ਦਾ ਸਦਕਾ ਕਬੀਰ ਜੀ ਕਾਂਸ਼ੀ ਛਡ ਕੇ ਮਗਹਰ ਅਸਥਾਨ ਉਤੇ ਜਾ ਬੈਠੇ।

ਗੋਰਖਪੁਰ ਦੇ ਨੇੜੇ ਜ਼ਿਲਾ ਬਸਤੀ ਵਿਚ ਮਗਹਰ ਐਸਾ ਅਸਥਾਨ ਸੀ ਜਿਸ ਨੂੰ ਹਿੰਦੂ ਗ੍ਰੰਥ ਤੇ ਸਿਆਣੇ ਲੋਕ ਮਾੜਾ ਗਿਣਦੇ ਸਨ। ਇਹ ਕਿਹਾ ਜਾਂਦਾ ਸੀ ਜੋ ਇਥੇ ਮਰੇ ਉਹ ਖੋਤੇ ਦੀ ਜੂਨ ਪੈਂਦਾ ਹੈ ਅਤੇ ਕਾਂਸ਼ੀ ਬਾਰੇ ਪ੍ਰਸਿੱਧ ਸੀ ਕਿ ਕਾਂਸ਼ੀ ਸ਼ਹਿਰ ਨੂੰ ਆਪ ਵਿਸ਼ਨੂੰ ਭਗਵਾਨ ਨੇ ਵਸਾਇਆ ਹੈ। ਇਥੇ ਜੋ ਮਰੇ ਉਹ ਸਿੱਧਾ ਸਵਰਗਾਂ ਨੂੰ ਜਾਂਦਾ ਤੇ ਦੇਵਤਾ ਜੂਨ ਵਿਚ ਅਸਥਾਨ ਹਾਸਲ ਕਰਦਾ ਹੈ। ਭਗਤੀ ਕਰੇ ਭਾਵੇਂ ਨਾ ਕਰੇ। ਕਬੀਰ ਜੀ ਨੇ ਸੋਚਿਆ ਝਗੜਿਆਂ ਦੀ ਦੁਨੀਆਂ ਛਡ ਕੇ ਉਥੇ ਚਲ ਵਸੀਏ ਜਿਥੇ ਨਾ ਕੋਈ ਆਵੇ ਤੇ ਨਾ ਕੋਈ ਝਗੜਾ ਕਰੇ। ਸੁਖ ਤੇ ਸ਼ਾਂਤੀ ਦੇ ਵਾਯੂਮੰਡਲ ਵਿਚ ਰਾਮ ਸਿਮਰਨ ਕਰੀਏ। ਕਾਜ਼ੀ ਤੇ ਪੰਡਤ ਆਪਣੀਆਂ ਮਨ ਆਈਆਂ ਕਰ ਲੈਣ।

ਪਰਿਵਾਰ ਸਮੇਤ ਕਬੀਰ ਜੀ ਮਗਹਰ ਚਲੇ ਗਏ। ਕਬੀਰ ਦੇ ਸ਼ਰਧਾਲੂ ਉਥੇ ਵੀ ਪੁਜ ਗਏ। ਗਿਆਨ ਚਰਚਾ ਹੋਣ ਲਗੀ। ਭਗਤੀ ਦੇ ਪ੍ਰਤਾਪ ਨਾਲ ਮਾੜੀ ਥਾਂ ਵੀ ਚੰਗੀ ਬਣ ਗਈ। ਜਿਸ ਥਾਂ ਵਸਣ ਜਾਂ ਮਰਨ ਤੇ ਖੋਤੇ ਦੀ ਜੂਨ ਪ੍ਰਾਪਤ ਹੁੰਦੀ ਸੀ ਉਥੋਂ ਮੁਕਤੀ ਸਸਤੇ ਭਾਅ ਮਿਲਣ ਲਗੀ। ਸਾਰੀ ਧਰਤੀ

ਪ੍ਰਮਾਤਮਾ ਦੀ ਬਣਾਈ ਹੋਈ ਸੁਰੀ ਹੈ। ਜਨਮ ਮਰਨ, ਨੇਕ ਮਾੜੇ, ਨਰਕ ਸਵਰਗ ਦਾ ਸਬੰਧ ਪੁਰਸ਼ਾਂ ਦੇ ਕਰਮਾਂ ਨਾਲ ਹੈ। ਕਾਂਸ਼ੀ ਦੇ ਲੋਕ ਜੋ ਚੋਰੀ ਠੱਗੀ ਅਤਿਆਚਾਰ ਪਾਪ ਕਰਨਗੇ ਤਾਂ ਉਸ ਦਾ ਭਾਵ ਇਹ ਥੋੜਾ ਹੈ ਕਿ ਉਹਨਾਂ ਨੂੰ ਪ੍ਰਮਾਤਮਾ ਡੰਨ ਨਹੀਂ ਦੇਵੇਗਾ। ਵਸੋਂ ਨੂੰ ਵਧਾਉਣ ਤੇ ਲੋਕਾਈ ਨੂੰ ਲੁਟ ਖਾਣ ਦਾ ਢੰਗ ਸੀ ਜੋ ਗ੍ਰੰਥ ਰਾਹੀਂ ਪ੍ਰਗਟ ਕੀਤਾ ਹੋਇਆ ਸੀ। ਕਬੀਰ ਦੇ ਰਾਮ ਸਿਮਰਨ ਪ੍ਰਤਾਪ ਨੇ ਮਗਹਰ ਨੂੰ ਕਾਂਸ਼ੀ ਵਰਗਾ ਰੌਣਕੀ ਅਸਥਾਨ ਕਰ ਦਿਤਾ।

ਕਬੀਰ ਗੁਸਾਈਂ ਨੂੰ ਹਿੰਦੂ ਤੇ ਮੁਸਲਮਾਨ ਦੋਵੇਂ ਪੂਜਣ ਲਗੇ, ਉਨ੍ਹਾਂ ਦੇ ਚੇਲਿਆਂ ਵਿਚ ਦੋਵੇਂ ਜਾਤਾਂ ਸਨ। ਕਬੀਰ ਜੀ ਨੇ ਉਪਦੇਸ਼ ਕਰਕੇ ਨੀਵੀਆਂ ਜਾਤਾਂ ਨੂੰ ਉਪਰ ਚੁਕਿਆ। ਆਪ ਵਡੇ ਭਗਤ, ਸੁਧਾਰਕ ਤੇ ਮਹਾਂ ਕਵੀ ਸਨ। ਆਪ ਨੇ ਅੱਠ ਦੇ ਲਗਪਗ ਗ੍ਰੰਥ ਰਚੇ ਜੋ ਗਿਆਨ ਦਾ ਭੰਡਾਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦੀ ਬਹੁਤ ਸਾਰੀ ਬਾਣੀ ਹੈ। ਜਿਸ ਵਿਚੋਂ ਸਲੋਕ ਕਬੀਰ ਜੀ ਦੇ ਪ੍ਰਸਿੱਧ ਹਨ। ਅਜੇ ਤਕ ਆਪ ਦਾ ਮਤ ਤੁਰਿਆ ਆਉਂਦਾ ਹੈ। ਆਪ ਦੇ ਚੇਲਿਆਂ ਤੇ ਪੁਜਾਰੀਆਂ ਨੂੰ 'ਕਬੀਰ ਪੰਥੀ' ਆਖਿਆ ਜਾਂਦਾ ਹੈ। 'ਸਤਿਨਾਮ' 'ਸਤਿ ਕਬੀਰ' ਆਪ ਦਾ ਮੂਲ ਗਿਆਨ ਹੈ।

ਕਾਂਸ਼ੀ ਛੱਡਣ ਬਾਰੇ ਕਬੀਰ ਜੀ ਲਿਖਦੇ ਹਨ—

*ਜਿਉ ਜਲ ਛੋਡਿ ਬਾਹਰਿ ਭਇਓ ਮੀਨਾ ॥ ਪੂਰਬ ਜਨਮ ਹਉ ਤਪ ਕਾ ਹੀਨਾ ॥੧॥*
*ਅਬ ਕਹੁ ਰਾਮ ਕਵਨ ਗਤਿ ਮੋਰੀ ॥ ਤਜੀ ਲੇ ਬਨਾਰਸ ਮਤਿ ਭਈ ਥੋਰੀ ॥੧॥ ਰਹਾਉ ॥*
*ਸਗਲ ਜਨਮੁ ਸਿਵ ਪੁਰੀ ਗਵਾਇਆ ॥ ਮਰਤੀ ਬਾਰ ਮਗਹਰਿ ਉਠਿ ਆਇਆ ॥੨॥*
*ਬਹੁਤੁ ਬਰਸ ਤਪੁ ਕੀਆ ਕਾਸੀ ॥ ਮਰਨੁ ਭਇਆ ਮਗਹਰ ਕੀ ਬਾਸੀ ॥੩॥*
*ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ ਕੈਸੇ ਉਤਰਸਿ ਪਾਰੀ ॥੪॥*
*ਕਹੁ ਗੁਰ ਗਜ ਸਿਵ ਸਭੁ ਕੋ ਜਾਨੈ ॥ ਮੁਆ ਕਬੀਰੁ ਰਮਤ ਸ੍ਰੀ ਰਾਮੈ ॥੫॥੧੫॥*

*(ਗਉੜੀ ਕਬੀਰ ਜੀ)*

ਪ੍ਰਮਾਰਥ—ਜਿਸ ਤਰ੍ਹਾਂ ਮੱਛੀ ਪਾਨੀ ਤੋਂ ਵਿਛੜ ਕੇ ਦੁਖ ਪਾਉਂਦੀ ਹੈ ਮੈਂ ਸਮਝਦਾ ਹਾਂ ਕਿ ਮੈਂ ਪੂਰਬਲੇ ਜਨਮ ਵਿਚ ਤਪ ਨਹੀਂ ਕੀਤਾ। ਜਿਸ ਕਰਕੇ ਕਾਂਸ਼ੀ ਛਡਣੀ ਪਈ ਹੈ। ਹੇ ਰਾਮ! ਹੁਣ ਮੈਂ ਕਾਸ਼ੀ ਛਡ ਦਿਤੀ। ਮੇਰੀ ਕਿਵੇਂ ਗਤੀ ਹੋਵੇਗੀ? ਅਕਲ ਵੀ ਘਟ ਹੋ ਗਈ ਹੈ। ਸਾਰਾ ਜਨਮ ਮੈਂ ਕਾਂਸ਼ੀ ਵਿਚ ਬਤੀਤ ਕੀਤਾ। ਅੰਤਲੇ ਸਮੇਂ ਮਗਹਰ ਆ ਗਿਆ ਹਾਂ। ਭਾਰੀ ਤਪਸਿਆ

ਤਾਂ ਕਾਂਸ਼ੀ ਵਿਚ ਕੀਤੀ ਪਰ ਮਰਨ ਵੇਲੇ ਮਗਹਰ ਵਸਣਾ ਪਿਆ। ਕਾਂਸ਼ੀ ਤੇ ਮਗਹਰ ਵਿਚ ਕੋਈ ਫ਼ਰਕ ਨਹੀਂ। ਮੁਕਤੀ ਤਾਂ ਭਗਤੀ ਨੇ ਦੇਣੀ ਹੈ, ਜੇਹੋ ਜੇਹੀ ਭਗਤੀ ਓਹੋ ਜਿਹਾ ਫਲ ਹੋਵੇਗਾ। ਹੇ ਰਾਮਾਨੰਦ ਜੀ! ਸ੍ਰੀ ਗਣੇਸ਼ ਅੰਤਰਜਾਮੀ ਜਾਣਦਾ ਹੈ। ਕਬੀਰ ਰਾਮ ਰਾਮ ਕਰਦਾ ਮਰਿਆ ਹੈ। ਮਰਨ ਤੋਂ ਪਹਿਲਾਂ ਕਬੀਰ ਨੇ ਆਪਣੀ ਮੌਤ ਬਾਰੇ ਆਖਿਆ ਹੈ।

## ਕਬੀਰ ਜੀ ਦਾ ਜੋਤੀ ਜੋਤ ਸਮਾਉਣਾ

*ਪੰਦਰਾਂ ਸੌ ਪਛੱਤਰੇ ਕੀਆ ਮਗਹਰ ਜੋ ਗੌਣ॥*
*ਮਘਰ ਸੁਦੀ ਇਕਾਦਸ਼ੀ ਮਿਲੀ ਪੌਣ ਮੇਂ ਪੌਣ॥*
*(ਧਰਮ ਦਾਸ)*

ਕਬੀਰ ਜੀ ਜਦੋਂ ਮਗਹਰ ਗਏ ਤਾਂ ਆਪ ਦਾ ਪ੍ਰਤਾਪ ਬਹੁਤ ਵਧ ਗਿਆ। ਅਨੇਕਾਂ ਚੇਲੇ ਬਣ ਗਏ। ਸਰੀਰ ਬਿਰਧ ਹੋ ਗਿਆ। ਬਨਾਰਸ ਤੇ ਗੋਰਖਪੁਰ ਦੇ ਵਿਚਾਲੇ ਤੇ ਚੌਗਿਰਦੇ ਕਬੀਰ ਜੀ ਦੀ ਸੋਭਾ ਖਿਲਰ ਚੁਕੀ ਸੀ। ਹੁਣ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਸ਼ਰਧਾਲੂ ਬਣ ਚੁਕੇ ਸਨ। ਰਾਜੇ ਤੇ ਨਵਾਬ ਕਬੀਰ ਜੀ ਦੀ ਹਜੂਰੀ ਵਿਚ ਆ ਕੇ ਉਪਦੇਸ਼ ਲੈਂਦੇ ਸਨ।

ਆਖ਼ਰ ਉਹ ਦਿਨ ਆ ਗਿਆ ਜਿਸ ਦਿਨ ਬਾਰੇ ਕਬੀਰ ਜੀ ਨੇ ਆਪ ਹੀ ਫੁਰਮਾਇਆ ਸੀ—

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥*

ਆਤਮਾ ਅਮਰ ਹੈ। ਮਿੱਟੀ ਦਾ ਸਰੀਰ ਜਗਤ ਮਿੱਟੀ (ਪੰਜਾਂ ਤੱਤਾਂ) ਤੋਂ ਬਣਦਾ ਹੈ ਤੇ ਆਖ਼ਰ ਇਥੋਂ ਹੀ ਮਿੱਟੀ ਵਿਚ ਰਹਿ ਜਾਂਦਾ ਹੈ। ਪੰਜ ਭੂਤਕ ਸਰੀਰ ਭਾਵੇਂ ਬਾਦਸ਼ਾਹ ਦਾ ਹੋਵੇ, ਭਾਵੇਂ ਕੰਗਾਲ ਦਾ। ਇਸ ਦਾ ਅੰਤ ਜ਼ਰੂਰ ਹੁੰਦਾ ਹੈ। ਰਿਸ਼ੀ ਸੰਤ, ਰਾਜੇ ਮਹਾਰਾਜੇ ਭਗਵਾਨ ਕ੍ਰਿਸ਼ਨ ਜਿਹੇ ਅਵਤਾਰ ਇਸ ਸੰਸਾਰ ਉਤੇ ਆਏ ਤੇ ਸਮੇਂ ਨਾਲ ਤੁਰ ਗਏ। ਜਿਹੋ ਜਿਹੇ ਕਿਸੇ ਦੇ ਕਰਮ ਸੀ ਓਹੋ ਜਿਹਾ ਉਸ ਨੂੰ ਕਰਤਾਰ ਦੀ ਦਰਗਾਹ ਵਿਚ ਜੀਵਨ ਪ੍ਰਾਪਤ ਹੋ ਗਿਆ। ਸੰਸਾਰ ਉਤੇ ਉਹਨਾਂ ਦਾ ਜੀਵਨ ਇਤਿਹਾਸ ਅਮਰ ਹੈ। ਮਰਨਾ ਸਤ ਹੈ, ਜੀਉਣਾ ਝੂਠ ਹੈ ਪਰ ਜੋ ਧਰਮੀ ਭਗਤ ਤੇ ਅਵਤਾਰੀ ਪੁਰਸ਼ ਹੁੰਦੇ ਨੇ ਇਹ ਪ੍ਰਮਾਤਮਾ ਦੀ ਆਗਿਆ ਨਾਲ ਮਾਇਆ ਵਾਦੀ ਜਗਤ ਵਿਚ ਆਉਂਦੇ ਨੇ। ਜੀਵਾਂ ਨੂੰ

ਉਪਦੇਸ਼ ਕਰਕੇ ਪ੍ਰਮਾਤਮਾ ਦੇ ਹੁਕਮ ਨਾਲ ਵਾਪਸ ਚਲੇ ਜਾਂਦੇ ਹਨ। ਉਹ ਹੁਕਮ ਅੰਦਰ ਆਉਂਦੇ ਨੇ ਤੇ ਹੁਕਮ ਅੰਦਰ ਵਾਪਸ ਚਲੇ ਜਾਂਦੇ ਹਨ।

ਪ੍ਰਮਾਤਮਾ ਵਲੋਂ ਜਿੰਨਾ ਚਿਰ ਰਹਿਣ ਦਾ ਹੁਕਮ ਮਿਲਿਆ ਸੀ ਉਹ ਸਾਰਾ ਸਮਾਪਤ ਹੋ ਗਿਆ। ਕਬੀਰ ਜੀ ਚਲਾਣਾ ਕਰਨ ਲਗੇ। ਸਾਰੇ ਖ਼ਬਰਾਂ ਪਹੁੰਚ ਗਈਆਂ ਕਿ ਕਬੀਰ ਤਿਆਰ ਹਨ। ਇਸ ਫਾਨੀ ਜਗਤ ਨੂੰ ਛੱਡ ਕੇ ਉਹ ਆਪਣੇ ਰਾਮ ਕੋਲ ਜਾ ਰਹੇ ਨੇ, ਜਿਸ ਰਾਮ ਨੂੰ ਚੇਤੇ ਕਰਦਿਆਂ ਉਹਨਾਂ ਦੀ ਜੀਭ ਨਹੀਂ ਅੱਕਦੀ ਥੱਕਦੀ ਸੀ।

ਝਗੜਾ ਹੋਣ ਲੱਗਾ, ਲੜਾਈ ਦਾ ਖ਼ਤਰਾ ਪੈਦਾ ਹੋ ਗਿਆ। ਹਿੰਦੂ ਆਖਣ ਲਗੇ ਕਬੀਰ ਸਾਡਾ ਹੈ। ਇਹ 'ਹਿੰਦੂ' ਹੈ। ਅਸੀਂ ਸਸਕਾਰ ਕਰਾਂਗੇ। ਪਰ ਮੁਸਲਮਾਨ ਰੌਲਾ ਪਾਉਣ ਲਗੇ ਕਬੀਰ 'ਮੁਸਲਮਾਨ' ਹੈ। ਇਹਨਾਂ ਨੂੰ ਧਰਤੀ ਵਿਚ ਦਫ਼ਨਾ ਕੇ ਇਹਨਾਂ ਦੀ ਯਾਦ ਵਿਚ ਇਕ ਸ਼ਾਹੀ ਮਕਬਰਾ ਬਣਾਇਆ ਜਾਵੇਗਾ ਇਹ ਵਲੀ ਹਨ। ਹਜ਼ਰਤ ਮੁਹੰਮਦ ਸਾਹਿਬ ਦੀਆਂ ਬਰਕਤਾਂ ਦਾ ਇਨ੍ਹਾਂ ਉਤੇ ਮੀਂਹ ਵਰ੍ਹਿਆ ਹੋਇਆ ਹੈ।

ਰਾਜਾ ਬੀਰ ਸਿੰਘ ਹਿੰਦੂਆਂ ਦਾ ਆਗੂ ਸੀ ਤੇ ਬਿਜਲੀ ਖਾਂ ਪਠਾਣ ਮੁਸਲਮਾਨਾਂ ਦੀ ਅਗਵਾਈ ਕਰ ਰਿਹਾ ਸੀ।

ਕਬੀਰ ਜੀ ਇਕ ਬੰਦ ਕੋਠੜੀ ਵਿਚ ਇਕੱਲੇ ਲੇਟੇ ਹੋਏ ਸਨ। ਕੋਠੜੀ ਦਾ ਬੂਹਾ ਬੰਦ ਸੀ, ਹਿੰਦੂ ਮੁਸਲਮਾਨਾਂ ਦਾ ਰੌਲਾ ਸੁਣ ਕੇ ਅੰਦਰੋਂ ਅਵਾਜ਼ ਆਈ ਲੜੋ ਨਾ। ਪ੍ਰਮਾਤਮਾ ਦੇ ਰੰਗਾਂ ਵਲ ਦੇਖੋ। ਮੇਰੇ ਰਾਮ ਦੀ ਲੀਲ੍ਹਾ ਨਿਆਰੀ ਹੈ। ਨੇਕ ਅਮਲਾਂ ਦਾ ਫਲ ਨੇਕ ਹੈ। ਦੋਵੇਂ ਧਿਰਾਂ ਚੁਪ ਹੋ ਗਈਆਂ। ਦੋ ਚਾਦਰਾਂ ਤੇ ਕੰਵਲ ਫੁਲ ਲਿਆਉ।

ਚਿੱਟੀਆਂ ਚਾਦਰਾਂ ਮੰਗਵਾ ਕੇ ਚੇਲਿਆਂ ਨੇ ਅੰਦਰ ਫੜਾ ਦਿਤੀਆਂ, ਇਕ ਘੰਟੇ ਪਿਛੋਂ ਰਾਮ ਰਾਮ ਦੀ ਧੁਨ ਉਠਣੀ ਬੰਦ ਹੋ ਗਈ। ਲੋਕਾਂ ਕਿਹਾ—ਭਾਈ ਅੰਦਰ ਦੇਖੋ ਜਾਂ ਕੋਠੜੀ ਦਾ ਬੂਹਾ ਖੋਲ੍ਹਿਆ ਤਾਂ ਧਰਮ ਦਾਸ ਮੁਖੀ ਚੇਲਾ, ਰਾਜਾ ਬੀਰ ਸਿੰਘ ਤੇ ਬਿਜਲੀ ਖਾਂ ਪਠਾਣ ਅੰਦਰ ਗਏ। ਅੰਦਰ ਝਾਤ ਮਾਰਦੇ ਸਾਰ ਹੀ ਉਹ ਹੈਰਾਨੀ ਨਾਲ ਵਿਸਮਾਦ ਵਿਚ ਡੁਬ ਗਏ। ਦੋਵੇਂ ਚਾਦਰਾਂ ਪਈਆਂ ਸਨ ਉਹਨਾਂ ਚਾਦਰਾਂ ਹੇਠਾਂ ਤੇ ਉਪਰ ਕੇਵਲ ਫੁਲ ਪਏ ਸੀ ਪਰ ਕਬੀਰ ਜੀ ਦੀ ਪੰਜ ਤੱਤ ਦੇਹ ਅਲੋਪ ਸੀ। ਇਕ ਦੂਸਰੇ ਦੇ ਮੂੰਹ ਵਲ ਦੇਖਦੇ ਤੇ ਰਾਮ

ਨਾਮ ਸਤਿ ਹੈ, ਰਾਮ ਨਾਮ ਆਖਦੇ ਹੋਏ ਸਾਰੇ ਬਾਹਰ ਆ ਗਏ। ਇਕ ਚਾਦਰ ਬਿਜਲੀ ਖਾਂ ਪਠਾਣ ਨੇ ਚੁਕ ਲਈ ਤੇ ਦੂਸਰੀ ਰਾਜਾ ਬੀਰ ਸਿੰਘ ਨੇ। ਮੁਸਲਮਾਨਾਂ ਵਾਲੀ ਚਾਦਰ ਦਾ ਕੀ ਬਣਿਆ ? ਇਹ ਕੁਛ ਪਤਾ ਨਹੀਂ ਪਰ ਹਿੰਦੂਆਂ ਨੇ ਕਾਂਸ਼ੀ ਵਿਚ ਕਬੀਰ ਜੀ ਦੀ ਯਾਦਗਾਰ ਤਿਆਰ ਕੀਤੀ ਜੋ ਅਜੇ ਤਕ ਕਾਇਮ ਹੈ। ਕਬੀਰ ਦੇ ਜੋਤੀ ਜੋਤ ਸਮਾਉਣ ਦਾ ਸਮਾਂ ੧੫੭੫ ਬਿਕ੍ਰਮੀ ਹੈ ਪਰ ਭਗਤੀ ਦੇ ਕਾਰਨ ਅਜੇ ਜੀਉਂਦੇ ਹਨ। ਲੱਖਾਂ ਪੁਰਸ਼ ਉਨ੍ਹਾਂ ਦੀ ਬਾਣੀ ਪੜ੍ਹ ਕੇ ਮੁਕਤੀ ਹਾਸਲ ਕਰਦੇ ਹਨ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥੫੫॥*
*(ਸਲੋਕ ਕਬੀਰ ਜੀ)*

# ੨. ਭਗਤ ਰਵਿਦਾਸ ਜੀ

*ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।*
*ਪਾਣ੍ਹਾ ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।*
*ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।*
*ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।*
*ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਖੇਟਾ।*
*ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।*
*ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।*
*ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।*
*ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥੧੭॥* *(ਭਾਈ ਗੁਰਦਾਸ ਜੀ, ਵਾਰ ੧੦)*

## ਜਨਮ, ਮਾਂ ਬਾਪ ਤੇ ਬਚਪਨ

ਹੇ ਭਗਤ ਜਨੋ ! ਭਗਤ ਰਵਿਦਾਸ ਜੀ ਦੀ ਜੀਵਨ ਕਥਾ ਵੀ ਕਲਿਆਨ ਕਰਨ ਵਾਲੀ ਹੈ। ਮਨ ਨੂੰ ਇਕਾਗਰ ਕਰਕੇ ਸ਼ਰਧਾ ਨਾਲ ਸੁਣੋ। ਕਲਜੁਗੀ ਜੀਵ ਭਗਤਾਂ ਦੇ ਜੀਵਨ ਦਰਸ਼ਨ ਕਰਕੇ ਹੀ ਨਿਹਾਲ ਹੋ ਸਕਦੇ ਨੇ।

ਸ੍ਰੀ ਰਵਿਦਾਸ ਜੀ ਦਾ ਜਨਮ ਵੀ ਕਾਂਸ਼ੀ (ਬਨਾਰਸ) ਸ਼ਹਿਰ ਵਿਚ ਹੋਇਆ ਸੀ, ਆਪ ਦੇ ਪਿਤਾ ਜੀ ਦਾ ਨਾਮ ਰਾਮੂ ਤੇ ਮਾਤਾ ਜੀ ਦਾ ਨਾਮ ਧੁਰਬਿਨੀਆਂ ਸੀ। ਰਾਮੂ ਤੇ ਧੁਰਬਿਨੀਆਂ ਜਾਤ ਦੇ ਗ਼ਰੀਬ ਚਮਾਰ ਸਨ। ਚਮੜੇ ਦਾ ਕੰਮ ਕਰਦੇ ਸੀ। ਮਿਹਨਤ ਕਰਨ ਦੇ ਕਾਰਨ ਰਾਮੂ ਕੋਲ ਪੈਸੇ ਚੰਗੇ ਸਨ। ਉਹ ਕੱਚੇ ਪੱਕੇ ਚਮੜੇ ਦਾ ਸੁਦਾਗਰ ਸੀ। ਸਾਕਾਂ ਸਬੰਧੀਆਂ ਵਿਚ ਆਪ ਦਾ ਚੰਗਾ ਸਤਿਕਾਰ ਸੀ।

ਬੱਚੇ ਰਵਿਦਾਸ ਜੀ ਨੂੰ ਜਨਮ ਲਿਆਂ ਪੰਜ ਦਿਹਾੜੇ ਹੋ ਗਏ ਸਨ। ਪਰ ਉਹ ਆਪਣੀ ਮਾਂ ਧੁਰਬਿਨੀਆਂ ਦੇ ਥਣਾਂ ਵਿਚੋਂ ਦੁਧ ਨਹੀਂ ਸੀ ਚੁੰਘਦਾ ਤੇ ਰੋਈ ਜਾਂਦਾ ਸੀ, ਮਮਤਾ ਮਾਰੀ ਮਾਂ ਬਹੁਤ ਦੁਖੀ ਸੀ। ਉਸ ਨੂੰ ਕੁਝ ਗਿਆਨ ਨਹੀਂ ਸੀ ਕਿ ਉਹ ਕਿਉਂ ਰੋਂਦਾ ਹੈ? ਰਾਮੂ ਵੀ ਦੁਖੀ ਸੀ। ਕਈਆਂ ਦਾਈਆਂ ਨੂੰ ਪੁਛਿਆ, ਦਾਈਆਂ ਨੇ ਸੈਂਕੜੇ ਓੜ ਪੋੜ ਦਸੇ ਪਰ ਬੱਚੇ ਨੇ ਦੁੱਧ ਨਾ ਪੀਤਾ।

ਦੇਵਨੇਤ ਨਾਲ ਸਵਾਮੀ ਰਾਮਾਨੰਦ ਜੀ ਚਮਾਰਾਂ ਦੇ ਮਹੱਲੇ ਆ ਗਏ। ਕਿਉਂ ਆਏ? ਇਹ ਤਾਂ ਕਿਸੇ ਨੂੰ ਪਤਾ ਨਹੀਂ ਸੀ ਕਿਉਂਕਿ ਰਾਮਾਨੰਦ ਜੀ ਪੁਜੇ ਹੋਏ ਸਤਿਕਾਰੇ ਸਿਆਣੇ ਵਿਦਵਾਨ ਤੇ ਕਈਆਂ ਰਾਮ ਭਗਤਾਂ ਦੇ ਗੁਰੂ ਸਨ। ਆਮ ਲੋਕ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਸਾਰੇ ਚਮਾਰਾਂ ਨੇ ਪ੍ਰਨਾਮ ਕੀਤਾ। ਕਈਆਂ ਨੇ ਆਪਣੇ ਦੁਖੜਿਆਂ ਦੀਆਂ ਅਰਦਾਸਾਂ ਕੀਤੀਆਂ। ਰਾਮੂ ਵੀ ਅਗੇ ਹੋਇਆ ਤੇ ਉਸ ਨੇ ਰਾਮਾਨੰਦ ਜੀ ਨੂੰ ਆਖਿਆ—'ਸੁਆਮੀ ਜੀ! ਪੰਜ ਦਿਨ ਹੋਏ ਨੇ ਮੇਰੇ ਘਰ ਬਾਲਕ ਜਨਮਿਆ ਹੈ। ਉਹ ਆਪਣੀ ਮਾਤਾ ਦੇ ਥਣਾਂ ਦਾ ਦੁੱਧ ਨਹੀਂ ਪੀਂਦਾ ਹੈ। ਬਾਲ ਦਾ ਚਿਹਰਾ ਨਿਰਾਲਾ ਹੈ। ਹਨੇਰੇ ਵਿਚ ਆਪੇ ਹੀ ਚਾਨਣ ਹੋ ਜਾਂਦਾ ਹੈ। ਕਦੀ ਹੱਸਦਾ ਹੈ ਤੇ ਕਦੀ ਰੋਂਦਾ ਹੈ, ਪਰ ਹੱਸਣ ਨਾਲੋਂ ਰੋਂਦਾ ਬਹੁਤ ਹੈ।'

'ਉਹ ਬਾਲਕ ਕਿਥੇ ਹੈ? ਉਸ ਦੇ ਕੋਲ ਮੈਨੂੰ ਲੈ ਚਲ।' ਰਾਮਾਨੰਦ ਜੀ ਨੇ ਆਖਿਆ।

ਰਾਮੂ ਅਗੇ ਅਗੇ ਤੁਰ ਪਿਆ। ਉਸ ਦੇ ਪਿਛੇ ਸੁਆਮੀ ਰਾਮਾਨੰਦ ਤੇ ਉਸ ਦੇ ਦੋ ਚੇਲੇ ਤੁਰੇ ਰਾਮੂ ਦੇ ਘਰ ਗਏ। ਰਾਮੂ ਅੰਦਰੋਂ ਬਾਲਕ ਰਵਿਦਾਸ ਜੀ ਨੂੰ ਚੁੱਕ ਕੇ ਬਾਹਰ ਲੈ ਆਇਆ, ਪੋਤੜਿਆਂ ਵਿਚ ਲਪੇਟਿਆ ਬਾਲਕ ਰੋ ਰਿਹਾ ਸੀ। ਸੁਆਮੀ ਰਾਮਾਨੰਦ ਜੀ ਦੇ ਸਾਹਮਣੇ ਆ ਕੇ ਉਹ ਬਹੁਤ ਚਿਲਾਇਆ।

ਰਾਮਾਨੰਦ ਜੀ ਨੇ ਬਾਲਕ ਨੂੰ ਬੜੇ ਧਿਆਨ ਨਾਲ ਦੇਖਿਆ। ਉਹਦੇ ਸਿਰ ਤੇ ਹੱਥ ਰੱਖ ਕੇ ਆਖਿਆ—'ਬੇਟਾ! ਹੁਣ ਨਾ ਘਾਬਰ। ਆਪਣੀ ਮਾਤਾ ਦਾ ਦੁੱਧ ਚੁੰਘ ਲੈ। ਆਲਮ ਦਾ ਫਲ ਪਾ ਲਿਆ। ਅਗੇ ਸੰਭਲ ਕੇ ਚਲੀਂ।' ਇਹ ਆਖ ਕੇ ਸੁਆਮੀ ਰਾਮਾਨੰਦ ਜੀ ਨੇ ਦੋ ਵਾਰ 'ਰਾਮ ਰਾਮ' ਕਿਹਾ। ਰਾਮ ਕਹਿਣ ਦੀ ਢਿੱਲ ਹੀ ਸੀ, ਬਾਲਕ ਰਵਿਦਾਸ ਰੋਣਾ ਛੱਡ ਕੇ ਹੱਸ ਪਿਆ।

ਰਾਮ ਜਨ, ਰਾਮ ਕਹੋ ਤੇ ਇਸ ਬਾਲਕ ਨੂੰ ਇਸ ਦੀ ਮਾਤਾ ਕੋਲ ਛੱਡ ਆ, ਦੁੱਧ ਚੁੰਘੇਗਾ, ਰੱਜ ਕੇ ਚੁੰਘੇਗਾ। ਰਾਮ ਨੇ ਮੈਨੂੰ ਇਸ ਬਾਲਕ ਬਦਲੇ ਹੀ ਇਧਰ ਆਉਣ ਵਾਸਤੇ ਮਜਬੂਰ ਕੀਤਾ ਸੀ।

ਰਾਮੂ ਬਾਲਕ ਨੂੰ ਆਪਣੀ ਧਰਮ ਪਤਨੀ ਕੋਲ ਲੈ ਗਿਆ। ਜਦੋਂ ਧੁਰਬਿਨੀਆਂ ਨੇ ਆਪਣੇ ਨਾਲ ਲੰਮਾ ਪਾ ਕੇ ਥਣ ਮੂੰਹ ਵਿਚ ਦਿਤਾ ਤਾਂ ਉਹ ਗਟ ਗਟ ਕਰਕੇ ਚੁੰਘਣ ਲਗ ਪਿਆ। ਬਾਲਕ ਦਾ ਦੁੱਧ ਚੁੰਘਣਾ ਦੇਖ ਕੇ ਧੁਰਬਿਨੀਆਂ ਬਹੁਤ ਅਨੰਦ ਹੋਈ। ਰਾਮੂ ਦੇ ਸਾਰੇ ਦੁਖ ਕਲੇਸ਼ ਦੂਰ ਹੋ ਗਏ। ਉਹ ਦਿਲ ਹੀ ਦਿਲ ਵਿਚ ਸੁਆਮੀ ਰਾਮਾਨੰਦ ਦਾ ਧੰਨਵਾਦ ਕਰਨ ਲਗਾ।

## ਰਵਿਦਾਸ ਜੀ ਦੇ ਪਿਛਲੇ ਜਨਮ ਦੀ ਕਥਾ

ਬੱਚੇ ਨੂੰ ਅਸ਼ੀਰਵਾਦ ਦੇ ਕੇ ਰਾਮਾਨੰਦ ਚਮਾਰਾਂ ਦੇ ਮਹੱਲੇ ਵਿਚੋਂ ਨਿਕਲ ਗਿਆ, ਜਦੋਂ ਰਾਮੂ ਦਾ ਘਰ ਦੂਰ ਰਹਿ ਗਿਆ ਤਾਂ ਸੁਆਮੀ ਰਾਮਾਨੰਦ ਦੇ ਇਕ ਚੇਲੇ ਨੇ ਪੁਛਿਆ—'ਸਵਾਮੀ ਜੀ! ਆਪ ਨੇ ਇਸ ਚਮਾਰਾਂ ਦੇ ਬੱਚੇ ਨਾਲ ਐਸੀਆਂ ਗੱਲਾਂ ਕੀਤੀਆਂ ਨੇ ਜਿਵੇਂ ਪੂਰਬਲੇ ਜਨਮ ਦੇ ਜਾਣੂ ਹੁੰਦੇ ਜੇ।'

ਸਵਾਮੀ ਰਾਮਾਨੰਦ ਜੀ ਬੋਲੇ—'ਹਾਂ! ਮੈਂ ਇਸ ਬਾਲਕ ਦੇ ਪੂਰਬਲੇ ਜਨਮ ਤੋਂ ਜਾਣੂ ਹਾਂ ਇਹ ਵੀ ਮੇਰਾ ਚੇਲਾ ਹੁੰਦਾ ਸੀ।'

ਚੇਲਾ—(ਹੈਰਾਨੀ ਨਾਲ) 'ਹੈਂ! ਆਪ ਦਾ ਚੇਲਾ, ਚਮਾਰਾਂ ਦੇ ਘਰ ਜਨਮ ਆਪ ਦੇ ਸੇਵਕ ਦਾ? ਇਹ ਕੀ ਭੇਤ ਹੈ। ਗੁਰੂ ਜੀ ਕ੍ਰਿਪਾ ਕਰ ਕੇ ਖੋਹਲ ਕੇ ਸਮਝਾਈਏ।'

ਸੁਆਮੀ ਰਾਮਾਨੰਦ ਜੀ ਬੋਲੇ—'ਕਰਮਾਂ ਦਾ ਫਲ ਹੁੰਦਾ ਹੈ। ਇਹ ਜੋ ਬਾਲਕ ਰਾਮੂ ਚਮਾਰ ਦੇ ਘਰ ਜਨਮਿਆ ਹੈ, ਅੱਜ ਤੋਂ ਸਾਲ ਪਹਿਲਾਂ ਮੇਰਾ ਚੇਲਾ ਬ੍ਰਹਮਚਾਰੀ ਸੀ?'

ਚੇਲਾ 'ਹੈਂ!' ਉਹੋ ਬ੍ਰਹਮਚਾਰੀ ਜੋ ਸਾਲ ਹੋਇਆ ਹੈ ਪ੍ਰਲੋਕ ਗਮਨ ਕਰ ਗਿਆ ਸੀ?

ਸੁਆਮੀ ਰਾਮਾਨੰਦ ਜੀ ਬੋਲੇ—'ਹਾਂ ਬੇਟਾ! ਓਹੋ ਬ੍ਰਹਮਚਾਰੀ। ਇਹ ਤਾਂ ਤੈਨੂੰ ਪਤਾ ਹੈ ਕਿ ਹਰਿ ਨਾਰਾਇਣ ਆਖ ਕੇ ਬ੍ਰਹਮਚਾਰੀ ਚੁਟਕੀ-ਚੁਟਕੀ ਆਟਾ ਮੰਗ ਕੇ ਸ਼ਹਿਰ ਵਿਚੋਂ ਲਿਆਂਦਾ ਸੀ। ਉਸ ਆਟੇ ਨਾਲ ਪ੍ਰਸ਼ਾਦ ਤਿਆਰ ਹੁੰਦਾ ਸੀ। ਅਸੀਂ ਛਕਦੇ ਸਾਂ ਤੇ ਹੋਰ ਆਏ ਸਾਧੂਆਂ ਨੂੰ ਛਕਾਇਆ ਜਾਂਦਾ ਸੀ।'

ਚੇਲਾ—'ਹਾਂ ਗੁਰੂ ਜੀ ਇਹ ਕੁਝ ਮੈਨੂੰ ਯਾਦ ਹੈ।'

ਸਵਾਮੀ ਰਾਮਾਨੰਦ ਜੀ—'ਅਸਾਡੇ ਡੇਰੇ ਦੇ ਨਾਲ ਛੋਟੂ ਮਲ ਕੋਟੂ ਮਲ ਬਾਣੀਆਂ ਦਾ ਘਰ ਸੀ। ਇਹ ਕਰਮ ਦੇ ਬਹੁਤ ਨੀਚ ਸਨ। ਵਿਵਹਾਰ ਵਿਚ ਗ਼ਰੀਬਾਂ ਨੂੰ ਲੁਟਦੇ ਨੇ। ਥੋੜ੍ਹੀ-ਥੋੜ੍ਹੀ ਰਕਮ ਦੇ ਕੇ ਦਸ ਗੁਣਾਂ ਸੂਦ ਲੈਂਦੇ ਨੇ। ਘੱਟ ਤੋਲਦੇ, ਧੋਖਾ ਕਰਦੇ। ਫ਼ਰੇਬ ਨਾਲ ਮਾਲ ਥੋੜਾ ਦੇਂਦੇ ਨੇ ਰਕਮ ਬਹੁਤੀ ਲੈਂਦੇ ਹਨ। 'ਰਾਮ ਦੀ ਸੌਂਹ' ਪ੍ਰਮਾਤਮਾ ਦੀ ਸੁਗੰਦ। ਆਖ ਕੇ ਭੋਲੇ ਪੁਰਸ਼ਾਂ ਦੇ ਕਪੜੇ ਲਾਹੀ ਤੁਰੀ ਜਾਂਦੇ ਨੇ। ਪਾਪਾਂ ਨਾਲ ਮਾਇਆ ਬਹੁਤ ਇਕੱਠੀ ਕੀਤੀ ਹੈ। ਜੇ ਕਦੀ ਦਾਨ ਕਰਦੇ ਵੀ ਹਨ ਤਾਂ ਨਫ਼ੇ ਖ਼ਾਤਰ ਕਰਦੇ ਨੇ। ਮਾਇਆ ਨਾਗਨੀ ਦੇ ਪੁਜਾਰੀ ਨੇ। ਝੂਠ ਦੇ ਪ੍ਰਭਾਵ ਕਾਰਨ ਇਨ੍ਹਾਂ ਦੀ ਬੁਧੀ ਮਲੀਨ ਹੋ ਚੁੱਕੀ ਹੈ, ਘਰ ਦੀਆਂ ਇਸਤਰੀਆਂ ਸਤਵੰਤੀਆਂ ਨਹੀਂ ਰਹੀਆਂ। ਉਹ ਪਰ ਪੁਰਸ਼ਾਂ ਨਾਲ ਮੇਲ ਕਰਦੀਆਂ ਹਨ। ਐਸੇ ਮਹਾਂ ਪਾਪੀ ਪੁਰਸ਼ਾਂ ਦੇ ਘਰ ਦਾ ਆਇਆ ਸੀਧਾ ਖਾ ਕੇ ਸਾਧ ਸੰਗਤ ਦੀ ਬੁਧੀ ਭ੍ਰਿਸ਼ਟ ਹੋ ਜਾਂਦੀ ਹੈ। ਮਨ ਅਸ਼ਾਂਤ ਹੋ ਜਾਂਦਾ ਹੈ। ਪ੍ਰਮਾਤਮਾ ਦੇ ਚਰਨ ਕੰਵਲ ਨਾਲ ਬਿਰਤੀ ਨਹੀਂ ਸੀ ਜੁੜਦੀ। ਇਕ ਦਿਨ ਬਾਰਸ਼ ਸੀ। ਅਸਾਡਾ ਚੇਲਾ ਬ੍ਰਹਮਚਾਰੀ ਸੀਧਾ ਮੰਗਣ ਵਾਸਤੇ ਗਿਆ। ਮੰਦਰ ਵਿਚੋਂ ਨਿਕਲਦਾ ਹੀ ਬਾਣੀਏ ਦੇ ਘਰ ਮੋਹਰੇ ਜਾ ਕੇ ਪੈਰ ਤਿਲਕਣ ਦੇ ਕਾਰਨ ਡਿਗ ਪਿਆ। ਚੰਡਾਲ ਬਾਣੀਏ ਦਾ ਲੜਕਾ ਖਲੋਤਾ ਸੀ। ਉਸ ਨੇ ਬ੍ਰਹਮਚਾਰੀ ਨੂੰ ਉਠਾਇਆ ਤੇ ਅਗੇ ਮੰਗਣ ਨਾ ਜਾਣ ਦਿਤਾ ਸਗੋਂ ਆਪਣੇ ਘਰੋਂ ਹੀ ਉਤਨਾ ਸੀਧਾ ਦੇ ਦਿਤਾ ਜਿਤਨਾ ਡੇਰੇ ਵਾਸਤੇ ਚਾਹੀਦਾ ਸੀ, ਬ੍ਰਹਮਚਾਰੀ ਸੀਧਾ ਲੈ ਕੇ ਡੇਰੇ ਆ ਗਿਆ। ਪ੍ਰਸ਼ਾਦ ਤਿਆਰ ਹੋਇਆ। ਜਦੋਂ ਛਕਿਆ ਤਾਂ ਮੇਰੀ ਸੁਰਤ ਰਾਮ ਨਾਲੋਂ ਟੁੱਟ ਗਈ, ਸਰੀਰ ਆਲਸੀ ਹੋ ਗਿਆ। ਨੀਂਦ ਆਉਣ ਲੱਗੀ। ਦਿਲ ਪਾਰੇ ਦੀ ਤਰ੍ਹਾਂ ਡੋਲਣ ਲੱਗਾ।' ਉਸੇ

ਵੇਲੇ ਮੈਂ ਬ੍ਰਹਮਚਾਰੀ ਨੂੰ ਸੱਦ ਕੇ ਪੁਛਿਆ—'ਅੱਜ ਸੀਧਾ ਕਿਹੜਿਆਂ ਘਰਾਂ ਤੋਂ ਮੰਗ ਕੇ ਲਿਆਇਆ ਹੈਂ?' ਬ੍ਰਹਮਚਾਰੀ ਨੇ ਉੱਤਰ ਦਿਤਾ—'ਗੁਰੂ ਜੀ! ਬਹੁਤਿਆਂ ਘਰਾਂ 'ਚੋਂ ਭਿਖਸ਼ਾ ਨਹੀਂ ਮੰਗੀ ਸਗੋਂ ਨਾਲ ਦੇ ਬਾਣੀਏ ਦੇ ਘਰੋਂ ਲਿਆਇਆ ਹਾਂ, ਕਿਉਂਕਿ ਉਸ ਦੇ ਲੜਕੇ ਨੇ ਪ੍ਰਾਰਥਨਾ ਕੀਤੀ ਸੀ।'

'ਇਹ ਸੁਣ ਕੇ ਮੈਨੂੰ ਕ੍ਰੋਧ ਆ ਗਿਆ। ਮੈਂ ਬ੍ਰਹਮਚਾਰੀ ਨੂੰ ਸਰਾਪ ਦਿਤਾ ਕਿ ਜਾਹ ਨੀਚਾ ਤੇਰੀ ਸੁਰਤ ਨੀਵੀਂ ਹੈ। ਚਮਾਰਾਂ ਨਾਲੋਂ ਭੈੜੇ ਪੁਰਸ਼ਾਂ ਦੀ ਕਮਾਈ ਦਾ ਸੀਧਾ ਅਸਾਂ ਨੂੰ ਛਕਾ ਕੇ ਪਾਪ ਕੀਤਾ ਈ। ਇਸ ਦਾ ਫਲ ਇਹ ਹੋਵੇਗਾ ਕਿ ਤੇਰਾ ਜਨਮ ਚਮਾਰਾਂ ਦੇ ਘਰ ਹੋਵੇਗਾ। ਰਾਮ ਨਾਮ ਦਾ ਸਿਮਰਨ ਕਰਨ ਤੇ ਫਿਰ ਉਧਾਰ ਹੋਵੇਗਾ। ਇਸ ਸਰਾਪ ਦੇ ਦਸਵੇਂ ਦਿਨ ਪਿਛੋਂ ਬ੍ਰਹਮਚਾਰੀ ਚਲਾਣਾ ਕਰ ਗਿਆ। ਹੁਣ ਸਾਲ ਬਾਦ ਇਸ ਨੇ ਰਾਮੂ ਚਮਾਰ ਦੇ ਘਰ ਜਨਮ ਲਿਆ, ਪ੍ਰਮਾਤਮਾ ਨੇ ਅਸਾਂ ਨੂੰ ਸੁਨੇਹਾ ਦਿਤਾ ਕਿ ਇਹ ਭਰਮ ਦਾ ਮਾਰਿਆ ਦੁੱਧ ਨਹੀਂ ਪੀਂਦਾ। ਇਸ ਵਾਸਤੇ ਕਿ ਅਗੇ ਤਾਂ ਮਾੜੇ ਪੁਰਸ਼ਾਂ ਦੇ ਘਰੋਂ ਸੀਧਾ ਮੰਗਣ ਤੇ ਇਹ ਜਨਮ ਮਿਲਿਆ ਹੈ ਜੇ ਨੀਚ ਜਾਤੀ ਦੇ ਮਾਂ ਦੇ ਥਣਾਂ ਦਾ ਦੁਧ ਪੀ ਲਿਆ ਤਾਂ ਖਵਰੇ ਕਿੰਨੇ ਜਨਮ ਧਾਰਨੇ ਪੈਣਗੇ। ਪਰ ਇਸ ਨੂੰ ਇਹ ਗਿਆਨ ਨਹੀਂ ਸੀ ਕਿ ਇਹ ਜਨਮ ਕਰਕੇ ਮਾੜਾ ਨਹੀਂ ਹੁੰਦਾ, ਸਗੋਂ ਕਰਮ ਕਰਕੇ ਮਾੜਾ-ਚੰਗਾ ਹੁੰਦਾ ਹੈ। ਅਸੀਂ ਇਸ ਦਾ ਭਰਮ ਦੂਰ ਕਰਨ ਵਾਸਤੇ ਆਏ ਸਾਂ। ਹੁਣ ਇਹ ਦੁਧ ਪੀ ਕੇ ਤਕੜਾ ਹੋਵੇਗਾ। ਰਾਮ ਦਾ ਭਜਨ ਕਰੇਗਾ। ਹੁਣ ਭੀ ਭਜਨ ਕਰ ਰਿਹਾ ਹੈ।'

ਚੇਲਾ ਬੋਲਿਆ—'ਧੰਨ ਹੋ ਗੁਰੂ ਜੀ! ਤੁਸਾਂ ਦੀ ਗਤਿ ਤੁਸੀਂ ਹੀ ਜਾਣਦੇ ਹੋ। ਅਸੀਂ ਤਾਂ ਭੁਲਣਹਾਰ ਜੀਉੜੇ ਹਾਂ। ਮਾਇਆ ਅਸਾਂ ਨੂੰ ਠਗਦੀ ਰਹਿੰਦੀ ਹੈ। ਕਈ ਘਰ ਠਗੇ ਜਾਂਦੇ ਹਨ।'

ਇਸ ਤੋਂ ਅਗੇ ਸਵਾਮੀ ਰਾਮਾਨੰਦ ਜੀ ਨੇ ਆਪਣੇ ਚੇਲਿਆਂ ਨੂੰ ਸਮਝਾਇਆ ਕਿ 'ਸਾਧੂ ਨੂੰ ਕਦੀ ਇਕ ਘਰੋਂ ਭੋਜਨ ਨਹੀਂ ਛਕਣਾ ਚਾਹੀਦਾ। ਜੇ ਛਕੇ ਵੀ ਤਾਂ ਗ਼ਰੀਬ ਮਿਹਨਤ ਦੀ ਸੁਕੀ ਮਿੱਸੀ ਰੋਟੀ ਛਕ ਲਵੇ। ਮਾਇਆ ਧਾਰੀਆਂ ਦਾ ਧਨ ਮਿਹਨਤ ਦਾ ਨਹੀਂ ਹੁੰਦਾ, ਉਹ ਠੱਗੀਆਂ ਦਾ ਹੁੰਦਾ ਹੈ। ਕਈਆਂ ਦੇ ਲਹੂ ਪੀਤੇ ਹੁੰਦੇ ਹਨ।'

# ਵਿਆਹ ਤੇ ਵੱਖਰਾ ਘਰ

ਸਮੇਂ ਨਾਲ ਰਵਿਦਾਸ ਜੀ ਜੁਆਨ ਹੋ ਗਏ। ਜਾਤੀ ਦੇ ਘਰ ਧੰਦੇ ਵਿਚ ਆਪਣੇ ਬਾਪ ਨਾਲ ਹੱਥ ਵਟਾਉਣ ਲਗੇ। ਸੁਚੱਜਾ ਤੇ ਬਹੁਤ ਕੰਮ ਕਰਦਾ ਦੇਖ ਕੇ ਇਕ ਚਮਾਰ ਨੇ ਆਪਣੀ ਬੇਟੀ ਦਾ ਸਾਕ ਰਵਿਦਾਸ ਨੂੰ ਕਰ ਦਿਤਾ। ਸਾਲ ਪਿਛੋਂ ਵਿਆਹ ਹੋ ਗਿਆ। ਰਵਿਦਾਸ ਜੀ ਦਾ ਸੁਭਾਅ ਬੜਾ ਨਿਰਾਲਾ ਸੀ। ਉਹ ਹਰੀ ਸਿਮਰਨ ਵਿਚ ਰੁਝੇ ਰਹਿੰਦੇ, ਨਾ ਕਿਸੇ ਨਾਲ ਬਹੁਤ ਬੋਲਦੇ ਤੇ ਨਾ ਮਖੌਲ ਟਿਚਕਰ ਕਰਦੇ। ਬੁਢੜੇ ਸੰਨਿਆਸੀਆਂ ਵਾਂਗ ਗੰਭੀਰ ਰਹਿੰਦੇ। ਜਦੋਂ ਕੋਈ ਸਾਧੂ ਜਾਂ ਗ਼ਰੀਬ ਆ ਕੇ ਆਖਦਾ ਕਿ ਉਹ ਜੋੜੇ (ਜੁਤੀ) ਦਾ ਦਾਮ ਨਹੀਂ ਦੇ ਸਕਦਾ ਤਾਂ ਰਵਿਦਾਸ ਜੀ ਉਸ ਨੂੰ ਜੋੜਾ ਮੁਫ਼ਤ ਦੇ ਦੇਂਦੇ। ਉਨ੍ਹਾਂ ਦੇ ਦਾਨੀ ਸੁਭਾਅ ਕੋਲੋਂ ਰਾਮੂ ਬਹੁਤ ਤੰਗ ਹੋਇਆ। ਨਾਲ ਹੀ ਜਿਉਂ-ਜਿਉਂ ਰਵਿਦਾਸ ਜਵਾਨ ਹੁੰਦਾ ਜਾਂਦਾ ਤਿਉਂ ਤਿਉਂ ਰਾਮ ਨਾਮ ਦੇ ਸਿਮਰਨ ਵਲ ਬਹੁਤਾ ਵਧਦਾ ਜਾਂਦਾ। ਕਈ-ਕਈ ਘੰਟੇ ਚੁਪ ਕਰ ਕੇ ਬੈਠਾ ਸਿਮਰਨ ਕਰਦਾ ਰਹਿੰਦਾ।

ਰਾਮੂ ਨੇ ਆਪਣੀ ਘਰ ਵਾਲੀ ਨਾਲ ਸਲਾਹ ਕਰ ਕੇ ਇਕ ਦਿਨ ਰਵਿਦਾਸ ਨੂੰ ਆਖ ਹੀ ਦਿਤਾ—'ਬੇਟਾ ਰਵਿਦਾਸ! ਇੰਝ ਜਾਪਦਾ ਹੈ ਕਿ ਤੂੰ ਆਪਣਾ ਲਾ-ਪਰਵਾਹੀ ਸੁਭਾਅ ਛੱਡਣਾ ਨਹੀਂ। ਜੋ ਕਮਾਈ ਕਰਦਾ ਹੈਂ, ਉਹ ਸਾਧੂ ਸੰਤਾਂ ਨੂੰ ਵੰਡ ਦੇਂਦਾ ਹੈਂ, ਇਸ ਤਰ੍ਹਾਂ ਘਰ ਦੇ ਤੋਰੇ ਨਹੀਂ ਤੁਰਦੇ। ਆਪਣੀ ਵੱਖਰੀ ਝੁੱਗੀ ਪਾ ਕੇ ਅੱਡਰਾ ਕੰਮ ਕਰ ਲੈ। ਜੁਆਨ ਹੋਏ ਧੀ-ਪੁੱਤ ਨੂੰ ਮਾਪੇ ਨਹੀਂ ਕਮਾ ਕੇ ਖੁਆਇਆ ਕਰਦੇ।'

ਅਗਲੇ ਦਿਨ ਰਵਿਦਾਸ ਨੇ ਸ਼ਾਹੀ ਰਾਹ ਉਤੇ ਕੱਖਾਂ ਦੀ ਛੰਨ ਪਾ ਲਈ। ਉਹ ਛੰਨ ਉਸ ਦੀ ਦੁਕਾਨ, ਘਰ ਤੇ ਮੰਦਰ ਸੀ। ਬਜ਼ਾਰੋਂ ਪੱਕੀ ਖਾਲ ਲਿਆ ਕੇ ਜੁਤੀਆਂ ਸਿਊਣੀਆਂ ਸ਼ੁਰੂ ਕਰ ਦਿਤੀਆਂ। ਰਵਿਦਾਸ ਜੀ ਦੀ ਪਤਨੀ ਬੜੀ ਸ਼ੀਲਵੰਤ ਸੀ। ਉਹ ਰਵਿਦਾਸ ਜੀ ਦੀ ਬਹੁਤ ਸੇਵਾ ਕਰਦੀ। ਉਹ ਆਗਿਆ ਵਿਚ ਰਹਿੰਦੀ। ਦੋਵੇਂ ਜੀਅ ਰਾਮ ਨਾਮ ਜਪਦੇ ਹੋਏ ਮਿਹਨਤ ਕਰੀ ਜਾਂਦੇ, ਜਿਵੇਂ ਹਿੰਦੁਸਤਾਨ ਦੇ ਹੋਰ ਲੋਕ ਮਿਹਨਤ ਕਰਦੇ ਸਨ। ਪਰ ਮਿਹਨਤ ਕਰਨ ਦੇ ਨਾਲ-ਨਾਲ ਦਾਨ ਵੀ ਕਰਦੇ। ਉਨ੍ਹਾਂ ਦੇ ਦਾਨੀ ਸੁਭਾਅ ਨੇ ਉਨ੍ਹਾਂ ਨੂੰ ਤੰਗ

ਕਰਨਾ ਸ਼ੁਰੂ ਕੀਤਾ। ਕਈ-ਕਈ ਦਿਨ ਚੁਲ੍ਹੇ ਅੱਗ ਨਾ ਬਲਦੀ। ਭੁਖੇ ਹੀ ਰਾਮ ਭਗਤੀ ਕਰੀ ਜਾਂਦੇ। ਪ੍ਰਮਾਤਮਾ ਵੀ ਭਗਤ ਦਾ ਇਮਤਿਹਾਨ ਲੈਂਦਾ ਰਹਿੰਦਾ ਹੈ। ਜਿਸ ਦਿਨ ਪੈਸੇ ਦੀ ਬਹੁਤੀ ਥੁੜ ਹੁੰਦੀ ਉਸ ਦਿਨ ਕਿਸੇ ਨਾ ਕਿਸੇ ਸੰਤ ਨੂੰ ਰਵਿਦਾਸ ਵਲ ਭੇਜ ਦੇਂਦਾ ਕਿ ਜਾਹ ਉਸ ਕੋਲੋਂ ਜੋੜਾ ਮੰਗ। ਜੋ ਜੋੜਾ ਬਜ਼ਾਰ ਵੇਚ ਕੇ ਰਵਿਦਾਸ ਨੇ ਪੇਟ ਪੂਜਾ ਵਾਸਤੇ ਅੰਨ, ਗੁੜ ਲਿਆਉਣਾ ਸੀ, ਓਹੋ ਹੀ ਜੋੜਾ ਸਾਧੂ ਨੂੰ ਦਾਨ ਕਰੀ ਜਾਂਦਾ। ਆਪ ਦੋਵੇਂ ਜੀਅ ਸਬਰ ਵਿਚ ਹੀ ਰਾਤ ਕੱਟ ਲੈਂਦੇ। ਗ਼ਰੀਬੀ ਨੱਕਾ-ਨੱਕ ਚੜ੍ਹ ਗਈ, ਉਦਾਲੇ ਦੇ ਕਪੜੇ ਵੀ ਪਾਟ ਗਏ।

## ਅਭੀਚ ਨਛੱਤ੍ਰ ਪੁਰਬ ਤੇ ਰਵਿਦਾਸ ਜੀ ਦਾ ਕਸੀਰਾ

ਗੰਗਾ ਦੇ ਕਿਨਾਰੇ ਕਾਂਸ਼ੀ ਵਿਚ ਅਭੀਚ ਨਛੱਤ੍ਰ ਦਾ ਇਸ਼ਨਾਨ ਪੁਰਬ ਆਇਆ। ਲੱਖਾਂ ਨਰ-ਨਾਰੀਆਂ ਨੇ ਇਸ ਪੁਰਬ ਉਤੇ ਗੰਗਾ ਇਸ਼ਨਾਨ ਕਰਨਾ ਸੀ। ਦੇਸ਼ ਦੇ ਹਰ ਹਿੱਸੇ ਵਿਚੋਂ ਸੰਗ ਆ ਰਹੇ ਸਨ। ਰਵਿਦਾਸ ਤੇ ਉਸ ਦੀ ਧਰਮ ਪਤਨੀ ਵੀ ਇਕ ਸੰਗ ਦੇ ਨਾਲ ਇਸ਼ਨਾਨ ਕਰਨ ਵਾਸਤੇ ਤੁਰ ਪਏ ਪਰ ਗੰਗਾ ਦੀ ਭੇਟ ਕਰਨ ਲਈ ਇਕ ਦਮੜੀ (ਕਸੀਰਾ) ਤੋਂ ਬਿਨਾਂ ਕੁਝ ਹੋਰ ਨਹੀਂ ਸੀ, ਦੋਵੇਂ ਜੀਅ ਸੁਚੇ ਮੂੰਹ ਸਨ।

ਸੰਗ ਗੰਗਾ ਕਿਨਾਰੇ ਪੁੱਜਾ, ਲੱਖਾਂ ਨਰ ਨਾਰੀ ਇਸ਼ਨਾਨ ਕਰ ਰਹੇ ਸਨ। ਉਹ ਸੰਗ ਵੀ ਲੋਕਾਂ ਵਿਚ ਜਾ ਰਲਿਆ। ਇਕ ਘਾਟ ਉਤੇ ਰਵਿਦਾਸ ਤੇ ਉਸ ਦੀ ਇਸਤਰੀ ਇਸ਼ਨਾਨ ਕਰਨ ਲਗੇ। ਇਸ਼ਨਾਨ ਕਰਨ ਵੇਲੇ ਕੁਝ ਨਾ ਕੁਝ ਗੰਗਾ ਮਈਆ ਨੂੰ ਚੜ੍ਹਾਉਣਾ ਜ਼ਰੂਰ ਪੈਂਦਾ ਸੀ। ਬਾਕੀ ਦੇ ਇਸ਼ਨਾਨ ਕਰਨ ਵਾਲੇ ਮਖਾਣੇ, ਪਤਾਸੇ, ਛੁਹਾਰੇ ਪੈਸੇ ਤੇ ਅਮੀਰ ਮੋਹਰਾਂ ਚੜ੍ਹਾ ਰਹੇ ਸਨ। ਗੰਗਾ ਵਿਚ ਸੁਟੀ ਲੋਕਾਂ ਦੀ ਭੇਟਾ ਗੰਗਾ ਜਲ ਉਤੇ ਤੁਰਦੀ ਫਿਰਦੀ ਸੀ। ਕੁਝ ਰੁੜ੍ਹ ਕੇ ਦੂਰ ਜਾ ਰਹੀ ਸੀ, ਭੇਟਾ ਦੇ ਰੁੜ੍ਹਨ, ਤਰਨ ਤੇ ਡੁਬਨ ਵਿਚ ਹੀ ਖ਼ੁਸ਼ੀ ਸਮਝਦੇ ਸਨ। ਉਨ੍ਹਾਂ ਭੁਲਿਆਂ ਨੂੰ ਪਤਾ ਨਹੀਂ ਸੀ ਕਿ 'ਗੰਗਾ ਮਈਆ' ਹੱਥ ਕਰ ਕੇ ਵੀ ਕਿਸੇ ਦੀ ਭੇਟਾ ਕਬੂਲ ਕਰਦੀ ਹੈ। ਕਈ ਲੱਖਾਂ ਪਤੀ ਹਜ਼ਾਰਾਂ ਰੁਪਏ ਦੀ ਭੇਟਾ ਚੜ੍ਹਾ ਰਹੇ ਸਨ।

ਪਰ ਰਵਿਦਾਸ ਦੀ ਭੇਟਾ ਚੜ੍ਹਾਉਣ ਵੇਲੇ ਨਿਰਾਲਾ ਹੀ ਕੌਤਕ ਹੋਇਆ,

ਜਿਸ ਨੂੰ ਵੇਖ ਕੇ ਜਗਿਆਸੂ ਬਹੁਤ ਹੈਰਾਨ ਹੋਏ । ਉਹ ਕੌਤਕ ਇਹ ਸੀ ਕਿ ਜਦੋਂ ਰਵਿਦਾਸ ਦਮੜੀ ਗੰਗਾ ਦੀ ਭੇਟ ਕਰਨ ਲਗਾ ਤਾਂ ਗੰਗਾ ਵਿਚੋਂ ਇਕ ਮਨੁਖ ਦੇ ਹੱਥ ਵਰਗਾ ਇਕ ਹੱਥ ਨਿਕਲਿਆ । ਉਸ ਨੇ ਕਸੀਰੇ (ਦਮੜੀ) ਨੂੰ ਬੜੇ ਸਤਿਕਾਰ ਨਾਲ ਬੋਚ ਲਿਆ । ਅਲਾਹੀ ਅਵਾਜ਼ ਆਈ—'ਰਵਿਦਾਸ ਤੇਰੀ ਭੇਟਾ ਪ੍ਰਵਾਨ' ਉਸ ਗ਼ੈਬੀ ਹੱਥ ਤੇ ਗ਼ੈਬੀ ਅਵਾਜ਼ ਨੂੰ ਦੇਖ ਸੁਣ ਕੇ ਯਾਤਰੂ ਪ੍ਰੇਸ਼ਾਨ ਸਨ । ਧਨਾਢ ਮੂੰਹ ਦੇਖਦੇ ਹੀ ਰਹਿ ਗਏ । ਉਨ੍ਹਾਂ ਦੀ ਹਜ਼ਾਰਾਂ ਮਣਾਂ ਸਮੱਗਰੀ ਨੂੰ ਕਿਸੇ ਨੇ ਸਤਿਕਾਰ ਨਾਲ ਨਹੀਂ ਸੀ ਕਬੂਲਿਆ । ਪਰ ਰਵਿਦਾਸ ਚਮਾਰ ਦੀ ਦਮੜੀ ਨੂੰ ਲੈਣ ਵਾਸਤੇ ਜਲ ਰੂਪ ਗੰਗਾ ਨੇ ਮਨੁਖ ਜਾਮਾ ਪਹਿਨਿਆ। ਇਹ ਕੌਤਕ ਦੇਖ ਕੇ ਹਰ ਪਾਸੇ ਰਵਿਦਾਸ ਜੀ ਦੀ ਭਗਤੀ ਦੀ ਉਪਮਾ ਹੋਣ ਲਗੀ। ਇਸੇ ਸਾਖੀ ਨੂੰ ਭਾਈ ਗੁਰਦਾਸ ਜੀ ਨੇ ਇਉਂ ਬਿਆਨ ਕੀਤਾ ਹੈ—

*ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ।*
*ਪਾਣ੍ਹਾ ਗੰਢੇ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।*
*ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।*
*ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ।*
*ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ।*
*ਕਢਿ ਕਸੀਰਾ ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।*
*ਲਗਾ ਪੁਰਬੁ ਅਭੀਚ ਦਾ ਡਿਠਾ ਚਲਿਤੁ ਅਚਰਜੁ ਅਮੇਟਾ।*
*ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।*
*ਭਗਤ ਜਨਾਂ ਹਰਿ ਮਾਂ ਪਿਉ ਬੇਟਾ ॥੧੭॥* (ਭਾਈ ਗੁਰਦਾਸ ਜੀ, ਵਾਰ ੧੦)

ਭਾਵ ਚਾਰੇ ਪਾਸੇ (ਦੂਰ ਤਕ) ਚਮਿਆਰ (ਰਵਿਦਾਸ) ਭਗਤ ਭਗਤ ਕਰ ਕੇ ਪ੍ਰਗਟ ਹੋ ਗਿਆ । ਉਹ ਜੁਤੀਆਂ ਸੀਉਂਦਾ ਤੇ ਖ਼ਾਨਦਾਨੀ ਡੰਗਰਾਂ ਦੀਆਂ ਖੱਲਾਂ ਲਾਹੁਣ ਵਾਲਿਆਂ ਨਾਲ ਵੀ ਮੇਲ ਮਿਲਾਪ ਰਖਦਾ । ਜਿਵੇਂ ਪੁਰਾਣੀਆਂ ਟਾਕੀਆਂ ਵਿਚ ਲਾਲ ਵਲ੍ਹੇਟ ਕੇ ਰਖਿਆ ਹੋਇਆ ਹੁੰਦਾ ਹੈ ਤਿਵੇਂ ਗ਼ਰੀਬੀ ਵਿਚ ਉਹ ਭਗਤ ਰਵਿਦਾਸ਼ ਇਕ ਲਾਲ ਦੀ ਨਿਆਈਂ ਸੀ । ਚਮਿਆਰਾਂ ਦੇ ਘਰ ਜਨਮ ਲੈ ਕੇ ਉਹ ਚਾਰੇ ਵਰਨਾਂ—ਬ੍ਰਾਹਮਣ, ਛਤ੍ਰੀ, ਵੈਸ਼ ਤੇ ਸ਼ੂਦਰ ਨੂੰ ਉਪਦੇਸ਼ ਕਰਦਾ ਸੀ । ਇਕ ਦਿਨ ਸੰਗ ਦੇ ਨਾਲ ਗੰਗਾ ਇਸ਼ਨਾਨ ਕਰਨ ਵਾਸਤੇ ਆਇਆ, ਉਸ ਨੇ ਦਮੜੀ ਪਲਿਉਂ ਖੋਲ੍ਹ ਕੇ ਗੰਗਾ ਦੀ ਭੇਟ ਕੀਤੀ ਤਾਂ ਅਭੀਚ ਦੇ ਪੁਰਬ ਉਤੇ ਇਸ਼ਨਾਨ ਕਰਨ ਵਾਲਿਆਂ ਹਜ਼ਾਰਾਂ ਯਾਤਰੂਆਂ

ਨੇ ਨਿਰਾਲਾ ਕੌਤਕ ਦੇਖਿਆ। ਉਹ ਇਹ ਕਿ ਗੰਗਾ ਨੇ ਹੱਥ ਕੱਢ ਕੇ ਕਸੀਰਾ (ਦਮੜੀ) ਫੜ ਲਿਆ। ਸਮਝੋ ਰਵਿਦਾਸ ਤੇ ਗੰਗਾ ਦਾ ਇਉਂ ਸਬੰਧ ਸੀ ਜਿਵੇਂ ਕਪੜੇ ਵਿਚ ਤਾਣੇ ਤੇ ਪੇਟੇ ਦਾ ਹੁੰਦਾ ਹੈ। ਭਗਤ ਹਰੀ ਦੇ ਪੁੱਤਰ ਹਨ ਤੇ ਹਰੀ, ਮਾਂ ਬਾਪ ਦੀ ਤਰ੍ਹਾਂ ਪਿਆਰਾ ਹੈ।

## ਭਗਵਾਨ ਨੇ ਰਵਿਦਾਸ ਦੀ ਪ੍ਰੀਖਿਆ ਕਰਨੀ

ਭਗਤਾਂ ਦੀ ਪ੍ਰੀਖਿਆ ਭਗਵਾਨ ਕਰਦਾ ਆਇਆ ਹੈ। ਕਈ ਭਗਤ ਭਗਵਾਨ ਨੂੰ ਜਾਚਦੇ ਆਏ ਨੇ। ਰਵਿਦਾਸ ਜੀ ਦੀ ਗ਼ਰੀਬੀ ਨੂੰ ਦੇਖ ਕੇ ਭਗਵਾਨ ਨੇ ਸੋਚਿਆ ਕਿ ਭਗਤ ਦੀ ਪਰਖ ਕਰ ਲਵਾਂ ਕਿਤੇ ਭਗਤ ਕੱਚਾ ਨਾ ਰਹਿ ਜਾਵੇ। ਸੰਸਾਰ ਦੇ ਵਿਚ ਮਾਇਆ ਦਾ ਲਾਲਚ ਸਭ ਤੋਂ ਵੱਡਾ ਲਾਲਚ ਹੈ। ਸਾਧੂ ਦਾ ਭੇਸ ਧਾਰ ਕੇ ਭਗਵਾਨ ਰਵਿਦਾਸ ਦੀ ਝੁਗੀ ਵਿਚ ਆ ਗਏ। ਰਵਿਦਾਸ ਨੇ ਜੀ ਆਇਆਂ ਆਖਿਆ। ਬੈਠਣ ਵਾਸਤੇ ਮੂਹੜਾ ਦਿਤਾ ਤੇ ਜਲ ਪਾਣੀ ਪੁਛਿਆ।

'ਕੋਈ ਤ੍ਰਿਸ਼ਨਾ ਨਹੀਂ ਰਾਮ ਭਗਤ!' ਭਗਵਾਨ (ਸਾਧੂ) ਨੇ ਉੱਤਰ ਦਿਤਾ। ਤੇਰੀ ਭਗਤੀ ਦੀ ਮਹਿਮਾ ਸੁਣ ਕੇ ਦਰਸ਼ਨ ਨੂੰ ਆ ਗਏ ਹਾਂ। ਇਹ ਦੇਖ ਕੇ ਬਹੁਤ ਦੁਖ ਹੋਇਆ ਕਿ ਰਾਮ ਭਗਤ ਦੁਖੀ ਹੋਵੇ।

ਰਵਿਦਾਸ—'ਪਰ ਮਹਾਰਾਜ ਮੈਂ ਤਾਂ ਕਿਸੇ ਗੱਲੋਂ ਦੁਖੀ ਨਹੀਂ। ਮੇਰੇ ਚੌਗਿਰਦੇ ਸੁਖ ਹਨ, ਕਿਉਂਕਿ ਰਾਮ ਸਿਮਰਨ ਵਾਸਤੇ ਬਹੁਤ ਸਮਾਂ ਮਿਲ ਜਾਂਦਾ ਹੈ। ਰਾਮ ਸਿਮਰਨ ਵਿਚ ਸੁਖ ਹੈ ਨਾ ਪਿਆਸ ਲਗਦੀ ਹੈ ਨਾ ਭੁੱਖ। ਪ੍ਰਭੂ ਦਾ ਦਿਤਾ ਸਭ ਕੁਝ ਹੈ।'

ਸਾਧੂ (ਭਗਵਾਨ)—'ਰਾਮ ਜਨ! ਗ਼ਰੀਬੀ ਤੇਰੇ ਗਲ ਚੜ੍ਹੀ ਹੈ। ਗ਼ਰੀਬੀ ਦਾ ਦੁੱਖ ਹੈ। ਕਈ-ਕਈ ਦਿਨ ਤੇਰਾ ਚੁਲ੍ਹਾ ਠੰਢਾ ਰਹਿੰਦਾ ਹੈ। ਆਏ ਸਾਧੂ ਦਾ ਪੂਰਾ ਸਤਿਕਾਰ ਨਹੀਂ ਕਰ ਸਕਦਾ। ਜੇ ਮਾਇਆ ਬਹੁਤੀ ਹੋਵੇ ਤਾਂ ਦਾਨ ਬਹੁਤ ਹੋ ਸਕਦਾ ਹੈ।'

ਰਵਿਦਾਸ—'ਨਹੀਂ ਮਹਾਰਾਜ, ਜੇ ਮਾਇਆ ਬਹੁਤੀ ਹੋਵੇ ਤਾਂ ਪਾਪ ਬਹੁਤਾ ਹੋ ਸਕਦਾ ਹੈ ਦਾਨ ਨਹੀਂ। ਹੰਕਾਰ ਬਹੁਤ ਹੋ ਸਕਦਾ ਹੈ, ਦਸਾਂ ਨੌਹਾਂ ਦੀ ਕਮਾਈ ਵਿਚ ਬਰਕਤਾਂ ਹਨ। ਦਾਨ ਵੀ ਓਹੋ ਫਲਦਾ ਹੈ ਜੋ ਦਸਾਂ ਨੌਹਾਂ ਦੀ ਧਰਮ ਕਿਰਤ ਵਿਚੋਂ ਕੀਤਾ ਜਾਵੇ। ਅਸੀਂ ਪ੍ਰਸੰਨ ਹਾਂ।'

ਸਾਧੂ (ਭਗਵਾਨ)—'ਮੇਰੇ ਕੋਲ ਪਾਰਸ ਹੈ ।'

ਇਹ ਆਖ ਕੇ ਸਾਧੂ ਨੇ ਗੋਲ ਪੱਥਰੀ ਦੀ ਵੱਟੀ ਕੱਢੀ ਤੇ ਰਵਿਦਾਸ ਨੂੰ ਦਿਖਾਈ ।

ਰਵਿਦਾਸ—'ਇਹ ਪਾਰਸ ਕੀ ਕਰਦਾ ਹੈ ?'

ਸਾਧੂ—'ਜਿਸ ਚੀਜ ਨਾਲ ਛੁਹਾ ਦਿਤਾ ਜਾਏ ਓਹੋ ਚੀਜ ਸੋਨਾ ਬਣ ਜਾਵੇਗੀ, ਲੋਹੇ ਨੂੰ ਛੁਹਾ ਕੇ ਸੋਨਾ ਬਣਾ ਲੈਣਾ । ਜੁੱਤੀਆਂ ਵੇਚਦਾ ਹੈਂ, ਜੁੱਤੀਆਂ ਦੀ ਥਾਂ ਸੋਨਾ ਵੇਚ ਕੇ ਮਾਇਆ ਇਕੱਠੀ ਕਰ ਲੈ । ਉਸ ਮਾਇਆ ਨਾਲ ਪੱਕਾ ਮਕਾਨ ਰਹਿਣ ਵਾਸਤੇ, ਸੁੰਦਰ ਮੰਦਰ ਪੂਜਾ ਵਾਸਤੇ ਅਤੇ ਸਰਾਂ ਆਏ ਗਏ ਦੇ ਆਰਾਮ ਵਾਸਤੇ ਤਿਆਰ ਕਰ ਲੈ । ਭੰਡਾਰੇ ਖੋਹਲ ਦੇਣੇ, ਨੰਗਾ, ਭੁੱਖਾ, ਕੱਪੜਾ ਤੇ ਅੰਨ ਹਾਸਲ ਕਰੇਗਾ । ਹਰ ਪਾਸੇ ਤੇਰੀ ਉਪਮਾ ਹੋਵੇਗੀ । ਇਹ ਜਗਤ ਚੰਗਾ ਸਮਝੇਗਾ । ਅਗੇ ਭਗਵਾਨ ਆਦਰ ਦੇਵੇਗਾ । ਪਾਰਸ ਨੂੰ ਰੱਖ ਲੈ, ਪਾਰਸ ਸੰਸਾਰ ਵਿਚ ਦੂਸਰਾ ਭਗਵਾਨ ਹੈ ।'

ਰਵਿਦਾਸ—'ਨਹੀਂ ਮਹਾਰਾਜ ! ਐਨੀਆਂ ਖੇਚਲਾਂ ਮੇਰੇ ਕੋਲੋਂ ਨਹੀਂ ਹੁੰਦੀਆਂ, ਭਗਵਾਨ ਨੇ ਮੈਨੂੰ ਅਮੀਰ ਕਰਕੇ ਕਸ਼ਟ ਦੇਣਾ ਹੈ । ਉਹ ਭਗਵਾਨ ਅਮੀਰਾਂ ਨੂੰ ਪ੍ਰੇਰੇ ਕਿ ਉਹ ਸਾਧੂਆਂ ਵਾਸਤੇ ਸਰਾਵਾਂ ਤਿਆਰ ਕਰਨ ਤੇ ਲੰਗਰ ਲਾਉਣ, ਜ਼ਰੂਰ ਇਹ ਕੰਮ ਮੈਂ ਕਰਨਾ ਹੈ । ਹਜ਼ਾਰਾਂ ਲੱਖਾਂ ਪਤੀ ਕਾਂਸ਼ੀ ਵਿਚ ਵਸਦੇ ਹਨ । ਰਵਿਦਾਸ ਨੂੰ ਓਹੋ ਧੰਦਾ ਚੰਗਾ ਜੋ ਰਾਮ ਚਿੱਤ ਆਉਂਦਾ ਰਹੇ । ਰਾਮ ਨਾਮ ਨੂੰ ਵਿਸਾਰਨ ਵਾਲਾ ਅਮੀਰੀ ਜੀਵਨ ਚੰਗਾ ਨਹੀਂ, ਮੈਨੂੰ ਪਾਰਸ ਦੀ ਲੋੜ ਨਹੀਂ ।'

ਸਾਧੂ (ਭਗਵਾਨ) ਨੇ ਜਿੱਦ ਨਾ ਛੱਡੀ । ਉਸ ਨੇ ਪਾਰਸ ਰਵਿਦਾਸ ਕੋਲ ਛੱਡ ਜਾਣਾ ਹੀ ਚੰਗਾ ਸਮਝਿਆ । ਜਦੋਂ ਉਸ (ਸਾਧੂ) ਨੇ ਰਵਿਦਾਸ ਨੂੰ ਤੰਗ ਕੀਤਾ ਤਾਂ ਰਵਿਦਾਸ ਜੀ ਨੇ ਉੱਤਰ ਦਿਤਾ—'ਮਹਾਰਾਜ ਜੀ ! ਇਸ ਸਿਆਣੇ ਪਾਰਸ ਨੂੰ ਉਪਰ ਛੱਤ ਵਿਚ ਟੰਗ ਦਿਓ ।'

ਭਗਵਾਨ ਨੇ ਸੋਚਿਆ, ਰਵਿਦਾਸ ਨੂੰ ਪਾਰਸ ਦਾ ਪੂਰਾ ਗਿਆਨ ਨਹੀਂ, ਜਦੋਂ ਗਿਆਨ ਹੋਵੇਗਾ ਆਪੇ ਵਰਤ ਲਵੇਗਾ । ਅਮੀਰ ਹੋ ਜਾਵੇਗਾ । ਪਰ ਰਵਿਦਾਸ ਮਹਾਂ ਗਿਆਨੀ ਸੀ । ਉਹ ਪੂਰਬਲੇ ਜਨਮ ਵਿਚ ਮਾਇਆ ਦਾ ਰੰਗ ਦੇਖ ਚੁੱਕਾ ਸੀ । ਅਮੀਰੀ ਜੀਵਨ ਨੂੰ ਉਹ ਪਾਪਾਂ ਦਾ ਜੀਵਨ ਮੰਨਦਾ ਸੀ ।

ਸਾਧੂ ਚਲਿਆ ਗਿਆ, ਪਾਰਸ ਛੱਤ ਵਿਚ ਟੰਗਿਆ ਰਿਹਾ ।

ਸਾਲ ਪਿਛੋਂ ਭਗਵਾਨ ਦੀ ਸਲਾਹ ਹੋਈ ਕਿ ਦੇਖ ਕੇ ਆਵੇ ਰਵਿਦਾਸ ਨੇ ਪਾਰਸ ਵਰਤਿਆ ਹੈ ਕਿ ਨਹੀਂ । ਉਸੇ ਸਾਧੂ ਦਾ ਰੂਪ ਧਾਰ ਕੇ ਰਵਿਦਾਸ ਦੀ ਛੰਨ ਵਿਚ ਆ ਭਾਗ ਲਾਏ । ਆਉਂਦਿਆਂ ਹੀ ਪੁਛਿਆ—'ਭਗਤਾ! ਅਸੀਂ ਪਾਰਸ ਦੇ ਗਏ ਸਾਂ ਉਹ ਕਿਥੇ ਹੈ ?'

'ਜੀ ਜਿਥੇ ਰਖ ਗਏ ਸੀ, ਮੈਂ ਤਾਂ ਹੱਥ ਵੀ ਨਹੀਂ ਲਾਇਆ । ਉਹ ਪੱਥਰ ਮੇਰੇ ਕਿਸੇ ਕੰਮ ਵੀ ਨਹੀਂ ।' ਰਵਿਦਾਸ ਜੀ ਨੇ ਉੱਤਰ ਦਿਤਾ ।

ਸਾਧੂ ਨੇ ਪਾਰਸ ਚੁਕ ਲਿਆ । ਪਾਰਸ ਨੂੰ ਮੁਠੀ ਵਿਚ ਘੁੱਟ ਕੇ ਸਾਧੂ ਨੇ ਰਵਿਦਾਸ ਨੂੰ ਆਖਿਆ—'ਰਵਿਦਾਸ ਧੰਨ ਹੈਂ, ਤੂੰ ਆਪ ਪਾਰਸ ਹੈਂ ।' ਇਹ ਆਖ ਕੇ ਸਾਧੂ ਭਗਵਾਨ ਮੂਹੜੇ ਉਤੇ ਬੈਠਾ ਹੋਇਆ ਹੀ ਅਲੋਪ ਹੋ ਗਿਆ। ਰਵਿਦਾਸ ਤੇ ਉਸ ਦੀ ਇਸਤਰੀ ਦੋਵੇਂ ਅੱਖਾਂ ਮਲਦੇ ਹੀ ਰਹਿ ਗਏ । ਦੋਹਾਂ ਨੂੰ ਪਛਤਾਵਾ ਲਗ ਗਿਆ ਕਿ ਘਰ ਭਗਵਾਨ ਆਏ, ਅਸਾਂ ਸੇਵਾ ਵੀ ਨਾ ਕੀਤੀ । ਭੋਲੇ ਭਗਤਾਂ ਨੂੰ ਪਤਾ ਨਹੀਂ ਸੀ ਕਿ ਭਗਵਾਨ ਉਨ੍ਹਾਂ ਦੇ ਜੀਵਨ ਨੂੰ ਪਲਟਾ ਗਿਆ ਹੈ । ਉਹ ਚਮਾਰ ਨੂੰ ਸਾਰਾ ਪਾਰਸ ਬਣਾ ਗਿਆ ਹੈ । ਜੋ ਰਵਿਦਾਸ ਦੀ ਸੰਗਤ ਕਰੇਗਾ, ਸੋਈ ਪੁਰਸ਼ ਪਾਰਸ ਹੋ ਜਾਵੇਗਾ ਭਾਵ ਮੁਕਤ ਹੋਵੇਗਾ । ਰਿਧੀਆਂ ਸਿਧੀਆਂ ਭਗਤ ਦੇ ਚਰਨਾਂ ਵਿਚ ਆ ਗਈਆਂ ।

## ਕੱਖਾਂ ਦੀ ਛੰਨ ਤੋਂ ਪੱਕੇ ਮੰਦਰ

ਭਗਵਾਨ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਉਹ ਆਪਣੇ ਭਗਤ ਰਵਿਦਾਸ ਕੋਲੋਂ ਚਮੜੇ ਦਾ ਕੰਮ ਛੁਡਾ ਕੇ ਹੀ ਦਮ ਲੈਣਗੇ ਅਸਚਰਜ ਖੇਲ ਸੀ । ਭਗਤ ਮਾਇਆ ਨੂੰ ਹੱਥ ਨਹੀਂ ਸੀ ਲਾਉਂਦਾ ਪਰ ਭਗਵਾਨ ਮਾਇਆ ਬਖ਼ਸ਼ਦਾ ਸੀ।

ਰਵਿਦਾਸ ਜੀ ਨੇ ਛੋਟੀ ਜਿਹੀ ਲੱਕੜ ਦੀ ਚੌਂਕੀ ਉਤੇ ਦੇਵਤਾ ਦੀ ਪੱਥਰ ਦੀ ਮੂਰਤੀ ਰੱਖੀ ਹੋਈ ਸੀ । ਉਸ ਮੂਰਤੀ ਨੂੰ ਗਹਿਣੇ ਕਪੜੇ ਪਾਏ ਹੋਏ ਸਨ, ਹੇਠਾਂ ਆਸਣ ਵਿਛਾਇਆ ਹੋਇਆ ਸੀ । ਰੋਜ਼ਾਨਾ ਜੰਗਲ ਦੇ ਬਾਗ 'ਚੋਂ ਫੁਲ ਲਿਆ ਕੇ ਚੜ੍ਹਾਏ ਜਾਂਦੇ, ਦੋਵੇਂ ਵੇਲੇ ਪੂਜਾ ਹੁੰਦੀ । ਰਵਿਦਾਸ ਜੀ ਦਾ ਨਿਤ ਕਰਮ ਇਹ ਸੀ ਕਿ ਚੋਖੀ ਰਾਤ ਰਹਿੰਦੀ ਉਠ ਕੇ ਛੰਨ ਨੂੰ ਸਾਫ਼ ਕਰਦੇ, ਝਾੜੂ ਤੇ ਪੋਚਾ ਫੇਰ ਕੇ ਦੋਵੇਂ ਜੀਅ ਇਸ਼ਨਾਨ ਕਰਦੇ । ਇਸ਼ਨਾਨ ਕਰਨ ਪਿਛੋਂ ਦੇਵਤੇ

ਦੀ ਮੂਰਤੀ ਦਾ ਇਸ਼ਨਾਨ ਕਰਾਇਆ ਜਾਂਦਾ ਤੇ ਆਸਣ ਸਾਫ਼ ਕੀਤਾ ਜਾਂਦਾ। ਫਿਰ ਪੂਜਾ ਸ਼ੁਰੂ ਹੁੰਦੀ। ਮੂਰਤੀ ਅਗੇ ਬੈਠੇ ਸੂਰਜ ਚੜ੍ਹਾ ਦੇਂਦੇ। ਸਾਰਾ ਦਿਨ ਹੱਥ ਕਾਰ ਵਲ ਤੇ ਮਨ ਭਗਵਾਨ ਨਾਲ ਜੁੜਿਆ ਰਹਿੰਦਾ।

ਪਾਰਸ ਵਾਪਸ ਲੈ ਕੇ ਭਗਵਾਨ ਦੇ ਅਲੋਪ ਹੋਣ ਦੇ ਤੀਸਰੇ ਦਿਨ ਪਿਛੋਂ ਜਾਂ ਰਵਿਦਾਸ ਜੀ ਨੇ ਦੇਵਤੇ ਦੇ ਆਸਣ ਨੂੰ ਝਾੜਿਆ ਤਾਂ ਹੇਠੋਂ ਪੰਜ ਸੋਨੇ ਦੀਆਂ ਮੋਹਰਾਂ ਨਿਕਲੀਆਂ। ਉਹ ਮੋਹਰਾਂ ਸੋਨੇ ਦੀਆਂ ਸਨ, ਉਨ੍ਹਾਂ ਦਾ ਛਨਕਾਰ ਤੇ ਲਿਸ਼ਕਾਰ ਮਾਇਆਧਾਰੀ ਦੇ ਦਿਲ ਨੂੰ ਤਾਂ ਖੇੜੇ ਤੇ ਮਸਤੀ ਵਿਚ ਮਗਨ ਕਰ ਦੇਂਦਾ ਪਰ ਰਵਿਦਾਸ ਜੀ ਦੀ ਆਤਮਾ ਉਤੇ ਕੱਖ ਅਸਰ ਨਾ ਕੀਤਾ। ਉਸ ਨੇ ਠੀਕਰੀਆਂ ਦੀ ਤਰ੍ਹਾਂ ਚੁਕ ਕੇ ਇਕ ਪਾਸੇ ਰੱਖ ਦਿਤੀਆਂ। ਆਪ ਪੂਜਾ ਕਰਨ ਵਿਚ ਰੁਝ ਗਿਆ।

ਇਹ ਕੌਤਕ ਇਕ ਦਿਨ ਨਹੀਂ ਸੀ, ਰੋਜ ਸਵੇਰੇ ਜਦੋਂ ਭਗਤ ਜੀ ਦੇਵਤਾ ਦਾ ਆਸਨ ਸਾਫ਼ ਕਰਦੇ ਤਾਂ ਉਨ੍ਹਾਂ ਨੂੰ ਪੰਜ ਮੋਹਰਾਂ ਮਿਲਦੀਆਂ। ਉਨ੍ਹਾਂ ਨੂੰ ਚੁੱਕ ਕੇ ਆਲੇ ਵਿਚ ਰੱਖ ਦੇਂਦੇ। ਮੋਹਰਾਂ ਚੋਖੀਆਂ ਇਕੱਠੀਆਂ ਹੋ ਗਈਆਂ। ਭਗਤ ਜੀ ਨੇ ਵਰਤੀਆਂ ਨਹੀਂ, ਸੋਨੇ ਨੂੰ ਮਿੱਟੀ ਬਰਾਬਰ ਜਾਣਿਆ। ਭਗਵਾਨ ਨੇ ਜਦੋਂ ਦੇਖਿਆ ਰਵਿਦਾਸ ਮੋਹਰਾਂ ਨੂੰ ਦੇਖ ਕੇ ਡੋਲਿਆ ਨਹੀਂ ਤਾਂ ਰਾਤ ਨੂੰ ਸੁਪਨੇ ਵਿਚ ਭਾਖਿਆ ਦਿਤੀ, 'ਹੇ ਰਵਿਦਾਸ! ਇਹਨਾਂ ਸੋਨੇ ਦੀਆਂ ਮੋਹਰਾਂ ਨੂੰ ਆਲੇ ਵਿਚ ਨਾ ਰਖ, ਇਹ ਤੇਰੇ ਵਰਤਣ ਵਾਸਤੇ ਹਨ। ਤੇਰਾ ਦੇਵਤਾ ਜਿਸ ਦੀ ਤੂੰ ਪੂਜਾ ਕਰਦਾ ਹੈਂ, ਤਾਂ ਹੀ ਖ਼ੁਸ਼ ਰਹਿ ਸਕਦਾ ਹੈ। ਜੇ ਇਨ੍ਹਾਂ ਸੋਨੇ ਦੀਆਂ ਮੋਹਰਾਂ ਨਾਲ ਤੂੰ ਦੇਵਤੇ ਵਾਸਤੇ ਮੰਦਰ ਬਣਵਾਏਂ, ਮੂਰਤੀ ਵੱਡੀ ਤੇ ਸੁੰਦਰ ਰਖੇਂ, ਆਏ ਗਏ ਜਗਿਆਸੂਆਂ ਤੇ ਸ਼ਰਧਾਲੂਆਂ ਵਾਸਤੇ ਸਰਾਂ ਤਿਆਰ ਕਰੇਂ। ਜਿੰਨਾ ਚਿਰ ਸਾਰੀਆਂ ਲੋੜਾਂ ਪੂਰੀਆਂ ਨਹੀਂ ਹੋ ਜਾਂਦੀਆਂ ਓਨਾ ਚਿਰ ਮੋਹਰਾਂ ਮਿਲਦੀਆਂ ਰਹਿਣਗੀਆਂ। ਕੋਈ ਨਾ ਕੋਈ ਸ਼ਾਹੂਕਾਰ ਵੀ ਤੇਰੀ ਸਹਾਇਤਾ ਕਰੇਗਾ ਤਾਂ ਕਿ ਇਹ ਚਰਚਾ ਨਾ ਹੋਵੇ ਕਿ ਚਮਿਆਰ ਰਵਿਦਾਸ ਨੇ ਐਸੀ ਮਾਇਆ ਕਿਥੋਂ ਹਾਸਲ ਕੀਤੀ ਹੈ? ਡਰ ਨਾ, ਹੁਕਮ ਮੰਨਣ ਵਿਚ ਹੀ ਭਲਾ ਹੈ। ਰਾਮ ਜਨ ਉਸ ਦੇਵਤਾ ਦੀ ਸੇਵਾ ਕਰ।'

ਇਹ ਸੁਪਨਾ ਦੇਖ ਕੇ ਰਵਿਦਾਸ ਤ੍ਰਭਕ ਕੇ ਉਠ ਬੈਠਾ। ਉਸ ਦੀ ਨੀਂਦ ਖੁਲ੍ਹ ਗਈ। 'ਰਾਮ ਰਾਮ' ਜੀਭਾ ਰਟਣ ਲਗ ਪਈ। ਆਪਣੀ ਜੀਵਨ ਸਾਥਣ

ਨੂੰ ਹਲੂਣ ਕੇ ਜਗਾ ਲਿਆ। ਸੁਪਨੇ ਵਿਚ ਸੁਣੇ ਸਾਰੇ ਵਾਕ ਉਸ ਨੂੰ ਸੁਣਾ ਦਿਤੇ। ਉਹ ਗੁਣਵੰਤੀ ਸਿਆਣੀ ਸੀ, ਭਗਵਾਨ ਦੇ ਭੈ ਵਾਲੀ ਸੀ। ਉਸ ਨੇ ਹੱਥ ਜੋੜ ਕੇ ਸਲਾਹ ਦਿਤੀ—'ਸੁਆਮੀ ਜੀ! ਜਿਵੇਂ ਭਗਵਾਨ ਦੀ ਇਛਾ ਹੈ ਤਿਵੇਂ ਅਸਾਂ ਨੂੰ ਕਰਨਾ ਚਾਹੀਦਾ ਹੈ। ਗੁਰੂ (ਰਾਮਾਨੰਦ) ਜੀ ਨੂੰ ਪੁਛ ਲੈਣਾ ਚਾਹੀਦਾ ਹੈ। ਭਗਵਾਨ ਦੀ ਕ੍ਰਿਪਾ ਹੈ। ਸਵਾਮੀ ਜੀ! ਭਗਵਾਨ ਤਰੁਠੇ ਹਨ। ਭਗਵਾਨ ਨੂੰ ਨਰਾਜ ਨਹੀਂ ਕਰਨਾ ਚਾਹੀਦਾ।'

'ਹੱਛਾ, ਜਿਵੇਂ ਮੇਰੇ ਪ੍ਰਭੂ ਦੀ ਰਜ਼ਾ ਹੈ ਤਿਵੇਂ ਹੀ ਕਰਾਂਗਾ।' ਰਵਿਦਾਸ ਜੀ ਨੇ ਉੱਤਰ ਦਿਤਾ।

ਸਵੇਰ ਹੋਈ, ਇਕ ਸੇਠ ਜੀ ਆ ਹਾਜ਼ਰ ਹੋਏ। ਉਨ੍ਹਾਂ ਮੋਹਰਾਂ ਦੀਆਂ ਥੈਲੀਆਂ ਰਵਿਦਾਸ ਜੀ ਦੇ ਅਗੇ ਰੱਖ ਕੇ ਮੱਥਾ ਟੇਕਿਆ। ਮੱਥਾ ਟੇਕਣ ਪਿਛੋਂ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ—'ਹੇ ਪ੍ਰਭੂ! ਆਪ ਦੀ ਕ੍ਰਿਪਾ ਨਾਲ ਮੇਰੇ ਗ੍ਰਹਿ ਵਿਖੇ ਬਾਲਕ ਹੋਇਆ ਹੈ। ਮੈਂ ਪੁੱਤਰ ਮੁਖ ਦੇਖਣ ਨੂੰ ਮਛਲੀ ਦੀ ਤਰ੍ਹਾਂ ਤੜਪ ਰਿਹਾ ਸਾਂ। ਆਪ ਦੀ ਸੋਭਾ ਸੁਣੀ ਸੀ। ਇਕ ਦਿਨ ਆਪ ਦੀ ਛੰਨ ਦੇ ਅਗੋਂ ਦੀ ਲੰਘਦਿਆਂ ਹੋਇਆਂ ਮਨ ਹੀ ਮਨ ਵਿਚ ਮੰਨਤਾ ਕੀਤੀ ਸੀ ਕਿ ਜੇ ਮੇਰੇ ਘਰ ਪੁੱਤਰ ਹੋਵੇ ਤਾਂ ਇਸ ਭਗਤ ਵਾਸਤੇ ਮੰਦਰ ਬਣਵਾ ਦਿਆਂ। ਦਸ ਮਹੀਨੇ ਪਿਛੋਂ ਮੇਰੀ ਇਛਾ ਪੂਰੀ ਹੋਈ ਹੈ। ਗੁਲਾਬ ਦੇ ਫੁਲ ਵਰਗਾ ਬਾਲਕ ਮੇਰੇ ਘਰ ਆਇਆ ਹੈ। ਮੈਂ ਇਹ ਧਨ ਬੰਨ੍ਹ ਕੇ ਹਾਜ਼ਰ ਹੋਇਆ ਹਾਂ। ਮੇਰੀ ਮੰਨਤਾ ਪੂਰੀ ਕਰਨ ਵਾਸਤੇ ਸੇਵਾ ਬਖ਼ਸ਼ੋ, ਆਗਿਆ ਕਰੋ!'

ਰਾਤ ਦਾ ਸੁਪਨਾ ਤੇ ਸੇਠ ਦੀ ਬੇਨਤੀ ਸੁਣ ਕੇ ਅਤੇ ਮੋਹਰਾਂ ਦੀਆਂ ਥੈਲੀਆਂ ਦੇਖ ਕੇ ਰਵਿਦਾਸ ਜ਼ਬਾਨੋ ਕੁਝ ਨਾ ਬੋਲ ਸਕਿਆ। ਆਪਣੇ ਰਾਮ ਨੂੰ ਚੇਤੇ ਕਰਨ ਲਗ ਪਿਆ, ਉਸ ਦੇ ਗੁਣ ਗਾਉਣ ਲਗਾ। ਭਗਵਾਨ ਦੀ ਉਪਮਾ ਕਰਦਿਆਂ ਹੋਇਆਂ ਰਵਿਦਾਸ ਨੇ ਸੇਠ ਨੂੰ ਹਾਂ ਕਰ ਦਿਤੀ ਕਿ ਉਹ ਮਨ ਆਈਆਂ ਕਰ ਲਵੇ, ਸੇਠ ਖ਼ੁਸ਼ ਹੋ ਗਿਆ.।

ਰਵਿਦਾਸ ਜੀ ਦੀ ਛੰਨ ਕੋਲ ਖੁਲ੍ਹੀ ਥਾਂ ਪਈ ਸੀ ਉਸ ਨੂੰ ਖ਼ਰੀਦ ਕੇ ਮੰਦਰ ਬਣਨੇ ਸ਼ੁਰੂ ਹੋ ਗਏ। ਇਕ ਦੇਵਤੇ ਦਾ ਮੰਦਰ ਤਿਆਰ ਹੋਇਆ ਤੇ ਇਕ ਰਵਿਦਾਸ ਜੀ ਤੇ ਆਏ ਗਏ ਸਾਧੂਆਂ ਦੀ ਰਿਹਾਇਸ਼ ਵਾਸਤੇ ਸ਼ਾਨਦਾਰ ਮਕਾਨ ਤਿਆਰ ਹੋਇਆ। ਸੰਗਮਰਮਰ ਦੀਆਂ ਦੇਵ ਮੂਰਤੀਆਂ ਤਿਆਰ ਕਰਵਾਈਆਂ

ਗਈਆਂ । ਵਧੀਆ ਭੂਸ਼ਨ ਪਹਿਨਾਏ ਗਏ । ਜੋ ਦੇਵ ਮੂਰਤੀ ਦੇ ਦਰਸ਼ਨ ਕਰਦਾ ਓਹੋ ਹੀ ਵਾਹ ਵਾਹ ਆਖਦਾ। ਰਵਿਦਾਸ ਦੀ ਇਸਤਰੀ ਖ਼ੁਸ਼ ਤੇ ਹੈਰਾਨੀ ਵਿਚ ਮਗਨ ਸੀ । ਓਹ ਵੀ ਰਾਮ ਸਿਮਰਨ ਕਰਨ ਲੱਗੀ ਉਸ ਦਾ ਜੀਵਨ ਪਲਟ ਗਿਆ। ਰਵਿਦਾਸ ਦੇ ਮਾਂ ਬਾਪ ਖ਼ੁਸ਼ ਸਨ ਕਿ ਉਚੀ ਕੁਲ ਦੇ ਬ੍ਰਾਹਮਣਾਂ ਵਾਂਗ ਉਨ੍ਹਾਂ ਦੇ ਬੇਟੇ ਦਾ ਸਤਿਕਾਰ ਹੋ ਰਿਹਾ ਹੈ । ਸਾਰੀ ਕਾਂਸ਼ੀ ਵਿਚ ਭਗਤ ਰਵਿਦਾਸ ਜੀ ਦੀ ਚਰਚਾ ਸ਼ੁਰੂ ਹੋ ਗਈ । ਪਰ ਭੋਲੇ ਪੁਰਸ਼ ਇਹ ਨਹੀਂ ਸਨ ਸੋਚਦੇ ਇਹ ਰਵਿਦਾਸ ਚਮਾਰ ਦੀ ਚਰਚਾ ਨਹੀਂ ਇਹ ਤਾਂ ਹਰੀ ਨਾਮ ਦੀ ਚਰਚਾ ਹੈ । ਰਵਿਦਾਸ ਵਰਗੇ ਹੋਰ ਵੀ ਤਾਂ ਚਮਾਰ ਜੀਵ ਰਹਿੰਦੇ ਸਨ, ਉਨ੍ਹਾਂ ਦੀ ਸੋਭਾ ਤਾਂ ਕੋਈ ਨਹੀਂ ਸੀ ਕਰਦਾ । ਸਭ ਪ੍ਰਮਾਤਮਾ ਦੇ ਨਾਮ ਦੀ ਮਹਿਮਾ ਹੈ । ਜੋ ਤਨੋ ਮਨੋ ਪ੍ਰਮਾਤਮਾ ਦਾ ਹੋ ਜਾਂਦਾ ਹੈ । ਪ੍ਰਮਾਤਮਾ ਉਸ ਦਾ ਹੋ ਜਾਂਦਾ ਹੈ । ਜਦੋਂ ਕਿਸੇ ਦਾ ਪ੍ਰਮਾਤਮਾ ਹੋ ਜਾਵੇ ਫਿਰ ਉਸ ਦੀ ਉਪਮਾ ਹੋਣੀ ਜ਼ਰੂਰੀ ਹੈ ।

## ਬ੍ਰਾਹਮਣਾਂ ਦੀ ਦੁਸ਼ਮਣੀ

ਬ੍ਰਾਹਮਣ ਜਾਤੀ ਤਾਂ ਉੱਤਮ ਸੀ ਵਿਦਿਆ ਪੜ੍ਹਨੀ ਤੇ ਪੜ੍ਹਾਉਣੀ ਇਨ੍ਹਾਂ ਦਾ ਮੁਖ ਕਰਮ ਸੀ । ਵਿਦਵਾਨ ਹੋਣ ਕਰਕੇ ਰਾਜ ਦਰਬਾਰ ਵਿਚ ਸਤਿਕਾਰੇ ਗਏ । ਰਾਜੇ ਦੇ ਸਤਿਕਾਰ ਨੇ ਇਨ੍ਹਾਂ ਨੂੰ ਹੰਕਾਰੀ ਤੇ ਲਾਲਚੀ ਬਣਾ ਦਿੱਤਾ। ਬ੍ਰਾਹਮਣ ਜਾਤੀ ਤੋਂ ਬਿਨਾਂ ਮਨੁਖਾਂ ਨੂੰ ਬਹੁਤ ਨੀਵਾਂ ਸਮਝਣ ਲਗ ਪਏ। ਭਾਰਤ ਦੀ ਗਿਆਰਾਂ ਕਰੋੜ ਦੇ ਲਗਭਗ ਮਨੁੱਖ ਗਿਣਤੀ ਜਿਸ ਨੂੰ ਅਛੂਤ, ਸ਼ੂਦਰ ਜਾਂ ਦਲਿਤ ਜਾਤੀਆਂ ਕਿਹਾ ਜਾਂਦਾ ਹੈ, ਤਾਂ ਮਨੁਖ ਮੰਨਣ ਤੋਂ ਵੀ ਨਾਂਹ ਕਰ ਦਿਤੀ ਸੀ ਮਨੂ ਨੇ ਸਿਮਰਤੀਆਂ ਤਿਆਰ ਕੀਤੀਆਂ ਉਨ੍ਹਾਂ ਵਿਚ ਐਸੇ ਕਾਨੂੰਨ ਘੜੇ ਜਿਨ੍ਹਾਂ ਅਨੁਸਾਰ ਸ਼ੂਦਰ ਨਾ ਪ੍ਰਮਾਤਮਾ ਦੀ ਭਗਤੀ ਕਰ ਸਕਦਾ ਸੀ ਨ ਮੰਦਰ ਵਿਚ ਜਾ ਸਕਦਾ ਸੀ ਤੇ ਨਾ ਵੇਦ ਵਿਦਿਆ ਪੜ੍ਹ ਸੁਣ ਸਕਦਾ ਸੀ ਜੇ ਕੋਈ ਆਤਮਿਕ ਗਿਆਨ ਹਾਸਲ ਕਰਨ ਦਾ ਯਤਨ ਕਰਦਾ ਵੀ ਉਸ ਨੂੰ ਕਰੜੀ ਸਜ਼ਾ ਦਿਤੀ ਜਾਂਦੀ ।

ਰਵਿਦਾਸ ਚਮਾਰ ਸ਼ੂਦਰ ਸੀ । ਰਾਮ ਭਗਤੀ ਦੇ ਕਾਰਨ ਲੋਕ ਉਹਨਾਂ ਦੀ ਪੂਜਾ ਤੇ ਸੇਵਾ ਕਰਨ ਲਗੇ । ਬਹੁਤ ਸਾਰਿਆਂ ਨੇ ਆਪਣਾ ਗੁਰੂ ਮੰਨ ਲਿਆ।

ਰਵਿਦਾਸ ਨੇ ਜਦੋਂ ਮੰਦਰ ਪਾ ਲਿਆ ਤਾਂ ਚਮੜੇ ਦੀ ਕਿਰਤ ਛੱਡ ਦਿੱਤੀ। ਭਗਤੀ, ਪੂਜਾ ਪਾਠ ਤੇ ਹੋ ਗਿਆ ਤਾਂ ਉਸ ਦੀ ਵਡਿਆਈ ਬਹੁਤ ਖਿਲਰੀ। ਦੂਰੋਂ ਦੂਰੋਂ ਜਗਿਆਸੂ ਤੇ ਸ਼ਰਧਾਲੂ ਆਉਣੇ ਸ਼ੁਰੂ ਹੋਏ। ਰਾਮ ਨਾਮ ਦਾ ਉਪਦੇਸ਼ ਕਰਦੇ ਮੰਦਰ ਵਿਚ ਪੂਜਾ ਹੁੰਦੀ।

ਬ੍ਰਾਹਮਣਾਂ-ਪੰਡਤਾਂ ਨੇ ਜਦੋਂ ਦੇਖਿਆ ਕਿ ਉਨ੍ਹਾਂ ਦੀ ਤਰ੍ਹਾਂ ਇਕ ਚਮਾਰ ਗੁਰੂ ਬਣ ਬੈਠਾ ਹੈ। ਚਰਨ ਧੋ ਕੇ ਚਰਨਾਮਿਤ ਦੇਂਦਾ ਹੈ, ਚੇਲੇ ਬਨਾਉਣ ਵੇਲੇ ਦੀਖਿਆ ਦਿੱਤੀ ਜਾਂਦੀ ਹੈ। ਕਈ ਰਾਜੇ ਤੇ ਹੋਰ ਉਚੀ ਕੁਲ ਵਾਲੇ ਹਿੰਦੂ ਦੀਖਿਆ ਤੇ ਨਾਮ ਲੈਣ ਵਾਸਤੇ ਆਉਂਦੇ ਹਨ। ਉਹ ਈਰਖਾ ਦੀ ਜਵਾਲਾ ਨਾਲ ਸੜ ਬਲ ਕੇ ਕੋਲਾ ਹੋ ਗਏ। ਮਨੂੰ ਸਿਮਰਤੀ ਦਾ ਆਸਰਾ ਲੈ ਕੇ ਉਹ ਕਾਂਸ਼ੀ ਦੇ ਨਵਾਬ ਅਗੇ ਹਾਜ਼ਰ ਹੋ ਗਏ, ਰਵਿਦਾਸ ਜੀ ਦੀ ਸ਼ਿਕਾਇਤ ਕੀਤੀ ਰਵਿਦਾਸ ਹਿੰਦੂਆਂ ਦਾ ਧਰਮ ਭ੍ਰਿਸ਼ਟ ਕਰਦਾ ਹੈ। ਦੇਵਤਿਆਂ ਦੀ ਪੂਜਾ ਕਰਦਾ ਹੈ। ਬ੍ਰਾਹਮਣ ਬਿਨਾਂ ਕੋਈ ਦੇਵਤਿਆਂ ਦੀ ਪੂਜਾ ਨਹੀਂ ਕਰ ਸਕਦਾ ਹੈ। ਸ਼ੂਦਰ ਨੂੰ ਤਾਂ ਦੇਵ ਦਰਸ਼ਨ ਕਰਨ ਦੀ ਆਗਿਆ ਨਹੀਂ। ਉਸ ਦੇ ਮੰਦਰ ਵਿਚੋਂ ਦੇਵਤਿਆਂ ਦੀਆਂ ਮੂਰਤਾਂ ਚੁਕਵਾ ਦਿਤੀਆਂ ਜਾਣ। ਉਸ ਦੀ ਦੁਕਾਨ ਬੰਦ ਕਰ ਦਿਤੀ ਜਾਵੇ। ਅਸਾਂ ਦਾ ਧਰਮ ਭ੍ਰਿਸ਼ਟ ਹੁੰਦਾ ਹੈ। ਜਦੋਂ ਧਰਮ ਭ੍ਰਿਸ਼ਟ ਹੋਵੇ ਸਮਝੋ ਮਹਾਂ ਪਰਲੋ ਆਈ। ਆਪ ਸ਼ਹਿਰ ਦੇ ਹਾਕਮ ਜੇ, ਅਸਾਡੀ ਬੇਨਤੀ ਕਬੂਲ ਕਰੋ।

ਕਾਂਸ਼ੀ ਦਾ ਨਵਾਬ ਬਹੁਤ ਧਰਮੀ ਤੇ ਖ਼ੁਦਾ ਦੇ ਭੈ ਵਾਲਾ ਬੰਦਾ ਸੀ। ਕਬੀਰ ਤੇ ਬਾਦਸ਼ਾਹ ਦੇ ਝਗੜੇ ਨੂੰ ਉਸ ਨੇ ਸੁਣਿਆ ਹੋਇਆ ਸੀ, ਉਹ ਕਿਸੇ ਫ਼ਕੀਰ ਜਾਂ ਸੰਤ ਨੂੰ ਤੰਗ ਨਹੀਂ ਸੀ ਕਰਦਾ।

ਰਵਿਦਾਸ ਵਿਰੁਧ ਬ੍ਰਾਹਮਣਾਂ ਦੀ ਅਰਜ਼ੀ ਸੁਣ ਕੇ ਉਸ ਨੇ ਰਵਿਦਾਸ ਨੂੰ ਸੱਦਿਆ। ਉਹ ਬ੍ਰਾਹਮਣਾਂ ਤੇ ਰਵਿਦਾਸ ਨੂੰ ਆਖਣ ਲੱਗਾ—'ਰਾਮ ਭਗਤ ਸੁਣੋ! ਦੇਵਤਿਆਂ ਦੀ ਪੂਜਾ ਦਾ ਮਾਮਲਾ ਹੈ। ਸਾਰੇ ਤੁਸੀਂ ਰਾਮ, ਕ੍ਰਿਸ਼ਨ, ਪ੍ਰਮਾਤਮਾ ਜਾਂ ਹੋਰ ਕਿਸੇ ਨਾ ਕਿਸੇ ਦੇਵਤਾ ਦੇ ਭਗਤ ਹੋ। ਦੇਵਤਿਆਂ ਤੇ ਦੇਵੀਆਂ ਜਿਨ੍ਹਾਂ ਮੂਰਤੀਆਂ ਨੂੰ ਤੁਸੀਂ ਪੂਜਦੇ ਹੋ ਤੇ ਮੰਦਰਾਂ ਵਿਚ ਰਖੀਆਂ ਹੋਈਆਂ ਨੇ ਦਾ ਤੁਹਾਡੇ ਨਾਲ ਕਿੰਨਾ ਕੁ ਪਿਆਰ ਹੈ ਇਹ ਮਾਮਲਾ ਮੇਰੀ ਸਮਝ ਤੋਂ ਦੂਰ ਦਾ ਹੈ। ਮੈਂ ਮਾਮੂਲੀ ਜਿਹਾ ਪਾਪੀ ਤੇ ਖ਼ੁਦਾਈ ਬੰਦਾ ਹਾਂ, ਕੋਈ ਨੇਕ ਕਰਮ ਨਹੀਂ ਕੀਤਾ।

ਆਤਮਿਕ ਮੰਡਲਾਂ ਦਾ ਕਿਵੇਂ ਜਾਣੂ ਹੋਵਾਂ ? ਮੇਰੀ ਤਾਂ ਇਹ ਰਾਇ ਹੈ ਕਿ ਭਗਤ ਰਵਿਦਾਸ ਜੀ ਦੇ ਮੰਦਰ ਦੇ ਦੇਵਤੇ ਚੁਕਵਾ ਕੇ ਗੰਗਾ ਕਿਨਾਰੇ ਰੱਖ ਦੇਈਏ ਗੰਗਾ ਦੇ ਦੂਸਰੇ ਪਾਸੇ। ਪਹਿਲਾਂ ਉਨ੍ਹਾਂ ਦੇਵਤਿਆਂ ਨੂੰ ਬ੍ਰਾਹਮਣ ਅਵਾਜ਼ ਦੇ ਕੇ ਸੱਦਣ। ਜੇ ਦੇਵਤੇ ਆਪਣੇ ਆਪ ਬਿਨਾਂ ਕਿਸੇ ਮਨੁਖ ਸਹਾਇਤਾ ਲਈ ਬ੍ਰਾਹਮਣਾਂ ਕੋਲ ਆ ਗਏ ਤਾਂ ਉਨ੍ਹਾਂ ਦੀ ਪੂਜਾ ਬ੍ਰਾਹਮਣ ਕਰਨਗੇ। ਜੇ ਨਾ ਆਏ ਤਾਂ ਬ੍ਰਾਹਮਣ ਦਾ ਹੱਕ ਕੋਈ ਨਹੀਂ ਹੋਵੇਗਾ। ਜੇ ਦੋਹਾਂ ਦੇ ਸੱਦਿਆਂ ਉਪਰ ਆ ਗਏ ਤਾਂ ਅਧੇ-ਅਧੇ ਦੇਵਤੇ ਵੰਡ ਕੇ ਦਿਤੇ ਜਾਣਗੇ। ਇਸ ਤਰ੍ਹਾਂ ਹੀ ਝਗੜਾ ਨਜਿਠਿਆ ਜਾ ਸਕਦਾ ਹੈ ਹੋਰ ਤਾਂ ਕੋਈ ਰਾਹ ਨਹੀਂ।'

ਪੰਡਤਾਂ ਨੂੰ ਮਾਣ ਸੀ ਕਿ ਉਹ ਮੰਤਰਾਂ-ਜੰਤਰਾਂ, ਜੋਤਸ਼ ਵਿਦਿਆ, ਕਾਲੇ ਇਲਮਾਂ, ਜਾਦੂਆਂ-ਟੂਣਿਆਂ ਨੂੰ ਜਾਣਦੇ ਨੇ। ਪੱਥਰ ਦੀਆਂ ਦੇਵ ਮੂਰਤੀਆਂ ਨੂੰ ਆਪਣੀ ਵੱਲ ਖਿੱਚ ਲੈਣਾ ਉਨ੍ਹਾਂ ਅਗੇ ਮਾਮੂਲੀ ਗੱਲ ਹੈ। ਉਹ ਖ਼ੁਦ ਭਗਵਾਨ ਰੂਪ ਹਨ ਪਵਿਤ੍ਰਤਾ ਉਨ੍ਹਾਂ ਕੋਲ ਹੈ। ਚਾਰ ਚਾਰ ਵਾਰ ਗੰਗਾ ਦੇ ਇਸ਼ਨਾਨ ਕਰਦੇ ਤੇ ਚੰਦਨ ਤਿਲਕ ਮੱਥੇ ਲਾਉਂਦੇ ਹਨ। ਜਰੂਰ ਭਗਵਾਨ ਉਨ੍ਹਾਂ ਦੀ ਸਹਾਇਤਾ ਕਰੇਗਾ, ਉਨ੍ਹਾਂ ਨੇ ਖ਼ੁਸ਼ ਹੋ ਕੇ ਨਵਾਬ ਦੀ ਇਹ ਵਿਉਂਤ ਮੰਨ ਲਈ। ਭਗਤ ਰਵਿਦਾਸ ਨੂੰ ਆਪਣੇ ਰਾਮ ਉਤੇ ਭਰੋਸਾ ਸੀ ਕਿ ਰਵਿਦਾਸ ਰਾਮ ਦਾ ਹੈ। ਰਾਮ ਜ਼ਰੂਰ ਉਸ ਦੀ ਸਹਾਇਤਾ ਕਰੇਗਾ। ਹੋਰ ਕੋਈ ਮਾਣ ਨਹੀਂ ਸੀ ਭਗਵਾਨ ਪ੍ਰੇਮ ਦਾ ਭੁੱਖਾ ਹੈ ਉਹ ਤਾਂ ਭੀਲਣੀ ਦੇ ਜੂਠੇ ਬੇਰ ਵੀ ਖਾ ਜਾਂਦਾ ਹੈ ਜੇ ਦਿਲ ਵਿਚ ਸੱਚੀ ਭਗਤੀ ਤੇ ਪਿਆਰ ਹੋਵੇ ਰਵਿਦਾਸ ਜੀ ਨੇ ਨਵਾਬ ਨੂੰ ਉੱਤਰ ਦਿਤਾ—ਮੇਰੀ ਵਲੋਂ ਸਾਰੀਆਂ ਖੁਲ੍ਹਾਂ ਹਨ। ਜੋ ਫ਼ੈਸਲਾ ਚਾਹੋ ਸੋ ਕਰੋ। ਚਾਹੋ ਤਾਂ ਮੰਦਰ ਗੇਰ ਦਿਓ। ਭਗਵਾਨ ਦਾ ਮੰਦਰ ਹੈ ਭਗਵਾਨ ਨੇ ਆਪ ਤਿਆਰ ਕਰਵਾਇਆ ਹੈ। ਜੇ ਉਹ ਚਾਹੇਗਾ ਤਾਂ ਰੱਖ ਲਵੇਗਾ ਨਹੀਂ ਤਾਂ ਮੰਦਰ ਗਿਰ ਜਾਵੇਗਾ। ਦੇਵਤੇ ਚੁੱਕ ਕੇ ਲੈ ਜਾਓ ਜਿਥੇ ਜੀਅ ਕਰਦਾ ਜੇ ਰਖੋ।

ਰਵਿਦਾਸ ਦੇ ਮੰਦਰ ਵਿਚੋਂ ਸਾਰੀਆਂ ਦੇਵ ਮੂਰਤੀਆਂ ਉਠਾਈਆਂ ਗਈਆਂ। ਚੰਦਨ ਦੀ ਚੌਂਕੀ ਉਤੇ ਬੜੇ ਸਤਿਕਾਰ ਨਾਲ ਗੰਗਾ ਦੇ ਪਾਸ ਰਖ ਦਿਤੀਆਂ ਗਈਆਂ। ਕੋਲ ਕੋਈ ਮਨੁਖ ਨਾ ਰਹਿਣ ਦਿਤਾ। ਨਵਾਬ ਨੇ ਪਹਿਲਾਂ ਪੰਡਤਾਂ ਨੂੰ ਹੁਕਮ ਦਿਤਾ ਕਿ ਉਹਨਾਂ ਦੇਵਤਿਆਂ ਨੂੰ ਗੰਗਾ ਜਲ ਉਪਰੋਂ ਦੀ ਉਰਾਰ

ਸੱਦੋ।

ਪੰਡਤ ਲਗੇ ਵਾਜਾਂ ਮਾਰਨ ਦੋ ਘੰਟੇ ਵਾਜਾਂ ਮਾਰ ਮਾਰ ਕੇ ਥੱਕ ਗਏ। ਪੱਥਰ ਦੀਆਂ ਜੜ੍ਹ ਮੂਰਤੀਆਂ ਕਿਵੇਂ ਤੁਰ ਕੇ ਉਨ੍ਹਾਂ ਦੇ ਕੋਲ ਆਉਣ। ਉਨ੍ਹਾਂ ਨੂੰ ਬੋਲ ਕਿਵੇਂ ਸੁਨਾਈ ਦੇਵੇ। ਜਦੋਂ ਅਵਾਜ਼ਾਂ ਨਾ ਸੁਣੀਆਂ ਤਾਂ ਉਨ੍ਹਾਂ (ਪੰਡਤਾਂ) ਵਿਚੋਂ ਕਈਆਂ ਨੇ ਵੇਦ ਮੰਤਰ, ਕਈਆਂ ਨੇ ਜਾਦੂ, ਟੂਣੇ, ਜੰਤਰ, ਮੰਤਰ ਪੜ੍ਹਨੇ ਤੇ ਕਰਨੇ ਸ਼ੁਰੂ ਕਰ ਦਿਤੇ। ਨਵਾਬ ਅਤੇ ਲੋਕ ਉਸ ਨਿਰਾਲੀ ਲੜਾਈ ਨੂੰ ਬੜੇ ਮੌਜ ਨਾਲ ਵੇਖ ਰਹੇ ਸਨ। ਪੂਰਾ ਟਿੱਲ ਲਾ ਕੇ ਆਪਣੀਆਂ ਸਾਰੀਆਂ ਸ਼ਕਤੀਆਂ ਤੇ ਵਿਦਿਆਵਾਂ ਨੂੰ ਪਰਖ ਕੇ ਪੰਡਤਾਂ ਨੇ ਹਾਰ ਮੰਨ ਲਈ। ਹਾਰ ਮੰਨਣ ਵੇਲੇ ਆਖਿਆ ਕਲਜੁਗ ਵੇਲੇ ਦੇਵ ਮੂਰਤੀਆਂ ਨਾ ਚੇਤਨਤਾ ਵਿਚ ਆ ਸਕਦੀਆਂ ਨੇ ਤੇ ਨਾ ਭਾਖਿਆ ਦੇ ਸਕਦੀਆਂ ਨੇ। ਇਹ ਤਾਂ ਚੁੱਪ ਤੇ ਅਹਿਲ ਹੀ ਨਰ ਨਾਰੀ ਦੀਆਂ ਅਰਦਾਸਾਂ ਸੁਣ ਕੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੀਆਂ ਨੇ।

ਪੰਡਤਾਂ ਦਾ ਇਹ ਉੱਤਰ ਸੁਣ ਕੇ ਨਵਾਬ ਹੱਸ ਪਿਆ ਉਸ ਨੇ ਹੱਸਦਿਆਂ ਹੋਇਆਂ ਭਗਤ ਰਵਿਦਾਸ ਜੀ ਨੂੰ ਆਖਿਆ—'ਰਾਮ ਭਗਤ! ਲਓ ਹੁਣ ਤੁਸੀਂ ਆਪਣੇ ਦੇਵਤਿਆਂ ਨੂੰ ਆਪਣੇ ਕੋਲ ਸੱਦ ਲਵੋ।' ਸਤਿਬਚਨ ਆਖ ਕੇ ਰਵਿਦਾਸ ਜੀ ਚੌਂਕੜਾ ਮਾਰ ਕੇ ਬੈਠ ਗਏ। ਧਿਆਨ ਭਗਵਾਨ ਦੇ ਚਰਨਾਂ ਵਿਚ ਜੋੜ ਲਿਆ। ਨੈਨ ਮੂੰਦ ਲਏ। ਆਪਣੇ ਰਾਮ ਨੂੰ ਯਾਦ ਕਰਦੇ ਹੋਏ ਆਪਣੀ ਉਚਾਰੀ ਬਾਣੀ ਦਾ ਗਾਇਨ ਕਰਨ ਲਗੇ—

> *ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥ ਐਸੇ ਮੇਰਾ ਮਨੁ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ ਨ ਸੂਝ ॥੧॥ ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ ॥੧॥ ਰਹਾਉ ॥ ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ ॥ ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ ॥੨॥ ਜੋਗੀਸਰ ਪਾਵਹਿ ਨਹੀ ਤੁਅ ਗੁਣ ਕਥਨੁ ਅਪਾਰ ॥ ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥੩॥੧॥*
>
> *(ਗਉੜੀ ਪੂਰਬੀ)*

'ਹੇ ਭਗਵਾਨ! ਮੈਂ ਓਸੇ ਤਰ੍ਹਾਂ ਅਨਜਾਣ ਹਾਂ ਜਿਵੇਂ ਖੂਹ ਵਿਚ ਬਹੁਤ ਸਾਰੇ ਡੱਡੂ ਹੁੰਦੇ ਨੇ ਪਰ ਖੂਹ ਦੀ ਹੱਦ ਤੋਂ ਪਰੇ ਉਨ੍ਹਾਂ ਨੂੰ ਕੋਈ ਗਿਆਨ ਨਹੀਂ ਹੁੰਦਾ। ਇਸੇ ਤਰ੍ਹਾਂ ਮੇਰਾ ਮਨ ਵਿਸ਼ੇ ਵਿਕਾਰਾਂ ਦੇ ਜਾਲ ਵਿਚ ਘਿਰਿਆ ਹੋਇਆ ਹੈ। ਇਸ ਵਿਚੋਂ ਸੁਤੰਤਰਤਾ ਹਾਸਲ ਕਰਨ ਵਾਸਤੇ ਕੋਈ ਨੇੜੇ ਦਾ ਕਿਨਾਰਾ ਨਹੀਂ

ਦਿਸਦਾ ਭਾਵ ਕਿ ਜਗਤ ਪਦਾਰਥਾਂ ਵਿਚ ਮਨ ਐਨਾ ਖਚਤ ਹੋਇਆ ਹੈ ਕਿ ਉਸ ਦਾ ਨਿਕਲਣਾ ਅਸੰਭਵ ਹੈ। ਹੇ ਸਾਰੇ ਜਗਤ, ਸਤਾਂ ਦੀਪਾਂ ਤੇ ਸਤਾਂ ਪਾਤਾਲਾਂ ਦੇ ਮਾਲਕਾ! ਇਕ ਵਾਰ ਮੈਨੂੰ ਦਰਸ਼ਨ ਜ਼ਰੂਰ ਦੇਹ। ਹੇ ਭਗਵਾਨ! ਮੇਰੀ ਮਤ ਮਲੀਨ ਹੈ ਤੇਰਾ ਭੇਤ ਨਹੀਂ ਪਾ ਸਕਦਾ। ਮੇਰੇ ਤੇ ਮਿਹਰ ਕਰੋ ਤਾਂ ਕਿ ਮੇਰੇ ਭਰਮ ਦੂਰ ਹੋਣ ਤੇ ਸਮਝ ਹੋਵੇ, ਹੇ ਭਗਵਾਨ! ਤੇਰੇ ਗੁਣਾਂ ਦਾ! ਪਾਰਾਵਾਰ ਕੋਈ ਨਹੀਂ ਪਾ ਸਕਦਾ। ਬੜੇ ਵਡੇ ਜੋਗੀ ਤੇ ਮੁਨੀ ਵੀ ਗਤੀ ਨਹੀਂ ਜਾਣ ਸਕਦੇ। ਬਸ ਮੇਰੇ ਕੋਲ ਤਾਂ ਪ੍ਰੇਮ ਭਗਤੀ ਤੋਂ ਬਿਨਾਂ ਕੁਝ ਨਹੀਂ। ਜਾਤ ਵੀ ਚਮਾਰ। ਮੈਂ ਤਾਂ ਪ੍ਰੇਮ ਦਾ ਵਾਸਤਾ ਪਾ ਕੇ ਹੀ ਆਖਦਾ ਹਾਂ, ਹੇ ਭਗਵਾਨ! ਆ ਕੇ ਦਰਸ ਦਿਖਾ।'

ਨਵਾਬ, ਕਾਜ਼ੀ, ਪੰਡਤਾਂ ਤੇ ਦਰਸ਼ਕਾਂ ਨੇ ਦੇਵਤਿਆਂ ਉਤੇ ਨਿਗਾਹ ਗੱਡੀ ਹੋਈ ਸੀ ਉਹ ਕੌਤਕ ਦੇਖਣਾ ਚਾਹੁੰਦੇ ਸਨ। ਮੁਸਲਮਾਨ ਨਵਾਬ ਇਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦਾ ਸੀ। ਇਕ ਦੋਹਾਂ ਧਿਰਾਂ ਦਾ ਨਿਆਏ ਦੂਸਰਾ ਕਿ ਜੇ ਪੱਥਰ ਦੇ ਦੇਵਤੇ ਨਾ ਹਿੱਲੇ ਤਾਂ ਬ੍ਰਾਹਮਣਾਂ ਤੇ ਹਿੰਦੂਆਂ ਨੂੰ ਝੂਠਿਆਂ ਕਰੇਗਾ ਕਿ ਐਵੇਂ ਬਿਨਾਂ ਬੇਜਾਨ ਪੱਥਰਾਂ ਦੀ ਪੂਜਾ ਕਰਦੇ ਨੇ। ਇਹ ਤੁਹਾਡੀ ਕੋਈ ਸਹਾਇਤਾ ਨਹੀਂ ਕਰ ਸਕਦੇ। ਨਾਲ ਹੀ ਭਗਤ ਰਵਿਦਾਸ ਦੀ ਸੋਭਾ ਬਹੁਤ ਸੁਣੀ ਹੋਈ ਸੀ, ਅਨੇਕਾਂ ਕਰਾਮਾਤਾਂ ਦੀਆਂ ਸਾਖੀਆਂ ਰਵਿਦਾਸ ਦੇ ਸ਼ਰਧਾਲੂਆਂ ਨੇ ਪ੍ਰਚਲਤ ਕੀਤੀਆਂ ਹੋਈਆਂ ਸੀ। ਸਾਰੇ ਦੇਖ ਰਹੇ ਸਨ ਬਹੁਤ ਧਿਆਨ ਨਾਲ ਦੇਖ ਰਹੇ ਸਨ। 'ਨਵਾਬ ਸਾਹਿਬ, ਔਹ ਦੇਖੋ! ਦੇਵਲ ਹਿੱਲ ਰਹੇ ਹਨ।' ਤੇਜ਼ ਨਿਗਾਹ ਵਾਲੇ ਕਾਜ਼ੀ ਨੇ ਨਵਾਬ ਨੂੰ ਇਸ਼ਾਰੇ ਨਾਲ ਦੱਸਿਆ। ਨਵਾਬ ਕਾਜ਼ੀ ਪੰਡਤ ਤੇ ਸਾਰੇ ਦਰਸ਼ਕਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ। ਉਹ ਅਸਚਰਜਤਾ ਨਾਲ ਅੱਖਾਂ ਮਲ ਮਲ ਕੇ ਦੇਖਦੇ ਸਨ ਕਿ ਸਚਮੁਚ ਹੀ ਸੰਗਮਰਮਰ ਦੀਆਂ ਭਾਰੀ ਮੂਰਤੀਆਂ ਹਿੱਲ ਰਹੀਆਂ ਸਨ। ਨਿਰੀਆਂ ਹਿੱਲ ਹੀ ਨਹੀਂ ਰਹੀਆਂ ਸਨ ਸਗੋਂ ਹੌਲੀ ਹੌਲੀ ਅਗੇ ਨੂੰ ਸਰਕਦੀਆਂ ਆਉਂਦੀਆਂ ਸਨ। ਉਹਨਾਂ ਦੇ ਪਿਛੇ ਚੌਂਕੀ ਆ ਰਹੀ ਸੀ, ਨਵਾਬ ਕਾਜ਼ੀ ਤੇ ਦਰਸ਼ਕਾਂ ਦੇ ਚਿਹਰੇ ਖਿੜਨ ਲਗੇ ਪਰ ਬ੍ਰਾਹਮਣਾਂ ਦੇ ਮੂੰਹ ਲਾਜਵੰਤੀ ਦੀ ਤਰ੍ਹਾਂ ਮੁਰਝਾ ਰਹੇ ਸਨ ਉਨ੍ਹਾਂ ਦੀਆਂ ਮਲੀਨ ਆਤਮਾਵਾਂ ਆਖ ਰਹੀਆਂ ਸਨ—'ਹੇ ਭਗਵਾਨ! ਕੀ ਚਮਾਰ ਜਿੱਤ ਜਾਵੇਗਾ? ਕੀ ਬ੍ਰਾਹਮਣਾਂ ਵਿਚ ਸਤਿਆ ਨਹੀਂ ਰਹੀ?' ਉਹਨਾਂ

ਦੇ ਕੰਨਾਂ ਵਿਚ ਗੈਬੀ ਅਵਾਜ਼ ਗੂੰਜ ਰਹੀ ਸੀ । 'ਰਵਿਦਾਸ ਕੋਲ ਭਗਵਾਨ ਵਾਸਤੇ ਪਿਆਰ ਹੈ, ਸ਼ਰਧਾ ਹੈ ਪਰ ਤੁਸੀਂ ਭਗਵਾਨ ਨਾਲ ਠੱਗੀ ਕਰਦੇ ਜੇ। ਦੇਵੀ ਦੇਵਤੇ ਤੇ ਬੁਤਾਂ ਨੂੰ ਰੋਟੀ ਦਾ ਵਸੀਲਾ ਬਣਾ ਰਖਿਆ ਹੈ ।' ਬ੍ਰਾਹਮਣਾਂ ਦਾ ਲਹੂ ਜੰਮਦਾ ਜਾਂਦਾ ਸੀ । ਉਹ ਧਰਤੀ ਵਿਚ ਧੱਸਣ ਨੂੰ ਤਿਆਰ ਸਨ ਜੇ ਧਰਤੀ ਉਨ੍ਹਾਂ ਨੂੰ ਵੇਹਲ ਦੇ ਦੇਵੇ ਤਾਂ।

ਭਗਤ ਰਵਿਦਾਸ ਨੇ ਅੱਖ ਨਹੀਂ ਝਮਕੀ । ਉਹ ਨੈਨ ਮੂੰਦ ਕੇ ਭਗਵਾਨ ਦਾ ਜਸ ਗਾਉਂਦੇ ਰਹੇ । ਉਹਨਾਂ ਨੇ ਦੂਸਰਾ ਸ਼ਬਦ ਗਾਇਆ—

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥੧॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ ॥ ਕਾਰਨ ਕਵਨ ਅਬੋਲ ॥ ਰਹਾਉ ॥*
*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥੨॥੧॥*

(ਧਨਾਸਰੀ)

'ਹੇ ਭਗਵਾਨ ! ਮੇਰੇ ਵਰਗਾ ਆਜਿਜ਼ ਕੋਈ ਨਹੀਂ, ਤੁਸਾਂ ਜਿਹਾ ਮੇਹਰਬਾਨ ਕੋਈ ਨਹੀਂ, ਸਾਰੀਆਂ ਬਖ਼ਸ਼ਸ਼ਾਂ ਕਰਨ ਵਾਲੇ ਜੇ । ਸਾਰੇ ਜਾਣਦੇ ਹਨ ਹੋਰ ਕੀ ਪਰਖਣਾ ਹੈ ? ਮੈਂ ਇਹ ਅਰਦਾਸ ਕਰਦਾ ਹਾਂ ਕਿ ਮੇਰਾ ਮਨ ਤੇਰੇ ਚਰਨਾਂ ਤੋਂ ਪਰੇ ਨਾ ਹੋਵੇ । ਨਹੀਂ ਹੋਵੇਗਾ ਇਹ ਵੀ ਮੈਨੂੰ ਵਿਸ਼ਵਾਸ ਹੈ । ਮੈਂ ਤਾਂ ਆਪ ਅਤੇ ਆਪ ਦੀ ਕੁਦਰਤ ਤੋਂ ਬਲਿਹਾਰ ਜਾਂਦਾ ਹਾਂ । ਫਿਰ ਮੇਰੇ ਨਾਲ ਕਿਉਂ ਨਹੀਂ ਬੋਲਦੇ ? ਕਈ ਜਨਮ ਤੁਸਾਂ ਨਾਲ ਮੇਲ ਨਹੀਂ ਹੋਇਆ । ਵਿਛੋੜੇ ਵਿਚ ਤੜਫਦਾ ਰਿਹਾ ਹਾਂ । ਹੁਣ ਇਹ ਜਨਮ ਮੈਂ ਤੁਸਾਂ ਦੇ ਲੇਖੇ ਲਾ ਦਿੱਤਾ ਹੈ । ਭਾਵ ਕਿ ਤੇਰੀ ਭਗਤੀ ਕਰਦਿਆਂ ਹੀ ਜੀਵਨ ਗੁਜਾਰਾਂਗਾ । ਇਕ ਤੇਰੇ ਦਰਸ਼ਨ ਕਰਨ ਦੀ ਆਸ ਉਤੇ ਹੀ ਜੀਵਨ ਸਵਾਸ ਚਲ ਰਿਹਾ ਹੈ। ਤੇਰੇ ਦਰਸ਼ਨ ਕੀਤਿਆਂ ਨੂੰ ਬਹੁਤ ਦੇਰ ਹੋ ਗਈ ਹੈ ਸੋ ਮਿਹਰ ਕਰਕੇ ਦਰਸ਼ਨ ਦਿਓ।'

ਉਪਰੋਕਤ ਸ਼ਬਦ ਦਾ ਭੋਗ ਪੈਣ ਵੇਲੇ ਨੂੰ ਕੇਵਲ ਗੰਗਾ ਕਿਨਾਰੇ ਤੋਂ ਚਾਰ ਫੁਟ ਪਾਣੀ ਉਤੇ ਆ ਚੁਕੀ ਸੀ । ਸਾਰੇ ਉਨ੍ਹਾਂ ਵਲ ਹੈਰਾਨੀ ਨਾਲ ਵੇਖ ਰਹੇ ਸੀ । ਨਵਾਬ ਤੇ ਕਾਜ਼ੀ ਤੋਂ ਬਿਨਾਂ ਸਭ ਦੇ ਹੱਥ ਜੁੜੇ ਹੋਏ ਸਨ। ਭਗਤ ਨੇ ਤੀਸਰਾ ਸ਼ਬਦ ਸ਼ੁਰੂ ਕੀਤਾ—

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ ॥ ਨੀਚ ਰੂਖ ਤੇ ਊਚ ਭਏ*

ਹੇ ਗੰਧ ਸੁਗੰਧ ਨਿਵਾਸਾ ॥੧॥ ਮਾਧਉ ਸਤਸੰਗਤਿ ਸਰਨਿ ਤੁਮ੍ਹਾਰੀ ॥ ਹਮ ਅਉਗਨ ਤੁਮ੍ ਉਪਕਾਰੀ ॥੧॥ ਰਹਾਉ ॥ ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ ॥ ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ ॥੨॥ ਜਾਤੀ ਓਛਾ ਪਾਤੀ ਓਛਾ ਓਛਾ ਜਨਮੁ ਹਮਾਰਾ ॥ ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ ॥੩॥੩॥ (ਆਸਾ)

'ਹੇ ਭਗਵਾਨ ! ਆਪ ਚੰਦਨ ਸਰੂਪ ਹੋ ਮੈਂ ਅਰਿੰਡ ਦੀ ਤਰ੍ਹਾਂ ਹਾਂ ਪਰ ਫਿਰ ਵੀ ਇਹ ਆਸ ਹੈ ਕਿ ਤੁਸਾਂ ਸੰਗ ਵਾਸ ਹੈ। ਤੁਸਾਂ ਨਾਲ ਪਿਆਰ ਹੈ। ਤੁਸਾਂ ਦੀ ਕ੍ਰਿਪਾ ਨਾਲ ਨੀਵੇਂ ਰੁਖ ਉਚੇ ਹੋ ਗਏ ਹਨ। ਮਾਮੂਲੀ ਚਮਾਰ ਤੋਂ ਭਗਤ ਰਵਿਦਾਸ ਬਣੇ ਹਾਂ ਇਸ ਕਰਕੇ ਕਿ ਸਤ ਸੰਗਤ ਵਿਚ ਪੁਜਿਆਂ ਤੇਰੀ ਸ਼ਰਨ ਜਾ ਪੁਜੀਦਾ ਹੈ। ਮੇਰੇ ਵਿਚ ਬਹੁਤ ਸਾਰੇ ਔਗੁਣ (ਮਾੜੇ ਕਰਮ) ਹਨ। ਪਰ ਆਪ ਬਹੁਤ ਉਪਕਾਰ ਕਰਨ ਵਾਲੇ ਹੋ। ਹੇ ਭਗਵਾਨ ! ਆਪ ਰੰਗ ਬਰੰਗੇ ਰੇਸ਼ਮ ਦੇ ਗਦੇਲਿਆਂ ਵਾਂਗ ਜੇ, ਅਸੀਂ ਕੀੜੇ ਦੀ ਨਿਆਈਂ ਜੋ ਰੇਸ਼ਮ ਨੂੰ ਚੁਕਦਾ ਹੈ ਫਿਰ ਕੀੜੇ ਦਾ ਵਾਸਾ ਰੇਸ਼ਮ ਵਿਚ ਹੁੰਦਾ ਹੈ। ਇਸੇ ਤਰ੍ਹਾਂ ਅਸਾਡੇ ਤੇ ਤੁਸਾਂ ਵਿਚ ਫ਼ਰਕ ਕੋਈ ਨਹੀਂ। ਸਤਿਸੰਗ ਦੇ ਰਾਹੀਂ ਮੈਂ ਆਪ ਨਾਲ ਇਸ ਤਰ੍ਹਾਂ ਘੁਲ ਮਿਲ ਗਿਆ ਹਾਂ ਜਿਵੇਂ ਮੱਖੀ ਤੇ ਸ਼ਹਿਦ ਇਕ ਦੂਸਰੇ ਕੋਲੋਂ ਵੱਖ ਨਹੀਂ ਹੁੰਦੇ। ਮੇਰੀ ਜਾਤ ਨੀਵੀਂ ਹੈ ਮਾਂ ਬਾਪ ਨੀਵਾਂ ਸੀ, ਕੋਈ ਗੁਣ ਨਹੀਂ ਮੈਨੂੰ ਇਹ ਭੈ ਹੈ ਭਗਵਾਨ ਕਿ ਮੈਂ ਤੇਰੀ ਸੇਵਾ ਤਾਂ ਕੋਈ ਨਹੀਂ ਕੀਤੀ ਆਪ ਮੇਰੇ ਤੇ ਦਿਆਲਤਾ ਕਿਵੇਂ ਕਰੋਗੇ ?'

ਭਗਤ ਨੂੰ ਸ਼ੱਕ ਸੀ ਚਮਾਰ ਹੋਣ ਕਰਕੇ ਸ਼ਾਇਦ ਭਗਵਾਨ ਉਸ ਦੀ ਬੇਨਤੀ ਨਾ ਸੁਣੇ। ਪਰ ਭਗਵਾਨ ਪ੍ਰੇਮੀਆਂ ਦਾ ਹੁੰਦਾ ਹੈ। ਉਹ ਜਾਤ ਜਨਮ ਨਹੀਂ ਵੇਖਦਾ। ਸ਼ਬਦ ਦਾ ਭੋਗ ਪਿਆ ਤਾਂ ਸਾਰੇ ਦੇਵਲ (ਦੇਵੀ ਦੇਵਤਿਆਂ ਦੀਆਂ ਮੂਰਤੀਆਂ) ਰਵਿਦਾਸ ਜੀ ਦੀ ਗੋਦ ਵਿਚ ਸਨ। ਉਹ ਪੱਥਰ ਦੀਆਂ ਮੂਰਤੀਆਂ ਪੁਰਖ ਵਾਂਗ ਮੁਸਕ੍ਰਾ ਰਹੀਆਂ ਸਨ। ਜਦੋਂ ਮੂਰਤੀਆਂ ਦਾ ਭਾਰ ਪਿਆ ਤਾਂ ਭਗਤ ਨੇ ਅੱਖਾਂ ਖੋਲ੍ਹੀਆਂ, ਦੇਖਿਆ ਸਾਰੇ ਦੇਵਲ ਝੋਲੀ ਵਿਚ ਹਨ। ਚੌਂਕੀ ਵੀ ਆਪੇ ਹੀ ਗੰਗਾ ਪਾਰ ਤੋਂ ਕੋਲ ਆ ਗਈ। ਨਵਾਬ ਕਾਜ਼ੀ ਦਰਸ਼ਕਾਂ ਨੇ ਹੱਥ ਜੋੜ ਕੇ ਸਿਰ ਨਿਵਾ ਦਿਤਾ। ਰਵਿਦਾਸ ਵੱਡਾ ਭਗਤ ਹੈ। ਇਹ ਭਗਵਾਨ ਰੂਪ ਹੈ। ਇਹ ਆਖ ਕੇ ਸਾਰਿਆਂ ਪ੍ਰਣਾਮ ਕੀਤਾ। ਜਿਸ ਤੇ ਈਰਖਾ ਕਰਨ ਵਾਲੇ ਬ੍ਰਾਹਮਣ ਸ਼ਰਮ ਦੇ ਮਾਰੇ ਖਿਸਕ ਗਏ। ਉਨ੍ਹਾਂ ਨੇ ਨਵਾਬ ਦਾ ਫ਼ੈਸਲਾ

ਵੀ ਨਾ ਸੁਣਿਆ । ਦਸ ਮਿੰਟ ਪਿਛੋਂ ਮੂਰਤੀਆਂ ਫਿਰ ਸਿਲ ਰੂਪ ਹੋ ਗਈਆਂ। ਭਗਵਾਨ ਨੇ ਭਗਤ ਦੀ ਪੱਤ ਰਖਣੀ ਸੀ ਸੋ ਰੱਖ ਲਈ ਦਰਸ਼ਨ ਦੇ ਦਿਤੇ। ਦਰਸ਼ਨ ਦੇ ਕੇ ਅਲੋਪ ਹੋ ਗਏ । ਨਵਾਬ ਨੇ ਫ਼ੈਸਲਾ ਦਿਤਾ—'ਇਹ ਦੇਵਤੇ ਰਵਿਦਾਸ ਦੇ ਮੰਦਰ ਵਿਚ ਰਹਿਣਗੇ । ਬ੍ਰਾਹਮਣਾਂ ਨਾਲੋਂ ਰਵਿਦਾਸ ਚੰਗਾ ਹੈ। ਵੱਡਾ ਭਗਤ ਹੈ । ਸਾਰੇ ਦੇਵਲ ਮੁੜ ਚੰਦਨ ਦੀ ਚੌਂਕੀ ਉਤੇ ਰਖੇ ਗਏ । ਬੜੇ ਸਤਿਕਾਰ ਨਾਲ ਚੌਂਕੀ ਚੁਕ ਕੇ ਜਲੂਸ ਦੀ ਸ਼ਕਲ ਵਿਚ ਦੇਵਲ ਮੰਦਰ ਪਹੁੰਚਾਏ ਗਏ । ਸਾਰੇ ਕਾਂਸ਼ੀ ਸ਼ਹਿਰ ਵਿਚ ਇਸ ਘਟਨਾ ਦੀ ਬੜੀ ਚਰਚਾ ਹੋਈ । ਬਹੁਤ ਸਾਰੇ ਲੋਕ ਰਵਿਦਾਸ ਜੀ ਦੇ ਸ਼ਰਧਾਲੂ ਹੋ ਗਏ।

## ਝਾਲੀ ਰਾਣੀ ਦੀ ਕਥਾ

ਰਵਿਦਾਸ ਵੱਡਾ ਭਗਤ ਹੋ ਗਿਆ ਤੇ ਉਹਦੇ ਮੰਦਰ ਵਿਚ ਸਵੇਰੇ ਸ਼ਾਮ ਨੂੰ ਬਹੁਤ ਰੌਣਕ ਰਹਿੰਦੀ, ਕੀਰਤਨ ਹੁੰਦਾ । ਅਮੀਰ ਗ਼ਰੀਬ ਚੇਲੇ ਬਣ ਗਏ। ਬੇਅੰਤ ਚੜ੍ਹਾਵਾ ਚੜ੍ਹਨ ਲੱਗਾ, ਭੰਡਾਰੇ ਚਲ ਪਏ । ਗ਼ਰੀਬ ਤੇ ਸੰਤ ਸਾਧੂ ਦੋਵੇਂ ਵੇਲੇ ਪੇਟ ਭਰ ਕੇ ਭੋਜਨ ਛਕਦੇ । ਰਵਿਦਾਸ ਦੀ ਸੋਭਾ ਕਾਂਸ਼ੀ ਦੇ ਚੌਗਿਰਦੇ ਹੀ ਨਾ ਰਹੀ ਸਗੋਂ ਭਾਰਤ ਦੇ ਬਾਕੀ ਹਿਸਿਆਂ ਵਿਚ ਵੀ ਸੋਭਾ ਸੁਗੰਧੀ ਦਾ ਰੂਪ ਧਾਰਨ ਕਰ ਕੇ ਖਿਲਰ ਗਈ । ਰਾਜਪੂਤਾਨੇ ਦੇ ਪ੍ਰਸਿੱਧ ਕਿਲ੍ਹੇ ਚਿਤੌੜ ਵਿਚ ਵੀ ਕਿਸੇ ਨੇ ਜਾ ਦਸਿਆ ਕਿ ਰਵਿਦਾਸ ਭਗਤ ਹੈਨ । ਭਗਵਾਨ ਨੇ ਉਸ ਨੂੰ ਸਾਰੀਆਂ ਰਿਧੀਆਂ ਸਿਧੀਆਂ ਬਖ਼ਸ਼ ਦਿਤੀਆਂ ਹਨ । ਭਗਵਾਨ ਸਦਾ ਉਹਦੇ ਕੋਲ ਉਹਦੀ ਆਗਿਆ ਦਾ ਪਾਲਨ ਕਰਨ ਵਾਸਤੇ ਰਹਿੰਦੇ ਨੇ । ਚਿਤੌੜ ਦੇ ਰਾਣੇ ਦੀ ਧਰਮ ਪਤਨੀ ਰਾਣੀ ਝਾਲਾਂ ਸੀ। ਉਹ ਬੜੀ ਧਰਮਨ ਤੇ ਦਇਆਵਾਨ ਸੀ । ਉਸ ਨੇ ਜਦੋਂ ਰਵਿਦਾਸ ਜੀ ਦੀ ਸੋਭਾ ਸੁਣੀ ਤਾਂ ਉਹਦੇ ਹਿਰਦੇ ਵਿਚ ਭਗਤ ਜੀ ਦੇ ਦਰਸ਼ਨ ਕਰਨ ਦੀ ਲਗਨ ਲਗ ਗਈ । ਰਾਣੀ ਸੀ, ਦੂਸਰਾ ਪਤੀ ਨਾਲ ਪਿਆਰ ਸੀ ਕਿਸੇ ਚੀਜ਼ ਦੀ ਥੁੜ ਨਹੀਂ ਸੀ ਰਾਣੇ ਕੋਲੋਂ ਆਗਿਆ ਹਾਸਲ ਕਰ ਕੇ ਅਤੇ ਬ੍ਰਾਹਮਣਾਂ ਨੂੰ ਨਾਲ ਲੈ ਕੇ ਤੀਰਥ ਯਾਤਰਾ ਦੇ ਬਹਾਨੇ ਕਾਂਸ਼ੀ ਆ ਗਈ । ਗੰਗਾ ਇਸ਼ਨਾਨ ਨਹੀਂ ਕੀਤਾ, ਕਿਸੇ ਬ੍ਰਾਹਮਣ ਮੰਦਰ ਵਿਚ ਨਹੀਂ ਗਈ ਸਗੋਂ ਸਿਧੀ ਰਵਿਦਾਸ ਜੀ ਦੇ ਮੰਦਰ ਵਿਚ ਪੁਜੀ। ਅਗੇ ਹਰੀ ਨਾਮ ਦਾ ਕੀਰਤਨ ਹੋ ਰਿਹਾ ਸੀ । ਦੇਵਤਿਆਂ ਦੀਆਂ ਮੂਰਤੀਆਂ ਦੇ ਅਗੇ

ਆਸਨ ਜਮਾਈ ਰਵਿਦਾਸ ਜੀ ਪ੍ਰਭੂ ਗੁਣ ਗਾ ਰਹੇ ਸਨ। ਉਸ ਵੇਲੇ ਸ਼ਬਦ ਪੜ੍ਹਿਆ ਜਾ ਰਿਹਾ ਸੀ—

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥੨੪੨॥*

... ... ... ... ... ...

*ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੁੰਦ ਕਾ ਗਾਰਾ ॥ ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ॥੧॥ ਪ੍ਰਾਨੀ ਕਿਆ ਮੇਰਾ ਕਿਆ ਤੇਰਾ ॥ ਜੈਸੇ ਤਰਵਰ ਪੰਖਿ ਬਸੇਰਾ ॥੧॥ ਰਹਾਉ ॥ ਰਾਖਹੁ ਕੰਧ ਉਸਾਰਹੁ ਨੀਵਾਂ ॥ ਸਾਢੇ ਤੀਨਿ ਹਾਥ ਤੇਰੀ ਸੀਵਾਂ ॥੨॥ ਬੰਕੇ ਬਾਲ ਪਾਗ ਸਿਰਿ ਡੇਰੀ ॥ ਇਹੁ ਤਨੁ ਹੋਇਗੋ ਭਸਮ ਕੀ ਢੇਰੀ ॥੩॥ ਊਚੇ ਮੰਦਰ ਸੁੰਦਰ ਨਾਰੀ ॥ ਰਾਮ ਨਾਮ ਬਿਨੁ ਬਾਜੀ ਹਾਰੀ ॥੪॥ ਮੇਰੀ ਜਾਤਿ ਕਮੀਨੀ ਪਾਂਤਿ ਕਮੀਨੀ ਓਛਾ ਜਨਮੁ ਹਮਾਰਾ ॥ ਤੁਮ ਸਰਨਾਗਤਿ ਰਾਜਾ ਰਾਮ ਚੰਦ ਕਹਿ ਰਵਿਦਾਸ ਚਮਾਰਾ ॥੫॥੬॥* (ਸੋਰਠਿ)

ਪ੍ਰਮਾਰਥ—ਭਗਤ ਜੀ ਦਸਦੇ ਨੇ ਭਾਈ! ਇਸ ਸਰੀਰ ਤੇ ਜੋ ਮਾਣ ਕਰਦੇ ਨੇ ਇਹ ਪਾਣੀ ਦੀ ਕੰਧ ਹੈ ਸਾਸ ਹਵਾ ਦਾ ਆਸਰਾ ਹੈ। ਮਾਂ ਬਾਪ ਦੇ ਬੀਰਜ ਦਾ ਇਸ ਨੂੰ ਗਾਰਾ ਲਗਾ ਹੋਇਆ ਹੈ। ਹੱਡੀਆਂ ਮਾਸ ਅਤੇ ਨਾੜੀਆਂ ਦਾ ਇਹ ਪਿੰਜਰਾ ਹੈ। ਇਸ ਪਿੰਜਰੇ ਵਿਚ ਜੀਵ ਆਤਮਾ ਵਸ ਰਿਹਾ ਹੈ। ਭਾਈ ਇਸ ਜਗਤ ਵਿਚ ਕੁਝ ਤੇਰਾ ਮੇਰਾ ਨਾਮ ਨਹੀਂ। ਜਿਵੇਂ ਪੰਛੀ ਸ਼ਾਮ ਨੂੰ ਆਉਂਦੇ ਰੁਖ ਉਤੇ ਬੈਠ ਜਾਂਦੇ ਨੇ ਸਵੇਰ ਹੋਣ ਤੇ ਉਠ ਜਾਂਦੇ ਹਨ। ਅਗਲੇ ਦਿਨ ਸ਼ਾਇਦ ਕਿਸੇ ਹੋਰ ਦਰਖ਼ਤ ਉਤੇ ਜਾ ਬੈਠਣ ਇਸ ਵਾਸਤੇ ਉਹ ਉਸ ਰੁਖ ਨੂੰ ਕਦੀ ਆਪਣਾ ਨਹੀਂ ਆਖਦੇ। ਇਸ ਤਰ੍ਹਾਂ ਜੀਵ ਇਸ ਸੰਸਾਰ ਤੇ ਆਉਂਦਾ ਹੈ ਤੇ ਚਲਿਆ ਜਾਂਦਾ ਹੈ। ਨਾ ਆਉਂਦਿਆਂ ਨਾਲ ਕੁਝ ਲਿਆਉਂਦਾ ਤੇ ਨਾ ਜਾਂਦਿਆਂ ਕੋਈ ਜਗਤ ਦੀ ਵਸਤੂ ਨਾਲ ਲੈ ਕੇ ਗਿਆ ਸਗੋਂ ਮਿੱਟੀ ਦਾ ਸਰੀਰ ਵੀ ਇਥੇ ਹੀ ਛੱਡਣਾ ਪਿਆ। ਇਸ ਸਰੀਰ ਨੂੰ ਜੋ ਸੁਖਾਂ ਲਈ ਤੂੰ ਡੂੰਘੀਆਂ ਨੀਹਾਂ ਰੱਖ ਕੇ ਮੰਦਰ ਤੇ ਕਿਲ੍ਹੇ ਉਸਾਰ ਰਿਹਾ ਹੈਂ ਇਸ ਦਾ ਕੀ ਲਾਭ ? ਤੇਰੇ ਵਾਸਤੇ ਤਾਂ ਸਾਢੇ ਤਿੰਨ ਹੱਥ ਥਾਂ ਕਾਫ਼ੀ ਹੈ। ਓ ਮੂਰਖ ਬੰਦੇ! ਸੁੰਦਰ ਵਾਲ ਵਾਹ ਕੇ ਪੱਗ ਨੂੰ ਟੇਢੀ ਬੰਨ੍ਹ ਕੇ ਆਕੜ ਕੇ ਤਾਂ ਤੁਰਦਾ ਹੈਂ ਪਰ ਇਹ ਕਦੀ ਸੋਚਿਆ ਈ ਕਿ ਇਸ ਤਨ ਨੇ ਇਕ ਦਿਨ ਮਿੱਟੀ ਦੀ ਢੇਰੀ ਹੋ ਜਾਣਾ ਹੈ। ਹੇ ਉਚੇ ਮੰਦਰਾਂ ਸ਼ੀਸ਼ ਮਹਿਲਾਂ ਵਿਚ ਰਹਿਣ ਵਾਲਿਓ ਸੁੰਦਰ ਜੋਬਨ ਮਤੀਓ ਮੁਟਿਆਰੋ! ਰਾਮ

ਨਾਮ ਤੋਂ ਬਿਨਾਂ ਜੀਵਨ ਬਾਜੀ ਹਾਰ ਜਾਵੇਂਗੀਆਂ। ਇਹ ਵੀ ਅਰਥ ਉਚੇ ਮੰਦਰ ਅਤੇ ਸੁੰਦਰ ਇਸਤਰੀਆਂ ਵਿਚ ਤੂੰ ਪ੍ਰੀਤੀ ਲਾਈ ਰਖੀ ਅਫ਼ਸੋਸ ਵਾਹਿਗੁਰੂ ਦੇ ਨਾਮ ਤੋਂ ਬਿਨਾਂ ਬਾਜੀ ਹਾਰ ਦਿਤੀ। ਭਾਵ ਮਨੁਖਾ ਜਨਮ ਗਵਾ ਲਿਆ।

ਮੇਰੀ ਜਾਤ ਨੀਵੀਂ ਹੈ। ਪਤ ਨੀਵੀਂ ਹੈ। ਜਨਮ ਵੀ ਚਮਾਰ ਦੇ ਘਰ ਹੋਇਆ ਹੈ, ਜਿਨ੍ਹਾਂ ਨੂੰ ਸ਼ੂਦਰ ਤੇ ਅਛੂਤ ਆਖਿਆ ਜਾਂਦਾ ਹੈ। ਕੋਈ ਲਾਗੇ ਨਹੀਂ ਬੈਠਣ ਦੇਂਦਾ। ਫਿਰ ਵੀ ਦਾਤਾ ਬਖ਼ਸ਼ ਮੇਹਰ ਕਰ ਮੈਂ ਤੇਰੀ ਸ਼ਰਨ ਆ ਡਿੱਗਾ ਹਾਂ ਤੇਰੇ ਬਿਨਾਂ ਮੇਰਾ ਕੋਈ ਨਹੀਂ।

ਰਵਿਦਾਸ ਜੀ ਦੇ ਪਵਿਤ੍ਰ ਮੁਖੋਂ ਬਾਣੀ ਸੁਣਦੇ ਸਾਰ ਰਾਣੀ ਦੇ ਕਪਾਟ ਖੁਲ੍ਹ ਗਏ। ਉਸ ਦੀ ਆਤਮਾ ਸੁਰਜੀਤ ਹੋ ਗਈ। ਉਸ ਨੇ ਮਨ ਹੀ ਮਨ ਵਿਚ ਸੋਚਿਆ ਕਿ ਚੰਗਾ ਹੋ ਗਿਆ, ਛੋਟੀ ਉਮਰ ਵਿਚ ਹੀ ਭਗਤੀ ਮਾਰਗ ਤੇ ਤੁਰੀ ਹਾਂ। ਸ਼ਾਹੀ ਮੰਦਰਾਂ ਵਿਚ ਰਾਮ ਨਾਮ ਤੋਂ ਬਿਨਾਂ ਰਹਿਣਾ ਬੇਅਰਥ ਹੈ। ਰਾਮ ਸਿਮਰਨ ਵਾਸਤੇ ਉਹ ਤੜਪੀ। ਜਦੋਂ ਕੀਰਤਨ ਹੋ ਗਿਆ ਤਾਂ ਰਾਣੀ ਝਾਲੀ ਰਵਿਦਾਸ ਜੀ ਦੇ ਚਰਨੀਂ ਡਿਗ ਕੇ ਅਰਜ਼ੋਈ ਕਰਨ ਲਗੀ—'ਹੇ ਪ੍ਰਭੂ! ਹੇ ਨਾਥ! ਮੇਰੇ ਤੇ ਕ੍ਰਿਪਾ ਕਰੋ। ਮੈਨੂੰ ਸ਼ਰਨ ਲਾ ਕੇ ਭਗਤੀ ਮਾਰਗ ਤੇ ਤੁਰਨ ਦਾ ਵਲ ਦੱਸੋ। ਮੈਂ ਪਾਪਣ ਨੇ ਮਨੁਖਾ ਜਨਮ ਦਾ ਮੁੱਲ ਨਹੀਂ ਜਾਣਿਆ। ਜੀਵਨ ਦੇ ਜਿੰਨੇ ਦਿਨ ਗਵਾਏ ਨੇ ਉਹ ਬੇਅਰਥ ਗਵਾਏ ਨੇ। ਮੈਨੂੰ ਆਪਣੀ ਚੇਲੀ ਬਣਾਓ ਮੈਂ ਸੇਵਾ ਕਰਾਂਗੀ। ਸਿਮਰਨ ਕਰਾਂਗੀ। ਰਾਮ ਨਾਮ ਉਤੋਂ ਰਾਜ ਤੇ ਦੁਨਿਆਵੀ ਸੁਖ ਵਾਰ ਦਿਆਂਗੀ। ਮੈਂ ਅਜੇ ਤਕ ਕਿਸੇ ਕੋਲੋਂ ਨਾਮ ਜਪਣ ਦੀ ਜੁਗਤੀ ਨਹੀਂ ਸੁਣੀ।

ਰਾਣੀ ਝਾਲੀ ਦੀ ਅਰਜ਼ੋਈ ਪ੍ਰਵਾਨ ਚੜ੍ਹ ਗਈ। ਰਵਿਦਾਸ ਜੀ ਨੇ ਉਸ ਨੂੰ ਆਪਣੀ ਚੇਲੀ ਬਣਾ ਲਿਆ। ਰਾਣੀ ਤੀਰਥ ਯਾਤਰਾ ਵਾਸਤੇ ਜਿੰਨਾ ਧਨ ਤੇ ਕਪੜਾ ਲਿਆਈ ਸੀ ਉਹ ਸਾਰੇ ਰਵਿਦਾਸ ਜੀ ਦੇ ਚਰਨਾਂ ਉਤੇ ਰੱਖ ਕੇ ਮੱਥਾ ਟੇਕ ਦਿੱਤਾ। ਆਤਮਾ ਸ਼ਾਂਤ ਹੋ ਗਈ, ਸਾਰੀ ਭਟਕਣਾ ਮਿਟ ਗਈ ਹਰੀ ਨਾਮ ਜਪਣ ਲਗੀ। ਨਿਰਾ ਜਪਣ ਹੀ ਨਾ ਲਗੀ ਸਗੋਂ ਖੜਤਾਲਾਂ ਛੈਣੇ ਹੱਥ ਫੜ ਕੇ ਰਵਿਦਾਸ ਜੀ ਦੀ ਬਾਣੀ ਨੂੰ ਗਾਉਣ ਲਗੀ। ਇਸਤਰੀ ਸੀ ਗਲਾ ਰਸੀਲਾ ਸੀ। ਆਤਮਾ ਵਿਚ ਭਗਤੀ ਦਾ ਜੋਸ਼ ਸੀ ਉਹ ਜਦੋਂ ਬਾਣੀ ਗਾਉਂਦੀ ਤਾਂ ਪੰਛੀਆਂ ਨੂੰ ਕੀਲ ਕੇ ਅਸਮਾਨੋਂ ਸੁਟੀ ਜਾਂਦੀ। ਰਾਮ ਨਾਮ ਸਿਮਰਨ ਦੇ

ਬਲ ਨੇ ਸਚਮੁਚ ਉਸ ਨੂੰ ਝੱਲੀ ਕਰ ਦਿੱਤਾ। ਸਾਰੇ ਕਾਂਸ਼ੀ ਵਿਚ ਚਰਚਾ ਛਿੜ ਪਈ ਕਿ ਚਿਤੌੜ ਗੜ੍ਹ ਨਰੇਸ਼ ਦੀ ਰਾਣੀ ਝਾਲੀ ਬਾਈ ਰਵਿਦਾਸ ਜੀ ਦੀ ਚੇਲੀ ਬਣ ਗਈ ਹੈ। ਹਰਿ ਕੀਰਤਨ ਕਰਦੀ ਰਹਿੰਦੀ ਹੈ। ਸਾਰੀ ਦੌਲਤ ਲੁਟਾ ਦਿੱਤੀ ਸੂ। ਗ਼ਰੀਬਾਂ, ਹੱਟੀ ਵਾਲਿਆਂ, ਬ੍ਰਾਹਮਣਾਂ ਤੇ ਪੰਡਤਾਂ ਦੇ ਘਰੀਂ ਇਹੋ ਗੱਲਾਂ ਹੁੰਦੀਆਂ। ਹਜ਼ਾਰਾਂ ਲੋਕ ਦਰਸ਼ਨ ਕਰਨ ਵਾਸਤੇ ਆਉਂਦੇ ਦਰਸ਼ਨ ਕਰ ਕੇ ਨਾ ਮੁੜ ਜਾਂਦੇ ਸਗੋਂ ਉਸ ਦਾ ਕੀਰਤਨ ਸੁਣਦੇ।

ਪੂਰਾ ਮਹੀਨਾ ਕਾਂਸ਼ੀ ਰਹਿ ਕੇ ਰਾਣੀ ਝਾਲੀ ਬਾਈ ਆਪਣੇ ਵਤਨ ਮੁੜੀ। ਚਿਤੌੜ ਨੂੰ ਜਾ ਰਹੀ ਰਾਣੀ ਦੇ ਜੀਵਨ ਵਿਚ ਭਾਰੀ ਇਨਕਲਾਬ ਆ ਗਿਆ। ਚਿਹਰੇ ਉਤੇ ਚੌਗਣੀ ਰੌਣਕ ਤੇ ਲਾਲੀ ਸੀ। ਅੱਖਾਂ ਵਿਚ ਦੈਵੀ ਸਰੂਪ ਸੀ। ਉਹ ਪਾਲਕੀ ਵਿਚ ਬੈਠੀ ਰਾਮ ਭਜਨ ਗਾਈ ਜਾਂਦੀ ਸੀ। ਰਾਜ ਮਹਿਲਾਂ ਵਿਚ ਪੁੱਜੀ। ਆਪਣੇ ਕਮਰੇ ਨੂੰ ਮੰਦਰ ਦਾ ਰੂਪ ਬਣਾ ਦਿੱਤਾ। ਕਦੀ ਇਕੱਲੀ ਤੇ ਕਦੀ ਦਾਸੀਆਂ ਨੂੰ ਸੰਗ ਬਿਠਾ ਕੇ ਹਰੀ ਕੀਰਤਨ ਕਰਨ ਲਗੀ। ਸਾਰੇ ਚਿਤੌੜ ਵਿਚ ਚਰਚਾ ਚਲ ਪਈ ਕਿ ਰਾਣੀ ਝਾਲੀ ਬਾਈ ਭਗਤ ਰਵਿਦਾਸ ਦੀ ਚੇਲੀ ਬਣ ਗਈ। ਕੀਮਤੀ ਕਪੜੇ ਗਹਿਣੇ ਉਤਾਰ ਦਿਤੇ ਤੇ ਸੰਤਣੀਆਂ ਵਾਲਾ ਲਿਬਾਸ ਪਹਿਨ ਬੈਠੀ ਹੈ। ਪ੍ਰਭੂ ਦੇ ਗੁਣ ਗਾਉਂਦੀ ਰਹਿੰਦੀ ਹੈ।

ਪਾਪੀ ਆਤਮਾ ਕਾਂਸ਼ੀ ਦੇ ਬ੍ਰਾਹਮਣਾਂ ਨੂੰ ਬਹੁਤ ਦੁਖ ਹੋਇਆ ਕਿ ਝਾਲੀ ਰਾਣੀ ਨੇ ਧਨ ਪਦਾਰਥ ਉਨ੍ਹਾਂ ਦੀ ਭੇਟ ਨਹੀਂ ਕੀਤੇ। ਇਕ ਚਮਾਰ ਦੀ ਚੇਲੀ ਬਣ ਗਈ। ਉਸ ਨੂੰ ਸਭ ਕੁਝ ਸੌਂਪ ਗਈ। ਉਹ ਇਕੱਠੇ ਹੋ ਕੇ ਰਾਣਾ ਚਿਤੌੜ ਗੜ੍ਹ ਕੋਲ ਪੁੱਜੇ। ਰਾਣੇ ਨਾਲ ਮੁਲਾਕਾਤ ਹੋਈ ਤਾਂ ਪੰਡਤਾਂ ਨੇ ਨਿਉਂਕੇ ਰੋਣਾ ਸ਼ੁਰੂ ਕੀਤਾ—'ਮਹਾਰਾਜ! ਹਨੇਰ ਹੋ ਗਿਆ। ਰਾਜੇ ਧਰਮ ਤੇ ਪਰਜਾ ਦੇ ਰਾਖੇ ਹੁੰਦੇ ਨੇ। ਧਰਮ ਦੀ ਮਰਿਆਦਾ ਨੂੰ ਪ੍ਰਤਾਪੀ ਭਗਤ ਤੇ ਰਾਜੇ ਹੀ ਤੋੜਨ ਲੱਗ ਪਏ ਤਾਂ ਧਰਮ ਕਿਵੇਂ ਬਚੇਗਾ?'

ਰਾਣਾ—'ਮੈਂ ਆਪ ਲੋਕਾਂ ਦਾ ਭਾਵ ਨਹੀਂ ਸਮਝ ਸਕਿਆ, ਸਿੱਧੀ ਗੱਲ ਦੱਸੋ।'

ਪੰਡਤ—'ਮਹਾਰਾਜ! ਸਿੱਧੀ ਗੱਲ ਇਹ ਹੈ ਕਿ ਆਪ ਦੀ ਰਾਣੀ ਝਾਲੀ ਬਾਈ ਤੀਰਥ ਯਾਤਰਾ ਨੂੰ ਗਈ ਸੀ। ਕਾਂਸ਼ੀ ਦੇ ਰਹਿਣ ਵਾਲੇ ਚਮਾਰ ਰਵਿਦਾਸ ਨੂੰ ਆਪਣਾ ਗੁਰੂ ਧਾਰਨ ਕਰ ਆਈ ਹੈ। ਸਾਰੇ ਤੀਰਥਾਂ ਉਤੇ ਦਾਨ ਕਰਨ

ਵਾਸਤੇ ਜੋ ਪਦਾਰਥ ਨਾਲ ਖੜੇ ਸੀ ਉਹ ਇਕੱਲੇ ਚਮਾਰ ਦੀ ਹੀ ਭੇਟ ਕਰ ਆਈ ਹੈ। ਇਹ ਹਨੇਰ ਹੈ, ਰਾਣੀ ਨੇ ਇਕ ਤਾਂ ਪੁਰਾਤਨ ਬਜ਼ੁਰਗਾਂ ਦੀ ਚਲਾਈ ਮਰਿਆਦਾ ਨੂੰ ਭੰਗ ਕੀਤਾ ਹੈ, ਦੂਸਰਾ ਉੱਚੀ ਕੁਲ ਦੀ ਰਾਜ ਕੁਮਾਰੀ ਤੇ ਚਿਤੌੜ ਰਾਜ ਦੀ ਪਟਰਾਣੀ ਹੋ ਕੇ ਇਕ ਚਮਾਰ ਨੂੰ ਗੁਰੂ ਬਣਾਉਣਾ ਧਰਮ ਨਾਲ ਮਖੌਲ ਕਰਨਾ ਹੈ। ਚਮਾਰ ਦੇ ਲੰਗਰ ਵਿਚੋਂ ਪ੍ਰਸ਼ਾਦ ਛੱਕ ਕੇ ਤੇ ਚਰਨਾਮ੍ਰਿਤ ਪੀ ਕੇ ਜਨਮ ਭ੍ਰਿਸ਼ਟ ਕਰ ਬੈਠੀ ਹੈ। ਇਸ ਬਦਲੇ ਰਾਣੀ ਨੂੰ ਪ੍ਰਾਸਚਿਤ ਕਰਨਾ ਚਾਹੀਦਾ ਹੈ। ਨਹੀਂ ਤੇ ਕੁਲ ਨਾਸ ਹੋਣ ਦਾ ਡਰ ਹੈ। ਸਾਰੇ ਦੇਵਤੇ ਕ੍ਰੋਪ ਹਨ। ਅਸੀਂ ਕਾਂਸ਼ੀ ਦੇ ਵਿਦਵਾਨਾਂ ਤੇ ਗੁਰੂਆਂ ਵਲੋਂ ਪ੍ਰਤੀਨਿਧ ਹੋਂਦੇ ਹਾਂ। ਸਭ ਬੁਰਾ ਮਨਾਉਂਦੇ ਨੇ।'

ਰਾਣੀ ਝਾਲੀ ਨੇ ਰਾਜੇ ਨੂੰ ਗੁਰੂ ਧਾਰਨ ਕਰਨ ਦੀ ਸਾਖੀ ਨਹੀਂ ਸੀ ਸੁਣਾਈ। ਪੰਡਤਾਂ ਕੋਲੋਂ ਇਹ ਗੱਲ ਸੁਣ ਕੇ ਰਾਜਾ ਤੜਪ ਉਠਿਆ। ਉਸ ਵੇਲੇ ਦੀਵਾਨ ਖਾਨੇ ਵਿਚੋਂ ਉਠ ਕੇ ਰਾਣੀ ਦੇ ਮਹਿਲ ਨੂੰ ਗਿਆ। ਅਗੇ ਰਾਣੀ ਹਰੀ ਕੀਰਤਨ ਕਰਨ ਵਿਚ ਮਗਨ ਸੀ। ਉਹ ਰਵਿਦਾਸ ਜੀ ਦਾ ਇਹ ਸ਼ਬਦ ਗਾਇਨ ਕਰ ਰਹੀ ਸੀ—

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥ ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ ਰਹਾਉ ॥ ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥ ਆਬਾਦਾਨੁ ਸਦਾ ਮਸਹੂਰ ॥ ਊਹਾਂ ਗਨੀ ਬਸਹਿ ਮਾਮੂਰ ॥੨॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥ ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥*

*(ਗਉੜੀ ਰਵਿਦਾਸ ਜੀ)*

ਇਸ ਦਾ ਪ੍ਰਮਾਰਥ—ਭਗਵਾਨ ਦੇ ਅਸਥਾਨ ਦਾ ਨਾਮ ਬੇਗਮਪੁਰਾ ਹੈ। ਭਾਵ ਕਿ ਉਥੇ ਕੋਈ ਨਾ ਫ਼ਿਕਰ ਹੈ ਨਾ ਗ਼ਮ, ਨਾ ਕਸ਼ਟ ਤੇ ਨਾ ਕਿਸੇ ਨੂੰ ਮਾਮਲਾ ਦੇਣਾ ਪੈਂਦਾ ਹੈ। ਕੋਈ ਉਥੇ ਡਰਦਾ ਨਹੀਂ ਤੇ ਨਾ ਕਿਸੇ ਨੂੰ ਕੋਈ ਪੀੜ ਹੁੰਦੀ ਹੈ। ਸੁਖ ਹੀ ਸੁਖ ਹਨ। ਸ਼ਾਂਤੀ ਦਾ ਰਾਜ ਹੈ।

ਹੁਣ ਮੈਨੂੰ ਚੰਗੇ ਦੇਸ ਘਰ ਮਿਲਿਆ ਹੈ। ਉਥੇ ਸਤੇ ਖੈਰਾਂ ਹਨ। ਉਥੋਂ ਦੀ ਪਾਤਸ਼ਾਹੀ ਬਦਲਦੀ ਨਹੀਂ, ਉਹ ਅਮਰ ਪਾਤਸ਼ਾਹ ਹੈ। ਪਹਿਲਾ ਦੂਜਾ ਤੇ ਤੀਜਾ ਪਾਤਸ਼ਾਹ ਨਹੀਂ ਆਉਂਦਾ, ਪ੍ਰਮਾਤਮਾ ਦੀ ਭਗਤੀ ਵਾਲੇ ਪੂੰਜੀਪਤ

ਉਥੇ ਬਹੁਤੇ ਰਹਿੰਦੇ ਨੇ, ਉਸ ਸ਼ਹਿਰ ਵਿਚ ਜਿਵੇਂ ਕਿਸੇ ਨੂੰ ਭਾਵੇ ਤਿਵੇਂ ਉਹ ਤੁਰੇ ਫਿਰੇ ਰੋਕ ਕੋਈ ਨਹੀਂ। ਜੋ ਵਾਹਿਗੁਰੂ ਦੇ ਭੇਤੀ ਹਨ ਉਨ੍ਹਾਂ ਵਾਸਤੇ ਖੁਲ੍ਹ ਹੈ। ਜਗਤ ਦੇ ਸਭ ਬੰਧਨਾਂ ਤੋਂ ਸੁਤੰਤਰ ਰਵਿਦਾਸ ਆਖਦਾ ਹੈ ਕਿ ਜਿਹੜਾ ਇਸ ਦੇਸ਼ ਦਾ ਵਾਸੀ ਹੈ ਉਹ ਅਸਾਡਾ ਸੱਚਾ ਮਿੱਤਰ ਹੈ।

ਸ਼ਬਦ ਦਾ ਭੋਗ ਪਿਆ ਮੁਭਾਵਕ ਹੀ ਰਾਣੀ ਨੇ ਪਿਛੇ ਮੁੜ ਕੇ ਦੇਖਿਆ ਤਾਂ ਰਾਣਾ ਜੀ ਪਿਛੇ ਖਲੋਤੇ ਹੋਏ ਦਿਖਾਈ ਦਿਤੇ। ਪਤੀ ਦੇ ਸਤਿਕਾਰ ਵਾਸਤੇ ਉਠ ਕੇ ਖਲੋ ਗਈ।

'ਮੈਂ ਸੁਣਿਆ ਹੈ ਕਿ ਤੂੰ ਰਵਿਦਾਸ ਚਮਾਰ ਨੂੰ ਗੁਰੂ ਧਾਰਨ ਕਰ ਆਈ ਹੈਂ?' ਰਾਣੇ ਨੇ ਪੁਛਿਆ।

'ਜੋ ਕੁਝ ਸੁਣਿਆਂ ਹੈ ਸੋ ਠੀਕ ਹੈ।' ਰਾਣੀ ਨੇ ਗੰਭੀਰਤਾ ਨਾਲ ਉੱਤਰ ਦਿੱਤਾ ਤੇ ਨਾਲ ਹੀ ਅੱਖਾਂ ਨੀਵੀਆਂ ਕਰ ਲਈਆਂ।

'ਬਹੁਤ ਬੁਰਾ ਕੀਤਾ ਈ, ਧਰਮ ਭ੍ਰਿਸ਼ਟ ਕਰ ਲਿਆ। ਵੱਡੇ ਵਡੇਰਿਆਂ ਦੀ ਕੁਲ ਰੀਤੀ ਨੂੰ ਭੁੱਲ ਗਈ। ਬ੍ਰਾਹਮਣ ਤੋਂ ਬਿਨਾਂ ਕੋਈ ਗੁਰੂ ਨਹੀਂ ਹੋ ਸਕਦਾ। ਕਾਂਸ਼ੀ ਦੇ ਬ੍ਰਾਹਮਣ ਆਏ ਨੇ ਉਹ ਆਖਦੇ ਨੇ ਕਾਂਸ਼ੀ ਵਿਚ ਚਰਚਾ ਹੈ। ਲੋਕ ਮੇਰੀ ਤੇ ਤੇਰੀ ਨਿੰਦਾ ਕਰ ਰਹੇ ਹਨ। ਪੰਡਤ ਆਖਦੇ ਨੇ ਰਾਣੀ ਨੂੰ ਪ੍ਰਾਸਚਿਤ ਕਰਨਾ ਪਵੇਗਾ।'

'ਨਹੀਂ, ਮੈਂ ਪ੍ਰਾਸਚਿਤ ਨਹੀਂ ਕਰਾਂਗੀ। ਮੈਂ ਕੋਈ ਮਾੜਾ ਕਰਮ ਨਹੀਂ ਕੀਤਾ। ਸਭ ਮਨੁੱਖ ਭਗਵਾਨ ਦੀ ਅੰਸ ਹਨ। ਪੰਡਤ ਝੂਠੇ ਤੇ ਲਾਲਚੀ ਹਨ। ਰਵਿਦਾਸ ਵੱਡਾ ਭਗਤ ਹੈ। ਇਮਤਿਹਾਨ ਵੇਲੇ ਓਹੋ ਹੀ ਪਾਸ ਹੋਇਆ ਸੀ। ਗੰਗਾ ਪਾਰ ਤੋਂ ਪੱਥਰ ਦੀਆਂ ਮੂਰਤਾਂ ਉਸੇ ਦੀ ਗੋਦ ਵਿਚ ਆਈਆਂ ਸਨ। ਬ੍ਰਾਹਮਣਾਂ ਉਤੇ ਭਗਵਾਨ ਖ਼ੁਸ਼ ਨਹੀਂ। ਕੀ ਹੋ ਗਿਆ ਰਵਿਦਾਸ ਦਾ ਜੀਵਨ ਨੀਚ ਜਾਤੀ ਦੇ ਘਰ ਹੋਇਆ ਹੈ ਪਰ ਉਸ ਨੇ ਭਗਤੀ ਕਰ ਕੇ ਤਾਂ ਆਪਣੇ ਆਪ ਨੂੰ ਸਵਰਨ ਬਣਾ ਲਿਆ ਹੈ। ਸੋਨੇ ਨੂੰ ਮੈਲ ਨਹੀਂ ਲਗਦੀ। ਉਹ ਭਾਵੇਂ ਗੰਦੀਆਂ ਨਾਲੀਆਂ ਵਿਚ ਪਿਆ ਰਹੇ। ਅਸਾਂ ਸੋਨੇ ਦੀ ਡਲੀ ਵਲ ਦੇਖਣਾ ਹੈ ਗੰਦ ਵਲ ਨਹੀਂ ਤੱਕਣਾ। ਸਵਾਮੀ ਜੀ ਪੰਡਤ ਤੁਸਾਂ ਨੂੰ ਭੁਲੇਖੇ ਨਾਲ ਠੱਗਣ ਆਏ ਨੇ। ਉਨ੍ਹਾਂ ਨੂੰ ਰੁਪਏ ਦਿਓ ਸੋਨਾ ਦਾਨ ਕਰੋ। ਕਾਂਸ਼ੀ ਵਿਚ ਭਗਵਾਨ ਪੰਡਤਾਂ ਕੋਲ ਨਹੀਂ ਮੈਂ ਦੇਖ ਆਈ ਹਾਂ। ਰਵਿਦਾਸ ਗੁਰੂ ਹੈ, ਉਹਨਾਂ ਮੈਨੂੰ ਸੱਚਾ ਭਗਤੀ ਮਾਰਗ

ਦੱਸਿਆ। ਭਗਵਾਨ ਦੇ ਬਹੁਤ ਨੇੜੇ ਕੀਤਾ ਹੈ। ਮੇਰਾ ਭਗਵਾਨ ਮੈਨੂੰ ਰੋਜ਼ ਦਰਸ਼ਨ ਦੇਂਦਾ ਹੈ। ਮੈਂ ਰਵਿਦਾਸ ਜੀ ਦੀ ਨਿੰਦਾ ਨਹੀਂ ਸੁਣ ਸਕਦੀ। ਜਾਓ! ਉਨ੍ਹਾਂ ਨੂੰ ਕਹਿ ਦਿਓ! ਜਗਤ ਨੂੰ ਆਖ ਦਿਓ, ਸ਼ਹਿਰ ਵਿਚ ਢੰਡੋਰਾ ਪਿਟਵਾ ਦਿਓ ਕਿ ਰਾਣੀ ਝਾਲੀ ਰਵਿਦਾਸ ਚਮਾਰ ਦੀ ਚੇਲੀ ਹੈ।'

ਪਿਛਲੇ ਵਾਕ ਰਾਣੀ ਝਾਲੀ ਨੇਂ ਕ੍ਰੋਧ ਤੇ ਜੋਸ਼ ਨਾਲ ਆਖੇ। ਉਹਦਾ ਸਰੀਰ ਕੰਬਣ ਲਗ ਪਿਆ। ਅੱਖਾਂ ਵਿਚ ਚੰਡੀ ਵਰਗੀ ਜਵਾਲਾ ਚਮਕੀ। ਬਾਹੀਂ ਆਕੜ ਗਈਆਂ। ਰਾਣੀ ਦੀ ਸੱਚੀ ਭਗਤੀ ਅਗੇ ਰਾਣਾ ਉਭਾਸਰ ਨ ਸਕਿਆ। ਉਸ ਨੇ ਨੀਵੀਂ ਪਾ ਲਈ, ਉਸ ਦਾ ਗੁੱਸਾ ਠੰਢਾ ਹੋ ਗਿਆ। ਦੂਸਰਾ ਉਹ ਰਾਣੀ ਨਾਲ ਬਹੁਤ ਪਿਆਰ ਕਰਦਾ ਸੀ। ਰਾਣੀ ਦੇ ਵਿਰੁਧ ਹੋਣਾ ਉਸ ਦੇ ਵਾਸਤੇ ਸੌਖਾ ਨਹੀਂ ਸੀ। ਉਹ ਜਿੰਨੀ ਸੁੰਦਰ, ਜੁਆਨ, ਮਿੱਠ ਬੋਲੀ ਸੀ ਉੱਨੀ ਹੀ ਪਤੀਬ੍ਰਤਾ ਸੀ।

ਰਾਣਾ ਇਕੱਲਾ ਪਿਛੇ ਮੁੜਨ ਲੱਗਾ ਤਾਂ ਰਾਣੀ ਨੇ ਆਖਿਆ—'ਠਹਿਰੋ, ਮੈਂ ਵੀ ਨਾਲ ਚਲਦੀ ਹਾਂ। ਮੈਂ ਆਪ ਪੰਡਤਾਂ ਨੂੰ ਦਸਦੀ ਹਾਂ ਕਿ ਉਹ ਕਿਹੜਾ ਮੂੰਹ ਲੈ ਕੇ ਭਗਤ ਰਵਿਦਾਸ ਜੀ ਦੀ ਵਿਰੋਧਤਾ ਕਰਦੇ ਫਿਰਦੇ ਹਨ।' ਰਾਣੀ ਨਾਲ ਤੁਰ ਪਈ। ਰਾਣੇ ਦੇ ਆਖਣ ਤੇ ਵੀ ਨਾ ਰੁਕੀ। ਦੋਵੇਂ ਉਸ ਅਸਥਾਨ ਉਤੇ ਆ ਗਏ, ਜਿਥੇ ਪੰਡਤ ਬੈਠੇ ਸਨ। ਝਰੋਖੇ ਵਿਚ ਖਲੋ ਕੇ ਪੜਦੇ ਓਹਲੇ ਰਾਣੀ ਨੇ ਪੰਡਤਾਂ ਨੂੰ ਆਖਿਆ—'ਪੂਜਯ ਪੰਡਤੋ! ਕੀ ਤੁਸਾਂ ਨੂੰ ਏਹੋ ਦੁੱਖ ਹੈ ਨਾ ਕਿ ਮੈਂ ਸਾਰਾ ਧਨ ਪਦਾਰਥ ਭਗਤ ਰਵਿਦਾਸ ਜੀ ਦੇ ਹਵਾਲੇ ਕਰ ਦਿੱਤਾ ਹੈ, ਤੁਹਾਨੂੰ ਦਾਨ ਨਾ ਦਿੱਤਾ!'

ਦੋ ਪੰਡਤ—'ਹਾਂ, ਠੀਕ ਹੈ! ਅਸਾਂ ਨੂੰ ਦਾਨ ਮਿਲਣਾ ਚਾਹੀਦਾ ਸੀ।'

ਰਾਣੀ—'ਹੋਰ ਤਾਂ ਕੋਈ ਗੁਸਾ ਨਹੀਂ!'

ਪੰਡਤ—'ਨਹੀਂ, ਹੋਰ ਅਸਾਨੂੰ ਕੀ ਗੁੱਸਾ ਹੋ ਸਕਦਾ ਹੈ। ਦਾਨ ਲੈਣ ਦਾ ਅਸਾਡਾ ਹੱਕ ਹੈ ਸੋ ਅਸਾਨੂੰ ਮਿਲਣਾ ਚਾਹੀਦਾ ਹੈ।'

ਰਾਣੀ—'ਦੋ ਦੋ ਸੌ ਸੋਨੇ ਦੀਆਂ ਮੋਹਰਾਂ ਇਕੱਲੇ ਇਕੱਲੇ ਨੂੰ ਮਿਲ ਜਾਣਗੀਆਂ। ਪਰ ਸੱਚੋ ਸੱਚ ਇਹ ਦੱਸੋ ਰਵਿਦਾਸ ਦੀ ਗੋਦ ਵਿਚ ਦੇਵਤੇ ਆ ਗਏ ਸਨ?'

ਪੰਡਤ—'ਹਾਂ ਜੀ ਆਏ ਸੀ।'

ਰਾਣੀ—'ਫਿਰ ਉਹ ਵੱਡਾ ਭਗਤ ਹੈ। ਕਿਸੇ ਨਾਲ ਈਰਖਾ ਨਹੀਂ ਕਰਦਾ।

ਜਾਓ ਦਾਨ ਮਿਲ ਜਾਂਦਾ ਹੈ। ਮੇਰਾ ਰਾਣਾ ਜਿੰਨੀ ਮੇਰੀ ਗੱਲ ਸੁਣ ਸਕਦਾ ਹੈ, ਓਨੀ ਤੁਸਾਂ ਦੀ ਨਹੀਂ ਸੁਣਦਾ। ਮੇਰਾ ਪਤੀ ਹੈ।'

ਪੰਡਤਾਂ ਦਾ ਡੈਪੂਟੇਸ਼ਨ ਪਿਛੇ ਮੁੜ ਪਿਆ। ਝਾਲੀ ਦੇ ਰਾਮ ਨੇ ਉਸ ਦੇ ਪਤੀ ਨੂੰ ਠੰਡਾ ਰਖਿਆ। ਪੰਡਤ ਬਹੁਤ ਸ਼ਰਮਿੰਦੇ ਹੋਏ।

ਰਾਣੀ ਝਾਲੀ ਨੇ ਰਾਣਾ ਸਾਹਿਬ ਨੂੰ ਪ੍ਰੇਰ ਕੇ ਰਵਿਦਾਸ ਜੀ ਦਾ ਸ਼ਰਧਾਲੂ ਬਣਾ ਦਿੱਤਾ। ਦੋਹਾਂ ਜੀਆਂ ਨੇ ਫ਼ੈਸਲਾ ਕਰ ਕੇ ਰਵਿਦਾਸ ਜੀ ਨੂੰ ਚਿਤੌੜ ਸੱਦਿਆ। ਪ੍ਰੇਮ ਤੇ ਭਗਤੀ ਦੇ ਭੁੱਖੇ ਰਵਿਦਾਸ ਜੀ ਸੁਨੇਹਾ ਮਿਲਦੇ ਸਾਰ ਚਿਤੌੜ ਨੂੰ ਤੁਰ ਪਏ। ਰਾਹ ਵਿਚ ਆਪਣੇ ਮਿਸ਼ਨ ਦਾ ਪ੍ਰਚਾਰ ਕਰਦੇ ਹੋਏ ਰਵਿਦਾਸ ਜੀ ਚਿਤੌੜ ਪੁਜੇ। ਰਾਜ ਮਹੱਲ ਦਾ ਇਕ ਹਿੱਸਾ ਉਨ੍ਹਾਂ (ਰਵਿਦਾਸ) ਵਾਸਤੇ ਖ਼ਾਲੀ ਕਰਾ ਦਿੱਤਾ। ਪੂਜਾ ਦੀ ਸਮਗਰੀ ਮੰਗਵਾਈ ਗਈ ਤੇ ਭੰਡਾਰੇ ਖ਼ਾਲੀ ਕੀਤੇ ਗਏ। ਗ਼ਰੀਬ ਗੁਰਬੇ ਨੂੰ ਅੰਨ ਤੇ ਕਪੜਾ ਦਿੱਤਾ ਗਿਆ।

ਰਵਿਦਾਸ ਜੀ ਦੇ ਰਾਜ ਮਹੱਲ ਪੁੱਜਣ ਤੇ ਰਾਣੀ ਨੇ ਸੰਤਾਂ, ਪੰਡਤਾਂ ਤੇ ਵਿਦਵਾਨਾਂ ਨੂੰ ਸੱਦ ਕੇ ਇਕ ਵੱਡਾ ਯੱਗ ਕਰਨਾ ਚਾਹਿਆ। ਰਾਣੀ ਦੀ ਸਲਾਹ ਅਮਲ ਵਿਚ ਆ ਗਈ। ਯੱਗ ਦਾ ਪ੍ਰਬੰਧ ਕੀਤਾ ਗਿਆ। ਸ਼ਹਿਰ ਵਿਚ ਪੰਡਤ, ਜੋਤਸ਼ੀ ਵਿਦਵਾਨਾਂ ਤੇ ਸ਼ਹਿਰ ਦੇ ਪਤਵੰਤਿਆਂ ਨੂੰ ਯੱਗ ਵਿਚ ਪ੍ਰਸ਼ਾਦ ਛਕਣ ਦਾ ਨਿਓਤਾ ਦਿੱਤਾ ਗਿਆ। ਰਾਣਾ ਚਿਤੌੜ ਦਾ ਨਿਓਤਾ ਭਲਾ ਸ਼ਾਮਲ ਹੋਣ ਤੋਂ ਨਾਂਹ ਕੌਣ ਕਰੇ। ਯੱਗ ਵਾਲੇ ਦਿਨ ਸਭ ਇਕੱਠੇ ਹੋ ਗਏ। ਪੰਗਤਾਂ ਲਗ ਗਈਆਂ। ਜਦੋਂ ਪ੍ਰਸ਼ਾਦ ਵਰਤਾਉਣ ਲਗੇ ਤਾਂ ਦੋਹਾਂ ਸੰਤਾਂ ਤੇ ਪੰਡਤਾਂ ਨੇ ਇਸ ਗੱਲ ਦੀ ਵਿਰੋਧਤਾ ਕੀਤੀ ਕਿ 'ਰਵਿਦਾਸ ਪੰਗਤ ਵਿਚ ਕਿਉਂ ਬੈਠਦਾ ਹੈ। ਇਹ ਚਮਾਰ ਹੈ। ਅਸੀਂ ਧਰਮ ਭ੍ਰਿਸ਼ਟ ਨਹੀਂ ਕਰਵਾਵਾਂਗੇ।'

ਸੰਤ ਦੇ ਇਹ ਕੌੜੇ ਬਚਨ ਰਵਿਦਾਸ ਜੀ ਨੇ ਵੀ ਸੁਣ ਲਏ ਪਰ ਉਹ ਕ੍ਰੋਧਵਾਨ ਨਹੀਂ ਹੋਏ, ਮੁਸਕ੍ਰਾਂਦੇ ਰਹੇ। ਭਗਤੀ ਦੇ ਨਾਲ ਰਵਿਦਾਸ ਜੀ ਲੋਕਾਂ ਦਾ ਸੁਧਾਰ ਵੀ ਕਰਦੇ ਸਨ। ਉਨ੍ਹਾਂ ਨੇ ਰਾਣੀ ਨੂੰ ਕੋਲ ਸੱਦ ਕੇ ਕਿਹਾ 'ਦੁੱਧ ਵਿਚ ਕਾਂਜੀ ਘੋਲਣੀ ਚੰਗੀ ਨਹੀਂ। ਮੈਂ ਪੰਗਤ ਵਿਚ ਨਹੀਂ ਬੈਠਦਾ ਤੁਸੀਂ ਸੰਤਾਂ ਪੰਡਤਾਂ ਤੇ ਹੋਰ ਆਏ ਪ੍ਰਾਹੁਣਿਆਂ ਨੂੰ ਭੋਜਨ ਛਕਾਓ।' ਰਾਣੀ ਨੇ ਅਗੋਂ ਉੱਤਰ ਦਿਤਾ— 'ਗੁਰਦੇਵ! ਇਹ ਨਹੀਂ ਹੋ ਸਕਦਾ। ਜੇ ਮੇਰੇ ਗੁਰਦੇਵ ਪੰਗਤ ਵਿਚ ਬੈਠ ਕੇ ਨਾ ਪ੍ਰਸ਼ਾਦ ਛਕਣ ਤਾਂ ਮੇਰਾ ਛਕਾਇਆ ਪ੍ਰਸ਼ਾਦ ਨਿਸਫਲ ਜਾਏਗਾ।'

ਰਵਿਦਾਸ ਜੀ ਨੇ ਰਾਣੀ ਤੇ ਰਾਣੇ ਨੂੰ ਸਮਝਾ ਲਿਆ ਕਿ ਰਾਮ ਦਾ ਕੌਤਕ ਦੇਖਣ । ਭੁਲੇ ਲੋਕਾਂ ਨੂੰ ਰਾਹੇ ਵੀ ਤਾਂ ਕਿਸੇ ਢੰਗ ਨਾਲ ਪਾਉਣਾ ਹੋਇਆ।

ਰਾਣਾ ਸਾਹਿਬ ਨੇ ਪੰਗਤ ਵਿਚ ਜਾ ਕੇ ਆਖਿਆ—'ਗੁਰਦੇਵ ਅਜੇ ਭੋਜਨ ਨਹੀਂ ਕਰਨਗੇ । ਆਪ ਲੋਕ ਅਝੱਕ ਤੇ ਨਿਡਰ ਭੋਜਨ ਛਕਣਾ ਸ਼ੁਰੂ ਕਰੀਏ।' ਰਾਣੇ ਦਾ ਇਹ ਹੁਕਮ ਪਾ ਕੇ ਜਾਂ ਪੰਗਤ ਨੇ ਭੋਜਨ ਛਕਣਾ ਸ਼ੁਰੂ ਕੀਤਾ ਤਾਂ ਕੀ ਦੇਖਦੇ ਹਨ ਕਿ ਹਰ ਪੰਡਤ, ਸੰਤ ਤੇ ਸ਼ਰਧਾਲੂ ਦੇ ਨਾਲ ਰਵਿਦਾਸ ਜੀ ਬੈਠੇ ਭੋਜਨ ਛਕ ਰਹੇ ਸਨ । ਉਨ੍ਹਾਂ ਨੇ ਰਵਿਦਾਸ ਜੀ ਨੂੰ ਨਾਲ ਬੈਠਿਆਂ ਦੇਖ ਕੇ ਸ਼ੋਰ ਮਚਾ ਦਿਤਾ ਕਿ ਅਸੀਂ ਭੋਜਨ ਨਹੀਂ ਛਕਣਾ । ਰਵਿਦਾਸ ਕਿਉਂ ਪੰਗਤ ਵਿਚ ਆਇਆ ਹੈ । ਪਰ ਭੋਜਨ ਛਕਣ ਵਾਲਿਆਂ ਤੋਂ ਬਿਨਾਂ ਕਿਸੇ ਹੋਰ ਨੂੰ ਦਿਖਾਈ ਨਹੀਂ ਸਨ ਦੇਂਦੇ । ਵਰਤਾਵਿਆਂ ਨੇ ਆਖਿਆ ਮਹਾਰਾਜ ਭੋਜਨ ਕਰੀਏ। ਉਹ ਤਾਂ ਮਹਿਲ ਵਿਚ ਬੇਫ਼ਿਕਰ ਬਿਰਾਜਮਾਨ ਹਨ।

ਸਾਰੇ ਪੰਡਤ ਤੇ ਜੋਤਸ਼ੀ—'ਕੀ ਆਪ ਨੂੰ ਨਹੀਂ ਦਿਸਦਾ।'

ਵਰਤਾਵੇ—'ਨਹੀਂ ਜੀ ! ਇਥੇ ਤਾਂ ਕਿਸੇ ਥਾਲ ਵਿਚ ਵੀ ਦੋਂਹ ਪੁਰਸ਼ਾਂ ਨੂੰ ਭੋਜਨ ਨਹੀਂ ਛਕਾਇਆ ਜਾ ਰਿਹਾ । ਹਰ ਥਾਲੀ ਵਾਲੇ ਨੂੰ ਆਪਣੀ ਥਾਲੀ ਲਾਗੇ ਬੈਠੇ ਹੋਏ ਰਵਿਦਾਸ ਜੀ ਦਿਸਦੇ ਸਨ, ਦੂਸਰੇ ਦੇ ਨਾਲ ਬੈਠੇ ਹੋਏ ਨਹੀਂ ਸੀ ਦਿਸਦੇ । ਵਰਤਾਵਿਆਂ ਤੇ ਦਰਸ਼ਕਾਂ ਨੇ ਆਖਿਆ ਕਿਉਂ ਝੂਠ ਬੋਲਦੇ ਜੇ ਰਵਿਦਾਸ ਜੀ ਤਾਂ ਅੰਦਰ ਹਨ । ਨਾਲੇ ਹਜ਼ਾਰ ਪੁਰਸ਼ਾਂ ਨਾਲ ਉਹ ਕਿਵੇਂ ਬੈਠ ਸਕਦੇ ਹਨ । ਆਖ਼ਰ ਉਹ ਹੈਨ ਤਾਂ ਇਕੱਲੇ ਨਾ।

ਸਿਆਣਾ ਪੰਡਤ ਹੱਥ ਜੋੜ ਖਲੋਤਾ—'ਮੈਂ ਰਾਮ ਦੀ ਮਾਇਆ ਦੇ ਬਲਿਹਾਰ ਜਾਂਦਾ ਹਾਂ । ਰਵਿਦਾਸ ਜੀ ਨੂੰ ਸੱਦੋ । ਪੰਗਤ ਵਿਚ ਬੈਠਾਓ, ਅਸੀਂ ਭੁੱਲ ਦੀ ਖਿਮਾਂ ਮੰਗਦੇ ਹਾਂ । ਆਪ ਪੂਰਨ ਭਗਤ ਹਨ । ਅਸੀਂ ਪਾਪੀ ਬੰਦੇ ਹਾਂ, ਸੱਦੋ ਤਦ ਹੀ ਪ੍ਰਸ਼ਾਦ ਛਕਾਂਗੇ।'

ਇਸ ਪੰਡਤ ਦੀ ਆਵਾਜ਼ ਦੇ ਵਿਰੁਧ ਕੋਈ ਨਾ ਬੋਲਿਆ । ਜਿਸ ਤੋਂ ਭਾਵ ਸੀ ਕਿ ਸਾਰੇ ਸਹਿਮਤ ਹੋ ਗਏ ਨੇ ਕਿਉਂਕਿ ਭਗਵਾਨ ਜੀ ਨੇ ਉਨ੍ਹਾਂ ਨੂੰ ਹੱਥ ਉਤੇ ਸਰ੍ਹੋਂ ਜਮਾ ਕੇ ਦਿਖਾ ਦਿੱਤੀ । ਰਵਿਦਾਸ ਜੀ ਪੰਗਤ ਵਿਚ ਆਏ । ਉਚੇ ਆਸਣ ਉਤੇ ਉਹਨਾਂ ਨੂੰ ਬਿਠਾਇਆ ਗਿਆ । ਭੋਜਨ ਪਰੋਸ ਕੇ ਥਾਲ ਅਗੇ ਰੱਖਿਆ । ਭਗਤ ਜੀ ਪ੍ਰਸ਼ਾਦ ਛਕਣ ਲਗੇ । ਪੰਡਤਾਂ ਵੀ ਛਕਿਆ, ਸੰਤ ਤੇ

ਮਹਾਤਮਾ ਵੀ ਬੈਠੇ ਖਾਂਦੇ ਰਹੇ। ਹਰ ਪਾਸਿਓਂ ਸੱਦ ਉਠ ਰਹੀ ਸੀ, 'ਧੰਨ ਰਵਿਦਾਸ ਭਗਤ! ਜੈ ਹੋ ਰਵਿਦਾਸ ਭਗਤ ਜੀ ਦੀ।'

ਰਵਿਦਾਸ ਜੀ ਚਿਤੌੜ ਬਹੁਤ ਚਿਰ ਰਹੇ। ਮੀਰਾਂ ਬਾਈ ਵੀ ਉਨ੍ਹੀਂ ਦਿਨੀ ਹੀ ਰਵਿਦਾਸ ਜੀ ਦੀ ਚੇਲੀ ਬਣੀ ਜੋ ਕ੍ਰਿਸ਼ਨ ਭਗਤੀ ਵਿਚ ਬਹੁਤ ਮਸ਼ਹੂਰ ਹੋਈ ਹੈ।

ਰਵਿਦਾਸ ਜੀ ਬਹੁਤ ਵੱਡੇ ਪ੍ਰਮਾਤਮਾ ਭਗਤ ਸਨ। ਭਗਵਾਨ ਉਨ੍ਹਾਂ ਉਤੇ ਦਿਆਲ ਸੀ। ਜੋ ਸੇਵਕ ਉਨ੍ਹਾਂ ਦੀ ਕਥਾ ਪ੍ਰੇਮ ਨਾਲ ਸੁਣੇ ਅਤੇ ਜਾਤ ਪਾਤ ਦੇ ਭਰਮਾਂ ਤੋਂ ਸੁਤੰਤਰ ਹੋ ਕੇ ਹਰ ਜਾਤ ਦੇ ਪੁਰਸ਼ ਨਾਲ ਪਿਆਰ ਕਰੇ ਭਗਵਾਨ ਨੂੰ ਚੇਤੇ ਰੱਖੇ, ਉਸ ਦਾ ਜ਼ਰੂਰ ਕਲਿਆਨ ਹੋਵੇਗਾ। ਓਹ ਜਨਮ ਮਰਨ ਤੇ ਚੌਰਾਸੀ ਦੇ ਗੇੜ ਵਿਚ ਨਹੀਂ ਆਵੇਗਾ। ਸਭ ਜੀਵ ਜੰਤੂ ਕੀੜੇ ਮਕੌੜੇ ਅਤੇ ਬਨਾਸਪਤੀ ਸਭ ਭਗਵਾਨ ਕ੍ਰਿਤ ਹਨ। ਕਿਸੇ ਨਾਲ ਘਿਰਨਾ ਨਹੀਂ ਕਰਨੀ ਚਾਹੀਦੀ। ਵਾਹਿਗੁਰੂ ਦਾ ਸਿਮਰਨ ਕਰਨਾ ਚਾਹੀਦਾ ਹੈ। ਫਿਰ ਰਵਿਦਾਸ ਜੀ ਦੇ ਕਥਨ ਅਨੁਸਾਰ ਪ੍ਰਮਾਤਮਾ ਨਾਲ ਇਕ ਮਿਕ ਹੋ ਜਾਈਦਾ ਹੈ—

*ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ॥੧॥* (ਸਿਰੀਰਾਗੁ)

# ੩. ਸਵਾਮੀ ਰਾਮਾਨੰਦ ਜੀ

*ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥ ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥੧॥ ਜਹ ਜਾਈਐ ਤਹ ਜਲ ਪਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ॥ ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥੨॥ ਸਤਿਗੁਰ ਮੈ ਬਲਿਹਾਰੀ ਤੋਰ ॥ ਜਿਨਿ ਸਕਲ ਬਿਕਲ ਭ੍ਰਮ ਕਾਟੇ ਮੋਰ॥ ਰਾਮਾਨੰਦ ਸੁਆਮੀ ਰਮਤ ਬ੍ਰਹਮ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥੩॥੧॥* (ਬਸੰਤੁ ਰਾਮਾਨੰਦ ਜੀ)

ਭਾਵ—ਹੁਣ ਕਿਥੇ ਜਾਣਾ ਹੈ? ਘਰ ਵਿਚ ਰੰਗ ਲਗ ਗਿਆ ਹੈ। ਮੇਰਾ ਮਨ ਹੁਣ ਭਟਕਦਾ ਨਹੀਂ, ਪਿੰਗਲਾ ਹੋ ਗਿਆ ਹੈ, ਭਾਵ ਟਿਕਾ ਆ ਗਿਆ

ਹੈ । ਇਕ ਦਿਨ ਮਨ ਵਿਚ ਇਹ ਉਮੰਗ ਪੈਦਾ ਹੋਈ ਕਿ ਕਿਸ ਮੰਦਰ ਵਿਚ ਠਾਕੁਰ ਦੀ ਪੂਜਾ ਕਰੀਏ । ਚੰਦਨ ਤੇ ਅਤਰ ਆਦਿਕ ਤਿਆਰ ਕੀਤੇ । ਪੂਜਾ ਕਰਨ ਚਲੇ ਪਰ ਓਹ ਬ੍ਰਹਮ ਗੁਰੂ ਨੇ ਮਨ ਵਿਚ ਹੀ ਦਸ ਦਿਤਾ । ਹੁਣ ਜਿਸ ਤੀਰਥ ਉਤੇ ਜਾਂਦੇ ਹਾਂ ਓਥੇ ਜਲ ਤੇ ਠਾਕੁਰ ਦਵਾਰੇ ਮਿਲਦੇ ਹਨ । ਐ ਈਸ਼ਵਰ ! ਤੂੰ ਤਾਂ ਸਰਬ ਵਿਆਪਕ ਹੈਂ । ਵੇਦਾਂ ਤੇ ਪੁਰਾਣਾਂ ਨੂੰ ਪੜ੍ਹਿਆ ਹੈ ਉਹਨਾਂ ਤੋਂ ਮਲੂਮ ਹੁੰਦਾ ਹੈ ਕਿ ਈਸ਼ਵਰ ਸਭ ਥਾਵੇਂ ਹੈ । ਬਾਹਰ ਤਾਂ ਜਾਈਏ ਜੇ ਓਹ ਅੰਦਰ ਨਾ ਹੋਵੇ । ਐ ਸਤਿਗੁਰੂ ! ਅਸੀਂ ਤੁਹਾਥੋਂ ਬਲਿਹਾਰ ਜਾਂਦੇ ਹਾਂ ਜਿਨ੍ਹਾਂ ਨੇ ਸਾਰੇ ਫ਼ਿਕਰ ਤੇ ਭਰਮ ਕਟ ਦਿਤੇ ਹਨ । ਰਾਮਾਨੰਦ ਹੁਣ ਬ੍ਰਹਮ ਨੂੰ ਯਾਦ ਕਰਦਾ ਹੈ ਗੁਰੂ ਦੇ ਸ਼ਬਦ ਨੇ ਮੇਰੇ ਕ੍ਰੋੜਾਂ ਕਰਮ ਨਾਸ ਕਰ ਦਿਤੇ ਹਨ । 'ਭਗਤ ਦਰਸ਼ਨ'

ਸੱਚੀ ਭਗਤੀ ਮਾਰਗ ਨੂੰ ਦਰਸਾਉਣ ਵਾਲਾ ਇਹ ਮਹਾਂ ਵਾਕ ਸ੍ਰੀ ਸੁਆਮੀ ਰਾਮਾਨੰਦ ਜੀ ਦਾ ਹੈ । ਸੁਆਮੀ ਰਾਮਾਨੰਦ ਜੀ ਪ੍ਰਯਾਗ 'ਅਲਾਹਾਬਾਦ' ਦੇ ਬ੍ਰਾਹਮਣ ਭੂਮ ਕਰਮਾਂ ਦੇ ਘਰ ਸੰਮਤ ੧੪੨੩ ਬਿ: ਵਿਚ ਮਾਤਾ ਸੁਸ਼ੀਲਾ ਜੀ ਦੀ ਕੁਖੋਂ ਪ੍ਰਗਟੇ । ਮਾਂ ਬਾਪ ਨੇ ਰਾਮਦਤ ਨਾਮ ਰਖਿਆ । ਰਾਮਦਤ ਜੀ ਪੰਜ ਸਾਲ ਮਾਂ ਬਾਪ ਦੇ ਕੋਲ ਪਲੇ । ਉਹਨਾਂ ਨੇ ਬਚੇ ਨੂੰ ਪਾਲਣ ਪੋਸਣ ਵਿਚ ਕੋਈ ਕਸਰ ਨਾ ਛਡੀ । ਲੜਕੇ ਨੂੰ ਹੋਣਹਾਰ ਸਮਝ ਕੇ ਭੂਰੀ ਕਰਮਾਂ ਨੇ ਰਾਮਦਤ ਨੂੰ ਜਨੇਊ ਪਵਾ ਦਿਤਾ । ਜਨੇਊ ਦੀ ਰਸਮ ਪੂਰੀ ਕਰਕੇ ਬਚੇ ਨੂੰ ਕਾਂਸ਼ੀ ਬਨਾਰਸ ਲੈ ਆਏ । ਕਾਂਸ਼ੀ ਉਸ ਵੇਲੇ ਵਿਦਿਆ ਦਾ ਘਰ ਸੀ, ਸੰਸਕ੍ਰਿਤ ਤੇ ਭਾਸ਼ਾ ਪੜ੍ਹਾਈ ਜਾਂਦੀ ਸੀ । ਜੋਤਿਸ਼, ਵੈਦਿਕ, ਗਿਆਨ ਵੈਦਿਕ ਤੇ ਸ਼ਾਸਤਰਾਂ ਦੀ ਵਿਦਿਆ ਪੂਰੀ ਪੜ੍ਹਾਈ ਜਾਂਦੀ ਸੀ । ਵੈਸ਼ਨਵ ਮਤ ਦਾ ਬੜਾ ਜ਼ੋਰ ਸੀ ਵੈਸ਼ਨੋ ਸੰਨਿਆਸੀ ਬਹੁਤੇ ਹੁੰਦੇ ਸਨ । ਨਾਲ ਹੀ ਉਹ 'ਭਗਤੀ ਕਾਲ' ਸੀ । ਉਸ ਵੇਲੇ ਵਿਦਿਆ ਪੜ੍ਹ ਕੇ ਭਗਤੀ ਵਲ ਬਹੁਤ ਲਗਦੇ ਸਨ । ਪ੍ਰਭੂ ਨੂੰ ਯਾਦ ਕੀਤਾ ਤੇ ਪਾਇਆ ਜਾਂਦਾ ਸੀ । 'ਪ੍ਰਮਾਤਮਾ' ਵੀ ਉਸ ਵੇਲੇ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਮਹਾਂ ਪੁਰਸ਼ਾਂ ਨੂੰ ਜਗਤ ਵਿਚ ਭੇਜਦੇ ਹਨ ।

ਕਾਂਸ਼ੀ ਵਿਚ ਵੈਸ਼ਨਵ ਮਤ ਪ੍ਰਧਾਨ ਸੀ । ਇਸ ਮਤ ਦੀਆਂ ਸ਼ਾਖਾਂ ਹਨ । ਮਾਧਵ ਵਿਸ਼ਨੂੰ ਨਿੰਬਾਰਕ ਤੇ ਰਾਮਾਨੁਜੀ । ਸੰਮਤ ਬਿਕ੍ਰਮੀ ਦਾ ਪੰਦ੍ਰਵੀਂ ਸਦੀ ਵਿਚ ਰਾਮਾਨੁਜੀ ਸੰਪ੍ਰਦਾਯ ਸੀ ਇਸ ਸੰਪ੍ਰਦਾਯ ਨੂੰ ਇਸਤ੍ਰੀ ਸੰਪ੍ਰਦਾਯਵੀ ਆਖਿਆ

ਜਾਂਦਾ ਹੈ ਕਿਉਂਕਿ ਇਸ ਨੂੰ ਚਲਾਉਣ ਵਾਲੀ ਮਾਤਾ ਸੀਤਾ ਜੀ ਦਸੀ ਜਾਂਦੀ ਹੈ। 'ਸ੍ਰੀ ਰਾਮ' ਮੰਤਰ ਦਾ ਜਾਪ ਤੇ ਪ੍ਰਚਾਰ ਕਰਨਾ ਇਸ ਸੰਪ੍ਰਦਾਯ ਦਾ ਮੁਖ ਪ੍ਰਯੋਜਨ ਮਿਥਿਆ ਜਾਂਦਾ ਹੈ। ਇਸ ਸੰਪ੍ਰਦਾਯ ਦਾ ਰਾਮਾਨੁਜੀ ਸਾਖ ਦੇ ਚੌਥੇ ਗੁਰੂ (ਚਾਰਜ) ਰਾਮਾਨੰਦ ਜੀ ਹਨ।

ਰਾਮਦਤ ਜੀ ਪਹਿਲਾਂ ਇਕ-ਸੰਸਕ੍ਰਿਤ ਦੇ ਪੰਡਤ ਕੋਲ ਅਖਰ ਗਿਆਨ ਤੋਂ ਵਿਆਕਰਣ, ਪਿੰਗਲ ਆਦਿਕ ਮੁਢਲੇ ਗ੍ਰੰਥ ਪੜ੍ਹਦੇ ਰਹੇ। ਪੜ੍ਹਨ ਵਿਚ ਬਹੁਤ ਹੁਸ਼ਿਆਰ ਸਨ। ਤੀਖਣ ਬੁਧੀ ਵਾਲੇ ਹੋਣ ਕਰਕੇ ਹਰ ਔਖੀ ਤੋਂ ਔਖੀ ਸੰਥਾ ਨੂੰ ਸਹਿਜ ਨਾਲ ਹੀ ਯਾਦ ਕਰ ਲੈਂਦੇ ਸਨ। ਆਪ ਨੂੰ ਕੁਝ ਚਿਰ ਪੜ੍ਹਦਿਆਂ ਹੋ ਗਿਆ ਤਾਂ ਇਕ ਦਿਨ ਆਪ ਬਾਗ ਵਿਚ ਸੈਰ ਕਰਨ ਵਾਸਤੇ ਚਲੇ ਗਏ। ਉਸੇ ਬਾਗ ਵਿਚ ਰਾਘਵਾਨੰਦ ਜੀ ਵੀ ਆਪਣੇ ਦੋਂਹ ਚੇਲਿਆਂ ਸਮੇਤ ਫਿਰ ਰਹੇ ਸੀ। ਰਾਮਦਤ ਬਾਲਕ ਨੂੰ ਰਾਘਵਾਨੰਦ ਜੀ ਨੇ ਕੋਲ ਸਦਿਆ ਉਹਦੇ ਚੇਹਰੇ ਦੇ ਨਿਸ਼ਾਨ ਪੜ੍ਹੇ। ਨਿਸ਼ਾਨ ਪੜ੍ਹਕੇ ਉਹ ਬੋਲੇ—'ਹੇ ਬਾਲਕ! ਕੀ ਤੈਨੂੰ ਤੇਰੀ ਆਯੂ ਦਾ ਪਤਾ ਹੈ?'

ਰਾਮਦਤ—'ਨਹੀਂ ਮਹਾਰਾਜ'

ਰਾਘਵਾਨੰਦ—'ਤੇਰੀ ਆਯੂ ਮੁਕ ਚੁਕੀ ਹੈ, ਕਾਲ ਨੇੜੇ ਹੈ।'

ਰਾਮਦਤ—'ਆਪ ਨੂੰ ਕਿਵੇਂ ਪਤਾ ਸਵਾਮੀ ਜੀ?'

ਰਾਘਵਾਨੰਦ—'ਬਸ ਤੈਨੂੰ ਦਸ ਦਿਤਾ।'

ਰਾਮਦਤ ਨੇ ਹੋਰ ਕੋਈ ਗੱਲ ਨਹੀਂ ਕੀਤੀ ਉਦਾਸ ਜਿਹਾ ਹੋਕੇ ਆਪਣੇ ਵਿਦਿਆ ਗੁਰੂ ਕੋਲ ਆ ਗਿਆ, ਉਸ ਨੂੰ ਸਾਰੀ ਹਕੀਕਤ ਖੋਹਲ ਸੁਣਾਈ। ਵਿਦਿਆ ਗੁਰੂ ਵੀ ਸੋਚਣ ਲੱਗ ਪਿਆ। ਕੁਝ ਚਿਰ ਸੋਚਣ ਪਿਛੋਂ ਉਹ ਰਾਮਦਤ ਨੂੰ ਲੈ ਕੇ ਰਾਘਵਾਨੰਦ ਕੋਲ ਆ ਗਿਆ। ਰਾਘਵਾਨੰਦ ਨੇ ਸਾਰੀ ਗੱਲ ਦਸੀ ਕਿ ਇਸ ਬਾਲਕ ਦੀ ਆਯੂ ਮੁਕ ਚੁਕੀ ਹੈ ਥੋੜੇ ਦਿਨਾਂ ਨੂੰ ਚਲਾਣਾ ਕਰ ਜਾਵੇਗਾ। ਜਦੋਂ ਉਸਨੇ ਆਯੂ ਲੰਮੇਰੀ ਕਰਨ ਦਾ ਵਸੀਲਾ ਪੁਛਿਆ ਤਾਂ ਰਾਘਵਾਨੰਦ ਨੇ ਉੱਤਰ ਦਿਤਾ, ਜੇਕਰ ਯੋਗ ਸਾਧਨਾ ਸਾਥ ਪ੍ਰਾਣ ਦਸਮ ਦੁਆਰ ਚੜ੍ਹਾਏ ਜਾਣ ਤਾਂ ਪੁਰਸ਼ ਦੀ ਆਯੂ ਲੰਮੇਰੀ ਹੋ ਸਕਦੀ ਹੈ।

ਰਾਮਦਤ ਦੇ ਵਿਦਿਆ ਗੁਰੂ ਤੇ ਰਾਮਦਤ ਨੇ ਰਲ ਕੇ ਬੇਨਤੀ ਕੀਤੀ 'ਮਹਾਰਾਜ! ਬਾਲਕ ਨੂੰ ਦੀਖਿਆ ਦੀਜੀਏ। ਚੇਲਾ ਬਣਾ ਕੇ ਯੋਗ ਅਭਿਆਸ

ਕਰਾਓ ।'

ਰਾਘਵਾਨੰਦ ਪੂਰਨ ਯੋਗੀ ਸੀ, ਉਸਨੇ ਰਾਮਦਤ ਨੂੰ ਦੀਖਿਆ ਦਿਤੀ ਤੇ ਉਸ ਦਾ ਨਾਮ ਰਾਮਾਨੰਦ ਰਖ ਦਿਤਾ। ਯੋਗ ਅਭਿਆਸ ਕਰਾ ਕੇ ਪ੍ਰਾਣ ਦਸਵੇਂ ਦੁਆਰ ਚੜ੍ਹਾ ਦਿਤੇ । ਇਸ ਤਰ੍ਹਾਂ ਪ੍ਰਾਣ ਚੜ੍ਹਾਉਂਦੇ ਉਤਾਰਦੇ ਰਹੇ । ਜਿਸਦਾ ਫਲ ਇਹ ਹੋਇਆ ਕਿ ਰਾਮਾਨੰਦ ਦੀ ਆਯੂ ਲੰਮੇਰੀ ਹੋ ਗਈ । ਉਸ ਨੇ ਮੌਤ ਨੂੰ ਜਿੱਤ ਲਿਆ। ਉਹ ਵਿਦਿਆ ਪੜ੍ਹਨ ਲੱਗਾ। ਰਾਘਵਾਨੰਦ ਨੇ ਬਹੁਤ ਮਿਹਨਤ ਕਰਕੇ ਰਾਮਾਨੰਦ ਜੀ ਨੂੰ ਸਾਂਗੋ ਪਾਂਗ ਤੇ ਸਾਰੇ ਸ਼ਾਸਤ੍ਰ ਪੜ੍ਹਾਏ ਬੁਧੀ ਦੀ ਚਾਤੁਰੀ ਦੇ ਕਾਰਨ ਰਾਮਾਨੰਦ ਜੀ ਪ੍ਰਸਿੱਧ ਹੋ ਗਏ ਮੁਖੀ ਵਿਦਵਾਨ ਆਪ ਕੋਲ ਗਿਆਨ ਚਰਚਾ ਕਰਨ ਵਾਸਤੇ ਆਉਂਦੇ । ਉਸ ਦੀ ਪ੍ਰਫੁਲਤ ਬੁਧੀ ਦੇਖਕੇ ਰਾਘਵਾਨੰਦ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਉਹ ਰਾਮਾਨੰਦ ਨੂੰ ਗੁਰਗੱਦੀ ਦੇ ਜਾਣਗੇ ਕਿਉਂਕਿ ਰਾਮਾਨੰਦ ਵਿਚ ਉਹ ਸਾਰੇ ਗੁਣ ਨੇ ਜੋ ਇਕ ਵੈਸ਼ਨਵ ਸੰਨਿਆਸੀ ਵਿਚ ਹੋਣੇ ਚਾਹੀਦੇ ਨੇ । ਰਾਮਾ ਨੰਦ ਨੇ ਆਪਣੇ ਮਾਂ ਬਾਪ ਕੋਲੋਂ ਸੰਨਿਆਸੀ ਹੋਣ ਦੀ ਆਗਿਆ ਪ੍ਰਾਪਤ ਕਰ ਲਈ । ਰਾਮਾਨੰਦ ਨੂੰ ਸੰਨਿਆਸ ਦੇ ਕੇ ਰਾਘਵਾਨੰਦ ਜੀ ਚਲਾਣਾ ਕਰ ਗਏ । ਰਾਘਵਾਨੰਦ ਦੀ ਥਾਂ ਰਾਮਾਨੰਦ ਜੀ ਨੇ ਸਾਂਭੀ । ਸਮੇਂ ਦਾ ਚਕਰ ਨਿਰਾਲਾ ਹੈ । ਰਾਮਦਤ ਤੋਂ ਬਣੇ ਰਾਮਾਨੰਦ ਤੇ ਰਾਮਾਨੰਦ ਤੋਂ ਹੋ ਗਏ 'ਸਵਾਮੀ ਰਾਮਾਨੰਦ' । ਸਵਾਮੀ ਰਾਮਾਨੰਦ ਜੀ ਨੇ ਦੇਸ਼ ਦੇ ਸਾਰੇ ਤੀਰਥਾਂ ਦੀ ਯਾਤਰਾ ਕੀਤੀ । ਯਾਤਰਾ ਤੋਂ ਪਿਛੋਂ ਫਿਰ ਕਾਂਸ਼ੀ ਆ ਗਏ । ਕਾਂਸ਼ੀ ਵਿਚ ਵੀ ਪੱਕੀ ਰਿਹਾਇਸ਼ ਰਖ ਲਈ । ਕਿਉਂਕਿ ਕਾਂਸ਼ੀ ਉਸ ਸਮੇਂ ਭਾਰਤ ਦੇ ਗਿਆਨ ਦਾ ਕੇਂਦਰ ਸੀ । ਕਾਂਸ਼ੀ ਦੇ ਵਿਦਿਆ ਗੁਰੂਆਂ ਉਤੇ ਭਾਰਤ ਨਾਜ਼ ਕਰ ਸਕਦਾ ਸੀ । ਭਾਰਤ ਦੇ ਤੀਰਥਾਂ ਦਾ ਰਟਨ ਕਰਨ ਤੇ ਸਵਾਮੀ ਜੀ ਨੂੰ ਹਿੰਦ ਦੀ ਰਾਜਸੀ ਤੇ ਸਮਾਜਕ ਹਾਲਤ ਦਾ ਪੂਰਾ ਗਿਆਨ ਹੋ ਗਿਆ। ਉਨ੍ਹਾਂ ਫ਼ੈਸਲਾ ਕੀਤਾ ਕਿ ਭਾਰਤ ਦੇ ਹਰ ਪ੍ਰਾਣੀ ਬ੍ਰਾਹਮਣ, ਵੈਸ਼, ਕਛੱਤਰੀ ਤੇ ਸ਼ੂਦਰ ਨੂੰ ਉਪਦੇਸ਼ ਕਰਕੇ ਜੀਵਨ ਚੰਗਾ ਬਨਾਉਣ ਵਾਸਤੇ ਉਤਸ਼ਾਹ ਦੇਣਗੇ। ਬ੍ਰਹਮਚਰਜ, ਸਰੀਰਕ ਬਲ ਤੇ ਅਨਿਨ ਭਗਤੀ ਇਹ ਤਿੰਨ ਪ੍ਰਯੋਜਨ ਸਨ ਆਪ ਦੇ ਉਪਦੇਸ਼ ਦੇ । ਇਨ੍ਹਾਂ ਤਿੰਨਾਂ ਗੁਣਾਂ ਉਤੇ ਆਪ ਨੇ 'ਬੈਰਾਗੀ ਦਲ' ਕਾਇਮ ਕੀਤਾ । ਸਾਰੇ ਬੈਰਾਗੀ ਆਪ ਦੇ ਚੇਲੇ ਹਨ, ਬੈਰਾਗੀਆਂ ਨੂੰ ਜਾਤ ਪਾਤ ਤੇ ਛੂਤ ਛਾਤ ਦਾ ਵਿਚਾਰ ਨਹੀਂ ਹੁੰਦਾ ।

ਕਬੀਰ ਤੇ ਰਵਿਦਾਸ ਜੀ ਦੇ ਗੁਰੂ ਵੀ ਸਵਾਮੀ ਰਾਮਾਨੰਦ ਜੀ ਹੋਏ ਨੇ। ਇਨ੍ਹਾਂ ਦੀ ਕਿਰਪਾ ਨਾਲ ਹੀ ਹਿੰਦੂਆਂ ਦੀ ਵੈਸ਼ਨਵ ਸਭਿਅਤਾ ਵਿਚ ਚਲਤ ਜਾਤੀਆਂ ਦੇ ਮਹਾਂ ਪੁਰਸ਼ਾਂ ਨੇ ਆਪਣੇ ਖ਼ਿਆਲਾਂ ਨੂੰ ਪ੍ਰਚਾਰਿਆ। ਆਪ ਸੰਸਕ੍ਰਿਤ ਦੇ ਵਿਦਵਾਨ ਸਨ। ਅਨੇਕਾਂ ਗ੍ਰੰਥ ਰਚੇ, ਜਿਨ੍ਹਾਂ ਵਿਚੋਂ ਆਨੰਦ ਭਾਸ਼ਯ , ਸ੍ਰੀ ਭਗਵਤ ਗੀਤਾ ਭਾਸ਼ਯ, ਵੈਸ਼ਨਵ ਮਤਾਂਤ੍ਰ ਭਾਸਕਰ ਅਤੇ ਸ੍ਰੀ ਰਾਮਾ ਚਰਨ ਧਤਿ ਮਸ਼ਹੂਰ ਗ੍ਰੰਥ ਹਨ। ਸੰਮਤ ਬਿਕ੍ਰਮੀ ਦੀ ਪੰਦਵ੍ਹੀਂ ਸਦੀ ਵਿਚ ਜਿੰਨੇ ਵੀ ਭਗਤ ਕਾਂਸ਼ੀ ਜਾਂ ਮਧ ਭਾਰਤ ਵਿਚ ਹੋਏ ਨੇ ਉਨ੍ਹਾਂ ਸਾਰਿਆਂ ਤੇ ਸਵਾਮੀ ਜੀ ਦਾ ਅਸਰ ਹੈ। ਆਪ ਦਾ ਪਰਮ ਧਰਮ ਇਹ ਸੀ ਕਿ ਭਗਤੀ ਵਾਲੇ ਪੁਰਸ਼ ਨਾਲ ਬਚਨ ਕਰਦੇ। ਭਗਤੀ ਭਾਵ ਵਾਲਾ ਪੁਰਸ਼ ਭਾਵੇਂ ਨੀਚ ਤੋਂ ਨੀਚ ਜਾਤ ਦਾ ਕਿਉਂ ਨਾ ਹੁੰਦਾ। ਆਪ ਦੇ ਚੇਲਿਆਂ ਦੀ ਗਿਣਤੀ ਤਾਂ ਨਹੀਂ ਕੀਤੀ ਜਾ ਸਕਦੀ ਫਿਰ ਵੀ ਮੁਖੀ ਚੇਲੇ ਇਹ ਹਨ—ਅਨੰਤਾ ਨੰਦ, ਸੁਰੇਸ਼ਵਰਾ ਨੰਦ, ਸੁਖਾ ਨੰਦ, ਨਰ ਹਰਿਆ ਨੰਦ, ਯੋਗ ਨੰਦ, ਧਨੇਸ਼ਵਰ, ਗਾਲਵਾ ਨੰਦ, ਕਬੀਰ, ਰਵਿਦਾਸ, ਪੀਪਾ ਜੀ, ਸੈਣ ਜੀ, ਭਾਵਾ ਨੰਦ ਅਤੇ ਧੰਨਾ ਜੀ। ਗੁਸਾਈਂ ਤੁਲਸੀ ਦਾਸ ਜੀ ਵੀ ਇਨ੍ਹਾਂ ਦੀ ਸੰਪ੍ਰਦਾਇ ਵਿਚੋਂ ਸਨ। ਇਨ੍ਹਾਂ ਦੇ ਭਗਤੀ ਮਾਰਗ ਦੇ ਅਸਰ ਹੇਠ ਹੀ ਤੁਲਸੀ ਦਾਸ ਜੀ ਨੇ 'ਰਾਮਾਇਣ' ਲਿਖੀ।

ਸਵਾਮੀ ਰਾਮਾਨੰਦ ਜੀ ਪਾਪੀ ਜੀਵਾਂ ਦਾ ਉਧਾਰ ਤੇ ਵਿਦਿਆ ਪ੍ਰਚਾਰ ਕਰਦੇ ਹੋਏ ਸੰਮਤ ੧੫੨੪ ਬਿਕ੍ਰਮੀ ਨੂੰ ਕਾਂਸ਼ੀ ਵਿਚ ਪ੍ਰਲੋਕ ਗਮਨ ਕਰ ਗਏ।

# ੪. ਭਗਤ ਪੀਪਾ ਜੀ

## ਦੇਵੀ ਭਗਤ ਰਾਜਾ

ਪੀਪਾ ਜੀ ਗਗਨੌਰ ਦੇ ਰਾਜਾ ਸਨ। ਇਨ੍ਹਾਂ ਦਾ ਜਨਮ ੧੪੬੩ ਬਿ: ਨੂੰ ਹੋਇਆ। ਬਾਪ ਦੇ ਮਰਨ ਪਿਛੋਂ ਰਾਜ ਤਖ਼ਤ ਉਤੇ ਬੈਠੇ। ਜਦੋਂ ਰਾਜ ਭਾਗ ਮਿਲਿਆ ਤਦੋਂ ਇਨ੍ਹਾਂ ਦੀ ਚੜ੍ਹਦੀ ਜੁਆਨੀ ਸੀ। ਓਹ ਜੁਆਨੀ ਜਿਸ ਨੂੰ ਅੰਨ੍ਹੀ ਜੁਆਨੀ ਆਖਿਆ ਜਾਂਦਾ ਹੈ। ਜਦੋਂ ਪੁਰਸ਼ ਤੇ ਹੰਕਾਰ ਤੇ ਕਾਮ ਠਾਠਾਂ ਮਾਰਦਾ

ਹੈ ੧੨ ਸੁੰਦਰ ਨਾਰੀਆਂ ਨਾਲ ਪੀਪਾ ਜੀ ਨੇ ਸ਼ਾਦੀਆਂ ਕੀਤੀਆਂ। ਹਰ ਇਕ ਰਾਣੀ ਇਕ ਦੂਸਰੀ ਨਾਲੋਂ ਵਧ ਚੜ੍ਹ ਕੇ ਰੂਪਵੰਤੀ ਸੀ। ਪਰ ਸਭ ਤੋਂ ਛੋਟੀ ਪਦਮਨੀ ਰਾਣੀ ਸੀਤਾ ਸੀ। ਸੀਤਾ ਨਾਲ ਪੀਪਾ ਜੀ ਸਭ ਤੋਂ ਬਹੁਤਾ ਪਿਆਰ ਕਰਦੇ ਸਨ ਪਿਆਰ ਹੀ ਨਹੀਂ ਸੀਤਾ ਨਾਲ ਪ੍ਰਛਾਵੇਂ ਵਾਂਗ ਰਹਿੰਦੇ ਸਨ।

ਰਾਜ ਭਾਗ, ਜੁਆਨੀ ਤੇ ਸੁੰਦਰ ਨਾਰੀਆਂ ਦੇ ਹੋਣ ਤੇ ਪੀਪਾ ਜੀ ਦੇਵੀ ਦੁਰਗਾ ਦੇ ਉਪਾਸ਼ਕ ਸਨ। ਕਦੀ ਕਦਾਈਂ ਚੰਗੇ ਸਾਧੂਆਂ ਨੂੰ ਰਾਜ ਮਹਿਲ ਵਿਚ ਸੱਦ ਕੇ ਗਿਆਨ ਚਰਚਾ ਵੀ ਕਰਦੇ ਪਰ ਰਾਣੀਆਂ ਕੋਲ ਹੁੰਦੀਆਂ। ਉਸਦੇ ਰਾਜ ਮਹਿਲ ਵਿਚ ਬ੍ਰਾਹਮਣਾਂ ਦਾ ਬਹੁਤ ਸਤਿਕਾਰ ਸੀ ਪਰ ਉਹ ਦੇਵੀ ਦੀ ਉਪਾਸ਼ਨਾ ਰਸਮੀ ਸੀ ਜਿਵੇਂ ਵਡੇ ਵਡੇਰੇ ਕਰਦੇ ਆਏ ਸਨ।

## ਹਰਿ ਭਗਤੀ ਵਲ ਮੁੜਨਾ

ਇਕ ਦਿਨ ਪੀਪਾ ਜੀ ਨੂੰ ਪਤਾ ਲਗਾ ਕਿ ਉਹਦੇ ਸ਼ਹਿਰ 'ਚ ਵੈਸ਼ਨਵ ਸਾਧੂਆਂ ਦੀ ਇਕ ਮੰਡਲੀ ਆਈ ਹੈ। ਉਹ ਹਰਿ ਜਸ ਤੇ ਰਾਮ ਨਾਮ ਦਾ ਭਜਨ ਬਹੁਤ ਰਸੀਲੀ ਜ਼ਬਾਨ ਨਾਲ ਕਰਦੇ ਹਨ, ਸਾਧੂ ਰੱਬ ਰੂਪ ਨੇ। ਸਾਧੂਆਂ ਦੀ ਉਪਮਾ ਸੁਣ ਕੇ ਰਾਜੇ ਨੇ ਸੀਤਾ ਤੇ ਹੋਰ ਰਾਣੀਆਂ ਨਾਲ ਸਲਾਹ ਕੀਤੀ ਕਿ ਵੈਸ਼ਨਵ ਸਾਧੂਆਂ ਨੂੰ ਭੋਜਨ ਛਕਾਉਣਾ ਚਾਹੀਦਾ ਹੈ। ਸਲਾਹ ਪੱਕੀ ਹੋ ਜਾਣ ਪਿਛੋਂ ਰਾਜਾ ਆਪ ਸੰਤ ਮੰਡਲੀ ਕੋਲ ਗਿਆ ਤੇ ਦੋਵੇਂ ਹੱਥ ਜੋੜ ਕੇ ਪ੍ਰਾਰਥਨਾ ਕੀਤੀ ਕਿ 'ਹੇ ਸੰਤ ਜਨੋ! ਮੇਰੇ ਗ੍ਰਹਿ ਵਿਖੇ ਚਰਨ ਪਾ ਕੇ ਗ੍ਰਹਿ ਨੂੰ ਪਵਿਤ੍ਰ ਕਰੋ ਤੇ ਭੋਜਨ ਛਕੋ। ਗ੍ਰਹਿ ਵਿਖੇ ਆਪਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਹੋ ਜਾਵੇਗਾ।' ਪੀਪੇ ਦੀ ਇਹ ਬੇਨਤੀ ਸੁਣ ਕੇ ਉਸ ਦੀ ਭਗਤੀ ਦੇ ਭਾਵ ਨੂੰ ਦੇਖ ਕੇ ਸੰਤ ਮੰਡਲੀ ਦੇ ਮੁਖੀ ਨੇ ਨਿਉਂਦਾ ਮੰਨ ਲਿਆ। ਸਾਰੀ ਸੰਤ ਮੰਡਲੀ ਰਾਜ ਮਹਿਲ ਵਿਚ ਪਧਾਰੀ ਜਿਹੋ ਜਿਹਾ ਸਾਧੂ ਸੰਤਾਂ ਨੇ ਮੰਗਿਆ ਓਹੋ ਜਿਹਾ ਹੀ ਦਿਤਾ ਗਿਆ। ਬੜੀ ਸੁੱਚਜਤਾ ਤੇ ਨਿਮਰਤਾ ਨਾਲ ਸੇਵਾ ਕੀਤੀ ਗਈ ਰਾਜੇ ਤੇ ਰਾਣੀਆਂ ਦੀ ਪ੍ਰੇਮ ਸ਼ਰਧਾ ਤੇ ਭਗਤੀ ਭਾਵ ਨੂੰ ਦੇਖ ਕੇ ਸੰਤ ਬਹੁਤ ਖ਼ੁਸ਼ ਹੋਏ ਪਰ ਇਹ ਜਾਣ ਕੇ ਕਿ ਰਾਜਾ ਪੱਥਰ ਦੀ ਦੇਵੀ (ਦੁਰਗਾ) ਦਾ ਪੁਜਾਰੀ ਹੈ। ਉਨ੍ਹਾਂ ਨੂੰ ਬਹੁਤ ਦੁਖ ਹੋਇਆ। ਉਹ ਸੰਤ ਸਵਾਮੀ ਰਾਮਾਨੰਦ ਜੀ ਦੇ ਚੇਲੇ ਸਨ। ਸਰਬ ਸ਼ਕਤੀਵਾਨ ਪ੍ਰਮਾਤਮਾ ਨੂੰ ਸਰਬ ਵਿਆਪੀ ਤੇ ਅਕਾਲ

ਮੰਨਦੇ ਸਨ। ਭੋਜਨ ਛਕ ਕੇ ਪ੍ਰਸੰਨ ਹੋਣ ਪਿਛੋਂ ਉਨ੍ਹਾਂ ਨੇ ਪ੍ਰਮਾਤਮਾ ਅਗੇ ਅਰਦਾਸ ਕੀਤੀ 'ਹੇ ਭਗਵਾਨ! ਰਾਜੇ ਪੀਪੇ ਨੂੰ ਸੁਮੱਤ ਬਖ਼ਸ਼ ਇਹ ਪੱਥਰ ਪੂਜਕ ਨਾ ਰਹੇ। ਹਰਿ ਭਗਤ ਕਰੇ' ਆਖਦੇ ਨੇ ਭਗਤ ਜਨਾਂ ਦੀ ਅਰਦਾਸ ਬਿਰਥੀ ਨਹੀਂ ਜਾਂਦੀ। ਹਰੀ ਨੇ ਸੁਣ ਲਈ। ਰਾਜੇ ਨੂੰ ਸਚੀ ਭਗਤੀ ਤੇ ਪਾਉਣ ਵਾਸਤੇ ਇਕ ਵਿਉਂਤ ਸੋਚੀ।

## ਪੀਪਾ ਜੀ ਨੂੰ ਸੁਪਨਾ ਆਉਣਾ

ਰਾਜਾ ਪੀਪਾ ਬੜੀ ਸ਼ਾਨ ਨਾਲ਼ ਮਹਿਲ ਵਿਚ ਮਖ਼ਮਲੀ ਗਦੇਲੇ ਉਤੇ ਰਾਤ ਸੁਤਾ ਪਿਆ ਸੀ। ਉਸਦੀ ਪਿਆਰੀ ਸੀਤਾ ਓਹਦੇ ਕੋਲ ਸੀ। ਸੰਸਾਰ ਦੀ ਕਿਸੇ ਥੁੜ੍ਹੋਂ ਦੀ ਉਸ ਨੂੰ ਚਿੰਤਾ ਨਹੀਂ। ਸੀਤਾ ਨਾਲ ਲਾਡ ਪਿਆਰ ਕਰਦਿਆਂ ਕਰਦਿਆਂ ਨੂੰ ਨੀਂਦ ਆ ਗਈ ਸੀ। ਸੀਤਾ ਵੀ ਘੂਕ ਸੌਂ ਗਈ।

ਰਾਜੇ ਨੂੰ ਸੁਪਨਾ ਆਇਆ, ਸੁਪਨੇ ਵਿਚ ਰਾਜੇ ਨੇ ਦੇਖਿਆ ਕਿ ਉਹ ਪਲੰਘ ਉਤੇ ਹੀ ਲੇਟਿਆ ਹੋਇਆ ਹੈ, ਸ਼ੀਸ਼ ਮਹਿਲ ਦੇ ਬੂਹੇ ਆਪਣੇ ਆਪ ਖੁਲ੍ਹ ਗਏ। ਇਕ ਬਹੁਤ ਡਰਾਉਣੀ ਸੂਰਤ ਉਸ ਵਲ ਵਧੀ ਹੈ, ਜਿਸ ਸੂਰਤ ਦੇ ਹੁਲੀਏ ਬਾਰੇ ਉਸਨੇ ਗ੍ਰੰਥਾਂ ਵਿਚ ਪੜ੍ਹਿਆ ਤੇ ਬਾਤਾਂ ਰਾਹੀਂ ਸੁਣਿਆਂ ਸੀ। ਓਹਦੀ ਜ਼ਬਾਨੋਂ ਨਿਕਲ ਰਿਹਾ 'ਹੈਂ ਦੈਂਤ?'

ਓਹ ਦੈਂਤ ਰਾਜੇ ਦੇ ਪਲੰਘ ਕੋਲ ਗਿਆ। ਉਹਦੇ ਦੰਦ ਤੇ ਹੱਥਾਂ ਦੇ ਨੌਂਹ ਡਰਾਉਣੇ ਸਨ, ਜਾਨ ਬਚਾਉਣ ਵਾਸਤੇ ਰਾਜੇ ਨੇ ਪਲੰਘ ਤੋਂ ਉਠਕੇ ਨੱਸਣਾ ਚਾਹਿਆ ਪਰ ਓਹ ਨੱਸ ਨਾ ਸਕਿਆ। ਦੈਂਤ ਨੇੜੇ ਆ ਗਿਆ ਉਸ ਨੇ ਪੀਪੇ ਨੂੰ ਆਖਿਆ, 'ਕਲ੍ਹ ਤੋਂ ਦੁਰਗਾ ਦੀ ਪੂਜਾ ਨਾ ਕਰੀਂ। ਜੇ ਉਸਦੀ ਪੂਜਾ ਕਰੇਂਗਾ ਤਾਂ ਤੈਨੂੰ ਮਾਰ ਦੇਵਾਂਗਾ। ਬਸ! ਦੁਰਗਾ ਪੂਜਾ ਨਾ ਕਰੀਂ।' ਇਹ ਆਖ ਕੇ ਓਹ ਦੈਂਤ ਪੁਠੀ ਪੈਰੀਂ ਪਿਛੇ ਮੁੜ ਗਿਆ, ਦਰਵਾਜੇ ਕੋਲ ਜਾ ਕੇ ਇਕ ਦਮ ਅਲੋਪ ਨੋ ਗਿਆ।

'ਹੇ ਭਗਤ ਜਨੋ! ਰਾਜਾ ਪੀਪਾ ਡਰ ਗਿਆ, ਡਰ ਨਾਲ ਉਸਦਾ ਐਸਾ ਕਲੇਜਾ ਧੜਕਿਆ ਕਿ ਓਹ ਵਸ ਵਿਚ ਹੀ ਨਾ ਆਵੇ। ਕਲੇਜੇ ਦੀ ਧੜਕਣ ਨਾਲ ਉਸਦੀ ਨੀਂਦ ਖੁਲ੍ਹ ਗਈ, ਨੀਂਦ ਖੁਲ੍ਹੀ ਅਤੇ ਉਸ ਨੇ ਅੱਖਾਂ ਮਲ ਕੇ ਦੇਖਿਆ ਕਮਰੇ ਦਾ ਬੂਹਾ ਵੱਜਾ ਸੀ ਸੀਤਾ ਕੋਲ ਸੁਤੀ ਪਈ ਸੀ। ਓਸ ਨੂੰ

ਕੋਈ ਪਤਾ ਨਹੀਂ ਸੀ ਕਿ ਰਾਜੇ ਨਾਲ ਕੀ ਬੀਤੀ। ਰਾਜੇ ਨੇ ਕਾਹਲੀ ਨਾਲ ਸੀਤਾ ਨੂੰ ਜਗਾਇਆ। ਜਦੋਂ ਉਹ ਜਾਗ ਪਈ ਤਾਂ ਉਸ ਨੂੰ ਸੁਪਨੇ ਦੀ ਸਾਰੀ ਘਟਨਾ ਸੁਣਾ ਕੇ ਆਖਿਆ, 'ਮੈਂ ਹੁਣੇ ਦੁਰਗਾ ਦੇ ਮੰਦਰ ਜਾਣਾ ਹੈ।' ਸੀਤਾ— 'ਪਰ ਅਜੇ ਤਾਂ ਰਾਤ ਹੈ, ਸਵੇਰ ਹੋਣ ਦਿਓ।'

ਰਾਜਾ ਪੀਪਾ—'ਨਹੀਂ ਏਸੇ ਵੇਲੇ! ਉਠ ਛੇਤੀ ਕਰ, ਮੇਰਾ ਕਲੇਜਾ ਧੜਕ ਕੇ ਬਾਹਰ ਆਉਣ ਵਾਲਾ ਹੈ।'

ਸੀਤਾ ਉਠ ਬੈਠੀ ਦੁਰਗਾ ਦਾ ਮੰਦਰ ਰਾਜ ਮੱਹਲ ਵਿਚ ਹੀ ਸੀ ਉਸ ਵਿਚ ਚਵੀ ਘੰਟੇ ਘਿਓ ਦੀ ਜੋਤ ਜਗਦੀ ਰਹਿੰਦੀ ਸੀ, ਸੀਤਾ ਸਮੇਤ ਰਾਜਾ ਪੀਪਾ ਦੁਰਗਾ ਦੇ ਮੰਦਰ ਪੁਜਾ। ਦੁਰਗਾ ਦੀ ਮੂਰਤੀ ਸਾਹਮਣੇ ਡੰਡਵਤ ਪ੍ਰਨਾਮ ਕਰਕੇ ਹਿਰਦੇ ਦੀ ਵੇਦਨਾ ਪ੍ਰਗਟ ਕਰਨ ਹੀ ਲੱਗਾ ਸੀ ਕਿ ਦੁਰਗਾ ਦੀ ਮੂਰਤੀ ਦੇ ਪਿਛੋਂ ਗ਼ੈਬੀ ਆਵਾਜ਼ ਆਈ—'ਰਾਜਾ! ਮੇਰੀ ਪੂਜਾ ਨਾ ਕਰ ਮੈਂ ਪੱਥਰ ਹਾਂ ਕਿਸੇ ਸੰਤ ਦੇ ਲੜ ਲਗ, ਉਸਦੀ ਕ੍ਰਿਪਾ ਨਾਲ ਭਗਤੀ ਦੇ ਸਹੀ ਮਾਰਗ ਨੂੰ ਪਾਵੇਂਗਾ। ਮੈਂ ਤੇਰੀ ਕਲਿਆਣ ਨਹੀਂ ਕਰ ਸਕਦੀ ਕਲਿਆਣ ਬਦਲੇ ਹੀ ਤੂੰ ਮੇਰੀ ਪੂਜਾ ਕਰਦਾ ਹੈਂ। ਜਾਹ ਜੇਹੜੇ ਸੰਤ ਤੇਰੇ ਘਰੋਂ ਭੋਜਨ ਖਾ ਗਏ ਨੇ ਉਹਨਾਂ ਕੋਲੋਂ ਪੁਛ।'

ਇਹਨਾਂ ਬਚਨਾਂ ਨੂੰ ਪੀਪੇ ਤੇ ਉਹਦੀ ਰਾਣੀ ਸੀਤਾ ਨੇ ਬੜੇ ਧਿਆਨ ਨਾਲ ਸੁਣਿਆ। ਪਰ ਹੈਰਾਨ ਸਨ ਕਿ ਕਿ ਇਹ ਕੌਤਕ ਪਹਿਲਾਂ ਕਿਉਂ ਨਾ ਹੋਇਆ। ਕਈ ਸਾਲ ਪਹਿਲਾਂ ਦੁਰਗਾ ਦੀ ਪੂਜਾ ਕਰਦੇ ਰਹੇ ਦੁਰਗਾ ਦੀ ਮੂਰਤੀ ਬਣੀ ਨੂੰ ਦੋ ਸੌ ਸਾਲ ਹੋ ਗਏ, ਵਡੇ ਵਡੇਰੇ ਪੂਜਦੇ ਆਏ ਉਹਨਾਂ ਵੇਲੇ ਇਹ ਕਿਉਂ ਨਾ ਬੋਲੀ। ਇਹ ਵਿਚਾਰ ਉਹਨਾਂ ਦੇ ਮਨ ਦੇ ਸਨ ਜ਼ਬਾਨ ਤਾਂ ਉਹ ਡਰਦੇ ਖੋਲ੍ਹ ਨਹੀਂ ਸਨ ਸਕੇ। ਦੋਵੇਂ ਇਕ ਦੂਸਰੇ ਵੱਲ ਦੇਖਦੇ ਹੋਏ ਦੁਰਗਾ ਦੀ ਮੂਰਤੀ ਨੂੰ ਅੰਤਮ ਪ੍ਰਨਾਮ ਕਰਕੇ ਹੌਲੀ ਹੌਲੀ ਆਪਣੇ ਮਹਿਲ ਨੂੰ ਆ ਗਏ।

ਸਵੇਰ ਹੋਈ ਰਾਜੇ ਪੀਪੇ ਨੇ ਇਸ਼ਨਾਨ ਕੀਤਾ ਕੁਝ ਖਾਣ ਪੀਣ ਤੋਂ ਪਹਿਲਾਂ ਹੀ ਉਸਨੇ ਆਪਣੇ ਸੇਵਕਾਂ ਨੂੰ ਉਸ ਸੰਤ ਮੰਡਲੀ ਦੇ ਮੁਖੀ ਵਲ ਭੇਜਿਆ ਬਹੁਤ ਨਿਮ੍ਰਤਾ ਨਾਲ ਬੇਨਤੀ ਕਰ ਭੇਜੀ ਕਿ—'ਸੰਤ ਜੀ ਰਾਜ ਮਹਿਲ ਵਿਚ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ।' ਸੇਵਕ ਸੰਤਾਂ ਪਾਸ ਪੁਜਾ ਪੀਪਾ ਨੇ ਜੋ ਕੁਝ ਜਿਵੇਂ ਕਿਹਾ ਸੀ ਓਸੇ ਤਰ੍ਹਾਂ ਓਹੋ ਕੁਝ ਸੇਵਕ ਨੇ ਸੰਤਾਂ ਨੂੰ ਆਖਿਆ

ਨਾਲ ਹੀ ਸੇਵਕ ਨੇ ਦਸਿਆ ਕਿ ਅਜ ਓਹ 'ਪੀਪਾ' ਬਹੁਤ ਹੈਰਾਨ ਤੇ ਉਦਾਸ ਹਨ। ਦਿਲ ਦੀਆਂ ਬੁਝਣ ਵਾਲੇ ਪੂਰਨ ਸੰਤ ਤਾੜ ਗਏ ਕਿ ਪ੍ਰਮਾਤਮਾ ਨੇ ਮੇਹਰ ਕੀਤੀ ਹੈ ਰਾਜੇ ਨੂੰ ਸੁਮੱਤ ਬਖ਼ਸ਼ ਕੇ ਸਿਧੇ ਰਾਹ ਤੁਰਨ ਵਾਸਤੇ ਪ੍ਰੇਰਿਆ ਹੈ ਓਹ ਅਨੰਦ ਚਿਤ ਮਹਿਲ ਵੱਲ ਪਧਾਰੇ।

ਜਦੋਂ ਸੰਤ ਜੀ ਰਾਜੇ ਕੋਲ ਪੁਜੇ ਤਾਂ ਉਸਦਾ ਚਿਹਰਾ ਦੇਖ ਕੇ ਖ਼ੁਸ਼ ਹੋ ਗਏ। ਪਰ ਰਾਜਾ ਨਿਰਾਲੀ ਹਾਲਤ ਵਿਚ ਸੀ। ਉਹ ਦੁਰਗਾ ਦੀ ਪੂਜਾ ਵਾਸਤੇ ਨਾ ਗਿਆ। ਰਾਜ ਪੰਡਤ ਤੇ ਬ੍ਰਾਹਮਣ 'ਦੁਰਗਾ ਦਾ ਪੁਜਾਰੀ' ਮੁੜ ਮੁੜ ਕੇ ਸਦਣ ਵਾਸਤੇ ਸੁਨੇਹੇ ਭੇਜਦੇ ਰਹੇ। ਹਾਰ ਕੇ ਆਪ ਵੀ ਆਏ ਪਰ ਪੀਪਾ ਜੀ ਨੇ ਇਹੋ ਉੱਤਰ ਦਿਤਾ—'ਦੇਵੀ ਦੇ ਸਾਹਮਣੇ ਮੈਂ ਨਹੀਂ ਜਾ ਸਕਦਾ।' ਪੀਪਾ ਜੀ ਬੈਰਾਗੀ ਜਿਹੇ ਹੋ ਗਏ। ਉਹਨਾਂ ਦੀਆਂ ਅੱਖਾਂ ਵਿਚ ਨਿਰਾਲੀ ਚਮਕ ਸੀ। ਸੰਤ ਜੀ ਮਹਾਰਾਜ ਦੇ ਦਰਸ਼ਨ ਕਰਕੇ ਰਾਜੇ ਦੀ ਉਦਾਸੀ ਦੂਰ ਹੋ ਗਈ। ਉਸਨੇ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ ਪ੍ਰਾਰਥਨਾ ਕੀਤੀ—'ਹੇ ਹਰਿ ਭਗਤੋ! ਮੇਰਾ ਦੁਖ ਦੂਰ ਕਰੋ। ਆਪ ਹੀ ਦੁਖ ਲਾ ਗਏ ਜੇ ਤੇ ਹੁਣ ਆਪ ਹੀ ਨਵਿਰਤ ਕਰ ਸਕਦੇ ਜੇ। ਮੈਨੂੰ ਆਪਣੇ ਗੁਰੂ ਕੋਲ ਲੈ ਚਲੋ ਮੈਂ ਉਨ੍ਹਾਂ ਦੇ ਦਰਸ਼ਨ ਕਰਨੇ ਨੇ ਦਰਸ਼ਨ ਵਾਸਤੇ ਮੇਰਾ ਦਿਲ ਬਿਹਬਲ ਹੋ ਉਠਿਆ ਹੈ। ਨਾ ਕੁਝ ਖਾਣ ਨੂੰ ਚਿਤ ਕਰਦਾ ਹੈ ਨਾ ਪੀਣ ਨੂੰ, ਜੇ ਮੈਨੂੰ ਉਨ੍ਹਾਂ ਦੇ ਦਰਸ਼ਨ ਨਾ ਹੋਏ ਤਾਂ ਮੈਂ ਦੀਵਾਨਾ ਹੋ ਜਾਵਾਂਗਾ। ਮੇਰੇ ਤੇ ਦਿਆਲਤਾ ਕਰੋ। ਹੇ ਪ੍ਰਭੂ! ਮੈਂ ਤੇਰਾ ਹਾਂ! ਤੇਰਾ! ਤੇਰਾ!! ਤੇਰਾ!!!'

ਸੰਤ ਜੀ ਨੇ ਧੀਰਜ ਦਿਤੀ—'ਰਾਜਨ! ਕਾਹਲ ਨਾ ਕਰ, ਪ੍ਰਭੂ ਤੇਰੇ ਹਿਰਦੇ ਨੂੰ ਸ਼ਾਂਤ ਕਰੇਗਾ ਨਿਰਾ ਤੂੰ ਆਪ ਹੀ ਸ਼ਾਂਤ ਨਹੀਂ ਹੋਣਾ ਸਗੋਂ ਤੇਰੇ ਰਾਹੀਂ ਕਈਆਂ ਪਾਪੀਆਂ ਤੇ ਦੁਖੀਆਂ ਦਾ ਉਦਾਰ ਹੋਣਾ ਹੈ। ਘਾਬਰ ਨਾ। ਸਵਾਮੀ ਜੀ ਦੇ ਦਰਸ਼ਨ ਹੋ ਜਾਣਗੇ।'

ਰਾਜਾ ਪੀਪਾ—'ਮਹਾਰਾਜ! ਦੇਰ ਕਰਨ ਦਾ ਵੇਲਾ ਨਹੀਂ। ਮੇਰੇ ਮਨ ਦੀ ਤੜਪਨਾ ਵਧਦੀ ਜਾ ਰਹੀ ਹੈ।'

ਸੰਤ—'ਹੱਛਾ! ਇੰਝ ਕਰੋ, ਆਪ ਕਾਂਸ਼ੀ ਜਾਓ। ਕਾਂਸ਼ੀ ਜਾ ਕੇ ਸਵਾਮੀ ਰਾਮਾ ਨੰਦ ਜੀ ਦਾ ਆਸ਼ਰਮ ਪੁਛ ਲੈਣਾ।'

ਪੀਪਾ—'ਆਪ ਨਾਲ ਨਹੀਂ ਚਲਦੇ?'

ਸੰਤ—'ਆਗਿਆ ਨਹੀਂ ਜਿਸ ਦਰਸ਼ਨ ਕਰਨ ਜਾਣਾ ਹੈ ਉਹ ਇਕੱਲਾ ਜਾਵੇ।'

ਸੰਤ ਦੀ ਜ਼ਬਾਨੋਂ ਇਹ ਬਚਨ ਸੁਣ ਕੇ ਪੀਪਾ ਜੀ ਨੇ ਉਸ ਵੇਲੇ ਹੁਕਮ ਕੀਤਾ ਕਿ ਮੇਰੇ ਕਾਂਸ਼ੀ ਜਾਣ ਵਾਸਤੇ ਤਿਆਰੀ ਕੀਤੀ ਜਾਵੇ, ਰਾਜਾ ਸੀ, ਰਾਜੇ ਦੇ ਹੁਕਮ ਨੂੰ ਕੌਣ ਮੋੜੇ ਤੀਰਥ ਯਾਤਰਾ ਕਰਨ ਜਾਣ ਵਾਸਤੇ ਜਿਸ ਚੀਜ਼ ਤੇ ਸਾਧਨ ਦੀ ਲੋੜ ਸੀ ਉਹ ਇਕੱਠੀ ਕੀਤੀ ਗਈ। ਰੱਥ ਵਿਚ ਬੈਠ ਕੇ ਰਾਜਾ ਪੀਪਾ ਕਾਂਸ਼ੀ ਨੂੰ ਤਿਆਰ ਹੋਇਆ।

## ਸਵਾਮੀ ਰਾਮਾ ਨੰਦ ਜੀ ਨਾਲ ਮੇਲ

ਮੰਜ਼ਲੋ ਮੰਜ਼ਲੀ ਰਾਜਾ ਪੀਪਾ ਜੀ ਕਾਂਸ਼ੀ ਜਾ ਪੁਜੇ। ਗੰਗਾ ਇਸ਼ਨਾਨ ਕਰਕੇ ਸਵਾਮੀ ਰਾਮਾ ਨੰਦ ਜੀ ਦੇ ਆਸ਼ਰਮ ਵਲ ਗਏ ਜਾਣੀ ਜਾਣ ਪ੍ਰਭੂ ਨੇ ਚੋਜ ਕਰਨਾ ਸੀ। ਪੀਪਾ ਜੀ ਨੂੰ ਪਰਖਣਾ ਸੀ ਕਿ ਉਹ ਸਚਮੁਚ ਹੀ ਭਗਤੀ ਮਾਰਗ ਵਿਚ ਪੈਰ ਪਾਉਣ ਯੋਗ ਹੋ ਗਿਆ ਜਾਂ ਨਹੀਂ। ਉਸ ਦਿਨ ਸਵਾਮੀ ਜੀ ਨੇ ਆਸ਼ਰਮ ਦੇ ਵਿਚ ਵਡੇ ਫਾਟਕ ਅਗੇ ਇਕ ਸੇਵਕ ਨੂੰ ਖੜਾ ਕਰ ਦਿਤਾ ਤੇ ਆਗਿਆ ਕੀਤੀ ਕਿ 'ਜਿਸਨੇ ਦਰਸ਼ਨ ਕਰਨ ਆਉਣਾ ਹੋਵੇ ਪਹਿਲਾਂ ਉਹ ਆਗਿਆ ਮੰਗੇ।'

ਪੀਪਾ ਜੀ ਫਾਟਕ ਅਗੇ ਆ ਪਹੁੰਚੇ ਸੇਵਕ ਨੇ ਅੰਦਰ ਜਾਣ ਤੋਂ ਰੋਕ ਦਿੱਤਾ। ਜਦੋਂ ਸੇਵਕ ਨੇ ਰੋਕਿਆ ਤਾਂ ਰਾਜਾ ਪੀਪਾ ਸੇਵਕ ਨੂੰ ਕਹਿਣ ਲੱਗਾ—'ਭਗਤਾ! ਸਵਾਮੀ ਜੀ ਨੂੰ ਅੰਦਰ ਜਾ ਕੇ ਆਖ ਕਿ ਗਗਨੌਰ ਦਾ ਰਾਜਾ ਪੀਪਾ ਦਰਸ਼ਨ ਕਰਨ ਵਾਸਤੇ ਆਇਆ ਹੈ।'

ਸੇਵਕ ਅੰਦਰ ਗਿਆ ਅਗੇ ਸਵਾਮੀ ਜੀ ਅਨੰਦ ਚਿਤ ਬੈਠੇ ਹੋਏ ਸਨ ਪ੍ਰਭੂ ਦੀ ਲੀਲ੍ਹਾ ਬਾਰੇ ਸੋਚ ਰਹੇ ਸਨ। ਸੇਵਕ ਨੇ ਪ੍ਰਾਰਥਨਾ ਕੀਤੀ ਤਾਂ ਸਵਾਮੀ ਜੀ ਨੇ ਸਹਿਜ ਸੁਭਾਅ ਉਤਰ ਦਿਤਾ—'ਗਗਨੌਰ ਦਾ ਰਾਜਾ ਆਇਆ ਹੈ। ਉਸ ਨਾਲ ਰਾਣੀਆਂ, ਹਾਥੀ, ਘੋੜੇ, ਧਨ, ਪਦਾਰਥ ਤੇ ਦਾਸ ਦਾਸੀਆਂ ਹਨ ਪਰ ਰਾਜੇ ਨਾਲ ਅਸਾਡਾ ਕੀ ਵਾਸਤਾ ਅਸੀਂ ਗ਼ਰੀਬ ਹਾਂ। ਜਾਹ ਆਖ ਦੇ ਰਾਜਿਆਂ ਨਾਲ ਅਸਾਡਾ ਮੇਲ ਨਹੀਂ ਹੋ ਸਕਦਾ। ਅਸੀਂ ਕੋਈ ਜਗੀਰ ਲੈਣੀ ਹੈ?'

ਸੇਵਕ ਮੁੜ ਗਿਆ, ਜੋ ਕੁਝ ਸਵਾਮੀ ਜੀ ਨੇ ਆਖਿਆ ਸੀ ਅੱਖਰ ਅੱਖਰ ਠੀਕ ਸੇਵਕ ਨੇ ਰਾਜੇ ਪੀਪੇ ਨੂੰ ਆਣ ਦਸਿਆ। ਰਾਜਾ ਪੀਪਾ ਦਰਸ਼ਨਾਂ ਲਈ ਬੇਹਬਲ ਸੀ। ਉਨ੍ਹਾਂ ਨੇ ਜਦੋਂ ਉੱਤਰ ਸੁਣਿਆ ਤਾਂ ਇਕ ਦਮ ਹੁਕਮ ਕੀਤਾ ਸਾਰਾ ਸ਼ਾਹੀ ਸਾਮਾਨ ਸੁਟ ਦੇਵੋ। ਦਰਬ 'ਧਨ' ਗ਼ਰੀਬਾਂ ਵਿਚ ਵੰਡ ਦੇਵੋ। ਏਥੋਂ ਤਕ ਕਿ ਸੀਤਾ ਦੇ ਉਦਾਲੇ ਜ਼ੇਵਰ ਵੀ ਕੋਈ ਨਾ ਰਹੇ। ਦਾਸ ਦਾਸੀਆਂ ਹੈਰਾਨ ਖਲੋਤੇ ਅਜੇ ਰਾਜੇ ਦੇ ਮੂੰਹ ਵੱਲ ਹੀ ਦੇਖ ਰਹੇ ਸਨ ਕਿ ਇਹ ਹੁਕਮ ਕੀ ਦੇ ਰਹੇ ਹਨ ਕਿ ਰਾਜਾ ਪੀਪਾ ਕੜਕ ਕੇ ਬੋਲਿਆ—'ਮੇਰੇ ਮੂੰਹ ਵੱਲ ਕੀ ਦੇਖਦੇ ਜੇ, ਛੇਤੀ ਕਰੋ।' ਇਹ ਆਖ ਕੇ ਰਾਜੇ ਪੀਪੇ ਨੇ ਸਭ ਤੋਂ ਪਹਿਲਾਂ ਆਪਣੇ ਹੱਥਾਂ ਦੇ ਸੋਨੇ ਦੇ ਕੜੇ ਲਾਹ ਕੇ ਗ਼ਰੀਬਾਂ ਵੱਲ ਸੁਟ ਦਿਤੇ। ਫਿਰ ਕੀ ਸੀ ਦਾਸ ਦਾਸੀਆਂ ਨੇ ਕੁਝ ਦਰਬ ਆਪੋ ਆਪਣੇ ਕਬਜ਼ੇ ਕਰ ਲਿਆ ਤੇ ਕੁਝ ਗ਼ਰੀਬਾਂ ਨੂੰ ਲੁਟਾ ਦਿਤਾ, ਏਥੋਂ ਤਕ ਕਿ ਰੱਥ ਘੋੜੇ ਵੀ ਬ੍ਰਾਹਮਣਾਂ ਨੂੰ ਦੇ ਦਿਤੇ ਦੋ ਰਾਣੀਆਂ ਨਾਲ ਸਨ, ਉਨ੍ਹਾਂ ਦੇ ਜ਼ੇਵਰ ਤੇ ਕੀਮਤੀ ਬਸਤਰ ਵੀ ਦਾਨ ਕਰ ਦਿਤੇ ਗਏ। ਰਾਜਾ ਪੀਪਾ ਇਕ ਕੰਗਾਲ ਪੀਪਾ ਹੋ ਗਿਆ। ਓਸੇ ਵੇਲੇ ਦਾਸ ਦਾਸੀਆਂ ਤੇ ਰਾਣੀਆਂ ਨੂੰ ਹੁਕਮ ਕੀਤਾ ਉਹ ਗਗਨੌਰ ਮੁੜ ਜਾਣ। ਸੀਤਾ ਤੋਂ ਬਿਨਾਂ ਸਭ ਗਗਨੌਰ ਮੁੜ ਗਏ। ਪੀਪਾ ਤੇ ਸੀਤਾ ਰਹਿ ਗਏ ਸਵਾਮੀ ਜੀ ਦੇ ਆਸ਼ਰਮ ਅਗੇ ਆ ਕੇ ਪੀਪੇ ਨੇ ਮੁੜ ਸੇਵਕਾਂ ਅਗੇ ਪ੍ਰਾਰਥਨਾ ਕੀਤੀ ਕਿ ਸਵਾਮੀ ਜੀ ਨੂੰ ਆਖੋ ਪੀਪਾ ਦਰਸ਼ਨ ਕਰਨਾ ਚਾਹੁੰਦਾ ਹੈ।

ਹੁਕਮ ਦਾ ਬੱਧਾ ਸੇਵਕ ਸਵਾਮੀ ਜੀ ਪਾਸ ਗਿਆ ਪੀਪੇ ਦੀ ਕੀਤੀ ਬੇਨਤੀ ਜਾ ਸੁਣਾਈ। ਸਵਾਮੀ ਹੱਸਦੇ ਹੋਏ ਆਖਣ ਲਗੇ—'ਜੇ ਪੀਪਾ ਛੇਤੀ ਮੁਕਤੀ ਤੇ ਭਗਤੀ ਹਾਸਲ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕਹੋ ਖੂਹ ਵਿਚ ਛਾਲ ਮਾਰ ਦੇਵੇ।'

ਸੇਵਕ ਨੇ ਪੀਪੇ ਕੋਲ ਆ ਕੇ ਸਵਾਮੀ ਜੀ ਦੇ ਬਚਨ ਦਸ ਦਿਤੇ ਪੀਪਾ ਉਸ ਵੇਲੇ ਰਾਜਾ ਪੀਪਾ ਨਹੀਂ ਸੀ ਉਸ ਨੂੰ ਜਾਨ ਦੀ ਪ੍ਰਵਾਹ ਨਹੀਂ ਸੀ ਉਹ ਤਾਂ ਸਵਾਮੀ ਰਾਮਾ ਨੰਦ ਜੀ ਨੂੰ ਖ਼ੁਸ਼ ਕਰਨਾ ਚਾਹੁੰਦਾ ਸੀ। ਜਦੋਂ ਸਵਾਮੀ ਜੀ ਦੀ ਆਗਿਆ ਮਰਨ ਵਾਸਤੇ ਹੋਈ ਤਾਂ ਢਿੱਲ ਕਿਉਂ ਕਰੇ। ਉਸ ਵੇਲੇ ਆਗਿਆ ਦਾ ਪਾਲਣ ਕਰਨ ਵਾਸਤੇ ਖੂਹ ਵਿਚ ਛਾਲ ਮਾਰਨ ਲਈ ਨਸ ਉਠਿਆ। ਉਸਦੇ ਪਿਛੇ ਹੀ ਉਸ ਦੀ ਰਾਣੀ ਸੀਤਾ ਦੌੜੀ, ਘਟ ਘਟ ਦੀ ਜਾਨਣ

ਵਾਲੇ ਯੋਗੀ ਰਾਜ ਸਵਾਮੀ ਜੀ ਨੇ ਜਦੋਂ ਅਨੁਭਵ ਪ੍ਰਕਾਸ਼ ਨਾਲ ਦੇਖਿਆ ਕਿ ਪੀਪਾ ਖੂਹ 'ਚ ਡੁਬਣ ਵਾਸਤੇ ਜਾ ਰਿਹਾ ਹੈ ਤਾਂ ਉਨ੍ਹਾਂ ਨੇ ਚੇਲਿਆਂ ਨੂੰ ਪਿਛੇ ਭਜਾਇਆ ਕਿ ਪੀਪੇ ਨੂੰ ਫੜ ਲਵੋ ਖੂਹ ਵਿਚ ਨਾ ਡਿੱਗਣ ਦੇਣਾ। ਜੇ ਪੀਪਾ ਡਿਗ ਪਿਆ ਤਾਂ ਉਸ ਦੇ ਨਾਲ, ਉਹਦੀ ਸੀਤਾ ਵੀ ਖੂਹ ਵਿਚ ਡਿਗ ਕੇ ਮਰ ਜਾਵੇਗੀ। ਉਸ ਦੇ ਮਰਨ ਦੀ ਹਤਿਆ ਲਗੇਗੀ। ਸਵਾਮੀ ਜੀ ਨੇ ਆਪਣੀ ਯੋਗ ਸ਼ਕਤੀ ਨਾਲ ਪੀਪੇ ਦੀਆਂ ਲੱਤਾਂ ਦੀ ਸ਼ਕਤੀ ਖਿੱਚ ਲਈ। ਉਸ ਕੋਲੋਂ ਨਸਿਆ ਨਾ ਗਿਆ। ਉਧਰ ਚੇਲੇ ਤੇਜ਼ ਦੌੜੇ ਖੂਹ ਰਤਾ ਦੁਰੇਡਾ ਸੀ ਪੀਪੇ ਨੇ ਜਾ ਕੇ ਅਜੇ ਖੂਹ ਦੀ ਮੌਨ ਉਤੇ ਪੈਰ ਰਖਿਆ ਹੀ ਸੀ ਕਿ ਸਵਾਮੀ ਜੀ ਦੇ ਚੇਲਿਆਂ ਨੇ ਜਾ ਕੇ ਬਾਹੋਂ ਫੜ ਲਿਆ। 'ਓ ਭਗਤਾ! ਆਤਮਘਾਤ ਨਾ ਕਰ ਇਕ ਚੇਲੇ ਨੇ ਆਖਿਆ। 'ਮੈਨੂੰ ਛੱਡ ਦਿਓ, ਮੈਂ ਸਵਾਮੀ ਜੀ ਦੀ ਆਗਿਆ ਦਾ ਪਾਲਣ ਕਰਨਾ ਹੈ।' ਪੀਪੇ ਦਾ ਉੱਤਰ ਸੀ।

ਪਰ ਚੇਲਿਆਂ ਨੇ ਮਰਨ ਨਾ ਦਿੱਤਾ ਖਿੱਚ ਕੇ ਸਵਾਮੀ ਰਾਮਾਨੰਦ ਜੀ ਦੇ ਕੋਲ ਲੈ ਆਏ। ਰਾਮਾਨੰਦ ਜੀ ਬਹੁਤ ਪ੍ਰਸੰਨ ਹੋਏ ਉਹਨਾਂ ਨੇ ਪੀਪੇ ਨੂੰ ਪਰਖ ਲਿਆ। ਪੀਪਾ ਹੁਣ ਰਾਜਾ ਨਹੀਂ ਸੀ ਉਹ ਇਕ ਮਾਮੂਲੀ ਪੁਰਸ਼ ਪੀਪਾ ਸੀ। ਪੀਪਾ ਜਾਂਦਾ ਹੀ ਡੰਡਵਤ ਹੋ ਕੇ ਸਵਾਮੀ ਜੀ ਦੇ ਚਰਨਾਂ ਵਿਚ ਜਾ ਪਿਆ। ਆਪ ਨਹੀਂ ਉਠਿਆ, ਸਵਾਮੀ ਜੀ ਨੇ ਫੜ ਕੇ ਉਠਾਇਆ ਤੇ ਆਖਿਆ— 'ਭਗਤਾ! ਉਠ ਰਾਮ ਕਹੋ, ਰਾਮ ਤੇਰੀ ਕਲਿਆਣ ਕਰੇ। ਬਸ ਫੇਰ ਕੀ ਸੀ ਪੀਪਾ ਨਿਹਾਲ ਹੋ ਗਿਆ ਜੋ ਚਾਹੁੰਦਾ ਸੀ ਸੋ ਉਸਨੇ ਪਾ ਲਿਆ। ਸਵਾਮੀ ਜੀ ਨੇ ਦਿਆਲਤਾ ਕਰਕੇ ਮੇਹਰਾਂ ਦਾ ਮੀਂਹ ਬਰਸਾ ਦਿੱਤਾ। ਹਰਿ ਨਾਮ ਦੀ ਲਗਨ ਲਾ ਦਿਤੀ ਤੇ ਆਪਣਾ ਚੇਲਾ ਬਣਾ ਲਿਆ, ਦੀਖਿਆ ਦੇ ਦਿਤੀ। ਰਾਮ ਰਾਮ ਹੇ ਰਾਮ ਦਾ ਜਾਪ ਕਰਦਾ ਹੋਇਆ ਪੀਪਾ ਰਾਮ ਰੂਪ ਹੋਣ ਲੱਗਾ।

## ਪੀਪਾ ਜੀ ਦਾ ਰਾਜ ਭਾਗ ਤਿਆਗਣਾ

ਸਵਾਮੀ ਰਾਮਾਨੰਦ ਜੀ ਕੋਲੋਂ ਭਗਤੀ ਦੀ ਦਾਤ ਲੈ ਕੇ ਪੀਪਾ ਜੀ ਆਪਣੇ ਸ਼ਹਿਰ ਗਗਨੌਰ ਆ ਗਏ। ਵਿਦਾ ਕਰਨ ਵੇਲੇ ਸਵਾਮੀ ਰਾਮਾਨੰਦ ਜੀ ਨੇ ਬਚਨ ਕੀਤਾ—'ਹੇ ਰਾਮ ਜਨ! ਆਪਣੇ ਸ਼ਹਿਰ ਜਾ ਕੇ ਸੰਤਾਂ ਭਗਤਾਂ ਦੀ ਸੇਵਾ ਕਰ ਰਾਮ ਨਾਮ ਜਪ ਜੇਕਰ ਤੇਰੇ ਹਥੋਂ ਤੇਰੇ ਸ਼ਹਿਰ ਤੇ ਰਾਜ ਵਿਚ ਸੰਤਾਂ ਨੂੰ

ਸੁਖ ਮਿਲਿਆ ਤਾਂ ਅਸੀਂ ਤੇਰੇ ਕੋਲ ਆਵਾਂਗੇ, ਤੈਨੂੰ ਕਾਂਸ਼ੀ ਆਉਣ ਦੀ ਕੋਈ ਲੋੜ ਨਹੀਂ ਤੇਰੀਆਂ ਸਾਰੀਆਂ ਮੁਰਾਦਾਂ ਘਰ ਬੈਠਿਆਂ ਹੀ ਪੂਰੀਆਂ ਹੋ ਜਾਣਗੀਆਂ ਸੋ ਪੀਪਾ ਜੀ ਨੇ ਆਪਣੇ ਸ਼ਹਿਰ ਆ ਕੇ ਸਾਧੂ ਸੰਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਸੰਤਾਂ ਦੀ ਸੇਵਾ ਏਨੇ ਉਤਸ਼ਾਹ ਅਤੇ ਪਿਆਰ ਨਾਲ ਕੀਤੀ ਕਿ ਜਿਸ ਦੀਆਂ ਦੂਰ ਦੂਰ ਤਕ ਧੁੰਮਾਂ ਪੈ ਗਈਆਂ ਪਰ ਪੀਪਾ ਜੀ ਅੰਦਰ ਬਿਹਬਲਤਾ ਵਿਚ ਕਈ ਵਾਰ ਇਕੱਲੇ ਬੈਠੇ ਸਵਾਮੀ ਨੂੰ ਬਹੁਤ ਯਾਦ ਕਰਦੇ। ਬੇਨਤੀ ਕਰਿਆ ਕਰਦੇ ਕਿ ਜਿਵੇਂ ਹੋਵੇ ਸਵਾਮੀ ਜੀ ਇਕ ਵਾਰ ਦਰਸ਼ਨ ਜ਼ਰੂਰ ਦਿਓ।

ਭਗਤ ਦੀ ਇਛਾ ਪੂਰੀ ਕਰਨ ਵਾਸਤੇ ਰਾਮਾਨੰਦ ਜੀ ਗਗਨੌਰ ਸ਼ਹਿਰ ਨੂੰ ਤੁਰ ਪਏ ਉਨ੍ਹਾਂ ਦੇ ਨਾਲ ਭਗਤ ਕਬੀਰ, ਰਵਿਦਾਸ ਤੇ ਹੋਰ ਚੇਲੇ ਸਨ। ਜਦੋਂ ਪੀਪਾ ਜੀ ਨੂੰ ਪਤਾ ਲੱਗਾ ਕਿ ਉਸਦੇ ਗੁਰੂ ਉਹਦੇ ਸ਼ਹਿਰ ਤੋਂ ਥੋੜੀ ਦੂਰੀ ਉਤੇ ਹਨ ਤੇ ਉਸਦਾ ਗੁਰੂ ਚੇਲਿਆਂ ਸਮੇਤ ਓਸਦੇ ਸ਼ਹਿਰ ਲਾਗੇ ਆ ਪੁਜਿਆ ਹੈ ਤਾਂ ਓਹ ਬੜੇ ਉਤਸ਼ਾਹ ਨਾਲ ਉਨ੍ਹਾਂ ਨੂੰ ਮਿਲਣ ਵਾਸਤੇ ਗਿਆ। ਪਾਲਕੀ, ਦਾਸ ਦਾਸੀਆਂ ਅਤੇ ਬਹੁਤ ਸਾਰਾ ਦਰਬ ਲੈ ਗਿਆ। ਪਹਿਲਾਂ ਡੰਡਵਤ ਹੋ ਕੇ ਆਪਣੇ ਗੁਰੂ ਰਾਮਾਨੰਦ ਜੀ ਨੂੰ ਪ੍ਰਣਾਮ ਕੀਤਾ ਅਤੇ ਇਸਦੇ ਪਿਛੋਂ ਵਾਰੀ ਵਾਰੀ ਸਾਰੇ ਸਾਧੂਆਂ ਨੂੰ ਪ੍ਰਣਾਮ ਕੀਤਾ। ਰਾਮਾਨੰਦ ਜੀ ਅਗੇ ਬੇਨਤੀ ਕੀਤੀ 'ਹੇ ਮਹਾਰਾਜ! ਪਾਲਕੀ ਵਿਚ ਬੈਠ ਕੇ ਮੇਰੇ ਘਰ ਚਲੋ ਤਾਂ ਕਿ ਮੇਰਾ ਗ੍ਰਹਿ ਪਵਿਤ੍ਰ ਹੋਵੇ।' ਉਸਦੀ ਬੇਨਤੀ ਨੂੰ ਰਾਮਾਨੰਦ ਜੀ ਨੇ ਪ੍ਰਵਾਨ ਕੀਤਾ ਅਤੇ ਪਾਲਕੀ ਵਿਚ ਬੈਠ ਕੇ ਰਾਜ ਭਵਨ ਵਿਚ ਗਏ। ਪੀਪਾ ਜੀ ਨੇ ਆਪਣੇ ਗੁਰੂ ਅਤੇ ਸਾਧੂਆਂ ਦੀ ਬਹੁਤ ਸੇਵਾ ਕੀਤੀ, ਬਸਤਰ ਦਿਤੇ ਅਰ ਬਹੁਤ ਸਾਰਾ ਦਰਬ ਭੇਟਾ ਕੀਤਾ। ਰਾਮਾਨੰਦ ਜੀ ਪ੍ਰਸੰਨ ਹੋਏ ਅਸ਼ੀਰਵਾਦ ਦੇ ਕੇ ਪੀਪਾ ਜੀ ਨੂੰ ਨਿਹਾਲ ਕੀਤਾ।

ਸਵਾਮੀ ਰਾਮਾਨੰਦ ਜੀ ਜਿਸ ਵੇਲੇ ਪੀਪਾ ਜੀ ਕੋਲੋਂ ਜਾਣ ਲਗੇ ਤਾਂ ਪੀਪਾ ਜੀ ਨੇ ਬੇਨਤੀ ਕੀਤੀ—'ਹੇ ਪ੍ਰਭੂ! ਮੈਨੂੰ ਆਪਣੇ ਸਾਥ ਲੈ ਚਲੋ ਮੈਂ ਰਾਜ ਭਾਗ ਨੂੰ ਤਿਆਗ ਕੇ ਸੰਨਿਆਸ ਧਾਰਨ ਕਰਨਾ ਚਾਹੁੰਦਾ ਹਾਂ।' ਰਾਮਾਨੰਦ ਨੇ ਉਸ ਨੂੰ ਸੰਨਿਆਸੀ ਹੋਣ ਤੋਂ ਨਾ ਰੋਕਿਆ, ਪੀਪਾ ਜੀ ਨੇ ਚੰਗੇ ਬਸਤਰ ਉਦਾਲਿਓਂ ਲਾਹ ਸੁਟੇ ਅਰ ਇਕ ਕੰਬਲ ਪਾੜ ਕੇ ਕਫਨੀ ਬਣਾਈ, ਉਸ ਕਫਨੀ ਨੂੰ ਗਲ

ਪਾ ਲਿਆ । ਰਾਜੇ ਤੋਂ ਫ਼ਕੀਰ ਬਣ ਗਿਆ ।

ਰਾਜੇ ਦੀ ਪਰਜਾ ਰਾਜ ਮਹਲ ਦੇ ਦਾਸ ਦਾਸੀਆਂ ਅਤੇ ਰਾਣੀਆਂ ਪੀਪਾ ਜੀ ਨਾਲ ਬਹੁਤ ਪਿਆਰ ਕਰਦੀਆਂ ਸਨ । ਜਦੋਂ ਸਭ ਨੂੰ ਪਤਾ ਲਗਾ ਕਿ ਉਨ੍ਹਾਂ ਦਾ ਪਿਆਰਾ ਰਾਜਾ ਅਤੇ ਹਰੀ ਭਗਤ ਰਾਜ ਭਾਗ ਛੱਡ ਕੇ ਸਾਧੂ ਹੋ ਕੇ ਜਾ ਰਿਹਾ ਹੈ ਤਾਂ ਸਾਰੇ ਵਿਰਲਾਪ ਕਰਦੇ ਪੀਪਾ ਜੀ ਕੋਲ ਆਏ ਸਭ ਨੇ ਕਿਹਾ ਕਿ ਆਪ ਰਾਜ ਨਾ ਛਡੋ ਰਾਜ ਕਰਦੇ ਹੋਏ ਹੀ ਭਗਤੀ ਕਰੀ ਜਾਓ ਕਿਉਂਕਿ ਪੀਪਾ ਜੀ ਸੰਨਿਆਸੀ ਹੋਣ ਦਾ ਪ੍ਰਣ ਕਰ ਚੁਕੇ ਸਨ । ਇਸ ਵਾਸਤੇ ਉਨ੍ਹਾਂ ਨੇ ਪਰਜਾ ਨੂੰ ਧੀਰਜ ਦੇਂਦਿਆਂ ਕਿਹਾ—'ਹੇ ਰਾਮ ਜਨੋ ! ਮੇਰੇ ਪ੍ਰਭੂ ਦੀ ਆਗਿਆ ਹੈ ਸੋ ਮੈਂ ਕਰ ਰਿਹਾ ਹਾਂ ਮੇਰੇ ਵਸ ਦੀ ਗੱਲ ਨਹੀਂ ਭਗਵਾਨ ਤੁਹਾਨੂੰ ਸੁਖ ਤੇ ਸ਼ਾਂਤੀ ਬਖ਼ਸ਼ੇ ।'

ਪੀਪਾ ਜੀ ਦੀ ਛੋਟੀ ਰਾਣੀ ਸੀਤਾ ਜੀ ਕੰਬਲ ਦੀ ਕਫਨੀ ਪਹਿਨ ਕੇ ਨਾਲ ਜਾਣ ਲਈ ਤਿਆਰ ਹੋ ਗਈ । ਪੀਪਾ ਜੀ ਨੇ ਉਸ ਨੂੰ ਰੋਕਿਆ, ਕਿਹਾ ਓਹ ਰਾਜ ਮਹਿਲਾਂ ਵਿਚ ਰਹੇ ਪਰ ਸੀਤਾ ਜੀ ਨੇ ਉੱਤਰ ਦਿਤਾ—'ਮੈਂ ਰਾਮ ਦੀ ਸੀਤਾ ਵਾਂਗ ਆਪਣੇ ਰਾਮ ਨਾਲ ਹੀ ਰਹਾਂਗੀ ਜਿਥੇ ਉਹ ਜਾਣਗੇ ਓਥੇ ਜਾਵਾਂਗੀ, ਜੋ ਖਾਣਗੇ ਸੋ ਖਾਵਾਂਗੀ ।'

ਵੈਸ਼ਨਵ ਸੰਨਿਆਸੀਆਂ ਵਿਚ ਇਸਤ੍ਰੀ ਨੂੰ ਕੋਲ ਨਹੀਂ ਰਖਿਆ ਜਾਂਦਾ ਪਰ ਬ੍ਰਹਮਚਾਰੀ ਸਵਾਮੀ ਰਾਮਾਨੰਦ ਜੀ ਨੇ ਸੀਤਾ ਜੀ ਦਾ ਤਿਆਗ ਪਤੀ ਭਗਤੀ ਅਤੇ ਹਰਿ ਭਗਤੀ ਨੂੰ ਦੇਖ ਕੇ ਸਾਧੂ ਸਮਾਜ ਵਿਚ ਰਹਿਣ ਦੀ ਆਗਿਆ ਦੇ ਦਿਤੀ । ਸੋ ਦੋਵੇਂ ਪੂਰਨ ਵੈਰਾਗੀ ਤੇ ਤਿਆਗੀ ਹੋ ਕੇ ਆਪਣੇ ਸ਼ਹਿਰ ਵਿਚੋਂ ਨਿਕਲ ਤੁਰੇ । ਰਾਮਾਨੰਦ ਜੀ ਦੀ ਉਹ ਸਾਧ ਮੰਡਲੀ ਜਿਧਰ ਵਿਚਰਦੀ ਰਹੀ ਉਧਰ ਹੀ ਪੀਪਾ ਜੀ ਤੇ ਸੀਤਾ ਜੀ ਵਿਚਰਦੇ ਫਿਰੇ ।

## ਪੀਪਾ ਜੀ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ

ਤੀਰਥਾਂ ਦੀ ਯਾਤਰਾ ਕਰਦਾ ਹੋਇਆ ਸਾਧੂ ਸਮਾਜ ਦੁਆਰਕਾ ਨਗਰੀ ਪਹੁੰਚ ਗਿਆ । ਥੋੜ੍ਹੇ ਦਿਨ ਯਾਤਰਾ ਕਰਕੇ ਸਵਾਮੀ ਰਾਮਾਨੰਦ ਜੀ ਤਾਂ ਕਾਂਸ਼ੀ ਨੂੰ ਪਰਤ ਆਏ ਪਰ ਪੀਪਾ ਜੀ ਤੇ ਉਨ੍ਹਾਂ ਦੀ ਧਰਮ ਪਤਨੀ ਸੀਤਾ ਸਹਚਰਨੀ ਦੁਆਰਕਾ ਨਗਰੀ ਹੀ ਰਹੇ । 'ਹੇ ਜਗਿਆਸੂ ਜਨੋ ! ਭਗਤ ਪੀਪਾ ਜੀ ਦੇ

ਭਰੋਸੇ ਦੀਆਂ ਅਨੇਕਾਂ ਸਾਖੀਆਂ ਹਨ। ਆਪ ਭਰੋਸੇ ਵਾਲੇ ਬੰਦੇ ਸਨ। ਆਪ ਸਚੇ ਤੇ ਨਿਰਮਲ ਹਿਰਦੇ ਵਾਲੇ ਸੀ ਤੇ ਹੋਰਨਾਂ ਨੂੰ ਸਚੇ ਸਮਝਦੇ ਸੀ, ਜੋ ਉਨ੍ਹਾਂ ਨਾਲ ਕੋਈ ਧੋਖਾ ਜਾਂ ਫ਼ਰੇਬ ਕਰਨ ਵਾਸਤੇ ਲੋਚਦਾ ਵੀ ਸੀ ਤਾਂ ਉਸ ਨੂੰ ਮੂੰਹ ਦੀ ਖਾਣੀ ਪੈਂਦੀ ਸੀ।'

ਦੁਆਰਕਾ ਨਗਰੀ ਵਿਚ ਰਹਿੰਦਿਆਂ ਹੋਇਆਂ ਪੀਪਾ ਜੀ ਨੇ ਸਾਖੀ ਸੁਣੀ ਕਿ ਸ੍ਰੀ ਕ੍ਰਿਸ਼ਨ ਜੀ ਰੁਕਮਣੀ ਸਮੇਤ ਜਿਸ ਦੁਆਰਕਾ ਵਿਚ ਰਹਿੰਦੇ ਨੇ ਉਹ ਦੁਆਰਕਾ ਨਗਰੀ ਪਾਣੀ ਦੇ ਹੇਠਾਂ ਹੈ ਅਸਲ ਵਿਚ ਉਹ ਸਾਖੀ ਪ੍ਰਲੋਕ ਦੀ ਸੀ।

ਇਕ ਦਿਨ ਦਰਿਆ ਦੇ ਕਿਨਾਰੇ ਬੈਠਿਆਂ ਉਨ੍ਹਾਂ ਨੇ ਇਕ ਬ੍ਰਾਹਮਣ ਕੋਲੋਂ ਪੁਛਿਆ—'ਪੰਡਤ ਜੀ! ਇਹ ਦਸੋ ਜਿਸ ਦੁਵਾਰਕਾ ਵਿਚ ਸ੍ਰੀ ਕ੍ਰਿਸ਼ਨ ਜੀ ਰਹਿੰਦੇ ਨੇ ਉਹ ਦੁਆਰਕਾ ਕਿਥੇ ਹੈ?' ਉਸ ਬ੍ਰਾਹਮਣ ਜਾਤਾ ਕਿ ਪੁਛਣ ਵਾਲਾ ਕੋਈ ਪਾਗਲ ਹੈ ਕਿਉਂਕਿ ਦੁਆਰਕਾ ਵਿਚ ਤਾਂ ਉਹ ਬੈਠਾ ਹੋਇਆ ਸੀ ਮਖੌਲ ਵਜੋਂ ਉਹ ਬ੍ਰਾਹਮਣ ਬੋਲਿਆ—'ਉਹ ਦੁਆਰਕਾ ਪਾਣੀ ਵਿਚ ਹੈ।'

ਪੀਪਾ ਜੀ ਨੇ ਜਾਤਾ ਜੋ ਕੁਝ ਬ੍ਰਾਹਮਣ ਪੁਤਰ ਆਖਦਾ ਹੈ, ਸੋ ਸੱਚ ਕਹਿੰਦਾ ਹੈ। ਉਸ ਨੇ ਉਸੇ ਵੇਲੇ ਪਾਣੀ ਵਿਚ ਛਾਲ ਮਾਰ ਦਿਤੀ, ਉਸ ਦੇ ਪਿਛੇ ਹੀ ਸੀਤਾ ਕੁਦ ਪਈ। ਦੋਵੇਂ ਘੜੀ ਵਿਚ ਗੋਤਾ ਖਾ ਗਏ। ਦੇਖਣ ਵਾਲੇ ਹੈਰਾਨ ਹੋਏ, ਲੋਕ ਦਸਣ ਵਾਲੇ ਪੰਡਤ ਨੂੰ ਫਿਟਕਾਰਾਂ ਪਾਉਣ ਲਗੇ ਕਿ ਤੂੰ ਇਹ ਕੀ ਕੀਤਾ। ਪਰ ਉਸ ਵਿਚਾਰੇ ਕੋਲ ਪਛਤਾਵੇ ਤੋਂ ਬਿਨਾਂ ਹੋਰ ਕੁਝ ਨਹੀਂ ਸੀ, ਉਸ ਨੂੰ ਨਹੀਂ ਸੀ ਪਤਾ ਕਿ ਇਹ ਐਸਾ ਆਦਮੀ ਹੈ ਜੋ ਹਰ ਇਕ ਦੇ ਬੋਲੇ ਬਚਨ ਨੂੰ ਸੱਚ ਸਮਝਦਾ ਹੈ।

ਦੂਸਰੇ ਪਾਸੇ ਭਗਤਾਂ ਦਾ ਰਾਖਾ ਭਗਵਾਨ। ਜਦੋਂ ਸ੍ਰੀ ਕ੍ਰਿਸ਼ਨ ਭਗਵਾਨ ਨੇ ਦੇਖਿਆ ਕਿ ਉਹਦਾ ਭਗਤ ਅਤੇ ਭਗਤਣੀ ਓਹਦੇ ਦਰਸ਼ਨਾਂ ਨੂੰ ਆ ਰਹੇ ਨੇ। ਉਨ੍ਹਾਂ ਅਗੋਂ ਦੇਵਤੇ ਭੇਜੇ ਜੋ ਦੋਹਾਂ ਨੂੰ ਉਨ੍ਹਾਂ (ਸ੍ਰੀ ਕ੍ਰਿਸ਼ਨ) ਦੇ ਪਾਸ ਲੈ ਆਓ। ਦੇਵਤਿਆਂ ਨੇ ਦੋਹਾਂ ਦੇ ਸਿਰ ਧਰਤੀ ਨਾਲ ਨਾ ਲਗਣ ਦਿਤੇ। ਰਸਤੇ ਵਿਚ ਹੀ ਜਾ ਬੋਚਿਆ। ਦੇਵਤਿਆਂ ਨੇ ਦੋਹਾਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਪੇਸ਼ ਕੀਤਾ। ਪੀਪਾ ਜੀ ਦਰਸ਼ਨ ਕਰਕੇ ਨਿਹਾਲ ਹੋ ਗਏ। ਪੀਪਾ ਜੀ ਨੇ ਬੇਨਤੀ ਕੀਤੀ 'ਹੇ ਪ੍ਰਭੂ! ਮੈਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ੋ ਜਿਸ ਦਰਸ਼ਨ ਬਦਲੇ

ਤੜਫ ਰਿਹਾ ਸਾਂ ਹੋ ਗਏ ਨੇ ਚਰਨ ਕੰਵਲਾਂ ਵਿਚੋਂ ਬਾਹਰ ਜਾਣ ਦਾ ਹੌਂਸਲਾ ਨਹੀਂ ਪੈਂਦਾ।

ਪ੍ਰਭੂ ਜੀ ਨੇ ਆਪਣੀ ਨਿਸ਼ਾਨੀ ਮੁੰਦਰੀ ਦਿਤੀ। ਸ੍ਰੀ ਰੁਕਮਣੀ ਜੀ ਨੇ ਸੀਤਾ ਨੂੰ ਸਾਹੜੀ ਬਖ਼ਸ਼ੀ। ਦੋਵੇਂ ਨਿਸ਼ਾਨੀਆਂ ਲੈਣ ਮਗਰੋਂ ਪ੍ਰਭੂ ਦੇ ਦਰਬਾਰ ਵਿਚੋਂ ਵਿਦਾ ਹੋ ਆਏ। ਦੇਵਤੇ ਜਲ ਤੋਂ ਬਾਹਰ ਕਰ ਗਏ ਪਰ ਪ੍ਰਭੂ ਕੋਲੋਂ ਵਿਛੜਕੇ ਭਗਤ ਜੀ ਉਸੇ ਤਰ੍ਹਾਂ ਤੜਫੇ ਜਿਵੇਂ ਪਾਣੀ ਤੋਂ ਦੂਰ ਮੱਛੀ ਤੜਫਦੀ ਹੈ। ਸੁਕੀਂ ਕਪੜੀ ਪਾਣੀ ਵਿਚੋਂ ਨਿਕਲਿਆ ਦੇਖ ਲੋਕ ਬੜੇ ਹੈਰਾਨ ਹੋਏ। ਕਈਆਂ ਲੋਕਾਂ ਨੇ ਪੁਛਿਆ—'ਭਗਤ ਜੀ! ਤੁਸੀਂ ਤਾਂ ਡੁਬ ਗਏ ਸੀ।' 'ਨਹੀ ਭਾਈ! ਡੁਬੇ ਨਹੀਂ ਸਾਂ, ਅਸੀਂ ਤਾਂ ਪ੍ਰਭੂ ਦੇ ਦਰਸ਼ਨ ਨੂੰ ਗਏ ਸਾਂ, ਸੋ ਦਰਸ਼ਨ ਕਰ ਆਏ ਹਾਂ।

ਜਦੋਂ ਲੋਕਾਂ ਨੂੰ ਪੂਰੀ ਵਾਰਤਾ ਦਾ ਪਤਾ ਲਗਾ ਤਾਂ ਪੀਪਾ ਜੀ ਦੀ ਮਹਿਮਾ ਸਾਰੀ ਦੁਆਰਕਾ ਨਗਰੀ ਵਿਚ ਸੁਗੰਧੀ ਦੀ ਤਰ੍ਹਾਂ ਖਿਲਰ ਗਈ।

## ਸੀਤਾ ਸਹਚਰੀ ਦੀ ਰਖਿਆ

ਲੋਕ ਲਾਈ-ਲਗ ਤੇ ਅੰਧ ਵਿਸ਼ਵਾਸੀ ਹੁੰਦੇ ਨੇ। ਜਦੋਂ ਇਕ ਨੇ ਦਸਿਆ ਕੀ ਪੀਪਾ ਅਤੇ ਉਹਦੀ ਇਸਤ੍ਰੀ ਪ੍ਰਭੂ ਦਰਸ਼ਨ ਕਰਕੇ ਆਏ ਤੇ ਪ੍ਰਭੂ ਦੀਆਂ ਨਿਸ਼ਾਨੀਆਂ ਵੀ ਲਿਆਏ ਹਨ ਤਾਂ ਸਾਰਾ ਸ਼ਹਿਰ ਪੀਪਾ ਜੀ ਦੇ ਦਰਸ਼ਨਾਂ ਨੂੰ ਆਉਣ ਲੱਗ ਪਿਆ। ਕਈ ਤਾਂ ਪ੍ਰਭੂ ਰੂਪ ਸਮਝ ਕੇ ਪੂਜਣ ਲਗ ਗਏ। ਪੀਪਾ ਜੀ ਨੂੰ ਇਹ ਚੀਜ਼ ਨਾ ਭਾਈ। ਉਹ ਸੀਤਾ ਸਮੇਤ ਜੰਗਲ ਨੂੰ ਤੁਰ ਗਏ ਤਾਂ ਕਿ ਇਕੱਲਤਾ 'ਚ ਪ੍ਰਭੂ ਭਗਤੀ ਕਰ ਸਕਣ। ਲੋਕ ਤਾਂ ਹਰਿ ਨਾਮ ਸਿਮਰਨ ਦਾ ਵੀ ਵੇਹਲ ਨਹੀਂ ਦੇਂਦੇ। ਉਹ ਘਣੇ ਜੰਗਲ ਨੂੰ ਜਾ ਰਹੇ ਸਨ ਕਿ ਪਠਾਣ ਰਾਹ ਵਿਚ ਮਿਲਿਆ, ਉਹ ਪਠਾਣ ਕਪਟੀ ਤੇ ਬੇਈਮਾਨ ਸੀ ਇਸਤ੍ਰੀ ਰੂਪ ਦਾ ਸ਼ਿਕਾਰੀ ਸੀ। ਉਹ ਦੋਹਾਂ ਭਗਤਾਂ ਦੇ ਪਿਛੇ ਲਗ ਗਿਆ। ਥੋੜ੍ਹੀ ਦੂਰ ਜਾਣ ਤੇ ਸੀਤਾ ਜੀ ਨੂੰ ਪਿਆਸ ਲਗੀ। ਉਹ ਇਕ ਕੁਦਰਤੀ ਵਗਦੇ ਸੀਤਲ ਜਲ ਦੇ ਨਾਲੇ ਤੋਂ ਬੁਕਾਂ ਨਾਲ ਪਾਣੀ ਪੀਣ ਲਗ ਪਈ। ਭਗਤ ਜੀ ਪ੍ਰਭੂ ਦੇ ਨਾਮ ਸਿਮਰਨ ਵਿਚ ਮਗਨ ਅਗੇ ਸਰਕ ਗਏ। ਉਹਦੀ ਤੇ ਸੀਤਾ ਜੀ ਦੀ ਵਾਹਵਾ ਵਿਥ ਹੋ ਗਈ। ਪਠਾਣ ਨੇ ਪਾਣੀ ਪੀਂਦੀ ਸੀਤਾ ਨੂੰ ਨਪ

ਲਿਆ। ਚੁਕ ਕੇ ਇਕ ਪਾਸੇ ਜੰਗਲ ਵਿਚ ਲੈ ਵੜਿਆ ਜੋ ਪ੍ਰਭੂ ਦੇ ਨੇ ਪ੍ਰਭੂ ਉਹਨਾਂ ਦਾ ਹੁੰਦਾ ਹੈ। ਪਠਾਣ ਦੇ ਕਾਬੂ ਆਈ ਸੀਤਾ ਨੇ ਪ੍ਰਭੂ ਨੂੰ ਚੇਤੇ ਕੀਤਾ। ਸ਼ੇਰ ਰੂਪ ਧਾਰਨ ਕਰਕੇ ਪ੍ਰਭੂ ਜੀ ਝੱਟ ਆ ਗਏ। ਸਤੀ ਸੀਤਾ ਦੀ ਇੱਜ਼ਤ ਰੱਖ ਲਈ। ਪਠਾਣ ਨੂੰ ਕੋਈ ਪਾਪ ਦਾ ਕਰਮ ਨਾ ਕਰਨ ਦਿੱਤਾ ਤੇ ਆ ਨਪਿਆ। ਨੌਂਦਰਾਂ ਨਾਲ ਪਠਾਣ ਦਾ ਪੇਟ ਪਾੜ ਕੇ ਉਸ ਨੂੰ ਨਰਕਾਂ ਵਲ ਤੋਰ ਦਿੱਤਾ। ਜਦੋਂ ਪਠਾਣ ਮਰ ਗਿਆ ਤਾਂ ਸ਼ੇਰ ਜਿਧਰੋਂ ਆਇਆ ਸੀ ਉਧਰੇ ਚਲਾ ਗਿਆ। ਸੀਤਾ ਅਜੇ ਓਥੇ ਖਲੋਤੀ ਹੋਈ ਸੀ ਕਿ ਉਹੋ ਪ੍ਰਭੂ ਫਿਰ ਇਕ ਬਿਰਧ ਸੰਨਿਆਸੀ ਦਾ ਰੂਪ ਧਾਰ ਕੇ ਉਸ ਦੇ ਕੋਲ ਆ ਗਏ । ਉਹਨਾਂ ਆਉਂਦਿਆਂ ਹੀ ਆਖਿਆ, 'ਬੇਟੀ ਸੀਤਾ! ਤੇਰਾ ਪਤੀ ਪੀਪਾ ਭਗਤ ਤੈਨੂੰ ਖਲੋਤਾ ਉਡੀਕ ਰਿਹਾ ਹੈ। ਚਲ ਮੇਰੇ ਨਾਲ ਮੈਂ ਤੈਨੂੰ ਉਸ ਕੋਲ ਛਡ ਆਵਾਂ।'

ਸੀਤਾ ਉਸ ਸੰਨਿਆਸੀ ਦੇ ਨਾਲ ਤੁਰ ਪਈ। ਉਹ ਪੀਪਾ ਜੀ ਕੋਲ ਛਡ ਕੇ ਆਪ ਅਲੋਪ ਹੋ ਗਿਆ। ਜਦੋਂ ਸੰਨਿਆਸੀ ਅੱਖਾਂ ਅਗੋਂ ਓਹਲੇ ਹੋ ਗਿਆ ਤਾਂ ਸੀਤਾ ਨੂੰ ਪਤਾ ਲੱਗਾ 'ਉਹ! ਇਹ ਤਾਂ ਪ੍ਰਭੂ ਜੀ ਸਨ ਦਰਸ਼ਨ ਦੇ ਗਏ। ਮੈਂ ਚਰਨੀਂ ਨਾ ਡਿਗੀ।' ਉਸੇ ਵੇਲੇ 'ਰਾਮ—ਰਾਮ' ਦਾ ਸਿਮਰਨ ਕਰਨ ਲੱਗ ਪਈ।

## ਠੱਗ ਸਾਧੂ ਤੇ ਸੀਤਾ

ਸੀਤਾ ਸਹਚਰੀ ਇਕ ਤਾਂ ਕੁਦਰਤੀ ਸੁੰਦਰ ਤੇ ਜੁਆਨ ਸੀ ਦੂਸਰਾ ਪ੍ਰਭੂ ਭਗਤੀ ਤੇ ਪਤੀਬਰਤਾ ਹੋਣ ਕਰਕੇ ਓਸਦੇ ਰੂਪ ਨੂੰ ਹੋਰ ਚਾਰ ਚੰਨ ਲਗ ਗਏ ਸੀ। ਭਗਤੀ ਹੀਣ ਪੁਰਸ਼ ਜਦੋਂ ਉਸ ਨੂੰ ਦੇਖ ਲੈਂਦਾ ਸੀ ਤਦੋਂ ਉਹਦੇ ਰੂਪ ਤੇ ਲਟੂ ਹੋ ਜਾਂਦਾ ਸੀ। ਉਹ ਦਿਲ ਹਥੋਂ ਗਵਾ ਕੇ ਪਾਪ ਨੀਤ ਨਾਲ ਉਨ੍ਹਾਂ ਮਗਰ ਲੱਗ ਜਾਂਦਾ। ਇਕ ਦਿਨ ਚੌਹ ਮੁਸ਼ਟੰਡਿਆਂ ਨੇ ਸੀਤਾ ਜੀ ਦਾ ਸਤ ਲੁਟਣ ਲਈ ਮਤਾ ਪਕਾਇਆ। ਉਨ੍ਹਾਂ ਨੇ ਸਾਧੂਆਂ ਵਰਗੇ ਬਸਤ੍ਰ ਖਰੀਦ ਲਏ ਤੇ ਫ਼ਰਜ਼ੀ ਸਾਧੂ ਬਣ ਬੈਠੇ। ਕਈ ਦਿਨ ਭਗਤ ਪੀਪਾ ਜੀ ਦੇ ਨਾਲ ਫਿਰਦੇ ਰਹੇ। ਇਕ ਦਿਨ ਐਸਾ ਸਬੱਬ ਬਣਿਆ ਕਿ ਇਕ ਮੰਦਰ ਵਿਚ ਉਹਨਾਂ ਨੂੰ ਰਾਤ ਰਹਿਣ ਦਾ ਮੌਕਾ ਮਿਲ ਗਿਆ। ਉਸ ਮੰਦਰ ਵਿਚ ਦੋ ਕਮਰੇ ਸਨ ਮੰਦਰ ਖ਼ਾਲੀ ਸੀ ਨੇੜੇ ਤੇੜੇ ਵਸੋਂ ਦੀ ਥਾਂ ਘਣਾ ਜੰਗਲ ਸੀ, ਜਦੋਂ ਦਾ ਸੰਨਿਆਸ

ਧਾਰਨ ਕੀਤਾ ਸੀ, ਪੀਪਾ ਜੀ ਤੇ ਸਤੀ ਸੀਤਾ ਇਕ ਬਿਸਤਰੇ ਤੇ ਨਹੀਂ ਸਨ ਸੌਂਦੇ। ਉਸ ਦਿਨ ਭਗਤ ਨੇ ਸੀਤਾ ਜੀ ਨੂੰ ਇਕੱਲੀ ਕੋਠੜੀ ਵਿਚ ਸੌਣ ਵਾਸਤੇ ਆਖਿਆ ਆਪ ਸਾਧੂਆਂ ਨਾਲ ਦੂਸਰੀ ਕੋਠੜੀ ਵਿਚ ਸੌਂ ਰਿਹਾ। ਸ਼ਾਇਦ ਭਗਤ ਨੇ ਠੱਗਾਂ ਦਾ ਪਾਜ ਉਘੇੜਨਾ ਸੀ। ਇਸ ਵਾਸਤੇ ਉਸਨੂੰ ਵਖਰੀ ਸੌਣ ਵਾਸਤੇ ਆਖਿਆ ਚੌਹਾਂ ਪਾਂਬਰਾਂ ਨੇ ਮਤਾ ਪਕਾਇਆ ਕਿ ਇਕੱਲਾ ਇਕੱਲ਼ਾ ਨਾਲ ਦੀ ਕੋਠੜੀ ਵਿਚ ਜਾ ਕੇ ਸਤੀ ਦਾ ਸਤ ਭੰਗ ਕਰੀਏ। ਜਦੋਂ ਵਾਹਵਾ ਰਾਤ ਚਲੀ ਗਈ ਤਾਂ ਇਕ ਪਾਪੀ ਸਾਧੂ ਉਠਿਆ ਤੇ ਮਲਕੜੇ ਜੇਹੇ ਉਥੇ ਪੁਜ ਗਿਆ ਜਿਥੇ ਸਤੀ ਸੀਤਾ ਸੁਤੀ ਹੋਈ ਸੀ, ਉਹ ਦਬੇ ਪੈਰ ਅਗੇ ਗਿਆ। ਉਹ ਇਹ ਅਨੁਭਵ ਕਰਦਾ ਰਿਹਾ ਕਿ ਨਾ ਪੀਪਾ ਜੀ ਨੂੰ ਪਤਾ ਲਗਾ ਹੈ ਨਾ ਸੀਤਾ ਜੀ ਨੂੰ। ਉਸਦੀ ਕਾਮਨਾ ਪੂਰੀ ਹੋਣ ਵਿਚ ਕੋਈ ਕਸਰ ਨਹੀਂ ਰਹੇਗੀ। ਆਖ਼ਰ ਸੀਤਾ ਹੈ ਤਾਂ ਇਕ ਇਸਤ੍ਰੀ ਨਾ। ਮਰਦ ਦੇ ਬਲ ਅਗੇ ਓਹਦਾ ਕੀ ਜ਼ੋਰ ਚਲਦਾ ਹੈ। ਉਸ ਕਮਰੇ ਵਿਚ ਵੜ ਕੇ ਪਾਂਬਰ ਟੋਹਣ ਲਗਾ ਕਿ ਸੀਤਾ ਕਿਥੇ ਹੈ? ਕਿਉਂਕਿ ਬਹੁਤ ਹਨੇਰਾ ਸੀ। ਦਬੇ ਪੈਰ ਹੱਥਾਂ ਨਾਲ ਟੋਂਹਦਾ ਹੋਇਆ ਜਦੋਂ ਉਹ ਆਸਣ ਤੇ ਪੁਜਾ ਉਸਨੇ ਛੇਤੀ ਨਾਲ ਸੀਤਾ ਨੂੰ ਨਪਣ ਦਾ ਯਤਨ ਕੀਤਾ। ਬਾਹੀਂ ਫੈਲਾ ਕੇ ਉਤੇ ਡਿਗ ਪਿਆ ਜਦੋਂ ਹੱਥਾਂ ਨਾਲ ਟੋਹਿਆ ਤਾਂ ਤ੍ਰਾਹ ਨਿਕਲ ਗਿਆ। ਡਰ ਨਾਲ ਉਹ ਛੇਤੀ ਉਛਲ ਕੇ ਪਿਛਲੀ ਪੈਰੀਂ ਡਿਗ ਗਿਆ। ਟੋਹਣ ਤੇ ਉਸ ਨੂੰ ਪਤਾ ਲੱਗਾ ਕਿ ਕੋਮਲ ਤਨ ਵਾਲੀ ਸੁੰਦਰ ਨਾਰੀ ਬਿਸਤਰੇ ਤੇ ਨਹੀਂ ਸਗੋਂ ਤਿਖੇ ਵਾਲਾਂ ਵਾਲੀ ਸ਼ੇਰਨੀ ਹੈ ਉਸਦੇ ਕੰਨ ਹਨ, ਦੰਦ ਹਨ ਤੇ ਓਹ ਭਬਕ ਲੈ ਕੇ ਪਈ ਡਿਗਦਾ ਡਿਗਦਾ ਉਹ ਪਾਂਬਰ ਬਾਹਰ ਨਿਕਲ ਆਇਆ ਡਰ ਨਾਲ ਉਸਦਾ ਕਲੇਜਾ ਉਸਦੇ ਵਸ ਵਿਚ ਨਾ ਰਿਹਾ। ਉਸ ਨੂੰ ਘਰਕਦਾ ਦੇਖ ਕੇ ਦੂਸਰੇ ਬਾਹਰ ਚਲੇ ਆਏ। ਉਸ ਨੂੰ ਪਰੇ ਲਿਜਾ ਕੇ ਪੁਛਣ ਲਗੇ ਮਾਮਲਾ ਕੀ ਹੈ? ਉਸ ਨੇ ਕਿਹਾ—'ਸੀਤਾ ਦਾ ਤਾਂ ਪਤਾ ਨਹੀਂ ਕਿਥੇ ਹੈ ਪਰ ਉਸਦੀ ਥਾਂ ਇਕ ਸ਼ੇਰਨੀ ਲੇਟੀ ਹੋਈ ਹੈ। ਓਹ ਮੈਨੂੰ ਪਾੜ ਹੀ ਸੁਟਣ ਲਗੀ ਸੀ, ਪਤਾ ਨਹੀਂ ਕਿਹੜੇ ਵੇਲੇ ਦੀ ਨੇਕੀ ਕੀਤੀ ਹੋਈ ਮੇਰੇ ਅਗੇ ਆ ਗਈ ਜੋ ਜਾਨ ਬਚ ਗਈ।'

'ਸ਼ੁਦਾਈ—ਸੀਤਾ ਹੀ ਹੋਵੇਗੀ। ਐਵੇਂ ਡਰ ਗਿਆ ਡਰ ਦੇ ਸੰਸੇ ਨੇ ਤੈਨੂੰ ਮਹਿਸੂਸ ਕਰਾਇਆ ਹੈ ਕਿ ਉਹ ਸ਼ੇਰਨੀ ਹੈ ਚਲੋ ਭਲਾ ਲੋ ਕਰਕੇ ਦੇਖੀਏ,

ਮੈਂ ਕੱਖ ਬਾਲਦਾ ਹਾਂ। ਧੂਣੀ ਵਿਚੋਂ ਅੱਗ ਲੈ ਕੇ ਉਹਨਾਂ ਨੇ ਕੱਖ ਬਾਲੇ। ਉਹਨਾਂ ਬਲਦੇ ਕੱਖਾਂ ਨਾਲ ਜਾਂ ਕਮਰੇ ਵਿਚ ਲੋ ਕਰਕੇ ਦੇਖਿਆ ਤਾਂ ਸਚਮੁੱਚ ਸ਼ੇਰਨੀ ਸੁਤੀ ਹੋਈ ਸੀ। ਉਹਦੀ ਸੂਰਤ ਡਰਾਉਣੀ ਸੀ ਡਰ ਕੇ ਚਾਰੇ ਪਿਛੇ ਹੋ ਗਏ। ਅੱਗ ਵਾਲੇ ਕੱਖ ਉਨ੍ਹਾਂ ਦੇ ਹਥੋਂ ਡਿਗ ਪਏ। ਇਕ ਨੇ ਜਾ ਕੇ ਭਗਤ ਪੀਪਾ ਜੀ ਨੂੰ ਜਗਾ ਦਿਤਾ। ਉਹਦੀ ਸਮਾਧੀ ਖੁਲ੍ਹਣ ਤੇ ਉਸ ਨੂੰ ਦਸਿਆ, 'ਭਗਤ ਜੀ! ਹਨੇਰ ਹੋ ਗਿਆ। ਸੀਤਾ ਤਾਂ ਨਾਲ ਦੀ ਕੋਠੜੀ ਵਿਚ ਨਹੀਂ, ਉਸਦੇ ਆਸਣ ਉਤੇ ਸ਼ੇਰਨੀ ਹੈ। ਜਾਂ ਤਾਂ ਸੀਤਾ ਕਿਧਰੇ ਚਲੀ ਗਈ ਜਾਂ ਸ਼ੇਰਨੀ ਨੇ ਉਸ ਨੂੰ ਖਾ ਲਿਆ ਹੈ।'

ਪਾਪੀਆਂ ਪੁਰਸ਼ਾਂ ਦੇ ਕੋਲੋਂ ਇਹ ਵਾਰਤਾ ਸੁਣ ਕੇ ਪੀਪਾ ਜੀ ਹੱਸ ਪਏ ਉਹ ਹੱਸਦੇ ਹੋਏ ਬੋਲੇ—'ਸੀਤਾ ਤਾਂ ਸ਼ਾਇਦ ਕਮਰੇ ਵਿਚ ਹੀ ਹੋਵੇ ਪਰ ਤੁਸਾਂ ਦੇ ਮਨ ਤੇ ਅੱਖਾਂ ਹੋਰ ਹੋ ਚੁਕੀਆਂ ਹਨ ਇਸ ਕਰਕੇ ਤੁਸਾਂ ਦੇ ਦਿਲਾਂ ਉਤੇ ਪਾਪਾਂ ਦਾ ਅਸਰ ਹੈ। ਤੁਸਾਂ ਨੂੰ ਕੁਝ ਹੋਰ ਦਿਸਦਾ ਹੈ, ਚਲੋ ਮੈਂ ਚਲ ਕੇ ਦੇਖਦਾ ਹਾਂ।'

ਭਗਤ ਪੀਪਾ ਜੀ ਉਠੇ, ਉਠਕੇ ਉਹਨਾਂ ਨੇ ਨਾਲ ਦੀ ਕੋਠੜੀ ਵਿਚੋਂ ਸੀਤਾ ਨੂੰ ਅਵਾਜ਼ ਦਿਤੀ 'ਸਹਚਰੀ'।

'ਜੀਉ ਭਗਤ ਜੀ!' ਅਗੋਂ ਉੱਤਰ ਆਇਆ।

'ਬਾਹਰ ਆ ਨਾ!' ਉਨ੍ਹਾਂ ਕਿਹਾ।

ਸੀਤਾ ਬਿਸਤਰੇ ਉਤੋਂ ਉਠ ਕੇ ਬਾਹਰ ਆ ਗਈ। ਚਾਰ ਠੱਗ ਸਾਧੂ ਬਹੁਤ ਸ਼ਰਮਿੰਦੇ ਹੋਏ। ਉਹਨਾਂ ਨੂੰ ਕੋਈ ਗੱਲ ਨਾ ਔੜੀ। ਉਹ ਚੁਪ ਰਹੇ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਹੀ ਉਹ ਸਾਰੇ ਦੁਸ਼ਟ ਪੀਪਾ ਜੀ ਦਾ ਸਾਥ ਛਡ ਕੇ ਕਿਧਰੇ ਤੁਰ ਪਏ। ਪ੍ਰਭੂ ਨੇ ਸੀਤਾ ਦੀ ਰਾਖੀ ਕੀਤੀ।

ਸਵੇਰੇ ਜਦੋਂ ਪਾਂਬਰ ਨਾ ਦਿਸੇ ਤਾਂ ਭਗਤ ਜੀ ਨੇ ਸੀਤਾ ਨੂੰ ਆਖਿਆ 'ਮੈਂ ਬੇਨਤੀ ਕਰਦਾ ਹਾਂ, ਅਜੇ ਵੀ ਰਾਜ ਮਹਿਲ ਵਿਚ ਜਾਹ! ਵੇਖ ਕਿੰਨੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਪਾਪੀ ਮਨ ਤੇਰੀ ਜੁਆਨੀ ਤੇ ਸੁੰਦਰਤਾ ਉਤੇ ਲਟੂ ਹੁੰਦੇ ਤੇ ਪਾਪ ਵਾਸ਼ਨਾ ਦੇ ਬੱਧੇ ਹੋਏ ਤੈਨੂੰ ਕਸ਼ਟ ਦੇਣ ਦਾ ਯਤਨ ਕਰਦੇ ਹਨ ਘਰ ਜਾ ਕੇ ਸੁਖ ਨਾਲ ਦਿਹਾੜੇ ਕੱਟ।' ਇਹ ਸੁਣ ਕੇ ਸੀਤਾ ਨੇ ਨਿੰਮਰਤਾ ਨਾਲ ਉੱਤਰ ਦਿੱਤਾ—'ਆਪ ਮੇਰੇ ਸਵਾਮੀ ਜੇ! ਪ੍ਰਭੂ ਜੇ ਆਪ

ਦੇ ਕੋਲ ਰਹਿੰਦਿਆਂ ਹੋਇਆਂ ਮੈਨੂੰ ਡਰ ਹੈ ਤਾਂ ਦਸੋ ਮੈਂ ਰਾਜ ਮਹਿਲਾਂ ਵਿਚ ਕਿਵੇਂ ਬਚ ਸਕਦੀ ਹਾਂ। ਰਾਜ ਮਹਿਲ ਤਾਂ ਹੁੰਦੇ ਹੀ ਪਾਪ ਦਾ ਘਰ ਨੇ ਮੈਂ ਆਪ ਨੂੰ ਕੋਈ ਕਸ਼ਟ ਨਹੀਂ ਦੇਂਦੀ। ਰਾਖੀ ਨਾ ਆਪ ਨੇ ਕਰਨੀ ਹੈ ਨਾ ਮੈਂ। ਅਸਾਡਾ ਰਾਖਾ ਪ੍ਰਭੂ ਹੈ, ਅਸੀਂ ਕੀ ਚੀਜ਼ ਹਾਂ। ਬਾਕੀ ਸਵਾਮੀ ਜੀ ਇਸਤਰੀ ਜੇ ਸਚਮੁਚ ਸੁਖੀ ਰਹਿ ਸਕਦੀ ਹੈ ਤਾਂ ਉਹ ਪਤੀ ਪ੍ਰਮੇਸ਼ਰ ਦੇ ਚਰਨਾਂ ਵਿਚ ਹੀ ਸੁਖੀ ਰਹਿ ਸਕਦੀ ਹੈ।'

## ਧਨ ਆਉਣਾ ਤੇ ਪੀਪਾ ਜੀ ਦਾ ਲੁਟਾਉਣਾ

ਸੁਕੇ ਵਾਂਸਾਂ ਨੂੰ ਹਰੇ ਕਰਦੇ ਚੀਧਰ ਭਗਤ ਦੇ ਘਰੋਂ ਪ੍ਰਸ਼ਾਦ ਛਕ ਕੇ ਉਸ ਨੂੰ ਨਿਹਾਲ ਕਰਦੇ ਹੋਏ ਭਗਤ ਪੀਪਾ ਜੀ ਇਕ ਛੋਟੀ ਰਿਆਸਤ ਦੀ ਰਾਜਧਾਨੀ ਵਲ ਚਲੇ ਗਏ। ਸ਼ਹਿਰੋਂ ਬਾਹਰ ਠਾਕਰ ਦੁਆਰਾ ਸੀ। ਉਸ ਠਾਕਰ ਦੁਆਰੇ ਡੇਰਾ ਲਾ ਕੇ ਬੈਠ ਗਏ। ਉਸ ਡੇਰੇ ਤੋਂ ਅੱਧ ਕੁ ਮੀਲ ਦੀ ਵਾਟ ਤੇ ਸੁੰਦਰ ਜਲ ਵਾਲਾ ਤਲਾਬ ਸੀ। ਉਸ ਤਲਾਬ ਉਤੇ ਪੀਪਾ ਜੀ ਇਸ਼ਨਾਨ ਕਰਨ ਵਾਸਤੇ ਗਏ। ਸਾਰੇ ਇਸ਼ਨਾਨ ਕਰ ਕੇ ਵਾਪਸ ਆ ਰਹੇ ਸਨ ਤਾਂ ਕੀ ਵੇਖਦੇ ਨੇ ਕਿ ਇਕ ਬੇਰੀ ਦੇ ਮੁਢ ਲਾਗੇ ਪਿੱਤਲ ਦੀ ਗਾਗਰ ਪਈ ਹੈ। ਉਸ ਵਿਚੋਂ ਸੋਨੇ ਦੀਆਂ ਮੋਹਰਾਂ ਡਲ੍ਹਕਾਂ ਮਾਰ ਰਹੀਆਂ ਹਨ ਉਸ ਗਾਗਰ ਦੇ ਲਾਗਿਓਂ ਦੀ ਜਦੋਂ ਭਗਤ ਜੀ ਲੰਘਣ ਲਗੇ ਤਾਂ ਗਾਗਰ ਵਿਚੋਂ ਅਵਾਜ਼ ਆਈ—'ਕਿ ਕੋਈ ਮੇਰੇ ਬੰਧਨ ਕਟੇਗਾ? ਮੈਨੂੰ ਕੋਈ ਗਾਗਰ ਵਿਚੋਂ ਕਢੇਗਾ?' ਜਾਂ ਭਗਤ ਨੇ ਗਾਗਰ ਦੇ ਮੂੰਹ ਉਤੇ ਜਾ ਕੇ ਨਿਗਾਹ ਮਾਰੀ ਤਾਂ ਸੋਨੇ ਦੀਆਂ ਮੋਹਰਾਂ ਦਿਸੀਆਂ। ਉਨ੍ਹਾਂ ਮੋਹਰਾਂ ਨੂੰ ਵੇਖ ਕੇ ਕਹਿਣ ਲਗੇ—'ਤੂੰ ਮਾਇਆ ਸੰਤਾਂ ਦੀ ਵੈਰਨ, ਏਥੇ ਹੀ ਬੰਦ ਰਹੇਂ ਤਾਂ ਚੰਗੀ।' ਇਹ ਆਖ ਕੇ ਭਗਤ ਜੀ ਅੱਗੇ ਨਿਕਲ ਗਏ। ਸੀਤਾ ਜੀ ਨੂੰ ਸਾਰੀ ਵਾਰਤਾ ਕਹਿ ਸੁਣਾਈ। ਜਦੋਂ ਸੀਤਾ ਜੀ ਨੇ ਸੁਣਿਆ ਤਾਂ ਓਹ ਬੋਲੀ—'ਓਧਰ ਇਸ਼ਨਾਨ ਕਰਨ ਨਾ ਜਾਇਆ ਕਰੋ।'

ਸਬੱਬ ਨਾਲ ਉਸੇ ਠਾਕਰ ਦੁਆਰੇ ਵਿਚ ਚੋਰਾਂ ਦਾ ਉਤਾਰਾ ਸੀ। ਉਨ੍ਹਾਂ ਨੇ ਭਗਤ ਪੀਪਾ ਜੀ ਦੀ ਕੀਤੀ ਹੋਈ ਸਾਰੀ ਗੱਲ ਬਾਤ ਸੁਣ ਲਈ। ਉਨ੍ਹਾਂ ਚੋਰਾਂ ਸੋਚਿਆ ਭਗਤ ਤਾਂ ਮੋਹਰਾਂ ਨਹੀਂ ਲੈ ਸਕਿਆ ਚਲੋ ਅਸੀ ਚੁਕ ਕੇ ਲੈ ਚਲੀਏ। ਜਦੋਂ ਹਨੇਰਾ ਹੋ ਗਿਆ ਤਾਂ ਚੋਰ ਉਸ ਰੁਖ ਦੇ ਹੇਠ ਪਹੁੰਚ ਗਏ।

ਜਿਥੇ ਗਾਗਰ ਪਈ ਸੀ ਪਰ ਜਦੋਂ ਚੋਰਾਂ ਨੇ ਗਾਗਰ ਵਲ ਨਿਗਾਹ ਮਾਰੀ ਤਾਂ ਸੋਨੇ ਦੀਆਂ ਮੋਹਰਾਂ ਦੀ ਥਾਂ ਉਨ੍ਹਾਂ ਨੂੰ ਕਾਲਾ ਸੱਪ ਦਿਸਿਆ ਉਹ ਕ੍ਰੋਧਵਾਨ ਹੋ ਗਏ। ਕਹਿਣ ਲਗੇ, 'ਉਹ ਸਾਧੂ ਚੰਗਾ ਭਲਾ ਮਾਨਸ ਹੈ ਜੋ ਝੂਠ ਬੋਲਦਾ ਹੈ। ਇਕ ਚੋਰ ਨੇ ਸਲਾਹ ਦਿਤੀ ਕਿ ਗਾਗਰ ਚੁਕ ਕੇ ਲੈ ਚਲੋ, ਜਿਥੇ ਓਹਦਾ ਡੇਰਾ ਹੈ ਉਥੇ ਰੱਖ ਦਿਆਂਗੇ ਸੱਪ ਗਾਗਰ ਵਿਚੋਂ ਨਿਕਲ ਕੇ ਉਸ ਨੂੰ ਲੜ ਜਾਵੇਗਾ। ਝੂਠ ਬੋਲਣ ਦਾ ਫਲ ਪਾ ਕੇ ਅਗਲੀ ਦੁਨੀਆਂ ਵੱਲ ਪਧਾਰ ਜਾਵੇਗਾ। ਦੂਸਰਿਆਂ ਕਿਹਾ ਇਹ ਸਲਾਹ ਤਾਂ ਚੰਗੀ ਹੈ।'

ਚੋਰ ਗਾਗਰ ਚੁਕ ਕੇ ਲੈ ਆਏ ਜਿਥੇ ਭਗਤ ਪੀਪਾ ਜੀ ਸੁਤੇ ਸਨ। ਮਲਕੜੇ ਜਿਹੇ ਉਨ੍ਹਾਂ ਦੇ ਸਰਹਾਣੇ ਰੱਖ ਕੇ ਤੁਰ ਗਏ। ਜਦੋਂ ਸਵੇਰੇ ਭਗਤ ਜੀ ਜਾਗੇ ਤਾਂ ਕੀ ਦੇਖਦੇ ਹਨ ਕਿ ਮੋਹਰਾਂ ਵਾਲੀ ਗਾਗਰ ਉਨ੍ਹਾਂ ਦੇ ਕੋਲ ਪਈ ਹੈ ਮੋਹਰਾਂ ਨਾਲ ਭਰੀ ਹੈ। ਗਾਗਰ ਵਿਚੋਂ ਫੇਰ ਅਵਾਜ਼ ਆਈ ਕਿ—'ਕੋਈ ਮੇਰੇ ਬੰਧਨ ਕਟੇਗਾ? ਡਰੋ ਨਾ ਸੰਤਾਂ ਦੀ ਦਾਸੀ ਹਾਂ।'

'ਹੱਛਾ ਦਾਸੀ ਹੈਂ ਤਾਂ ਸੰਤਾਂ ਨੂੰ ਹੀ ਵੰਡ ਦੇਂਦੇ ਹਾਂ।' ਭਗਤ ਪੀਪਾ ਜੀ ਨੇ ਨੇ ਆਖਿਆ ਤੇ ਗਾਗਰ ਵਿਚੋਂ ਮੋਹਰਾਂ ਕਢ ਕੇ ਭੰਡਾਰਾ ਕਰਨ ਦੀ ਸਲਾਹ ਕਰ ਲਈ ਠਾਕਰ ਦੁਆਰੇ ਦੇ ਪਾਂਡੇ ਨੂੰ ਭੰਡਾਰੇ ਦੀ ਸਕੀਮ ਦਸੀ ਉਹ ਬਹੁਤ ਖ਼ੁਸ਼ ਹੋਇਆ। ਉਸਨੇ ਪ੍ਰਬੰਧ ਕਰ ਦਿਤੇ ਲੋੜੀਂਦੀਆਂ ਚੀਜ਼ਾਂ ਲਿਆ ਦਿਤੀਆਂ ਪੱਕਾ ਭੰਡਾਰਾ ਤਿਆਰ ਹੋਇਆ। ਪੰਜ ਸੌ ਸਾਧੂ ਤੇ ਹਜ਼ਾਰ ਗ਼ਰੀਬ ਨੇ ਭੋਜਨ ਛਕਿਆ। ਪੱਕਾ ਭੋਜਨ ਸੀ ਇਸ ਵਾਸਤੇ ਸਭ ਪ੍ਰਸੰਨ ਹੋ ਗਏ। ਏਸੇ ਤਰ੍ਹਾਂ ਪੰਜ ਛੇ ਦਿਨ ਜਗ ਲੱਗਾ ਰਿਹਾ ਜਦੋਂ ਗਾਗਰ ਖ਼ਾਲੀ ਹੋ ਗਈ ਤਾਂ ਖ਼ਾਲੀ ਗਾਗਰ ਠਾਕਰ ਦੁਆਰੇ ਵਿਚ ਠਾਕੁਰਾਂ ਦੇ ਇਸ਼ਨਾਨ ਕਰਵਾਉਣ ਵਾਸਤੇ ਰਖ ਦਿਤੀ ਗਈ। ਉਹ ਕਿਸੇ ਕੰਜੂਸ ਦਾ ਜੁੜਿਆ ਹੋਇਆ ਧਨ ਸੀ ਜੋ ਗਾਗਰ ਵਿਚ ਕੈਦ ਸੀ। ਮਾਇਆ ਸੁਤੰਤਰ ਰਹੇ ਤਾਂ ਚੰਗੀ ਰਹਿੰਦੀ ਹੈ। ਜੇ ਇਹ ਸਾਂਭ ਕੇ ਰਖੀ ਜਾਵੇ ਤਾਂ ਪਾਪ ਦਾ ਮੂਲ ਬਣਦੀ ਹੈ।

## ਰਾਜਾ ਸੂਰਜ ਮਲ ਸੈਨ ਦਾ ਉਧਾਰ ਕਰਨਾ

ਪੀਪਾ ਜੀ ਨੇ ਜਦੋਂ ਹੇਠ ਉਤੇ ਤਿੰਨ ਚਾਰ ਭੰਡਾਰੇ ਕੀਤੇ ਤਾਂ ਭਗਤ ਜੀ ਦੀ ਮਹਿਮਾ ਬਹੁਤ ਖਿਲਰ ਗਈ। ਹਜ਼ਾਰਾਂ ਨਰ ਨਾਰੀ ਦਰਸ਼ਨ ਕਰਨ ਵਾਸਤੇ

ਆਉਣ ਲਗੇ । ਉਸ ਨਗਰੀ ਵਿਚ ਰਾਜਾ ਸੂਰਜ ਮਲ ਸੈਨ ਸੀ, ਓਹ ਵੀ ਸੁਣ ਕੇ ਪੀਪਾ ਜੀ ਪਾਸ ਆਇਆ। ਦਰਸ਼ਨ ਕਰਕੇ ਨਿਹਾਲ ਹੋਇਆ। ਜਦੋਂ ਉਸ ਨੇ ਹਰਿ ਭਗਤ ਦੀ ਮਹਿਮਾ ਤੇ ਬਰਕਤਾਂ ਦੇਖੀਆਂ ਤਾਂ ਉਹਦਾ ਚਿਤ ਦੀਖਿਆ ਲੈਣ ਵਾਸਤੇ ਕਰ ਆਇਆ । ਉਸ ਨੇ ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਨਾਲ ਪ੍ਰਾਰਥਨਾ ਕੀਤੀ—'ਹੇ ਮਹਾਰਾਜ ! ਆਪ ਤੇ ਭਗਵਾਨ ਵਿਚ ਕੋਈ ਫ਼ਰਕ ਪ੍ਰਤੀਤ ਨਹੀਂ ਹੁੰਦਾ। ਮੇਰੇ ਤੇ ਕ੍ਰਿਪਾ ਕਰੋ । ਮੈਂ ਰਾਜ ਕਰਦਿਆਂ ਹੋਇਆਂ ਕਈ ਪਾਪ ਕੀਤੇ ਨੇ। ਹਰੀ ਦਾ ਸਿਮਰਨ ਨਹੀਂ ਕੀਤਾ। ਹਰੀ ਸਿਮਰਨ ਕੀਤੇ ਬਿਨਾਂ ਕਲਿਆਣ ਨਹੀਂ ਹੁੰਦੀ । ਹਰੀ ਸਿਮਰਨ ਸਚੇ ਸਤਿਗੁਰੂ ਬਿਨਾਂ ਹਾਸਲ ਨਹੀਂ ਹੁੰਦਾ ।'

ਭਗਤ ਪੀਪਾ ਜੀ ਨੇ ਆਖਿਆ—'ਹੇ ਰਾਜਨ ! ਭਗਤੀ ਮਾਰਗ ਬਹੁਤ ਕਠਿਨ ਹੈ । ਇੰਦ੍ਰੀਆਂ ਨੂੰ ਸੰਜਮ ਵਿਚ ਰੱਖਣਾ ਪੈਂਦਾ ਹੈ । ਸਾਰੇ ਜਗਤ ਨੂੰ ਆਪਣਾ ਬਣਾਉਣਾ ਤੇ ਆਪ ਕਿਸੇ ਦੇ ਬਣਨਾ ਪੈਂਦਾ ਹੈ । ਨੰਗ, ਭੁਖ, ਤਾਹਨੇ, ਮੇਹਣੇ, ਰਾਹਾਂ ਦੇ ਲੰਮੇਰੇ ਅਮੁਕ ਪੰਧ ਕਰਨੇ ਪੈਂਦੇ ਹਨ । ਰਾਜਿਆਂ ਵਾਸਤੇ ਇਹ ਰਾਹ ਅਤੀ ਕਠਿਨ ਹੈ ਘਰ ਬੈਠੇ ਸੁਖ ਭੋਗੋ । ਦੁਨਿਆਵੀ ਸੁਖ ਚੰਗੇ ਲਗਦੇ ਨੇ, ਪ੍ਰਭੂ ਦੀ ਭਗਤੀ ਕੌੜੀ ਹੈ।'

ਸੂਰਜ ਸੈਨ—ਕੁਝ ਵੀ ਹੋਵੇ ਕ੍ਰਿਪਾ ਕਰੋ । ਮੈਨੂੰ ਦੀਖਿਆ ਜ਼ਰੂਰ ਦੇਵੋ ਮੈਂ ਆਪ ਦਾ ਭਗਤ ਬਣਨਾ ਚਾਹੁੰਦਾ ਹਾਂ ।'

ਭਗਤ ਪੀਪਾ ਜੀ—'ਹੱਛਾ ਰਾਜਨ ! ਜੇ ਤੇਰੀ ਇਹ ਇੱਛਾ ਹੈ ਤਾਂ ਇੰਝ ਕਰ ਕਿ ਰਾਜ ਮੋਹਰ ਅਤੇ ਆਪਣੀ ਰਾਣੀ ਨੂੰ ਮੇਰੇ ਹਵਾਲੇ ਕਰ ਦੇਹ ਫਿਰ ਦੀਖਿਆ ਦੇਵਾਂਗਾ ।'

ਇਹ ਸੁਣ ਕੇ ਰਾਜਾ ਮਹੱਲ ਨੂੰ ਚਲਿਆ ਗਿਆ । ਰਾਜ ਮੋਹਰ ਖ਼ਜ਼ਾਨੇ ਦੀਆਂ ਚਾਬੀਆਂ ਤੇ ਰਾਣੀ ਨੂੰ ਲੈ ਕੇ ਭਗਤ ਪੀਪਾ ਜੀ ਕੋਲ ਅਪੜ ਗਿਆ। ਮੋਹਰਾਂ ਤੇ ਚਾਬੀਆਂ ਭਗਤ ਪੀਪਾ ਜੀ ਦੇ ਚਰਨਾਂ ਉਪਰ ਰੱਖ ਦਿਤੀਆਂ। ਇਸਤ੍ਰੀ ਲਾਗੇ ਬੈਠਾ ਕੇ ਮੱਥਾ ਟੇਕ ਦਿੱਤਾ । ਰਾਜੇ ਦੀ ਇਹ ਮਨੋ ਭਾਵਨਾ ਦੇਖ ਕੇ ਭਗਤ ਪੀਪਾ ਜੀ ਦਿਆਲੂ ਹੋ ਗਏ । ਓਹਨਾਂ ਨੇ ਗੁਰ ਦੀਖਿਆ ਦਿਤੀ, ਗੁਰ ਦੀਖਿਆ ਦੇਣ ਪਿਛੋਂ ਰਾਜ ਮੋਹਰ, ਖ਼ਜ਼ਾਨੇ ਦੀਆਂ ਚਾਬੀਆਂ ਤੇ ਉਸਦੀ ਰਾਣੀ ਮੋੜ ਦਿਤੀ । ਰਾਜੇ ਨੂੰ ਉਪਦੇਸ਼ ਕੀਤਾ, 'ਹੇ ਰਾਮ ਜਨ ! ਅੱਜ ਤੋਂ ਤੂੰ ਰਾਜਾ

ਨਹੀਂ ਸਗੋਂ ਭਗਵਾਨ ਦਾ ਭਗਤ ਹੈਂ। ਹੰਕਾਰ ਨਹੀਂ ਕਰਨਾ, ਕਿਸੇ ਜੀਵ ਨੂੰ ਦੁਖ ਨਹੀਂ ਦੇਣਾ ਸਿਮਰਨ ਕਰਨਾ ਤੇ ਸੰਤਾਂ ਦੀ ਸੇਵਾ ਕਰਿਆ ਕਰਨਾ। ਰਾਜ ਦੇ ਮਾਲਕ ਅਸੀਂ ਹਾਂ ਆਪਣੇ ਆਪ ਨੂੰ ਰਾਜ ਦਾ ਕਰਿੰਦਾ ਸਮਝੀਂ ਰਾਜੇ ਨੂੰ ਇਹ ਆਖ ਕੇ ਫਿਰ ਭਗਤ ਜੀ ਰਾਣੀ ਨੂੰ ਆਖਣ ਲਗੇ, 'ਹੇ ਪੁਤ੍ਰੀ! ਅਜ ਤੋਂ ਤੂੰ ਮੇਰੀ ਬੇਟੀ ਹੈਂ। ਪ੍ਰਭੂ ਭਗਤੀ ਕਰਨੀ ਪਤੀ ਦੇਵ ਦੀ ਸੇਵਾ ਕਰਨੀ। ਪ੍ਰਭੂ ਵਲੋਂ ਇਸ ਨੂੰ ਰੋਕਣਾ ਨਹੀਂ। ਕਿਸੇ ਗੱਲੋਂ ਤੰਗ ਨਹੀਂ ਕਰਨਾ, ਕਿਉਂਕਿ ਇਸਤ੍ਰੀ ਦੀ ਸਹਾਇਤਾ ਤੋਂ ਬਿਨਾਂ ਪੁਰਸ਼ ਭਗਤੀ ਸਾਗਰ ਵਿਚੋਂ ਸਹਿਜ ਨਾਲ ਨਹੀਂ ਤਰ ਸਕਦਾ। ਹਰ ਤਰਾਂ ਦੀ ਸਹਾਇਤਾ ਕਰੀਂ। ਹੰਕਾਰ ਨਾ ਕਰੀਂ, ਨਾ ਰਾਜ ਦਾ ਨਾ ਭਗਤੀ ਦਾ। ਹੰਕਾਰ ਮਨੁਖ ਦੇ ਨੇਕ ਕਰਮ ਨੂੰ ਘਾਟੇ ਵਿਚ ਲਿਆਉਂਦਾ ਹੈ। ਜਾਓ ਸੰਤਾਂ ਦੀ ਸੇਵਾ ਕਰੋ, ਰਾਮ ਨਾਮ ਦਾ ਸਿਮਰਨ ਕਰੋ। ਪ੍ਰਭੂ ਤੁਸਾਂ ਦੀ ਕਲਿਆਣ ਕਰੇਗਾ।

ਇਉਂ ਦੀਖਿਆ ਤੇ ਉਪਦੇਸ਼ ਹਾਸਲ ਕਰਕੇ ਰਾਜਾ ਰਾਣੀ ਆਪਣੇ ਗ੍ਰਹਿ ਚਲੇ ਗਏ। ਹੰਕਾਰ ਛਡ ਕੇ ਨਿੰਮਰਤਾ ਵਿਚ ਰਹਿਣ ਲਗੇ। ਤੜਕੇ ਉਠ ਕੇ ਇਸ਼ਨਾਨ ਕਰਦੇ ਤੇ 'ਰਾਮ ਤੇ ਰਾਮ ਨਾਮ' ਦਾ ਸਿਮਰਨ ਕਰਦੇ। ਸੰਤਾਂ ਸਾਧੂਆਂ ਦੀ ਸੇਵਾ ਤੇ ਸਹਾਇਤਾ ਕਰਦੇ। ਓਹਨਾਂ ਦਾ ਨੇਕ ਵਤੀਰਾ ਦੇਖ ਕੇ ਪਰਜਾ ਬਹੁਤ ਖ਼ੁਸ਼ ਹੋਈ। ਭਗਤ ਪੀਪਾ ਜੀ ਨੂੰ ਵੀ ਰਾਜੇ ਨੇ ਆਪਣੀ ਨਗਰੀ ਵਿਚੋਂ ਜਾਣ ਨਾ ਦਿਤਾ, ਪ੍ਰੇਮ ਸੰਗਲ ਨਾਲ ਬੰਨ੍ਹ ਕੇ ਰੋਕੀ ਰਖਿਆ।

ਭਗਤ ਪੀਪਾ ਜੀ ਤੇ ਸਤੀ ਸੀਤਾ ਸਹਚਰੀ ਦੀਆਂ ਅਨੇਕ ਸਾਖੀਆਂ ਹੋਰ ਵੀ ਹਨ ਜੇ ਸਾਰੀਆਂ ਲਿਖਣ ਲਗੀਏ ਤਾਂ ਕਈ ਸੌ ਸਫ਼ੇ ਦਾ ਵਡਾ ਗ੍ਰੰਥ ਬਣਦਾ ਹੈ ਆਪ ੧੩੬ ਸਾਲ ਦੀ ਆਯੂ ਦੇ ਹੋਏ। ਏਨੀ ਲੰਮੇਰੀ ਉਮਰ ਵਿਚ ਸਾਰੇ ਦੇਸ਼ ਦਾ ਰਟਨ ਕਰਕੇ ਭੁਲੇ ਭਟਕੇ ਜੀਵਾਂ ਦਾ ਉਧਾਰ ਕਰਦੇ ਰਹੇ। ਅੰਤਲੇ ਦਿਨਾਂ ਵਿਚ ਪੂਰਨ ਬ੍ਰਹਮ ਗਿਆਨੀ ਹੋ ਗਏ। ਉਹਨਾਂ ਦਾ ਇਕ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ। ਆਪ ਉਚਾਰਦੇ ਹਨ—

*ਕਾਯਉ ਦੇਵਾ ਕਾਇਅਉ ਦੇਵਲ ਕਾਇਅਉ ਜੰਗਮ ਜਾਤੀ ॥ ਕਾਇਅਉ ਧੂਪ ਦੀਪ ਨਈਬੇਦਾ ਕਾਇਅਉ ਪੂਜਉ ਪਾਤੀ ॥੧॥ ਕਾਇਆ ਬਹੁ ਖੰਡ ਖੋਜਤੇ ਨਵ ਨਿਧਿ ਪਾਈ ॥ ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥੧॥ ਰਹਾਉ ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥੨॥੩॥ (ਧਨਾਸਰੀ)*

ਭਾਵ—ਇਹ ਤਨ ਹੀ ਪ੍ਰਭੂ 'ਹਰੀ' ਹੈ। ਏਸੇ ਨੂੰ ਉਹਦਾ ਘਰ ਤੇ ਸਾਧੂਆਂ ਦੀ ਇਕ ਸੰਪ੍ਰਦਾਇ ਸਮਝੋ। ਜਿਹੜੀਆਂ ਪੂਜਾ ਕਰਨ ਵਾਲੀਆਂ ਚੀਜ਼ਾਂ ਧੂਪ, ਦੀਪ, ਨਈਬੇਦ 'ਭੇਟਾ ਪ੍ਰਸ਼ਾਦਿ' ਫੁਲ ਆਦਿਕ ਹਨ ਉਹ ਸਭ ਸਰੀਰ ਕੋਲ ਹਨ, ਪੂਜਾ ਹੋ ਸਕਦੀ ਹੈ, ਇਸ ਚੀਜ਼ ਨੂੰ ਦੇਸ਼ਾਂ ਵਿਚ ਭਾਲਦੇ ਫਿਰਦੇ ਹਾਂ, ਓਹ ਇਸ ਤਨ ਦੇ ਅੰਦਰ ਹੀ ਹੈ। 'ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ।' ਜੋ ਕੁਝ ਦਿਸਦੇ ਬ੍ਰਹਮੰਡ ਵਿਚ ਹੈ, ਉਹ ਕੁਝ ਸਰੀਰ ਵਿਚ ਹੈ, ਜੇ ਕੋਈ ਭਾਲੇ ਉਹ ਲਭ ਲੈਂਦਾ ਹੈ। ਪੀਪਾ ਦੀ ਪ੍ਰਾਰਥਨਾ ਹੈ ਕਿ ਪ੍ਰਮਾਤਮਾ ਇਸ ਜਗਤ ਦਾ ਮੂਲ ਤੱਤ ਹੈ ਉਹ ਆਪ ਹੀ ਗੁਰੂ ਬਣ ਕੇ ਆਪਣੀ ਸਚਾਈ ਆਪ ਸਾਨੂੰ ਦੱਸਦਾ ਹੈ।

ਸੋ ਹੇ ਜਗਿਆਸੂ ਜਨੋ! ਹਰਿ ਭਗਤੀ ਵਿਚ ਲਗੋ, ਕਲੂ ਕਾਲ ਵਿਚ ਜੀਵਨ ਕਲਿਆਨ ਦਾ ਇਹੋ ਇਕ ਸੱਚਾ ਸਾਧਨ ਹੈ। ਹੋਰ ਸਾਰੇ ਪਾਖੰਡਾਂ ਦਾ ਤਿਆਗ ਕਰੋ।

# ੫. ਭਗਤ ਸੈਣ ਜੀ

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ।*
*ਪ੍ਰੇਮ ਭਗਤਿ ਰਾਤੀ ਕਰੈ ਭਲਕੈ ਰਾਜ ਦੁਆਰੈ ਜਾਈ।*
*ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ।*
*ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ।*
*ਸੈਣ ਰੂਪਿ ਹਰਿ ਜਾਇ ਕੈ ਆਇਆ ਰਾਣੈ ਨੋ ਰੀਝਾਈ।*
*ਸਾਧ ਜਨਾਂ ਨੋ ਵਿਦਾ ਕਰਿ ਰਾਜ ਦੁਆਰਿ ਗਇਆ ਸਰਮਾਈ।*
*ਰਾਣੈ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲਿ ਪੈਨ੍ਹਾਈ।*
*ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ।*
*ਪਰਗਟੁ ਕਰੈ ਭਗਤਿ ਵਡਿਆਈ ॥੧੬॥* *(ਭਾਈ ਗੁਰਦਾਸ ਜੀ, ਵਾਰ ੧੦)*

ਭਗਤ ਕਬੀਰ ਜੀ ਦਾ ਪ੍ਰਤਾਪ ਸੁਣ ਕੇ ਦੂਸਰਾ ਭਗਤ ਸੈਣ ਨਾਈ ਹੋਇਆ ਹੈ ਜੋ ਰਾਤ ਨੂੰ ਪ੍ਰਭੂ ਭਗਤੀ ਕਰਦਾ ਹੈ ਤੇ ਸਵੇਰੇ ਰਾਜੇ ਦੀ ਸੇਵਾ ਕਰਦਾ ਇਕ ਦਿਨ ਸੰਤ ਮਿਲ ਗਏ, ਉਨ੍ਹਾਂ ਨਾਲ ਸਿਮਰਨ ਤੇ ਗਿਆਨ ਚਰਚਾ ਵਿਚ

ਰੁਝ ਗਿਆ। ਉਹਨਾਂ ਨੂੰ ਨਹੀਂ ਛਡਿਆ ਤੇ ਰਾਜੇ ਦੀ ਸੇਵਾ 'ਚ ਹਾਜ਼ਰ ਨਾ ਹੋ ਸਕਿਆ, ਹਰੀ ਪ੍ਰਮਾਤਮਾ ਆਪ ਸੈਣ ਨਾਈ ਦੀ ਥਾਂ ਉਸਦਾ ਰੂਪ ਧਾਰ ਕੇ ਹਾਜ਼ਰ ਹੋਇਆ। ਰਾਜੇ ਦੀ ਮਾਲਸ਼ ਕੀਤੀ। ਸੰਤਾਂ ਦੀ ਸੇਵਾ ਤੋਂ ਵਿਹਲਾ ਹੋ ਕੇ ਸੈਣ ਰਾਜੇ ਕੋਲ ਗਿਆ, ਪਰ ਸ਼ਰਮ ਨਾਲ ਉਸਦੀ ਧੌਣ ਨੀਂਵੀ ਸੀ, ਰਾਜੇ ਨੇ ਉਸ ਨੂੰ ਸੱਦ ਕੇ ਗਲੋਂ ਸੋਨੇ ਦੀ ਜ਼ੰਜੀਰ ਲਾਹ ਕੇ ਸੈਣ ਦੇ ਗਲੇ ਪਵਾ ਦਿਤੀ। ਰਾਜੇ ਨੇ ਕਿਹਾ ਅਜ ਤੂੰ ਸੇਵਾ ਕਰਕੇ ਮੈਨੂੰ ਬਹੁਤ ਖ਼ੁਸ਼ ਕੀਤਾ ਹੈ। ਪ੍ਰਭੂ ਆਪਣੇ ਭਗਤਾਂ ਦੀ ਇਸ ਤਰ੍ਹਾਂ ਹੀ ਇੱਜ਼ਤ ਰਖਦਾ ਹੈ ਜਗਤ ਵਿਚ ਪ੍ਰਗਟ ਕਰਦਾ ਹੈ।

ਸ੍ਰੀ ਸੈਣ ਜੀ ਸਵਾਮੀ ਰਾਮਾਨੰਦ ਜੀ ਦੇ ਚੇਲੇ ਤੇ ਭਗਤ ਕਬੀਰ ਜੀ ਦੇ ਵੇਲੇ ਹੋਏ ਸਨ। ਆਪ ਜਾਤ ਦੇ ਨਾਈ ਸਨ, ਸਮੇਂ ਰਿਵਾਜ ਅਨੁਸਾਰ ਏਹ ਰਾਜਾ ਬਾਧਵਗੜ੍ਹ 'ਰੀਵਾ' ਦੇ ਕੋਲ ਸੇਵਾਦਾਰ ਸਨ। ਇਸਦਾ ਕੰਮ ਹੁੰਦਾ ਸੀ ਰਾਜੇ ਦੀ ਅਰਦਲ ਵਿਚ ਰਹਿਣਾ, ਨੌਂਹ ਲਾਹੁਣੇ ਮਾਲਸ਼ ਕਰਕੇ ਇਸ਼ਨਾਨ ਕਰਾਉਣਾ ਤੇ ਲੀੜੇ ਸੰਭਾਲਣੇ ਤੇ ਪਹਿਨਾਉਣੇ। ਸੈਣ ਜੀ ਇਹਨਾਂ ਕੰਮਾਂ ਵਿੱਚ ਬਹੁਤ ਹੁਸ਼ਿਆਰ ਸਨ। ਸਵਾਮੀ ਰਾਮਾਨੰਦ ਜੀ ਦੀ ਸੰਗਤ ਕਰਕੇ ਆਪ ਨੂੰ ਹਰੀ ਸਿਮਰਨ ਦੀ ਲਗਨ ਲੱਗ ਗਈ। ਜਦੋਂ ਰਾਜੇ ਦੀ ਸੇਵਾ ਤੋਂ ਵੇਹਲੇ ਹੁੰਦੇ ਤਾਂ 'ਰਾਮ ਰਾਮ' ਦੇ ਸਿਮਰਨ ਵਿਚ ਰੁਝ ਜਾਂਦੇ। ਸੰਤਾਂ ਦੀ ਸੰਗਤ ਵਿਚ ਜਾ ਕੇ ਹਰੀ ਕੀਰਤਨ ਸੁਣਦੇ। ਉਨ੍ਹਾਂ ਦਾ ਆਪਣਾ ਗਲਾ ਬੜਾ ਰਸੀਲਾ ਸੀ, ਸਵਾਮੀ ਰਾਮਾਨੰਦ ਜੀ ਦੇ ਬਣਾਏ ਹੋਏ ਭਜਨਾਂ ਨੂੰ ਗਾਉਂਦੇ ਰਹਿੰਦੇ ਸਨ, ਸੁਭਾਅ ਦੇ ਬਹੁਤ ਮਿੱਠ ਬੋਲੇ ਸਨ।

ਇਕ ਦਿਨ ਸਵੇਰੇ ਓਠ ਕੇ ਰਾਜਾ ਜੀ ਵਲ ਜਾ ਰਹੇ ਸਨ ਕਿ ਰਾਹ ਵਿਚ ਸੰਤ ਮੰਡਲੀ ਮਿਲ ਗਈ। ਉਨ੍ਹਾਂ ਵਿਚ ਕੁਝ ਸੰਤ ਆਪ ਜੀ ਦੇ ਮਿਤ੍ਰ ਤੇ ਜਾਣੂ ਸਨ। ਸੰਤ ਪ੍ਰਾਹੁਣੇ ਦੇਖ ਕੇ ਰਾਜ ਦਰਬਾਰ ਨੂੰ ਜਾਣ ਦਾ ਹੌਂਸਲਾ ਨਾ ਪਿਆ। ਸੰਤਾਂ ਨੂੰ ਨਾਲ ਲੈ ਕੇ ਘਰ ਗਏ। ਭੰਡਾਰੇ ਦਾ ਪ੍ਰਬੰਧ ਕੀਤਾ। ਭੰਡਾਰਾ ਛਕਾਉਂਦਿਆਂ ਹੋਇਆਂ ਦੇਰ ਹੋ ਗਈ। ਭੰਡਾਰੇ ਪਿਛੋਂ ਹਰਿ ਕੀਰਤਨ ਹੋਣ ਲਗ ਪਿਆ ਕੀਰਤਨ ਸੁਣਨ ਬੈਠ ਗਏ। ਐਸੇ ਕੀਰਤਨ ਵਿਚ ਮਗਨ ਹੋਏ ਕਿ ਤਰਕਾਲਾਂ ਪੈ ਗਈਆਂ। ਰਾਤ ਦੇ ਦਸ ਵਜੇ ਤਕ ਕੀਰਤਨ ਹੁੰਦਾ ਰਿਹਾ ਅੱਧੀ ਰਾਤ ਨੂੰ ਕੀਰਤਨ ਸਮਾਪਤ ਹੋਇਆ। ਸੈਣ ਜੀ ਨੂੰ ਯਾਦ ਆਇਆ ਕਿ ਅਜ ਓਹ ਰਾਜੇ ਦੀ ਸੇਵਾ ਵਿਚ

ਹਾਜ਼ਰ ਨਹੀਂ ਹੋਏ। ਰਾਜਾ ਜ਼ਰੂਰ ਗੁਸੇ ਹੋਵੇਗਾ ਸ਼ਾਇਦ ਨੌਕਰੀ ਤੋਂ ਜਵਾਬ ਹੀ ਮਿਲ ਜਾਵੇ। ਏਸੇ ਚਿੰਤਾ ਵਿਚ ਰਹਿੰਦੀ ਰਾਤ ਵੀ ਨੀਂਦ ਨਾ ਪਈ। ਸਵੇਰ ਹੋਈ ਤਾਂ ਕਾਹਲੀ ਕਾਹਲੀ ਰਾਜਾ ਜੀ ਵਲ ਗਏ ਪਰ ਦਿਲ ਡਰ ਨਾਲ ਧੜਕ ਰਿਹਾ ਸੀ।

ਰਾਜਾ ਜੀ ਪਲੰਘ ਉਤੇ ਬੈਠੇ ਸਨ। ਭਗਤ ਸੈਣ ਜੀ ਰਾਜੇ ਨੂੰ ਦੂਰੋਂ ਦੇਖ ਕੇ ਦੂਰ ਖਲੋ ਗਏ। ਉਨ੍ਹਾਂ ਦਾ ਸਿਰ ਨੀਵਾਂ ਰਿਹਾ ਉਹ ਖਿਮਾਂ ਮੰਗਣਾ ਚਾਹੁੰਦੇ ਸਨ ਪਰ ਪ੍ਰਭੂ ਦੇ ਕੌਤਕਾਂ ਨੂੰ ਕੌਣ ਜਾਣਦਾ ਹੈ। ਜੁਗੋ ਜੁਗ ਭਗਤਾਂ ਦੀ ਆਬਰੂ ਤੇ ਵਡਿਆਈ ਨੂੰ ਭਗਵਾਨ ਰਖਦਾ ਆਇਆ ਹੈ। ਉਸ ਨੇ ਆਵਾਜ਼ ਮਾਰ ਕੇ ਕੋਲ ਸਦਿਆ। ਅਜੇ ਸੈਣ ਕੁਝ ਜ਼ਬਾਨੋਂ ਆਖਣ ਹੀ ਲੱਗਾ ਸੀ ਕਿ ਰਾਜਾ ਪਹਿਲਾਂ ਬੋਲ ਪਿਆ—'ਸੈਣ! ਮੈਂ ਬਹੁਤ ਖ਼ੁਸ਼ ਹਾਂ। ਕਲ੍ਹ ਦੀ ਤੂੰ ਮੇਰੀ ਬਹੁਤ ਹੱਛੀ ਸੇਵਾ ਕੀਤੀ ਹੈ। ਲੈ ਇਨਾਮ!' ਇਹ ਆਖ ਕੇ ਰਾਜੇ ਨੇ ਸੋਨੇ ਦੀ ਜ਼ੰਜੀਰ ਗਲੋਂ ਲਾਹ ਕੇ ਸੈਣ ਦੇ ਗਲ ਪਾ ਦਿਤੀ। ਸੈਣ ਬਹੁਤ ਹੈਰਾਨ ਹੋਇਆ ਕਿ ਮੈਂ ਤਾਂ ਆਇਆ ਨਹੀਂ ਸੇਵਾ ਕੌਣ ਕਰ ਗਿਆ। ਰਾਜਾ ਕਿਤੇ ਮਖੌਲ ਤਾਂ ਨਹੀਂ ਕਰਦਾ। ਪਿਛੋਂ ਨਿਰਾਦਰੀ ਨਾ ਕਰੇ। ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ—'ਹੇ ਰਾਜਾ! ਮੇਰੇ ਅੰਨ ਦਾਤਾ ਜੀ! ਮੈਂ ਝੂਠ ਨਹੀਂ ਬੋਲਣਾ ਚਾਹੁੰਦਾ ਸਚੋ ਸੱਚ ਗੱਲ ਇਹ ਹੈ ਕਿ ਮੈਂ ਕਲ੍ਹ ਆਇਆ ਹੀ ਨਹੀਂ।' ਇਹ ਆਖ ਕੇ ਸੰਤ ਮੰਡਲੀ ਦੇ ਮਿਲਣ ਦੇ, ਭੰਡਾਰੇ ਤੇ ਕੀਰਤਨ ਕਰਨ ਦੀ ਸਾਰੀ ਵਾਰਤਾ ਸੁਣਾ ਦਿਤੀ। ਸਾਰੀ ਵਾਰਤਾ ਸੁਣ ਕੇ ਰਾਜਾ ਬੀਰ ਸਿੰਘ ਬਹੁਤ ਅਸਚਰਜਤਾ ਨਾਲ ਬੋਲਿਆ—'ਕੀ ਇਹ ਸੱਚ ਹੈ ਕਿ ਤੂੰ ਨਹੀਂ ਆਇਆ?'

'ਬਿਲਕੁਲ ਸੱਚ ਮਹਾਰਾਜ! ਬੇਸ਼ਕ ਮੇਰੇ ਘਰੋਂ ਜਾ ਕੇ ਪੁਛਿਆ ਜਾਵੇ।' ਸੈਣ ਜੀ ਨੇ ਉੱਤਰ ਦਿੱਤਾ।

'ਜਿਸ ਵੇਲੇ ਤੂੰ ਆਇਆ ਕਰਦਾ ਸੀ, ਠੀਕ ਓਸੇ ਵੇਲੇ ਤੇਰਾ ਸਰੂਪ ਬੰਦਾ ਏਥੇ ਆਇਆ। ਨੁਹਾਰ, ਬੋਲ ਚਾਲ, ਕੰਮ ਤੇ ਅਕਲ ਵਿਚ ਮੈਨੂੰ ਫ਼ਰਕ ਨਹੀਂ ਜਾਪਿਆ। ਉਸਨੇ ਮੇਰੀ ਬਹੁਤ ਸੇਵਾ ਕੀਤੀ। ਪੂਰੇ ਦੋ ਘੰਟੇ ਮਾਲਸ਼ ਕਰਦਾ ਰਿਹਾ, ਮੈਂ ਹੈਰਾਨ ਹਾਂ, ਪ੍ਰਭੂ ਨੇ ਇਹ ਅਸਚਰਜ ਖੇਲ ਕੀ ਰਚਿਆ।'

'ਮਹਾਰਾਜ! ਮੈਂ ਪ੍ਰਭੂ ਦੇ ਕੰਮ ਵਿੱਚ ਲਗਾ ਸਾਂ ਪ੍ਰਭੂ ਮੇਰੇ ਕੰਮ ਕਰਨ ਵਾਸਤੇ ਆ ਗਿਆ। ਮੇਰੇ ਧੰਨ ਭਾਗ! ਤੁਸੀਂ ਸਭ ਤੋਂ ਭਾਗਾਂ ਵਾਲੇ ਜੇ ਜਿਨ੍ਹਾਂ ਨੂੰ

ਦਰਸ਼ਨ ਹੋ ਗਏ।' ਸੈਣ ਜੀ ਨੇ ਆਖਿਆ।

ਉਸ ਦਿਨ ਤੋਂ ਰਾਜਾ ਭਗਤ ਸੈਣ ਜੀ ਦਾ ਬਹੁਤ ਸਤਿਕਾਰ ਕਰਨ ਲਗ ਪਿਆ। ਨਿਰਾ ਸਤਿਕਾਰ ਨਹੀਂ ਸਗੋਂ ਮਹਾਰਾਜ ਰੇਵਾ ਦੇ ਖ਼ਾਨਦਾਨ ਵਿਚ ਹੁਣ ਤਕ ਨਾਈ ਦੀ ਔਲਾਦ ਨੂੰ ਗੁਰੂ ਕਰਕੇ ਪੂਜਿਆ ਜਾਂਦਾ ਹੈ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਦਾ ਇਹ ਸ਼ਬਦ ਹੈ—

*ਧੂਪ ਦੀਪ ਘ੍ਰਿਤ ਸਾਜਿ ਆਰਤੀ ॥ ਵਾਰਨੇ ਜਾਉ ਕਮਲਾ ਪਤੀ ॥੧॥*
*ਮੰਗਲਾ ਹਰਿ ਮੰਗਲਾ ॥ ਨਿਤ ਮੰਗਲੁ ਰਾਜਾ ਰਾਮ ਰਾਇ ਕੋ ॥੧॥ ਰਹਾਉ ॥*
*ਊਤਮੁ ਦੀਅਰਾ ਨਿਰਮਲ ਬਾਤੀ ॥ ਤੁਹੀਂ ਨਿਰੰਜਨੁ ਕਮਲਾ ਪਾਤੀ ॥੨॥*
*ਰਾਮਾ ਭਗਤਿ ਰਾਮਾਨੰਦੁ ਜਾਨੈ ॥ ਪੂਰਨ ਪਰਮਾਨੰਦੁ ਬਖਾਨੈ ॥੩॥ ਮਦਨ*
*ਮੂਰਤਿ ਭੈ ਤਾਰਿ ਗੋਬਿੰਦੇ ॥ ਸੈਨੁ ਭਣੈ ਭਜੁ ਪਰਮਾਨੰਦੇ ॥੪॥੨॥* (ਧਨਾਸਰੀ)

ਭਾਵ—ਕਮਲਾ ਪਤੀ (ਵਿਸ਼ਨੂੰ ਜੀ) ਤੋਂ ਬਲਿਹਾਰੇ ਜਾਵਾਂ, ਉਸਦੀ ਉਸਤਤੀ ਕਰੀ ਜਾਵਾਂ ਇਹੋ ਮੇਰੀ ਧੂਪ ਤੇ ਦੀਪ (ਦੀਵੇ ਜਗਾਉਣਾ) ਅਤੇ ਘਿਉ ਸਾੜ ਕੇ ਆਰਤੀ ਕਰਨੀ ਹੈ। ਸ੍ਰੀ ਰਾਮ ਦੀ ਉਸਤਤ ਹੋ ਰਹੀ ਹੈ ਸਦੀਵ ਕਾਲ ਤੋਂ ਨਿਤ ਮੰਗਲ ਹੋ ਰਿਹਾ ਹੈ। ਦੀਵਾ ਚੰਗਾ ਹੈ, ਬਤੀ ਸਾਫ਼ ਹੈ। ਹੇ ਪ੍ਰਭੂ! ਤੂੰ ਹੀ ਮਾਇਆ ਤੋਂ ਰਹਿਤ ਹੈ। ਪ੍ਰਭੂ ਦੀ ਭਗਤੀ ਨੂੰ ਸਵਾਮੀ ਰਾਮਾਨੰਦ ਹੀ ਜਾਣਦੇ ਨੇ ਤੇ ਉਹ ਉਸ ਪ੍ਰਭੂ ਪਰਮ ਅਨੰਦ ਵਾਲੇ ਨੂੰ ਦਸਦੇ ਹਨ। ਐ ਮੇਰੇ ਪਿਆਰੇ ਪ੍ਰਭੂ! ਸੁੰਦਰ ਸੂਰਜ ਵਾਲੇ! ਮੇਰਾ ਉਧਾਰ ਕਰਨ ਵਾਲੇ ਰਾਮ! ਸੈਣ ਜੀ ਆਖਦੇ ਹਨ ਉਹਦਾ ਜਾਪ ਕਰੋ ਉਹ ਸਰਬ ਸੁਖ ਦੇਣ ਵਾਲਾ ਤੇ ਕਲਿਆਣਕਾਰੀ ਹੈ।

# ੬. ਧੰਨਾ ਭਗਤ ਜੀ

*ਬਾਮ੍ਹਣੁ ਪੂਜੇ ਦੇਵਤੇ ਧੰਨਾ ਗਊ ਚਰਾਵਣਿ ਜਾਵੈ।*
*ਧੰਨੈ ਡਿਠਾ ਚਲਿਤੁ ਏਹੁ ਪੁਛੈ ਬਾਮ੍ਹਣੁ ਆਖਿ ਸੁਣਾਵੈ।*
*ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।*
*ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ।*
*ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ।*
*ਠਾਕੁਰ ਨੋ ਨ੍ਹਾਵਾਲਿ ਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*
*ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।*

*ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।*
*ਗੋਸਾਈ ਪਰਤਖਿ ਹੋਇ ਰੋਟੀ ਖਾਹਿ ਛਾਹਿ ਮੁਹਿ ਲਾਵੈ।*
*ਭੋਲਾ ਭਾਉ ਗੋਬਿੰਦੁ ਮਿਲਾਵੈ ॥੧੩॥* *(ਭਾਈ ਗੁਰਦਾਸ ਜੀ, ਵਾਰ ੧੦)*

ਪ੍ਰਮਾਰਥ—ਬ੍ਰਾਹਮਣ ਠਾਕਰਾਂ ਦੀ ਪੂਜਾ ਕਰਦਾ ਸੀ ਤੇ ਉਥੇ ਧੰਨਾ ਗਊਆਂ ਚਾਰਿਆ ਕਰਦਾ ਸੀ। ਧੰਨੇ ਨੇ ਬ੍ਰਾਹਮਣ ਦੀ ਇਹ ਖੇਡ ਦੇਖੀ ਤੇ ਬ੍ਰਾਹਮਣ ਨੂੰ ਪੁਛਿਆ, 'ਦਾਦਾ ਜੀ! ਇਹ ਕੀ ਮਾਮਲਾ ਹੈ?' ਬ੍ਰਾਹਮਣ ਨੇ ਉੱਤਰ ਦਿਤਾ, 'ਭਾਈ ਠਾਕਰਾਂ ਦੀ ਸੇਵਾ ਹੈ, ਜੋ ਸੇਵਾ ਕਰੇ ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।' ਧੰਨੇ ਨੇ ਆਖਿਆ, 'ਇਕ ਠਾਕੁਰ ਮੈਨੂੰ ਵੀ ਦੇਹ।' ਧੰਨੇ ਨੂੰ ਗਲੋਂ ਲਾਹੁਣ ਬਦਲੇ ਟਾਕੀ ਵਿਚ ਲਪੇਟ ਕੇ ਇਕ ਪੱਥਰ ਦੇ ਦਿੱਤਾ। (ਘਰ ਜਾ ਕੇ) ਧੰਨੇ ਠਾਕੁਰ ਨੂੰ ਇਸ਼ਨਾਨ ਕਰਾਇਆ ਤੇ ਲੱਸੀ ਰੋਟੀ ਅਗੇ ਰਖ ਕੇ ਭੋਗ ਲਾਉਣ ਵਾਸਤੇ ਆਖਣ ਲੱਗਾ। ਠਾਕੁਰ ਰੋਟੀ ਨਾ ਖਾਵੇ ਤਾਂ ਧੰਨਾ ਹੱਥ ਜੋੜ ਕੇ ਉਸ ਨੂੰ ਮਨਾਵੇ ਨਾਲੇ ਮਿੰਨਤਾਂ ਕਰੇ। ਧੰਨੇ ਵੀ ਸੌਂਹ ਖਾ ਲਈ ਕਿ ਠਾਕੁਰ ਜੀ ਜੇ ਤੁਸੀਂ ਨਹੀਂ ਖਾਵੋਗੇ ਤਾਂ ਮੈਂ ਵੀ ਸੁਚੇ ਮੂੰਹ ਹੀ ਰਹਾਂਗਾ। ਉਸਦਾ ਇਹ ਪ੍ਰਣ ਦੇਖ ਕੇ ਪ੍ਰਭੂ ਪ੍ਰਗਟ ਹੋਏ ਤੇ ਉਸਦੀ ਲੱਸੀ ਪੀਤੀ, ਰੋਟੀ ਖਾਧੀ ਨਾਲੇ ਦਰਸ਼ਨ ਦਿਤੇ। ਭੋਲੇ ਪਨ ਵਿਚ ਪੂਜਾ ਕਰਨ ਤੇ ਧੰਨੇ ਨੂੰ ਪ੍ਰਭੂ ਮਿਲ ਪਿਆ ਪਰ ਬ੍ਰਾਹਮਣ ਐਵੇਂ ਹੀ ਰਿਹਾ।

ਭਗਤ ਧੰਨਾ ਜਾਤ ਦੇ ਜੱਟ ਸਨ। ਆਪ ਬੰਬਈ ਦੇ ਨੇੜੇ ਪਿੰਡ ਧੁਆਨ (ਇਲਾਕਾ ਟਾਂਕ) ਦੇ ਰਹਿਣ ਵਾਲੇ ਸਨ। ਆਪ ਦਾ ਜਨਮ ਸੰਮਤ ੧੪੭੩ ਬਿਕ੍ਰਮੀ ਵਿੱਚ ਹੋਇਆ। ਗ਼ਰੀਬ ਜਟ ਦੇ ਪੁੱਤਰ ਸਨ। ਬਚਪਨ ਦੇ ਥੋੜੇ ਜਿਹੇ ਸਾਲ ਖੇਡਦਿਆਂ ਕੁਦਦਿਆਂ ਬੀਤੇ। ਜਦੋਂ ਰਤਾ ਹੋਸ਼ ਆਈ ਤਾਂ ਮਾਂ ਬਾਪ ਨੇ ਗਊਆਂ ਚਰਾਵਨ ਵਾਸਤੇ ਲਾ ਦਿੱਤਾ। ਗਊਆਂ ਚਾਰਨ ਜੂਹ ਵਿਚ ਜਾਂਦੇ ਤਾਂ ਸ਼ਾਮ ਨੂੰ ਘਰ ਆਉਂਦੇ।

ਧੰਨਾ ਜੀ ਜਿਧਰ ਗਊਆਂ ਚਾਰਨ ਜਾਇਆ ਕਰਦੇ ਸੀ ਓਧਰ ਰਾਹ ਵਿਚ ਇਕ ਠਾਕੁਰ ਦਵਾਰਾ ਸੀ। ਉਸ ਠਾਕੁਰ ਦਵਾਰੇ ਵਿਚ ਪੱਥਰ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਪਿੰਡ ਦਾ ਪੰਡਤ ਸਵੇਰੇ ਤੇ ਸ਼ਾਮ ਨੂੰ ਉਸ ਠਾਕੁਰ ਦਵਾਰੇ ਜਾਂਦਾ ਤੇ ਉਨ੍ਹਾਂ ਪੱਥਰੀ ਦੇਵਤਿਆਂ ਦੀ ਪੂਜਾ ਕਰਦਾ। ਟਲ ਖੜਕੌਂਦਾ, ਪੱਥਰਾਂ ਨੂੰ ਇਸ਼ਨਾਨ ਕਰਾਉਂਦਾ ਤੇ ਪਿੰਡ ਦੇ ਲੋਕਾਂ ਦੇ ਆਉਣ ਤਕ ਬੈਠਾ

ਰਹਿੰਦਾ। ਕਈ ਵਡੇਰੀ ਉਮਰ ਦੇ ਲੋਕ ਠਾਕੁਰਾਂ ਦੀ ਪੂਜਾ ਵਿਚ ਸ਼ਾਮਲ ਹੋ ਜਾਂਦੇ। ਉਹ ਠਾਕੁਰ, ਠਾਕੁਰਾਂ ਦੀ ਪੂਜਾ, ਠਾਕੁਰਾਂ ਨੂੰ ਭੋਗ ਲਵਾਉਣ ਇਹ ਸਭ ਕੁਝ ਉਸ ਬ੍ਰਾਹਮਣ ਦੀ ਰੋਟੀ ਦੇ ਵਸੀਲੇ ਸਨ। ਰੋਟੀ ਬਦਲੇ ਹੀ ਉਹ ਬ੍ਰਾਹਮਣ ਮਿਹਨਤ ਕਰਦਾ ਸੀ, ਹੋਰ ਉਸ ਦੇ ਹਿਰਦੇ ਅੰਦਰ ਪ੍ਰਭੂ (ਭਗਵਾਨ) ਸਿਮਰਨ ਦੀ ਭਾਵਨਾ ਨਹੀਂ ਸੀ, ਉਹਦਾ ਹਿਰਦਾ ਵੀ ਪੱਥਰਾਂ ਨਾਲੋਂ ਬਹੁਤ ਕੋਰਾ ਤੇ ਕਰੜਾ ਸੀ, ਇਸ ਭੋਲੇ ਭਾਲੇ ਲੋਕਾਂ ਨੂੰ ਠੱਗਣ ਵਾਸਤੇ ਠੱਗਾਂ ਵਾਂਗ ਬਣਿਆ ਹੋਇਆ ਸੀ।

ਧੰਨਾ ਬਚਪਨ ਤੋਂ ਓਸ ਬ੍ਰਾਹਮਣ ਨੂੰ ਦੇਖਦਾ ਸੀ, ਕਦੀ ਕਦਾਈਂ ਆਪ ਠਾਕੁਰ ਦਵਾਰੇ ਚਲਿਆ ਵੀ ਜਾਂਦਾ। ਹੁਣ ਧੰਨਾ ਜਵਾਨ ਹੋ ਗਿਆ, ਉਸ ਨੂੰ ਗਿਆਨ ਹੋਇਆ ਕਿ ਬ੍ਰਾਹਮਣ ਜੇਹੜਾ ਰੋਜ਼ ਠਾਕੁਰਾਂ ਦੀ ਪੂਜਾ ਕਰਦਾ ਹੈ ਤਾਂ ਕਿਉਂ ਕਰਦਾ ਹੈ? ਠਾਕੁਰ ਕੀ ਦੇਂਦੇ ਨੇ? ਜੇ ਇਹ ਠਾਕੁਰ ਕੁਝ ਦੇਣ ਜੋਗੇ ਹੋਣ ਤਾਂ ਉਹ ਵੀ ਪੂਜਾ ਕਰੇ, ਕਿਉਂਕਿ ਉਸ ਦੇ ਘਰ ਗ਼ਰੀਬੀ ਹੈ, ਗ਼ਰੀਬੀ ਦੂਰ ਕਰਨ ਦਾ ਇਹੋ ਸਾਧਨ ਸਹੀ।

ਇਕ ਦਿਨ ਸਵੇਰੇ ਹੀ ਘਰੋਂ ਉਠ ਕੇ ਧੰਨਾ ਠਾਕੁਰ ਦਵਾਰੇ ਚਲਿਆ ਗਿਆ, ਅਗੇ ਬ੍ਰਾਹਮਣ ਪੂਜਾ ਕਰ ਰਿਹਾ ਸੀ, ਜਦੋਂ ਪੂਜਾ ਕਰਕੇ ਹਟਿਆ ਤਾਂ ਧੰਨੇ ਨੇ ਹੱਥ ਜੋੜ ਕੇ ਪੁਛਿਆ—'ਪੰਡਤ ਜੀ! ਭਲਾ ਇਹ ਦਸੋ ਕਿ ਜਿਨ੍ਹਾਂ ਦੀ ਪੂਜਾ ਕਰਦੇ ਹੋ ਇਹ ਕੀ ਦੇਂਦੇ ਹਨ?'

'ਧੰਨਿਆ! ਇਨ੍ਹਾਂ ਦੀ ਪੂਜਾ ਕੀਤਿਆਂ ਸਭ ਕੁਝ ਮਿਲਦਾ ਹੈ। ਇਹ ਦੇਵਤੇ ਹਨ, ਭਗਵਾਨ ਹਨ, ਜੋ ਮੰਗੀਏ ਸੋ ਦੇਂਦੇ ਹਨ, ਜਦੋਂ ਇਹ ਪ੍ਰਸੰਨ ਹੋ ਜਾਣ।'

'ਪੰਡਤ ਜੀ, ਕ੍ਰਿਪਾ ਕਰੋ ਤਾਂ ਇਕ ਠਾਕੁਰ ਮੈਨੂੰ ਵੀ ਦੇ ਦਿਓ ਮੈਂ ਵੀ ਪੂਜਾ ਕਰਿਆ ਕਰਾਂ, ਜਦੋਂ ਠਾਕੁਰ ਪ੍ਰਸੰਨ ਹੋਣ ਤਾਂ ਕੁਝ ਮੰਗ ਲਵਾਂਗਾ।'

'ਤੇਰੇ ਕੋਲੋਂ ਠਾਕੁਰਾਂ ਪ੍ਰਸੰਨ ਨਹੀਂ ਹੋਣਾ' ਬ੍ਰਾਹਮਣ ਨੇ ਕਿਹਾ।

'ਕਾਰਨ ਕੀ ਪੰਡਿਤ ਜੀ' ਧੰਨੇ ਪੁਛਿਆ।

'ਤੈਨੂੰ ਆਖ ਜੁ ਦਿਤਾ, ਇਕ ਤਾਂ ਤੂੰ ਜੱਟ ਹੈਂ, ਜੱਟ ਨੂੰ ਅਕਲ ਨਹੀਂ ਹੁੰਦੀ ਪੂਜਾ ਕਰਨ ਦੀ। ਦੂਸਰਾ ਅਨਪੜ੍ਹ ਹੈਂ। ਵਿਦਿਆ ਹੀਣ ਪੁਰਸ਼ ਪਸ਼ੂ ਜਨਮ ਹੁੰਦਾ ਹੈ। ਤੀਸਰਾ ਮੰਦਰ ਤੋਂ ਬਿਨਾਂ ਠਾਕੁਰ ਨਾ ਕਿਤੇ ਰਹਿੰਦੇ ਨੇ ਨਾ ਪ੍ਰਸੰਨ ਹੁੰਦੇ ਨੇ। ਇਸ ਵਾਸਤੇ ਤੂੰ ਜ਼ਿੱਦ ਨਾ ਕਰ ਆਪਣੇ ਖੇਤਾਂ ਦੀ ਦੇਖ ਭਾਲ ਕਰ।

ਬ੍ਰਾਹਮਣ ਦਾ ਧਰਮ ਹੈ, ਪੂਜਾ ਪਾਠ ਕਰਨਾ । ਜੱਟ ਦਾ ਕੰਮ ਹੈ ਅੰਨ ਪੈਦਾ ਕਰਨਾ । ਭਾਈ ਤੁਸੀਂ ਲੋਕ ਹਲ ਵਾਹੁੰਦੇ ਤੇ ਕਹੀ ਰੰਬੇ ਨਾਲ ਗੋਡੀਆਂ ਕਰਦੇ ਹੀ ਚੰਗੇ ਹੋ ।'

ਬ੍ਰਾਹਮਣ ਨੇ ਏਧਰ ਓਧਰ ਦੀਆਂ ਮਾਰ ਕੇ ਬਹੁਤ ਸਮਝਾਉਣ ਦਾ ਯਤਨ ਕੀਤਾ, ਪਰ ਧੰਨਾ ਨਾ ਮੰਨਿਆ, ਉਹ ਜ਼ਿੱਦ ਉਤੇ ਅੜਿਆ ਰਿਹਾ । ਬ੍ਰਾਹਮਣ ਮਾੜਾ ਸੀ, ਧੰਨਾ ਚੜ੍ਹਦੀ ਜਵਾਨੀ ਗਭਰੂ । ਬ੍ਰਾਹਮਣ ਨੂੰ ਫ਼ਿਕਰ ਪੈ ਗਿਆ ਕਿ ਕਿਤੇ ਮੌਰਾਂ ਨਾ ਸੇਕ ਦੇਵੇ । ਇਸ ਵਾਸਤੇ ਉਸ ਡਰਦੇ ਮਾਰੇ ਨੇ ਆਖਿਆ— 'ਹੱਛਾ ਧੰਨਿਆ! ਜੇ ਜ਼ਿੱਦ ਕਰਦਾ ਹੈਂ ਤਾਂ ਤੈਨੂੰ ਇਕ ਠਾਕੁਰ ਦੇ ਹੀ ਦੇਂਦੇ ਹਾਂ ।' ਇਹ ਆਖ ਕੇ ਬ੍ਰਾਹਮਣ ਨੇ ਧੰਨੇ ਨੂੰ ਟਾਲਣ ਵਾਸਤੇ ਠਾਕੁਰ ਪੱਥਰ ਸਾਲ ਗਰਾਮ ਜੋ ਮੰਦਰ ਵਿੱਚ ਪਿਆ ਸੀ ਚੁਕ ਕੇ ਧੰਨੇ ਦੇ ਹਵਾਲੇ ਕਰ ਦਿੱਤਾ। ਨਾਲ ਹੀ ਉਸ ਨੂੰ ਪੂਜਾ ਕਰਨ ਦੀ ਵਿਧੀ ਦਸ ਦਿਤੀ ।

ਚਾਦਰ ਵਿਚ ਲਪੇਟ ਕੇ ਧੰਨਾ ਠਾਕੁਰ ਨੂੰ ਘਰ ਲੈ ਗਿਆ । ਅੰਦਰ ਰਖ ਦਿਤਾ । ਉਸੇ ਵੇਲੇ ਤਰਖਾਣ ਵਲ ਗਿਆ, ਇਕ ਲਕੜ ਦੀ ਚੌਂਕੀ ਬਣਵਾਈ ਉਸ ਚੌਂਕੀ ਨੂੰ ਧੋ ਕੇ ਓਹਦੇ ਉਤੇ ਠਾਕੁਰ ਰਖ ਦਿਤਾ ।

ਰਾਤ ਧੰਨੇ ਨੂੰ ਨੀਂਦ ਨਹੀਂ ਪਈ । ਉਹ ਮਨ ਹੀ ਮਨ ਵਿਚ ਗਿੱਟੀਆਂ ਗਿਣਦਾ ਰਿਹਾ ਕਿ ਸਵੇਰੇ ਉਠ ਕੇ ਉਹ ਕਿਵੇਂ ਠਾਕੁਰਾਂ ਨੂੰ ਪ੍ਰਸੰਨ ਕਰੇਗਾ। ਜੇ ਠਾਕੁਰ ਪ੍ਰਸੰਨ ਹੋ ਵੀ ਜਾਣ ਤਾਂ ਕੀ ਮੰਗੇਗਾ । ਘਰ ਵਿਚ ਕਿਹੜੀ ਕਿਹੜੀ ਚੀਜ਼ ਦੀ ਲੋੜ ਹੈ ? ਜੇ ਲੋੜਾਂ ਬਹੁਤੀਆਂ ਹਨ ਤਾਂ ਪਹਿਲਾਂ ਕੀ ਚਾਹੀਦਾ ਹੈ? ਇਹੋ ਜਿਹੀਆਂ ਦਲੀਲਾਂ ਤੇ ਸੋਚਾਂ ਵਿਚ ਰਾਤ ਲੰਘ ਗਈ । ਕੁਕੜ ਨੇ ਬਾਂਗ ਦਿਤੀ ਤੇ ਮੰਜੇ ਉਤੋਂ ਉਠ ਬੈਠਾ । ਪਹਿਲਾਂ ਆਪ ਇਸ਼ਨਾਨ ਕੀਤਾ ਫਿਰ ਠਾਕੁਰ ਨੂੰ ਇਸ਼ਨਾਨ ਕਰਾਇਆ । ਜਦੋਂ ਇਸ਼ਨਾਨ ਹੋ ਗਏ ਤਾਂ ਕਿੰਨਾ ਚਿਰ ਹੱਥ ਜੋੜ ਕੇ ਠਾਕੁਰ ਅਗੇ ਬੈਠਾ ਰਿਹਾ । ਵਿਦਿਆ ਹੀਣ ਸੀ, ਪੂਜਾ ਪਾਠ ਤਾਂ ਕੋਈ ਆਉਂਦਾ ਨਹੀਂ ਸੀ ਇਸ ਵਾਸਤੇ ਚੁਪ ਕਰਕੇ ਹੀ ਬੈਠਾ ਰਿਹਾ। ਪਰ ਸ਼ਰਧਾ ਨਾਲ ਉਸਦੀ ਆਤਮਾ ਕਹਿ ਰਹੀ ਸੀ । ਠਾਕੁਰ ਬਹੁਤ ਚੰਗੇ ਜੇ । ਜਗਤ ਦੇ ਕਰਤਾ ਹਰਤਾ ਜੇ । ਮੈਨੂੰ ਸੁਖ ਦਿਓ, ਮੈਂ ਤੁਸਾਂ ਨੂੰ ਭੋਗ ਲਗਾਵਾਂਗਾ ।

ਧੰਨਾ ਇਕੱਲਾ ਸੀ, ਘਰ ਦੇ ਕੰਮ ਉਸ ਨੂੰ ਆਪ ਕਰਨੇ ਪੈਂਦੇ ਸਨ, ਠਾਕੁਰ ਨੂੰ ਇਸ਼ਨਾਨ ਕਰਾ ਕੇ ਉਨ੍ਹਾਂ ਅਗੇ ਭਗਤੀ ਭਾਵ ਨਾਲ ਬੈਠ ਕੇ ਦਿਨ ਚੜ੍ਹੇ

ਉਠਿਆ, ਲੱਸੀ ਰਿੜਕੀ, ਰੋਟੀਆਂ ਪਕਾਈਆਂ, ਜੋ ਮੱਖਣ ਕਢਿਆ ਓਹ ਕੌਲੀ ਵਿਚ ਪਾ ਕੇ ਰਖ ਲਿਆ। ਥਾਲੀ ਵਿਚ ਰੋਟੀ ਰਖ ਕੇ ਲੱਸੀ ਭਾਂਡੇ ਵਿਚ ਪਾ ਕੇ ਧੰਨੇ ਜਾ ਠਾਕੁਰ ਅਗੇ ਰਖੀ ਤੇ ਅਰਦਾਸ ਕੀਤੀ—'ਹੇ ਪ੍ਰਭੂ! ਭੋਗ ਲਾਵੋ। ਮੇਰੇ ਗ਼ਰੀਬ ਕੋਲ ਲੱਸੀ ਤੇ ਮੱਖਣ ਹੀ ਹੈ। ਹੋਰ ਕੁਝ ਨਹੀਂ ਮੈਂ ਗ਼ਰੀਬ ਹਾਂ। ਜਦੋਂ ਹੋਰ ਚੀਜ਼ਾਂ ਬਖ਼ਸ਼ੋਗੇ ਤਾਂ ਮੈਂ ਓਹੋ ਚੀਜ਼ਾਂ ਆਪ ਅਗੇ ਪਰੋਸ ਕੇ ਰਖਿਆ ਕਰਾਂਗਾ। ਛਕੋ ਠਾਕੁਰ ਜੀ!' ਇਉਂ ਆਖ ਕੇ ਉਹ ਬੈਠਾ ਦੇਖਦਾ ਰਿਹਾ। ਹੁਣ ਪੱਥਰ ਭੋਜਨ ਕਿਵੇਂ ਕਰੇ? ਬ੍ਰਾਹਮਣ ਤਾਂ ਠਾਕੁਰ ਦੇ ਭੋਗ ਦਾ ਪੱਜ ਲਾ ਕੇ ਸਾਰੀ ਸਮੱਗਰੀ ਘਰ ਲੈ ਜਾਂਦਾ ਸੀ। ਇਕ ਬੁਰਕੀ ਪੱਥਰ ਦੇ ਮੂੰਹ ਨੂੰ ਲਾਉਣੀ ਤੇ ਥਾਲ ਚੁਕ ਕੇ ਘਰ ਤੁਰ ਜਾਣਾ। ਭੋਲੇ ਧੰਨੇ ਨੂੰ ਇਹਨਾਂ ਚਾਲਾਕੀਆਂ ਦਾ ਕੁਝ ਪਤਾ ਨਹੀਂ ਸੀ ਉਹ ਤਾਂ ਬ੍ਰਾਹਮਣ ਦੇ ਬਚਨਾਂ ਨੂੰ ਸਚਿਆਂ ਸਮਝਦਾ ਸੀ।

ਦੋ ਘੰਟੇ ਹੋ ਗਏ ਠਾਕੁਰ ਨੇ ਧੰਨੇ ਦਾ ਪ੍ਰਸ਼ਾਦ ਨਾ ਛਕਿਆ, ਧੰਨਾ ਬਹੁਤ ਹੈਰਾਨ ਹੋਇਆ, ਉਹ ਬਿਹਬਲ ਹੋ ਕੇ ਆਖਣ ਲੱਗਾ—'ਹੇ ਈਸ਼ਵਰ! ਕੀ ਜੱਟ ਦਾ ਪ੍ਰਸ਼ਾਦ ਨਹੀਂ ਛਕਦੇ? ਇਹ ਸੁਚਾ ਹੈ ਮੈਂ ਇਸ਼ਨਾਨ ਕਰਕੇ ਪਕਾਇਆ ਹੈ। ਜੇ ਲੱਸੀ ਤੇ ਮੱਖਣ ਚੰਗਾ ਨਹੀਂ ਲਗਦਾ ਤਾਂ ਦਸੋ ਮੈਂ ਹੋਰ ਕੀ ਲਿਆਵਾਂ? ਦਾਦਾ ਤਾਂ ਐਨਾ ਚਿਰ ਨਹੀਂ ਸੀ ਉਡੀਕਦਾ ਉਸਦਾ ਪ੍ਰਸ਼ਾਦ ਤਾਂ ਝਟਪਟ ਛਕ ਜਾਂਦੇ ਜੇ। ਈਸ਼ਵਰ ਕ੍ਰਿਪਾ ਕਰੋ। ਹਾਂ ਇਹ ਵੀ ਜੇ ਪਕ ਸਮਝੋ। ਜੇ ਅਜ ਆਪ ਨੇ ਪ੍ਰਸ਼ਾਦ ਨਾ ਛਕਿਆ ਤਾਂ ਮੈਂ ਵੀ ਨਹੀਂ ਛਕਨਾ ਮਰ ਜਾਵਾਂਗਾ ਪਰ ਤੁਸਾਂ ਨੂੰ ਛਕਾਏ ਬਗ਼ੈਰ ਨਹੀਂ ਛਕਾਂਗਾ, ਮੈਂ ਬਚਨ ਕਰਦਾ ਹਾਂ। ਮੈਂ ਜੱਟ ਹਾਂ, ਪਰ ਜ਼ਿਦ ਨਹੀਂ ਛਡਾਂਗਾ। ਜੇ ਧਰਮ ਹੈ ਸਿਰਫ਼ ਬ੍ਰਾਹਮਣ ਕੋਲੋਂ ਖਾਣਾ, ਤਾਂ ਅਸਾਡਾ ਧਰਮ ਹੈ ਜਿਦ ਬਦਲੇ ਕੁਰਬਾਨ ਹੋ ਜਾਣਾ। ਪ੍ਰਸ਼ਾਦ ਛਕੋ, ਨਹੀਂ ਤੇ ਮੈਂ ਵੀ ਧਰਨਾ ਮਾਰ ਕੇ ਬੈਠ ਜਾਂਦਾ ਹਾਂ।' ਇਹ ਆਖ ਕੇ ਧੰਨੇ ਨੇ ਚੌਕੜੀ ਮਾਰ ਲਈ ਠਾਕੁਰ ਵਲ ਦੇਖਦਾ ਹੋਇਆ ਬੈਠ ਗਿਆ।

ਈਸ਼ਵਰ ਨੇ ਸੋਚਿਆ ਹੁਣ ਤਾਂ ਪੱਥਰ ਵਿਚੋਂ ਪ੍ਰਗਟ ਹੋਣਾ ਪਵੇਗਾ। ਧੰਨੇ ਦੀ ਆਤਮਾ ਨਿਰਮਲ ਹੈ। ਇਹ ਵਲ ਛਲ ਨਹੀਂ ਜਾਣਦਾ ਇਸਦਾ ਪੱਕਾ ਭਰੋਸਾ ਬਣ ਗਿਆ ਹੈ ਕਿ ਠਾਕੁਰ ਭੋਜਨ ਛਕਦੇ ਨੇ ਹੁਣ ਕਿਸੇ ਦੇ ਸਮਝਾਇਆਂ ਨਹੀਂ ਸਮਝਦਾ। ਇਹ ਮੇਰਾ ਸੱਚਾ ਭਗਤ ਹੈ ਇਸ ਦੀ ਲੱਸੀ ਪੀਣੀ ਪਵੇਗੀ। ਜੇ ਪੱਥਰ ਅਗੇ ਜੱਟ ਮਰ ਗਿਆ ਤਾਂ ਸੰਸਾਰ ਮੇਰੀ ਭਗਤੀ ਛਡ ਦੇਵੇਗਾ।

ਧੰਨਾ ਦੇਖਦਾ ਰਿਹਾ ਉਸਦੀਆਂ ਅੱਖਾਂ ਠਾਕੁਰ ਜੀ ਉਪਰ ਜੰਮੀਆਂ ਹੋਈਆਂ ਸਨ। ਇਕ ਘੰਟਾ ਹੋਰ ਬੀਤਣ ਪਿਛੋਂ ਧੰਨਾ ਕੀ ਦੇਖਦਾ ਹੈ ਕਿ ਅਚਾਨਕ ਹੀ ਸ੍ਰੀ ਕ੍ਰਿਸ਼ਨ ਰੂਪ ਭਗਵਾਨ ਜੀ ਧੰਨੇ ਦੀ ਰੋਟੀ ਮੱਖਣ ਨਾਲ ਖਾ ਰਹੇ ਨੇ ਲੱਸੀ ਛਕ ਰਹੇ ਨੇ। ਧੰਨਾ ਖ਼ੁਸ਼ੀ ਨਾਲ ਉਛਲ ਪਿਆ। 'ਮੇਰੇ ਈਸ਼ਵਰ ਆ ਗਏ। ਭੋਜਨ ਛੱਕਣ ਲਗ ਪਏ। ਮੇਰੇ ਭਗਵਾਨ!' ਧੰਨੇ ਦੀ ਸਾਰੀ ਲੱਸੀ ਪੀ ਲਈ। ਰੋਟੀ ਤੇ ਮੱਖਣ ਖਾ ਲਿਆ, ਥੋੜ੍ਹਾ ਥੋੜ੍ਹਾ ਸੀਤ ਪ੍ਰਸ਼ਾਦ ਰਹਿਣ ਦਿਤਾ। ਰੋਟੀ ਖਾ ਕੇ ਭਗਵਾਨ ਜੀ ਬੋਲੇ—'ਧੰਨਿਆ ਕੁਝ ਮੰਗ! ਮੈਂ ਤੇਰੇ ਤੇ ਖ਼ੁਸ਼ ਹਾਂ, ਮੰਗ।'

ਧੰਨੇ ਹੱਥ ਜੋੜੇ ਬਾਣੀ ਰਾਹੀਂ ਬੇਨਤੀ ਕੀਤੀ—

> ਗੋਪਾਲ ਤੇਰਾ ਆਰਤਾ ॥
> ਜੋ ਜਨ ਤੁਮਰੀ ਭਗਤਿ ਕਰੰਤੇ ਤਿਨ ਕੇ ਕਾਜ ਸਵਾਰਤਾ ॥੧॥ ਰਹਾਉ ॥
> ਦਾਲਿ ਸੀਧਾ ਮਾਗਉ ਘੀਉ ॥ ਹਮਰਾ ਖੁਸੀ ਕਰੈ ਨਿਤ ਜੀਉ ॥
> ਪਨ੍ਹੀਆ ਛਾਦਨੁ ਨੀਕਾ ॥ ਅਨਾਜੁ ਮਗਉ ਸਤ ਸੀ ਕਾ ॥੧॥
> ਗਊ ਭੇਸ ਮਗਉ ਲਾਵੇਰੀ ॥ ਇਕ ਤਾਜਨਿ ਤੁਰੀ ਚੰਗੇਰੀ ॥
> ਘਰ ਕੀ ਗੀਹਨਿ ਚੰਗੀ ॥ ਜਨੁ ਧੰਨਾ ਲੇਵੈ ਮੰਗੀ ॥੨॥੪॥
> (ਧਨਾਸਰੀ)

ਪ੍ਰਮਾਰਥ—'ਹੇ ਈਸ਼ਵਰ! ਮੈਂ ਤੇਰੀ ਵਡਿਆਈ ਕਰਦਾ ਹਾਂ ਕਿਉਂਕਿ ਜੋ ਤੇਰੀ ਆਰਤੀ (ਉਸਤਤ) ਕਰਦੇ ਹਨ ਤੂੰ ਉਨ੍ਹਾਂ ਦੇ ਕੰਮ ਸਵਾਰ ਦੇਂਦਾ ਹੈਂ ਮੈਨੂੰ ਕੁਝ ਮੰਗਣ ਵਾਸਤੇ ਆਖਿਆ ਈ। ਮੈਂ ਤਾਂ ਲੋੜੀਂਦੀਆਂ ਚੀਜ਼ਾਂ ਮੰਗਦਾ ਹਾਂ। ਆਟਾ, ਦਾਲ ਤੇ ਘਿਓ ਦਿਓ। ਮੈਂ ਪ੍ਰਸੰਨ ਹੋਵਾਂਗਾ ਜੇ ਜੁੱਤੀ ਕਪੜਾ ਅਨਾਜ ਸਤਾਂ ਭਾਂਤਾਂ ਦਾ, ਗਊ ਜਾਂ ਮੱਝ ਲਵੇਰੀ, ਸਵਾਰੀ ਕਰਨ ਵਾਸਤੇ ਘੋੜੀ ਅਤੇ ਘਰ ਦੀ ਦੇਖ ਭਾਲ ਕਰਨ ਵਾਸਤੇ ਇਕ ਸੁੰਦਰ ਨਾਰੀ ਮੈਨੂੰ ਬਖ਼ਸ਼ ਇਹ ਸਾਰੀਆਂ ਚੀਜ਼ਾਂ ਮਿਲ ਜਾਣ ਤੇ ਮੇਰੇ ਕੰਮ ਸੌਰਦੇ ਹਨ।'

ਧੰਨਾ ਜੀ ਦੇ ਇਹ ਬਚਨ ਸੁਣ ਕੇ ਪ੍ਰਭੂ ਹੱਸ ਪਏ। ਹੱਸਦੇ ਹੋਏ ਹੀ ਬੋਲੇ— 'ਇਹ ਸਾਰੀਆਂ ਚੀਜ਼ਾਂ ਤੈਨੂੰ ਮਿਲਣਗੀਆਂ। ਹੋਰ ਕੁਝ?'

'ਹੋਰ ਮੈਂ ਕੀ ਦਸਾਂ ਤੇ ਕੀ ਮੰਗਾਂ। ਹਾਂ, ਜਦੋਂ ਮੈਂ ਯਾਦ ਕਰਾਂ ਤਦੋਂ ਦਰਸ਼ਨ ਜ਼ਰੂਰ ਦੇ ਜਾਇਆ ਕਰੋ। ਜੇ ਕੋਈ ਲੋੜ ਹੋਇਆ ਕਰੇਗੀ ਤਾਂ ਦਸਿਆ ਕਰਾਂਗਾ। ਬਚਨ ਦਿਓ ਕਿ ਮੇਰੇ ਯਾਦ ਕਰਨ ਤੇ ਜ਼ਰੂਰ ਦਰਸ਼ਨ ਦਿਓਗੇ?'

'ਹੱਛਾ! ਤੇਰੀ ਇਹ ਗੱਲ ਵੀ ਮੰਨਦੇ ਹਾਂ।' ਪ੍ਰਭੂ ਦਾ ਉੱਤਰ ਸੀ। 'ਹੇ

ਪ੍ਰਭੂ ! ਜੇ ਮੇਰੀ ਇਹ ਗੱਲ ਵੀ ਮੰਨਦੇ ਹੋ ਤਾਂ ਧੰਨਾ ਅਜ ਤੋਂ ਤੁਸਾਂ ਦਾ ਹੋਇਆ। ਭਗਤੀ ਵਿਚ ਉਮਰ ਬਤੀਤ ਕਰੇਗਾ।' ਧੰਨਾ ਇਉਂ ਆਖੀ ਗਿਆ ਖ਼ੁਸ਼ੀ ਵਿਚ ਮਸਤ ਹੋ ਗਿਆ। ਉਹਦੀਆਂ ਅੱਖਾਂ ਮੀਟੀਆਂ ਗਈਆਂ ਸਨ। ਜਾਂ ਉਸ ਨੇ ਅੱਖਾਂ ਖੋਹਲੀਆਂ ਤਾਂ ਪ੍ਰਭੂ ਜੀ ਅਲੋਪ ਹੋ ਚੁਕੇ ਸਨ। ਓਹੋ ਪੱਥਰ ਦਾ ਸਾਲਗ ਰਾਮ ਓਹਦੇ ਸਾਹਮਣੇ ਪਿਆ ਸੀ ਖ਼ੁਸ਼ੀ ਨਾਲ ਉਠਿਆ। ਬਰਤਨ ਚੁਕ ਲਏ। ਬਰਤਨਾਂ ਵਿਚ ਜੋ ਸੀਤ ਪ੍ਰਸ਼ਾਦ ਬਚਿਆ ਉਸ ਨੂੰ ਖਾ ਲਿਆ ਉਸ ਪ੍ਰਸ਼ਾਦਿ ਦੇ ਖਾਣ ਉਤੇ ਤਿੰਨਾਂ ਲੋਕਾਂ ਦਾ ਗਿਆਨ ਹੋ ਗਿਆ ਓਹ ਪ੍ਰਭੂ ਦੇ ਗੀਤ ਗਾਉਣ ਲਗਾ।

ਪ੍ਰਭੂ ਦੇ ਪ੍ਰਗਟ ਹੋਣ ਦੇ ਥੋੜੇ ਦਿਨਾਂ ਪਿਛੋਂ ਧੰਨੇ ਦੇ ਘਰ ਕਈ ਕੁਝ ਆ ਗਿਆ। ਇਕ ਚੰਗੇ ਅਮੀਰ ਘਰ ਵਿਆਹ ਹੋ ਗਿਆ। ਵਹੁਟੀ ਆਈ ਤਾਂ ਦਾਜ ਵਿਚ ਘੋੜੀ, ਗਊ ਲਵੇਰੀ ਤੇ ਲੀੜੇ ਰੁਪਏ ਬਹੁਤ ਆਏ। ਬਾਹਰ ਫ਼ਸਲ ਬੇਅੰਤ ਹੋਈ। ਉਸਦੀਆਂ ਅਣਬੀਜੀਆਂ ਪੈਲੀਆਂ ਵਿਚ ਵੀ ਅਨਾਜ ਉਗ ਪਿਆ। ਧੰਨਾ ਪ੍ਰਭੂ ਦੀ ਵਡਿਆਈ ਕਰਨ ਲੱਗਾ, ਲੋਕ ਧੰਨੇ ਦੀ ਮਹਿਮਾ ਵਰਣਨ ਕਰਨ ਲਗੇ।

ਧੰਨੇ ਨੂੰ ਕਿਸੇ ਆਖਿਆ ਕਿ ਭਾਵੇਂ ਪ੍ਰਭੂ ਤੇਰੇ ਆਖੇ ਲਗਦਾ ਹੈ ਫਿਰ ਵੀ ਗੁਰੂ ਧਾਰਨ ਕਰਨਾ ਚਾਹੀਦਾ ਹੈ ਜਦੋਂ ਓਸੇ ਪੁਰਸ਼ ਨੂੰ ਧੰਨੇ ਨੇ ਪੁਛਿਆ ਕਿ ਧੰਨੇ ਨੇ ਸਾਧੂ ਸਮਾਜ ਦੀ ਸੇਵਾ ਕੀਤੀ। ਸੇਵਾ ਕਰਨ ਦੇ ਪਿਛੋਂ ਦੀਖਿਆ ਵਾਸਤੇ ਬੇਨਤੀ ਕੀਤੀ। ਸਵਾਮੀ ਰਾਮਾਨੰਦ ਜੀ ਨੇ ਧੰਨੇ ਦੀ ਬੇਨਤੀ ਪ੍ਰਵਾਨ ਕੀਤੀ ਤੇ ਗੁਰ ਦੀਖਿਆ ਦੇ ਕੇ ਧੰਨੇ ਨੂੰ ਆਪਣਾ ਚੇਲਾ ਬਣਾ ਲਿਆ। ਧੰਨਾ ਕਿਰਤ ਕਰਦਾ ਹੋਇਆ 'ਰਾਮ ਨਾਮ' ਦਾ ਸਿਮਰਨ ਕਰਨ ਲੱਗਾ। ਮੌਜ ਵਿਚ ਆ ਕੇ ਕਈ ਵਾਰ ਧੰਨਾ 'ਪ੍ਰੇਮ ਪਾਤੀ ਰਾਹੀਂ ਭਗਵਾਨ ਨੂੰ ਆਪਣੇ ਕੋਲ ਸੱਦ ਲੈਂਦਾ ਤੇ ਉਸ ਕੋਲੋਂ ਕੰਮ ਕਰਾਉਂਦਾ। ਆਮ ਪ੍ਰਸਿੱਧ ਹੈ ਕਿ ਈਸ਼ਵਰ ਧੰਨੇ ਦੀਆਂ ਗਊਆਂ ਚਾਰੀਆਂ, ਉਸਦੀ ਖੂਹ ਦੀ ਗਾਹਦੀ ਉਤੇ ਬੈਠੇ ਤੇ ਕਿਆਰੇ ਮੋੜਦੇ ਰਹੇ। ਭਾਵ ਇਹ ਹੈ ਕਿ ਸੱਚੇ ਮਨ ਨਾਲ ਪ੍ਰਮਾਤਮਾ ਦੀ ਭਗਤੀ ਕੀਤੀ ਜਾਵੇ ਤਾਂ ਆਤਮਿਕ ਤੇ ਦੁਨਿਆਵੀ ਕੰਮਾਂ ਵਿਚ ਪ੍ਰਮਾਤਮਾ ਉਨ੍ਹਾਂ ਦੀ ਸਹਾਇਤਾ ਕਰਦਾ ਹੈ।

# ੧. ਭਗਤ ਜੈ ਦੇਵ ਜੀ

## ਜਨਮ ਤੇ ਬਚਪਨ

ਭਗਤ ਜੈ ਦੇਵ ਜੀ ਬੰਗਾਲ ਦੇ ਭਗਤ ਸਨ। ਆਪ ਈਸਵੀ ਦੀ ਯਾਰਵੀਂ ਸਦੀ ਵਿਚ ਹੋਏ ਨੇ। ਭਗਤ ਜੀ ਦਾ ਜਨਮ ਪਿੰਡ ਕੇਂਦਰੀ ਜ਼ਿਲਾ ਬੀਰ ਭੂਮ (ਬੰਗਾਲਾ) ਵਿਚ ਹੋਇਆ ਸੀ। ਮਾਤਾ ਦਾ ਨਾਮ ਬਾਮ ਦੇਵੀ ਤੇ ਪਿਤਾ ਦਾ ਨਾਮ ਭੋਜ ਦੇਵ ਸੀ। ਇਹ ਜਾਤ ਦੇ ਬ੍ਰਾਹਮਣ ਸਨ ਇਨ੍ਹਾਂ ਦੇ ਪਿਤਾ ਕੁਝ ਸਿਆਣੇ ਸਨ। ਇਸ ਕਰਕੇ ਉਨ੍ਹਾਂ (ਜੈ ਦੇਵ) ਜੀ ਨੂੰ ਸੰਸਕ੍ਰਿਤ ਦੀ ਪਾਠਸ਼ਾਲਾ ਵਿਚ ਪੜ੍ਹਨ ਭੇਜਿਆ। ਜੈ ਦੇਵ ਜੀ ਬਚਪਨ ਵਿਚ ਪਿੰਡ ਰਹਿ ਕੇ ਚੰਗੀ ਸੰਸਕ੍ਰਿਤ ਪੜ੍ਹ ਗਏ। ਬਚਪਨ ਤੋਂ ਹੀ ਆਪ ਬੜੇ ਹੁਸ਼ਿਆਰ ਤੇ ਤੀਖਣ ਬੁਧੀ ਵਾਲੇ ਸਨ। ਕਵਿਤਾ ਤੇ ਰਾਗ ਨਾਲ ਪਿਆਰ ਸੀ ਪਰ ਰੱਬ ਦਾ ਭਾਣਾ! ਜੋ ਚੰਗੇ ਬੰਦੇ ਹੁੰਦੇ ਨੇ ਉਨ੍ਹਾਂ ਨੂੰ ਕਸ਼ਟ ਬਹੁਤ ਉਠਾਉਣੇ ਪੈਂਦੇ ਹਨ। ਜੈ ਦੇਵ ਜੀ ਦੇ ਮਾਂ ਬਾਪ ਚੜ੍ਹਾਈ ਕਰ ਗਏ। ਮਾਂ ਬਾਪ ਦੀ ਕੁਵੇਲੇ ਮੌਤ ਨੇ ਜੈ ਦੇਵ ਦੇ ਮਾਸੂਮ ਹਿਰਦੇ ਉਤੇ ਬਹੁਤ ਸੱਟ ਮਾਰੀ। ਆਪ ਦੇ ਦਿਲ ਉਤੇ ਵੈਰਾਗ ਨੇ ਅਸਰ ਕਰ ਦਿਤਾ। ਮਾਂ ਬਾਪ ਦੇ ਵਿਛੋੜੇ ਵਿਚ ਗੀਤ ਰਚ ਰਚਕੇ ਗਾਉਂਦੇ ਤੇ ਰੋਂਦੇ ਰਹਿੰਦੇ। ਇਨ੍ਹਾਂ ਦਿਨਾਂ ਵਿਚ ਸੋਗ ਤੇ ਵੈਰਾਗ ਦੀ ਕਵਿਤਾ ਆਪ ਨੇ ਬਹੁਤ ਰਚੀ ਤੇ ਗਾਈ ਪਰ ਵਿਦਿਆ ਪੜ੍ਹਨੀ ਨਹੀਂ ਛਡੀ। ਵਿਦਿਆ ਨਾਲ ਪਿਆਰ ਹੋ ਗਿਆ ਕਿਉਂਕਿ ਵਿਦਿਆ ਸੱਚਾ ਮਿੱਤਰ ਹੈ। ਵਿਦਿਆ ਹੀ ਰੋਸ਼ਨੀ ਤੇ ਮਾਂ ਬਾਪ ਦੀ ਸਹਾਇਤਾ ਕਰਨ ਵਾਲੀ ਇਕ ਸ਼ਕਤੀ ਹੈ। ਮਾਂ ਬਾਪ ਦਾ ਪਿਆਰ ਵੀ ਵਿਦਿਆ ਵਿਚ ਆ ਗਿਆ। ਵਿਦਿਆ ਗੁਰੂ ਆਪ ਨੂੰ ਚੰਗਾ ਸਮਝਦਾ ਤੇ ਪਿਆਰਦਾ ਸੀ, ਇਸ ਵਾਸਤੇ ਵਿਦਿਆ ਪੜ੍ਹਨ ਵਿਚ ਵਿਗਾੜ ਨਾ ਪਿਆ।

# ਨਿਰੰਜਨ ਬ੍ਰਾਹਮਣ ਦਾ ਪਾਪ

ਮਾਂ ਬਾਪ ਬੱਚੇ ਨੂੰ ਜਨਮ ਦੇਂਦੇ ਨੇ ਪਰ ਕਰਮ ਨਹੀਂ ਦੇਂਦੇ । ਕਈ ਵਾਰ ਬੱਚੇ ਦੇ ਸੁੰਦਰ ਤਨ ਨੂੰ ਦੇਖ ਕੇ ਉਸ ਦਾ ਨਾਮ ਸੁੰਦਰ ਰੱਖਿਆ ਜਾਂਦਾ ਹੈ। ਪਰ ਉਸ ਸੁੰਦਰ ਦੀ ਆਤਮਾ ਕਾਲੀ ਹੁੰਦੀ ਹੈ । ਓਹ ਜਗਤ ਵਾਸਤੇ ਇਕ ਭਾਰ ਹੁੰਦਾ ਹੈ । ਕੇਂਦਲੀ ਦਾ ਇਕ ਬ੍ਰਾਹਮਣ ਨਿਰੰਜਨ ਸੀ । ਨਿਰੰਜਨ ਦੇ ਅਰਥ ਹਨ ਕਾਲਖ ਜਾਂ ਮਾਇਆ ਤੋਂ ਰਹਿਤ ਪਰ ਨਿਰੰਜਨ ਦੀ ਆਤਮਾ ਕਾਲੀ ਸੀ । ਓਹ ਬ੍ਰਾਹਮਣ ਹੁੰਦਿਆਂ ਹੋਇਆਂ ਚੰਡਾਲਾਂ ਵਾਲੇ ਕਰਮ ਕਰਿਆ ਕਰਦਾ ਸੀ । ਜੈ ਦੇਵ ਜੀ ਦੇ ਬਾਪ ਨਾਲ ਉਸਦੀ ਦੋਸਤੀ ਸੀ ਜਦੋਂ ਨਿਰੰਜਨ ਨੇ ਦੇਖਿਆ ਕਿ ਜੈ ਦੇਵ ਉਦਾਸ ਰਹਿੰਦਾ ਹੈ ਅਤੇ ਦੁਨੀਆਂ ਦੀਆਂ ਚੀਜ਼ਾਂ ਨਾਲ ਹਿਤ ਨਹੀਂ ਕਰਦਾ ਤਾਂ ਉਸ ਨੇ ਜੈ ਦੇਵ ਦੇ ਮਾਂ ਬਾਪ ਦੀ ਛੱਡੀ ਪੂੰਜੀ ਨੂੰ ਛੇਤੀ ਨਾਲ ਹੜੱਪ ਕਰਨ ਦੀ ਵਿਉਂਤ ਸੋਚ ਲਈ । ਇਕ ਝੂਠੀ ਲਿਖਤ ਬਣਾ ਕੇ ਜੈ ਦੇਵ ਦੇ ਕੋਲ ਆ ਗਿਆ । ਜੈ ਦੇਵ ਨੂੰ ਕਹਿਣ ਲੱਗਾ, 'ਬੇਟਾ ਜੈ ਦੇਵ ! ਦੇਖ ਤੇਰੇ ਬਾਪ ਨੇ ਮੇਰੇ ਰੁਪੈ ਕਰਜ਼ਾ ਦੇਣੇ ਹਨ । ਉਸ ਕਰਜ਼ੇ ਵਿਚ ਮੈਨੂੰ ਆਪਣਾ ਘਰ ਤੇ ਘਰ ਦਾ ਸਾਮਾਨ ਲਿਖ ਦੇਹ ਇਸ ਲਿਖਤ ਉਤੇ ਦਸਖ਼ਤ ਕਰ ਦੇਹ ।'

ਜੈ ਦੇਵ ਭੋਲਾ ਦੇਵਤਾ ਸੀ ਉਸ ਨੂੰ ਵਲ ਛਲ ਨਹੀਂ ਸਨ ਆਉਂਦੇ । ਉਸਨੇ ਦਸਖ਼ਤ ਕਰ ਦਿਤੇ । ਜਿਸ ਵੇਲੇ ਦਸਖ਼ਤ ਕੀਤੇ ਭਾਣਾ ਮਹਾਰਾਜ ਦਾ ਉਧਰ ਨਿਰੰਜਨ ਦੇ ਘਰ ਓਸੇ ਵੇਲੇ ਅੱਗ ਲਗ ਗਈ । ਉਸਦੀ ਲੜਕੀ ਭੱਜੀ ਆਈ ਤੇ ਪਿੰਡ ਵਿਚ ਸ਼ੋਰ ਮਚ ਗਿਆ ਕਿ ਨਿਰੰਜਨ ਦਾ ਘਰ ਸੜ ਰਿਹਾ ਹੈ । ਇਹ ਸੁਣਦੇ ਸਾਰ ਨਿਰੰਜਨ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ । ਉਹ ਸਿਰ ਉਤੇ ਪੈਰ ਰਖ ਕੇ ਘਰ ਨੂੰ ਭੱਜ ਉਠਿਆ । ਉਸ ਦੇ ਪਿਛੇ ਹੀ ਜੈ ਦੇਵ ਦੌੜਿਆ। ਕਿਉਂਕਿ ਪਿੰਡ ਵਿਚ ਵਸਦਾ ਸੀ । ਜਦੋਂ ਕੋਈ ਘਟਨਾ ਹੋਵੇ ਤਾਂ ਸਾਰੇ ਪਿੰਡ ਵਾਲੇ ਰਲ ਕੇ ਇਕ ਦੂਸਰੇ ਦੀ ਸਹਾਇਤਾ ਕਰਦੇ ਸਨ । ਬੰਗਾਲ ਦੇ ਕੱਖਾਂ ਦੇ ਘਰ ਸੜਦਿਆਂ ਦੇਰ ਨਹੀਂ ਲਗਦੀ । ਨਿਰੰਜਨ ਪਹਿਲਾਂ ਘਰ ਚਲਿਆ ਗਿਆ। ਜੈ ਦੇਵ ਦੇ ਨਾਵੇਂ ਵਾਲੀ ਲਿਖਤ ਵੀ ਹੱਥ ਵਿਚ ਸੀ ਘਰ ਸੜਦਾ ਦੇਖ ਕੇ ਘਬਰਾਹਟ ਨਾਲ ਅਗੇ ਹੋਇਆ ਤਾਂ ਓਹ ਲਿਖਤ ਅੱਗ ਵਿੱਚ ਡਿਗ ਪਈ ਅੱਗ ਨੇ ਉਸ ਨੂੰ ਸਾੜਦਿਆਂ ਹੋਇਆਂ ਦੇਰ ਨਾ ਕੀਤੀ । ਘਰ ਦੀ ਅੱਗ

ਭਿਆਨਕ ਸੀ, ਉਸਦੇ ਬੁਝਣ ਦਾ ਕੋਈ ਵਸੀਲਾ ਨਹੀਂ ਜਾਪਦਾ ਸੀ। ਪਰ ਜਿਉਂ ਹੀ ਜੈ ਦੇਵ ਨਿਰੰਜਨ ਦੇ ਘਰ ਜਾ ਕੇ ਖਲੋਤਾ ਤਾਂ ਉਸੇ ਵੇਲੇ ਅੱਗ ਬੁਝ ਗਈ। ਲੋਕ ਕੌਤਕ ਦੇਖ ਕੇ ਬਹੁਤ ਅਸਚਰਜ ਹੋਏ। ਨਿਰੰਜਨ ਜੈ ਦੇਵ ਦੇ ਪੈਰੀਂ ਪੈ ਗਿਆ। ਉਸ ਨੂੰ ਡਕੋ ਲਿੱਕਾ ਹੋ ਕੇ ਆਖਿਆ, 'ਬੇਟਾ ਮੈਨੂੰ ਖਿਮਾਂ ਕਰ ਮੈਂ ਪਾਪੀ ਹਾਂ। ਮੈਂ ਝੂਠ ਹੀ ਕਰਜ਼ਾ ਵਸੂਲ ਕਰਨਾ ਚਾਹਿਆ। ਮੈਂ ਤੇਰੇ ਬਾਪ ਕੋਲੋਂ ਕੌਡੀ ਨਹੀਂ ਵਸੂਲ ਕਰਨੀ। ਮੈਨੂੰ ਖਿਮਾਂ ਕਰ ਅਗੇ ਨੂੰ ਮੈਂ ਤੇਰਾ ਸੇਵਕ ਰਹਾਂਗਾ।' ਇਹ ਆਖਦਿਆਂ ਹੋਇਆਂ ਨਿਰੰਜਨ ਦੀਆਂ ਅੱਖਾਂ ਵਿਚ ਅੱਥਰੂ ਆ ਗਏ। ਓਹ ਅੱਥਰੂ ਵਿਖਾਵੇ ਦੇ ਨਹੀਂ ਸਨ ਸਗੋਂ ਪਛਤਾਵੇ ਦੇ ਅੱਥਰੂ ਸਨ। ਉਹਦੀ ਪਾਪੀ ਆਤਮਾ ਨੂੰ ਨਿਰਮਲ ਕਰਨ ਵਾਲੇ ਸਨ।

ਜਦੋਂ ਜੈ ਦੇਵ ਨੂੰ ਨਿਰੰਜਨ ਦੀ ਭੁਖ ਦਾ ਪਤਾ ਲਗਾ ਤਾਂ ਓਹ ਹੱਸਕੇ ਬੋਲਿਆ—'ਚਾਚਾ! ਇਹ ਘਰ ਬੂਹਾ ਸਾਂਭ ਮੈਂ ਖ਼ੁਸ਼ੀ ਨਾਲ ਤੈਨੂੰ ਸੌਂਪਦਾ ਹਾਂ, ਮੈਂ ਪ੍ਰਦੇਸ ਜਾ ਰਿਹਾ ਹਾਂ, ਮੇਰਾ ਇਥੇ ਚਿਤ ਨਹੀਂ ਲਗਦਾ। ਮੈਂ ਤੀਰਥ ਯਾਤਰਾ ਕਰਾਂਗਾ।'

ਜੈ ਦੇਵ ਨੇ ਇਹ ਬਚਨ ਸੱਚ ਕਰ ਦਿਖਾਇਆ। ਭਗਵੇ ਲੀੜੇ ਪਾ ਕੇ ਵੈਰਾਗੀ ਹੋ ਘਰੋਂ ਨਿਕਲ ਤੁਰਿਆ। ਘਰ ਤੇ ਘਰ ਦਾ ਸਾਮਾਨ ਨਿਰੰਜਨ ਦੇ ਹਵਾਲੇ ਕਰ ਗਿਆ।

## ਰਾਜ ਕਵੀ

ਬੰਗਾਲ ਰੰਗੀਲਿਆਂ ਦਾ ਦੇਸ਼ ਹੈ। ਰਾਗ, ਨਾਚ, ਕਵਿਤਾ ਤੇ ਭਗਤੀ ਨਾਲ ਛਲਕਦੇ ਦਿਲ ਬੰਗਾਲ ਵਿਚ ਵਸਦੇ ਹਨ। ਓਥੇ ਰਾਗੀ, ਨਾਚੇ ਤੇ ਕਵੀ ਦਾ ਬਹੁਤ ਸਤਿਕਾਰ ਹੁੰਦਾ ਸੀ। ਜੈ ਦੇਵ ਚੜ੍ਹਦੀ ਜੁਆਨੀ ਵਿਚ ਸੀ। ਚੇਹਰੇ ਉਤੇ ਲਾਲੀਆਂ ਭਖਦੀਆਂ ਸਨ ਸੁੰਦਰ ਤੇ ਸੁਡੌਲ ਸਰੀਰ ਸੀ। ਨਾਲ ਹੀ ਉਸ ਨੇ ਭਗਵੀਂ ਧੋਤੀ ਬੰਨ੍ਹ ਲਈ। ਭਗਵੀਂ ਧੋਤੀ ਨਾਲ ਓਹ ਸਚਮੁਚ ਵੈਰਾਗੀ ਸਾਧੂ ਹੋ ਗਿਆ। ਆਪਣੀ ਰਚਿਤ ਕਵਿਤਾ ਨੂੰ ਗਾਉਂਦਾ ਫਿਰਨ ਲੱਗਾ। ਜਿਧਰ ਓਹ ਜਾਂਦਾ ਉਧਰ ਹੀ ਲੋਕਾਂ ਦੀ ਭੀੜ ਜਾਂਦੀ। ਉਸ ਵੇਲੇ ਬੰਗਾਲ ਦਾ ਰਾਜਾ ਲਛਮਣ ਸੈਨ ਸੀ। ਲਛਮਣ ਸੈਨ ਨੇ ਜੈ ਦੇਵ ਦੀ ਬਹੁਤ ਉਪਮਾ ਸੁਣੀ। ਉਸ ਨੇ ਹੁਕਮ ਕੀਤਾ ਕਿ ਜਿਥੇ ਵੀ ਉਹ (ਜੈ ਦੇਵ) ਹੋਵੇ ਉਸ ਨੂੰ

ਉਥੋਂ ਲਿਆਂਦਾ ਜਾਵੇ। ਲਛਮਣ ਸੈਨ ਦੇ ਆਦਮੀ ਜੈ ਦੇਵ ਨੂੰ ਢੂੰਡ ਕੇ ਉਹਦੇ ਦਰਬਾਰ ਵਿਚ ਲੈ ਗਏ। ਰਾਜੇ ਨੇ ਜੈ ਦੇਵ ਨੂੰ ਰਾਜਕਵੀ ਬਣਾ ਲਿਆ। ਅਗੇ ਉਸ ਕੋਲ ਵਿਦਵਾਨ ਸਨ। ਇਹ ਵੀ ਉਨ੍ਹਾਂ ਦੇ ਨਾਲ ਰਹਿਣ ਲੱਗਾ। ਪਰ ਸਾਧੂ ਭੇਖ ਦਾ ਤਿਆਗ ਨਹੀਂ ਕੀਤਾ। ਓਹ ਓਸੇ ਭੇਖ ਵਿਚ ਸੁਖ ਨਾਲ ਰਹਿੰਦਾ ਰਿਹਾ। ਹਾਂ ਇਹ ਜ਼ਰੂਰ ਹੋਇਆ ਕਿ ਖੱਦਰ ਦੀ ਧੋਤੀ ਦੀ ਥਾਂ ਉਸ ਨੂੰ ਭਗਵੀਂ ਰੇਸ਼ਮੀ ਧੋਤੀ ਮਿਲ ਗਈ। ਰਾਜ ਦਰਬਾਰ ਵਿਚ ਰਹਿੰਦਿਆਂ ਆਪ ਨੇ ਸੰਸਕ੍ਰਿਤ ਭਾਵ ਵਿਚ ਬਹੁਤ ਸਾਰਾ ਵਾਧਾ ਕੀਤਾ।

## ਤੀਰਥ ਯਾਤਰਾ ਤੇ ਦੇਸ ਦਾ ਰਟਨ

ਪੰਛੀ ਪਿੰਜਰੇ ਵਿਚ ਕੈਦ ਹੋ ਕੇ ਨਹੀਂ ਰਹਿਣਾ ਚਾਹੁੰਦੇ ਭਾਵੇਂ ਓਹ ਪਿੰਜਰਾ ਸੋਨੇ ਦਾ ਕਿਉਂ ਨਾ ਹੋਵੇ। ਜੈ ਦੇਵ ਵੈਰਾਗੀ ਹੋ ਗਿਆ। ਓਹ ਪੰਛੀਆਂ ਦੀ ਤਰ੍ਹਾਂ ਖੁਲ੍ਹੇ ਅਸਮਾਨ ਵਿਚ ਉਡਣਾ ਚਾਹੁੰਦਾ ਸੀ। ਰਾਜੇ ਦੇ ਦਰਬਾਰ ਵਿਚ ਕੈਦੀਆਂ ਵਾਂਗ ਰਹਿਣਾ ਉਸ ਨੂੰ ਪਸੰਦ ਨਾ ਆਇਆ। ਇਕ ਦਿਨ ਚੁਪ ਚਾਪ ਹੀ ਸ਼ਹਿਰੋਂ ਬਾਹਰ ਚਲਿਆ ਗਿਆ ਮੁੜ ਨਾ ਆਇਆ। ਕਿਧਰ ਜਾਣਾ ਹੈ?' ਇਹ ਕੋਈ ਪਤਾ ਨਹੀਂ। ਹਾਂ ਓਹ ਤੁਰਿਆ ਗਿਆ ਰਾਤ ਵੀ ਦਿਨ ਵੀ ਹਿਰਦੇ ਉਤੇ ਸ੍ਰੀ ਕ੍ਰਿਸ਼ਨ ਤੇ ਰਾਧਾ ਦਾ ਚਿੱਤਰ ਅੱਖਾਂ ਵਿਚ ਓਹੋ ਮੂਰਤੀਆਂ। ਜੀਭ ਉਤੇ ਉਨ੍ਹਾਂ ਦੇ ਨਾਮ, ਪੰਛੀ ਪਸ਼ੂ ਪੁਰਸ਼ ਤੇ ਸਾਰੀ ਬਨਸਪਤੀ ਸ੍ਰੀ ਰਾਧਾ ਕ੍ਰਿਸ਼ਨ ਉਸਤਤ ਵਿਚ ਹੀ ਰੁਝੀ ਪ੍ਰਤੀਤ ਹੁੰਦੀ। ਜੈ ਦੇਵ ਦੀ ਆਤਮਾ ਅਵਾਜ਼ ਦੇਂਦੀ 'ਚਲ ਜਗਨਨਾਥ ਪੁਰੀ ਚਲ। ਉਥੇ ਤੇਰੀ ਉਡੀਕ ਹੈ।' ਰਾਤ ਨੂੰ ਨਿਰਮਲ ਅਕਾਸ਼ ਦੇ ਹੇਠਾਂ ਵਸਦੇ ਤਾਰਿਆਂ ਨੂੰ ਦੇਖ ਕੇ ਕੁਦਰਤ ਦੇ ਗੁਣ ਗਾਉਂਦਾ। ਇਕ ਦਿਨ ਓਹ ਗੀਤ ਗਾਉਂਦਾ ਹੋਇਆ ਗਰਮੀ ਵਿਚ ਤੁਰਿਆ ਗਿਆ। ਰਾਹ ਸੀ ਬਿਖੜਾ ਤੇ ਪਹਾੜੀ, ਪਾਣੀ ਦੂਰ ਸੀ। ਪਿਆਸ ਲੱਗੀ, ਕੋਈ ਪ੍ਰਵਾਹ ਨਾ ਕੀਤੀ ਅਗੇ ਅਗੇ ਤੁਰਿਆ ਗਿਆ। ਪਹਾੜ ਦੀ ਚੜ੍ਹਾਈ ਵੇਲੇ ਗਰਮੀ ਨੇ ਬਿਹਬਲ ਕਰ ਦਿੱਤਾ। ਪਿਆਸਾ ਤੇ ਭੁਖਾ ਸੀ, ਗਰਮੀ ਦੇ ਅਸਰ ਨਾਲ ਗ਼ਸ਼ ਖਾ ਕੇ ਧਰਤੀ ਉਤੇ ਡਿੱਗ ਪਿਆ। ਸ੍ਰੀ ਕ੍ਰਿਸ਼ਨ ਮੁਰਾਰੀ! ਘਟ ਘਟ ਦੀ ਜਾਨਣ ਵਾਲੇ ਸਰਬ ਵਿਆਪੀ ਗੁਪਾਲ ਤੇ ਦਿਆਲ ਉਸੇ ਵੇਲੇ ਭਗਤ ਦੇ ਕੋਲ ਆਇਆ ਇਕ ਬਾਲਕ ਦਾ ਰੂਪ ਧਾਰ ਕੇ ਦੁਧ ਦੀ ਗੜਵੀ ਲੈ ਕੇ

ਪੁਜਿਆ। ਬੇਸੁਰਤ ਪਏ ਜੈ ਦੇਵ ਦੇ ਮੂੰਹ ਵਿਚ ਦੁਧ ਪਾਇਆ ਦੁਧ ਪਾਉਣ ਤੇ ਹੋਸ਼ ਆਈ। ਰਹਿੰਦਾ ਦੁਧ ਗੜਵੀ ਡੀਕ ਲਾ ਕੇ ਪੀ ਲਿਆ। ਮੌਤ ਤੋਂ ਬਚਾਉਣ ਵਾਲੇ ਬਾਲਕ ਵਲ ਦੇਖਿਆ। ਉਹ ਅੱਠਾਂ ਦਸਾਂ ਸਾਲਾਂ ਦਾ ਗੋਵਾਲਿਆਂ ਦਾ ਬਾਲਕ ਪ੍ਰਤੀਤ ਹੁੰਦਾ ਸੀ। ਉਹਦੇ ਲੀੜੇ ਤਾਂ ਪਾਟੇ ਪੁਰਾਣੇ ਸਨ, ਪਰ ਮੁਖੜਾ ਚੰਦ ਵਰਗਾ ਸੀ। ਜੈ ਦੇਵ ਨੂੰ ਜਦੋਂ ਚੰਗੀ ਤਰ੍ਹਾਂ ਹੋਸ਼ ਆ ਗਈ ਤਾਂ ਉਸ ਨੇ ਬਾਲਕ ਨੂੰ ਪੁਛਿਆ, 'ਕਾਕਾ ਤੂੰ ਕਿਸ ਦਾ ਪੁਤ੍ਰ ਹੈਂ?'

'ਜੀ! ਓਧਰ ਦੇਖੋ ਨਾ! ਔਹ ਝੁਗੀਆਂ ਦਿਸਦੀਆਂ ਹਨ ਓਥੋਂ ਦਾ ਰਹਿਣ ਵਾਲਾ ਹਾਂ।' ਬਾਲਕ ਨੇ ਉੱਤਰ ਦਿਤਾ ਤੇ ਨਾਲ ਹੀ ਉਂਗਲ ਨਾਲ ਇਸ਼ਾਰਾ ਕੀਤਾ। ਜੈ ਦੇਵ ਓਧਰ ਦੇਖਣ ਲਗ ਪਿਆ। ਉਸ ਨੂੰ ਕੋਈ ਝੁਗੀ ਨਾ ਦਿਸੀ। ਓਹ ਮੁੜ ਕੇ ਬਾਲਕ ਨੂੰ ਪੁਛਣ ਲੱਗਾ ਕਿ 'ਕਿਹੜੀਆਂ ਝੁਗੀਆਂ ਵਲ ਇਸ਼ਾਰਾ ਕਰਦਾ ਹੈ!' ਉਸ ਨੂੰ ਬਾਲਕ ਨਜ਼ਰ ਨਾ ਪਿਆ। ਓਹ ਅਲੋਪ ਹੋ ਚੁਕਾ ਸੀ।

'ਓ ਪ੍ਰਭੂ! ਹੇ ਗੋਕਲ ਰਤਨ! ਦਿਆਲੂ! ਆਏ ਤੇ ਦਰਸ਼ਨ ਦੇ ਕੇ ਚਲੇ ਗਏ। ਓਧਰ ਝੁਗੀਆਂ ਦਾ ਇਸ਼ਾਰਾ ਕਰਕੇ ਏਧਰੋਂ ਤੁਰ ਗਏ। ਵਾਹ ਮੇਰੇ ਚੋਜੀ ਮਾਹੀਆ। ਕੀ ਗੁਣ ਗਾਵਾਂ ਤੇਰੇ ਪ੍ਰਭੂ!' ਇਉਂ ਸ੍ਰੀ ਕ੍ਰਿਸ਼ਨ ਜੀ ਨੂੰ ਯਾਦ ਕਰਦੇ ਹੋਇਆਂ ਭਗਤ ਅਗੇ ਤੁਰ ਗਿਆ।

## ਪਦਮਾਵਤੀ ਨਾਲ ਵਿਆਹ

ਜੈ ਦੇਵ ਜੀ ਜਗਨਨਾਥ ਪੁਰੀ ਪੁਜ ਗਏ। ਓਹ ਪ੍ਰੇਮ ਦੀਵਾਨੇ ਸਦਾ ਸ੍ਰੀ ਕ੍ਰਿਸ਼ਨ ਜੀ ਦਾ ਜਸ ਗਾਉਂਦੇ ਰਹਿੰਦੇ ਸਨ। ਪੁਰਖੋਤਮ ਖੇਤ੍ਰਪੁਰੀ ਮੇਂ ਪੁਜੇ। ਮੰਦਰ ਜਾਂ ਕਿਸੇ ਮਕਾਨ ਦੇ ਰਹਿਣ ਦੀ ਥਾਂ ਓਹ ਦਰੱਖ਼ਤ ਹੇਠਾਂ ਰਹਿੰਦੇ ਅੰਨ ਤੇ ਜਲ ਦੀ ਵੀ ਚਿੰਤਾ ਨਾ ਕਰਦੇ। ਸ੍ਰੀ ਕ੍ਰਿਸ਼ਨ ਪ੍ਰੇਮ ਮਗਨ ਹੋਇਆਂ ਨੂੰ ਅੰਨ ਜਲ ਦਾ ਚੇਤਾ ਹੀ ਨਾ ਰਹਿੰਦਾ। ਉਨ੍ਹਾਂ ਦੇ ਜਲ ਦਾ ਚੇਤਾ ਪ੍ਰਭੂ ਰਖਦਾ ਜੋ ਸਭ ਦਾ ਰਾਖਾ ਹੈ ਜੋ ਪੱਥਰ ਤੇ ਪਾਣੀ ਵਿਚ ਸਭ ਨੂੰ ਰੋਜ਼ੀ ਦੇਂਦਾ ਹੈ। ਪ੍ਰਭੂ ਕਿਸੇ ਨਾ ਕਿਸੇ ਨੂੰ ਪ੍ਰੇਰ ਕੇ ਜੈ ਦੇਵ ਵਲ ਭੇਜ ਦੇਂਦਾ ਓਹ ਭੋਜਨ ਛਕਾ ਆਉਂਦਾ।

ਇਕ ਦਿਨ ਸ੍ਰੀ ਜੈ ਦੇਵ ਜੀ ਸ਼ਾਹੀ ਰਾਹ ਉਤੇ ਇਕ ਦਰੱਖ਼ਤ ਹੇਠ ਬੈਠੇ

ਈਸ਼ਵਰ ਭਜਨ ਗਾ ਰਹੇ ਸਨ। ਉਨ੍ਹਾਂ ਦੇ ਭਜਨ ਸੁਣਨ ਵਾਸਤੇ ਰਾਹ ਜਾਂਦੇ ਰਾਹੀ ਤੇ ਯਾਤਰੂ ਖਲੋ ਕੇ ਸੁਣਦੇ ਰਹੇ। ਕਈ ਤਾਂ ਐਸੇ ਮਸਤ ਹੋਏ ਕਿ ਸਵੇਰ ਤੋਂ ਬੈਠੇ ਹੋਏ ਪੰਧ ਹੀ ਭੁਲ ਗਏ ਓਹ ਭਜਨ ਸੁਣਦੇ ਰਹੇ। ਇਕ ਸੁਦੇਵ ਨਾਮ ਦਾ ਬ੍ਰਾਹਮਣ ਸੀ ਓਹ ਰਹਿਣ ਵਾਲਾ ਤਾਂ ਜਗਨਨਾਥ ਪੁਰੀ ਦਾ ਸੀ ਪਰ ਕਿਤੇ ਬਾਹਰ ਗਿਆ ਹੋਇਆ ਸੀ ਹੁਣ ਆਪਣੇ ਸ਼ਹਿਰ ਨੂੰ ਵਾਪਸ ਮੁੜ ਰਿਹਾ ਸੀ, ਓਹ ਵੀ ਭਜਨ ਸੁਨਣ ਵਾਸਤੇ ਬੈਠ ਗਿਆ। ਤ੍ਰਕਾਲਾਂ ਤਕ ਭਗਵਾਨ ਉਸਤਤ ਸੁਣਦਾ ਰਿਹਾ ਉਹ ਬਹੁਤ ਅਨੰਦ ਹੋਇਆ। ਘਰ ਆਇਆ ਘਰੋਂ ਪ੍ਰਸ਼ਾਦ ਲੈ ਕੇ ਮੁੜ ਜੈ ਦੇਵ ਜੀ ਕੋਲ ਪਹੁੰਚ ਗਿਆ। ਸ਼ਰਧਾ ਨਾਲ ਪ੍ਰਸ਼ਾਦ ਛਕਾਇਆ। ਰਾਤ ਦਾ ਪ੍ਰਸ਼ਾਦ ਛਕਾਉਣ ਪਿਛੋਂ ਉਸ ਨੇ ਬੇਨਤੀ ਕੀਤੀ—'ਹੇ ਦਿਆਲੂ ਹਰਿ ਭਗਤ! ਸਵੇਰੇ ਵੀ ਗ਼ਰੀਬ ਹੀ ਭੋਜਨ ਲਿਆਵੇਗਾ।'

ਜਿਵੇਂ ਪ੍ਰਭੂ ਦੀ ਇਛਾ, ਜੈ ਦੇਵ ਨੇ ਉੱਤਰ ਦਿੱਤਾ। ਬ੍ਰਾਹਮਣ ਘਰ ਚਲਿਆ ਗਿਆ ਰਾਤ ਉਸ ਨੂੰ ਨੀਂਦ ਨਾ ਆਈ। ਜੈ ਦੇਵ ਦੇ ਗਾਇ ਹੋਏ ਸਵਾਦਲੇ ਭਜਨ ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ। ਜੈ ਦੇਵ ਦੀ ਜੁਆਨ ਸੁੰਦਰ ਤੇ ਮਨਮੋਹਣੀ ਸੂਰਤ ਉਹਦੀਆਂ ਅੱਖਾਂ ਵਿਚ ਸੀ। ਉਹ ਮਨ ਹੀ ਮਨ ਜੈ ਦੇਵ ਨੂੰ ਆਪਣਾ ਜਵਾਈ ਬਣਾ ਚੁਕਾ ਸੀ। ਉਹਨੂੰ ਸੰਸਾ ਇਹ ਸੀ ਕਿ ਦਿਨ ਚੜ੍ਹਦੇ ਨੂੰ ਜੈ ਦੇਵ ਕਿਧਰੇ ਹੋਰ ਜਗ੍ਹਾ ਨਾ ਚਲਿਆ ਜਾਵੇ। ਸੰਨਿਆਸੀ ਤੇ ਪੰਛੀਆਂ ਦਾ ਕੀ ਪਤਾ ਅਗਲੇ ਭਲਕੇ ਕਿਥੇ ਟਿਕਾਣਾ ਜਾ ਕਰਨ। ਉਹ ਸਾਰੀ ਰਾਤ ਪ੍ਰਾਰਥਨਾ ਕਰਦਾ ਕਿ ਭਗਵਾਨ ਜੈ ਦੇਵ ਨੂੰ ਕਿਧਰੇ ਜਾਣ ਤੋਂ ਰੋਕੇ।

ਦਿਨ ਚੜ੍ਹਿਆ ਭੋਜਨ ਤਿਆਰ ਕਰਵਾਇਆ, ਭੋਜਨ ਚੁਕਿਆ। ਨਾਲ ਭੋਜਨ ਪਾਤਰ ਲੈ ਕੇ ਸ੍ਰੀ ਜੈ ਦੇਵ ਜੀ ਵਲ ਚਲਿਆ, ਪਰ ਚਲਿਆ ਇਕੱਲਾ ਨਹੀਂ ਸਗੋਂ ਆਪਣੀ ਬੇਟੀ ਪਦਮਾ ਨੂੰ ਵੀ ਨਾਲ ਲੈ ਤੁਰਿਆ। ਪਦਮਾ ਉਮਰ ਦੇ ਸਤਾਰਵੇਂ ਸਾਲ ਵਿਚ ਪੈਰ ਰਖਦੀ ਹੋਈ ਸੁੰਦਰ ਸੀ। ਉਹੋ ਜਹੀ ਸੁੰਦਰ ਤੇ ਸਿਆਣੀ ਕੰਨਿਆਂ ਸ਼ਾਇਦ ਸਾਰੀ ਜਗਨਨਾਥ ਪੁਰੀ ਸ਼ਹਿਰ ਵਿਚ ਨਹੀਂ ਸੀ। ਸੁਦੇਵ ਕੰਨਿਆਂ ਸਮੇਤ ਉਸ ਅਸਥਾਨ ਪਰ ਪੁਜਾ ਜਿਥੇ ਜੈ ਦੇਵ ਬੈਠਾ ਸੀ, ਜੈ ਦੇਵ ਓਥੇ ਹੀ ਸੀ। ਉਹ ਸ੍ਰੀ ਕ੍ਰਿਸ਼ਨ ਭਗਤੀ ਵਿਚ ਮਗਨ ਸੀ। ਉਹ ਪ੍ਰੇਮ ਭਰੇ ਗੀਤ ਗਾ ਰਿਹਾ ਸੀ, ਉਸਦੀ ਮਿੱਠੀ ਤੇ ਰਸੀਲੀ ਅਵਾਜ਼ ਪੱਥਰਾਂ ਨੂੰ ਪਿਘਲਾਈ ਜਾ ਰਹੀ ਸੀ। ਪੁਰਸ਼ ਤਾਂ ਇਕ ਪਾਸੇ ਰਹੇ ਪੰਛੀ ਘਾਇਲ ਹੋ

ਰਹੇ ਸਨ । ਸੁਦੇਵ ਨੇ ਭੋਜਨ ਜਾ ਲਾਗੇ ਰਖਿਆ ਮੱਥਾ ਟੇਕ ਕੇ ਬੈਠ ਗਿਆ ਉਸ ਦੇ ਕੋਲ ਹੀ ਪਦਮਾ ਬੈਠ ਗਈ ।

ਜਦੋਂ ਭਜਨ ਦਾ ਭੋਗ ਪਿਆ ਤਾਂ ਸੁਦੇਵ ਨੇ ਹੱਥ ਜੋੜ ਕੇ ਅਰਜ਼ ਕੀਤੀ— 'ਮਹਾਰਾਜ! ਭੋਜਨ ਅਰਦਾਵੀਏ' ਜੈ ਦੇਵ ਜੀ ਨੇ ਭੋਜਨ ਛਕਣਾ ਸ਼ੁਰੂ ਕੀਤਾ। ਉਹ ਪ੍ਰਸੰਨ ਹੋ ਕੇ ਭੋਜਨ ਛਕਦਾ ਰਿਹਾ ਉਸ ਨੂੰ ਬਹੁਤ ਅਨੰਦ ਆਇਆ। ਪਦਮਾ ਉਹਦੇ ਵਲ ਦੇਖਦੀ ਰਹੀ ।

'ਮਹਾਰਾਜ! ਇਕ ਹੋਰ ਬੇਨਤੀ ਹੈ ।' ਸੁਦੇਵ ਨੇ ਉਸ ਵੇਲੇ ਕਿਹਾ ਜਦੋਂ ਜੈ ਦੇਵ ਭਗਤ ਭੋਜਨ ਖਾ ਚੁਕਾ ਸੀ ।

'ਉਹ ਕੀ ਭਗਤਾ ?' ਜੈ ਦੇਵ ਨੇ ਕਿਹਾ ।

'ਇਹ ਮੇਰੀ ਕੰਨਿਆਂ ਪਦਮਾਵਤੀ ਹੈ ਇਸ ਨੂੰ ਆਪਣੇ ਚਰਨਾਂ ਦੀ ਦਾਸੀ ਬਣਾਵੋ । ਮੈਂ ਦਿਲੋਂ ਸੰਕਲਪ ਕਰ ਚੁਕਾ ਹਾਂ ਇਸ ਨਾਲ ਵਿਆਹ ਕਰ ਲਵੋ।' ਸੁਦੇਵ ਦਾ ਬਚਨ ਸੀ ।

ਜੈ ਦੇਵ ਜੀ—'ਮੈਂ ਤਾਂ ਵੈਰਾਗੀ ਹਾਂ । ਮੇਰਾ ਕੋਈ ਘਰ ਨਹੀਂ, ਨਾ ਕੋਈ ਟਿਕਾਣਾ ਹੀ ਹੈ ਮੈਂ ਤਾਂ ਰਾਤ ਇਥੇ ਦਿਨ ਓਥੇ ਮੇਰਾ ਚਿਤ ਪਾਰੇ ਦੀ ਤਰ੍ਹਾਂ ਬੇਚੈਨ ਹੈ ਭਗਤੀ ਤੋਂ ਬਿਨਾਂ ਕੋਈ ਕਿਰਤ ਭਾਉਂਦੀ ਨਹੀਂ । ਪ੍ਰਭੂ ਦੀ ਉਸਤਤ ਵਿਚ ਗਾਉਂਦਿਆਂ ਹੋਇਆਂ ਸਾਰਾ ਦਿਨ ਬਤੀਤ ਕਰ ਲੈਂਦਾ ਹਾਂ । ਮੈਂ ਤੇਰੀ ਲੜਕੀ ਪਦਮਾ ਨੂੰ ਕਿਸ ਤਰ੍ਹਾਂ ਗ੍ਰਹਿਣ ਕਰ ਸਕਦਾ ਹਾਂ ? ਇਹ ਲੜਕੀ ਪਦਮਾ ਫੁਲਾਂ ਦੀ ਸੇਜਾ ਉਪਰ ਅਰਾਮ ਕਰਨ ਵਾਲੀ ਹੈ । ਮੈਂ ਵੈਰਾਗੀ ਰੋੜਾਂ ਤੇ ਨੰਗੀ ਧਰਤੀ ਤੇ ਰਾਤਾਂ ਕਟਣ ਵਾਲਾ ਹਾਂ। ਮੇਰੇ ਨਾਲ ਕਿਸ ਤਰ੍ਹਾਂ ਇਹ ਦਿਨ ਕਟੇਗੀ ? ਜਗਤ ਦੇ ਸੁਖਾਂ ਨਾਲ ਮੇਰੀ ਪ੍ਰੀਤ ਨਹੀਂ ਖਿਮਾ ਕਰੋ।'

ਸੁਦੇਵ—'ਇਸ ਕੰਨਿਆਂ ਦੇ ਜਨਮ ਵੇਲੇ ਮੈਂ ਸੰਕਲਪ ਕੀਤਾ ਸੀ ਕਿ ਪਹਿਲੀ ਲੜਕੀ ਕਿਸੇ ਪ੍ਰਭੂ ਭਗਤੀ ਵਾਲੇ ਪੁਰਸ਼ ਨਾਲ ਵਿਆਹਵਾਂਗਾ । ਸੋ ਪ੍ਰਭੂ ਨੇ ਮੇਰੀ ਮੁਰਾਦ ਪੂਰੀ ਕੀਤੀ ਹੈ । ਮੈਂ ਦਿਲੋਂ ਲੜਕੀ ਦਾਨ ਕਰ ਚੁਕਾ ਹਾਂ । ਇਸ ਵਾਸਤੇ ਹੁਣ ਇਹ ਆਪ ਦੇ ਕੋਲ ਰਹੇਗੀ ਮੇਰੇ ਘਰ ਨਹੀਂ ਜਾਵੇਗੀ।'

ਇਹ ਆਖ ਕੇ ਸੁਦੇਵ ਬ੍ਰਾਹਮਣ ਆਪਣੇ ਘਰ ਨੂੰ ਤੁਰ ਗਿਆ ਤੇ ਪਦਮਾਵਤੀ ਨੂੰ ਜੈ ਦੇਵ ਜੀ ਕੋਲ ਛਡ ਗਿਆ । ਜੈ ਦੇਵ ਹੈਰਾਨ ਸੀ ਕਿ ਪ੍ਰਭੂ ਕਿਹੜੀ ਲੀਲ੍ਹਾ ਰਚ ਰਿਹਾ ਹੈ ਉਸ ਨੇ ਪਦਮਾਵਤੀ ਨੂੰ ਆਖਿਆ—'ਦੇਵੀ ਤੂੰ ਘਰ ਨਹੀਂ

ਗਈ ?'

'ਜਿਧਰ ਆਪ ਚਲੋਗੇ ਉਧਰ ਚਲਾਂਗੀ । ਮੈਂ ਦਿਲ ਹੀ ਦਿਲ ਆਪ ਨੂੰ ਪਤੀ ਮੰਨ ਚੁਕੀ ਹਾਂ ਸੁਆਮੀ ਨੂੰ ਛੱਡ ਕੇ ਕਿੱਥੇ ਜਾਵਾਂ? ਇਸਤਰੀ ਦਾ ਧਰਮ ਨਹੀਂ ਪਤੀ ਨੂੰ ਛਡ ਕੇ ਦੂਰ ਰਹੇ।' ਪਦਮਾ ਦਾ ਉੱਤਰ ਸੀ ।

'ਪਰ ਮੈਂ ਸਾਧੂ ਹਾਂ ।'

'ਸਾਧੂ ਰਹੋ, ਪ੍ਰਭੂ ਭਗਤੀ ਕਰੋ । ਮੈਂ ਆਪ ਦੀ ਭਗਤੀ ਤੇ ਸੇਵਾ ਕਰਾਂਗੀ ਦੋਹਾਂ ਦੀ ਕਲਿਆਣ ਹੋਵੇਗੀ।'

ਪਦਮਾਵਤੀ ਦੇ ਪ੍ਰੇਮ ਤੇ ਸਿਦਕ ਨੂੰ ਜੈ ਦੇਵ ਜੀ ਠੁਕਰਾ ਨਾ ਸਕੇ । ਉਹਨਾਂ ਨੂੰ ਹਾਂ ਕਰਨੀ ਪਈ ਅਗਲੇ ਦਿਨ ਪੁਰਖੋਤਮ ਦੇ ਮੰਦਰ ਵਿਚ ਪਦਮਾ ਤੇ ਜੈ ਦੇਵ ਦਾ ਵਿਆਹ ਹੋ ਗਿਆ ।

## ਆਪਣੇ ਨਗਰ ਆਉਣਾ

ਸ੍ਰੀ ਜੈ ਦੇਵ ਹੁਣ ਇਕੱਲਾ ਨਾ ਰਿਹਾ ਦੋ ਜੀ ਹੋ ਗਏ, ਇਸਤਰੀ ਦੇ ਨਾਲ ਹੋਇਆਂ ਪੁਰਸ਼ ਨੂੰ ਕਈ ਜਿਮੇਂਵਾਰੀਆਂ ਦਾ ਅਹਿਸਾਸ ਹੋ ਜਾਂਦਾ ਹੈ । ਹੁਣ ਜੈ ਦੇਵ ਜੀ ਨੇ ਜੰਗਲ ਉਜਾੜਾਂ ਤੇ ਦਰੱਖ਼ਤਾਂ ਹੇਠ ਬਹਿਣਾ ਛਡ ਦਿੱਤਾ । ਵਸੋਂ ਵਾਲੇ ਮੰਦਰਾਂ ਵਿਚ ਰਹਿਣ ਲੱਗ ਪਿਆ । ਪਦਮਾਵਤੀ ਬੜੇ ਭਰੋਸੇ, ਸਿਦਕ ਸੰਜਮ ਤੇ ਪਿਆਰ ਵਾਲੀ ਸੁਪਤਨੀ ਨਿਕਲੀ । ਉਹ ਰਾਤ ਦਿਨ ਜੈ ਦੇਵ ਜੀ ਦੀ ਸੇਵਾ ਕਰਦੀ ਰਿਹਾ ਕਰੇ । ਸੇਵਾ ਦਾ ਫਲ ਇਹ ਹੋਇਆ ਕਿ ਸ੍ਰੀ ਜੈ ਦੇਵ ਉਸ ਨਾਲ ਓਸੇ ਤਰ੍ਹਾਂ ਪ੍ਰੀਤ ਕਰਨ ਲਗਾ ਜਿਵੇਂ ਸ੍ਰੀ ਕ੍ਰਿਸ਼ਨ ਜੀ ਰਾਧਾ ਨਾਲ ਪਿਆਰ ਕਰਦੇ ਸਨ । ਦੋਹਾਂ ਨੇ ਸਲਾਹ ਕੀਤੀ ਕਿ ਵਾਪਸ ਨਗਰ ਤੁਰ ਚਲੀਏ ਘਰ ਬੈਠ ਕੇ ਪ੍ਰਭੂ ਭਗਤੀ ਕਰੀ ਜਾਵਾਂਗੇ । ਇਹ ਸਲਾਹ ਪੱਕੀ ਹੋ ਗਈ । ਮੰਜ਼ਲੋ ਮੰਜ਼ਲੀ ਚਲਦੇ ਹੋਏ ਓਹ ਆਪਣੇ ਨਗਰ ਕੇਂਦਲ ਆ ਗਏ, ਕੇਂਦਲ ਦੇ ਲੋਕ ਬਹੁਤ ਖ਼ੁਸ਼ ਹੋਏ । ਸਭ ਤੋਂ ਬਹੁਤ ਖ਼ੁਸ਼ੀ ਸ੍ਰੀ ਜੈ ਦੇਵ ਜੀ ਦੇ ਪਹਿਲੇ ਭਗਤ ਨਿਰੰਜਨ ਨੂੰ ਹੋਈ ਜੋ ਸਚਮੁਚ ਹੀ ਨਿਰੰਜਨ ਬਣ ਚੁਕਾ ਸੀ । ਧੋਖੇ, ਮਾਇਆ, ਲਾਲਚ ਤੇ ਪਾਪ ਕਰਮ ਦੀ ਕੌਡੀ ਨਹੀਂ ਸੀ ਓਹਦੇ ਕੋਲ ਰਹੀ । ਉਸ ਨੇ ਆਉਂਦਿਆਂ ਹੀ ਸ੍ਰੀ ਜੈ ਦੇਵ ਦਾ ਘਰ ਉਹਦੇ ਹਵਾਲੇ ਕਰ ਦਿੱਤਾ। ਆਪਣੇ ਘਰ ਸੁਖ ਨਾਲ ਰਹਿਣ ਲੱਗੇ । ਕਈਆਂ ਦਾ ਵਿਚਾਰ ਹੈ ਕਿ ਪਿੰਡੋਂ

ਵਾਧਰ ਕੱਖਾਂ ਦੀ ਝੁਗੀ ਪਾ ਲਈ, ਪਰ ਬੰਗਾਲ ਵਿਚ ਗ਼ਰੀਬਾਂ ਦੇ ਘਰ ਅੱਡ ਅੱਡ ਝੁਗੀਆਂ ਹੁੰਦੀਆਂ ਹਨ ।

## ਗੀਤ ਗੋਬਿੰਦ ਦੀ ਰਚਨਾ

ਸ੍ਰੀ ਜੈ ਦੇਵ ਜੀ ਦਾ ਸੰਸਕ੍ਰਿਤ ਵਿਚ ਕਾਵਿ ਦਾ ਮਹਾਨ ਗ੍ਰੰਥ 'ਗੀਤ ਗੋਬਿੰਦ' ਨਾਮੀ ਹੈ । ਇਸ ਗ੍ਰੰਥ ਦੇ ਗੀਤ ਅਜੇ ਤਕ ਜਗਨ ਨਾਥ ਦੇ ਮੰਦਰਾਂ ਵਿਚ ਆਰਤੀ ਦੇ ਵਜੋਂ ਗਾਏ ਜਾਂਦੇ ਹਨ । ਇਸ ਗ੍ਰੰਥ ਵਿਚ 'ਰਾਧਾ ਕ੍ਰਿਸ਼ਨ ਪ੍ਰੀਤ' ਦਾ ਵਰਨਣ ਕੀਤਾ ਗਿਆ ਹੈ । ਜਿਸ ਵੇਲੇ ਸ੍ਰੀ ਜੈ ਦੇਵ ਜੀ ਜਗਨਨਾਥ ਪੁਰੀ ਸਨ ਤਦੋਂ ਇਕ ਦਿਨ ਨਦੀ ਕਿਨਾਰੇ ਇਕ ਸੁਹਾਵਣੇ ਦਰਖ਼ਤ ਹੇਠਾਂ ਖਲੋਤਿਆਂ ਹੋਇਆਂ ਉਹਨਾਂ ਦੀਆਂ ਅੱਖਾਂ ਦੇ ਅਗੇ ਝਾਕੀ ਆਈ ਕਿ ਸ੍ਰੀ ਕ੍ਰਿਸ਼ਨ ਜੀ ਬੰਸਰੀ ਵਜਾ ਰਹੇ ਨੇ । ਉਹਨਾਂ ਦੀ ਬੰਸਰੀ ਦੀ ਧੁਨ ਸੁਣ ਕੇ ਉਹਨਾਂ ਦੀ ਪਿਆਰੀ ਰਾਧਾ ਨਠੀ ਆਈ ਜਿਸ ਦੇ ਨਾਲ ਉਹਦੀਆਂ ਸਖੀਆਂ ਵੀ ਸਨ। ਸ੍ਰੀ ਕ੍ਰਿਸ਼ਨ ਜੀ ਬੰਸੀ ਵਜਾਉਂਦੇ ਰਹੇ ਤੇ ਰਾਧਾ ਸਖੀਆਂ ਸਮੇਤ ਨਾਚ ਕਰਦੀ ਰਹੀ। ਉਸ ਝਾਕੀ ਨੂੰ ਵੇਖ ਕੇ ਸ੍ਰੀ ਰਾਧਾ ਪ੍ਰੀਤ ਉਤੇ ਆਪ ਦੀ ਜ਼ਬਾਨੋਂ ਇਕ ਸਲੋਕ ਆਪ ਮੁਹਾਰਾ ਹੀ ਨਿਕਲ ਗਿਆ, ਉਸ ਸਲੋਕ ਨੂੰ ਸ੍ਰੀ ਜੈ ਦੇਵ ਜੀ ਨਹੀਂ ਭੁਲੇ ਸਨ ਓਹ ਸਲੋਕ ਗੀਤ ਗੋਬਿੰਦ ਦਾ ਆਦਿ ਸੀ । ਉਸ ਸਲੋਕ ਦਾ ਚਰਨ ਸੀ। 'ਮੈਂ ਘਰ ਮਧੁਰ ਮੰਬਰੀ ਸੁਦਾਮਾ ਤਮਾਲ ਦ੍ਰਮੈ ।'

ਪ੍ਰਭੂ ਦੀ ਕਿਰਪਾ ਨਾਲ ਸ੍ਰੀ ਜੈ ਦੇਵ ਜੀ ਦਾ ਗ੍ਰਹਿਸਤੀ ਜੀਵਨ ਚੰਗਾ ਲੰਘ ਰਿਹਾ ਸੀ । ਪ੍ਰਭੂ ਦੇ ਗੀਤ ਗਾਉਣ ਵਾਲਾ ਸ੍ਰੀ ਜੈ ਦੇਵ ਕਿਵੇਂ ਭੁਖਾ ਮਰ ਸਕਦਾ ਸੀ ? ਬਹੁਤ ਸਾਰੇ ਲੋਕ ਦਰਸ਼ਨ ਕਰਨ ਆਉਂਦੇ ਕੀਰਤਨ ਸੁਣਦੇ ਰਹਿੰਦੇ ਉਹ ਖ਼ਾਲੀ ਹੱਥ ਨਾ ਆਉਂਦੇ ਸਗੋਂ ਕੁਝ ਨਾ ਕੁਝ ਚੜ੍ਹਾ ਜਾਂਦੇ । ਚੜ੍ਹਾਵੇ ਨਾਲ ਸ੍ਰੀ ਜੈ ਦੇਵ ਜੀ ਦਾ ਘਰ ਦਾ ਖ਼ਰਚ ਤੇ ਆਏ ਗਏ ਸੰਤਾਂ ਦਾ ਖ਼ਰਚ ਨਿਕਲ ਜਾਂਦਾ। ਬੇਫ਼ਿਕਰੀ ਦਾ ਜੀਵਨ ਬਤੀਤ ਕਰਦੇ ਹੋਏ ਭਗਤ ਜੀ ਗੀਤ ਗੋਬਿੰਦ ਦੀ ਰਚਨਾ ਕਰਨ ਲੱਗੇ ।

ਉਨ੍ਹਾਂ ਦੇ ਨਗਰ ਨੇੜਿਓਂ ਦੀ ਇਕ ਨਦੀ ਲੰਘਦੀ ਸੀ । ਉਸ ਦੇ ਕਿਨਾਰੇ ਜਾ ਬੈਠਦੇ ਤੇ ਗੋਬਿੰਦ (ਸ੍ਰੀ ਕ੍ਰਿਸ਼ਨ ਜੀ) ਦੀ ਉਪਮਾ ਵਿਚ ਗੀਤ ਲਿਖਦੇ ਰਹਿੰਦੇ। ਬਾਰਸ਼ਾਂ ਦੇ ਦਿਨ ਸਨ । ਨਦੀ ਕਿਨਾਰੇ ਜਾਣ ਦੀ ਥਾਂ ਘਰ ਹੀ ਰਹਿੰਦੇ । ਇਕ

ਦਿਨ ਉਨ੍ਹਾਂ ਨੇ ਇਕ ਛੰਦ ਦੀਆਂ ਤਿੰਨ ਤੁਕਾਂ ਰਚ ਲਈਆਂ। ਇਕ ਤੁਕ ਅੱਧਾ ਚਰਨ ਨਾ ਔੜੇ ਕਿ ਕੀ ਲਿਖਣ। ਏਨੇ ਨੂੰ ਪਦਮਾ ਨੇ ਅਵਾਜ਼ ਦਿਤੀ, 'ਸਵਾਮੀ ਜੀ! ਉਠੋ ਇਸ਼ਨਾਨ ਕਰੋ ਤੇ ਭੋਜਨ ਛਕੋ।' ਸ੍ਰੀ ਜੈ ਦੇਵ ਜੀ ਪਦਮਾ ਦੇ ਬਚਨ ਨਹੀਂ ਸਨ ਮੋੜਦੇ। ਉਹ ਉਠ ਬੈਠੇ। ਉਹਨਾਂ ਪਦਮਾ ਨੂੰ ਆਖਿਆ—'ਪਦਮਾ ਕੀ ਦੱਸਾਂ ਅਜ ਅੱਧਾ ਚਰਨ ਨਹੀਂ ਔੜਦਾ।'

'ਪਹਿਲੇ ਇਸ਼ਨਾਨ ਕਰ ਆਓ, ਭੋਜਨ ਛਕੋ। ਫਿਰ ਜ਼ਰੂਰ ਉਸ ਪਦ ਦੀ ਰਚਨਾ ਹੋ ਜਾਵੇਗੀ। ਕੀ ਪਤਾ ਪ੍ਰਭੂ ਦੀ ਕੀ ਇਛਾ ਹੈ।' ਪਦਮਾ ਦਾ ਅਗੋਂ ਉਤਰ ਸੀ।

ਪਦਮਾ ਦਾ ਇਹ ਬਚਨ ਸੁਣ ਕੇ ਸ੍ਰੀ ਜੈ ਦੇਵ ਜੀ ਛੰਦ ਨੂੰ ਅਧੂਰਾ ਛਡ ਕੇ ਇਸ਼ਨਾਨ ਕਰਨ ਚਲੇ ਗਏ। ਪਦਮਾ ਨੇ ਗ੍ਰੰਥ ਚੁਕ ਕੇ ਇਕ ਪਾਸੇ ਰਖ ਦਿਤਾ। ਉਹ ਸਾਰਾ ਛੰਦ ਇਹ ਸੀ—

*ਸਬਲ ਕਮਲ ਗਜਨੰ ਮਮ ਰਿਦਯ ਰੰਜਨੰ ਜਨਿ ਤਰਤਿਰੰਗ ਪਰ ਭਾਗਮੂ॥*
*ਭਣ ਸਮ੍ਰਿਣ ਵਾਨਿ ਕਰਾਵਨਿ ਕਰਣ ਦਯੰ ਸਰਸ ਲਸ ਦਲਕਤ ਕਰਾਗਮੂ॥*
*ਮਮਰ ਗਰਲ ਖੰਡਨੰ ਮਮ ਸਿਰਸਿ ਖੰਡਨੰ ॥......॥*

ਆਪਣੇ ਭਗਤਾਂ ਦੀ ਸਾਰ ਲੈਣ ਵਾਸਤੇ ਸ੍ਰੀ ਕ੍ਰਿਸ਼ਨ ਜੀ ਉਸੇ ਵੇਲੇ ਆ ਹਾਜ਼ਰ ਹੋਏ। ਉਨ੍ਹਾਂ ਨੇ ਸ੍ਰੀ ਜੈ ਦੇਵ ਜੀ ਦਾ ਰੂਪ ਧਾਰਨ ਕਰ ਲਿਆ। ਘਰ ਵੜਦਿਆਂ ਹੀ ਅਵਾਜ਼ ਦਿਤੀ—'ਪਦਮਾ! ਗੀਤ ਗੋਬਿੰਦ ਗ੍ਰੰਥ ਲਿਆ।' ਪਦਮਾ ਇਹ ਸੁਣ ਕੇ ਦੇਖ ਕੇ ਹੈਰਾਨ ਹੋਈ ਸੀ ਇਸ਼ਨਾਨ ਕਰਨ ਗਏ ਸਵਾਮੀ ਜੀ ਰਾਹ ਵਿਚੋਂ ਹੀ ਮੁੜ ਆਏ। ਜਦੋਂ ਉਸ ਨੇ ਪੁਛਿਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਉੱਤਰ ਦਿਤਾ—'ਰਾਹ ਵਿਚ ਪਦ ਚੇਤੇ ਆ ਗਿਆ, ਫੇਰ ਭੁਲ ਜਾਵੇਗਾ।' ਸਵਾਮੀ ਦੀ ਆਗਿਆ ਪਾਲਣ ਕਰਨ ਲਈ ਪਦਮਾ ਨਾ ਰੁਕੀ। ਉਹ ਗੀਤ ਗੋਬਿੰਦ ਗ੍ਰੰਥ ਚੁਕ ਕੇ ਬਾਹਰ ਲੈ ਆਈ। ਲਿਖਣ ਵਾਲੀ ਚੌਂਕੀ ਉਤੇ ਬੈਠ ਕੇ ਪ੍ਰਭੂ ਨੇ ਆਪ ਇਉਂ ਅੱਧਾ ਚਰਨ ਲਿਖਿਆ—

'ਦੇਹਿਮੇ ਪਦ ਪਲਵ ਮੁਰਾਦਰਮ!' ਏਨਾਂ ਲਿਖਣ ਨਾਲ ਕਵਿਤਾ ਦੀ ਪੂਰਤੀ ਹੋ ਗਈ, ਭਾਈ ਗੁਰਦਾਸ ਜੀ ਫ਼ੁਰਮਾਉਂਦੇ ਨੇ —

*ਪ੍ਰੇਮ ਭਗਤਿ ਜੈਦੇਉ ਕਰਿ ਗੀਤ ਗੋਵਿੰਦ ਸਹਜ ਧੁਨਿ ਗਾਵੈ।*
*ਲੀਲਾ ਚਲਿਤ ਵਖਾਣਦਾ ਅੰਤਰਜਾਮੀ ਠਾਕੁਰ ਭਾਵੈ।*
*ਅਖਰੁ ਇਕੁ ਨ ਆਵੜੈ ਪੁਸਤਕ ਬੰਨ੍ਹਿ ਸੰਧਿਆ ਕਰਿ ਆਵੈ।*

ਗੁਣ ਨਿਧਾਨੁ ਘਰਿ ਆਇ ਕੈ ਭਗਤ ਰੂਪਿ ਲਿਖਿ ਲੇਖੁ ਬਣਾਵੈ।
ਅਖਰ ਪੜ੍ਹਿ ਪਰਤੀਤ ਕਰਿ ਹੋਇ ਵਿਸਮਾਦੁ ਨ ਅੰਗਿ ਸਮਾਵੈ।
ਵੇਖੈ ਜਾਇ ਉਜਾੜਿ ਵਿਚਿ ਬਿਰਖੁ ਇਕੁ ਆਚਰਜੁ ਸੁਹਾਵੈ।
ਗੀਤ ਗੋਵਿੰਦ ਸੰਪੂਰਣੋ ਪਤਿ ਪਤਿ ਲਿਖਿਆ ਅੰਤੁ ਨ ਪਾਵੈ।
ਭਗਤਿ ਹੇਤਿ ਪਰਗਾਸੁ ਕਰਿ ਹੋਇ ਦਇਆਲੁ ਮਿਲੈ ਗਲਿ ਲਾਵੈ।
ਸੰਤ ਅਨੰਤ ਨ ਭੇਦੁ ਗਣਾਵੈ ॥੧੦॥

(ਭਾਈ ਗੁਰਦਾਸ ਜੀ, ਵਾਰ ੧੦)

ਪਦ ਲਿਖਣ ਪਿਛੋਂ ਜੈ ਦੇਵ ਜੀ ਦੇ ਰੂਪ ਵਿਚ ਬੈਠੇ ਭਗਵਾਨ ਨੇ ਪਦਮਾ ਨੂੰ ਆਖਿਆ—'ਪਦਮਾ ਭੋਜਨ ਛਕਾ ਦੇ ਇਸ਼ਨਾਨ ਫੇਰ ਹੀ ਕਰਾਂਗੇ।' ਭੋਲੀ ਪਦਮਾ ਨੇ ਭੋਜਨ ਪਰੋਸ ਦਿਤਾ। ਭਗਵਾਨ ਭੋਜਨ ਛਕ ਕੇ ਪ੍ਰਸੰਨ ਹੋ ਗਏ ਕੁਝ ਸੀਤ ਪ੍ਰਸ਼ਾਦ ਰਹਿ ਗਿਆ, ਹੱਥ ਧੋ ਕੇ ਭਗਵਾਨ ਜੀ ਬਾਹਰ ਚਲੇ ਗਏ। ਫੇਰ ਸਾਮਾਨ ਸਾਂਭ ਕੇ ਅਸੂਲ ਅਨੁਸਾਰ ਉਸ ਜੂਠੇ ਪਤ੍ਰ ਉਤੇ ਰਖ ਕੇ ਪਦਮਾ ਆਪ ਭੋਜਨ ਕਰਨ ਲਗੀ, ਅਜੇ ਪਹਿਲੀ ਬੁਰਕੀ ਹੀ ਪਾਈ ਸੀ ਤਾਂ ਅਸਲੀ ਸ੍ਰੀ ਜੈ ਦੇਵ ਜੀ ਆ ਹਾਜ਼ਰ ਹੋਏ। ਪਦਮਾ ਨੂੰ ਭੋਜਨ ਕਰਦੀ ਦੇਖ ਸ੍ਰੀ ਜੈ ਦੇਵ ਜੀ ਨੂੰ ਹੈਰਾਨੀ ਹੋਈ ਕਿ ਇਸਨੇ ਅੱਜ ਅਸੂਲ ਦੀ ਉਲੰਘਣਾ ਕਿਉਂ ਕੀਤੀ ਹੈ ਤੇ ਪਦਮਾ ਸ੍ਰੀ ਜੈ ਦੇਵ ਨੂੰ ਦੇਖ ਕੇ ਦੰਗ ਰਹਿ ਗਈ। ਉਸਦੇ ਹੱਥੋਂ ਬੁਰਕੀ ਡਿਗ ਪਈ ਉਹ ਛੇਤੀ ਨਾਲ ਉਠੀ ਤੇ ਹੱਥ ਜੋੜ ਕੇ ਕਹਿਣ ਲੱਗੀ, 'ਆਪ ਹੁਣ ਇਸ਼ਨਾਨ ਕਰਕੇ ਆਏ ਤੇ ਗੀਤ ਗੋਬਿੰਦ ਦੇ ਅਧੂਰੇ ਛੰਦ ਨੂੰ ਪੂਰਿਆਂ ਕਰਨ ਵਾਲਾ ਕਿਹੜਾ ਜੈ ਦੇਵ?' ਇਸ ਦੇ ਪਿਛੋਂ ਉਸ ਨੇ ਸਾਰੀ ਵਾਰਤਾ ਸੁਣਾ ਦਿਤੀ। ਜੈ ਦੇਵ ਛੇਤੀ ਨਾਲ ਗੀਤ ਗੋਬਿੰਦ ਪੁਸਤਕ ਨੂੰ ਦੇਖਣ ਗਿਆ। ਅਗੋ ਕੀ ਦੇਖਦਾ ਹੈ ਕਿ ਪਦ ਪੂਰਾ ਹੋਇਆ ਹੋਇਆ ਹੈ। ਪੜ੍ਹ ਕੇ ਬਹੁਤ ਪ੍ਰਸੰਨ ਹੋਇਆ। ਉਸ ਵੇਲੇ ਉਸਦੀ ਜ਼ਬਾਨੋਂ ਨਿਕਲ ਗਿਆ, 'ਮੇਰੇ ਪ੍ਰਭੂ ਆਏ, ਦਿਆਲੂ ਆਏ!' ਪਦਮਾ ਤੂੰ ਧੰਨ ਹੈਂ 'ਕ੍ਰਿਸ਼ਨ ਜੀ ਦੇ ਦਰਸ਼ਨ ਕਰ ਲਏ' ਇਹ ਆਖ ਕੇ ਓਹ ਪੱਤ੍ਰ ਉਤੇ ਪਏ ਸੀਤ ਜੂਠੇ ਪ੍ਰਸ਼ਾਦਿ ਨੂੰ ਖਾਣ ਲੱਗਾ। ਪਦਮਾ ਰੋਕਦੀ ਰਹੀ ਕਿ ਉਸਦਾ ਜੂਠਾ ਭੋਜਨ ਹੈ, ਪਰ ਕੌਣ ਸੁਣੇ? ਓਹ ਪਦਮਾ ਦੀ ਜੂਠ ਨਹੀਂ ਸੀ ਸਗੋਂ ਭਗਵਾਨ ਦੇ ਭੋਗ ਲਾਏ ਹੋਏ ਸੀਤ ਪ੍ਰਸ਼ਾਦਿ ਦਾ ਕੁਝ ਹਿੱਸਾ ਸੀ। ਇਸ ਪਿਛੋਂ ਥੋੜੇ ਦਿਨਾਂ ਵਿਚ ਹੀ ਗੀਤ ਗੋਬਿੰਦ ਗ੍ਰੰਥ ਸੰਪੂਰਨ ਹੋ ਗਿਆ।

# ਗੀਤ ਗੋਬਿੰਦ ਜਗਨਨਾਥ ਪੁਰੀ ਦੇ ਮੰਦਰ ਵਿਚ

ਜਦੋਂ ਗੀਤ ਗੋਬਿੰਦ ਗ੍ਰੰਥ ਸੰਪੂਰਨ ਹੋ ਗਿਆ ਤਾਂ ਸ੍ਰੀ ਜੈ ਦੇਵ ਜੀ ਨੇ ਉਸ ਦੀਆਂ ਦੋ ਕਾਪੀਆਂ ਨਕਲ ਕੀਤੀਆਂ। ਇਕ ਕਾਪੀ ਲੈ ਕੇ ਜਗਨਨਾਥ ਪੁਰੀ ਪੂਜਾ ਤੇ ਪੁਰਖੋਤਮ ਦੇ ਮੰਦਰ ਵਿਚ ਉਸ ਪੁਸਤਕ ਨੂੰ ਚੜ੍ਹਾ ਦਿੱਤਾ। ਉਸ ਦੇ ਸਾਰੇ ਗੀਤਾਂ ਨੂੰ ਮੰਦਰ ਮੂਰਤੀ ਦੇ ਸਾਹਮਣੇ ਉਸਨੇ ਆਪੇ ਗਾਇਆ। ਉਹਨਾਂ ਗੀਤਾਂ ਦੀ ਬਹੁਤ ਉਪਮਾ ਹੋਣ ਲੱਗੀ। ਜਗਨਨਾਥ ਪੁਰੀ ਦਾ ਬੱਚਾ ਬੱਚਾ 'ਗੀਤ ਗੋਬਿੰਦ' ਦੇ ਗੀਤ ਗਾਉਣ ਲਗਾ। ਜਗਨਨਾਥ ਪੁਰੀ ਦਾ ਰਾਜਾ ਬ੍ਰਾਹਮਣ ਸੀ ਓਹ ਆਪਣੇ ਆਪ ਨੂੰ ਕਵੀ ਤੇ ਮਹਾਂ ਵਿਦਵਾਨ ਗਿਣਦਾ ਸੀ, ਜਦੋਂ ਉਸਨੇ ਗੀਤ ਗੋਬਿੰਦ ਦੀ ਸੋਭਾ ਸੁਣੀ ਤਾਂ ਉਸ ਦੇ ਅੰਦਰ ਈਰਖਾ ਦੀ ਅੱਗ ਭੜਕੀ। ਉਸ ਨੇ ਮਨ ਹੀ ਮਨ ਫ਼ੈਸਲਾ ਕਰ ਲਿਆ ਕਿ ਗੀਤ ਗੋਬਿੰਦ ਵਰਗਾ ਗ੍ਰੰਥ ਲਿਖਣਗੇ ਤੇ ਆਪਣੇ ਗ੍ਰੰਥ ਦਾ ਪ੍ਰਚਾਰ ਕਰਾਉਣਗੇ। ਕਿਉਂਕਿ ਉਸ ਕੋਲ ਧਨ ਬਹੁਤ ਸੀ। ਧਨ ਆਸਰੇ ਮੂਰਖ ਵੀ ਪੰਡਤ ਸਮਝਿਆ ਜਾਂਦਾ ਹੈ। ਹਰ ਥਾਂ ਮਾਇਆ ਦਾ ਹੀ ਪ੍ਰਤਾਪ ਹੈ। 'ਮਾਇਆ ਤੇਰੇ ਤੀਨ ਨਾਮ। ਪਰਸੂ ਪਰਸਾ ਪਰਸ ਰਾਮ!' ਆਦਮੀ ਗ਼ੀਰਬ ਹੋਵੇ ਤਾਂ ਉਸ ਨੂੰ ਸਾਰੇ ਪਰਸੂ ਆਖਣਗੇ। ਜਦੋਂ ਚੰਗੀ ਹਾਲਤ ਹੋ ਜਾਵੇ ਤਾਂ ਪਰਸਾ ਆਖਣਗੇ ਜਦੋਂ ਓਹ ਅਮੀਰ ਬਣ ਜਾਵੇ ਤਾਂ ਸਾਰੇ ਉਸ ਨੂੰ ਲਾਲਾ ਪਰਸ ਰਾਮ ਜੀ! ਆਖਣ ਲਗ ਪੈਂਦੇ ਹਨ।

ਰਾਜੇ ਨੇ ਗੀਤ ਗੋਬਿੰਦ ਗ੍ਰੰਥ ਤਿਆਰ ਕੀਤਾ। ਬ੍ਰਾਹਮਣ ਨੂੰ ਇਹ ਕਹਿਣ ਲੱਗਾ—'ਦੇਖੋ! ਇਹ ਗੀਤ ਗ੍ਰੰਥ ਦੀ ਮੈਂ ਰਚਨਾ ਕੀਤੀ ਹੈ। ਇਸ ਦੇ ਗੀਤਾਂ ਨੂੰ ਪ੍ਰਚਾਰੋ। ਬਹੁਤ ਸਾਰਾ ਧਨ ਦਾਨ ਕੀਤਾ ਜਾਵੇਗਾ।' ਪਰ ਬ੍ਰਾਹਮਣ ਇਹ ਪਾਪ ਨਹੀਂ ਕਰਨਾ ਚਾਹੁੰਦੇ ਸਨ ਕਿ ਅਸਲੀ ਗੀਤ ਗੋਬਿੰਦ ਗ੍ਰੰਥ ਦੀ ਥਾਂ ਨਕਲੀ ਦਾ ਪ੍ਰਚਾਰ ਕਰਨ। ਉਨ੍ਹਾਂ ਨੇ ਰਾਜੇ ਨੂੰ ਉੱਤਰ ਦਿੱਤਾ—'ਹੇ ਰਾਜਨ! ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਅਸੀਂ ਆਪਣੇ ਆਪ ਤੇਰੇ ਗ੍ਰੰਥ ਦਾ ਪ੍ਰਚਾਰ ਕਰੀਏ ਇਹ ਤਾਂ ਹੋ ਸਕਦਾ ਹੈ ਕਿ ਦੋਵੇਂ ਗ੍ਰੰਥ ਸ੍ਰੀ ਪੁਰਖੋਤਮ ਦੀ ਹਜ਼ੂਰੀ ਵਿਚ ਰਖ ਦਿਓ। ਉਹ ਜਿਸ ਗ੍ਰੰਥ ਨੂੰ ਪ੍ਰਵਾਨ ਕਰਨ ਓਸੇ ਦਾ ਪ੍ਰਚਾਰ ਹੋਵੇਗਾ। ਜੇ ਉਹ ਦੋਨ੍ਹਾਂ ਨੂੰ ਪ੍ਰਵਾਨ ਕਰਨ ਤਾਂ ਦੋਹਾਂ ਦਾ ਪ੍ਰਚਾਰ ਹੋਵੇਗਾ।' ਇਸ ਸਲਾਹ ਨੂੰ

ਰਾਜਾ ਮੰਨ ਗਿਆ। ਰਾਜੇ ਨੇ ਉੱਤਰ ਦਿੱਤਾ—'ਚਲੋ ਇਸ ਤਰ੍ਹਾਂ ਹੀ ਸਹੀ ਸਵੇਰੇ ਹੀ ਦੋਵੇਂ ਗ੍ਰੰਥ ਮੰਦਰ ਵਿਚ ਚੜ੍ਹਾਏ ਜਾਣ।'

ਸਾਰੇ ਸ਼ਹਿਰ ਵਿਚ ਖ਼ਬਰ ਬਿਜਲੀ ਦੀ ਤਰ੍ਹਾਂ ਖਿਲਰ ਗਈ ਕਿ ਰਾਜੇ ਤੇ ਸ੍ਰੀ ਜੈ ਦੇਵ ਜੀ ਦੇ ਗੀਤ ਗੋਬਿੰਦ ਗ੍ਰੰਥਾਂ ਦਾ ਮੁਕਾਬਲਾ ਹੋਵੇਗਾ। ਲੋਕ ਇਹ ਸੁਣ ਕੇ ਪ੍ਰਭੂ ਕੌਤਕ ਨੂੰ ਦੇਖਣ ਵਾਸਤੇ ਹੁੰਮ ਹੁੰਮਾ ਕੇ ਪੁਜੇ। ਰਾਜਾ ਵਜ਼ੀਰਾਂ ਸਮੇਤ ਹੰਕਾਰ ਵਿਚ ਮਸਤ ਆਇਆ। ਉਸ ਨੂੰ ਇਹ ਮਾਣ ਸੀ ਕਿ ਉਸ ਦਾ ਗੀਤ ਗੋਬਿੰਦ ਗ੍ਰੰਥ ਚੰਗਾ ਹੈ। ਦੋਵੇਂ ਗ੍ਰੰਥ ਸ੍ਰੀ ਪੁਰਖੋਤਮ ਜੀ ਦੀ ਮੂਰਤੀ ਅਗੇ ਰਖ ਦਿਤੇ ਗਏ। ਸਾਰੇ ਲੋਕ ਮੰਦਰ ਤੋਂ ਬਾਹਰ ਹੋ ਗਏ ਪੁਜਾਰੀ ਪੰਡਤ ਨੇ ਮੂਰਤੀ ਅਗੇ ਅਰਦਾਸ ਕੀਤੀ—'ਹੇ ਭਗਵਾਨ! ਇਹ ਦੋ ਗ੍ਰੰਥ ਆਪ ਦੀ ਹਜ਼ੂਰੀ ਵਿਚ ਰਖੇ ਜਾਂਦੇ ਹਨ ਇਨ੍ਹਾਂ ਵਿਚੋਂ ਜਿਸ ਗ੍ਰੰਥ ਨੂੰ ਆਪ ਪ੍ਰਵਾਨ ਕਰਦੇ ਹੋ ਉਸ ਨੂੰ ਕੋਲ ਰਖ ਲਵੋ ਤੇ ਦੂਸਰੇ ਨੂੰ ਮੰਦਰ ਵਿਚੋਂ ਬਾਹਰ ਕਢ ਦੇਵੋ। ਹੇ ਪ੍ਰਭੂ! ਇਹ ਝਗੜਾ ਆਪ ਜ਼ਰੂਰ ਨਬੇੜੋ।' ਇਹ ਪ੍ਰਾਰਥਨਾ ਕਰਕੇ ਮੁਖ ਪੁਜਾਰੀ ਵੀ ਬਾਹਰ ਆ ਗਿਆ। ਅੰਦਰ ਸਿਰਫ਼ ਰਹਿ ਗਏ ਗ੍ਰੰਥ ਤੇ ਭਗਵਾਨ ਦੀ ਮੂਰਤੀ। ਮੰਦਰ ਦੇ ਪੁਜਾਰੀ, ਰਾਜਾ ਅਤੇ ਸ਼ਹਿਰ ਦੇ ਸਾਧਾਰਨ ਲੋਕ ਬੜੀ ਤੀਬਰ ਇੱਛਾ ਨਾਲ ਦੇਖ ਰਹੇ ਸਨ ਕਿ ਭਗਵਾਨ ਜੀ ਕਿਸ ਦੇ ਹੱਕ ਵਿਚ ਫ਼ੈਸਲਾ ਕਰਦੇ ਹਨ। ਚਾਰੇ ਪਾਸੇ ਮੌਤ ਵਰਗੀ ਚੁਪ ਸੀ। ਉਸ ਸ਼ਾਂਤੀ ਦੇ ਵਾਯੂ ਮੰਡਲ ਵਿਚ ਲੋਕਾਂ ਦੇ ਕੰਨਾਂ ਨੇ ਖੜਕਾਰ ਸੁਣਿਆਂ। ਜਿਸ ਤਰ੍ਹਾਂ ਮੰਦਰ ਵਿਚ ਕੋਈ ਪੁਰਸ਼ ਫਿਰਦਾ ਤੇ ਚੀਜ਼ਾਂ ਨੂੰ ਉਲਟ ਪੁਲਟ ਕਰਦਾ ਹੈ। ਉਸ ਹਰਕਤ ਦੇ ਥੋੜੇ ਸਮੇਂ ਪਿਛੋਂ ਹੀ ਇਕ ਗ੍ਰੰਥ 'ਪਟਾਕ' ਕਰਕੇ ਮੰਦਰ ਦੀਆਂ ਬਰੂਹਾਂ ਤੋਂ ਬਾਹਰਲੇ ਫ਼ਰਸ਼ ਉਪਰ ਡਿਗਾ, ਉਸਦੇ ਵਰਕੇ ਖਿਲਰ ਗਏ। ਇਕ ਗ੍ਰੰਥ ਦੇ ਬਾਹਰ ਆਉਣ ਤੇ ਲੋਕਾਂ ਨੇ ਖ਼ੁਸ਼ੀ ਵਿਚ ਭਗਵਾਨ ਪੁਰਖੋਤਮ ਦੀ ਜੈ ਜੈ ਕਾਰ ਕੀਤੀ। ਮੁਖੀ ਪੁਜਾਰੀ ਨੇ ਅਗੇ ਹੋ ਕੇ ਬਾਹਰ ਡਿਗਾ ਗ੍ਰੰਥ ਦੇਖਿਆ, ਦੇਖਦੇ ਸਾਰ ਹੀ ਉਹਨੇ ਐਲਾਨ ਕੀਤਾ—'ਰਾਮ ਜਨੋ! ਸੁਣ ਲਵੋ ਪ੍ਰਭੂ ਨੇ ਰਾਜੇ ਦੇ ਗ੍ਰੰਥ ਗੀਤ ਗੋਬਿੰਦ ਨੂੰ ਬਾਹਰ ਸੁਟ ਦਿਤਾ ਹੈ ਅਤੇ ਜੈ ਦੇਵ ਜੀ ਦੇ ਗ੍ਰੰਥ ਨੂੰ ਪ੍ਰਵਾਨ ਕਰ ਲਿਆ ਹੈ।' ਲੋਕ ਖ਼ੁਸ਼ ਹੋ ਗਏ। ਪਰ ਰਾਜਾ ਉਦਾਸ ਤੇ ਸ਼ਰਮਿੰਦਾ ਹੋ ਗਿਆ। ਉਸ ਨੂੰ ਧਰਤੀ ਵਿਹਲ ਨਹੀਂ ਸੀ ਦੇਂਦੀ। ਉਹ ਜੀਵਨ ਨਾਲੋਂ ਮਰਨਾ ਚੰਗਾ ਸਮਝਣ ਲੱਗਾ। ਲੋਕ ਓਥੇ ਹੀ ਉਸ ਨੂੰ ਸ਼ਰਮਿੰਦਾ ਕਰਨ ਲਗ ਪਏ। ਉਸਨੇ

ਗ੍ਰੰਥ ਚੁਕ ਲਿਆ। ਵਜ਼ੀਰਾਂ, ਪੰਡਤਾਂ ਤੇ ਹੋਰ ਜਾਣੂ ਲੋਕਾਂ ਕੋਲੋਂ ਅੱਖ ਬਚਾ ਕੇ ਸਮੁੰਦਰ ਵਲ ਤੁਰ ਪਿਆ। ਉਸ ਨੇ ਫ਼ੈਸਲਾ ਕੀਤਾ ਕਿ ਓਹ ਮਰ ਜਾਇਗਾ। ਲੋਕਾਂ ਦੇ ਮਥੇ ਨਹੀਂ ਲਗੇਗਾ। ਕਿਉਂਕਿ ਮਖੌਲ ਔਰ ਸ਼ਰਮਿੰਦਗੀ ਦੇ ਜੀਵਨ ਨਾਲੋਂ ਮਰਨਾ ਚੰਗਾ ਹੈ। ਸਮੁੰਦਰ ਦੇ ਕਿਨਾਰੇ ਪਹੁੰਚ ਕੇ ਸਮੁੰਦਰ ਵਿਚ ਛਾਲ ਮਾਰਨ ਲੱਗਾ ਤਾਂ ਭਗਵਾਨ ਵਲੋਂ ਗ਼ੈਬੀ ਅਵਾਜ਼ ਸੁਣਾਈ ਦਿਤੀ, 'ਹੇ ਰਾਜਨ! ਆਤਮਘਾਤ ਕਰਕੇ ਦੂਸਰਾ ਪਾਪ ਨਾ ਕਰ, ਪਹਿਲਾ ਪਾਪ ਤੂੰ ਈਰਖਾ ਕਰਕੇ ਕੀਤਾ ਹੈ। ਤੇਰੇ ਗ੍ਰੰਥ ਨੂੰ ਇਸ ਵਾਸਤੇ ਪ੍ਰਵਾਨ ਨਹੀਂ ਕੀਤਾ ਗਿਆ ਕਿ ਲਿਖਣ ਵੇਲੇ ਤੇਰੀ ਆਤਮਾ ਵਿਚ ਸ਼ਰਧਾ ਨਹੀਂ ਸੀ, ਪ੍ਰੇਮ ਤੋਂ ਕੋਰਾ ਰਹਿ ਕੇ ਈਰਖਾ ਦੀ ਅੱਗ ਨਾਲ ਸੜਦੇ ਮਨ ਨਾਲ ਤੂੰ ਇਹ ਰਚਨਾ ਰਚੀ ਹੈ। ਹੰਕਾਰ ਨੂੰ ਤਿਆਗ, ਮੂਰਖਤਾ ਨੂੰ ਛਡ। ਜਾਹ ਕੁਝ ਸਲੋਕ ਸ੍ਰੀ ਜੈ ਦੇਵ ਦੇ ਗ੍ਰੰਥ ਵਿਚ ਦਰਸੋਤ੍ਰਵਾਨ ਹੋ ਜਾਣਗੇ। ਤੇਰਾ ਨਾਮ ਅਮਰ ਰਹਿ ਜਾਵੇਗਾ। ਇਹ ਗ੍ਰੰਥ ਕੋਰੇ ਦਾ ਕੋਰਾ ਸਮੁੰਦਰ ਦੀ ਭੇਟ ਕਰ ਦੇਹ।' ਇਹ ਭਾਖਿਆ ਸੁਣ ਕੇ ਰਾਜੇ ਦੇ ਮਨ ਵਿਚ ਕੁਝ ਸ਼ਾਂਤੀ ਆਈ। ਉਸਨੇ ਗ੍ਰੰਥ ਗੀਤ ਗੋਬਿੰਦ ਸਮੁੰਦਰ ਵਿਚ ਸੁਟ ਦਿਤਾ ਤੇ ਸਮੁੰਦਰ ਕੰਢਿਓਂ ਨਸ ਕੇ ਸਿਧਾ ਮੰਦਰ ਵਿਚ ਆ ਗਿਆ। ਮੰਦਰ ਦੀ ਮੂਰਤੀ ਦੇ ਸਾਹਮਣੇ ਡੰਡਵਤ ਹੋ ਕੇ ਭਗਵਾਨ ਕੋਲੋਂ ਖਿਮਾਂ ਮੰਗੀਠ। ਅਗੇ ਨੂੰ ਈਰਖਾ ਨਾ ਕਰਨ ਦੀ ਸੁਗੰਧ ਚੁਕੀ। ਨਾਲ ਇਹ ਪ੍ਰਣ ਕੀਤਾ ਕਿ ਜੈ ਦੇਵ ਜੀ ਦੇ ਗ੍ਰੰਥ ਗੀਤ ਗੋਬਿੰਦ ਵਿਚੋਂ ਓਹ ਇਕ ਗੀਤ ਜ਼ਰੂਰ ਮੰਦਰ ਵਿਚ ਆ ਕੇ ਪੜ੍ਹਿਆ ਕਰੇਗਾ। ਇਸ ਘਟਨਾ ਨੇ ਸ੍ਰੀ ਜੈ ਦੇਵ ਦੀ ਸੋਭਾ ਵਧਾ ਦਿਤੀ। ਰਾਜੇ ਨੇ ਜੈ ਦੇਵ ਜੀ ਨੂੰ ਸੱਦ ਕੇ ਉਸ ਦਾ ਬਹੁਤ ਸਤਿਕਾਰ ਕੀਤਾ ਤੇ ਨਾਲ ਹੀ ਤੁਰਦੇ ਨੂੰ ਬਹੁਤ ਸਾਰਾ ਧਨ ਦਾਨ ਵਜੋਂ ਦਿਤਾ। ਉਸ ਧਨ ਨੂੰ ਲੈ ਕੇ ਸ੍ਰੀ ਜੈ ਦੇਵ ਜੀ ਘਰ ਨੂੰ ਵਾਪਸ ਜਾ ਰਹੇ ਸਨ ਕਿ ਭਿਆਨਕ ਘਟਨਾ ਵਾਪਰ ਗਈ।

## ਡਾਕੂਆਂ ਦਾ ਪਾਪ

ਜਗਨਨਾਥ ਪੁਰੀ ਤੋਂ ਚਲ ਕੇ ਕੇਂਦਲ ਨੂੰ ਆਉਂਦਿਆਂ ਹੋਇਆਂ ਰਾਜਾ ਲਛਮਣ ਸੈਨ ਦੇ ਰਾਜ ਵਿਚ ਦੀ ਲੰਘਣਾ ਪੈਂਦਾ ਸੀ। ਚੋਖਾ ਧਨ ਚੁਕ ਕੇ ਸ੍ਰੀ ਜੈ ਦੇਵ ਜੀ ਜਦੋਂ ਰਾਜਾ ਲਛਮਣ ਸੈਨ ਦੇ ਰਾਜ ਵਿਚਦੀ ਲੰਘ ਰਹੇ ਸਨ ਤਾਂ ਡਾਕੂ

ਉਹਨਾਂ ਦੇ ਪਿਛੇ ਲਗ ਗਏ । ਰਾਹ ਵਿਚ ਜੰਗਲ ਤੇ ਅੰਨ੍ਹਾ ਖੂਹ ਆਇਆ। ਉਸ ਖੂਹ ਦੇ ਲਾਗੇ ਆਣ ਕੇ ਡਾਕੂਆਂ ਨੇ ਸ੍ਰੀ ਜੈ ਦੇਵ ਜੀ ਨੂੰ ਆਖਿਆ—'ਸੰਤਾ! ਜੋ ਕੁਝ ਕੋਲ ਹੈ ਉਹ ਰਖ ਦੇਹ ।' ਸ੍ਰੀ ਜੈ ਦੇਵ ਜੀ ਨੇ ਸਾਰਾ ਦਰਬ ਧਰਤੀ ਉਤੇ ਰਖ ਦਿਤਾ । ਨਾਲ ਹੀ ਆਖਿਆ—'ਭਗਤੋ ! ਹੋਰ ਮੇਰੇ ਕੋਲ ਕੁਝ ਨਹੀਂ ।' ਪਰ ਉਹ ਡਾਕੂ ਬਹੁਤ ਕਠੋਰ ਮਨ ਸਨ । ਓਹ ਪੁਰਸ਼ਾਂ ਨੂੰ ਗਾਜਰਾਂ ਮੂਲੀਆਂ ਵਾਂਗ ਕੱਟ ਸੁਟਦੇ ਸਨ । ਉਹਨਾਂ ਨੇ ਸ੍ਰੀ ਜੈ ਦੇਵ ਜੀ ਦੀਆਂ ਬਾਹੀਂ ਕਟਕੇ ਉਸ ਨੂੰ ਅੰਨ੍ਹੇ ਖੂਹ ਵਿਚ ਸੁਟ ਦਿਤਾ । ਆਪ ਦਰਬ ਚੁਕ ਕੇ ਰਾਹ ਪਏ । ਸ੍ਰੀ ਜੈ ਦੇਵ ਜੀ ਖੂਹ ਵਿਚ ਪਏ ਹੋਏ ਸਨ ਔਰ ਪਦਮਾ ਨੂੰ ਚੇਤੇ ਕਰਨ ਲਗੇ ।

## ਰਾਜੇ ਲਛਮਣ ਸੈਨ ਦਾ ਮੇਲ

ਸਬੱਬ ਨਾਲ ਰਾਜਾ ਲਛਮਣ ਸੈਨ ਉਧਰ ਸ਼ਿਕਾਰ ਖੇਡਣ ਆਇਆ ਹੋਇਆ ਸੀ । ਓਹ ਉਸੇ ਖੂਹ ਉਤੇ ਆ ਗਿਆ । ਅੰਨ੍ਹੇ ਖੂਹ ਵਿਚੋਂ 'ਰਾਧੇ ਸ਼ਾਮ ਰਾਧੇ ਸ਼ਾਮ!' ਦੇ ਸਿਮਰਨ ਦੀ ਅਵਾਜ਼ ਸੁਣਾਈ ਦਿਤੀ । ਇਹ ਸੁਣ ਕੇ ਰਾਜਾ ਤੇ ਉਸਦੇ ਸੇਵਕਾਂ ਨੇ ਖੂਹ ਵਿਚ ਤਕ ਕੇ ਕਿਹਾ, 'ਐ ਰਾਧੇ ਸ਼ਾਮ ਦਾ ਸਿਮਰਨ ਕਰਨ ਵਾਲਿਆ ਤੂੰ ਕੌਣ ਹੈਂ ?'

ਖੂਹ ਵਿਚੋਂ ਅਵਾਜ਼ ਆਈ, ਮੈਂ ਪੁਰਸ਼ ਜੈ ਦੇਵ ਬ੍ਰਾਹਮਣ ਹਾਂ । ਕੋਈ ਡੋਲ ਵਹਾਉ ਮੈਂ ਬਾਹਰ ਆਵਾਂ ਮੇਰੇ ਹੱਥ ਡਾਕੂਆਂ ਨੇ ਕਟੇ ਹੋਏ ਨੇ ।

ਉਸ ਵੇਲੇ ਲਜ ਨਾਲ ਡੋਲ ਬੰਨ੍ਹ ਕੇ ਖੂਹ ਵਿਚ ਵਹਾਇਆ ਗਿਆ । ਉਸ ਡੋਲ ਆਸਰੇ ਸ੍ਰੀ ਜੈ ਦੇਵ ਬਾਹਰ ਆ ਗਏ । ਰਾਜੇ ਨੇ ਉਸ ਨੂੰ ਪਛਾਣ ਲਿਆ ਕਿ ਇਹ ਗੀਤ ਗੋਬਿੰਦ ਦਾ ਕਰਤਾ ਜੈ ਦੇਵ ਹੈ ਕਿਉਂਕਿ ਪਹਿਲਾਂ ਸ੍ਰੀ ਜੈ ਦੇਵ ਜੀ ਰਾਜੇ ਕੋਲ ਰਹਿ ਗਏ ਸਨ ।

'ਪ੍ਰਭੂ ਭਗਤ ! ਇਹ ਭਾਣਾ ਕਿਵੇਂ ਵਰਤਿਆ?' ਰਾਜੇ ਨੇ ਸ੍ਰੀ ਜੈ ਦੇਵ ਜੀ ਨੂੰ ਪੁਛਿਆ ।

ਸ੍ਰੀ ਜੈ ਦੇਵ ਜੀ ਨੇ ਜਗਨਨਾਥ ਪੁਰੀ ਦੇ ਰਾਜੇ ਨੂੰ ਡਾਕੂਆਂ ਦੇ ਦਰਬ ਲੁਟਣ ਤਕ ਸਾਰੀ ਵਾਰਤਾ ਆਖ ਸੁਣਾਈ । ਸਾਰੀ ਵਾਰਤਾ ਸੁਣ ਕੇ ਰਾਜਾ ਪ੍ਰਸੰਨ ਵੀ ਹੋਇਆ ਤੇ ਉਦਾਸ ਵੀ । ਉਦਾਸ ਇਸ ਕਰਕੇ ਕਿ ਹੱਥਾਂ ਤੋਂ ਬਿਨਾਂ

ਮਹਾਨ ਕਵੀ ਲਿਖੇਗਾ ਕਿਸ ਤਰ੍ਹਾਂ? ਸ੍ਰੀ ਜੈ ਦੇਵ ਜੀ ਨੇ ਭਾਵੇਂ ਕਿਹਾ ਕਿ ਓਹ ਕੇਂਦਲ ਜਾਵੇਗਾ ਤੇ ਆਪਣੀ ਪਦਮਾ ਨੂੰ ਮਿਲੇਗਾ। ਓਹ ਚਿੰਤਾ ਕਰਦੀ ਹੋਵੇਗੀ। ਪਰ ਰਾਜੇ ਨੇ ਇਹ ਗੱਲ ਨਾ ਮੰਨੀ, ਉਸਨੇ ਮਲੋ ਮਲੀ ਜੈ ਦੇਵ ਜੀ ਨੂੰ ਆਪਣੀ ਰਾਜਧਾਨੀ ਵਲ ਤੋਰ ਲਿਆ। ਭਗਤ ਪ੍ਰੇਮ ਤੇ ਸ਼ਰਧਾ ਦੇ ਭੁਖੇ ਹੁੰਦੇ ਨੇ ਰਾਜਾ ਉਹਨਾਂ ਦਾ ਬਹੁਤ ਸ਼ਰਧਾਲੂ ਸੀ। ਬਾਹਾਂ ਦੇ ਜ਼ਖ਼ਮ ਠੀਕ ਹੋਣ ਤਕ ਜੈ ਦੇਵ ਜੀ ਨੇ ਰਾਜੇ ਕੋਲ ਰਹਿਣ ਦੀ ਪ੍ਰਵਾਨਗੀ ਬਖ਼ਸ਼ ਦਿਤੀ।

## ਸ੍ਰੀ ਜੈ ਦੇਵ ਜੀ ਦੀਆਂ ਬਾਹਾਂ ਦਾ ਠੀਕ ਹੋਣਾ

ਰਾਜਾ ਲਛਮਣ ਸੈਨ ਪਹਿਲੇ ਵੀ ਰੱਬ ਦੇ ਭੈ ਵਾਲਾ ਬੰਦਾ ਸੀ। ਉਹ ਸਾਧੂ ਸੰਤਾਂ ਕਵੀਆਂ, ਰਾਗੀਆਂ ਤੇ ਵਿਦਵਾਨਾਂ ਦੀ ਬਹੁਤ ਕਦਰ ਕਰਿਆ ਕਰਦਾ ਸੀ, ਸ੍ਰੀ ਜੈ ਦੇਵ ਜੀ ਨੂੰ ਉਸ ਨੇ ਪੁਛਿਆ ਕਿ ਓਹ ਉਹਨਾਂ ਦੀ ਕੀ ਸੇਵਾ ਕਰ ਸਕਦਾ ਹੈ? ਪਰ ਸ੍ਰੀ ਜੈ ਦੇਵ ਜੀ ਨੇ ਉਪਦੇਸ਼ ਦੇ ਕੇ ਕਿਹਾ—'ਰਾਜਨ! ਆਪਣਾ ਭਖਿਵਤ ਚੰਗਾ ਬਨਾਉਣ ਲਈ ਸਾਧੂ ਸੰਤਾਂ ਦੀ ਸੇਵਾ ਕਰਨੀ ਚਾਹੀਦੀ ਹੈ ਪੁੰਨ ਦਾਨ ਕਰਨ ਲਈ ਨਾਲ ਭਗਵਾਨ ਭਗਤੀ ਵੀ ਕਰਿਆ ਕਰ।' ਇਸ ਉਪਦੇਸ਼ ਉਤੇ ਅਮਲ ਕਰਦਿਆਂ ਹੋਇਆਂ ਰਾਜੇ ਨੇ ਦਾਨ ਕਰਨੀ ਔਰ ਸਾਧੂਆਂ ਦੀ ਸੇਵਾ ਕਰਨੀ ਆਰੰਭ ਕਰ ਦਿਤੀ। ਐਸੀ ਸੇਵਾ ਕੀਤੀ ਕਿ ਸਾਰੇ ਰਾਜ ਵਿਚ ਧੁੰਮਾਂ ਪੈ ਗਈਆਂ। ਦੂਰ ਦੂਰ ਤੋਂ ਸਾਧੂ ਭੇਸ ਵਿਚ ਆ ਕੇ ਲੋਕ ਰਾਜੇ ਕੋਲੋਂ ਦਾਨ ਲੈਣ ਲਗੇ। ਇਕ ਦਿਨ ਉਹੋ ਡਾਕੂ ਜਿਨ੍ਹਾਂ ਨੇ ਸ੍ਰੀ ਜੈ ਦੇਵ ਜੀ ਦੀਆਂ ਬਾਹਾਂ ਕਟੀਆਂ ਸਨ ਦਰਬਾਰ ਵਿਚ ਆਣ ਹਾਜ਼ਰ ਹੋਏ। ਉਨ੍ਹਾਂ ਨੇ ਬ੍ਰਹਮਚਾਰੀ ਸਾਧੂ ਵਰਗਾ ਭੇਸ ਬਣਾਇਆ ਹੋਇਆ ਸੀ, ਸ੍ਰੀ ਜੈ ਦੇਵ ਨੇ ਉਹਨਾਂ ਨੂੰ ਪਛਾਣ ਲਿਆ ਤੇ ਡਾਕੂਆਂ ਨੇ ਭਗਤ ਜੀ ਨੂੰ ਤਾੜ ਲਿਆ ਕਿ ਇਹ ਉਹੋ ਮਹਾਤਮਾ ਹਨ ਜਿਨ੍ਹਾਂ ਨੂੰ ਲੁਟਿਆ ਸੀ ਪਰ ਦੋਹਾਂ ਵਿਚੋਂ ਕਿਸੇ ਨੇ ਭੇਦ ਪ੍ਰਗਟ ਨਹੀਂ ਕੀਤਾ ਸਗੋਂ ਜੈ ਦੇਵ ਜੀ ਨੇ ਰਾਜੇ ਨੂੰ ਆਖਿਆ—'ਮਹਾਰਾਜ! ਇਹਨਾਂ ਭਗਤਾਂ ਦੀ ਖ਼ੂਬ ਸੇਵਾ ਕਰੋ, ਰੱਜ ਕੇ ਦਾਨ ਦੇਵੋ। ਇਹ ਬੁਹਤ ਵਡੇ ਬ੍ਰਹਮ ਗਿਆਨੀ ਸਾਧੂ ਹਨ।' ਰਾਜਾ ਸੱਚ ਮੰਨ ਗਿਆ। ਉਸ ਨੇ ਵਿਤੋਂ ਵਧ ਉਨ੍ਹਾਂ ਲੁਟੇਰੇ ਸਾਧੂਆਂ ਦੀ ਸੇਵਾ ਕੀਤੀ, ਤੁਰਦਿਆਂ ਨੂੰ ਧਨ ਦਿਤਾ ਤੇ ਨਾਲ ਆਦਮੀ ਭੇਜੇ। ਜਦੋਂ ਠਗ ਸਾਧੂ ਸ਼ਹਿਰੋਂ ਬਾਹਰ ਚਲੇ ਗਏ ਤਾਂ ਰਾਜੇ ਦੇ ਸੇਵਕਾਂ ਨੇ

ਪੁਛਿਆ—'ਮਹਾਤਮਾ ਜੀ! ਰਾਜੇ ਨੇ ਆਪਦੀ ਬਹੁਤ ਸੇਵਾ ਕੀਤੀ ਹੈ। ਭਗਤ ਜੈ ਦੇਵ ਜੀ ਨੇ ਆਪ ਦੀ ਵਡਿਆਈ ਤੇ ਸਿਫ਼ਾਰਸ਼ ਰਾਜੇ ਕੋਲ ਕੀਤੀ ਹੈ। ਆਪ ਕਿਥੋਂ ਆਏ ਜੇ ਤੇ ਕਿਥੇ ਡੇਰਾ ਹੈ?'

ਠਗ ਸਾਧੂਆਂ ਨੇ ਉੱਤਰ ਦਿਤਾ—'ਅਸਲ ਮਾਮਲਾ ਇਹ ਹੈ ਕਿ ਅਸੀਂ ਤੇ ਜੈ ਦੇਵ ਜਗਨਨਾਥ ਪੁਰੀ ਦੇ ਰਾਜੇ ਕੋਲ ਸੇਵਾਦਾਰ ਸਾਂ। ਇਹ 'ਜੈ ਦੇਵ' ਪੰਡਤ ਹੈ। ਇਹ ਵਜ਼ੀਰ ਸੀ। ਇਸ ਕੋਲੋਂ ਇਕ ਵਜਰ ਪਾਪ ਹੋ ਗਿਆ ਉਸ ਬਦਲੇ 'ਜੈ ਦੇਵ' ਨੂੰ ਰਾਜੇ ਨੇ ਮੌਤ ਦਾ ਡੰਨ ਦਿਤਾ। ਅਸਾਂ ਨੂੰ ਹੁਕਮ ਹੋਇਆ ਕਿ ਇਸ ਨੂੰ ਮਾਰ ਕੇ ਖੂਹ ਵਿਚ ਸੁਟ ਆਉ। ਅਸਾਨੂੰ ਕੁਝ ਤਰਸ ਆ ਗਿਆ। ਰਾਜਿਆਂ ਦੇ ਇਸ ਪਾਪ ਕਰਮ ਨੂੰ ਵੇਖ ਕੇ ਅਸੀਂ ਉਦਾਸ ਹੋ ਕੇ ਸਾਧੂ ਹੋ ਗਏ। ਇਹ ਏਥੇ ਪੁਜ ਗਏ, ਪੁਰਾਣੀ ਜਾਣ ਪਛਾਣ ਕਰਕੇ ਉਹਨਾਂ ਸਾਡੀ ਸੇਵਾ ਕਰਵਾਈ ਹੈ।'

ਪ੍ਰਭੂ ਨੂੰ ਝੂਠੇ, ਜੂਠੇ ਤੇ ਨਿੰਦਕ ਪੁਰਸ਼ ਨਹੀਂ ਭਾਉਂਦੇ। ਠਗਾਂ ਸਾਧੂਆਂ ਨੂੰ ਪ੍ਰਭੂ ਨੇ ਯੋਗ ਡੰਨ ਦੇਣਾ ਚਾਹਿਆ। ਓਸੇ ਵੇਲੇ ਧਰਤੀ ਫਟ ਗਈ। ਉਹ ਸਾਰੇ ਡਾਕੂ ਧਰਤੀ ਦੇ ਪਾੜ ਵਿਚ ਗ਼ਰਕ ਹੋ ਗਏ। ਧਰਤੀ ਫਿਰ ਇਕ ਸਾਰ ਹੋ ਗਈ, ਰਾਜੇ ਦੇ ਆਦਮੀ ਇਸ ਕੌਤਕ ਨੂੰ ਵੇਖਦੇ ਹੀ ਰਹਿ ਗਏ। ਉਨ੍ਹਾਂ ਨੂੰ ਸਮਝ ਨਾ ਲਗੀ ਕਿ ਕੀ ਭਾਣਾ ਵਰਤ ਗਿਆ ਹੈ। ਉਹ ਹੈਰਾਨੀ ਨਾਲ ਘਾਬਰੇ ਤੇ ਡਰ ਨਾਲ ਭੈ ਭੀਤ ਹੋਏ ਸ਼ਹਿਰ ਨੂੰ ਮੁੜ ਆਏ। ਉਨ੍ਹਾਂ ਸਾਰੀ ਗੱਲ ਰਾਜੇ ਨੂੰ ਆ ਦਸੀ ਜਾਂ ਰਾਜੇ ਨੇ ਸ੍ਰੀ ਜੈ ਦੇਵ ਜੀ ਨੂੰ ਸੱਦ ਕੇ ਸਾਰੀ ਹਕੀਕਤ ਪੁਛਣੀ ਚਾਹੀ ਤਾਂ ਓਹ ਹੋਰ ਵੀ ਹੈਰਾਨ ਹੋਏ ਕਿਉਂਕਿ ਸ੍ਰੀ ਜੈ ਦੇਵ ਜੀ ਦੀਆਂ ਬਾਹਾਂ ਠੀਕ ਸਨ। ਹੱਥਾਂ ਦੀਆਂ ਉਂਗਲੀਆਂ ਵਿਚ ਕੋਈ ਕਮੀ ਨਹੀਂ ਸੀ। ਹੈਰਾਨ ਹੋਏ ਰਾਜੇ ਨੂੰ ਸ੍ਰੀ ਜੈ ਦੇਵ ਜੀ ਨੇ ਪ੍ਰਭੂ ਲੀਲ੍ਹਾ ਦੀ ਕਥਾ ਸੁਣਾਈ।

## ਪਦਮਾਵਤੀ ਦਾ ਮਰਨਾ ਤੇ ਜੀਉਣਾ

ਜਦ ਸ੍ਰੀ ਜੈ ਦੇਵ ਜੀ ਦੇ ਹੱਥ ਰਾਜ਼ੀ ਹੋ ਗਏ ਤਾਂ ਰਾਜੇ ਨੇ ਸ੍ਰੀ ਜੈ ਦੇਵ ਜੀ ਨੂੰ ਆਪਣਾ ਗੁਰੂ ਮੰਨ ਲਿਆ ਉਸ ਨੇ ਆਦਮੀ ਭੇਜ ਕੇ ਕੇਂਦਲ ਤੋਂ ਪਦਮਾਵਤੀ ਨੂੰ ਵੀ ਮੰਗਵਾ ਲਿਆ। ਦੋਹਾਂ ਜੀਆਂ ਦੇ ਰਹਿਣ ਵਾਸਤੇ ਸੁੰਦਰ ਅਸਥਾਨ

ਬਣਵਾ ਦਿਤਾ। ਸ਼ਾਹੀ ਸਤਿਕਾਰ ਨਾਲ ਰਹਿਣ ਲਗੇ ਪਦਮਾਵਤੀ ਸੁੰਦਰ ਬਹੁਤ ਸੀ ਉਹ ਜੈ ਦੇਵ ਨੂੰ ਪ੍ਰਮੇਸ਼ਰ ਰੂਪ ਕਰਕੇ ਪੂਜਦੀ ਸੀ। ਹੋਰ ਮਰਦ ਨੂੰ ਭਰਾ ਜਾਂ ਬਾਪ ਸਮਝਦੀ ਸੀ।

ਰਾਜਾ ਲਛਮਣ ਸੈਨ ਦੀ ਚਲਾਕ ਜਹੀ ਰਾਣੀ ਸੀ। ਉਸਨੇ ਪਦਮਾਵਤੀ ਨੂੰ ਪਰਖਣ ਵਾਸਤੇ ਇਕ ਚਲਾਕੀ ਖੇਡੀ। ਚਲਾਕੀ ਇਹ ਕਿ ਉਸ ਨੇ ਰਾਜੇ ਨੂੰ ਮਨਾ ਲਿਆ ਕਿ ਤਿੰਨ ਚਾਰ ਦਿਨ ਵਾਸਤੇ ਸ੍ਰੀ ਜੈ ਦੇਵ ਜੀ ਨੂੰ ਕਿਤੇ ਬਾਹਰ ਲੈ ਜਾਣ। ਪਿੱਛੋਂ ਦਾਸੀ ਰਾਹੀਂ ਪਦਮਾ ਨੂੰ ਸੁਣਾਇਆ ਜਾਵੇ ਕਿ ਜੈ ਦੇਵ ਜੀ ਦਾ ਦੇਹਾਂਤ ਹੋ ਗਿਆ। ਫਿਰ ਦੇਖਿਆ ਜਾਵੇ ਕਿ ਉਸਦੇ ਮਨ ਨਾਲ ਕੀ ਬੀਤਦੀ ਹੈ। ਇਕ ਦਿਨ ਗਲੋਂ ਗਲੀ ਪਦਮਾਵਤੀ ਨੇ ਰਾਣੀ ਨੂੰ ਇਹ ਕਿਹਾ ਸੀ ਕਿ ਸਤੀ ਪਤੀਬ੍ਰਤ ਇਸਤ੍ਰੀ ਉਹ ਹੈ ਜੋ ਪਤੀ ਦੀ ਮੌਤ ਸੁਣ ਕੇ ਹੀ ਮਰ ਜਾਵੇ। ਜੇ ਓਹ ਪਤੀ ਦੀ ਮੌਤ ਪਿਛੋਂ ਜੀਉਂਦੀ ਰਹਿੰਦੀ ਹੈ ਤੇ ਲੋਕ ਲਜਿਆ ਵਾਸਤੇ ਗਹਿਣੇ ਕਪੜੇ ਪਾ ਕੇ ਸਤੀ ਹੁੰਦੀ ਹੈ, ਓਹ ਸਤੀ ਨਹੀਂ ਹੁੰਦੀ, ਓਹ ਤਾਂ ਲਕੀਰ ਦੀ ਫ਼ਕੀਰ ਹੈ। ਰਾਣੀ ਨੂੰ ਇਹ ਗੱਲ ਖਾ ਗਈ ਸੀ।

ਇਕ ਦਿਨ ਰਾਜਾ ਸ੍ਰੀ ਜੈ ਦੇਵ ਜੀ ਨੂੰ ਨਾਲ ਲੈ ਕੇ ਸ਼ਿਕਾਰ ਖੇਡਣ ਦੂਰ ਚਲਾ ਗਿਆ। ਦੂਸਰੇ ਦਿਨ ਲਛਮਣ ਸੈਨ ਦੀ ਰਾਣੀ ਪਦਮਾਵਤੀ ਦੇ ਮਹਿਲਾਂ ਵਿਚ ਰੋਂਦੀ ਹੋਈ ਦਾਖ਼ਲ ਹੋਈ। ਪਦਮਾਵਤੀ ਨੇ ਅਗੇ ਹੋ ਕੇ ਹੈਰਾਨੀ ਨਾਲ ਪੁਛਿਆ ਕਿ 'ਰਾਣੀ ਜੀ ਕੀ ਦੁਖ ਹੈ?' ਰਾਣੀ ਨੇ ਨਖ਼ਰੇ ਨਾਲ ਉੱਤਰ ਦਿਤਾ 'ਭੈਣ ਜੀ ਕੀ ਦਸਾਂ? ਤੇਰੇ ਪਤੀ ਜੈ ਦੇਵ ਜੀ ਨੂੰ ਸ਼ੇਰ ਨੇ ਪਾੜ ਕੇ ਮਾਰ ਦਿਤਾ ਹੈ। ਹੁਣੇ ਹੀ ਘੋੜ ਸਵਾਰ ਇਹ ਖ਼ਬਰ ਲੈ ਕੇ ਆਇਆ ਹੈ। ਉਸਦੀ ਲੋਥ ਜੋ ਬਚੀ ਹੈ, ਉਹ ਆ ਰਹੀ ਹੈ ਚਲ ਜੇ ਦੇਖਣਾ ਈ ਤਾਂ।' ਰਾਣੀ ਦੀ ਗੱਲ ਅਜੇ ਪੂਰੀ ਨਹੀਂ ਸੀ ਹੋਈ ਕਿ 'ਰਾਧੇ ਸ਼ਾਮ!' ਆਖ ਕੇ ਚੱਕਰ ਖਾ ਕੇ ਸਤੀ ਪਦਮਾਵਤੀ ਧਰਤੀ ਉੱਤੇ ਡਿਗ ਪਈ। ਡਿਗਦੇ ਸਾਰ ਹੀ ਉਸਦੇ ਪ੍ਰਾਣ ਪੰਖੇਰੂ ਪੰਜ ਭੂਤਕ ਪਿੰਜਰੇ ਵਿਚੋਂ ਉਡਾਰ ਹੋ ਗਏ। ਪੰਜਾਂ ਤੱਤਾਂ ਦਾ ਸਰੀਰ ਏਥੇ ਰਹਿ ਗਿਆ ਜੋ ਰਿਹਾ ਕਰਦਾ ਹੈ। ਪਦਮਾਵਤੀ ਸਤੀ ਸੀ, ਓਹਦੀ ਆਤਮਾ ਨਿਰਵੈਰ ਤੇ ਨਿਰਮਲ ਸੀ, ਉਹ ਸਿਧੀ ਸਵੱਰਗਾਂ ਨੂੰ ਗਈ। ਸਵਰਗਾਂ ਵਿਚ ਆਪਣੇ ਪਤੀ ਪ੍ਰਮੇਸ਼ਰ ਨੂੰ ਭਾਲਣ ਲੱਗੀ ਪਰ ਕਿਤਿਓਂ ਪਤਾ ਨਾ ਲਗੇ। ਉਸ ਨੇ ਧਰਮ ਰਾਜ ਨੂੰ ਜਾ ਕੇ ਪੁਛਿਆ, 'ਹੇ ਪ੍ਰਭੂ! ਮੇਰਾ ਪਤੀ ਗੀਤ ਗੋਬਿੰਦ

ਵਾਲਾ ਕਿਥੇ ਹੈ ?' ਧਰਮਰਾਜ ਨੇ ਉੱਤਰ ਦਿਤਾ—'ਹੇ ਪੁਤ੍ਰੀ । ਓਹ ਤਾਂ ਅਜੇ ਮਾਤ ਲੋਕ ਵਿਚੋਂ ਨਹੀਂ ਆਇਆ ਤੈਨੂੰ ਕਿਸੇ ਭੁਲੇਖਾ ਪਾ ਦਿਤਾ। ਪਦਮਾਵਤੀ ਬਹੁਤ ਹੈਰਾਨ ਹੋਈ ਉਹ ਸਮਝ ਗਈ ਕਿ ਰਾਣੀ ਨੇ ਉਸ ਨੂੰ ਪਰਖਣ ਵਾਸਤੇ ਝੂਠ ਬੋਲਿਆ ਹੈ ।

ਸਬੱਬ ਨਾਲ ਉਧਰੋਂ ਰਾਜਾ ਤੇ ਸ੍ਰੀ ਜੈ ਦੇਵ ਜੀ ਬਾਹਰੋਂ ਛੇਤੀ ਆ ਗਏ ਅਗੋ ਆਉਂਦਿਆਂ ਨੂੰ ਪਦਮਾਵਤੀ ਦੇ ਮਰਨ ਦੀ ਘਟਨਾ ਵਾਪਰੀ ਹੋਈ ਸੀ ਰਾਜੇ ਨੂੰ ਇਸ ਗੱਲ ਦਾ ਭੇਤ ਸੀ ਉਸ ਨੇ ਜਾ ਕੇ ਰਾਣੀ ਨੂੰ ਆਖਿਆ 'ਤੂੰ ਬਹੁਤ ਬੁਰਾ ਕੀਤਾ ਹੈ । ਇਕ ਬ੍ਰਾਹਮਣੀ ਦੇ ਮਰਨ ਦੀ ਹਤਿਆ ਕਈ ਪੀੜ੍ਹੀਆਂ ਤਕ ਅਸਾਡੇ ਸਿਰੋਂ ਨਹੀਂ ਲਥਣੀ ਅਸੀਂ ਨਰਕਾਂ ਦੇ ਭਾਗੀ ਹੋਵਾਂਗੇ।' ਰਾਣੀ ਨੇ ਉੱਤਰ ਦਿਤਾ, 'ਮੈਥੋਂ ਭੁਲ ਹੋਈ ਮੈਨੂੰ ਕੀ ਪਤਾ ਸੀ ਕਿ ਉਹ ਸਚਮੁਚ ਸਤੀ ਹੈ ਮੈਨੂੰ ਖਿਮਾਂ ਕੀਤੀ ਜਾਵੇ ।' ਇਸ ਤਰ੍ਹਾਂ ਪਛਤਾਵਾ ਕਰਦੇ ਹੋਏ ਦੋਵੇਂ ਜੀ ਸ੍ਰੀ ਜੈ ਦੇਵ ਜੀ ਕੋਲ ਗਏ ਉਨ੍ਹਾਂ ਕੋਲੋਂ ਜਾ ਕੇ ਕੀਤੇ ਕਰਮ ਦੀ ਖਿਮਾ ਮੰਗੀ ਪਰ, 'ਅਬ ਪਛਤਾਏ ਕਿਆ ਹੋਤ ਹੈ ਜਬ ਚਿੜੀਆਂ ਚੁਗ ਗਈਂ ਖੇਤ', ਹੌਂਸਲੇ ਵਾਲੇ ਸ੍ਰੀ ਜੈ ਦੇਵ ਹੱਸ ਕੇ ਬੋਲੇ—'ਰਾਜਨ ! ਚਿੰਤਾ ਨਾ ਕਰ । ਮੈਨੂੰ ਭਰੋਸਾ ਹੈ ਜਦੋਂ ਮੈਂ ਉਸ ਨੂੰ ਸਵਰਗ ਵਿਚ ਨਾ ਮਿਲਿਆ ਤਾਂ ਉਹ ਮੁੜ ਕੇ ਮਾਤ ਲੋਕ ਵਿਚ ਆ ਜਾਵੇਗੀ ਉਹ ਮੈਥੋਂ ਦੂਰ ਨਹੀਂ ਹੋ ਸਕਦੀ । ਉਹ ਮੇਰੀ ਹੈ ਮੇਰੇ ਕੋਲ ਰਹੇਗੀ ਮੈਂ ਇਸ ਨੂੰ ਪੱਖਾ ਝੱਲ ਰਿਹਾ ਹਾਂ । ਉਹ ਹੁਣੇ ਆ ਜਾਂਦੀ ਹੈ । ਆਏਗੀ ਥੱਕੀ ਤੇ ਘਬਰਾਈ ਹੋਈ । ਪਾਣੀ ਠੰਡਾ ਕੋਲ ਹੋਣਾ ਚਾਹੀਦਾ ਹੈ।' ਜਦੋਂ ਜੈ ਦੇਵ ਜੀ ਨੇ ਰਾਜੇ ਰਾਣੀ ਨੂੰ ਇਹ ਸ਼ਬਦ ਆਖੇ ਸਨ ਉਸ ਵੇਲੇ ਸ੍ਰੀ ਜੈ ਦੇਵ ਜੀ ਪਦਮਾਵਤੀ ਦੀ ਲੋਥ ਗੋਦ ਵਿਚ ਲਈ ਬੈਠੇ ਸਨ । ਸਿਰ ਪੱਟ ਉਤੇ ਰਖਿਆ ਹੋਇਆ ਸੀ ਤੇ ਪੱਖਾ ਝੱਲੀ ਜਾਂਦੇ ਸਨ । ਸਚਮੁਚ ਅੱਧੇ ਘੰਟੇ ਪਿਛੋਂ ਪਦਮਾਵਤੀ ਦੇ ਪ੍ਰਾਣ ਧਰਮ ਰਾਜ ਦੇ ਦਰਬਾਰ ਵਿਚੋਂ ਹੋ ਕੇ ਮੁੜ ਸਰੀਰ ਵਿਚ ਆ ਗਏ । ਸਰੀਰ ਹਿੱਲਿਆ । ਅੱਖਾਂ ਖੁਲ੍ਹੀਆਂ ਜੈ ਦੇਵ ਜੀ ਨੇ ਉਸ ਵੇਲੇ ਸੀਤਲ ਜਲ ਮੂੰਹ ਵਿਚ ਪਾਇਆ । ਨਾਲ ਹੀ ਪੰਜ ਵਾਰ ਰਾਧੇ ਸ਼ਾਮ ! ਰਾਧੇ ਸ਼ਾਮ !' ਆਖਿਆ—

'ਰਾਧੇ ਸ਼ਾਮ !' ਆਖ ਕੇ ਪਦਮਾਵਤੀ ਉਠ ਕੇ ਬੈਠ ਗਈ, ਅੱਖਾਂ ਮਲ ਕੇ ਚੌਗਿਰਦੇ ਭੌਂ ਕੇ ਦੇਖਿਆ । ਰਾਜਾ ਰਾਣੀ ਖਲੋਤੇ ਤਕੇ । ਸ੍ਰੀ ਜੈ ਦੇਵ ਜੀ ਨੂੰ

ਵੇਖਿਆ ਓਸ ਵੇਲੇ ਸ੍ਰੀ ਜੈ ਦੇਵ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ।

'ਪਦਮਾ! ਕਿਥੇ ਗਈ ਸੀ?' ਸ੍ਰੀ ਜੈਦੇਵ ਜੀ ਨੇ ਪੁਛਿਆ ।

'ਜੀ ਆਪ ਨੂੰ ਦੇਖਣ, ਮੈਨੂੰ ਪਤਾ ਲਗਾ ਸੀ ਆਪ ਪ੍ਰਲੋਕ ਗਏ ਜੇ । ਪਰ ਸਵਰਗ ਵਿਚ ਕਿਤੇ ਨਾ ਮਿਲੇ । ਧਰਮਰਾਜ ਜੀ ਨੇ ਵਾਪਸ ਮੋੜ ਦਿਤਾ ਆਪ ਕੋਲ ਆ ਗਈ ।'

ਰਾਜਾ ਰਾਣੀ ਇਹ ਬਚਨ ਸੁਣ ਕੇ ਸ਼ਰਮਿੰਦੇ ਹੋਏ । ਰਾਣੀ ਨੇ ਪਦਮਾਵਤੀ ਕੋਲੋਂ ਆਪਣੀ ਭੁਲ ਦੀ ਖਿਮਾ ਮੰਗੀ ।

## ਆਪਣੇ ਘਰ ਵਾਪਸੀ ਤੇ ਅੰਤਕਾਲ

ਉਪਰਲੀ ਘਟਨਾ ਦੇ ਥੋੜੇ ਸਮੇਂ ਪਿਛੋਂ ਸ੍ਰੀ ਜੈ ਦੇਵ ਜੀ ਪਦਮਾ ਸਮੇਤ ਆਪਣੇ ਨਗਰ ਆ ਗਏ । ਰਾਜੇ ਨੇ ਧਨ ਪਦਾਰਥ ਬਹੁਤ ਦਿਤਾ ਓਹ ਧਨ ਉਨ੍ਹਾਂ ਦੀ ਉਮਰ ਵਾਸਤੇ ਚੋਖਾ ਸੀ । ਨਗਰ ਆ ਕੇ ਘਰ ਰਹਿਣ ਲਗੇ । ਸਤੀ ਪਦਮਾਵਤੀ ਉਨ੍ਹਾਂ ਦੀ ਟਹਿਲ ਕਰਦੀ ਰਹੀ । ਭਗਤ ਜੀ ਗੰਗਾ ਇਸ਼ਨਾਨ ਕਰਿਆ ਕਰਦੇ ਸਨ ਪਰ ਗੰਗਾ ਨਗਰ ਤੋਂ ਬਹੁਤ ਦੂਰ ਸੀ । ਜੋਗ ਅਭਿਆਸ ਦੀ ਸ਼ਕਤੀ ਨਾਲ ਰੋਜ ਗੰਗਾ ਵਿਚ ਇਸ਼ਨਾਨ ਕਰਕੇ ਆਉਂਦੇ ਸਨ । ਆਖਰ ਗੰਗਾ ਨੇ ਭਗਤੀ ਵਸ ਹੋ ਕੇ—ਪ੍ਰੇਮ ਦੀ ਬਧੀ ਗੰਗਾ ਨੇ ਆਪਣਾ ਮੂੰਹ ਭਗਤ ਦੇ ਨਗਰ ਵਲ ਮੋੜ ਲਿਆ । ਨਗਰ ਦੇ ਲਾਗਿਓਂ ਦੀ ਲੰਘਣ ਲਗੀ। ਸ੍ਰੀ ਜੈ ਦੇਵ ਜੀ ਰੋਜ਼ ਇਸ਼ਨਾਨ ਕਰਦੇ । ਓਸੇ ਤੇ ਇਸ਼ਨਾਨ ਕਰਦੇ ਕਰਦੇ ਬਹੁਤ ਲੰਮੇਰੀ ਉਮਰ ਭੋਗ ਕੇ ਪ੍ਰਲੋਕ ਗਮਨ ਕਰ ਗਏ । ਪਦਮਾਵਤੀ ਆਪ ਦੇ ਸਾਥ ਹੀ ਗਈ । ਉਸ ਗੰਗਾ ਦਾ ਨਾਂ ਹੁਣ 'ਜੈ ਦਈ ਗੰਗਾ' ਹੈ । ਭਗਤ ਜੀ ਦੇ ਘਰ ਕੋਲ ਸਮਾਧ ਮੰਦਰ ਹੈ ਤੇ ਮਾਘ ਦੀ ਸੰਗਰਾਂਦ ਨੂੰ ਬਹੁਤ ਭਾਰੀ ਮੇਲਾ ਲੱਗਦਾ ਹੈ । ਨਰ ਨਾਰੀ ਗੰਗਾ ਵਿਚੋਂ ਇਸ਼ਨਾਨ ਕਰਕੇ ਮੋਖਸ਼ ਮਾਰਗ ਪਾਉਂਦੇ ਹਨ 'ਰਾਧੇ ਸ਼ਾਮ! ਰਾਧੇ ਸ਼ਾਮ!' ਦੀ ਧੁਨ ਗਾਈ ਜਾਂਦੀ ਹੈ ਤੇ 'ਗੀਤ ਗੋਬਿੰਦ ਗ੍ਰੰਥ' ਦੀ ਕਥਾ ਹੁੰਦੀ ਹੈ ।

# ੮. ਭਗਤ ਨਾਮਦੇਵ ਜੀ

## ਜਨਮ ਮਾਂ-ਬਾਪ ਤੇ ਬਚਪਨ

ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
ਠਾਕੁਰ ਦੀ ਸੇਵਾ ਕਰ ਦੁਧੁ ਪੀਆਵਣੁ ਕਹਿ ਸਮਝਾਇਆ।
ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।
ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।
ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।
ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।
ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।
ਗਾਇ ਮੁਈ ਜੀਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
ਭਗਤ ਜਨਾ ਦਾ ਕਰੇ ਕਰਾਇਆ ॥੧੧॥ (ਭਾਈ ਗੁਰਦਾਸ ਜੀ, ਵਾਰ ੧੦)

ਪਰਮਾਰਥ—ਨਾਮ ਦੇਵ ਜੀ ਦੇ ਪਿਤਾ ਕਿਤੇ ਕੰਮ ਬਾਹਰ ਚਲੇ ਉਸ ਨੇ ਨਾਮ ਦੇਵ ਨੂੰ ਆਖਿਆ ਕਿ ਠਾਕੁਰਾਂ ਦੀ ਸੇਵਾ ਕਰੀਂ ਨਾਲੇ ਦੁਧ ਵੀ ਪਿਆਵੀਂ ਬਾਪ ਦੇ ਪਿਛੋਂ ਨਾਮ ਦੇਵ ਜੀ ਨੇ ਇਸ਼ਨਾਨ ਕੀਤਾ ਤੇ ਕਪਲਾ ਗਾਂ ਚੋਈ, ਦੁਧ ਲੈ ਕੇ ਠਾਕੁਰ ਕੋਲ ਚਲਿਆ ਗਿਆ। ਠਾਕੁਰ ਨੂੰ ਇਸ਼ਨਾਨ ਕਰਾ ਕੇ ਤੇ ਤਿਲਕ ਲਾ ਕੇ ਬੇਨਤੀ ਕੀਤੀ—'ਪ੍ਰਭੂ ਦੁਧ ਪੀ ਲਵੋ।' ਕਿਉਂਕਿ ਨਾਮ ਦੇਵ ਜੀ ਨੇ ਸੱਚੇ ਦਿਲ ਨਾਲ ਪ੍ਰਭੂ ਨੂੰ ਯਾਦ ਕੀਤਾ ਸੀ, ਇਸ ਕਰਕੇ ਪ੍ਰਭੂ ਨੇ ਕ੍ਰਿਪਾ ਕੀਤੀ ਤੇ ਦਰਸ਼ਨ ਦੇ ਕੇ ਉਸ ਦਾ ਦੁਧ ਪੀ ਲਿਆ। ਮੋਈ ਗਾਂ ਨੂੰ ਜੀਉਂਦਾ ਕੀਤਾ। ਟੁਟਾ ਛਪਰ ਬਣਾਇਆ, ਮੰਦਰ ਫੇਰਿਆ, ਇਹ ਕੰਮ ਪ੍ਰਭੂ ਨੇ ਨਾਮ ਦੇਵ ਦੇ ਕੀਤੇ ਤਾਂ ਚੌਹ ਵਰਨਾਂ ਦੇ ਲੋਕ ਨਾਮ ਦੇਵ ਜੀ ਨੂੰ ਭਗਤ ਮੰਨਣ ਲਗੇ। ਭਾਈ ਗੁਰਦਾਸ ਜੀ ਆਖਦੇ ਨੇ ਪ੍ਰਮਾਤਮਾ ਭਗਤਾਂ ਦੇ ਆਖੇ ਲਗ ਕੇ ਸਾਰੇ ਕਾਰਜ ਕਰਦਾ ਹੈ।

'ਹੇ ਜਗਿਆਸੂ ਜਨੋ! ਭਾਈ ਗੁਰਦਾਸ ਜੀ ਨੇ ਉਪਰਲੀ ਪਉੜੀ ਵਿਚ ਜਿਸ ਮਹਾਨ ਹਸਤੀ ਦੇ ਜੀਵਨ ਬਾਰੇ ਸੰਖੇਪ ਜਹੀ ਰੋਸ਼ਨੀ ਪਾਈ ਹੈ ਉਸਦੇ ਪੂਰੇ ਜੀਵਨ ਦੇ ਹਾਲ ਇਉਂ ਪੜ੍ਹੋ। ਇਸ ਜੀਵਨ ਕਥਾ ਦੇ ਪੜ੍ਹਨ ਨਾਲ ਜੀਵਨ ਸਫਲ ਹੁੰਦਾ ਹੈ ਜੀਵ ਆਤਮਾ ਦੀ ਮੁਕਤੀ ਹੁੰਦੀ ਹੈ।'

ਗੁਜਰਾਤ ਪ੍ਰਾਂਤ ਵਿਚ ਮਹਾਤਮਾ ਮਾਧਵ ਚਾਰਯ ਹੋਏ ਨੇ ਇਹਨਾਂ ਨੇ ਦਵੈਤ-ਵਾਲੀ ਵੈਸ਼ਨਵ ਸੰਪ੍ਰਦਾਇ ਚਲਾਈ ਹੈ। ਮੁਗਲਾਂ ਦੇ ਜ਼ੁਲਮਾਂ ਨੇ ਲੋਕਾਂ ਨੂੰ ਭਗਤੀ ਮਾਰਗ ਵਲ ਲਾਇਆ ਸੀ। ਮਾਧਵ ਚਾਰਯ ਦੇ ਪ੍ਰਚਾਰ ਨਾਲ ਗੁਜਰਾਤ ਬੰਬਈ, ਹੈਦਰਾਬਾਦ ਦੇ ਪ੍ਰਾਂਤਾਂ ਵਿਚ ਭਗਤੀ ਦੀ ਲਹਿਰ ਚਲੀ। ਬਹੁਤ ਸਾਰੇ ਲੋਕ ਭਗਤੀ ਕਰਨ ਲਗੇ। ਸੰਤ ਮੰਡਲੀਆਂ ਬਣੀਆਂ। ਉਹਨਾਂ ਸੰਤ ਮੰਡਲੀਆਂ ਨੇ ਧਾਰਮਿਕ ਤੇ ਰਾਜਨੀਤਕ ਸੁਧਾਰ ਕੀਤੇ।

ਭਗਤ ਨਾਮ ਦੇਵ ਜੀ ਦਾ ਜਨਮ ਬੰਬਈ ਪ੍ਰਾਂਤ ਦੇ ਜ਼ਿਲੇ ਸਤਾਰਾ ਪਿੰਡ ਨਰਸੀ ਬਾਹਮਣੀ ਵਿਚ ਕੱਤਕ ਸੁਦੀ ੧੧ ਸੰਮਤ ੧੩੨੭ ਨੂੰ ਹੋਇਆ। ਆਪ ਦੇ ਬਾਪ ਦਾ ਨਾਮ ਦਾਮ ਸੇਠੀ ਸੀ, ਆਪ ਦੀ ਮਾਤਾ ਦਾ ਨਾਮ ਗੋਨਾ ਬਾਈ ਸੀ। ਦਾਮ ਸੇਠੀ ਜੀ ਜ਼ਾਤ ਦੇ ਛੀਂਬੇ ਸਨ। ਜਿਨ੍ਹਾਂ ਦਾ ਕੰਮ ਲੀੜੇ ਧੋਣਾ ਤੇ ਛਾਪਣਾ ਸੀ। ਮਾਂ ਬਾਪ ਭਗਤੀ ਭਾਵ ਵਾਲੇ ਸਨ। ਉਹਨਾਂ ਦੇ ਪਿੰਡ ਵਿਰੋਭਾ ਦੇਵਤੇ ਦਾ ਮੰਦਰ ਸੀ। ਠਾਕੁਰ ਰਖੇ ਹੋਏ ਸਨ। ਜਿਨ੍ਹਾਂ ਦੀ ਪੂਜਾ ਰੋਜ਼ ਕਰਦੇ ਸਨ। ਸਚ ਧਰਮ ਤੇ ਨੇਕ ਕਮਾਈ ਉਹਨਾਂ ਦੇ ਜੀਵਨ ਦਾ ਇਕ ਹਿੱਸਾ ਸੀ। ਨਾਮ ਦੇਵ ਜੀ ਨੂੰ ਪਾਠਸ਼ਾਲਾ ਵਿਚ ਪੜ੍ਹਨ ਪਾਇਆ ਗਿਆ ਪਰ ਪੜ੍ਹਨ ਲਿਖਣ ਵਲ ਬਹੁਤ ਰੁਚੀ ਨਹੀਂ ਲਗੀ ਮਾਂ ਬਾਪ ਵਲੋਂ ਕੁਝ ਸ਼ੁਭ ਸੰਸਕਾਰ ਹੀ ਐਸੇ ਵਿਰਸੇ ਵਿਚ ਮਿਲੇ ਸਨ। ਜਿਨ੍ਹਾਂ ਰਾਹੀਂ ਭਗਤੀ ਭਾਵ ਬਹੁਤ ਸੀ। ਆਪ ਨੂੰ ਭਜਨ ਗਾਉਣ ਦਾ ਬਹੁਤ ਸ਼ੌਕ ਸੀ। ਜਦੋਂ ਕਦੀ ਪਾਠਸ਼ਾਲਾ ਦਾ ਪੰਡਤ ਕਿਤੇ ਏਧਰ ਓਧਰ ਚਲਿਆ ਜਾਂਦਾ ਤਾਂ ਆਪ ਵਿਦਿਆਰਥੀਆਂ ਨੂੰ ਇਕੱਠਿਆਂ ਕਰਕੇ ਸੁਰ ਤਾਲ ਨਾਲ ਪ੍ਰਮਾਤਮਾ ਦੀ ਉਸਤਤ ਵਾਲੇ ਗੀਤ ਗਾਉਣ ਲੱਗ ਪੈਂਦੇ। ਭਾਵੇਂ ਪੜ੍ਹਨ ਨਾਲ ਪਿਆਰ ਨਹੀਂ ਸੀ ਫਿਰ ਵੀ ਸਕੂਲ ਜਾਂਦੇ ਰਹੇ।

ਦੇਸ਼ ਦੇ ਰਿਵਾਜ ਅਨੁਸਾਰ ਛੋਟੀ ਉਮਰ ਵਿਚ ਹੀ ਆਪ ਦੀ ਸ਼ਾਦੀ ਕੀਤੀ ਗਈ, ਆਪ ਦੀ ਜੀਵਨ ਸਾਥਣ ਦਾ ਨਾਮ ਰਾਜਾ ਬਾਈ ਸੀ। ਵਿਆਹ ਹੋਣ ਪਿਛੋਂ ਪਾਠਸ਼ਾਲਾ ਨੂੰ ਉਕਾ ਹੀ ਛਡ ਦਿਤਾ। ਨਾਮ ਦੇਵ ਜੀ ਦੇ ਬਾਪ ਨੇ ਨਾਮ

ਦੇਵ ਜੀ ਵਾਸਤੇ ਇਹ ਸੋਚਿਆ ਕਿ ਖ਼ਾਨਦਾਨੀ ਕਿਰਤ, ਨਾਲੋਂ ਜੇ ਵਿਉਪਾਰ ਕਰਨ ਤਾਂ ਚੰਗਾ ਹੈ। ਥੋੜੇ ਜਿਹੇ ਪੈਸੇ ਦੇ ਕੇ ਵਿਉਪਾਰ ਕਰਨ ਵਾਸਤੇ ਆਖਿਆ ਪਰ ਸੰਤਾਂ ਨੂੰ ਜਿਹੜਾ ਵਪਾਰ ਭਾਉਂਦਾ ਹੈ ਓਹੋ ਹੀ ਉਹਨਾਂ ਕਰਨਾ ਸੀ। ਜਿੰਨੀ ਪੂੰਜੀ ਸੀ ਉਹ ਸੰਤਾਂ ਨੂੰ ਭੰਡਾਰਾ ਕਰਖੇ ਖਵਾ ਦਿਤੀ ਮਾਂ ਬਾਪ ਨੂੰ ਇਹ ਦੇਖ ਕੇ ਨਿਰਾਸਤਾ ਹੋਈ । ਆਂਢੀਆਂ, ਗਵਾਂਢੀਆਂ, ਮਾਂ ਬਾਪ ਤੇ ਮੰਦਰ ਦੇ ਪੁਜਾਰੀਆਂ ਆਪ ਨੂੰ ਬਹੁਤ ਸਮਝਾਉਣ ਦਾ ਯਤਨ ਕੀਤਾ ਕਿ ਉਹ ਕੋਈ ਕਾਰ ਵਿਹਾਰ ਕਰੇ ਤਾਂ ਆਪ ਨੇ ਸਾਫ਼ ਇਨਕਾਰ ਕਰ ਦਿਤਾ ਕਿ ਭਗਤੀ ਤੋਂ ਬਿਨਾਂ ਹੋਰ ਕੁਝ ਨਹੀਂ ਭਾਉਂਦਾ। ਭਗਤੀ ਆਖੋ ਤਾਂ ਕਰੀ ਜਾਂਦਾ ਹਾਂ ਇਹੋ ਕਿਰਤ ਨਫ਼ੇਵੰਦ ਹੈ। ਬਾਕੀ ਸਾਰੇ ਕੰਮ ਕੂੜ ਹਨ।

## ਠਾਕੁਰਾਂ ਨੂੰ ਦੁਧ ਪਿਆਉਣਾ

ਭਗਤ ਦੇ ਕੰਮ ਅਮੁਕ ਹਨ ਜੀਵ ਜਗਤ ਵਿਚ ਰਹਿੰਦਾ ਹੋਇਆ ਕੰਮ ਕਰਦਾ ਅੱਕ ਤੇ ਥੱਕ ਜਾਂਦਾ ਹੈ ਪਰ ਕੰਮ ਮੁਕਦੇ ਨਹੀਂ। ਇਕ ਦਿਨ ਨਾਮਦੇਵ ਜੀ ਦੇ ਪਿਤਾ ਨੂੰ ਕੋਈ ਐਸਾ ਕੰਮ ਕਰਨਾ ਪੈ ਗਿਆ ਕਿ ਉਸ ਨੂੰ ਤਿੰਨ ਕੁ ਦਿਹਾੜੇ ਬਾਹਰ ਜਾਣਾ ਪਿਆ। ਉਹ ਵਿਰੋਭਾ ਦੇਵਤਾ ਦਾ ਪ੍ਰੇਮੀ ਸੀ। ਉਹ ਦੇਵਤਾ ਨੂੰ ਰੋਜ਼ ਦੁਧ ਦਾ ਭੋਗ ਲੁਆਉਂਦਾ ਸੀ। ਜਦੋਂ ਬਾਹਰ ਚਲਿਆ ਤਾਂ ਉਸ ਨੇ ਨਾਮਦੇਵ ਜੀ ਨੂੰ ਪੱਕੀ ਕੀਤੀ—'ਨਾਮ! ਮੈਂ ਤਿੰਨ ਦਿਨ ਵਾਸਤੇ ਬਾਹਰ ਚਲਿਆ ਹਾਂ। ਸਵੇਰੇ ਉਠ ਕੇ ਪਹਿਲੋਂ ਇਸ਼ਨਾਨ ਕਰਨਾ, ਫਿਰ ਮੰਦਰ ਜਾ ਕੇ ਠਾਕੁਰ ਜੀ ਨੂੰ ਇਸ਼ਨਾਨ ਕਰਾਉਣਾ ਤੇ ਗਾਂ ਚੋ ਕੇ ਦੁਧ ਦਾ ਭੋਗ ਲੁਆਉਣਾ। ਇਹ ਗੱਲ ਨਾ ਭੁਲੀਂ, ਜੇ ਠਾਕੁਰ ਜੀ ਗੁਸੇ ਹੋ ਗਏ ਤਾਂ ਅਸਾਂ ਦਾ ਕੋਈ ਟਿਕਾਣਾ ਨਹੀਂ!' ਇਉਂ ਪੱਕੀ ਕਰਕੇ ਨਾਮਦੇਵ ਜੀ ਦੇ ਪਿਤਾ ਚਲੇ ਗਏ।

ਅਗਲੇ ਦਿਨ ਨਾਮਦੇਵ ਸੁਵਖਤੇ ਉਠਿਆ, ਇਸ਼ਨਾਨ ਕੀਤਾ, ਕਪਲਾ ਗਊ ਦਾ ਦੁਧ ਚੋ ਕੇ ਮੰਦਰ ਚਲਾ ਗਿਆ, ਦੁਧ ਨੂੰ ਉਚੀ ਥਾਂ ਤੇ ਰਖ ਕੇ ਠਾਕੁਰ ਜੀ ਨੂੰ ਇਸ਼ਨਾਨ ਕਰਾਇਆ। ਮੰਦਰ ਦਾ ਅੰਦਰਲਾ ਹਿਸਾ ਸਾਫ਼ ਕੀਤਾ ਜਦੋਂ ਥਾਂ ਸੁਕ ਗਈ ਤਾਂ ਧੂਪ ਧੁਖਾ ਕੇ ਦੁਧ ਦਾ ਛੰਨਾ ਭਰਿਆ ਤੇ ਠਾਕੁਰ ਜੀ ਦੇ ਮੋਹਰੇ ਰੱਖ ਦਿਤਾ ਦੁਧ ਮੋਹਰੇ ਰੱਖ ਕੇ ਬੇਨਤੀ ਕੀਤੀ (ਨਾਮਦੇਵ ਜੀ ਦੀ ਬਾਣੀ ਰਾਹੀਂ)—

ਦੂਧੁ ਕਟੋਰੈ ਗਡਵੈ ਪਾਨੀ ॥ ਕਪਲ ਗਾਇ ਨਾਮੈ ਦੁਹਿ ਆਨੀ ॥੧॥
ਦੂਧੁ ਪੀਉ ਗੋਬਿੰਦੇ ਰਾਇ ॥ ਦੂਧੁ ਪੀਉ ਮੇਰੋ ਮਨੁ ਪਤੀਆਇ ॥
ਨਾਹੀ ਤ ਘਰ ਕੋ ਬਾਪੁ ਰਿਸਾਇ ॥੧॥ ਰਹਾਉ ॥
ਸੋੁਇਨ ਕਟੋਰੀ ਅੰਮ੍ਰਿਤ ਭਰੀ ॥ ਲੈ ਨਾਮੈ ਹਰਿ ਆਗੈ ਧਰੀ ॥੨॥ (ਭੈਰਉ)

ਭੋਲੇ ਨਾਮਦੇਵ ਜੀ ਨੂੰ ਨਹੀਂ ਸੀ ਪਤਾ ਕਿ ਜਗਤ ਠਾਕੁਰਾਂ ਨਾਲ ਠੱਗੀ ਕਰਦਾ ਹੈ। ਇਕ ਚਮਚਾ ਦੁਧ ਠਾਕੁਰ ਜੀ ਦੇ ਮੂੰਹ ਲਾ ਕੇ ਬਾਕੀ ਦਾ ਆਪ ਪੀ ਜਾਂਦਾ ਹੈ। ਨਾਮਦੇਵ ਜੀ ਨੇ ਜਾਤਾ ਕਿ ਜਿੰਨਾ ਦੁਧ ਠਾਕੁਰ ਜੀ ਦੇ ਅਗੇ ਰਖੀਦਾ ਹੈ, ਉਹ ਠਾਕੁਰ ਮੂਰਤੀ ਸਾਰਾ ਦੁਧ ਪੀ ਜਾਂਦੀ ਹੈ, ਪਰ ਪੱਥਰ ਮੂਰਤੀ ਪੀਵੇ ਕਿਵੇਂ ? ਛੰਨਾ ਅਗੇ ਰੱਖ ਕੇ ਨਾਮਦੇਵ ਜੀ ਬੈਠੇ ਰਹੇ। ਜਦੋਂ ਵਾਹਵਾ ਚਿਰ ਹੋ ਗਿਆ ਤਾਂ ਬਬੋਲਿਕੇ ਹੋ ਕੇ ਬੇਨਤੀ ਕਰਨ ਲੱਗੇ—'ਹੇ ਪ੍ਰਭੂ ! ਦੁਧ ਦਾ ਕਟੋਰਾ (ਛੰਨਾ) ਤੇ ਪਾਣੀ ਦਾ ਗੜਵਾ ਆਪ ਦੇ ਕੋਲ ਰਖਿਆ ਹੋਇਆ ਹੈ। ਇਹ ਦੁਧ ਮੈਂ ਕਪਲਾ ਗਊ ਚੋ ਕੇ ਲਿਆਂਦਾ ਹੈ ਮੇਰੇ ਗੋਬਿੰਦ ਦੁਧ ਪੀਵੋ। ਜੇ ਦੁਧ ਨੂੰ ਪੀ ਲਵੋਗੇ ਤਾਂ ਮੇਰਾ ਮਨ ਸ਼ਾਂਤ ਹੋ ਜਾਵੇਗਾ, ਨਹੀਂ ਤੇ ਘਰ ਗਏ ਨੂੰ ਪਿਤਾ ਜੀ ਗੁਸੇ ਹੋਣਗੇ। ਸੋਨੇ ਦੀ ਕਟੋਰੀ 'ਛੰਨਾ' ਮੈਂ ਆਪ ਅਗੇ ਰਖਿਆ ਹੈ। ਪੀਵੋ ! ਜ਼ਰੂਰ ਪੀਵੋ ! ਮੈਂ ਕੋਈ ਪਾਪ ਨਹੀਂ ਕੀਤਾ, ਜੇ ਮੇਰੇ ਬਾਪ ਕੋਲੋਂ ਰੋਜ਼ ਦੁਧ ਪੀਂਦੇ ਜੇ ਤਾਂ ਮੈਥੋਂ ਕਿਉਂ ਨਹੀਂ ਪੀਂਦੇ ? ਹੇ ਪ੍ਰਭੂ ਕ੍ਰਿਪਾ ਕਰੋ ! ਦਇਆ ਕਰੋ। ਅਗੇ ਹੀ ਪਿਤਾ ਮੈਨੂੰ ਮਾੜਾ ਤੇ ਨਿਕੰਮਾ ਸਮਝਦੇ ਹਨ, ਜੇ ਅਜ ਦੁਧ ਨਾ ਪੀਤਾ ਤਾਂ ਮੇਰੀ ਖੈਰ ਨਹੀਂ। ਪਿਤਾ ਜੀ ਘਰੋਂ ਕੱਢ ਦੇਣਗੇ।' ਆਖਦੇ ਨੇ ਸ਼ੁਧ ਹਿਰਦੇ ਦੀ ਕੀਤੀ ਅਰਦਾਸ ਬਿਰਥਾ ਨਹੀਂ ਜਾਂਦੀ। ਪ੍ਰਭੂ ਨੂੰ ਪੱਥਰਾਂ ਰਾਹੀਂ ਪ੍ਰਗਟ ਕਰ ਦੇਂਦੀ ਹੈ ਜੋ ਕੰਮ ਨਾਮਦੇਵ ਦੇ ਪਿਤਾ ਜੀ ਸਾਰੀ ਉਮਰ ਨਾ ਕਰ ਸਕੇ ਠਾਕੁਰ ਤੇ ਆਪਣੇ ਜੀਵਨ ਨਾਲ ਠਗੀ ਕਰਦੇ ਰਹੇ। ਨਾ ਸ਼ੁਧ ਹਿਰਦੇ ਨਾਲ ਪ੍ਰਾਰਥਨਾ ਕੀਤੀ, ਨਾ ਠਾਕੁਰ ਨੇ ਦੁਧ ਪੀਤਾ। ਜਿਵੇਂ ਬ੍ਰਾਹਮਣ ਚਿਮਚੇ ਨਾਲ ਦੁਧ ਠਾਕੁਰ ਜੀ ਦੇ ਮੂੰਹ ਨੂੰ ਛੁਹਾ ਕੇ ਚਿਮਚਾ ਪਿਛੇ ਕਰ ਲੈਂਦਾ ਸੀ, ਤਿਵੇਂ ਨਾਮਦੇਵ ਜੀ ਦੇ ਪਿਤਾ ਜੀ ਕਰਦੇ ਰਹੇ ਪਰ ਮਾਸੂਮ ਆਤਮਾ ਨਾਮਦੇਵ ਜੀ ਨੂੰ ਇਹ ਚੰਗੀ ਨਾ ਲਗੀ। ਉਹ ਠਾਕੁਰ ਜੀ ਅਗੇ ਬੈਠਾ ਤਰਲੇ ਕੱਢਦਾ ਰਿਹਾ। ਆਖ਼ਰ ਭਗਵਾਨ ਭਗਤੀ ਦਾ ਖਿਚਿਆ ਹੋਇਆ ਆ ਗਿਆ। ਪੱਥਰ ਦੀ ਮੂਰਤੀ ਵਿਚੋਂ ਪ੍ਰਗਟ ਹੋਇਆ। ਮੂਰਤੀ ਰਾਹੀਂ ਹੱਸਿਆ, 'ਏਕੁ ਭਗਤੁ ਮੇਰੇ ਹਿਰਦੇ ਬਸੈ। ਨਾਮੇ ਦੇਖਿ ਨਾਰਾਇਨੁ ਹਸੈ ॥੩॥' ਇਕ (ਨਾਮਦੇਵ ਜੀ) ਭਗਤ

ਉਹਨਾਂ ਦੇ ਹਿਰਦੇ ਵਿਚ ਵਸਿਆ। ਨਾਮੇ ਨੂੰ ਦੇਖ ਕੇ ਭਗਵਾਨ ਹੱਸ ਪਿਆ। ਹੱਸ ਕੇ ਦੋਵੇਂ ਹੱਥ ਅਗੇ ਵਧਾਏ ਤੇ ਦੁਧ ਪੀ ਲਿਆ। ਦੁਧ ਪੀ ਕੇ ਮੂਰਤੀ ਫਿਰ ਜਿਉਂ ਦੀ ਤਿਉਂ ਹੋ ਗਈ। 'ਦੂਧੁ ਪੀਆਇ ਭਗਤੁ ਘਰਿ ਗਇਆ ॥ ਨਾਮੇ ਹਰਿ ਕਾ ਦਰਸਨੁ ਭਇਆ ॥' ਦੁਧ ਪਿਆ ਕੇ ਨਾਮਦੇਵ ਜੀ ਘਰ ਚਲੇ ਗਏ ਇਉਂ ਉਹਨਾਂ ਨੂੰ ਪ੍ਰਭੂ ਨੇ ਦਰਸ਼ਨ ਦਿਤੇ। ਇਹ ਨਾਮਦੇਵ ਜੀ ਦੀ ਭਗਤੀ ਮਾਰਗ ਵਿਚ ਪਹਿਲੀ ਫ਼ਤਹ ਸੀ। ਭਗਵਾਨ ਉਹਨਾਂ ਦੇ ਆਖੇ ਲਗਣ ਲਗ ਪਿਆ। ਛੋਟੀ ਉਮਰ ਵਿਚ ਹੀ ਪ੍ਰਭੂ ਦਰਸ਼ਨ ਕਰ ਲਏ। ਲੋਕਾਂ ਵਿਚ ਬੜੀ ਸੋਭਾ ਹੋਈ। ਸਾਰੇ 'ਬਾਲ ਭਗਤ' ਆਖਣ ਲਗ ਪਏ। ਨਾਮਦੇਵ ਜੀ ਦੇ ਪਿਤਾ ਨੂੰ ਜਦ ਪਤਾ ਲਗਾ ਤਾਂ ਉਹ ਬਹੁਤ ਪ੍ਰਸੰਨ ਹੋਏ।

## ਪੁੰਡਰਪੁਰ ਬੀਠਲ ਵਾਹਿਗੁਰੂ ਦੀ ਪੂਜਾ

ਨਗਰ ਨਰਸੀ ਬ੍ਰਾਹਮਣੀ ਦੇ ਨੇੜੇ ਹੀ ਪੁੰਡਰਪੁਰ ਸੀ। ਪੁੰਡਰਪੁਰ ਮੰਦਰ ਸਨ। ਉਨ੍ਹਾਂ ਵਿਚ ਮੇਲੇ ਲਗਦੇ ਸੀ। ਹਰਿ ਹਰਿ ਸੰਮਤੀ ਤੇ ਹਰਿ ਬੋਧਿਨੀ ਇਕਾਦਸ਼ੀ ਨੂੰ ਬੜਾ ਭਾਰੀ ਇਕੱਠ ਹੁੰਦਾ ਸੀ। ਬਹੁਤ ਸਾਰੀਆਂ ਭਗਤ ਮੰਡਲੀਆਂ ਦੂਰੋਂ ਦੂਰੋਂ ਆਉਂਦੀਆਂ ਤੇ ਭਜਨ ਕੀਰਤਨ ਕਰਦੀਆਂ। ਨਾਮਦੇਵ ਜੀ 'ਬਾਰਕਰੀ ਭਗਤ ਮੰਡਲੀ' ਦੇ ਨਾਲ ਪੁੰਡਰ ਪੁਰ ਗਏ। ਪੁੰਡਰ ਪੁਰ ਚੰਦਰ ਭਾਗਾ ਨਦੀ ਦੇ ਕਿਨਾਰੇ ਹੈ। ਚੰਦਰ ਭਾਗਾ ਨੂੰ ਗੰਗਾ ਵਾਂਗ ਵੇਖਣ ਵਿਚ ਪੂਜਜ ਨਦੀ ਸਮਝਿਆ ਜਾਂਦਾ ਹੈ। ਇਕ ਪੰਡਲੀਕ ਭਗਤ ਹੋਇਆ ਹੈ। ਉਹ ਪਾਂਡੂ ਰਗ ਬਿਠਲ ਰਾਯ ਭਗਵਾਨ ਦਾ ਉਪਾਸ਼ਕ ਸੀ। ਉਨ੍ਹਾਂ ਦੇ ਹੀ ਮੰਦਰ ਸਨ। ਪੁੰਡਰ ਪੁਰ ਵਿਚ ਵੈਸ਼ਨਵ ਭਗਤਾਂ ਦਾ ਬਹੁਤ ਜ਼ੋਰ ਸੀ। ਉਥੇ ਤ੍ਰਿਲੋਕੇਸ਼ਵਰ ਚਕ੍ਰ ਪਾਣਿ ਭਗਵਾਨ ਦੀ ਮੂਰਤੀ ਸੀ, ਜੋ ਇਕ ਲੱਤ ਦੇ ਭਾਰ ਇੱਟ ਤੇ ਖਲੋਤੇ ਹੋਏ ਸਨ। ਪੁੰਡਰਪੁਰ ਵਿਚ ਜੋ ਵੀ ਕੰਮ ਕੀਤਾ ਜਾਂਦਾ ਸੀ, ਉਹ 'ਬਿਠਲ' ਨਾਮ ਉਤੇ ਹੁੰਦਾ ਸੀ। ਬਿਠੁਲ ਵਾਹਿਗੁਰੂ ਨਾਮ ਦਾ ਅਰਥ ਰਖਦਾ ਸੀ।

ਨਾਮਦੇਵ ਜੀ ਨੇ ਪੁੰਡਰ ਪੁਰ ਦਾ ਜਸ ਸੁਣਿਆ ਹੋਇਆ ਸੀ। ਜਦੋਂ ਉਥੋਂ ਦੀ ਭਗਤੀ ਤੇ ਸੋਭਾ ਨੂੰ ਅਖੀਂ ਦੇਖਿਆ ਤਾਂ ਉਥੇ ਹੀ ਰਹਿ ਪਏ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ 'ਬਿਠੁਲ ਰਾਯ' ਦੀ ਪੂਜਾ ਕਰਦੇ ਹੋਏ ਹੀ ਜੀਵਨ ਬਤੀਤ ਕਰਨਗੇ। ਚਾਰ ਦਿਨ ਮੇਲੇ ਤੇ ਕੀਰਤਨ ਹੁੰਦਾ ਰਿਹਾ। ਅਨੰਦ ਲੈਂਦੇ ਰਹੇ।

ਸਚੇ ਪਿਆਰ ਦੇ ਕਾਰਨ ਭਗਵਾਨ ਦੇ ਦਰਸ਼ਨ ਕਰਦੇ ਰਹੇ। ਬਹੁਤ ਸਾਰੇ ਲੋਕਾਂ ਨੂੰ ਪਤਾ ਲਗ ਗਿਆ ਕਿ ਨਰਸੀ ਬਾਹਮਣੀ ਨਗਰ ਵਾਲੇ ਨਾਮਦੇਵ ਜੀ ਇਹੋ ਹਨ ਜਿਨ੍ਹਾਂ ਨੂੰ ਭਗਵਾਨ ਨੇ ਦਰਸ਼ਨ ਦਿਤੇ ਸਨ। ਨਾਮਦੇਵ ਜੀ ਇਕ ਦਿਨ ਬੀਠੁਲ ਜੀ ਦੇ ਅਗੇ ਐਸੀ ਸਮਾਧੀ ਲਾ ਕੇ ਬੈਠੇ ਕਿ ਬੀਠੁਲ ਜੀ ਦੇ ਪੈਰ ਹਿਲਾ ਦਿਤੇ। ਉਸਦੇ ਹਿਰਦੇ ਨੂੰ ਪਿਘਲਾ ਦਿਤਾ। ਪ੍ਰੇਮ ਦੀ ਜ਼ੰਜੀਰ ਵਿਚ ਜਕੜਿਆ ਹੋਇਆ ਬੀਠੁਲ ਸਵਰਗ ਦੇ ਸਿੰਘਾਸਣ ਨੂੰ ਛਡ ਕੇ ਨਾਮਦੇਵ ਜੀ ਦੇ ਸਾਹਮਣੇ ਆ ਖਲੋਤਾ। ਭਗਵਾਨ ਬੋਲਿਆ—'ਭਗਤਾ! ਤੇਰੀ ਕੀ ਇਛਾ ਹੈ, ਤੂੰ ਰਾਤ ਦਿਨ ਮੈਨੂੰ ਆਰਾਮ ਨਾਲ ਨਹੀਂ ਬਹਿਣ ਦੇਂਦਾ। ਯਾਦ ਹੀ ਕਰਦਾ ਰਹਿੰਦਾ ਹੈਂ।' ਨਾਮਦੇਵ ਜੀ ਕਹਿਣ ਲਗੇ—'ਪ੍ਰਭੂ ਆਪੇ ਆਪਣੀ ਲਗਨ ਲਾਈ ਜੇ। ਆਪ ਹੀ ਦਰਸ਼ਨ ਦੇ ਕੇ ਦਿਲ ਅੱਖਾਂ ਦੀ ਸ਼ਕਤੀ ਤੇ ਜੇਤਨਾ ਖਿਚ ਲਈ ਜੇ, ਹੁਣ ਮੇਰੇ ਕੋਲ ਹੈ ਕੀ? ਹਾਂ, ਪ੍ਰਭੂ ਇਹ ਚੇਤੇ ਕਰ ਲਵੋ। ਗੱਲਾਂ ਜੇ ਖਰੀਆਂ ਲੱਗਣ ਭਾਵੇਂ ਕੌੜੀਆਂ। ਅਸੀਂ ਤੇਰੀ ਭਗਤੀ ਵਿਚ ਰੁਝੇ ਹੋਏ ਤੇਰੀ ਸ਼ੁਭ ਸੋਭਾ ਤੇ ਵਡਿਆਈ ਕਰ ਕੇ ਤੇਰਾ ਪ੍ਰਚਾਰ ਕਰਦੇ ਹਾਂ। ਇਸ ਵਾਸਤੇ ਜਦੋਂ ਭਗਤਾਂ ਉਤੇ ਕੋਈ ਭੀੜ ਬਣੇ ਤਾਂ ਉਸ ਵੇਲੇ ਮਦਦ ਕਰਿਆ ਕਰਨੀ ਜੇ। ਅਸੀਂ ਤੇਰੇ ਜੇ—'ਪ੍ਰਣਵੈ ਨਾਮ ਦੇਉ ਲਾਗੀ ਪ੍ਰੀਤਿ॥ ਗੋਬਿੰਦੁ ਬਸੈ ਹਮਾਰੇ ਚੀਤਿ॥' ਤੇਰੇ ਨਾਲ ਪ੍ਰਭੂ ਐਸੀ ਪ੍ਰੀਤ ਲਗੀ ਹੈ ਕਿ ਤੂੰ ਅਸਾਡੇ ਹਿਰਦੇ ਵਿਚ ਵਸ ਗਿਆ ਹੈਂ।' ਨਾਮਦੇਵ ਦੀਆਂ ਇਹ ਖਰੀਆਂ ਖਰੀਆਂ ਗੱਲਾਂ ਸੁਣ ਕੇ ਪ੍ਰਭੂ ਨੇ ਨਾਮਦੇਵ ਨੂੰ ਖ਼ੁਸ਼ੀ ਨਾਲ ਆਖਿਆ—

'ਨਾਮਦੇਵ! ਮੈਂ ਤੇਰਾ ਹਾਂ, ਜਦੋਂ ਯਾਦ ਕਰੇਂਗਾ ਆਵਾਂਗਾ ਤੇ ਤੇਰੇ ਕਾਰਜ ਸਵਾਰਾਂਗਾ। ਇਹ ਆਖ ਕੇ ਭਗਵਾਨ ਅਲੋਪ ਹੋ ਗਿਆ। ਨਾਮਦੇਵ ਉਥੇ ਬੈਠਾ ਹੀ ਭਗਤੀ ਕਰਦਾ ਰਿਹਾ। ਸੁਰ ਤਾਲ ਸਾਥ ਭਜਨ ਗਾਉਣ ਵਿਚ ਮਸਤ ਰਿਹਾ।

## ਤੀਰਥ ਯਾਤਰਾ ਕਰਨ ਜਾਣਾ

ਮਹਾਰਾਸ਼ਟਰ ਦੇ ਮਸ਼ਹੂਰ ਸੰਤ ਸ੍ਰੀ ਗਯਾਨੇਸ਼ਵਰ ਜੀ ਸਨ। ਨਾਮਦੇਵ ਜੀ ਦਾ ਇਨ੍ਹਾਂ ਨਾਲ ਮੇਲ ਹੋ ਗਿਆ। ਇਹ ਪੁਜੇ ਹੋਏ ਸੰਤ ਸਨ। ਰਾਤ ਦਿਨੇ ਭਗਤੀ ਵਿਚ ਰਹਿੰਦੇ ਤੇ ਇਨ੍ਹਾਂ ਨਾਲ ਭਜਨ ਵਾਸਤੇ ਸੰਤ ਮੰਡਲੀ ਰਹਿੰਦੀ।

ਉਨ੍ਹਾਂ ਸੰਤਾਂ ਨੇ ਤੀਰਥ ਯਾਤਰਾ ਕਰਨ ਦਾ ਫ਼ੈਸਲਾ ਕਰ ਲਿਆ। ਨਾਮਦੇਵ ਜੀ ਨੂੰ ਸਾਥ ਚਲਣ ਵਾਸਤੇ ਸੰਤਾਂ ਨੇ ਆਖਿਆ। ਪਰ ਨਾਮਦੇਵ ਜੀ ਨੇ ਉੱਤਰ ਦਿਤਾ ਕਿ—'ਹੇ ਮਹਾਰਾਜ! ਮੈਂ ਜਾਣ ਨੂੰ ਤਿਆਰ ਹਾਂ, ਪਰ ਜੇ ਭਗਵਾਨ ਵਲੋਂ ਆਗਿਆ ਹੋਵੇ ਤਾਂ।' ਗਯਾਨੇਸ਼ਵਰ ਜੀ ਨੇ ਕਿਹਾ—'ਪ੍ਰਭੂ ਨੂੰ ਪੁਛ ਲੈ।' ਨਾਮਦੇਵ ਨੇ ਪੁਛਣਾ ਹੀ ਸੀ ਕਿ ਸੰਤ ਜੀ ਨੂੰ ਭਗਵਾਨ ਵਲੋਂ ਭਾਖਿਆ ਹੋਈ ਕਿ 'ਮੇਰੇ ਭਗਤ ਨਾਮਦੇਵ ਨੂੰ ਸਾਥ ਲੈ ਜਾਹ। ਇਸ ਦੀ ਸੰਭਾਲ ਰਖੀਂ, ਲਾਡਲਾ ਹੈ।' ਨਾਮਦੇਵ ਜੀ ਤੀਰਥ ਯਾਤਰਾ ਨੂੰ ਤੁਰ ਪਏ ਪਰ ਪੁੰਡਰ ਪੁਰ ਨੂੰ ਛਡਣ ਵੇਲੇ ਨਾਮਦੇਵ ਜੀ ਬੇਹਬਲ ਹੋ ਉਠੇ। ਉਨ੍ਹਾਂ ਦੀਆਂ ਅੱਖਾਂ ਪੁੰਡਰ ਪੁਰ ਦੇ ਮੰਦਰਾਂ ਤੇ ਅਸਥਾਨਾਂ ਤੋਂ ਦੂਰ ਨਹੀਂ ਜਾਣਾ ਚਾਹੁੰਦੀਆਂ ਸਨ। ਮਨ ਬੀਠੁਲ ਦੇ ਕੋਲ ਬੈਠਾ ਰਹਿਣਾ ਚਾਹੁੰਦਾ ਸੀ। ਉਨ੍ਹਾਂ ਨੇ ਸੰਤਾਂ ਨੂੰ ਆਖਿਆ, 'ਮਹਾਰਾਜ ਪਾਂਡੁ ਤੇ ਬੀਠੁਲ ਰਾਯਾ ਨੂੰ ਛੱਡਣ ਤੇ ਹਿਰਦਾ ਪਾਟਦਾ ਹੈ। ਪੈਰ ਰੁਕਦੇ ਹਨ। ਅੱਖਾਂ ਝੁੰਮਲਾਂਦੀਆਂ ਨੇ ਮੇਰਾ ਤਾਂ ਜੀਅ ਨਹੀਂ ਕਰਦਾ ਜਾਣ ਨੂੰ।' ਸੰਤ ਜੀ ਨੇ ਉਪਦੇਸ਼ ਕੀਤਾ 'ਨਾਮਦੇਵ ਤੈਨੂੰ ਭੁਲੇਖਾ ਹੈ। ਤੇਰਾ ਬੀਠੁਲ ਹਰ ਥਾਂ ਹੈ। ਉਹ ਸਰਬ ਵਿਆਪੀ ਹੈ। ਕੁਦਰਤ ਦਿਸਦੀ ਹੈ, ਇਸ ਦੇ ਪਤੇ ਫੁਲਾਂ ਵਿਚ ਉਹ ਹੈ। ਉਸ ਸਰਬ ਸ਼ਕਤੀਵਾਨ ਨੂੰ ਇਕ ਥਾਂ ਬੰਦ ਕਿਉਂ ਮੰਨਦਾ ਹੈਂ? ਜਿਥੇ ਜਾਏਂਗਾ ਬੀਠੁਲ ਉਥੇ ਹੀ ਤੇਰੇ ਨਾਲ ਜਾਵੇਗਾ। ਬਾਕੀ ਦੇ ਤੀਰਥਾਂ ਦੀ ਯਾਤਰਾ ਕਰ ਕੇ ਜਨਮ ਸਫਲਾ ਹੋਵੇ। ਸੰਤ ਮੰਡਲੀਆਂ ਦੇ ਦਰਸ਼ਨ ਹੋਣਗੇ, ਚਲੋ!' ਸੰਤਾਂ ਦੇ ਉਪਦੇਸ਼ ਨੇ ਉਨ੍ਹਾਂ ਨੂੰ ਯਾਤਰਾ ਵਾਸਤੇ ਜਾਣ ਲਈ ਪ੍ਰੇਰਿਆ। ਨਾਮਦੇਵ ਜੀ ਮੰਨ ਗਏ। ਯਾਤਰਾ ਸ਼ੁਰੂ ਹੋਈ। ਮਹਾਂਰਾਸ਼ਟਰ ਤੋਂ ਤੁਰ ਕੇ ਪ੍ਰਯਾਗ ਕਾਂਸ਼ੀ, ਹਰਿਦੁਆਰ ਆਦਿਕ ਸਾਰੇ ਵਡੇ ਤੇ ਛੋਟੇ ਤੀਰਥਾਂ ਦੀ ਯਾਤਰਾ ਕੀਤੀ। ਭਜਨ ਮੰਡਲੀਆਂ ਰਾਹੀਂ ਕੀਰਤਨ ਸੁਣਿਆ ਦਾਨ ਲਿਆ ਤੇ ਕੀਤਾ।

## ਮੋਈ ਗਊ ਜੀਊਂਦੀ ਕਰਨੀ

ਸੰਤ ਗਯਾਨੇਸ਼ਵਰ (ਗਿਆਨਦੇਵ) ਜੀ ਦੀ ਸੰਤ ਮੰਡਲੀ ਦੇ ਨਾਲ ਤੀਰਥਾਂ ਦੀ ਯਾਤਰਾ ਕਰਦੇ ਹੋਏ ਨਾਮਦੇਵ ਜੀ ਮਥਰਾ ਤੋਂ ਦਿਲੀ (ਹਸਤਨਾਪੁਰ) ਆ ਗਏ। ਦਿਲੀ 'ਚ ਪਾਂਡਵਾਂ ਦਾ ਪੁਰਾਣਾ ਕਿਲ੍ਹਾ ਵੇਖ ਕੇ ਜਮਨਾ ਘਾਟ ਉਤੇ ਸੰਤ ਮੰਡਲੀ ਨੇ ਡੇਰਾ ਜਮਾ ਦਿਤਾ ਤੇ ਭਜਨ ਕੀਰਤਨ ਹੋਣ ਲੱਗਾ। ਸ਼ਹਿਰ

ਦੇ ਹਿੰਦੂ ਤੇ ਸੂਫ਼ੀ ਮੁਸਲਮਾਨ ਸੰਤਾਂ ਦੇ ਦਰਸ਼ਨਾਂ ਨੂੰ ਆਉਂਦੇ। ਗੱਲੋ ਗੱਲੀ ਸ੍ਰੀ ਨਾਮਦੇਵ ਜੀ ਦੀਆਂ ਕਰਾਮਾਤਾਂ ਦਾ ਸ਼ਹਿਰ ਵਾਸੀਆਂ ਨੂੰ ਪਤਾ ਲਗ ਗਿਆ। ਸ਼ਹਿਰ ਵਾਲੇ ਹੁੰਮ ਹੁੰਮਾ ਕੇ ਆਉਣ ਲਗੇ। ਬਹੁਤ ਸੋਭਾ ਹੋਈ।

ਉਸ ਵੇਲੇ ਦਿੱਲੀ ਵਿਚ ਤੁਰਕਾਂ ਦਾ ਰਾਜ ਸੀ। ਮੁਹੰਮਦ ਬਿਨ ਤੁਗਲਕ ਦਿੱਲੀ ਦਾ ਬਾਦਸ਼ਾਹ ਸੀ। ਇਹ ਯਵਨੀ ਬਾਦਸ਼ਾਹ ਇਸਲਾਮ ਦਾ ਪ੍ਰਚਾਰਕ ਹਿੰਦੂ ਧਰਮ ਤੇ ਹਿੰਦੂਆਂ ਨਾਲ ਈਰਖਾ ਕਰਦਾ ਸੀ। ਇਸ ਨੂੰ ਕਿਸੇ ਨੇ ਜਾ ਦਸਿਆ ਕਿ ਇਕ ਨਾਮਦੇਵ ਹਿੰਦੂ ਦੱਖਣ ਵਲੋਂ ਆਇਆ ਹੈ, ਉਸ ਨੂੰ ਭਗਵਾਨ ਨੇ ਕਈ ਵਾਰ ਦਰਸ਼ਨ ਦਿਤੇ ਹਨ। ਉਹ ਜੋ ਚਾਹੇ ਕਰ ਸਕਦਾ ਹੈ। ਲੋਕੀ ਉਸ ਕੋਲੋਂ ਦੁਧ ਪੁਤ ਦੀਆਂ ਦਾਤਾਂ ਮੰਗਦੇ ਤੇ ਹਾਸਲ ਕਰ ਰਹੇ ਨੇ। ਇਹ ਉਪਮਾ ਸੁਣ ਕੇ ਬਾਦਸ਼ਾਹ ਨੇ ਪਿਆਦੇ ਭੇਜ ਕੇ ਨਾਮਦੇਵ ਜੀ ਨੂੰ ਕਿਲ੍ਹੇ ਵਿਚ ਸੱਦ ਲਿਆ। ਨਾਮਦੇਵ ਜੀ ਦਾ ਜਾਣਾ ਸੀ ਕਿ ਹਿੰਦੂਆਂ ਵਿਚ ਨਿਰਾਸਤਾ ਦੀ ਲਹਿਰ ਦੌੜ ਗਈ। ਉਨ੍ਹਾਂ ਨੇ ਕਿਹਾ ਕਿ ਸ਼ਾਇਦ ਬਾਦਸ਼ਾਹ ਨਾਮਦੇਵ ਜੀ ਨੂੰ ਮਰਵਾ ਹੀ ਨਾ ਦੇਵੇ ਕਿਉਂਕਿ ਉਹ ਬਹੁਤ ਤੁਅੱਸਬੀ ਸੀ। ਹਿੰਦੂਆਂ ਉਤੇ ਜ਼ੁਲਮ ਬਹੁਤ ਕਰਦਾ ਸੀ। ਸਾਰੇ ਹਿੰਦੂ ਇਕੱਠੇ ਹੋ ਕੇ ਬਾਦਸ਼ਾਹ ਦੇ ਕੋਲ ਗਏ। ਉਹਨਾਂ ਦੇ ਆਗੂਆਂ ਨੇ ਬਾਦਸ਼ਾਹ ਅਗੇ ਬੇਨਤੀ ਕੀਤੀ—'ਬਾਦਸ਼ਾਹ ਸਲਾਮਤ! ਨਾਮਦੇਵ ਜੀ ਨੂੰ ਅਜ਼ਾਦ ਕਰ ਦਿਓ। ਬੇਸ਼ਕ ਉਨ੍ਹਾਂ ਨਾਲ ਤੁਲਵਾਂ ਸੋਨਾ ਸਾਥੋਂ ਲੈ ਲਵੋ।' ਪਰ ਬਾਦਸ਼ਾਹ ਨਾ ਮੰਨਿਆ। ਸਾਰੇ ਨਿਰਾਸ ਹੋ ਕੇ ਮੁੜ ਆਏ। ਗਯਾਨੇਸ਼ੁਰ ਖ਼ੁਦ ਬੜੇ ਹੈਰਾਨ ਸਨ ਕਿ ਦਿੱਲੀ ਵਿਚ ਆ ਕੇ ਕਿਹੜੀ ਫਾਹੀ ਵਿਚ ਫਸ ਗਏ।

ਬਾਦਸ਼ਾਹ ਨੇ ਨਾਮਦੇਵ ਨੂੰ ਕੋਲ ਸੱਦ ਕੇ ਆਖਿਆ—'ਭਗਤਾ! ਸੁਣਿਆ ਏ ਤੂੰ ਬਹੁਤ ਕਰਾਮਾਤੀ ਹੈਂ, ਖ਼ੁਦਾ ਤੇਰੇ ਆਖੇ ਲਗਦਾ ਹੈ। ਜੇ ਇਹ ਗੱਲ ਸੱਚੀ ਹੈ ਤਾਂ ਆਪਣੇ ਭਗਵਾਨ ਨੂੰ ਆਖ ਉਹ ਮੋਈ ਗਾਂ ਜੀਉਂਦੀ ਕਰੇ।' ਬਾਦਸ਼ਾਹ ਦੇ ਇਸ ਸਵਾਲ ਬਾਰੇ ਨਾਮਦੇਵ ਜੀ ਦਾ ਸ਼ਬਦ ਹੈ—

*'ਸੁਲਤਾਨੁ ਪੂਛੈ ਸੁਨੁ ਬੇ ਨਾਮਾ॥ ਦੇਖਉ ਰਾਮ ਤੁਮਾਰੇ ਕਾਮਾ॥ ਨਾਮਾ ਸੁਲਤਾਨੇ ਬਾਧਿਲਾ॥ ਦੇਖਉ ਤੇਰਾ ਹਰਿ ਬੀਠੁਲਾ॥ ਰਹਾਉ॥ ਬਿਸਮਿਲ ਗਊ ਦੇਹੁ ਜੀਵਾਇ॥ ਨਾ ਤਰਿ ਗਰਦਨਿ ਮਾਰਉ ਠਾਂਇ॥ (ਭੈਰਉ)*

ਭਾਵ—ਸੁਲਤਾਨ (ਬਾਦਸ਼ਾਹ) ਨੇ ਪੁਛਿਆ, ਸੁਣ ਨਾਮਦੇਵ ਤੇਰੇ ਰਾਮ ਦੇ

ਮੈਂ ਕੌਤਕ ਦੇਖਣਾ ਚਾਹੁੰਦਾ ਹਾਂ। ਨਾਮਦੇਵ ਨੂੰ ਸੁਲਤਾਨ ਨੇ ਬੰਨ੍ਹ ਲਿਆ। ਕਹਿਣ ਲਗਾ ਤੇਰਾ ਹਰਿ ਵਾਹਿਗੁਰੂ ਵੇਖਦਾ ਹਾਂ ਇਸ ਵੇਲੇ ਮਰੀ ਹੋਈ ਗਊ ਜੀਵਾਵੇ ਨਹੀਂ ਤਾਂ ਤੇਰਾ ਸਿਰ ਧੜ ਨਾਲੋਂ ਵਖ ਕੀਤਾ ਜਾਵੇਗਾ।

ਨਾਮਦੇਵ ਜੀ ਨਿੰਮਰਤਾ ਨਾਲ ਬੋਲੇ—'ਬਾਦਸ਼ਾਹ! ਭਗਵਾਨ ਦਾ ਕੋਈ ਸ਼ਰੀਕ ਨਹੀਂ। ਜੇ ਭਗਵਾਨ (ਖ਼ੁਦਾ) ਨੇ ਗਊ ਨੂੰ ਮਾਰਿਆ ਹੈ ਤਾਂ ਮੈਂ ਕੌਣ ਹਾਂ, ਉਸ ਨੂੰ ਜੀਉਂਦੀ ਕਰਨ ਵਾਲਾ?'

ਬਾਦਸ਼ਾਹ—'ਮੈਂ ਸੁਣਿਆ ਹੈ ਤੂੰ ਬਹੁਤ ਸਾਰੀਆਂ ਕਰਾਮਾਤਾਂ ਦਿਖਲਾਈਆਂ ਨੇ, ਪੱਥਰ ਦੀ ਮੂਰਤੀ ਨੂੰ ਮਨੁੱਖਾਂ ਵਾਂਗ ਦੁਧ ਪਿਲਾਉਂਦਾ ਰਿਹੈਂ।'

ਨਾਮਦੇਵ—'ਮੈਨੂੰ ਤਾਂ ਇਹ ਪਤਾ ਨਹੀਂ ਕਿ ਕਰਾਮਾਤ ਕਿਸ ਨੂੰ ਆਖਦੇ ਨੇ। ਮੈਂ ਇਹ ਜਾਣਦਾ ਹਾਂ ਕਿ ਪ੍ਰਭੂ ਦਾ ਸਿਮਰਨ ਕਰਨਾ ਚੰਗਾ ਹੈ। ਸੋ ਕਰੀ ਜਾਂਦਾ ਹਾਂ। ਸੰਤ ਮੰਡਲੀਆਂ ਨਾਲ ਹਰੀ ਦਾ ਕੀਰਤਨ ਕਰਦਾ ਤੇ ਸੁਣਦਾ ਹਾਂ। ਜੇ ਭਗਵਾਨ ਕੋਈ ਕੌਤਕ ਕਰਦਾ ਹੈ ਤਾਂ ਉਹ ਭਗਵਾਨ ਦੀ ਲੀਲ੍ਹਾ। ਪਰ ਆਪ ਬਾਦਸ਼ਾਹ ਜੇ, ਬਾਦਸ਼ਾਹ ਨੂੰ ਸਦਾ ਖ਼ੁਦਾ ਕੋਲੋਂ ਡਰਨਾ ਚਾਹੀਦਾ ਹੈ। ਪਰਜਾ ਉਤੇ ਜ਼ੁਲਮ ਨਹੀਂ ਕਰਨਾ ਚਾਹੀਦਾ।'

ਬਾਦਸ਼ਾਹ—'ਮੈਂ ਕੁਝ ਨਹੀਂ ਸੁਣਨਾ ਚਾਹੁੰਦਾ। ਦਸੋ ਗਊ ਜੀਵਾਵੋਗੇ ਕਿ ਨਹੀਂ?'

ਨਾਮਦੇਵ—'ਮੈਂ ਕੁਝ ਨਹੀਂ ਜਾਣਦਾ ਮੇਰਾ ਬੀਠੁਲਾ ਜਾਣੇ ਜਿਵੇਂ ਉਸ ਨੂੰ ਭਾਵੇ ਤਿਵੇਂ ਹੋਵੇਗਾ।'

ਬਾਦਸ਼ਾਹ—'ਹੱਛਾ! ਅੱਠ ਪਹਿਰ ਦਾ ਸਮਾਂ (ਮੁਹਲਤ) ਦਿਤੀ ਜਾਂਦੀ ਹੈ। ਇਸ ਸਮੇਂ ਵਿਚ ਗਊ ਜਿਵਾ ਦਿਓ ਨਹੀਂ ਤਾਂ ਸਾਰਿਆਂ ਦੇ ਦੇਖਦਿਆਂ ਕਤਲ ਕਰ ਦਿਤੇ ਜਾਵੋਗੇ। ਹਾਥੀ ਦੇ ਪੈਰਾਂ ਹੇਠ ਸੁਟ ਕੇ ਦਲ ਮਲ ਦਿਤੇ ਜਾਵੋਗੇ। ਬਸ ਜਾਂ ਗਊ ਜੀਵੇ ਜਾਂ ਆਪ ਮਰੋ।'

ਇਹ ਆਖ ਕੇ ਬਾਦਸ਼ਾਹ ਹਰਮਾਂ ਨੂੰ ਚਲਿਆ ਗਿਆ। ਨਾਮਦੇਵ ਕੈਦ ਸੀ। ਉਸ ਦੇ ਹੱਥ ਬੰਨ੍ਹੇ ਹੋਏ ਸਨ। ਸਿਪਾਹੀਆਂ ਦੇ ਪਹਿਰੇ ਵਿਚ ਉਹਨਾਂ ਨੂੰ ਬਿਠਾਇਆ ਹੋਇਆ ਸੀ। ਸਤ ਘੜੀਆਂ ਬੀਤ ਗਈਆਂ, ਗਾਂ ਨਾ ਹਿੱਲੀ, ਉਹ ਜਿਉਂ ਦੀ ਤਿਉਂ ਮੋਈ ਪਈ ਸੀ। ਲੋਕ ਹੈਰਾਨ ਸਨ ਕਿ ਜੇ ਗਾਂ ਨਾ ਜੀਵੀ ਤਾਂ ਨਾਮਦੇਵ ਜੀ ਨੂੰ ਬਾਦਸ਼ਾਹ ਜ਼ਰੂਰ ਮਾਰ ਦੇਵੇਗਾ, ਲੋਕ ਭਗਵਾਨ

ਅਗੇ ਅਰਦਾਸਾਂ ਕਰ ਰਹੇ ਸਨ । ਦੂਸਰੇ ਪਾਸੇ ਜਦੋਂ ਬਾਦਸ਼ਾਹ ਘਰ ਗਿਆ ਤਾਂ ਉਸ ਨੂੰ ਸੂਲ ਹੋਣਾ ਸ਼ੁਰੂ ਹੋ ਗਿਆ। ਉਹ ਪਲ ਵਿਚ ਐਨਾ ਤੰਗ ਹੋਇਆ ਕਿ ਉਹਦੇ ਬਚਨ ਦੀ ਆਸ ਕੋਈ ਨਾ ਰਹੀ। ਸ਼ਾਹੀ ਹਕੀਮ ਨਸ ਭਜ ਕਰਨ ਲਗੇ। ਇਕ ਨੇ ਕਿਹਾ, 'ਬਾਦਸ਼ਾਹ ਸਲਾਮਤ ਰਾਜ਼ੀ ਹੋ ਸਕਦਾ ਹੈ ਸ਼ਾਇਦ ਨਾਮਦੇਵ ਜੀ ਦੇ ਫੜਨ ਕਾਰਨ ਖ਼ੁਦਾ ਨਰਾਜ਼ ਹੋ ਗਿਆ ਹੋਵੇ। ਜਾਨ ਬਦਲੇ ਉਸ ਨੂੰ ਛਡ ਦੇਣਾ ਚਾਹੀਦਾ ਹੈ।' 'ਮਰਦਾ ਕੀ ਨਹੀਂ ਕਰਦਾ।' ਦੇ ਕਥਨ ਅਨੁਸਾਰ ਬਾਦਸ਼ਾਹ ਨੇ ਨਾਮਦੇਵ ਜੀ ਨੂੰ ਛਡਣ ਦਾ ਹੁਕਮ ਦੇ ਦਿਤਾ ਪਰ ਉਪਰੋਂ ਪਹਿਰਾ ਪੂਰਾ ਹੋਣ ਵਾਲਾ ਵੀ ਸੀ ਗਾਂ ਅਜੇ ਮਰੀ ਦੀ ਮਰੀ ਪਈ ਸੀ। ਜਲਾਦਾਂ ਨੇ ਕਾਹਲ ਕੀਤੀ। ਉਹਨਾਂ ਨੇ ਨਾਮਦੇਵ ਜੀ ਨੂੰ ਮਸਤ ਹਾਥੀ ਅਗੇ ਸੁਟ ਦਿਤਾ।

'ਕਰੈ ਗਜਿੰਦੁ ਸੁੰਡ ਕੀ ਚੋਟ ॥ ਨਾਮਾ ਉਬਰੈ ਹਰਿ ਕੀ ਓਟ ॥' (ਭੈਰਉ)

ਹਾਥੀ ਨੇ ਸੁੰਡ ਦਾ ਵਾਰ ਕੀਤਾ। ਨਾਮਦੇਵ ਨੂੰ ਚੁਕ ਕੇ ਸੁਟਿਆ, ਪਰ ਉਹ ਰਾਮ ਨਾਮ ਦੇ ਆਸਰੇ ਬਚ ਗਿਆ। ਉਧਰ ਭਗਵਾਨ ਨੇ ਗਊ ਵੀ ਜਿਵਾ ਦਿਤੀ, ਪਰ ਬਾਦਸ਼ਾਹ ਦਾ ਸੂਲ ਨਾ ਹਟਿਆ। ਵਜੀਰ ਨੇ ਆ ਕੇ ਜਲਾਦਾਂ ਕੋਲੋਂ ਨਾਮਦੇਵ ਜੀ ਦੀ ਬੰਦ ਖਲਾਸੀ ਕਰਾਈ, ਨਾਮਦੇਵ ਜੀ ਨੂੰ ਉਹ ਬੜੇ ਸਤਿਕਾਰ ਨਾਲ ਬਾਦਸ਼ਾਹ ਕੋਲ ਲੈ ਗਏ। ਪਰ ਬਾਦਸ਼ਾਹ ਦਰਦ ਨਾਲ ਤੜਪ ਰਿਹਾ ਸੀ ਉਸ ਨੂੰ ਹੋਸ਼ ਨਹੀਂ ਸੀ। ਉਸ ਨੇ ਨਾਮਦੇਵ ਜੀ ਨੂੰ ਦੇਖ ਕੇ ਜਾਨ ਬਖ਼ਸ਼ੀ ਵਾਸਤੇ ਤਰਲਾ ਕੀਤਾ—'ਭਗਤ ਜੀ! ਮੈਨੂੰ ਮੁਆਫ਼ ਕਰਨਾ ਮੈਥੋਂ ਭੁਲ ਹੋ ਗਈ ਹੈ।'

ਨਾਮਦੇਵ ਜੀ ਨੇ ਬਾਦਸ਼ਾਹ ਨੂੰ ਆਖਿਆ—'ਬਾਦਸ਼ਾਹ! ਰੱਬ ਦੇ ਬੰਦਿਆਂ ਨੂੰ ਕਸ਼ਟ ਨਹੀਂ ਦੇਣਾ ਚਾਹੀਦਾ ਸਦਾ ਡਰਨਾ ਚਾਹੀਦਾ ਹੈ। ਭਗਵਾਨ ਸਰਬ ਸ਼ਕਤੀਮਾਨ ਸਭ ਕੁਝ ਜਾਣਦਾ ਹੈ। ਇਹਨਾਂ ਬਚਨਾਂ ਦੇ ਨਾਲ ਹੀ ਬਾਦਸ਼ਾਹ ਦੀ ਦਰਦ ਰੁਕ ਗਈ। ਉਹ ਨੌਂ ਬਰ ਨੌਂ ਹੋ ਗਿਆ। ਦਿਲੀ ਸ਼ਹਿਰ ਵਿਚ ਨਾਮਦੇਵ ਜੀ ਦੀ ਬਹੁਤ ਸੋਭਾ ਹੋਈ।

## ਦੇਹੁਰਾ ਫਿਰ ਗਿਆ

ਸੰਤ ਮੰਡਲੀ ਦੇ ਨਾਲ ਨਾਮਦੇਵ ਜੀ ਕਲਪਧਾਰਾ ਮੰਦਰ ਵਿਚ ਪੁਜੇ। ਆਪਣੇ

ਸੁਭਾਵ ਅਨੁਸਾਰ ਨਾਮਦੇਵ ਜੀ ਨੇ ਕੀਰਤਨ ਕਰਨਾ ਸ਼ੁਰੂ ਕਰ ਦਿਤਾ। ਲੋਕ ਬਹੁਤ ਇਕੱਠੇ ਹੋ ਗਏ। ਨਾਮਦੇਵ ਜੀ ਦੀ ਸੋਭਾ ਹੋ ਰਹੀ ਸੀ। ਕਲਪਧਾਰਾ ਦੇ ਪੰਡਤ ਬਹੁਤ ਈਰਖਾ ਵਾਲੇ ਸਨ। ਉਹ ਬ੍ਰਾਹਮਣ ਜਾਤੀ ਤੋਂ ਬਿਨਾਂ ਕਿਸੇ ਹੋਰ ਜਾਤੀ ਨੂੰ ਨਾ ਚੰਗਾ ਸਮਝਦੇ ਸਨ ਤੇ ਨਾ ਹੀ ਵਿਦਿਆ ਪੜ੍ਹਾ ਕੇ ਭਗਤੀ ਮਾਰਗ ਦਸਦੇ ਸਨ। ਉਹਨਾਂ ਨੂੰ ਜਦੋਂ ਪਤਾ ਲਗਾ ਕਿ ਨਾਮਦੇਵ ਛੀਂਬਾ ਜਾਤੀ ਵਿਚੋਂ ਹੈ ਤਾਂ ਉਹ ਸਾਰੇ ਇਕੱਠੇ ਹੋ ਕੇ ਗਏ। ਉਹਨਾਂ ਨਾਮਦੇਵ ਨੂੰ ਆਖਿਆ—

'ਇਥੋਂ ਉਠ ਬਹੁ ਨੀਚ ਜਾਤ ਵਾਲਾ ਪੂਜਾ ਨਹੀਂ ਕਰ ਸਕਦਾ। ਆਪ ਇਥੇ ਹਰੀ ਕੀਰਤਨ ਨਹੀਂ ਕਰ ਸਕਦੇ।' ਨਾਮਦੇਵ ਜੀ ਨੇ ਉਹਨਾਂ ਨੂੰ ਬਹੁਤ ਸਮਝਾਇਆ ਕਿ ਭਗਵਾਨ ਹਰ ਪ੍ਰਾਣੀ ਮਾਤਰ ਨਾਲ ਇਕੋ ਜਿਹਾ ਸਲੂਕ ਕਰਦਾ ਹੈ। ਉਸ ਦੀ ਨਿਗਾਹ ਵਿਚ ਉਚੇ ਨੀਵੇਂ ਕੋਈ ਨਹੀਂ ਈਰਖਾ ਨਾ ਕਰੋ। ਜਾਤ ਅਭਿਮਾਨ ਚੰਗਾ ਨਹੀਂ ਹੁੰਦਾ। ਪੰਡਤ ਪੱਥਰ-ਦਿਲ ਸਨ। ਉਹ ਮੰਨਣਾ ਜਾਣਦੇ ਨਹੀਂ ਸਨ। ਉਹਨਾਂ ਨੇ ਕ੍ਰੋਧਵਾਨ ਹੋ ਕੇ ਨਾਮਦੇਵ ਜੀ ਨੂੰ ਧੱਕੇ ਮਾਰ ਕੇ ਮੰਦਰ 'ਚੋਂ ਮੂਰਤੀ ਅਗੋਂ ਉਠਾ ਦਿਤਾ। ਨਾਮਦੇਵ ਜੀ ਨੇ ਕ੍ਰੋਧ ਨਹੀਂ ਕੀਤਾ ਉਹ ਸ਼ਾਂਤ ਰਹੇ। ਆਪਣੀ ਕਮਲੀ ਸੰਭਾਲ ਕੇ ਮੰਦਰ ਮੂਰਤੀ ਅਗੋਂ ਉਠ ਕੇ ਹੇਠਾਂ ਉਤਰ ਗਏ। ਪਉੜੀਆਂ ਉਤਰਦੇ ਹੋਏ ਗਾਈ ਜਾਂਦੇ ਸਨ—

*ਮੋਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥੧॥ ਰਹਾਉ ॥*
*ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ ॥*
*ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ ॥੧॥*
*ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ ॥*
*ਏ ਪੰਡੀਆ ਮੋਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ ॥੨॥* (ਮਲਾਰ)

'ਹੇ ਪ੍ਰਭੂ! ਮੈਨੂੰ ਤੂੰ ਨਾ ਛਡੀਂ! ਤੂੰ ਨਾ ਛਡੀਂ! ਹੇ ਦਾਤਾ! ਮੰਦਰ ਵਾਲਿਆਂ ਨੂੰ ਸ਼ੱਕ ਹੈ ਕਿ ਮੈਂ ਸ਼ੂਦਰ ਹਾਂ। ਸ਼ੂਦਰ ਕਰ ਕੇ ਉਨ੍ਹਾਂ ਮੈਨੂੰ ਮਾਰ ਕੁਟ ਕੇ ਮੰਦਰ ਵਿਚੋਂ ਕੱਢ ਦਿਤਾ ਹੈ ਹੁਣ ਦਸ ਦਿਓ ਮੈਨੂੰ ਕੀ ਕਰਨਾ ਚਾਹੀਦਾ ਹੈ? ਹੇ ਪ੍ਰਭੂ! ਕੀ ਆਖਦੇ ਜੇ, ਮਰੇ ਹੋਏ ਨੂੰ ਮੁਕਤ ਕਰੋਗੇ? ਉਹ ਮੁਕਤੀ ਕਿਸ ਕੰਮ? ਉਸ ਨੂੰ ਕਿਸ ਨੇ ਜਾਣਨਾ ਹੈ? ਇਹ ਬ੍ਰਾਹਮਣ ਮੈਨੂੰ ਛੀਂਬਾ ਆਖਦੇ ਹਨ। ਜੇ ਤੂੰ ਹੁਣ ਨਾ ਕੋਈ ਨਜ਼ਾਰਾ ਦਿਖਾਇਆ ਤਾਂ ਤੇਰੀ ਨਿੰਦਾ ਹੋਵੇਗੀ। ਲੋਕ ਭਗਤੀ ਨਹੀਂ ਕਰਨਗੇ ਹੇ ਦਿਆਲ, ਕ੍ਰਿਪਾਲ! ਸਾਰੇ ਤੇਰੀ ਵਡਿਆਈ ਕਰਦੇ ਹਨ। ਆਪਣੀਆਂ ਬਾਹਾਂ ਦਾ ਬਲ ਦਿਖਾਓ।' ਇਹ ਸੁਣ ਕੇ ਪ੍ਰਭੂ ਨੇ

ਠਾਕੁਰ ਦੁਆਰੇ ਤੇ ਮੂਰਤੀ ਦਾ ਮੂੰਹ ਹੀ ਉਧਰ ਨੂੰ ਮੋੜ ਦਿਤਾ, ਜਿਧਰ ਨਾਮਦੇਵ ਜੀ ਬੈਠੇ ਸਨ।

*ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥੧॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥੧॥ ਰਹਾਉ॥*
*ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥੨॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥ (ਭੈਰਉ)*

ਭਾਵ—'ਹੇ ਪ੍ਰਭੂ! ਖ਼ੁਸ਼ੀ ਖ਼ੁਸ਼ੀ ਹੱਸਦਾ ਹੋਇਆ ਤੇਰੇ ਮੰਦਰ ਵਿਚ ਆਇਆ ਸਾਂ, ਤੇਰੀ ਭਗਤੀ ਕਰਦੇ ਨੂੰ ਪੰਡਤਾਂ ਨੇ ਫੜ ਕੇ ਉਠਾ ਦਿਤਾ ਹੈ। ਹੇ ਕ੍ਰਿਸ਼ਨ ਜੀ! ਮੇਰੀ ਜਾਤ ਨੀਵੀਂ ਹੈ, ਮੈਂ ਛੀਂਬਿਆਂ ਦੇ ਘਰ ਕਿਉਂ ਜਨਮਿਆ? ਕੰਮਲੀ ਭੂਰੀ ਮੋਢੇ ਉਤੇ ਸੁਟ ਕੇ ਨਾਮਦੇਵ ਤੁਰ ਪਿਆ, ਠਾਕੁਰ ਦਵਾਰੇ ਦੇ ਪਿਛਵਾੜੇ ਜਾ ਬੈਠਾ ਜਿਵੇਂ ਜਿਵੇਂ ਨਾਮਾ ਹਰੀ ਦੇ ਗੁਣ ਗਾਈ ਜਾਂਦਾ ਸੀ, ਤਿਵੇਂ ਤਿਵੇਂ ਪੰਡਤਾਂ ਦਾ ਠਾਕੁਰ ਦਵਾਰਾ ਫਿਰਦਾ ਜਾਂਦਾ ਸੀ। ਜਿਵੇਂ ਭੁਚਾਲ ਆਉਂਦਾ ਹੈ, ਤਿਵੇਂ ਮੰਦਰ ਲਰਜ ਪਿਆ।' ਸਭ ਨੇ ਜਾਣਿਆ ਸਚਮੁਚ ਭੁਚਾਲ ਆ ਗਿਆ, ਕਈ ਕਾਹਲੀ ਨਾਲ ਛਾਲਾਂ ਮਾਰ ਕੇ ਮੰਦਰ ਦੀ ਕੁਰਸੀ ਤੋਂ ਹੇਠਾਂ ਉਤਰ ਆਏ ਕੰਬਦਾ ਹੋਇਆ ਤੇ ਸਰਕਦਾ ਸਰਕਦਾ ਠਾਕੁਰ ਦਵਾਰਾ ਘੁਮ ਗਿਆ, ਜਿਵੇਂ ਕਿਸੇ ਨੇ ਆਪ ਘੁਮਾਇਆ ਹੁੰਦਾ ਹੈ। ਜਿਥੇ ਨਾਮਦੇਵ ਬੈਠਾ ਭਗਤੀ ਕਰੀ ਜਾਂਦਾ ਸੀ, ਉਥੇ ਜਾ ਖਲੋਤਾ। ਪਰ ਨਾਮਦੇਵ ਜੀ ਅੱਖਾਂ ਮੀਟ ਕੇ ਸ਼ਬਦ ਪੜ੍ਹੀ ਜਾਂਦੇ ਸਨ। ਹਥਲੇ ਛੈਣਿਆਂ ਦੀ ਅਵਾਜ਼ ਵਾਯੂ ਮੰਡਲ ਵਿਚ ਘਨਘੋਰ ਪਾ ਰਹੀ ਸੀ। ਧਰਤੀ ਡੋਲੀ ਜਾਂਦੀ ਸੀ। ਬ੍ਰਾਹਮਣਾਂ ਵਿਚ ਦੋ ਪੰਡਤ ਸਿਆਣੇ ਸਨ, ਉਹ ਝਟ ਨਾਮਦੇਵ ਦੇ ਚਰਨੀਂ ਡਿਗ ਪਏ ਕਿ ਕਿਤੇ ਮੰਦਰ ਤੇ ਸ਼ਹਿਰ ਗ਼ਰਕ ਹੀ ਨਾ ਹੋ ਜਾਵੇ। ਉਹਨਾਂ ਨਾਮਦੇਵ ਜੀ ਦੇ ਚਰਨ ਘੁਟ ਲਏ। ਅਰਜਾਂ ਕੀਤੀਆਂ, 'ਪ੍ਰਭੂ ਦੇ ਪਿਆਰੇ ਸਮਾਧੀ ਖੋਹਲੋ। ਅਸਾਂ ਦੀਆਂ ਭੁਲਾਂ ਬਖ਼ਸ਼ੋ! ਅਸੀਂ ਪਾਪੀ, ਨਿੰਦਕ, ਮਾੜੇ ਹਾਂ ਖਿਮਾ ਕਰੋ, ਤਰਸ ਕਰੋ ਮਾਸੂਮ ਬੱਚਿਆਂ ਉਤੇ।' ਉਹਨਾਂ ਦੇ ਤਰਲਿਆਂ ਨੇ ਨਾਮਦੇਵ ਜੀ ਦੀ ਸਮਾਧੀ ਖੋਹਲ ਦਿਤੀ। ਜਾਂ ਅੱਖਾਂ ਉੱਚੀਆਂ ਕਰ ਕੇ ਦੇਖਿਆ ਤਾਂ ਠਾਕੁਰ ਦੁਆਰੇ ਦਾ ਮੂੰਹ ਨਾਮਦੇਵ ਵਲ ਸੀ। ਉਸ ਨੇ ਛੇਤੀ ਨਾਲ ਉਠ ਕੇ ਡੰਡਵਤ ਪ੍ਰਨਾਮ ਕੀਤਾ। ਪ੍ਰਮਾਤਮਾ ਦੀ ਵਡਿਆਈ ਕੀਤੀ। ਸਾਰੇ ਬ੍ਰਾਹਮਣ ਸਾਰੇ ਸ਼ਹਿਰ ਵਾਸੀ ਨਰ ਨਾਰੀ ਨਾਮਦੇਵ ਦੇ ਚਰਨੀ ਢਠੇ।

# ਭਗਤ ਪਾਂਡੀ ਬਣਿਆ

ਸੰਤ ਮੰਡਲੀ ਦੁਆਰਕਾ ਪੁਜੀ । ਇਤਫ਼ਾਕ ਨਾਲ ਭਗਤ ਨਾਮਦੇਵ ਜੀ ਸੰਤ ਮੰਡਲੀ ਨਾਲੋਂ ਵਿਛੜ ਕੇ ਇਕੱਲੇ ਇਕ ਠਾਕੁਰ ਦੁਆਰੇ ਵਲ ਜਾ ਰਹੇ ਸਨ । ਰਾਹ ਵਿਚ ਉਨ੍ਹਾਂ ਨੂੰ ਇਕ ਪਠਾਣ ਮਿਲ ਗਿਆ । ਪਠਾਣ ਸੀ ਕੋਈ ਬਹੁਤ ਅੜਬ । ਉਹ ਹਿੰਦੂਆਂ ਨੂੰ ਬਹੁਤ ਮਾੜਾ ਸਮਝਦਾ ਸੀ । ਉਸ ਨੇ ਥੋੜਾ ਜਿਹਾ ਭਾਰ ਚੁਕਾਉਣਾ ਸੀ । ਕੋਈ ਪਾਂਡੀ ਜਾਂ ਵੇਗਾਰੀ ਨਾ ਹੋਣ ਕਰਕੇ ਉਸ ਨੇ ਭਗਤ ਜੀ ਨੂੰ ਫੜ ਮਲੋ ਮਲੀ ਉਨ੍ਹਾਂ ਦੇ ਸਿਰ ਉਪਰ ਭਾਰ ਰਖ ਦਿਤਾ। ਪਰ ਭਗਤ ਜੀ ਨਰਾਜ਼ ਨਹੀਂ ਹੋਏ । ਕੋਈ ਨਾਂਹ ਨੁਕਰ ਨਹੀਂ ਕੀਤੀ । ਭਾਰ ਚੁਕ ਕੇ ਤੁਰੇ ਗਏ । ਜਾਂਦੇ ਹੋਏ ਇਹ ਸ਼ਬਦ ਪ੍ਰਭੂ ਦੀ ਉਸਤਤਿ ਵਿਚ ਉਚਰਦੇ ਹੋਏ ਗਾਈ ਗਏ—

*ਹਲੇ ਯਾਰਾਂ ਹਲੇ ਯਾਰਾਂ ਖੁਸਿਖਬਰੀ ॥ ਬਲਿ ਬਲਿ ਜਾਉ ਹਉ ਬਲਿ ਬਲਿ ਜਾਂਉ ॥ ਨੀਕੀ ਤੇਰੀ ਬਿਗਾਰੀ ਆਲੇ ਤੇਰਾ ਨਾਉ ॥੧॥ ਰਹਾਉ ॥ ਕੁਜਾ ਆਮਦ ਕੁਜਾ ਰਫਤੀ ਕੁਜਾ ਮੇ ਰਵੀ ॥ ਦ੍ਵਾਰਿਕਾ ਨਗਰੀ ਰਾਸਿ ਬੁਗੋਈ ॥੧॥ ਖੂਬੁ ਤੇਰੀ ਪਗਰੀ ਮੀਠੇ ਤੇਰੇ ਬੋਲ ॥ ਦ੍ਵਾਰਿਕਾ ਨਗਰੀ ਕਾਹੇ ਕੇ ਮਗੋਲ ॥੨॥ ਚੰਦੀ ਹਜਾਰ ਆਲਮ ਏਕਲ ਖਾਨਾਂ ॥ ਹਮ ਚਿਨੀ ਪਾਤਿਸਾਹ ਸਾਂਵਲੇ ਬਰਨਾਂ ॥੩॥ ਅਸਪਤਿ ਗਜਪਤਿ ਨਰਹ ਨਰਿੰਦ ॥ ਨਾਮੇ ਕੇ ਸ੍ਵਾਮੀ ਮੀਰ ਮੁਕੰਦ ॥੪॥੨॥੩॥*

*(ਤਿਲੰਗ)*

ਭਾਵ—'ਹੇ ਮਿੱਤਰ ! ਹੇ ਸਾਜਨ ! ਆਪਣੀ ਪ੍ਰਸੰਨਤਾ ਦੀ ਖ਼ਬਰ ਤੇ ਕਿਉਂ ਖ਼ੁਸ਼ ਹੋ ? ਮੈਂ ਤੈਥੋਂ ਕੁਰਬਾਨ ਜਾਂਦਾ ਹਾਂ । ਤੇਰੀ ਵਗਾਰ ਬੜੀ ਚੰਗੀ ਹੈ । ਤੇਰਾ ਨਾਮ ਬੜਾ ਵੱਡਾ (ਆਲੀ ਹੈ) । ਕੁਜਾ ਆਮਦ—ਕਿਥੋਂ ਆਏ ਹੋ ? ਕੁਜਾ ਰਫਤੀ—ਕਿਥੇ ਗਿਆ ਸੀ.? ਕੁਜਾ ਮੇਰਵੀ—ਕਿਧਰ ਚਲਿਆ ਹੈਂ ? ਇਹ ਦਵਾਰਕਾ ਨਗਰੀ ਹੈ । (ਇਥੇ ਸੱਚ ਦਸੀਂ ਮੁਗ਼ਲ ਗਾਹਲਾਂ ਕਢ ਰਿਹਾ ਸੀ ।) ਨਾਮਦੇਵ ਜੀ ਉਸ ਨੂੰ ਕਹਿੰਦੇ ਹਨ—ਤੇਰੀ ਪਗੜੀ ਕਿਹੀ ਸੋਹਣੀ ਹੈ । ਤੇਰੇ ਬੋਲ ਮਿਠੇ ਹਨ । ਦਵਾਰਕਾ ਵਿਚ ਮੁਗਲ ਕਿਥੇ ? ਤੂੰ ਤਾਂ ਹਰੀ ਦਾ ਰੂਪ ਹੈਂ ਤੂੰ ਅਸਪਤਿ, ਘੋੜਿਆਂ ਦਾ ਮਾਲਕ ਸੂਰਜ ਹੈਂ, ਤੂੰ ਗਜ ਪਤਿ, ਹਾਥੀਆਂ ਦਾ ਮਾਲਕ ਇੰਦਰ ਹੈਂ । ਨਰਹ ਨਰਿੰਦ-ਮਨੁਖਾਂ ਦਾ ਰਾਜਾ ਬ੍ਰਹਮਾ ਤੇ ਤੂੰ ਹੀ ਮੇਰਾ ਸਰਦਾਰ ਮੁਕੰਦ (ਮੁਕਤੀ ਦੇਣ ਵਾਲਾ) ਹੈਂ।' (ਭਗਤੀ ਦਰਸ਼ਨ ਵਿਚੋਂ)

# ਸੁਕੇ ਖੂਹ ਵਿਚੋਂ ਪਾਣੀ ਦਾ ਨਿਕਲਣਾ

ਪੰਜਾਬ ਦੇ ਤੀਰਥਾਂ ਦੀ ਯਾਤਰਾ ਕਰ ਕੇ ਭਗਤ ਮੰਡਲੀ ਨੇ ਪਿਛੇ ਮੁੜਨਾ ਸੀ। ਇਨ੍ਹਾਂ ਦੀ ਸਲਾਹ ਹੋਈ ਕਿ ਦੇਸ਼ ਦੇ ਰੇਤਲੇ ਹਿੱਸੇ ਰਾਹੀਂ ਵਾਪਸ ਮੁੜਿਆ ਜਾਵੇ ਤਾਂ ਕਿ ਕੁਝ ਇਲਾਕੇ ਦੇ ਜੀਵਾਂ ਵਿਚ ਵੀ ਹਰਿਨਾਮ ਦਾ ਪ੍ਰਚਾਰ ਕੀਤਾ ਜਾਵੇ। ਚਲਦੀ-ਚਲਦੀ ਸੰਤ ਮੰਡਲੀ ਬੀਕਾਨੇਰ ਪੁਜੀ। ਕਿਉਂਕਿ ਰਾਜਪੂਤਾਨੇ ਦੇ ਵਿਚੋਂ ਦੀ ਹੋ ਕੇ ਇਨ੍ਹਾਂ ਨੇ ਅਜਮੇਰ ਨੂੰ ਜਾਣਾ ਸੀ। ਬੀਕਾਨੇਰ ਵਿਚ 'ਕੈਲਾਵਤ ਜੀ' ਅਸਥਾਨ ਉਤੇ ਪੁਜੇ ਤਾਂ ਉਨ੍ਹਾਂ ਨੂੰ ਪਿਆਸ ਲਗੀ ਪਰ ਰੇਤ ਦੇ ਮਾਰੂਥਲਾਂ ਵਿਚ ਪਾਣੀ ਕਿਤੇ ਨਹੀਂ ਸੀ। ਸੂਰਜ ਦੇ ਸੇਕ ਨਾਲ ਅਸਮਾਨ, ਵਾਯੂ ਮੰਡਲ ਤੇ ਧਰਤ ਇਕ ਬਲਦਾ ਭੱਠ ਬਣਿਆ ਹੋਇਆ ਸੀ, ਸਾਰੀ ਸੰਤ ਮੰਡਲੀ ਪਿਆਸ ਨਾਲ ਮਰਨ ਲੱਗੀ। ਜੋਗ ਦੇ ਬਲ ਨਾਲ ਗਯਾਨੇਸ਼ਵਰ ਨੇ ਦੇਖਿਆ ਕਿ ਦੋ ਕੁ ਸੌ ਗਜ਼ ਉਤੇ ਖੂਹ ਤਾਂ ਹੈ ਪਰ ਉਸ ਦਾ ਪਾਣੀ ਸੁਕਾ ਹੋਇਆ ਹੈ। ਉਸ ਨੇ ਸੰਤ ਮੰਡਲੀ ਨੂੰ ਕਿਹਾ ਕਿ ਭਗਵਾਨ ਦਾ ਆਸਰਾ ਲੈ ਕੇ ਥੋੜਾ ਪੰਧ ਹੋਰ ਕਰੋ ਫਿਰ ਸ਼ਾਇਦ ਜਲ ਮਿਲ ਜਾਵੇ। ਉਨ੍ਹਾਂ ਸਾਧੂਆਂ ਨੇ ਹੌਂਸਲਾ ਕੀਤਾ। ਭਗਵਾਨ ਦਾ ਸਿਮਰਨ ਕਰਦੇ ਹੋਏ ਸੁੱਕੇ ਖੂਹ ਕੋਲ ਪੁਜੇ। ਖੂਹ ਖਡਲ ਹੋ ਚੁਕਾ ਸੀ, ਸਾਰਾ ਪੂਰ ਕੇ ਵਿਚ ਘਾਹ ਉਗਿਆ ਹੋਇਆ ਸੀ, ਗਯਾਨੇਸ਼ਵਰ ਨੇ ਕਿਹਾ— 'ਪ੍ਰਭੂ ਦੇ ਪਿਆਰਿਓ ! ਮੈਂ ਬਰਤਨ ਲੈ ਕੇ ਹੇਠਾਂ ਜਾਂਦਾ ਹਾਂ ਤੇ ਪਾਣੀ ਲਿਆਉਂਦਾ ਹਾਂ।' ਸੰਤਾਂ ਨੂੰ ਪਾਣੀ ਚਾਹੀਦਾ ਸੀ, ਉਨ੍ਹਾਂ ਮਨਜ਼ੂਰੀ ਦੇਂਦਿਆਂ ਢਿੱਲ ਨਾ ਕੀਤੀ। ਗਯਾਨੇਸ਼ਵਰ ਜੀ ਕਰਮੰਡਲ ਲੈ ਕੇ ਹੇਠਾਂ ਗਏ। ਜੋਗ ਵਿਦਿਆ ਦੇ ਬਲ ਨਾਲ ਧਰਤੀ ਹੇਠ ਪੁਜੇ ਤੇ ਪਾਣੀ ਆਪ ਪੀ ਕੇ ਸੰਤਾਂ ਵਾਸਤੇ ਕਰਮੰਡਲ ਭਰ ਕੇ ਲੈ ਆਏ। ਸਾਰੇ ਸੰਤਾਂ ਪਾਣੀ ਪੀ ਲਿਆ। ਜਦੋਂ ਨਾਮਦੇਵ ਜੀ ਨੂੰ ਪਾਣੀ ਪੀਣ ਵਾਸਤੇ ਆਖਿਆ ਤਾਂ ਭਗਤ ਜੀ ਨੇ ਉੱਤਰ ਦਿਤਾ—'ਮੇਰੀ ਰਾਖੀ ਮੇਰਾ ਬੀਠੁਲ ਕਰਦਾ ਹੈ। ਜੇ ਉਸ ਨੂੰ ਮੇਰੀ ਲੋੜ ਹੈ ਤਾਂ ਇਸ ਖੂਹ ਵਿਚ ਪਾਣੀ ਉਪਰ ਕਰੇਗਾ, ਨਹੀਂ ਤਾਂ ਮੈਂ ਪਾਣੀ ਨਹੀਂ ਪੀਣਾ, ਮਰਨਾ ਕਬੂਲ ਹੈ।' ਇਹ ਆਖ ਕੇ ਖੂਹ ਦੇ ਕਿਨਾਰੇ ਧਰਨਾ ਮਾਰ ਕੇ ਬੈਠ ਗਏ। ਬੀਠੁਲ ਦਾ ਨਾਮ ਜਪਣਾ ਸ਼ੁਰੂ ਕੀਤਾ। ਕੋਈ ਅੱਧੇ ਘੰਟੇ ਪਿਛੋਂ ਕੜੱਕ ਹੋਈ। ਸੰਤਾਂ ਨੇ ਖੂਹ ਵਿਚ ਝਾਤੀ ਮਾਰੀ ਕਿ ਮਿੱਟੀ ਦਾ ਗੜ ਜੋ ਖੂਹ ਵਿਚ ਬੱਝਾ ਹੋਇਆ ਸੀ ਉਹ

ਆਪਣੇ ਆਪ ਟੁਟ ਗਿਆ। ਹੌਲੀ ਹੌਲੀ ਸਾਰੀ ਮਿੱਟੀ ਅਲੋਪ ਹੋ ਗਈ। ਖੂਹ ਦੇ ਵਿਚ ਕੁੰਗੂ ਵਰਗਾ ਨਿਤਰਿਆ ਤੇ ਸੀਤਲ ਜਲ ਲਹਿਰਾਂ ਮਾਰਨ ਲਗਾ। ਉਹ ਪਾਣੀ ਬਹੁਤ ਉਚਾ ਆ ਗਿਆ। ਸੰਤਾਂ ਨੇ ਰੌਲਾ ਪਾ ਦਿਤਾ, 'ਪਾਣੀ ਆ ਗਿਆ, ਪਾਣੀ ਆ ਗਿਆ।' ਇਸ ਆਵਾਜ਼ ਦੇ ਨਾਲ ਭਗਤ ਨਾਮਦੇਵ ਜੀ ਦੀ ਸਮਾਧੀ ਖੁਲ੍ਹ ਗਈ। ਉਸ ਨੇ ਪੁਛਿਆ—'ਕੀ ਪਾਣੀ ਆ ਗਿਆ?' ਸੰਤਾਂ ਨੇ ਉੱਤਰ ਦਿਤਾ—'ਹਾਂ ਜੀ ਪਾਣੀ ਆ ਗਿਆ। ਤੇਰਾ ਬੀਠੁਲ ਤੇਰੇ ਵਸ ਹੋ ਗਿਆ।'

ਨਾਮਦੇਵ ਜੀ ਦੀ ਇਹ ਸ਼ਕਤੀ ਦੇਖ ਕੇ ਸਾਰੀ ਸੰਤ ਮੰਡਲੀ ਨਾਮਦੇਵ ਜੀ ਦੇ ਪੈਰੀਂ ਪੈ ਗਈ। ਉਨ੍ਹਾਂ ਦੀ ਸੋਭਾ ਹੋਣ ਲਗੀ। ਕਰਮੰਡਲ ਵਹਾ ਕੇ ਨਾਮਦੇਵ ਜੀ ਨੇ ਪਾਣੀ ਖਿਚਿਆ। ਠੰਢਾ ਪਾਣੀ ਪੀ ਕੇ ਹਿਰਦੇ ਨੂੰ ਸ਼ਾਂਤ ਕੀਤਾ। ਸਾਰੀ ਸੰਤ ਮੰਡਲੀ ਨੇ ਵੀ ਰੱਜ ਕੇ ਪਾਣੀ ਪੀਤਾ ਤੇ ਇਸ਼ਨਾਨ ਕੀਤੇ। ਕਿਉਂਕਿ ਪਾਣੀ ਪ੍ਰਮੇਸ਼ਰ ਦਾ ਦੂਸਰਾ ਰੂਪ ਹੈ।

## ਪੰਡਰਪੁਰ ਵਾਪਸੀ

ਗਯਾਨੇਸ਼ਵਰ ਜੀ ਦੇ ਨਾਲ ਭਾਵੇਂ ਨਾਮਦੇਵ ਜੀ ਨੇ ਸਾਰੇ ਮਹਾਨ ਤੀਰਥਾਂ ਦੀ ਯਾਤਰਾ ਕੀਤੀ ਪਰ ਉਸ ਦਾ ਮਨ ਕਿਤੇ ਨਾ ਭਿਜਿਆ। ਜੋ ਸ਼ਾਂਤੀ ਉਨ੍ਹਾਂ ਨੂੰ ਪੰਡਰਪੁਰ 'ਚ ਮਿਲਦੀ ਸੀ ਉਹ ਕਿਧਰੇ ਨਾ ਮਿਲੀ, ਚਿਰਾਂ ਪਿਛੋਂ ਵਾਪਸ ਆਏ। ਆਉਂਦੇ ਹੀ ਮੰਦਰ ਵਲ ਗਏ, ਮੇਰੇ ਬੀਠੁਲ ਰਾਯਾ ਦੇ ਮੰਦਰ ਵਿਚ ਡੰਡਵਤ ਜਾ ਡਿਗੇ। ਲੰਮੇ ਪਿਆਂ ਹੀ ਆਖਿਆ, 'ਮੇਰੇ ਬੀਠੁਲ ਰਾਯਾ! ਜੋ ਸੁਖ ਤੇਰੇ ਦਰ ਤੇ ਹੈ ਉਹ ਸੁਖ ਤੇ ਸ਼ਾਂਤੀ ਮੈਨੂੰ ਕਿਤਿਓਂ ਨਹੀਂ ਮਿਲੀ! ਮੈਂ ਐਵੇਂ ਭਟਕਦਾ ਫਿਰਿਆ! ਮੇਰਾ ਚਿਤ ਕਿਤੇ ਨਹੀਉਂ ਲਗਾ। ਮੇਰੇ ਪ੍ਰਭੂ! ਮੇਰੇ ਦਿਆਲ! ਗੋਪਾਲ! ਮੇਰੇ ਸਿਰ ਉਤੇ ਮਿਹਰ ਦਾ ਹੱਥ ਰੱਖੀ ਰਖਿਆ ਕਰ। ਮੈਂ ਇਹੋ ਮੰਗਦਾ ਹਾਂ ਕਿ ਤੇਰੇ ਚਰਨਾਂ ਵਿਚ ਰਹਾਂ, ਤੇਰਾ ਨਾਮ ਨਾ ਭੁਲੇ। ਅੱਖਾਂ ਵਿਚ ਤੇਰਾ ਹੀ ਚਿੱਤਰ ਰਹੇ। ਮੈਂ ਤੇਰਾ ਹਾਂ, ਮੇਰੇ ਗੋਬਿੰਦਾ! ਮੈਂ ਤੇਰਾ ਹਾਂ।' ਇਸ ਦੇ ਨਾਲ ਹੀ ਵਡਿਆਈ ਕਰਨ ਲੱਗ ਪਏ—

*ਅਣਮੜਿਆ ਮੰਦਲੁ ਬਾਜੈ ॥ ਬਿਨੁ ਸਾਵਣ ਘਨਹਰੁ ਗਾਜੈ ॥ ਬਾਦਲ ਬਿਨੁ ਬਰਖਾ ਹੋਈ ॥ ਜਉ ਤਤੁ ਬਿਚਾਰੈ ਕੋਈ ॥੧॥ ਮੋਕਉ ਮਿਲਿਓ ਰਾਮ ਸਨੇਹੀ ॥ ਜਿਹ ਮਿਲਿਐ ਦੇਹ ਸੁਦੇਹੀ ॥੧॥ ਰਹਾਉ ॥ ਮਿਲਿ ਪਾਰਸ ਕੰਚਨੁ*

ਹੋਇਆ ॥ ਮੁਖ ਮਨਸਾ ਰਤਨੁ ਪਰੋਇਆ ॥ ਨਿਜ ਭਾਉ ਭਇਆ ਭ੍ਰਮੁ
ਭਾਗਾ ॥ ਗੁਰ ਪੂਛੇ ਮਨੁ ਪਤੀਆਗਾ ॥੨॥ ਜਲ ਭੀਤਰਿ ਕੁੰਭ ਸਮਾਨਿਆ ॥
ਸਭ ਰਾਮੁ ਏਕੁ ਕਰਿ ਜਾਨਿਆ ॥ ਗੁਰ ਚੇਲੇ ਹੈ ਮਨੁ ਮਾਨਿਆ ॥ ਜਨ
ਨਾਮੈ ਤਤੁ ਪਛਾਨਿਆ ॥੩॥੩॥ (ਸੋਰਠਿ)

ਭਾਵ—'ਹੇ ਭਗਵਾਨ! ਤੇਰੀ ਪ੍ਰਾਪਤੀ ਪਿਛੋਂ ਮੇਰੇ ਹਿਰਦੇ ਵਿਚ ਮੰਗਲਾ ਚਰਨ ਹੋ ਰਿਹਾ ਹੈ, ਬਿਨਾਂ ਮੜ੍ਹਨ ਦੇ ਢੋਲ ਵਜ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਨਾ ਸਾਵਣ ਦਾ ਮਹੀਨਾ ਹੈ, ਨਾ ਬੱਦਲ ਹੈ ਪਰ ਬੱਦਲ ਦੇ ਗਰਜਨ ਦੀ ਮਿੱਠੀ ਅਵਾਜ਼ ਆ ਰਹੀ ਅਤੇ ਸੁਹਾਵਣੀ ਰਿਮ ਝਿਮ ਬਾਰਸ਼ ਹੋ ਰਹੀ ਹੈ। ਜੇ ਕੋਈ ਅਸਲੇ ਨੂੰ ਇਸ ਤਰ੍ਹਾਂ ਸਮਝੇ ਤਾਂ ਭਗਵਾਨ ਦੀ ਪ੍ਰਾਪਤੀ ਨਾਲ ਇਹ ਤਨ ਉੱਤਮ ਹੋ ਜਾਂਦਾ ਹੈ। ਮੈਂ ਮੂੰਹ ਤੇ ਦਿਲ ਵਿਚ ਨਾਮ ਰੂਪੀ ਰਤਨ ਪਰੋ ਲਿਆ ਹੈ। ਮੇਰਾ ਜੀਵਨ ਆਤਮਾ ਪ੍ਰਭੂ ਨਾਲ ਇਕ ਸਮਾਨ ਇਸ ਤਰ੍ਹਾਂ ਹੋ ਗਿਆ ਹੈ ਜਿਵੇਂ ਸਮੁੰਦਰ ਵਿਚ ਪਾਣੀ ਭਰ ਕੇ ਘੜਾ ਡੁਬ ਜਾਂਦਾ ਹੈ। ਮੈਂ ਰਾਮ ਨੂੰ ਇਕ ਤੇ ਸਰਬ ਵਿਆਪਕ ਮੰਨਦਾ ਹਾਂ। ਗੁਰੂ ਤੇ ਮਨ ਦੋਨੋਂ ਸੰਤੁਸ਼ਟ ਹੋ ਗਏ ਨੇ। ਮੇਰੇ ਹਿਰਦੇ ਵਿਚ ਕੋਈ ਸੰਸਾ ਨਹੀਂ ਰਿਹਾ। ਮੈਂ ਭਗਵਾਨ ਦੇ ਅਸਲ ਤੱਤ ਨੂੰ ਜਾਣ ਗਿਆ ਹਾਂ। ਹੇ ਮੇਰੇ ਬੀਠਲਾ ਹੁਣ ਤੇਰੇ ਤੇ ਮੇਰੇ ਵਿਚ ਕੋਈ ਫ਼ਰਕ ਨਹੀਂ ਹੈ।'

## ਨਾਮਦੇਵ ਜੀ ਦੀ ਛੰਨ ਪ੍ਰਮਾਤਮਾ ਨੇ ਬਣਾਉਣੀ

ਇਕ ਦਿਨ ਨਾਮਦੇਵ ਜੀ ਚੰਦ੍ਰ ਭਾਗਾ ਨਦੀ ਦੇ ਕਿਨਾਰੇ ਪ੍ਰਭੂ ਰੰਗ ਵਿਚ ਰਤੇ ਹੋਏ ਬੈਠੇ ਸਨ। ਕਿਸੇ ਨੇ ਦਸਿਆ 'ਭਗਤ ਜੀ ਉਠੋ, ਘਰ ਨੂੰ ਚਲੋ! ਘਰ ਨੂੰ ਅੱਗ ਲਗ ਗਈ ਹੈ। ਸਾਮਾਨ ਸੜ ਰਹੇ ਨੂੰ ਚਲ ਕੇ ਬਚਾਓ।' ਨਾਮਦੇਵ ਜੀ ਮਸਤ ਬੈਠੇ ਰਹੇ। ਸੱਦਣ ਵਾਲੇ ਨੇ ਜਦੋਂ ਬਹੁਤ ਤੰਗ ਕੀਤਾ ਤਾਂ ਉਠ ਕੇ ਘਰ ਨੂੰ ਆਏ। ਆ ਕੇ ਦੇਖਿਆ ਕੱਖਾਂ ਦਾ ਬਣਿਆ ਹੋਇਆ ਘਰ ਸਾਰਾ ਸੜ ਚੁਕਾ ਸੀ ਪਰ ਅੱਗ ਨਹੀਂ ਸੀ ਬੁਝੀ। ਲੋਕਾਂ ਨੇ ਘਰ ਦਾ ਸਮਾਨ ਬਚਾ ਲਿਆ ਸੀ, ਉਹ ਸਾਮਾਨ ਦਾ ਢੇਰ ਪਾਸੇ ਲਗਾ ਸੀ, ਨਾਮਦੇਵ ਜੀ ਨੇ ਬਚਿਆ ਹੋਇਆ ਸਾਮਾਨ ਅੱਗ 'ਚ ਸੁਟਣਾ ਸ਼ੁਰੂ ਕਰ ਦਿਤਾ। ਚੀਜ਼ਾਂ ਸੁਟਦੇ ਹੋਏ ਆਖੀ ਜਾਣ ਲਗੇ—'ਇਹ ਵੀ ਲੈ ਜਾ ਪ੍ਰਭੂ! ਮੈਨੂੰ ਲੋੜ ਨਹੀਂ।

ਲੈ ਜਾ ਸਾਰਾ ਸਾਮਾਨ। ਜੇ ਘਰ ਨੂੰ ਸਮੇਟ ਲਿਆ ਈ ਤਾਂ ਇਸ ਨੂੰ ਕਿਉਂ ਬਚਾਉਂਦਾ ਹੈਂ?'

ਭਗਵਾਨ ਬਹੁਤ ਹੈਰਾਨ ਹੋਇਆ ਕਿ ਉਸ ਦਾ ਭਗਤ ਅੱਗ ਨੂੰ ਵੀ ਉਸੇ ਦਾ ਰੂਪ ਸਮਝ ਰਿਹਾ ਹੈ। ਭਗਵਾਨ ਨੇ ਭਾਖਿਆ ਦਿਤੀ 'ਨਾਮਦੇਵ! ਕੀ ਅੱਗ ਵੀ ਮੈਂ ਹਾਂ?' ਨਾਮਦੇਵ ਨੇ ਉੱਤਰ ਦਿਤਾ—'ਮੈਂ ਤਾਂ ਇਹੋ ਸਮਝ ਰਿਹਾ ਹਾਂ।' ਇਹਨਾਂ ਬਚਨਾਂ ਪਿਛੋਂ ਅੱਗ ਆਪਣੇ ਆਪ ਠੰਢੀ ਹੋ ਗਈ। ਜੋ ਸਾਮਾਨ ਸੜ ਗਿਆ ਸੋ ਸੜ ਗਿਆ। ਜੋ ਬਚਿਆ ਸੀ ਉਹ ਬਚ ਗਿਆ। ਉਪਰੋਂ ਰਾਤ ਪੈ ਗਈ। ਸਾਰੇ ਲੋਕ ਆਪੋ ਆਪਣੀ ਘਰੀਂ ਸੌਂ ਗਏ। ਜਾਂ ਸਵੇਰ ਹੋਈ ਤਾਂ ਜੋ ਕੋਈ ਸੁਤਾ ਉਠ ਕੇ ਨਾਮਦੇਵ ਜੀ ਦੇ ਘਰ ਵਲ ਜਾਂਦਾ ਸੀ ਉਹੋ ਹੈਰਾਨ ਹੁੰਦਾ ਸੀ ਕਿ ਰਾਤੋ ਰਾਤ ਉਸ ਦਾ ਘਰ (ਕੱਖਾਂ ਦੀਆਂ ਛੰਨਾਂ) ਕੌਣ ਬਣਾ ਗਿਆ? ਫਿਰ ਛੰਨਾਂ ਵੀ ਐਸੀਆਂ ਸੁਚੱਜਤਾ ਤੇ ਹੁਸ਼ਿਆਰੀ ਨਾਲ ਬੰਨ੍ਹੀਆਂ ਗਈਆਂ ਸਨ ਕਿ ਦੇਖਣ ਨੂੰ ਬਹੁਤ ਸੋਹਣੀਆਂ ਲਗਦੀਆਂ ਸਨ। ਸਾਰੇ ਗਲੀ ਮਹੱਲੇ ਵਾਲੇ ਲੋਕ ਇਕੱਠੇ ਹੋ ਗਏ। ਉਨ੍ਹਾਂ ਨੇ ਮਿਲ ਕੇ ਨਾਮਦੇਵ ਨੂੰ ਪੁਛਿਆ— 'ਮਹਾਰਾਜ! ਦਸੋ ਇਹ ਤੁਸਾਂ ਦਾ ਘਰ ਕਿਸ ਕਾਰੀਗਰ ਨੇ ਬਣਾਇਆ ਹੈ। ਅਸਾਨੂੰ ਵੀ ਦਸੋ।' ਤਾਂ ਭਗਤ ਜੀ ਮਨ ਦੀ ਮੌਜ ਤੇ ਪ੍ਰਭੂ ਦੇ ਰੰਗ ਰਤੇ ਹੋਏ ਬੋਲੇ—

*ਪਾੜ ਪੜੋਸਣਿ ਪੂਛਿ ਲੇ ਨਾਮਾ ਕਾ ਪਹਿ ਛਾਨਿ ਛਵਾਈ ਹੋ ॥ ਤੋ ਪਹਿ ਦੁਗਣੀ ਮਜੂਰੀ ਦੈਹਉ ਮੋਕਉ ਬੇਢੀ ਦੇਹੁ ਬਤਾਈ ਹੋ ॥੧॥ ਰੀ ਬਾਈ ਬੇਢੀ ਦੇਨੁ ਨ ਜਾਈ ॥ ਦੇਖੁ ਬੇਢੀ ਰਹਿਓ ਸਮਾਈ ॥ ਹਮਾਰੈ ਬੇਢੀ ਪ੍ਰਾਨ ਅਧਾਰਾ ॥੧॥ ਰਹਾਉ ॥ ਬੇਢੀ ਪ੍ਰੀਤਿ ਮਜੂਰੀ ਮਾਂਗੈ ਜਉ ਕੋਊ ਛਾਨਿ ਛਵਾਵੈ ਹੋ ॥ ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥੨॥ ਐਸੋ ਬੇਢੀ ਬਰਨਿ ਨ ਸਾਕਉ ਸਭ ਅੰਤਰ ਸਭ ਠਾਂਈ ਹੋ ॥ ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥੩॥ ਬੇਢੀ ਕੇ ਗੁਣ ਸੁਨਿ ਰੀ ਬਾਈ ਜਲਧਿ ਬਾਂਧਿ ਧ੍ਰੂ ਥਾਪਿਓ ਹੋ ॥ ਨਾਮੇ ਕੇ ਸੁਆਮੀ ਸੀਅ ਬਹੋਰੀ ਲੰਕ ਭਭੀਖਣ ਆਪਿਓ ਹੋ ॥੪॥੨॥*

*(ਸੋਰਠਿ)*

ਭਾਵ—ਨਾਮਦੇਵ ਦੀਆਂ ਗੁਆਂਢਣਾਂ ਪੁਛਦੀਆਂ ਹਨ ਕਿ 'ਹੇ ਨਾਮਦੇਵ! ਦਸ ਤਾਂ ਸਹੀ ਕਿਸ ਕੋਲੋਂ ਛੰਨ ਬਨਵਾਈ ਊ! ਜੇ ਸਾਨੂੰ ਤਰਖਾਣ (ਕਾਰੀਗਰ) ਦਾ ਪਤਾ ਦਸ ਦੇਵੇਂ ਤਾਂ ਤੇਰੇ ਨਾਲੋਂ ਦੂਣੀ ਮਜਦੂਰੀ ਦੇਵਾਂਗੇ।' ਨਾਮਦੇਵ ਜੀ

ਨੇ ਉੱਤਰ ਦਿਤਾ—'ਹੇ ਭੈਣ! ਉਹ ਕਾਰੀਗਰ ਨਹੀਂ ਦਿਤਾ ਜਾਂਦਾ। ਉਹ ਤਾਂ ਹਰ ਥਾਂ ਸਮਾਇਆ ਹੋਇਆ ਹੈ। ਮੇਰੇ ਤਾਂ ਉਹ ਪ੍ਰਾਣਾਂ ਦਾ ਆਸਰਾ ਹੈ। ਜੇ ਕੋਈ ਉਸ ਕਾਰੀਗਰ ਪਾਸੋਂ ਮਜ਼ਦੂਰੀ ਤੇ ਕੰਮ ਕਰਵਾਵੇ ਤਾਂ ਪ੍ਰੇਮ ਮਜ਼ਦੂਰੀ ਮੰਗਦਾ ਹੈ। ਸਾਰੇ ਪਰਿਵਾਰਾਂ ਰਿਸ਼ਤੇਦਾਰਾਂ ਤੇ ਹੋਰ ਮਿੱਤਰਾਂ ਨਾਲੋਂ ਅੱਡ ਹੋਵੇ ਤਾਂ ਉਹ ਕਾਰੀਗਰ ਮਿਲਦਾ ਹੈ। ਇਹੋ ਜਿਹਾ (ਕਾਰੀਗਰ) ਬੇਢੀ ਨੂੰ ਮੈਂ ਬਿਆਨ ਨਹੀਂ ਕਰ ਸਕਦਾ, ਉਹ ਹਰ ਥਾਂ ਵਾਪਰਿਆ ਹੈ। ਜਿਸ ਤਰ੍ਹਾਂ ਗੂੰਗਾ ਪੁਰਸ਼ ਕਿਸੇ ਰਸ ਦੇ ਸਵਾਦ ਨੂੰ ਨਹੀਂ ਦਸ ਸਕਦਾ, ਤਿਵੇਂ ਮੈਂ ਉਸ ਦੇ ਗੁਣਾਂ ਨੂੰ ਬਿਆਨ ਨਹੀਂ ਕਰ ਸਕਦਾ। ਹੇ ਮਾਤਾ ਸੁਣ ਉਸ ਕਾਰੀਗਰ ਨੇ ਸਾਰੇ ਜਗਤ ਨੂੰ ਇਕ ਪਧਰ ਉਤੇ ਰਖਿਆ ਹੈ। ਸਾਗਰ ਉਤੇ ਉਸ ਦਾ ਰਾਜ ਹੈ। ਤਾਰੇ ਅਕਾਸ਼ ਧਰਤੀ ਤੇ ਬਨਾਸਪਤੀ ਉਸ ਦੇ ਹੁਕਮ ਵਿਚ ਹਨ। ਜਿਵੇਂ ਰਾਮਚੰਦਰ ਨੇ ਲੰਕਾ ਤੇ ਚੜ੍ਹਾਈ ਕਰ ਕੇ ਪਿਆਰੀ ਸੀਤਾ ਨੂੰ ਪਾਇਆ ਤੇ ਲੰਕਾ ਸਾੜ ਕੇ ਰਾਵਣ ਨੂੰ ਮਾਰ ਕੇ ਹਕੂਮਤ ਭਭੀਖਣ ਨੂੰ ਦੇ ਦਿਤੀ। ਤਿਵੇਂ ਭਗਵਾਨ ਨੇ ਨਾਮਦੇਵ ਜੀ ਉਪਰ ਕ੍ਰਿਪਾ ਕੀਤੀ ਹੈ।'

ਇਉਂ ਆਂਢੀਆਂ ਗੁਆਂਢੀਆਂ ਨੂੰ ਭਗਵਾਨ ਦੀ ਉਪਮਾ ਕਰ ਕੇ ਨਾਮਦੇਵ ਜੀ ਨੇ ਦਸਿਆ ਕਿ ਮੈਂ ਗ਼ਰੀਬ ਹਾਂ। ਭਗਵਾਨ ਦਾ ਨਾਮ ਜਪਦਾ ਹਾਂ ਉਹ ਮੇਰੀ ਰਾਖੀ ਕਰਦਾ ਹੈ, ਮੇਰੀਆਂ ਲੋੜਾਂ ਪੂਰੀਆਂ ਕਰਦਾ ਹੈ। ਭਗਤ ਜਨ ਇਸ ਕਲੂਕਾਰ ਅੰਦਰ ਮਨੁਖ ਵਾਸਤੇ ਸ਼ਾਂਤੀ ਤੇ ਚੰਗੇਰਾ ਜੀਵਨ ਹਾਸਲ ਕਰਨ ਦਾ ਸਾਧਨ ਇਹੋ ਹੈ ਕਿ ਉਹ ਪ੍ਰਭੂ ਭਗਤੀ ਕਰੇ। ਨਾਸਤਕ ਜਗਤ ਵੀ ਮੁੜ ਭਗਤੀ ਵਲ ਝੁਕ ਰਿਹਾ ਹੈ।

## ਸੋਨਾ ਦਾਨ ਤੇ ਰਾਮ ਦੀ ਲੀਲ੍ਹਾ

ਕਿਸੇ ਹੰਕਾਰੀ ਜਾਂ ਪਾਪੀ ਨੂੰ ਜਦੋਂ ਨਾਮਦੇਵ ਜੀ ਕੋਈ ਸਿਖਿਆ ਦੇਂਦੇ ਸਨ ਤਾਂ ਕੋਈ ਨਾ ਕੋਈ ਪਹਿਲਾਂ ਕੌਤਕ ਕਰ ਕੇ ਫਿਰ ਉਸ ਨੂੰ ਸਮਝਾਉਂਦੇ ਸਨ। ਪੁੰਡਰਪੁਰ ਵਿਚ ਇਕ ਸੇਠ ਰਹਿੰਦਾ ਸੀ, ਜੀਵਨ ਵਿਚ ਕਈ ਹੇਰਾ ਫੇਰੀਆਂ ਕਰ ਕੇ ਉਸ ਨੇ ਬੇਅੰਤ ਮਾਇਆ ਇਕੱਠੀ ਕੀਤੀ ਹੋਈ ਸੀ। ਉਸ ਨੂੰ ਕਿਸੇ ਪੰਡਤ ਨੇ ਕਿਹਾ ਕਿ ਜੇ ਤੂੰ ਵਿਤ ਅਨੁਸਾਰ ਨਗਰ ਵਾਸੀਆਂ, ਭਗਤਾਂ, ਬ੍ਰਾਹਮਣਾਂ ਤੇ ਸੰਤਾਂ ਸਾਧੂਆਂ ਨੂੰ ਸੋਨਾ ਦਾਨ ਕਰੇਂ ਤਾਂ ਤੇਰਾ ਭਲਾ ਹੋ ਸਕਦਾ ਹੈ। ਉਸ

ਨੇ ਆਪਣੇ ਖ਼ਜ਼ਾਨੇ ਵਿਚੋਂ ਸੋਨਾ ਕਢਿਆ। ਮਾਸਾ ਮਾਸਾ, ਰਤੀ ਜਾਂ ਤੋਲੇ ਦੀਆਂ ਡਲੀਆਂ ਬਣਾ ਕੇ ਦਾਨ ਕਰਨਾ ਸ਼ੁਰੂ ਕੀਤਾ। ਦਾਨ ਕਰਦਾ ਰਿਹਾ। ਜਿਸ ਵੇਲੇ ਸਾਰੇ ਨਗਰ ਦੇ ਭੁਗਤ ਗਏ ਤਾਂ ਉਸ ਨੂੰ ਕਿਸੇ ਨੇ ਦਸਿਆ ਕਿ ਨਾਮਦੇਵ ਤੇ ਉਸ ਦੀ ਇਸਤਰੀ ਸੋਨੇ ਦਾ ਦਾਨ ਲੈਣ ਵਾਸਤੇ ਨਹੀਂ ਆਏ। ਉਨ੍ਹਾਂ ਨੂੰ ਜ਼ਰੂਰ ਦਾਨ ਦੇਣਾ ਚਾਹੀਦਾ ਹੈ। ਉਹ ਭਗਵਾਨ ਨਾਲ ਮਿਲੇ ਹੋਏ ਭਗਤ ਹਨ। ਜੇ ਉਹ ਦਾਨ ਲੈ ਲੈਣ ਤਾਂ ਤੇਰਾ ਬਹੁਤ ਭਲਾ ਹੋਵੇਗਾ। ਇਹ ਸੁਣ ਕੇ ਸ਼ਾਹੂਕਾਰ ਭਗਤ ਨਾਮਦੇਵ ਜੀ ਕੋਲ ਚਲਿਆ ਗਿਆ। ਬੜੇ ਹੰਕਾਰ ਨਾਲ ਹੇਠਲੀਆਂ ਉਤਲੀਆਂ ਮਾਰਦਾ ਹੋਇਆ ਕਹਿਣ ਲਗਾ—'ਭਗਤ ਜੀ! ਇਹ ਲਓ ਦੋ ਤੋਲੇ ਸੋਨਾ। ਹੋਰ ਸੰਤਾਂ ਸਾਧੂਆਂ ਨੂੰ ਤੋਲਾ ਤੋਲਾ ਦਾਨ ਕੀਤਾ ਹੈ, ਤੁਸਾਂ ਨੂੰ ਦੋ ਤੋਲੇ ਕਿਉਂਕਿ ਤੁਸੀਂ ਵਡੇ ਭਗਤ ਜੇ।' ਇਹ ਸੁਣ ਕੇ ਨਾਮਦੇਵ ਜੀ ਸੇਠ ਵਲ ਦੇਖਣ ਲਗ ਪਏ। ਦਸ ਪੰਦਰਾਂ ਮਿੰਟ ਦੇਖ ਕੇ ਬੋਲੇ—'ਸੇਠ ਜੀ! ਮੇਰੇ ਪ੍ਰਭੂ ਦਾ ਹੁਕਮ ਹੈ ਮੈਂ ਐਨਾ ਬਹੁਤਾ ਸੋਨਾ ਨਹੀਂ ਲੈ ਸਕਦਾ। ਮੈਨੂੰ ਤਾਂ ਸਿਰਫ਼ ਓਨਾ ਸੋਨਾ ਚਾਹੀਦਾ ਹੈ ਜਿੰਨਾ 'ਰਾਮ' ਲਿਖੇ ਪੱਤਰ ਨਾਲ ਚੜ੍ਹ ਜਾਵੇ।' ਇਹ ਆਖ ਕੇ ਨਾਮਦੇਵ ਜੀ ਨੇ ਤੁਲਸੀ ਦਾ ਪੱਤਰ ਮੰਗਵਾਇਆ। ਉਸ ਉਤੇ 'ਰਾਮ' ਲਿਖ ਦਿਤਾ। ਓਹ ਪੱਤਰ ਰੁਪੈ ਨਾਲੋਂ ਚੌੜਾ ਨਹੀਂ ਸੀ ਵਜ਼ਨ ਵੀ ਬਹੁਤਾ ਹਲਕਾ ਸੀ। ਇਹ ਦੇਖ ਕੇ ਸੇਠ ਹੱਸ ਪਿਆ। ਕਹਿਣ ਲਗਾ—'ਭਗਤ ਜੀ! ਮੇਰੇ ਨਾਲ ਮਖੌਲ ਕਰਦੇ ਜੇ ਇਹ ਤਾਂ ਰੱਤੀ ਵਜ਼ਨ ਦਾ ਵੀ ਨਹੀਂ।'

ਨਾਮਦੇਵ ਜੀ—'ਸੇਠ ਜੀ, ਏਨਾ ਹੀ ਚਾਹੀਦਾ ਹੈ ਭਾਵੇਂ ਇਹ ਅੱਧੀ ਰਤੀ ਹੈ।'

ਸੇਠ—'ਹੱਛਾ ਜੀ! ਆਪ ਦੀ ਮਰਜ਼ੀ। ਮੈਂ ਏਨਾ ਹੀ ਦੇਂਦਾ ਹਾਂ।'

ਰਾਮ ਸ਼ਬਦ ਵਾਲੇ ਪੱਤਰ ਨੂੰ ਇਕ ਪਾਸੇ ਕੰਡੇ ਤੇ ਰੱਖ ਕੇ ਸੋਨਾ ਤੋਲਣ ਲਗੇ। ਰਤੀ, ਦੋ ਰਤੀਆਂ, ਮਾਸਾ, ਚਾਰੇ ਮਾਸੇ, ਤੋਲਾ, ਦਸ ਤੋਲੇ ਸੋਨਾ ਚੜ੍ਹ ਗਿਆ ਪਰ ਉਸ ਪੱਤ੍ਰ ਵਾਲਾ ਛਾਬਾ ਫਿਰ ਵੀ ਭਾਰਾ ਸੀ। ਸੇਠ ਸਮੇਤ ਸਾਰੇ ਦਰਸ਼ਕ ਹੈਰਾਨ ਸਨ। ਕ੍ਰੋਧ ਵਿਚ ਆ ਕੇ ਸੇਠ ਨੇ ਘਰੋਂ ਸੋਨੇ ਦੀਆਂ ਇੱਟਾਂ ਮੰਗਵਾ ਲਈਆਂ। ਛਾਬੇ ਵਿਚ ਰਖੀਆਂ। ਫਿਰ ਵੀ ਪੱਤ੍ਰ ਬਰਾਬਰ ਸੋਨਾ ਪੂਰਾ ਨਾ ਹੋਇਆ। ਆਖਦੇ ਨੇ ਜਦੋਂ ਸੇਠ ਦੇ ਘਰ ਦੀ ਸਾਰੀ ਸਵਰਨ ਪੂੰਜੀ ਛਾਬੇ

ਵਿਚ ਚੜ੍ਹ ਗਈ ਤੇ ਛਾਬਾ ਹੌਲਾ ਹੀ ਰਿਹਾ ਤਾਂ ਸੇਠ ਨੇ ਹਥਿਆਰ ਸੁਟ ਦਿਤੇ। ਉਸ ਦਾ ਹੰਕਾਰ ਟੁਟ ਗਿਆ ਕਿ ਉਹ ਦਾਨ ਕਰ ਸਕਦਾ ਹੈ। ਉਸ ਨੂੰ ਉਦਾਸ ਦੇਖ ਕੇ ਨਾਮਦੇਵ ਜੀ ਬੋਲੇ—'ਸੇਠ ਜੀ! ਕੀ ਬਚਨ ਪੂਰਾ ਨਹੀਂ ਕਰੋਗੇ?' ਇਹ ਸੁਣ ਕੇ ਡਡੋਲਿਕਾ ਤੇ ਨਿਮਾਣਾ ਜਿਹਾ ਹੋ ਕੇ ਸੇਠ ਬੋਲਿਆ—'ਮੈਨੂੰ ਖਿਮਾ ਕਰੋ, ਮੈਂ ਬਚਨ ਪੂਰਾ ਨਹੀਂ ਕਰ ਸਕਦਾ। ਮੈਂ ਭੁਲ ਗਿਆ। ਮਾਇਆ ਨੇ ਮੇਰੀ ਮਤ ਮਾਰ ਦਿਤੀ। ਸੰਤਾਂ ਨੂੰ ਦਾਨ ਕਰਨ ਲਗਾ। ਬਸ, ਖਿਮਾ ਕਰੋ। ਮੈਂ ਗ਼ਰੀਬ ਹਾਂ, ਅਤੀ ਗ਼ਰੀਬ! ਰਾਮ ਦੇ ਬਰਾਬਰ ਸੋਨਾ ਨਹੀਂ ਦੇ ਸਕਦਾ।'

ਨਾਮਦੇਵ ਜੀ ਮੁਸਕਰਾਏ ਉਨ੍ਹਾਂ ਆਪਣੇ ਰਾਮ ਨੂੰ ਚੇਤੇ ਕੀਤਾ। ਰਾਮ ਨੇ ਜੋ ਹੁਕਮ ਕੀਤਾ ਬਾਣੀ ਉਚਾਰੀ। ਉਸ ਬਾਣੀ ਰਾਹੀਂ ਉੱਤਰ ਦਿਤਾ—

> *ਬਾਨਾਰਸੀ ਤਪੁ ਕਰੈ ਉਲਟਿ ਤੀਰਥ ਮਰੈ ਅਗਨਿ ਦਹੈ ਕਾਇਆ ਕਲਪੁ ਕੀਜੈ ॥ ਅਸੁਮੇਧ ਜਗੁ ਕੀਜੈ ਸੋਨਾ ਗਰਭ ਦਾਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੧॥ ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ ॥੧॥ ਰਹਾਉ ॥ ਗੰਗਾ ਜਉ ਗੋਦਾਵਰਿ ਜਾਈਐ ਕੁੰਭਿ ਜਉ ਕੇਦਾਰ ਨ੍ਹਾਈਐ ਗੋਮਤੀ ਸਹਸ ਗਊ ਦਾਨੁ ਕੀਜੈ॥ ਕੋਟਿ ਜਉ ਤੀਰਥ ਕਰੈ ਤਨੁ ਜਉ ਹਿਵਾਲੇ ਗਾਰੈ ਰਾਮ ਨਾਮ ਸਰਿ ਤਊ ਨ ਪੂਜੈ ॥੨॥ ਅਸੁ ਦਾਨ ਗਜ ਦਾਨ ਸਿਹਜਾ ਨਾਰੀ ਭੂਮਿ ਦਾਨ ਐਸੋ ਦਾਨੁ ਨਿਤ ਨਿਤਹਿ ਕੀਜੈ॥ ਆਤਮ ਜਉ ਨਿਰਮਾਇਲੁ ਕੀਜੈ ਆਪ ਬਰਾਬਰਿ ਕੰਚਨੁ ਦੀਜੈ ਰਾਮ ਨਾਮ ਸਰਿ ਤਊ ਨ ਪੂਜੈ ॥੩॥ ਮਨਹਿ ਨ ਕੀਜੈ ਰੋਸੁ ਜਮਹਿ ਨ ਦੀਜੈ ਦੋਸੁ ਨਿਰਮਲ ਨਿਰਬਾਣ ਪਦੁ ਚੀਨ੍ਹਿ ਲੀਜੈ॥ ਜਸਰਥ ਰਾਇ ਨੰਦੁ ਰਾਜਾ ਮੇਰਾ ਰਾਮ ਚੰਦੁ ਪ੍ਰਣਵੈ ਨਾਮਾ ਤਤੁ ਰਸੁ ਅੰਮ੍ਰਿਤੁ ਪੀਜੈ ॥੪॥੪॥*
>
> *(ਰਾਮਕਲੀ)*

ਭਾਵ—ਨਾਮਦੇਵ ਜੀ ਆਖਦੇ ਹਨ—'ਸੁਣ ਭਗਤਾ! ਭਾਵੇਂ ਕਾਂਸ਼ੀ (ਗੰਗਾ ਕਿਨਾਰੇ) ਤਪ ਕਰੋ, ਤੀਰਥਾਂ ਉਤੇ ਦੇਹ ਨੂੰ ਕਸ਼ਟਾਂ ਵਿਚ ਪਾਵੋ। ਇਸ ਸਰੀਰ ਨੂੰ ਅੱਗ ਦੀ ਭੇਟ ਕਰੋ। ਸਰੀਰ ਨੂੰ ਐਸਾ ਬਣਾਏ ਕਿ ਉਹ ਅਮਰ ਹੋ ਜਾਵੇ, ਅਸਮੇਧ ਜਗ ਕਰੇ। ਪੇਠੇ, ਕੱਦੂ ਜਾਂ ਕਿਸੇ ਹੋਰ ਫਲ ਨੂੰ ਭਰ ਕੇ ਸੋਨਾ ਦਾਨ ਕਰੇ। ਫਿਰ ਵੀ 'ਰਾਮ ਨਾਮ' ਦੇ ਬਰਾਬਰ ਨਹੀਂ ਪਹੁੰਚ ਸਕਦਾ। ਸਿਮਰਨ ਕਰਨ ਵਾਲਾ ਇਨ੍ਹਾਂ ਤਪਾਂ ਤੋਂ ਉਚੇਰਾ ਚਲਿਆ ਜਾਂਦਾ ਹੈ। ਨਾਮਦੇਵ ਜੀ ਆਖਦੇ ਨੇ—ਇਹ ਸਾਰੇ ਪਖੰਡ ਤਿਆਗੋ, ਸਿਰਫ਼ ਰਾਮ ਨਾਮ ਦਾ ਸਿਮਰਨ ਕਰੋ! ਸਿਮਰਨ ਕਰਨ ਵਿਚ ਹੀ ਭਲਾ ਹੈ। ਗੰਗਾ, ਗੁਦਾਵਰੀ ਕੁੰਭ, ਕਿਦਾਰ

ਨਾਥ ਆਦਿਕ ਤੀਰਥਾਂ ਉਤੇ ਜਾਵੇ, ਗੋਮਤੀ ਕਿਨਾਰੇ ਜੇ ਹਜ਼ਾਰ ਗਾਂ ਦਾਨ ਕਰੇ ਤਾਂ ਵੀ ਰਾਮ ਨਾਮ ਬਰਾਬਰ ਨਹੀਂ। ਘੋੜੇ, ਹਾਥੀ, ਮੰਜੇ, ਸਣੇ ਇਸਤਰੀਆਂ ਸਰੀਰ ਨੂੰ ਸਾਫ਼ ਕਰ ਕੇ ਤਨ ਦੇ ਭਾਰ ਦਾ ਸੋਨਾ ਦਾਨ ਕਰੇ। ਫਿਰ ਵੀ ਵਾਹਿਗੁਰੂ ਦੀ ਭਗਤੀ ਬਰਾਬਰ ਨਹੀਂ ਹੋ ਸਕਦਾ। ਇਸ ਵਾਸਤੇ ਸੇਠ ਜੀ ਆਪ ਨੂੰ ਭਰਮ ਹੈ। ਇਸ ਸਵਰਨ ਦਾਨ ਨਾਲੋਂ ਅਗਰ ਜੀਵ ਆਤਮਾ ਦੀ ਕਲਿਆਣ ਚਾਹੁੰਦੇ ਹੋ ਤਾਂ 'ਰਾਮ ਨਾਮ' ਦਾ ਸਿਮਰਨ ਕਰਿਆ ਕਰੋ।'

ਸੇਠ ਜੀ ਨਰਮ ਹੋ ਗਏ। ਉਨ੍ਹਾਂ ਨਾਮਦੇਵ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ। ਭਗਤ ਜੀ ਨੇ ਉਸ ਨੂੰ ਆਪਣਾ ਸਿਖ ਬਣਾ ਲਿਆ ਤੇ ਉਸ ਕੋਲੋਂ ਪ੍ਰਭੂ ਦਾ ਸਿਮਰਨ ਕਰਾਉਣ ਲੱਗੇ, ਓਹੋ ਪ੍ਰਭੂ ਦਾ ਸਿਮਰਨ ਕਰਦਾ ਹੋਇਆ ਕੂਕਣ ਲੱਗਾ—

*ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਨ ਸਤਾਵਉਗੋ ॥*
*ਅਠਸਠਿ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨ੍ਹਾਉਗੋ ॥੩॥* (ਰਾਮਕਲੀ)

## ਨਾਮਦੇਵ ਜੀ ਦੇ ਅੰਤਲੇ ਦਿਨ ਤੇ ਪ੍ਰਲੋਕ ਗਮਨ

ਭਗਤ ਨਾਮਦੇਵ ਜੀ ਬਹੁਤ ਚਿਰ ਪੁੰਡਰਪੁਰ ਰਹੇ। ਦੋ ਕੁ ਵਾਰ ਤੀਰਥ ਯਾਤਰਾ ਕਰ ਕੇ ਬ੍ਰਾਹਮਣਾਂ ਤੇ ਸਾਧੂਆਂ ਦੇ ਭਰਮਾਂ ਨੂੰ ਨਵਿਰਤ ਕਰਦੇ ਰਹੇ ਪਰ ਜੀਵਨ ਦੇ ਪਿਛਲੇ ਦਿਨਾਂ ਵਿਚ ਜਦੋਂ ਉਨ੍ਹਾਂ ਦੀ ਭਗਤੀ ਦੀ ਮਹਿਮਾ ਬਹੁਤ ਹੋਣ ਲੱਗ ਪਈ ਸੀ, ਤਦੋਂ ਦੇਸ਼ ਤੇ ਧਰਮ ਸੁਧਾਰ ਵਾਸਤੇ ਪੰਜਾਬ ਵਿਚ ਵੀ ਵਿਚਰਦੇ ਰਹੇ। ਆਪ ਦੇ ਗੁਰੂ ਗਿਆਨ ਦੇਵ (ਗਯਾਨੇਸ਼ਵਰ) ਵੀ ਚਲਾਣਾ ਕਰ ਗਏ ਤਾਂ ਆਪ ਪੰਜਾਬ ਵਲ ਆਏ। ਪੰਜਾਬ ਵਿਚ ਭਗਤੀ ਦਾ ਪ੍ਰਚਾਰ ਕਰਦੇ ਰਹੇ। ਆਪ ਨੇ ਬਹੁਤ ਸਾਰੀ ਬਾਣੀ ਉਚਾਰੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਹੈ। ਅੱਸੀ ਵਰ੍ਹੇ ਦੀ ਉਮਰ ਭੋਗ ਕੇ ਸੰਮਤ ੧੪੦੭ ਬਿਕ੍ਰਮੀ ਵਿਚ ਆਪ ਨੇ ਪ੍ਰਲੋਕ ਗਮਨ ਕੀਤਾ। ਹਜ਼ਾਰਾਂ ਜੀਵਾਂ ਨੂੰ ਭਗਤੀ ਮਾਰਗ ਤੇ ਤੋਰਿਆ। ਪੁੰਡਰ ਪੁਰ ਵਿਚ ਆਪ ਦੀ ਸਮਾਧ ਹੈ ਤੇ ਪੰਜਾਬ ਵਿਚ ਵੀ ਆਪ ਜੀ ਦੇ ਕਈ ਅਸਥਾਨ ਹਨ। ਜਗਿਆਸੂ ਜਨ! ਨਾਮਦੇਵ ਜੀ ਦੇ ਪੂਰੇ ਪ੍ਰਸੰਗਾਂ ਵਾਸਤੇ ਤਾਂ ਮਹਾਨ ਵੱਡਾ ਗ੍ਰੰਥ ਚਾਹੀਦਾ ਹੈ। ਅਸੀਂ ਸੰਖੇਪ ਜਹੇ ਵਰਨਣ ਕੀਤੇ ਹਨ। ਇਨ੍ਹਾਂ ਤੋਂ ਹੀ ਲਾਭ ਉਠਾਵੋ। ਰਾਮ ਦਾ ਸਿਮਰਨ ਕਰੋ।

# ੯. ਭਗਤ ਤ੍ਰਿਲੋਚਨ ਜੀ

ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।
ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।
ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।
ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।
ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।
ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।
ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।
ਹੋਇ ਵਿਚੋਲਾ ਆਨਿ ਮਿਲਾਵੈ ॥੧੨॥ (ਭਾਈ ਗੁਰਦਾਸ ਜੀ, ਵਾਰ ੧੦)

ਭਾਵ—ਨਾਮਦੇਵ ਜੀ ਦਾ ਦਰਸ਼ਨ ਕਰਨ ਵਾਸਤੇ ਤ੍ਰਿਲੋਚਨ ਨਾਮਦੇਵ ਦੇ ਘਰ ਆਇਆ ਕਰਦਾ ਸੀ। ਦੋਵੇਂ ਮਿਲ ਕੇ ਹਰੀ ਕੀਰਤਨ ਕਰਦੇ। ਕਦੀ ਕਦਾਈਂ ਨਾਮਦੇਵ ਜੀ ਭਗਤਾਂ ਦੀਆਂ ਸਾਖੀਆਂ ਵੀ ਸੁਣਾਇਆ ਕਰਦੇ ਸਨ। ਇਕ ਦਿਨ ਤ੍ਰਿਲੋਚਨ ਨੇ ਨਾਮਦੇਵ ਨੂੰ ਆਖਿਆ ਕਿ ਭਗਵਾਨ ਦੇ ਅਗੇ ਮੇਰੇ ਵਾਸਤੇ ਬੇਨਤੀ ਕਰਿਆ ਕਰ ਤਾਂ ਕਿ ਮੈਨੂੰ ਭਗਵਾਨ ਦੇ ਦਰਸ਼ਨ ਹੋ ਜਾਣ। ਨਾਮਦੇਵ ਨੇ ਭਗਵਾਨ ਨੂੰ ਪੁਛਿਆ ਕਿ ਤ੍ਰਿਲੋਚਨ ਵੀ ਕਿਸੇ ਢੰਗ ਨਾਲ ਆਪ ਦੇ ਦਰਸ਼ਨ ਕਰ ਸਕਦਾ ਹੈ? ਠਾਕੁਰ ਹੱਸ ਕੇ ਬੋਲਿਆ—"ਪੂਜਾ ਨਾਲ ਮੈਂ ਖ਼ੁਸ਼ ਨਹੀਂ ਹੁੰਦਾ। ਪ੍ਰੇਮ ਨਾਲ ਹੁੰਦਾ ਹਾਂ। ਪਰ ਜੇ ਤੂੰ ਆਖਦਾ ਹੈਂ ਤਾਂ ਦਰਸ਼ਨ ਦੇ ਦੇਵਾਂਗਾ ਕਿਉਂਕਿ ਮੈਂ ਤਾਂ ਭਗਤਾਂ ਦਾ ਆਖਿਆ ਨਹੀਂ ਮੋੜ ਸਕਦਾ। ਇਸ ਤਰ੍ਹਾਂ ਭਾਈ ਗੁਰਦਾਸ ਜੀ ਆਖਦੇ ਹਨ ਨਾਮਦੇਵ ਨੇ ਤ੍ਰਿਲੋਚਨ ਨੂੰ ਭਗਵਾਨ ਦੇ ਦਰਸ਼ਨ ਕਰਵਾਏ।

'ਹੇ ਭਗਤੋ! ਭਗਵਾਨ ਨੇ ਤ੍ਰਿਲੋਚਨ ਨੂੰ ਕਿਵੇਂ ਦਰਸ਼ਨ ਦਿਤਾ?' ਉਹ ਧਿਆਨ ਪੂਰਬਕ ਸੁਣੋ—

ਭਗਤ ਤ੍ਰਿਲੋਚਨ ਜੀ ਭਗਤ ਨਾਮਦੇਵ ਜੀ ਦੇ ਗੁਰ-ਭਾਈ ਸਨ। ਆਪ

ਨੇ ਵੀ ਗਿਆਨ ਦੇਵ (ਗਯਾਨੇਸ਼ਵਰ) ਜੀ ਪਾਸੋਂ ਦੀਖਿਆ ਲਈ ਹੋਈ ਸੀ। ਆਪ ਵੈਸ਼ ਜਾਤੀ ਦੇ ਸਨ । ਮਾਇਆ (ਧਨ) ਆਪ ਕੋਲ ਬਹੁਤ ਸੀ । ਆਏ ਗਏ ਪ੍ਰਾਹੁਣੇ ਸੰਤ ਤੇ ਮੰਗਤੇ ਦੀ ਚੰਗੀ ਸੇਵਾ ਕਰਦੇ ਸਨ । ਸੰਤ ਮੰਡਲੀਆਂ ਵਿਚ ਬੈਠ ਕੇ ਕੀਰਤਨ ਵੀ ਸੁਣਦੇ । ਭਗਤ ਨਾਮਦੇਵ ਜੀ ਕੋਲ ਬੈਠਣ ਉਠਣ ਬਹੁਤ ਸੀ । ਨਾਮਦੇਵ ਜੀ ਨੇ ਆਪ ਬਾਰੇ ਪ੍ਰਭੂ ਪਾਸ ਅਰਦਾਸ ਕੀਤੀ ਸੀ।

ਤ੍ਰਿਲੋਚਨ ਜੀ ਦੀ ਔਲਾਦ ਨਹੀਂ ਸੀ, ਦੋਵੇਂ ਜੀਅ ਸਨ । ਸੰਤਾਂ ਦਾ ਆਉਣਾ ਜਾਣਾ ਬਹੁਤ ਸੀ । ਇਸ ਵਾਸਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਆਪ ਕੰਮ ਕਰਨਾ ਪੈਂਦਾ ਸੀ । ਉਹਨਾਂ ਨੇ ਸਲਾਹ ਕੀਤੀ ਜੇ ਕੋਈ ਨੌਕਰ ਮਿਲ ਜਾਵੇ ਤਾਂ ਸੰਤਾਂ ਦੀ ਟਹਿਲ ਸੇਵਾ ਚੰਗੀ ਹੋ ਜਾਇਆ ਕਰੇ । ਕਿਉਂਕਿ ਵੇਲੇ ਕੁਵੇਲੇ ਕਈ ਵਾਰ ਸੰਤ ਭੁਖੇ ਹੀ ਤੁਰ ਜਾਂਦੇ ਸਨ । ਤ੍ਰਿਲੋਚਨ ਜੀ ਨੂੰ ਬਹੁਤ ਦੁਖ ਹੁੰਦਾ ਸੀ ਓਹ ਮਹਿਸੂਸ ਕਰਦੇ ਰਹਿੰਦੇ ਸਨ । ਇਕ ਦਿਨ ਪੱਕੀ ਸਲਾਹ ਕਰ ਕੇ ਓਹ ਘਰੋਂ ਨਿਕਲਿਆ ਕਿ ਓਹ ਜ਼ਰੂਰ ਲਭ ਕੇ ਲਿਆਏਗਾ ।

ਇਸੇ ਵਿਚਾਰ ਵਿਚ ਤ੍ਰਿਲੋਚਨ ਜੀ ਬਜ਼ਾਰ ਵਿਚ ਜਾ ਰਹੇ ਸਨ ਤਾਂ ਆਪ ਨੂੰ ਇਕ ਗ਼ਰੀਬੜਾ ਜਿਹਾ ਪੁਰਸ਼ ਮਿਲਿਆ । ਓਹਦਾ ਚਿਹਰਾ ਅਰੋਗ ਸੀ, ਅੱਖਾਂ ਵਿਚ ਚਮਕ ਤੇ ਤੇਜੀ ਪਰ ਲੀੜੇ ਬਹੁਤ ਪਾਟੇ ਹੋਏ ਸਨ । ਉਸ ਨੂੰ ਦੇਖ ਕੇ ਤ੍ਰਿਲੋਚਨ ਜੀ ਨੇ ਝਿਜਕ ਕੇ ਪੁਛਿਆ—'ਕਿਉਂ ਭਾਈ ਪੁਰਸ਼ਾ! ਤੂੰ ਨੌਕਰ ਰਹਿਣਾ ਚਾਹੁੰਦਾ ਹੈਂ ?'

ਪੁਰਸ਼—'ਹਾਂ ਜੀ ! ਮੈਂ ਨੌਕਰੀ ਲਭਦਾ ਫਿਰਦਾ ਹਾਂ, ਪਰ ਮੇਰੀ ਕੋਈ ਸ਼ਰਤ ਨਹੀਂ ਮੰਨਦਾ ਇਸ ਵਾਸਤੇ ਮੈਨੂੰ ਕੋਈ ਨਹੀਂ ਰਖਦਾ।'

ਤ੍ਰਿਲੋਚਨ ਜੀ—'ਓਹ ਤੇਰੀ ਸ਼ਰਤ ਕੀ ਹੈ ? ਦਸ ਸਕਦਾ ਹੈਂ ਖੋਹਲਕੇ ?'

ਪੁਰਸ਼—'ਮੇਰੀ ਸ਼ਰਤ ਮਾਮੂਲੀ ਹੈ । ਮੈਂ ਰੋਟੀ ਕਪੜੇ ਬਦਲੇ ਨੌਕਰੀ ਕਰਦਾ ਹਾਂ । ਨਕਦ ਰੁਪਿਆ ਕੋਈ ਨਹੀਂ ਮੰਗਦਾ । ਪਰ ਘਰ ਦਾ ਕੋਈ ਜੀਅ ਆਪੋ ਵਿਚ ਆਂਢ ਗੁਆਂਢ ਮੇਰੀ ਰੋਟੀ ਬਦਲੇ ਕਿਸੇ ਨਾਲ ਕੋਈ ਗੱਲ ਨਾ ਕਰੇ। ਇਹ ਉਕਾ ਹੀ ਨਾ ਆਖਿਆ ਜਾਵੇ ਕਿ ਮੈਂ ਰੋਟੀਆਂ ਬਹੁਤ ਖਾਂਦਾ ਹਾਂ ਜਾਂ ਥੋੜੀਆਂ । ਸੇਵਾ ਜੋ ਆਖੋਗੇ ਕਰਾਂਗਾ । ਮੈਂ ਸਾਰੇ ਕੰਮ ਜਾਣਦਾ ਹਾਂ । ਰਾਤ ਦਿਨ ਜਾਗਦਾ ਵੀ ਰਹਾਂ ਤਾਂ ਕੋਈ ਗੱਲ ਨਹੀਂ । ਜੇ ਆਪ ਨੂੰ ਇਹ ਸ਼ਰਤ ਮਨਜ਼ੂਰ ਹੈ ਤਾਂ ਚਲਦਾ ਹਾਂ । ਜਿਸ ਦਿਨ ਮੇਰੇ ਖਾਣ ਨੂੰ ਨੌਲਿਆ ਗਿਆ

ਉਸ ਦਿਨ ਮੈਂ ਨੌਕਰੀ ਛੱਡ ਦੇਵਾਂਗਾ।'

ਤ੍ਰਿਲੋਚਨ ਜੀ ਨੇ ਇਹ ਸ਼ਰਤ ਮਨਜ਼ੂਰ ਕਰ ਲਈ, ਇਹ ਜੋ ਟਹਿਲੂਆ ਭਗਤ ਜੀ ਨਾਲ ਤੁਰਿਆ ਅਸਲ ਵਿਚ 'ਹਰਿ ਜੀ' (ਭਗਵਾਨ) ਆਪ ਸਨ। ਨਾਮਦੇਵ ਜੀ ਦੇ ਕਹਿਣ ਤੇ ਤ੍ਰਿਲੋਚਨ ਨੂੰ ਦਰਸ਼ਨ ਦੇਣ ਵਾਸਤੇ ਆਏ ਸਨ। ਭਗਵਾਨ ਨੇ ਆਪਣਾ ਨਾਂ ਤ੍ਰਿਲੋਚਨ ਨੂੰ ਅੰਤਰਜਾਮੀ ਦਸਿਆ। ਅੰਤਰਜਾਮੀ ਘਰ ਆ ਗਿਆ। ਘਰ ਦੇ ਸਾਰੇ ਕੰਮ ਉਸ ਨੂੰ ਸੌਂਪ ਦਿਤੇ ਗਏ ਪਰ ਕੰਮ ਸੌਂਪਣ ਤੋਂ ਪਹਿਲਾਂ ਤ੍ਰਿਲੋਚਨ ਜੀ ਨੇ ਆਪਣੀ ਧਰਮ ਪਤਨੀ ਨੂੰ ਆਖਿਆ— 'ਦੇਖ! ਇਸ ਟਹਿਲੂਏ ਨੂੰ ਇਕ ਜ਼ਬਾਨੋਂ ਮੰਦਾ ਸ਼ਬਦ ਨਹੀਂ ਆਖਣਾ। ਦੂਸਰਾ ਇਹ ਜਿੰਨੀ ਰੋਟੀ ਖਾਵੇ ਓਨੀ ਦੇਣੀ ਹੋਵੇਗੀ। ਭਾਵੇਂ ਤਿੰਨ ਚਾਰ ਸੇਰ ਅੰਨ ਕਿਉਂ ਨਾ ਹੋਵੇ ਖਾਣ ਵਲੋਂ ਨਹੀਂ ਟੋਕਣਾ।'

ਸੰਤ ਆਉਂਦੇ ਜਾਂਦੇ ਰਹੇ। ਟਹਿਲੂਆ ਅੰਤਰਜਾਮੀ ਆਏ ਗਏ ਦੀ ਸੇਵਾ ਬਹੁਤ ਰੀਝ ਨਾਲ ਕਰਦਾ ਰਿਹਾ। ਸੰਤ ਬਹੁਤ ਪ੍ਰਸੰਨ ਹੋ ਕੇ ਜਾਂਦੇ ਨਾਲ ਹੀ ਆਖਦੇ ਇਹ ਟਹਿਲੂਆ ਤਾਂ ਭਗਤ ਰੂਪ ਹੈ। ਬੜਾ ਗੁਰਮੁਖ ਹੈ। ਸਭ ਇਉਂ ਮਹਿਮਾ ਕਰਦੇ ਹੀ ਜਾਂਦੇ। ਤ੍ਰਿਲੋਚਨ ਜੀ ਦੀ ਵਡਿਆਈ ਸਾਰੇ ਸ਼ਹਿਰ ਤੇ ਬਾਹਰ ਹੋਣ ਲੱਗੀ। ਇਸ ਤਰ੍ਹਾਂ ਸੇਵਾ ਕਰਦਿਆਂ ਸਾਲ ਲੰਘ ਗਿਆ। ਸਾਲ ਤੋਂ ਪਿਛੋਂ ਦੀ ਗੱਲ ਹੈ ਕਿ ਇਕ ਦਿਨ ਤ੍ਰਿਲੋਚਨ ਜੀ ਦੀ ਸੁਪਤਨੀ ਇਕ ਗਵਾਂਢਣ ਕੋਲ ਜਾ ਬੈਠੀ। ਇਸਤਰੀ ਜਾਤੀ ਦਾ ਆਮ ਸੁਭਾਅ ਹੈ ਕਿ ਉਹ ਗੱਲਾਂ ਬਹੁਤ ਕਰਦੀਆਂ ਹਨ। ਕਈ ਭੇਤ ਵਾਲੀਆਂ ਗੱਲਾਂ ਨੂੰ ਗੁਪਤ ਨਹੀਂ ਰਖ ਸਕਦੀਆਂ। ਇਕ ਵਾਰ ਇਕ ਇਸਤਰੀ ਦੂਸਰੀ ਇਸਤਰੀ ਨੂੰ ਖਾਹਮਖਾਹ ਜ਼ਿਦ ਕਰਕੇ ਤੰਗ ਕਰੇਗੀ ਕਿ ਉਹ ਮਨ ਦੀ ਗੱਲ ਦਸੇ। ਇਸ ਸੁਭਾਵ ਅਨੁਸਾਰ ਤ੍ਰਿਲੋਚਨ ਜੀ ਦੀ ਵਹੁਟੀ ਗੁਆਂਢਣ ਕੋਲ ਬੈਠੀ ਸੀ ਤਾਂ ਗੁਆਂਢਣ ਨੇ ਉਸ ਨੂੰ ਪੁਛਿਆ— 'ਭੈਣ! ਸੱਚੀ ਗੱਲ ਦਸੀਂ ਤੂੰ ਉਦਾਸ ਜਿਹੀ ਕਿਉਂ ਰਹਿੰਦੀ ਹੈਂ? ਭਾਵੇਂ ਉਮਰ ਬਹੁਤ ਹੋ ਗਈ, ਫਿਰ ਵੀ ਚਿਹਰੇ ਉਤੇ ਲਾਲੀਆਂ ਭਖਦੀਆਂ ਸੀ। ਹਸੂੰ ਹਸੂੰ ਕਰ ਕੇ ਗੱਲਾਂ ਤੇ ਬਚਨ ਬਿਲਾਸ ਕਰਿਆ ਕਰਦੀ ਸੈਂ, ਹੁਣ ਕੀ ਹੋ ਗਿਆ? ਤੇਰਾ ਤਾਂ ਰੰਗ ਵੀ ਹਲਦੀ ਵਰਗਾ ਹੋ ਗਿਆ ਹੈ।'

ਤ੍ਰਿਲੋਚਨ ਦੀ ਭੋਲੀ ਇਸਤਰੀ ਨੂੰ ਪਤਾ ਨਹੀਂ ਸੀ ਕਿ ਸੰਤਾਂ ਦੀ ਸੇਵਾ ਕਰਨ ਵਾਲਾ ਉਨ੍ਹਾਂ ਦੇ ਘਰ ਭਗਵਾਨ ਹੈ। ਉਹ ਸਾਧਾਰਨ ਮਨੁਖ ਸਮਝਦੀ

ਰਹੀ। ਆਪਣੀ ਵਲੋਂ ਪੜਦੇ ਨਾਲ ਉਹ ਪੁਰਸ਼ 'ਅੰਤਰਜਾਮੀ' ਤੋਂ ਲੁਕ ਕੇ ਗੁਆਂਢਣ ਨਾਲ ਗੱਲਾਂ ਕਰਨ ਲਗੀ, ਪਰ ਉਹ ਅੰਤਰਜਾਮੀ ਸੀ, ਉਹ ਤਾਂ ਘਟ ਘਟ ਦੀ ਜਾਨਣਹਾਰ ਸੀ, ਤ੍ਰਿਲੋਚਨ ਜੀ ਦੀ ਵਹੁਟੀ ਗੁਆਂਢਣ ਨੂੰ ਆਖਣ ਲਗੀ—'ਭੈਣ ਕੀ ਦਸਾਂ ਇਕ ਦਿਨੋ ਦਿਨ ਬੁਢੇਪਾ ਆਉਂਦਾ ਜਾਂਦਾ ਹੈ, ਦੂਸਰਾ ਸੰਤਾਂ ਦੇ ਰੋਜ਼ ਆਉਣ ਦੀ ਗਿਣਤੀ ਵਧ ਗਈ ਹੈ। ਆਟਾ ਪੀਸ ਕੇ ਪਕਾਉਣਾ ਪੈਂਦਾ ਹੈ। ਮੈਂ ਪੀਂਹਦੀ ਰਹਿੰਦੀ ਹਾਂ। ਤੀਸਰਾ ਜਿਹੜਾ ਟਹਿਲੂਆ ਏ ਨਾ.....' ਗੱਲ ਕਰਦੀ ਕਰਦੀ ਉਹ ਰੁਕ ਗਈ। ਉਸ ਦੀ ਗੁਆਂਢਣ ਨੇ ਆਖਿਆ—ਰੁਕ ਕਿਉਂ ਗਈ? ਦੱਸ ਦਿਲ ਦਾ ਹਾਲ ਦਸਿਆਂ ਦੁਖ ਘਟਦਾ ਹੈ, ਕਹੋ।'

ਤ੍ਰਿਲੋਚਨ ਦੀ ਇਸਤ੍ਰੀ—'ਗੱਲ ਇਹ ਹੈ ਕਿ ਉਹਨਾਂ (ਤ੍ਰਿਲੋਚਨ ਜੀ) ਨੇ ਬਹੁਤ ਪੱਕੀ ਕੀਤੀ ਹੈ ਕਿ ਕਿਸੇ ਕੋਲ ਇਹ ਗੱਲ ਦਸਣੀ। ਪਰ ਮੈਂ ਤੈਨੂੰ ਭੈਣ ਜਾਣ ਕੇ ਦਸਦੀ ਹਾਂ। ਤੂੰ ਅਗੇ ਕਿਸੇ ਕੋਲ ਗੱਲ ਨਾ ਕਰੀਂ। ਜ਼ਰੂਰ ਪੱਕੀ ਕਰਦੀ ਹਾਂ। ਗਲ ਇਹ ਹੈ ਕਿ ਟਹਿਲੂਆ ਰਖਿਆ ਹੈ ਨਾ, ਪਤਾ ਨਹੀਂ ਓਹਦਾ ਢਿੱਡ ਹੈ ਕਿ ਟੋਆ। ਉਹ ਰੱਜਦਾ ਹੀ ਨਹੀਂ, ਤਿੰਨ ਚਾਰ ਸੇਰ ਅੰਨ ਤਾਂ ਓਹਦੇ ਵਾਸਤੇ ਚਾਹੀਏ। ਮੈਂ ਪਕਾਉਂਦੀ ਅੱਕ ਗਈ ਹਾਂ। ਭਗਤ ਜੀ ਉਸ ਨੂੰ ਆਖਦੇ ਕੁਝ ਨਹੀਂ, ਮੈਂ ਬਹੁਤ ਤੰਗ ਹਾਂ। ਉਪਰੋਂ ਬੁਢੇਪਾ ਆ ਰਿਹਾ ਹੈ। ਓਹ ਘਰ ਉਜਾੜ ਜਾਂਦੇ ਨੇ। ਜੇ ਕੋਲ ਚਾਰ ਛਿਲੜ ਨਾ ਰਹੇ ਤਾਂ ਕਲ੍ਹ ਨੂੰ ਖਾਵਾਂਗੇ ਕੀ? ਜਦੋਂ ਨੈਣ ਪ੍ਰਾਣ ਜਵਾਬ ਦੇ ਗਏ ਤਾਂ ਬਿਨਾਂ ਪੈਸੇ ਤੋਂ ਜਾਣਦੀ ਹੈਂ, ਕੋਈ ਸੁਰਤ ਨਹੀਂ ਪੁਛਦਾ। ਰਾਤ ਦਿਨੇ ਸੇਵਾ ਸੰਤ ਕੂਕਦੇ ਰਹਿੰਦੇ ਨੇ।'

ਇਹ ਭਗਤ ਤ੍ਰਿਲੋਚਨ ਜੀ ਭੁਲ ਕਰਦੇ ਨੇ। ਐਸੇ ਸੇਵਕ ਨੂੰ ਨਹੀਂ ਰਖਣਾ ਚਾਹੀਦਾ। ਗੁਆਂਢਣ ਨੇ ਸਾਰੀ ਗੱਲ ਸੁਣ ਕੇ ਆਖਿਆ—'ਉਸ ਨੂੰ ਘਰੋਂ ਕੱਢ ਦਿਓ ਤੇ ਹੋਰ ਸੇਵਕ ਰਖ ਲਵੋ।'

ਤ੍ਰਿਲੋਚਨ ਦੀ ਵਹੁਟੀ ਇਸ ਤਰ੍ਹਾਂ ਗੱਲਾਂ ਕਰਦੀ ਤੇ ਰੋਣੇ ਰੋਂਦੀ ਹੋਈ ਗੁਆਂਢਣ ਕੋਲ ਬਹੁਤਾ ਚਿਰ ਬੈਠ ਰਹੀ। ਦਾਲ ਧਰਨ ਦਾ ਵੇਲਾ ਹੋ ਗਿਆ। ਉਸ ਦਾ ਖ਼ਿਆਲ ਸੀ ਟਹਿਲੂਆ ਧਰ ਛਡੇਗਾ, ਪਰ ਟਹਿਲੂਆ ਅੰਤਰਜਾਮੀ ਸੀ। ਉਸ ਨੇ ਸਾਰੀ ਗੱਲ ਬਾਤ ਦੂਰ ਬੈਠਿਆਂ ਸੁਣ ਲਈ। ਉਸ ਨੇ ਜਦੋਂ ਆਪਣੀ ਨਿੰਦਾ ਸੁਣੀ ਤਾਂ ਉਸ ਵੇਲੇ ਹੀ ਆਪਣੀ ਭੂਰੀ ਚੁਕ ਕੇ ਘਰੋਂ ਨਿਕਲ ਗਿਆ। ਘਰ ਸੁੰਞਾ ਛੱਡ ਗਿਆ। ਬੂਹੇ ਖੁਲ੍ਹੇ ਸਨ। ਉਹ ਅਲੋਪ ਹੋ ਕੇ ਆਪਣੇ ਅਸਲੀ

ਰੂਪ ਵਿਚ ਹੋ ਗਿਆ। ਗੁਆਂਢਣ ਕੋਲੋਂ ਉਠ ਕੇ ਜਦੋਂ ਤ੍ਰਿਲੋਚਨ ਦੀ ਸੁਪੱਤਨੀ ਘਰ ਆਈ ਤਾਂ ਦੇਖ ਕੇ ਹੈਰਾਨ ਹੋਈ ਕਿ ਘਰ ਦੇ ਬੂਹੇ ਖੁਲ੍ਹੇ ਨੇ ਪਰ ਟਹਿਲੂਆ ਕੋਈ ਨਹੀਂ, ਉਹ ਘਰੋਂ ਬਾਹਰ ਨਹੀਂ ਸੀ ਜਾਂਦਾ। ਅਵਾਜ਼ਾਂ ਮਾਰੀਆਂ, ਘਰ ਦੇ ਅੰਦਰ ਬਾਹਰ ਵੇਖਿਆ ਪਰ ਕੋਈ ਨਾ ਦਿਸਿਆ। ਰਾਤ ਨੂੰ ਤ੍ਰਿਲੋਚਨ ਜੀ ਆ ਗਏ। ਉਹਨਾਂ ਨੇ ਆ ਕੇ ਪੁਛਿਆ ਕਿ ਅੰਤਰਜਾਮੀ ਕਿਧਰ ਗਿਆ ਪਰ ਉਸ ਨੂੰ ਕੋਈ ਤਸਲੀ ਬਖ਼ਸ਼ ਜਵਾਬ ਨਾ ਮਿਲਿਆ। ਤ੍ਰਿਲੋਚਨ ਜੀ ਜਾਣ ਗਏ ਕਿ ਉਸ ਦੀ ਇਸਤ੍ਰੀ ਕੋਲੋਂ ਜ਼ਰੂਰ ਭੁਲ ਹੋ ਗਈ ਹੈ। ਅੰਤਰਜਾਮੀ ਦੀ ਨਿੰਦਿਆ ਕਰ ਬੈਠੀ ਹੋਵੇਗੀ, ਜਿਸ ਕਰਕੇ ਉਹ ਚਲਾ ਗਿਆ।

ਕਈ ਦਿਨ ਤ੍ਰਿਲੋਚਨ ਜੀ ਉਸ ਟਹਿਲੂਏ ਨੂੰ ਲਭਦੇ ਰਹੇ, ਨਾ ਉਹ ਲਭਿਆ ਤੇ ਨਾ ਹੀ ਲਭਣਾ ਸੀ। ਇਕ ਦਿਨ ਉਨ੍ਹਾਂ ਨੂੰ ਸੁਤਿਆਂ ਭਾਖਿਆ ਹੋਈ 'ਤ੍ਰਿਲੋਚਨ! ਤੇਰਾ ਟਹਿਲੂਆ ਅੰਤਰਜਾਮੀ ਸਚ ਮੁਚ ਅੰਤਰਜਾਮੀ ਭਗਵਾਨ ਸੀ ਤੈਨੂੰ ਦਰਸ਼ਨ ਦੇਣ ਆਇਆ ਸੀ।'

ਇਸ ਭਾਖਿਆ ਨੂੰ ਸੁਣ ਕੇ ਤ੍ਰਿਲੋਚਨ ਜੀ ਤੜਪ ਉਠੇ। ਵਡਾ ਪਛਤਾਵਾ ਲਗ ਗਿਆ, ਘਰ ਵਾਲੀ ਨੂੰ ਕਹਿਣ ਲਗੇ—'ਤੂੰ ਬਹੁਤ ਬੁਰਾ ਕੀਤਾ ਹੈ ਟਹਿਲੂਆ ਬਣ ਕੇ ਭਗਵਾਨ ਘਰ ਆਇਆ ਪਰ ਦੋ ਸੇਰ ਆਟੇ ਬਦਲੇ ਘਰੋਂ ਕਢ ਦਿਤਾ। ਇਹ ਸਭ ਕੁਝ ਉਸ ਦਾ ਹੈ। ਉਸੇ ਦੀ ਮਾਇਆ ਵਰਤ ਰਹੇ ਹਾਂ।'

ਤ੍ਰਿਲੋਚਨ ਜੀ ਦੀ ਇਸਤਰੀ ਇਹ ਸੁਣ ਕੇ ਸਗੋਂ ਵਿਰਲਾਪ ਕਰਨ ਲਗੀ ਕਿ ਭਗਵਾਨ ਸਾਰੀ ਉਮਰ ਉਨ੍ਹਾਂ ਨਾਲ ਨਰਾਜ ਰਿਹਾ। ਨਾ ਪੁੱਤਰ ਧੀ ਦਿਤਾ ਜੋ ਬੁਢੇਪੇ ਵਿਚ ਸਹਾਇਤਾ ਕਰਦਾ। ਹੁਣ ਜੇ ਨੌਕਰ ਰਖਿਆ, ਤਾਂ ਵੀ ਉਹ ਨਾ ਰਿਹਾ। ਮੈਂ ਹੀ ਚੰਦਰੀ ਹਾਂ। ਵਿਧਾਤਾ ਨੇ ਮੇਰੇ ਲੇਖ ਮਾੜੇ ਲਿਖੇ ਹਨ। ਇਸ ਵਿਰਲਾਪ ਨੂੰ ਦੇਖ ਕੇ ਭਗਤ ਜੀ ਨੇ ਇਕ ਸ਼ਬਦ ਰਾਹੀਂ ਉਸ ਨੂੰ ਸਮਝਾਉਣ ਦਾ ਯਤਨ ਕੀਤਾ—

*ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥ ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥੧॥ ਰਹਾਉ ॥ ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ ਕੁਲ ਜਨ ਮਧੇ ਮਿਲ੍ਯ੍ਯਿੋ ਸਾਰਗ ਪਾਨ ਰੇ ॥ ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥ ਬਿਸ੍ਵ ਕਾ ਦੀਪਕੁ ਸ੍ਵਾਮੀ ਤਾ ਚੇ ਰੇ ਸੁਆਰਥੀ ਪੰਖੀ ਰਾਇ ਗਰੁੜ ਤਾ ਚੇ ਬਾਧਵਾ ॥ ਕਰਮ ਕਰਿ ਅਰੁਣ ਪਿੰਗੁਲਾ ਰੀ ॥੨॥ ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ ॥*

ਕਰਮ ਕਰਿ ਕਪਾਲੁ ਮਫੀਟਸਿ ਰੀ ॥੩॥ ਅੰਮ੍ਰਿਤ ਸਸੀਅ ਧੇਨ ਲਛਿਮੀ
ਕਲਪਤਰ ਸਿਖਰਿ ਸੁਨਾਗਰ ਨਦੀ ਚੇ ਨਾਥੰ ॥ ਕਰਮ ਕਰਿ ਖਾਰੁ ਮਫੀਟਸਿ
ਰੀ ॥੪॥ ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ
ਆਣਿ ਤੋਖੀਲੇ ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥੫॥ ਪੂਰਬਲੋ
ਕ੍ਰਿਤ ਕਰਮੁ ਨ ਮਿਟੈ ਰੀ ਘਰ ਗੇਹਣਿ ਤਾ ਚੇ ਮੋਹਿ ਜਾਪੀਅਲੇ ਰਾਮ
ਚੇ ਨਾਮੰ ॥ ਬਦਤਿ ਤ੍ਰਿਲੋਚਨ ਰਾਮ ਜੀ ॥੬॥੧॥ (ਧਨਾਸਰੀ)

ਭਗਤ ਜੀ ਆਖਦੇ ਨੇ, 'ਹੇ ਇਸਤ੍ਰੀ! ਈਸ਼ਵਰ ਤੇ ਦੋਸ਼ ਨਾ ਲਾ। ਦੋਸ਼ ਆਪਣੇ ਕਰਮਾਂ ਦਾ ਹੈ। ਜੋ ਮਾੜੇ ਚੰਗੇ ਕਰਮ ਕਰਦੇ ਹਾਂ ਉਨ੍ਹਾਂ ਦਾ ਫਲ ਪਾਉਂਦੇ ਹਾਂ। ਚੰਦ੍ਰਮਾ ਸ਼ਿਵਾਂ ਦੇ ਮਥੇ ਵਿਚ ਹੈ। ਉਹ ਰੋਜ਼ ਗੰਗਾ ਵਿਚ ਇਸ਼ਨਾਨ ਕਰਦਾ ਹੈ। ਉਸੇ ਚੰਦ੍ਰਮਾ ਦੀ ਕੁਲ ਵਿਚ ਸ੍ਰੀ ਕ੍ਰਿਸ਼ਨ ਜੀ ਹੋਏ ਨੇ। ਪਰ ਚੰਦ੍ਰਮਾ ਨੇ ਕਾਮੀਂ ਇੰਦਰ ਵਲੋਂ ਗੌਤਮ ਦੀ ਇਸਤਰੀ ਦਾ ਸਤ ਭੰਗ ਕੀਤੇ ਜਾਣ ਵਾਲੇ ਮੰਦ ਕਰਮ ਵਿਚ ਸਾਥ ਦਿੱਤਾ, ਜਿਸ ਕਰਕੇ ਉਸ ਨੂੰ ਗੌਤਮ ਨੇ ਸਰਾਪ ਦੇ ਦਿਤਾ। ਹੁਣ ਤਕ ਚੰਦ੍ਰਮਾ ਦਾ ਕਲੰਕ ਮਿਟ ਨਹੀਂ ਸਕਿਆ। ਸੂਰਜ ਵਲ ਤਕ ਉਹ ਦੁਨੀਆਂ ਨੂੰ ਰੌਸ਼ਨੀ ਦੇਂਦਾ ਹੈ। ਦੀਵੇ ਸਮਾਨ ਹੈ। ਅਰੁਣ ਉਸ ਦਾ ਰਥਵਾਹ ਹੈ। ਅਰੁਣ ਦਾ ਭਰਾ ਗਰੁੜ ਹੈ, ਗਰੁੜ ਨੂੰ ਪੰਛੀਆਂ ਦਾ ਬਾਦਸ਼ਾਹ ਮਿਥਿਆ ਜਾਂਦਾ ਹੈ। ਅਰੁਣ ਨੇ ਬੀਡੇ ਦੇ ਪੈਰ ਭੰਨ ਕੇ ਸੀਖ ਤੇ ਭਵਾਇਆ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਅਰੁਣ ਪਿੰਗਲਾ ਹੋ ਗਿਆ। ਸ਼ਿਵ ਜੀ ਵਲ ਵੇਖ। ਉਹ ਕਈਆਂ ਪਾਪਾਂ ਨੂੰ ਹਰਦਾ ਹੈ, ਉਹ ਆਪ ਤੀਰਥਾਂ ਉਤੇ ਭਟਕਦਾ ਫਿਰਦਾ ਹੈ। ਸੁਰੱਸਤੀ ਉਤੇ ਬ੍ਰਹਮਾ ਮੋਹਿਤ ਹੋ ਗਿਆ। ਸ਼ਿਵ ਜੀ ਨੇ ਇਹ ਪਾਪ ਸਮਝ ਕੇ ਬ੍ਰਹਮਾ ਦਾ ਸਿਰ ਵੱਢ ਸੁਟਿਆ, ਜਿਸ ਤੋਂ ਸ਼ਿਵਾਂ ਨੂੰ ਬ੍ਰਹਮ ਹਤਿਆ ਲਗੀ। ਬ੍ਰਹਮਾ ਦਾ ਸਿਰ ਉਹਦੀ ਹੱਥ ਦੀ ਤਲੀ ਨਾਲ ਚਿੰਮੜ ਗਿਆ। ਇਸ ਨੂੰ ਹੱਥ ਤੋਂ ਉਤਾਰਨ ਬਦਲੇ ਸ਼ਿਵਜੀ ਨੂੰ ਕਪਾਲ ਮੋਚਨ ਤੀਰਥ ਉਤੇ ਜਾਣਾ ਪਿਆ। ਹੇ ਭਗਵਾਨ! ਸਮੁੰਦਰ ਵਲ ਵੇਖ। ਕਿੰਨਾ ਚੌੜਾ ਤੇ ਡੂੰਘਾ ਹੈ। ਇਸੇ ਸਮੁੰਦਰ ਵਿਚੋਂ ਅੰਮ੍ਰਿਤ, ਚੰਦ੍ਰਮਾ, ਕਪਲਾ, ਲਛਮੀ, ਕਲਪ ਬ੍ਰਿਛ, ਧਨੰਤਰ ਵੈਦ ਆਦਿਕ ਚੀਜ਼ਾਂ ਨਿਕਲੀਆਂ ਸਾਰੀਆਂ ਨਦੀਆਂ ਸਮੁੰਦਰ ਵਿਚ ਮਿਲਦੀਆਂ ਹਨ। ਇਹ ਉਨ੍ਹਾਂ ਦਾ ਪਤੀ ਹੈ। ਪਰ ਦੇਖ ਲੈ ਕਰਮਾਂ ਦਾ ਫਲ ਖਾਰਾ ਹੈ।' ਉਹ ਘਟਨਾ ਇਉਂ ਹੈ ਧਿਆਨ ਨਾਲ ਸੁਣ—'ਆਖਦੇ ਨੇ ਅਗਸਤ ਮੁਨੀ ਜੀ ਨੇ ਬ੍ਰਹਮ ਭੋਜ ਕੀਤਾ। ਸਮੁੰਦਰ ਨੂੰ ਸੱਦਾ ਆਇਆ

ਇਹ ਹੰਕਾਰ ਵਿਚ ਆ ਗਿਆ ਤੇ ਬ੍ਰਹਮ ਭੋਜ ਉਤੇ ਨਾ ਗਿਆ । ਇਸ ਗੁਸੇ ਵਿਚ ਆ ਕੇ ਅਗਸਤ ਮੁਨੀ ਨੇ ਸਮੁੰਦਰ ਨੂੰ ਪੀ ਲਿਆ । ਫਿਰ ਪੇਸ਼ਾਬ ਰਾਹੀਂ ਕਢਿਆ ਤਾਂ ਖਾਰਾ ਹੋ ਗਿਆ। ਹੋਰ ਸੁਣੋ, ਹਨੂੰਮਾਨ ਦੀ ਬਹੁਤ ਚਰਚਾ ਹੈ। ਉਸ ਨੇ ਲੰਕਾ ਸਾੜੀ, ਰਾਵਣ ਦਾ ਬਾਗ ਉਜਾੜਿਆ । ਸੰਜੀਵਨੀ ਬੂਟੀ ਲਿਆ ਕੇ ਲਛਮਣ ਨੂੰ ਮੂਰਛਾ ਤੋਂ ਬਚਾਇਆ । ਇਹ ਕੁਝ ਕਰਨ ਤੇ ਵੀ ਉਸ ਨੂੰ ਕੱਛ ਮਿਲੀ ਸੋ ਕਰਮਾਂ ਦਾ ਫਲ ਨਹੀਂ ਮਿਟਦਾ । ਇਸ ਝਗੜੇ ਵਿਚ ਨਾ ਪਓ। ਰਾਮ ਨਾਮ ਦਾ ਸਿਮਰਨ ਕਰਿਆ ਕਰ । ਸਿਮਰਨ ਦਾ ਸਦਕਾ ਹੀ ਜੀਵ ਆਤਮਾ ਦੀ ਕਲਿਆਣ ਹੋਵੇਗੀ।'

## ਜੈ ਚੰਦ ਨੂੰ ਉਪਦੇਸ਼

ਇਕ ਜੈ ਚੰਦ ਸੰਨਿਆਸੀ ਸੀ ਉਹ ਜਾਤ ਦਾ ਬ੍ਰਾਹਮਣ ਸੀ । ਉਹ ਸੰਨਿਆਸੀ ਤਾਂ ਹੋ ਗਿਆ ਪਰ ਉਸ ਦੀ ਮਨੋਬਿਰਤੀ ਨਾ ਠੀਕ ਹੋਈ । ਲਾਲਚ, ਹੰਕਾਰ, ਈਰਖਾ ਅਤੇ ਕਾਮ ਕ੍ਰੋਧ ਆਦਿਕ ਬੁਰਾਈਆਂ ਦਾ ਅੰਤ ਨਾ ਕੀਤਾ। ਉਹ ਇਕ ਦਿਨ ਤ੍ਰਿਲੋਚਨ ਜੀ ਪਾਸੋਂ ਦਾਨ ਲੈਣ ਵਾਸਤੇ ਆ ਗਿਆ । ਭਗਤ ਜੀ ਨੇ ਉਸ ਦਾ ਸੁਧਾਰ ਕਰਨ ਬਦਲੇ ਉਸ ਨੂੰ ਆਖਿਆ—

*ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ ॥ ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ ॥੧॥ ਭਰਮੇ ਭੂਲੀ ਰੇ ਜੈ ਚੰਦਾ ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ ॥੧॥ ਰਹਾਉ ॥ ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ॥ ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ ॥੨॥ ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ॥ ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ ॥੩॥ ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ ॥ ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ ॥੪॥੧॥* (ਗੂਜਰੀ)

ਭਾਵ—ਤ੍ਰਿਲੋਚਨ ਜੀ ਆਖਦੇ ਨੇ, ਸੁਣੋ ਭਾਈ! ਤੇਰੀ ਆਤਮਾ ਮਲੀਨ ਹੈ ਉਸ ਨੂੰ ਨਾਮ ਰੂਪੀ ਸਾਬਣ ਨਾਲ ਸਾਫ਼ ਨਹੀਂ ਕੀਤਾ ਪਰ ਉਪਰੋਂ ਉਦਾਸੀਆਂ ਵਾਲਾ ਭੇਸ ਧਾਰਨ ਕਰ ਲਿਆ ਹੈ । ਦਸ ਇਸ ਤੋਂ ਕੋਈ ਲਾਭ ਪਹੁੰਚ ਸਕਦਾ ਹੈ ? ਆਤਮਾ ਵਿਚ ਪ੍ਰਮਾਤਮਾ ਹੈ । ਉਹ ਤਾਂ ਪਛਾਣ ਨਹੀਂ ਕੀਤੀ, ਪਰ ਨਾਮ ਨੂੰ ਸੰਨਿਆਸੀ ਹੋ ਗਿਆ । ਓ ਭਾਈ ਜੈ ਚੰਦਾ! ਇਨ੍ਹਾਂ ਸੰਤਾਂ ਸੰਨਿਆਸੀਆਂ

ਤੇ (ਉਦਾਸੀਆਂ) ਨੇ ਵਾਹਿਗੁਰੂ ਦੀ ਪਛਾਣ ਨਹੀਂ ਕੀਤੀ। ਭਰਮਾਂ ਦੇ ਸ਼ਿਕਾਰ ਰਹੇ ਨੇ। ਮੰਗ ਕੇ ਰੋਟੀਆਂ ਖਾਂਦੇ ਹੋਏ ਦੇਹ ਨੂੰ ਭਾਰੀ ਕਰੀ ਜਾਂਦੇ ਨੇ। ਇਕ ਜੋਗੀ ਨੇ ਜੋ ਗੋਦੜੀ ਤੇ ਮੁੰਦਰਾਂ ਪਾਈਆਂ ਸਵਾਹ ਮਲੀ ਪਰ ਤਤ ਗਿਆਨ ਦਾ ਪਤਾ ਨਹੀਂ ਲਗਾ। ਜਗਤ ਨੂੰ ਭੇਖ ਨਾ ਦਿਖਾਵੇ। ਇਹ ਧੋਖਾ ਹੈ। ਪਾਣੀ ਰਿੜਕਣਾ ਹੈ। ਜੇ ਸਚਮੁਚ ਪ੍ਰਭੂ ਦੇ ਹੋ ਤਾਂ ਉਸ ਦਾ ਸਿਮਰਨ ਕਰੋ। ਉਹ ਚੌਰਾਸੀ ਲੱਖ ਜੀਵਾਂ ਦਾ ਮਾਲਕ ਹੈ। ਸੰਤ ਹੱਥ ਵਿਚ ਕਰਮੰਡਲ ਫੜ ਕੇ ਤੀਰਥਾਂ ਉਤੇ ਭੌਂਦਾ ਫਿਰਦਾ ਹੈ, ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਆਦਮੀ ਨਿਰੇ ਨਾੜ ਦਾ ਤਾਂ ਗਾਹ ਪਾਉਂਦਾ ਹੈ, ਪਰ ਆਸ ਰਖਦਾ ਹੈ ਦਾਣੇ ਨਿਕਲਣ ਦੀ। ਦਾਣੇ ਕਿਥੋਂ ਨਿਕਲਣਗੇ।'

ਇਹ ਉਪਦੇਸ਼ ਸੁਣ ਕੇ ਜੈ ਚੰਦ ਦੀਆਂ ਅੱਖਾਂ ਖੁਲ੍ਹ ਗਈਆਂ। ਉਹ ਭਗਤੀ ਕਰਨ ਲਗਾ।

# ੧੦. ਭਗਤ ਸੂਰਦਾਸ ਜੀ

## ਜਨਮ ਤੇ ਵਿੱਦਿਆ

ਸੂਰਦਾਸ ਜੀ ਦਾ ਅਸਲ ਨਾਮ ਮਦਨ ਮੋਹਨ ਸੀ ਕਿਉਂਕਿ ਉਹ ਜਨਮ ਤੋਂ ਬਹੁਤ ਸੁੰਦਰ ਸਨ। ਇਸ ਕਰਕੇ ਉਨ੍ਹਾਂ ਦਾ ਨਾਮ ਮਦਨ ਮੋਹਨ ਰਖਿਆ। ਆਪ ਦਾ ਜਨਮ ਦਿੱਲੀ ਦੇ ਨੇੜੇ ਇਕ ਪਿੰਡ ਵਿਚ, ਪੰਡਤ ਰਵਿਦਾਸ ਦੇ ਘਰ ਸੰਮਤ ੧੫੪੦ ਨੂੰ ਹੋਇਆ। ਆਪ ਜਨਮ ਤੋਂ ਅੰਨ੍ਹੇ ਨਹੀਂ ਸਨ। ਜਦੋਂ ਅੰਨ੍ਹੇ ਹੋਏ ਤਦੋਂ ਤੋਂ ਸੂਰਦਾਸ ਨਾਂ ਪੈ ਗਿਆ। ਵਿਦਿਆ ਪੜ੍ਹਨ ਤੇ ਰਾਗ ਸਿਖਣ ਨਾਲ ਬਚਪਨ ਤੋਂ ਹੀ ਪ੍ਰੇਮ ਸੀ। ਜਿਥੇ ਚਾਹ ਹੋਵੇ ਓਥੇ ਰਾਹ ਜ਼ਰੂਰ ਨਿਕਲ ਆਉਂਦਾ ਹੈ। ਪ੍ਰੇਮ ਨਾਲ ਹੀ ਸਭ ਕਾਰਜ ਰਾਸ ਹੁੰਦੇ ਨੇ। ਬਹੁਤ ਥੋੜੇ ਦਿਨਾਂ ਵਿਚ ਹੀ ਸੰਸਕ੍ਰਿਤ, ਹਿੰਦੀ ਤੇ ਫ਼ਾਰਸੀ ਪੜ੍ਹ ਗਏ। ਕਵਿਤਾ ਤੇ ਰਾਗ ਵਿਚ ਪੂਰਾ ਗਿਆਨ ਹੋ ਗਿਆ। ਸੁੰਦਰ ਕਵਿਤਾਵਾਂ ਰਚਨ ਲਗੇ। ਇਕ ਜੁਆਨੀ ਤੇ ਸੁੰਦਰਤਾ, ਦੂਸਰੀ ਕਵਿਤਾ ਤੇ ਰਾਗ ਦਾ ਸ਼ੌਕ, ਬਸ ਫੇਰ ਕੀ ਸੀ, ਹਰ ਪਾਸੇ ਮਦਨ ਮੋਹਨ ਦੀ ਹੀ ਵਡਿਆਈ ਹੋਣ ਲੱਗ ਪਈ। ਕੋਈ ਉਸ ਦੇ ਕੋਲੋਂ

ਗੀਤ ਸੁਣਦਾ ਕੋਈ ਗਿਆਨ ਚਰਚਾ ਕਰਦਾ ਤੇ ਕੋਈ ਉਸ ਦੇ ਰੂਪ ਜਵਾਨੀ ਵਲ ਤਕ ਕੇ ਨਿਹਾਲ ਹੁੰਦਾ ਰਹਿੰਦਾ। ਪਰ ਉਸ ਦਾ ਬਾਪ ਰਵਿਦਾਸ ਜਨਮ ਤੋਂ ਗ਼ਰੀਬ ਸੀ। ਸਾਰੀ ਉਮਰ ਅਨੇਕਾਂ ਹੇਰਾ ਫੇਰੀਆਂ ਕਰਨੇ ਤੇ ਵੀ ਉਹ ਗ਼ਰੀਬੀ ਤੋਂ ਪੱਲਾ ਨਾ ਛੁਡਾ ਸਕਿਆ।

## ਮਦਨ ਮੋਹਨ ਦਾ ਅੰਨ੍ਹਾ ਹੋਣਾ ਤੇ ਸੂਰਦਾਸ ਬਣਨਾ

ਜਵਾਨੀ ਆਉਂਦਿਆਂ ਹੀ ਪਿਆਰ ਆ ਜਾਂਦਾ ਹੈ। ਅੱਖਾਂ ਸੁੰਦਰ ਚੀਜ਼ਾਂ ਨੂੰ ਦੇਖ ਦੇਖ ਕੇ ਦੀਵਾਨੀਆਂ ਹੁੰਦੀਆਂ ਹਨ। ਮਦਨ ਮੋਹਨ ਇਕ ਦਿਨ ਇਕ ਸਰੋਵਰ ਦੇ ਕਿਨਾਰੇ ਬੈਠਾ ਹੋਇਆ ਕਿਸੇ ਗੀਤ ਦੀ ਰਚਨਾ ਕਰ ਰਿਹਾ ਸੀ। ਰਚਨਾ ਕਰਦਾ ਕਰਦਾ ਉਠ ਕੇ ਟਹਿਲਣ ਲੱਗ ਪਿਆ। ਸਬੱਬ ਨਾਲ ਬ੍ਰਾਹਮਣਾਂ ਦੀ ਇਕ ਕਵਾਰੀ ਕੰਨਿਆਂ ਜੋ ਜੁਆਨ ਤੇ ਸੁੰਦਰ ਸੀ ਤੇ ਅਨਖਿੜੀ ਕਲੀ ਵਾਂਗ ਜਿਸ ਦੇ ਨੈਣ ਅੱਧ ਮੁੰਦੇ ਸਨ ਖਲੋਤੀ ਸੀ। ਉਹ ਪਹਿਲਾਂ ਹੀ ਮਦਨ ਮੋਹਨ ਵਲ ਦੇਖ ਰਹੀ ਸੀ ਜਿਵੇਂ ਚੰਦ ਵਲ ਚਕੋਰ ਦੇਖਦਾ ਹੈ। ਮੋਹਨ ਉਠਿਆ ਤਾਂ ਉਸ ਦੀ ਨਿਗਾਹ ਉਸ ਯੁਵਤੀ ਤੇ ਪੈ ਗਈ। ਉਸ ਦੇ ਨੈਣਾਂ ਤੇ ਉਸ ਦੇ ਚਿਹਰੇ ਵਲ ਉਹ ਵੀ ਦੇਖਣ ਲਗ ਪਿਆ। ਦੋਵੇਂ ਇਕ ਦੂਸਰੇ ਵਲ ਆਹਮੋ ਸਾਹਮਣੇ ਖਲੋਤੇ ਹੋਏ ਟਿਕਟਿਕੀ ਬੰਨ੍ਹ ਕੇ ਕਿੰਨਾ ਚਿਰ ਦੇਖਦੇ ਰਹੇ। ਅੱਖਾਂ ਰਾਹੀਂ ਪੀਂਦੇ ਰਹੇ ਇਕ ਦੂਸਰੇ ਦੀ ਜੁਆਨੀ ਤੇ ਸੁੰਦਰਤਾ ਨੂੰ। ਅੱਖਾਂ ਰਾਹੀਂ ਜਿਵੇਂ ਠਗ ਨਾਗ ਦੇ ਨੈਣ ਦੂਸਰੇ ਨੂੰ ਆਪਣੇ ਵਲ ਖਿੱਚ ਲੈਂਦਾ ਹੈ ਤਿਵੇਂ ਮੋਹਨ ਨੇ ਯੁਵਤੀ ਨੂੰ ਆਪਣੇ ਵਲ ਖਿਚ ਲਿਆ। ਹੌਲੀ ਹੌਲੀ ਸਰਕਦੀ ਹੋਈ ਉਹ ਮੋਹਨ ਦੇ ਬਹੁਤ ਨੇੜੇ ਆ ਗਈ। ਜਦੋਂ ਕੋਲ ਆ ਗਈ ਤਾਂ ਯੁਵਤੀ ਨੇ ਪੁਛਿਆ, 'ਦਸੋ ਕੀ ਸੇਵਾ ਕਰਾਂ?'

ਮੋਹਨ—'ਬਸੰਤ ਰਾਣੀ, ਮੇਰੀਆਂ ਅੱਖਾਂ ਵਲ ਦੇਖ।'

ਯੁਵਤੀ—(ਧਿਆਨ ਨਾਲ ਦੇਖ ਕੇ) 'ਹਾਂ ਮੈਂ ਆਪ ਦੇ ਨੈਣਾਂ ਵਲ ਦੇਖਦੀ ਹਾਂ।'

ਮੋਹਨ—'ਕੁਝ ਵੇਖਿਆ ਜੇ?'

ਯੁਵਤੀ—'ਹਾਂ।'

ਮੋਹਨ—'ਕੀ ਦੇਖਿਆ ਜੇ?'

ਯੁਵਤੀ—'ਆਪਣਾ ਚਿਹਰਾ ਤੁਸਾਂ ਦੇ ਨੈਣਾਂ ਵਿਚ।'

ਯੁਵਤੀ ਦੇ ਨੈਣ ਸ਼ਰਮਾ ਗਏ, ਉਸ ਨੇ ਨੀਵੀਂ ਪਾ ਲਈ, ਮੋਹਨ ਨੇ ਸਿਰਫ਼ ਇਹੋ ਕਿਹਾ—'ਕਲ੍ਹ ਫੇਰ ਇਥੇ ਆਵੇਂਗੀ?'

'ਹਾਂ! ਆਵਾਂਗੀ, ਜ਼ਰੂਰ ਆਵਾਂਗੀ' ਇਹ ਆਖ ਕੇ ਯੁਵਤੀ ਸਰਕ ਤੁਰੀ, ਉਹ ਘਰੋਂ ਲੀੜੇ ਧੋਣ ਤੇ ਇਸ਼ਨਾਨ ਕਰਨ ਵਾਸਤੇ ਆਈ ਸੀ, ਲੀੜੇ ਧੋਣ ਲੱਗ ਪਈ। ਮੋਹਨ ਸਰੋਵਰ ਦੇ ਪੌੜਾਂ ਉਤੇ ਬੈਠਾ ਉਸ ਨੂੰ ਦੇਖਦਾ ਰਿਹਾ। ਪਤਲੀ ਧੋਤੀ ਤਨ ਉਦਾਲੇ ਵਲ ਕੇ ਯੁਵਤੀ ਨੇ ਇਸ਼ਨਾਨ ਕੀਤਾ, ਜਦੋਂ ਸਰੋਵਰ ਵਿਚ ਚੁਭੀ ਮਾਰ ਕੇ ਬਾਹਰ ਨਿਕਲੀ ਤਾਂ ਮੋਹਨ ਨੂੰ ਇੰਝ ਪ੍ਰਤੀਤ ਹੋਈ ਜਿਵੇਂ ਜਲ ਦੇਵੀ ਜਲ ਵਿਚੋਂ ਬਾਹਰ ਆਈ ਹੈ। ਉਸ ਦੀ ਉਪਮਾ ਵਿਚ ਉਸ ਨੇ ਗੀਤ ਦੀ ਰਚਨਾ ਕੀਤੀ। ਯੁਵਤੀ ਸਰੋਵਰ ਤੇ ਆਉਂਦੀ ਰਹੀ। ਮੋਹਨ ਉਸ ਨੂੰ ਦੇਖਦਾ ਰਿਹਾ। ਇਕ ਦਿਨ ਮੋਹਨ ਨੇ ਯੁਵਤੀ ਨੂੰ ਆਖਿਆ ਦੋ ਸਲਾਈਆਂ ਲਈ ਆਵੀਂ। ਉਹ ਭੋਲੀ ਕੰਨਿਆ ਸਲਾਈਆਂ ਲੈ ਆਈ। ਉਨ੍ਹਾਂ ਸਲਾਈਆਂ ਨੂੰ ਫੜ ਕੇ ਮੋਹਨ ਨੇ ਦੋਹਾਂ ਨੈਣਾਂ ਵਿਚ ਖੋਭ ਲਿਆ, ਅੰਨ੍ਹਾ ਹੋ ਗਿਆ। ਯੁਵਤੀ ਇਹ ਦੇਖ ਕੇ ਗ਼ਸ਼ ਖਾ ਕੇ ਧਰਤੀ ਉਤੇ ਡਿਗ ਪਈ। ਮੋਹਨ ਨੇ ਉਸ ਨੂੰ ਹੋਸ਼ ਵਿਚ ਲਿਆਂਦਾ ਤੇ ਆਖਿਆ, 'ਪਿਆਰੀ! ਮੈਂ ਇਸ ਵਾਸਤੇ ਅੰਨ੍ਹਾ ਹੋਇਆ ਹਾਂ ਕਿ ਇਹ ਨੈਣ ਕਿਸੇ ਹੋਰ ਸੁੰਦਰੀ ਉਤੇ ਮੋਹਤ ਨਾ ਹੋ ਜਾਣ, ਮੈਂ ਤੈਨੂੰ ਹਿਰਦੇ ਵਿਚ ਵਸਾ ਬੈਠਾ ਹਾਂ। ਤੇਰਾ ਹੀ ਰਹਿਣਾ ਚਾਹੁੰਦਾ ਹਾਂ। ਉਸ ਦਿਨ ਤੋਂ ਮਦਨ ਮੋਹਨ ਨਾਂ ਦੀ ਥਾਂ ਆਪ ਨੂੰ ਸਾਰੇ ਸੂਰਦਾਸ ਆਖਣ ਲਗ ਪਏ, ਜਿਵੇਂ ਨਾਂ ਬਦਲ ਗਿਆ ਤਿਵੇਂ ਭਗਤ ਦਾ ਜੀਵਨ ਬਦਲ ਗਿਆ।

## ਅਕਬਰ ਬਾਦਸ਼ਾਹ ਦੀ ਨੌਕਰੀ

ਦਿੱਲੀ ਦੇ ਤਖ਼ਤ ਉਤੇ ਅਕਬਰ ਬਾਦਸ਼ਾਹ ਸੀ। ਅਕਬਰ ਹਿੰਦੂ ਤੇ ਮੁਸਲਮਾਨ ਵਿਦਵਾਨਾਂ, ਕਵੀਆਂ, ਰਾਗੀਆਂ ਤੇ ਚਿੱਤਰਕਾਰਾਂ ਦਾ ਕਦਰਦਾਨ ਸੀ। ਸੂਰਦਾਸ ਮਹਾਂ ਕਵੀ ਪ੍ਰਗਟ ਹੋ ਗਿਆ। ਇਸ ਨੇ ਇਕ ਦੋ ਗ੍ਰੰਥ ਰਚੇ। ਸ੍ਰੀ ਕ੍ਰਿਸ਼ਨ ਜੀ ਦਾ ਅਨਿਨ ਭਗਤ ਹੋ ਗਿਆ। ਥਾਂ ਥਾਂ ਆਪ ਦੀ ਸੋਭਾ ਹੋਣ ਲੱਗੀ। ਕੁਦਰਤ ਵਲੋਂ ਗਲਾ ਬਹੁਤ ਰਸੀਲਾ ਸੀ। ਰਾਤ ਦਿਨੇ ਗੀਤ ਹੀ ਗਾਉਂਦੇ ਫਿਰਦੇ ਸਨ। ਸੂਰਦਾਸ ਦਾ ਅਕਬਰ ਨੂੰ ਪਤਾ ਲੱਗਾ। ਸੂਰਦਾਸ ਦੇ ਗੁਣਾਂ

ਨੂੰ ਸੁਣ ਕੇ ਟੋਡਰ ਮਲ ਰਾਹੀਂ ਅਕਬਰ ਨੇ ਉਸ ਨੂੰ ਆਪਣੇ ਦਰਬਾਰ ਵਿਚ ਸੱਦ ਲਿਆ। ਅਕਬਰ ਕੋਲ ਹੋਰ ਵਿਦਵਾਨ ਵੀ ਸਨ। ਸਾਰੇ ਵਿਦਵਾਨਾਂ ਵਿਚ ਸੂਰਦਾਸ ਦੀ ਬਹੁਤ ਉਪਮਾ ਹੋਈ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਅਵਧ ਦੇ ਕਸਬੇ (ਖੰਧੀਲਾ) ਦਾ ਹਾਕਮ ਬਣਾ ਦਿਤਾ। ਇਸ ਦੇ ਜ਼ੁਮੇ ਕੰਮ ਲਾਇਆ, ਮਾਮਲਾ ਇਕੱਠਾ ਕਰਨਾ ਤੇ ਰਾਜ ਪ੍ਰਬੰਧ ਚੰਗੀ ਪੱਧਰ ਉਤੇ ਚਲਾਉਣ ਦਾ, ਪਰ ਇਹ ਕੋਮਲ ਹਿਰਦੇ ਵਿਚ ਦਇਆ ਤੇ ਪ੍ਰੇਮ ਰੱਖਣ ਵਾਲਾ, ਭਲਾ ਗ਼ਰੀਬਾਂ ਕੋਲੋਂ ਮਾਮਲਾ ਕਿਵੇਂ ਵਸੂਲ ਕਰ ਸਕਦਾ ਸੀ। ਜੋ ਮਾਮਲਾ ਵਸੂਲ ਕੀਤਾ ਵੀ ਉਹ ਸੰਤ ਸਾਧਾਂ ਨੂੰ ਭੰਡਾਰਿਆਂ ਰਾਹੀਂ ਖੁਵਾ ਦਿੱਤਾ। ਸ਼ਾਹੀ ਖ਼ਜ਼ਾਨੇ ਵਿਚ ਜਮਾਂ ਹੀ ਨਾ ਕਰਾਇਆ। ਜਦੋਂ ਦਿੱਲੀ ਵਲੋਂ ਹੁਕਮ ਗਿਆ ਕਿ ਮਾਮਲਾ ਜਮਾਂ ਕਰਾਓ ਤਾਂ ਆਪ ਸੰਦੂਕ ਖ਼ਾਲੀ ਦੇਖ ਕੇ ਹੈਰਾਨ ਹੋਏ। ਦਿੱਲੀ ਜਮਾਂ ਕੀ ਕਰਾਉਣ ? ਆਖ਼ਰ ਦਫ਼ਤਰ ਸੁੰਞਾ ਛੱਡ ਕੇ ਅਲੋਪ ਹੋ ਗਏ। ਬਾਦਸ਼ਾਹ ਨੂੰ ਖ਼ਬਰਾਂ ਮਿਲੀਆਂ ਕਿ ਸੂਰਦਾਸ ਸਰਕਾਰੀ ਰੁਪਏ ਸਮੇਤ ਕਿਧਰੇ ਨੱਸ ਗਿਆ ਹੈ। ਜਦੋਂ ਪੂਰੀ ਪੜਤਾਲ ਕੀਤੀ ਗਈ ਤਾਂ ਬਾਦਸ਼ਾਹ ਨੇ ਕਿਹਾ, 'ਕੋਈ ਚਿੰਤਾ ਨਹੀਂ ਜੇ ਉਸ ਨੇ ਰੱਬ ਦੇ ਭਗਤਾਂ ਨੂੰ ਭੰਡਾਰੇ ਖਵਾ ਦਿਤੇ ਹਨ, ਤਾਂ ਕੀ ? ਉਸ ਨੂੰ ਲੱਭੋ।' ਤੇ ਹੁਕਮ ਜਾਰੀ ਕੀਤਾ ਕਿ ਸੂਰਦਾਸ ਦਾ ਕਸੂਰ ਮੁਆਫ਼ ਹੈ ਉਹ ਇਕ ਵਾਰ ਦਰਬਾਰ ਵਿਚ ਹਾਜ਼ਰ ਜ਼ਰੂਰ ਹੋਵੇ।

ਸੂਰਦਾਸ ਨੇ ਹੁਕਮ ਸੁਣ ਲਿਆ। ਪਰ ਦਰਬਾਰ ਵਿਚ ਹਾਜ਼ਰ ਹੋਣ ਤੋਂ ਉੱਕੀ ਨਾਂਹ ਕਰ ਦਿੱਤੀ। ਉਸ ਨੇ ਫ਼ੈਸਲਾ ਕੀਤਾ ਕਿ ਉਹ ਨੌਕਰੀ ਨਹੀਂ ਕਰੇਗਾ ਪਰ ਬਾਦਸ਼ਾਹ ਨੂੰ ਜਦੋਂ ਪਤਾ ਲੱਗਾ ਕਿ ਸੂਰਦਾਸ ਦਰਬਾਰ ਵਿਚ ਹਾਜ਼ਰ ਨਹੀਂ ਹੁੰਦਾ ਤਾਂ ਆਪ ਨੇ ਕ੍ਰੋਧ ਵਿਚ ਆ ਕੇ ਸੂਰਦਾਸ ਦੀ ਗ੍ਰਿਫ਼ਤਾਰੀ ਵਾਸਤੇ ਫ਼ੁਰਮਾਨ ਜਾਰੀ ਕੀਤਾ। ਪਿਆਦਿਆਂ ਨੇ ਉਸ ਫ਼ੁਰਮਾਨ ਦੇ ਅਨੁਸਾਰ ਸੂਰਦਾਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਦਿੱਲੀ ਵਲ ਲੈ ਤੁਰੇ। ਜਦੋਂ ਦਿੱਲੀ ਪੁਜੇ ਤਾਂ ਬਾਦਸ਼ਾਹ ਨੇ ਮੱਥੇ ਲੱਗਣ ਤੋਂ ਪਹਿਲਾਂ ਹੀ ਬੰਦੀਖਾਨੇ ਡੱਕ ਦੇਣ ਦਾ ਹੁਕਮ ਦਿੱਤਾ। ਸੂਰਦਾਸ ਕੈਦੀ ਬਣ ਗਿਆ।

## ਜੇਲ੍ਹ ਵਿਚ

ਜੇਲ੍ਹ ਬੰਦੀਖਾਨੇ ਦੇ ਜਿਸ ਕੋਠੇ ਵਿਚ ਸੂਰਦਾਸ ਨੂੰ ਰਖਿਆ ਗਿਆ ਉਥੇ

ਬਹੁਤ ਹਨੇਰਾ ਸੀ, ਇਸ ਤੋਂ ਵਧ ਇਹ ਕਿ ਜੋ ਇਨਚਾਰਜ ਅਫ਼ਸਰ ਸੀ ਓਹ ਤਿਮਰ ਖਾਂ ਸੀ, 'ਤਿਮਰ' ਦਾ ਅਰਥ ਹੈ ਹਨੇਰਾ। ਹਨੇਰਾ ਦਾ ਰਾਖਾ ਹਨ੍ਹੇਰਾ ਸੀ। ਤਿਮਰ ਖਾਂ ਬਹੁਤ ਪੱਥਰ ਦਿਲ ਸੰਤਰੀ ਸੀ। ਉਹ ਕੈਦੀਆਂ ਨਾਲ ਬਹੁਤ ਸਖ਼ਤੀ ਕਰਦਾ, ਉਸ ਦੀ ਸਖ਼ਤੀ ਨੂੰ ਵੇਖ ਕੇ ਸੂਰਦਾਸ ਜੀ ਨੇ ਇਕ ਕਵਿਤਾ ਰਚੀ। ਉਸ ਕਵਿਤਾ ਨੂੰ ਰਾਤ ਦਿਨੇ ਗਾਉਣ ਲੱਗਾ। ਉਹ ਕਵਿਤਾ ਅਕਬਰ ਤੱਕ ਪੁੱਜ ਗਈ। ਉਸ ਨੂੰ ਸੁਣ ਕੇ ਅਕਬਰ ਬਾਦਸ਼ਾਹ ਐਨਾ ਖ਼ੁਸ਼ ਹੋਇਆ ਕਿ ਉਸ ਨੇ ਸੂਰਦਾਸ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਚਾਰ ਮਹੀਨੇ ਕੈਦ ਰਹਿਣ ਪਿਛੋਂ ਆਪ ਮੁੜ ਸੁਤੰਤਰ ਹੋਏ ਤੇ ਸ੍ਰੀ ਕ੍ਰਿਸ਼ਨ ਦੀ ਨਗਰੀ ਮਥਰਾ ਨੂੰ ਤੁਰ ਪਏ।

## ਅੰਨ੍ਹੇ ਖੂਹ ਵਿਚ ਡਿਗਣਾ

ਦਿੱਲੀ ਤੋਂ ਮਥਰਾ ਨੂੰ ਤੁਰੇ ਜਾਂਦਿਆਂ ਮਥਰਾ ਦੇ ਨੇੜੇ ਰਾਹ ਵਿਚ ਇਕ ਅੰਨ੍ਹਾ ਖੂਹ ਸੀ। ਉਸ ਦੀ ਮਣ ਸਾਰੀ ਟੁੱਟੀ ਹੋਈ ਸੀ ਪਰ ਪਾਣੀ ਬਹੁਤ ਸੀ। ਸੂਰਦਾਸ ਨੂੰ ਤੁਰੇ ਜਾਂਦਿਆਂ ਹਨੇਰਾ ਹੋ ਗਿਆ। ਹਨੇਰੇ ਦੇ ਕਾਰਨ ਉਸ ਨੂੰ ਐਸਾ ਆਦਮੀ ਕੋਈ ਨਾ ਮਿਲਿਆ ਜੋ ਰਾਹ ਦੇ ਖ਼ਤਰਿਆਂ ਤੋਂ ਜਾਣੂ ਕਰਾ ਦੇਵੇ। ਟੋਹਣੀ ਤੇ ਪੈਰਾਂ ਦੇ ਆਸਰੇ ਤੁਰੇ ਗਏ। ਖੂਹ ਦੇ ਲਾਗੇ ਜਾ ਕੇ ਐਸਾ ਪੈਰ ਉਕਿਆ ਕਿ ਸੂਰਦਾਸ ਘੜੰਮ ਕਰਕੇ ਖੂਹ ਵਿਚ ਡਿਗ ਪਿਆ। ਰਾਤ ਮੂੰਹ ਆ ਚੁੱਕੀ ਸੀ, ਗਵਾਲ ਬਾਲ ਡੰਗਰ ਲੈ ਕੇ ਘਰਾਂ ਨੂੰ ਜਾ ਚੁਕੇ ਸਨ। ਨਾ ਕਿਸੇ ਵੇਖਿਆ 'ਤੇ ਨਾ ਕਿਸੇ ਨੇ ਖੂਹ ਵਿਚੋਂ ਕਢਿਆ।

ਪਰ ਜਿਸਦਾ ਰਾਖਾ ਭਗਵਾਨ ਹੈ ਉਸ ਨੂੰ ਦੁੱਖ ਕੋਈ ਨਹੀਂ ਹੁੰਦਾ। ਖੂਹ ਵਿਚ ਡਿਗਦੇ ਸਾਰ ਸੂਰਦਾਸ 'ਰਾਧੇ ਸ਼ਾਮ ਰਾਧੇ ਸ਼ਾਮ' ਰਟਨ ਲੱਗਾ। ਰਾਧੇ ਸ਼ਾਮ ਸਹਾਈ ਹੋਏ। ਰਾਤ ਡੁਬਣ ਨਾ ਦਿੱਤਾ। ਖੂਹ ਦਾ ਪਾਣੀ ਸੁਕ ਗਿਆ। ਜਿਲ੍ਹਣ ਜਿਹੀ ਵਿਚ ਸਾਰੀ ਰਾਤ ਖਲੋਤੇ ਰਹੇ। ਖਲੋਤੇ ਹੋਏ ਸ੍ਰੀ ਕ੍ਰਿਸ਼ਨ ਨੂੰ ਧਿਆਉਂਦੇ ਰਹੇ। ਸਵੇਰ ਹੋਈ ਗਵਾਲ ਲੜਕੇ ਆਏ। ਉਹ ਜਦੋਂ ਖੂਹ ਲਾਗਿਓਂ ਦੀ ਲੰਘਣ ਲਗੇ ਤਾਂ 'ਰਾਧੇ ਸ਼ਾਮ' ਦੇ ਗਾਉਣ ਦੀ ਅਵਾਜ਼ ਉਹਨਾਂ ਨੂੰ ਸੁਣਾਈ ਦਿਤੀ। ਕੰਢੇ ਤੇ ਹੋ ਕੇ ਖੂਹ ਵਿਚ ਝਾਤ ਮਾਰੀ ਤਾਂ ਆਦਮੀ ਦਾ ਬੁਤ ਨਜ਼ਰ ਆਇਆ। 'ਤੂੰ ਕੌਣ ਹੈਂ ਖੂਹ ਵਿਚ?' ਲੜਕਿਆਂ ਨੇ ਅਵਾਜ਼ ਦਿੱਤੀ।

'ਮੈਂ ਸੂਰਦਾਸ ਹਾਂ! ਭਾਈ ਮੈਨੂੰ ਖੂਹ ਵਿਚੋਂ ਕਢੋ ਮੈਂ ਰਾਤੀਂ ਡਿਗ ਪਿਆ ਸਾਂ।' ਸੂਰਦਾਸ ਦਾ ਅਗੋਂ ਉੱਤਰ ਸੀ।

ਗਵਾਲ ਬਾਲ ਪਿਛੇ ਨਸ ਗਏ। ਘਰਾਂ ਤੋਂ ਵਡੇ ਮਰਦਾਂ ਨੂੰ ਸੱਦ ਕੇ ਲਿਆਏ ਅਤੇ ਸੂਰਦਾਸ ਨੂੰ ਖੂਹ ਵਿਚੋਂ ਬਾਹਰ ਕੱਢਿਆ। ਉਹਨਾਂ ਮਨੁਖਾਂ ਦੇ ਨਾਲ ਹੀ ਹਰੀ ਕੀਰਤਨ ਕਰਦੇ ਹੋਏ ਮਥਰਾ ਨੂੰ ਚਲੇ ਗਏ।

## ਸ੍ਰੀ ਕ੍ਰਿਸ਼ਨ ਮਹਿਮਾ ਤੇ ਗ੍ਰੰਥਾਂ ਦੀ ਰਚਨਾ

ਸੂਰਦਾਸ ਦੇ ਹਿਰਦੇ ਵਿਚ ਬਿਰਹਾ ਬਹੁਤ ਸੀ। ਜਿਸ ਸੁੰਦਰੀ ਦੀ ਸੂਰਤ ਦੇਖਣ ਪਿਛੋਂ ਅੰਨ੍ਹੇ ਹੋਏ ਸਨ, ਉਸ ਨੂੰ ਨਹੀਂ ਭੁਲੇ ਸਨ। ਓਹੋ ਪਵਿਤ੍ਰ ਪ੍ਰੇਮ ਹੁਣ ਸ੍ਰੀ ਕ੍ਰਿਸ਼ਨ ਰਾਧਾ ਪ੍ਰਸੰਗਾਂ ਤੇ ਗੀਤਾਂ ਵਿਚ ਵਰਨਣ ਹੋਣ ਲਗਾ। ਗਊ ਘਾਟ ਅਸਥਾਨ ਉਤੇ ਜਾ ਡੇਰੇ ਲਾਏ। ਉਥੇ ਆਪ ਨੂੰ ਗੋਸਵਾਮੀ ਬਲਭਾਚਾਰਜ ਜੀ ਮਿਲੇ, ਉਨ੍ਹਾਂ ਨੇ ਜਦੋਂ ਸੂਰਦਾਸ ਕੋਲੋਂ ਵੈਰਾਗਮਈ ਭਜਨ ਸੁਣੇ ਤੇ ਕਵਿਤਾ ਦੇਖੀ ਤਾਂ ਉਹ ਖ਼ੁਸ਼ ਹੋ ਗਏ। ਉਹਨਾਂ ਨੇ ਸੂਰਦਾਸ ਨੂੰ ਚੇਲਾ ਬਣਾ ਲਿਆ। ਸ੍ਰੀ ਨਾਥ ਦੇ ਮੰਦਰ ਵਿਚ ਬੈਠਾ ਕੇ ਸ੍ਰੀ ਮਦਭਗਵਤ ਦਾ ਉਲਥਾ ਭਾਸ਼ਾ ਵਿਚ ਕੀਤਾ। ਜੋ ਸੂਰ-ਸਾਗਰ ਨਾਮ ਨਾਲ ਪ੍ਰਸਿੱਧ ਹੈ। ਆਪ ਦਾ ਖ਼ਿਆਲ ਸੀ ਕਿ ਸਵਾ ਲਖ ਪਦ 'ਕਵਿਤਾ ਵਿਚ' ਰਚਨ, ਪਰ ਪੰਝਤਰ ਹਜਾਰ ਪਦ ਰਚਨ ਤੋਂ ਪਿਛੋਂ ਆਪ ਦਾ ਦਿਹਾਂਤ ਹੋ ਗਿਆ। ਅਜ ਕਲ ਜੋ ਸੂਰ-ਸਾਗਰ ਮਿਲਦਾ ਹੈ, ਉਸ ਵਿਚ ਸਿਰਫ਼ ਪੰਜ ਹਜ਼ਾਰ ਪਦ ਹਨ। ਹੋਰ ਵੀ ਆਪ ਦੇ ਗ੍ਰੰਥ ਲਿਖੇ ਹੋਏ ਮਿਲਦੇ ਹਨ। ਭਗਤ ਜੀ ਨੇ ੮੦ ਸਾਲ ਦੀ ਉਮਰ ਭੋਗ ਕੇ ਚਲਾਣਾ ਕੀਤਾ ਸੀ। ਸ੍ਰੀ ਕ੍ਰਿਸ਼ਨ ਦੇ ਭਗਤਾਂ ਵਿਚ ਇਕ ਮਹਾਨ ਹਸਤੀ ਹੋਏ ਨੇ। ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਪ ਜੀ ਦਾ ਇਹ ਸ਼ਬਦ ਹੈ—

*ਹਰਿ ਕੇ ਸੰਗ ਬਸੇ ਹਰਿ ਲੋਕ ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ ਅਨਦ ਸਹਜ ਧੁਨਿ ਝੋਕ ॥੧॥ ਰਹਾਉ ॥ ਦਰਸਨੁ ਪੇਖਿ ਭਏ ਨਿਰਬਿਖਈ ਪਾਏ ਹੈ ਸਗਲੇ ਥੋਕ ॥ ਆਨ ਬਸਤੁ ਸਿਉ ਕਾਜੁ ਨ ਕਛੂਐ ਸੁੰਦਰ ਬਦਨ ਅਲੋਕ ॥੧॥ ਸਿਆਮ ਸੁੰਦਰ ਤਜਿ ਆਨ ਜੁ ਚਾਹਤ ਜਿਉ ਕੁਸਟੀ ਤਨਿ ਜੋਕ ॥ ਸੂਰਦਾਸ ਮਨੁ ਪ੍ਰਭਿ ਹਥਿ ਲੀਨੋ ਦੀਨੋ ਇਹੁ ਪਰਲੋਕ ॥੨॥੧॥੮॥*

*(ਸਾਰਗ)*

ਪ੍ਰਮਾਰਥ—ਭਗਵਾਨ ਦੇ ਭਗਤ ਭਗਵਾਨ ਨਾਲ ਹੀ ਰਹਿੰਦੇ ਹਨ। ਉਨ੍ਹਾਂ ਨੇ ਤਾਂ ਆਪਣਾ ਸਭ ਕੁਝ ਹਰੀ ਦੇ ਅਰਪਨ ਕਰ ਦਿਤਾ ਹੈ। ਉਹ ਸਦਾ ਸਹਜ

ਪਿਆਰ ਤੇ ਸਦੀਵੀ ਖ਼ੁਸ਼ੀ ਨੂੰ ਮਾਣਦੇ ਰਹਿੰਦੇ ਹਨ। ਭਗਵਾਨ ਦੇ ਦਰਸ਼ਨਾਂ ਨੇ ਉਹਨਾਂ ਨੂੰ ਐਸਾ ਸੰਜਮ ਵਾਲਾ ਬਣਾ ਦਿਤਾ ਹੈ ਕਿ ਉਹਨਾਂ ਨੇ ਇੰਦ੍ਰੀਆਂ ਤੇ ਕਾਬੂ ਪਾ ਲਿਆ ਹੈ, ਜਿਸ ਦਾ ਫਲ ਇਹ ਹੋਇਆ ਕਿ ਭਗਵਾਨ ਨੇ ਉਹਨਾਂ ਨੂੰ ਸਾਰੇ ਪਦਾਰਥ ਦਿਤੇ ਹਨ। ਜਦੋਂ ਪ੍ਰਭੂ ਦੇ ਖੇੜੇ ਵਾਲਾ ਮੁਖੜਾ ਦੇਖੀਦਾ ਹੈ, ਕਿਸੇ ਦੇ ਦੀਦਾਰ ਦੀ ਲੋੜ ਨਹੀਂ ਰਹਿੰਦੀ। ਪ੍ਰਮਾਤਮਾ ਨੂੰ ਛੱਡ ਕੇ ਜੋ ਲੋਕ ਹੋਰ ਪਾਸੇ ਫਿਰਦੇ ਨੇ ਉਹ ਆਪਣੇ ਤਨ ਮਨ ਨੂੰ ਨਾਸ ਕਰਦੇ ਨੇ ਸੂਰਦਾਸ ਜੀ ਆਖਦੇ ਨੇ ਮੈਂ ਤਾਂ ਉਹ ਹਾਂ ਉਹ ਮੇਰੇ ਹਨ।

# ੧੧. ਭਗਤ ਪਰਮਾਨੰਦ ਜੀ

*ਤੈ ਨਰ ਕਿਆ ਪੁਰਾਨੁ ਸੁਨਿ ਕੀਨਾ ॥ ਅਨਪਾਵਨੀ ਭਗਤਿ ਨਹੀ ਉਪਜੀ ਭੂਖੈ ਦਾਨੁ ਨ ਦੀਨਾ ॥੧॥ ਰਹਾਉ ॥ ਕਾਮੁ ਨ ਬਿਸਰਿਓ ਕ੍ਰੋਧੁ ਨ ਬਿਸਰਿਓ ਲੋਭੁ ਨ ਛੂਟਿਓ ਦੇਵਾ ॥ ਪਰ ਨਿੰਦਾ ਮੁਖ ਤੇ ਨਹੀ ਛੂਟੀ ਨਿਫਲ ਭਈ ਸਭ ਸੇਵਾ ॥੧॥ ਬਾਟ ਪਾਰਿ ਘਰੁ ਮੂਸਿ ਬਿਰਾਨੋ ਪੇਟੁ ਭਰੈ ਅਪ੍ਰਾਧੀ ॥ ਜਿਹਿ ਪਰਲੋਕ ਜਾਇ ਅਪਕੀਰਤਿ ਸੋਈ ਅਬਿਦਿਆ ਸਾਧੀ ॥੨॥ ਹਿੰਸਾ ਤਉ ਮਨ ਤੇ ਨਹੀ ਛੂਟੀ ਜੀਅ ਦਇਆ ਨਹੀ ਪਾਲੀ ॥ ਪਰਮਾਨੰਦ ਸਾਧਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ ॥੩॥੧॥੬॥* (ਸਾਰੰਗ)

ਭਾਵ—ਹੇ ਮਨੁਖ ! ਪੁਰਾਣਾਂ (ਇਤਿਹਾਸ) ਦੀ ਕਥਾ ਸੁਣ ਕੇ ਤੂੰ ਕੀ ਕੀਤਾ। ਇਹ ਕਥਾ ਕਹਾਣੀਆਂ ਸੁਣਨੀਆਂ ਨਾਸਵੰਤ ਭਗਤੀ ਹੈ। ਅਮਰ ਤੇ ਸੱਚੀ ਭਗਤੀ ਤਾਂ ਤੇਰੇ ਵਿਚ ਆਈ ਨਹੀਂ। ਫੜ੍ਹਾਂ ਮਾਰਦਾ ਰਿਹਾ ਪਰ ਕਿਸੇ ਭੁਖੇ ਨੂੰ ਕਮਾਈ ਵਿਚੋਂ ਦਾਨ ਤਾਂ ਕਦੀ ਕੀਤਾ ਨਹੀਂ। ਲਿੰਗ ਵਾਸ਼ਨਾ, ਕ੍ਰੋਧ, ਲੋਭ ਤੇ ਪਰਾਈ ਨਿੰਦਾ ਤਾਂ ਛੱਡੀ ਨਹੀਂ, ਇਹੋ ਹੀ ਵੱਡੀਆਂ ਬੀਮਾਰੀਆਂ ਹਨ। ਸੋ ਜੇ ਥੋੜ੍ਹੀ ਬਹੁਤ ਭਗਤੀ ਤੂੰ ਕੀਤੀ ਵੀ ਉਹ ਵੀ ਐਵੇਂ ਹੀ ਗਈ ਹੈ। ਹੇ ਪੁਰਸ਼ ! ਤੂੰ ਰਾਹ ਮਾਰ ਰਿਹਾ, ਸੰਨ੍ਹਾਂ ਲਾਈਆਂ, ਜਿੰਦਰੇ ਤੋੜੇ, ਇਨ੍ਹਾਂ ਕੰਮਾਂ ਨੇ ਪ੍ਰਲੋਕ ਵਿਚ ਤੇਰੀ ਨਿੰਦਾ ਤੇ ਨਿਰਾਦਰੀ ਕਰਵਾਈ। ਇਹ ਸਾਰੇ ਤੇਰੇ ਕਰਮ ਮੂਰਖਾਂ ਵਾਲੇ ਸਨ। ਸ਼ਿਕਾਰ ਖੇਡਣਾ ਨਹੀਂ ਛਡਿਆ, ਜੀਵ ਹਤਿਆ ਕਰਦਾ ਰਿਹਾ। ਕਦੀ ਪੰਛੀ ਉਤੇ ਵੀ ਦਇਆ ਨਹੀਂ ਕੀਤੀ। ਪਰਮਾਨੰਦ ਜੀ ਆਖਦੇ ਨੇ ਸਤਿ ਸੰਗਤ ਵਿਚ ਜਾ ਕੇ ਹਰੀ ਜਸ ਨਹੀਂ ਸੁਣਿਆ ਤਾਂ ਦਸ ਤੇਰੀ ਕਲਿਆਣ ਕਿਵੇਂ ਹੋਵੇਗੀ ?

ਉਪਰੋਕਤ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਵਾਮੀ ਪਰਮਾਨੰਦ ਜੀ ਦਾ ਹੈ। ਆਪ ਬੜੇ ਅਤੀਤ, ਗਿਆਨੀ, ਹਰਿ ਭਗਤ ਤੇ ਕਵੀ ਹੋਏ ਨੇ। ਆਪ ਨੇ ਬਹੁਤ ਸਾਰਾ ਸਮਾਂ ਬਿੰਦ੍ਰਾਬਨ ਵਿਚ ਗੁਜ਼ਾਰਿਆ। ਆਪ ਬੰਬਈ ਪਾਸੇ ਦੇ ਰਹਿਣ ਵਾਲੇ ਸਨ। ਪਿੰਡ ਬਾਰਸੀ ਜ਼ਿਲ੍ਹਾ ਸ਼ੋਲਾਪੁਰ ਵਿਚ ਆਪ ਦਾ ਜਨਮ ਹੋਇਆ ਸੀ। ਆਪ ਦਾ ਸਮਾਂ ੧੬੦੨ ਬਿਕ੍ਰਮੀ ਦੇ ਨੇੜੇ ਤੇੜੇ ਦਾ ਹੈ ਜਦੋਂ ਭਗਤੀ ਲਹਿਰ ਜ਼ੋਰਾਂ ਉਤੇ ਚਲ ਰਹੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ, ਕਬੀਰ, ਰਾਮਾਨੰਦ, ਨਾਮਦੇਵ ਜੀ ਆਦਿਕ ਭਗਤ ਹਰਿ ਜਸ ਦਾ ਪ੍ਰਚਾਰ ਕਰ ਰਹੇ ਸਨ। ਇਹਨਾਂ ਦੇ ਲਿਖੇ ਇਹ ਗ੍ਰੰਥ ਮਿਲਦੇ ਨੇ—

ਪਰਮਾਨੰਦ ਸਾਗਰ, ਪਰਮਾਦਾਸ ਦਾ ਪਦ ਦਾਨ ਲੀਲ੍ਹਾ ਤੇ ਧਰੂਅ ਚਰਿਤ੍ਰ।

# ੧੨. ਭਗਤ ਸਧਨਾ ਜੀ

## ਜਨਮ, ਮਾਂ-ਬਾਪ ਤੇ ਨਗਰ

ਭਗਤ ਸਧਨਾ ਜੀ ਦੇ ਮਾਂ ਬਾਪ ਦੇ ਨਾਮ ਦਾ ਕੁਝ ਪਤਾ ਨਹੀਂ ਮਿਲਦਾ ਪਰ ਇਹ ਜਾਤ ਦੇ ਕਸਾਈ ਸਨ। ਨਗਰ ਸੇਹਵਾਨ (ਹੈਦਰਾਬਾਦ ਸਿੰਧ) ਵਿਚ ਆਪ ਦਾ ਜਨਮ ਹੋਇਆ ਤੇ ਓਸੇ ਨਗਰ ਵਿਚ ਹੀ ਰਹਿੰਦੇ ਰਹੇ। ਇਹ ਨਾਮਦੇਵ ਦੇ ਸਮਕਾਲੀ ਸਨ। ਬਚਪਨ ਤੋਂ ਹੀ ਸੰਤਾਂ ਫ਼ਕੀਰਾਂ ਤੇ ਮਹਾਂ ਪੁਰਸ਼ਾਂ ਕੋਲ ਬਹਿਣ ਤੇ ਗਿਆਨ ਚਰਚਾ ਸੁਨਣ ਦੀ ਲਗਨ ਸੀ, ਮੂਰਤੀ ਪੂਜਕ ਸਨ। ਇਨ੍ਹਾਂ ਨੂੰ ਕਿਤਿਓਂ ਸਾਲਗਰਾਮ ਦਾ ਪੱਥਰ ਮਿਲ ਗਿਆ, ਉਸ ਨੂੰ ਮਾਸ ਤੋਲਣ ਵਾਸਤੇ ਵੱਟਾ ਬਣਾ ਬੈਠੇ। ਜਿਸ ਤੋਂ ਲੋਕੀਂ ਬੁਰਾ ਸਮਝਦੇ ਪਰ ਲੋਕਾਂ ਨੂੰ ਨਹੀਂ ਸੀ ਪਤਾ ਕਿ ਸਧਨਾ ਜੀ ਸਾਲਗਰਾਮ ਨੂੰ ਦੇਵਤਾ ਕਰ ਕੇ ਪੂਜਦੇ ਤੇ ਉਸ ਦੇ ਆਸਰੇ ਕਾਰ ਵਿਹਾਰ ਕਰਦੇ ਨੇ।

ਹਿੰਦੂ ਸੰਤ ਸਾਧੂਆਂ ਤੇ ਪੰਡਤਾਂ ਵਿਚ ਇਹ ਆਮ ਚਰਚਾ ਸੀ ਕਿ ਇਕ ਕਸਾਈ 'ਸਾਲਗਰਾਮ' ਨਾਲ ਮਾਸ ਤੋਲਦਾ ਹੈ। ਇਕ ਦਿਨ ਇਕ ਸੰਤ ਸਧਨਾ ਜੀ ਦੀ ਦੁਕਾਨ ਉਤੇ ਪੁੱਜਾ ਤੇ ਬੇਨਤੀ ਕੀਤੀ—'ਭਾਈ ਸਧਨੇ! ਇਹ ਕਾਲਾ ਪੱਥਰ ਮੈਨੂੰ ਦੇ ਦੇਹ, ਮੈਂ ਇਸ ਦੀ ਪੂਜਾ ਕਰਿਆ ਕਰੂੰ, ਇਹ ਸਾਲਗਰਾਮ ਹੈ,

ਤੂੰ ਹੋਰ ਵਟੇ ਰੱਖ ਲੈ।'

ਸਧਨਾ ਤਾੜ ਗਿਆ ਕਿ ਇਹ ਜਾਣ ਕੇ ਲੈ ਜਾਣਾ ਚਾਹੁੰਦੇ ਨੇ। ਉਸ ਨੇ ਬਿਨਾਂ ਝਿਜਕ ਸਾਲਗਰਾਮ ਚੁੱਕ ਕੇ ਫੜਾ ਦਿੱਤਾ। ਸੰਤ ਸਾਲਗਰਾਮ ਨੂੰ ਲੈ ਕੇ ਆਪਣੇ ਡੇਰੇ ਚਲਿਆ ਗਿਆ। ਡੇਰੇ ਪੁੱਜ ਕੇ ਸੰਤ ਨੇ ਸਾਲਗਰਾਮ ਨੂੰ ਇਸ਼ਨਾਨ ਕਰਾਇਆ, ਧੂਫ ਧੁਖਾਈ, ਚੰਦਨ ਦਾ ਤਿਲਕ ਲਾਇਆ ਤੇ ਫੁੱਲ ਚੜ੍ਹਾਏ। ਪੂਜਾ ਕੀਤੀ ਤੇ ਰਾਤ ਪੈਣ ਤੇ ਸੌਂ ਗਿਆ। ਜਦ ਸਾਧੂ ਸੁੱਤਾ ਹੋਇਆ ਸੀ ਤਦ ਉਸ ਨੂੰ ਸੁਪਨੇ ਵਿਚ ਸਾਲਗਰਾਮ ਨੇ ਭਾਖਿਆ ਦਿੱਤੀ—'ਸੰਤਾ! ਬਹੁਤ ਬੁਰਾ ਕੀਤਾ ਈ। ਸਧਨੇ ਕੋਲ ਮੈਂ ਬਹੁਤ ਖ਼ੁਸ਼ ਸਾਂ ਓਹ ਮੇਰੀ ਪੂਜਾ ਕਰਦਾ ਸੀ। ਸੱਚੇ ਹਿਰਦੇ ਨਾਲ ਉਹ ਮੇਰਾ ਹੋ ਚੁੱਕਾ ਸੀ, ਮੈਂ ਪੂਜਾ ਤੇ ਸਤਿਕਾਰ ਦਾ ਭੁੱਖਾ ਨਹੀਂ ਸਗੋਂ ਪ੍ਰੇਮ ਦਾ ਭੁੱਖਾ ਹਾਂ। ਉਹ ਮਾਸ ਤੋਲਦਾ ਹੋਇਆ ਵੀ ਮੈਨੂੰ ਚੇਤੇ ਕਰਦਾ ਸੀ, ਉਸ ਕੋਲ ਛੱਡ ਆ।' ਇਹ ਬਚਨ ਸੁਣ ਕੇ ਸੰਤ ਦੀ ਨੀਂਦ ਖੁਲ੍ਹ ਗਈ। ਉਹ ਸੋਚਦਾ ਤੇ ਕੀਤੇ ਕਰਮ ਉਤੇ ਪਛਤਾਉਂਦਾ ਰਿਹਾ, ਦਿਨ ਚੜ੍ਹਿਆ ਤਾਂ ਸਧਨੇ ਕੋਲ ਮੁੜ ਗਿਆ। ਉਸ ਨੂੰ ਆਖਣ ਲੱਗਾ—'ਸਧਨਾ ਜੀ! ਆਪਣਾ ਸਾਲਗਰਾਮ ਵਾਪਸ ਲੈ ਲਵੋ।'

'ਕਿਉਂ ਸੰਤ ਜੀ!' ਸਧਨੇ ਨੇ ਪੁਛਿਆ ਤਾਂ ਸੰਤ ਜੀ ਨੇ ਸੁਪਨੇ ਦੀ ਸਾਰੀ ਵਾਰਤਾ ਕਹਿ ਸੁਣਾਈ। ਉਸ ਵਾਰਤਾ ਨੂੰ ਸੁਣ ਸਧਨੇ ਦੇ ਮਨ ਵਿਚ ਸਗੋਂ ਦੂਣਾ ਚਾਅ ਤੇ ਪ੍ਰੇਮ ਉਮਾਹ ਹੋ ਗਿਆ। ਉਹ ਪ੍ਰਭੂ ਭਗਤੀ ਕਰਨ ਲੱਗਾ।

## ਮਾਸ ਵੇਚਣ ਦਾ ਕੰਮ ਛੱਡਣਾ

ਰਾਤ ਦੇ ਸਮੇਂ ਇਕ ਸ਼ਾਹੂਕਾਰ ਸਧਨਾ ਜੀ ਦੇ ਕੋਲ ਬਕਰੇ ਦਾ ਮਾਸ ਲੈਣ ਵਾਸਤੇ ਆ ਗਿਆ। ਸਧਨੇ ਨੇ ਕਿਹਾ ਕਿ ਹੁਣ ਮਾਸ ਨਹੀਂ ਕਿਉਂਕਿ ਜੋ ਬੱਕਰਾ ਬਣਾਇਆ ਸੀ ਉਹ ਮੁੱਕ ਗਿਆ ਹੈ। ਸ਼ਾਹੂਕਾਰ ਲਿਹਾਜ ਵਾਲਾ ਸੀ, ਸਧਨਾ ਉਸ ਨੂੰ ਮੋੜ ਵੀ ਨਹੀਂ ਸੀ ਸਕਦਾ। ਉਸ ਵਾਸਤੇ ਸਧਨੇ ਨੇ ਜੀਉਂਦੇ ਬੱਕਰੇ ਦੇ 'ਕਪੂਰੇ' ਕੱਟ ਕੇ ਸ਼ਾਹੂਕਾਰ ਨੂੰ ਦੇਣੇ ਚਾਹੇ। ਜਦੋਂ ਸਧਨਾ ਛੁਰੀ ਫੜ ਕੇ ਬੱਕਰੇ ਦੇ ਨੇੜੇ ਗਿਆ ਤਾਂ ਬੱਕਰਾ ਹੱਸ ਪਿਆ। ਹੱਸ ਕੇ ਆਖਣ ਲੱਗਾ— 'ਸਧਨਾ ਜੀ? ਜਗੋਂ ਬਾਹਰੀ ਕਰਨ ਲਗੇ ਜੇ, ਇਕ ਨਵੀਂ ਭਾਜੀ ਚੜ੍ਹੇਗੀ।' ਇਹ ਸੁਣ ਕੇ ਸਧਨਾ ਜੀ ਬਹੁਤ ਹੈਰਾਨ ਹੋਏ ਕਿ ਇਹ ਜਾਨਵਰ ਬੋਲਣ ਲੱਗ

ਪਿਆ । ਨਾਲ ਹੀ ਆਖਦਾ ਹੈ 'ਨਵੀਂ ਭਾਜੀ ਚਾੜ੍ਹਨ ਲੱਗਾ ਹੈਂ ਇਸ ਦਾ ਕੀ ਮਤਲਬ?' ਸਧਨੇ ਦੇ ਹੱਥੋਂ ਛੁਰੀ ਧਰਤੀ ਉਤੇ ਡਿੱਗ ਪਈ। ਸਧਨਾ ਜੀ ਨੇ ਬੱਕਰੇ ਨੂੰ ਪੁਛਿਆ—'ਭਾਈ ਦਸ ਮਾਮਲਾ ਕੀ ਹੈ ? ਨਵੀਂ ਭਾਜੀ ਕੀ ਆਖਿਆ ਈ ?'

ਬੱਕਰਾ ਬੋਲਿਆ—'ਸੁਣ ਅਗੇ ਇਹ ਸਿਲਸਿਲਾ ਤੁਰਿਆ ਆਉਂਦਾ ਰਿਹਾ ਹੈ ਕਿ ਕਦੀ ਮੈਂ ਬੱਕਰਾ ਤੇ ਤੂੰ ਕਸਾਈ ਤੇ ਕਦੀ ਮੈਂ ਕਸਾਈ ਤੇ ਤੂੰ ਬਕਰਾ। ਇਸ ਜਨਮ ਵਿਚ ਤੂੰ ਮੇਰੇ ਜੀਊਂਦੇ ਦਾ ਇਕ ਅੰਗ ਕੱਟ ਕੇ ਸ਼ਾਹੂਕਾਰ ਨੂੰ ਦੇਣ ਲਗਾ ਹੈਂ । ਇਹ ਨਵੀਂ ਭਾਜੀ ਹੈ । ਕਲ੍ਹ ਨੂੰ ਮੈਂ ਤੇਰੇ ਨਾਲ ਇਸੇ ਤਰ੍ਹਾਂ ਕਰਾਂਗਾ ।'

ਬਕਰੇ ਦੀ ਭਾਖਿਆ ਨੇ ਸਧਨੇ ਨੂੰ ਗਿਆਨ ਕਰਾ ਦਿਤਾ । ਉਸ ਦਿਨ ਤਾਂ ਉਸ ਨੇ ਸ਼ਾਹੂਕਾਰ ਨੂੰ ਸਾਫ਼ ਜਵਾਬ ਦੇ ਦਿਤਾ ਤੇ ਅਗਲੇ ਭਲਕ ਮਾਸ ਵੇਚਣ ਦਾ ਧੰਦਾ ਹੀ ਛੱਡ ਦਿੱਤਾ । ਸਾਧੂ ਹੋ ਗਿਆ, ਪ੍ਰਭੂ ਭਗਤੀ ਕਰਨ ਲੱਗਾ।

## ਰੂਪਵਤੀ ਇਸਤਰੀ ਦਾ ਪਾਪ

ਸਧਨਾ ਜੀ ਨੂੰ ਜਦੋਂ ਪੂਰਨ ਗਿਆਨ ਹੋ ਗਿਆ ਕਿ ਭਗਤੀ ਕਰਨ ਵਿਚ ਹੀ ਭਲਾ ਹੈ ਤਾਂ ਉਹ ਪੁਰਖੋਤਮ ਜੀ ਦੇ ਦਰਸ਼ਨਾਂ ਵਾਸਤੇ ਜਗਨ ਨਾਥ ਪੁਰੀ ਦੀ ਯਾਤਰਾ ਵਾਸਤੇ ਸਿੰਧ ਵਿਚੋਂ ਚਲ ਪਿਆ । ਜਗਨ ਨਾਥ ਪੁਰੀ ਸ਼ਹਿਰ ਪੁੱਜਣ ਤੋਂ ਇਕ ਪੜਾਅ ਉਰੇ ਉਸ ਨੂੰ ਰਾਤ ਪੈ ਗਈ । ਉਸ ਨੇ ਸੋਚਿਆ ਕਿਸੇ ਗ੍ਰਹਿਸਤੀ ਦੇ ਘਰੋਂ ਭੋਜਨ ਮੰਗ ਕੇ ਖਾ ਲਵਾਂ ਤੇ ਰਾਤ ਕਿਤੇ ਕੱਟ ਲਵਾਂ, ਇਕ ਘਰ ਦੇ ਬੂਹੇ ਅਗੇ ਖਲੋ ਕੇ ਉਸ ਨੇ ਭੋਜਨ ਦਾ ਸਵਾਲ ਕੀਤਾ । ਉਸ ਘਰ ਵਿਚ ਇਕ ਇਸਤਰੀ ਤੇ ਇਕ ਮਰਦ ਰਹਿੰਦੇ ਸਨ । ਇਸਤਰੀ ਦੀ ਉਮਰ ਵੀਹ ਬਾਈ ਸਾਲ ਵਿਚਾਲੇ ਸੀ । ਉਹ ਬਹੁਤ ਸੁੰਦਰ ਤੇ ਜਵਾਨ ਸੀ, ਉਸ ਦਾ ਪਤੀ ਕੋਝਾ ਤੇ ਰੋਗੀ ਸੀ । ਉਸ ਨਾਰੀ ਨੇ ਜਦੋਂ ਸਧਨਾ ਜੀ ਨੂੰ ਵੇਖਿਆ ਤਾਂ ਅਗੇ ਸੱਦ ਲਿਆ । ਬੜੀ ਨਿਮਰਤਾ ਤੇ ਪ੍ਰੇਮਮਈ ਲਹਿਜੇ ਵਿਚ ਬੋਲੀ, 'ਸੰਤ ਜੀ ! ਅੰਦਰ ਪਧਾਰੀਏ ! ਗ੍ਰਹਿ ਪਵਿੱਤਰ ਕਰੀਏ ! ਧੰਨ ਭਾਗ ਆਪ ਆਏ ਜੇ । ਸੰਤ ਨਹੀਂ ਭਗਵਾਨ ਆਏ ਨੇ, ਭੋਜਨ ਛਕੋ, ਬਿਸਤਰਾ ਮੰਜਾ ਲੈ ਕੇ ਆਰਾਮ

ਕਰੋ।' ਉਸ ਦੀ ਇਹ ਸ਼ਰਧਾ ਦੇਖ ਕੇ ਸਧਨਾ ਜੀ ਉਹਦੇ ਵਿਹੜੇ ਵਿਚ ਆ ਗਏ ਤੇ ਮੰਜੇ ਉਤੇ ਬੈਠ ਗਏ। ਉਸ ਮੁਟਿਆਰ ਇਸਤਰੀ ਨੇ ਬੜੇ ਚਾਅ ਤੇ ਸ਼ਰਧਾ ਨਾਲ ਭੋਜਨ ਤਿਆਰ ਕੀਤਾ। ਭੋਜਨ ਤਿਆਰ ਕਰ ਕੇ ਸਧਨਾ ਜੀ ਦੇ ਚਰਨ ਧੁਆਏ ਤੇ ਚੌਂਤਰੇ ਉਤੇ ਬੈਠਾ ਕੇ ਭੋਜਨ ਛਕਾਇਆ। ਜਿੰਨਾ ਚਿਰ ਸਧਨਾ ਭੋਜਨ ਛਕਦਾ ਰਿਹਾ ਓਨਾ ਚਿਰ ਉਹ ਇਸਤਰੀ ਪੱਖਾ ਝਲਦੀ ਰਹੀ ਜਿਵੇਂ ਪਤੀ ਨੂੰ ਇਸਤਰੀ ਪੱਖਾ ਝਲਦੀ ਹੈ, ਨਾਲ ਪ੍ਰੇਮ ਭਰੀਆਂ ਮਿੱਠੀਆਂ ਮਿੱਠੀਆਂ ਗੱਲਾਂ ਰਾਹੀਂ ਪੁਛਦੀ ਰਹੀ ਕਿ ਸਧਨਾ ਜੀ ਕਿਥੋਂ ਆਏ ਹਨ ਤੇ ਕਿਥੇ ਜਾ ਰਹੇ ਹਨ ਤੇ ਕਿਉਂ ਸਾਧੂ ਹੋਏ ਨੇ?

ਜਦੋਂ ਪ੍ਰਸ਼ਾਦ ਛਕ ਚੁਕੇ ਤਾਂ ਉਸ ਮੁਟਿਆਰ ਨੇ ਸਧਨਾ ਜੀ ਨੂੰ ਚੰਗਾ ਬਿਸਤਰਾ ਵਿਛਾ ਕੇ ਰਾਤ ਕੱਟਣ ਵਾਸਤੇ ਬੇਨਤੀ ਕੀਤੀ। ਉਸ ਬੇਨਤੀ ਨੂੰ ਸਧਨਾ ਜੀ ਨੇ ਪ੍ਰਵਾਨ ਕਰ ਲਿਆ। ਨਾਮ ਦਾ ਸਿਮਰਨ ਕਰਦਾ ਹੋਇਆ ਭਗਤ ਸੌਂ ਗਿਆ। ਜਾਂ ਅੱਧੀ ਰਾਤ ਦਾ ਵੇਲਾ ਹੋਇਆ ਤਾਂ ਉਹ ਮੁਟਿਆਰ ਸ਼ਿੰਗਾਰ ਕਰ ਕੇ ਸਧਨਾ ਜੀ ਦੇ ਮੰਜੇ ਉਤੇ ਆ ਗਈ। ਉਸ ਦੇ ਹਿਰਦੇ ਵਿਚ ਵਾਸ਼ਨਾ ਮੰਦੀ ਸੀ। ਕਾਮ ਨੇ ਉਸ ਦੇ ਖ਼ੂਨ ਨੂੰ ਉਬਾਲ ਦਿੱਤਾ ਸੀ। ਉਹ ਅੰਨ੍ਹੀ ਹੋਈ ਹੋਈ ਸੀ। ਉਸ ਦਾ ਇਹ ਪਾਗਲਾਂ ਵਾਲਾ ਵਤੀਰਾ ਵੇਖ ਕੇ ਸਧਨਾ ਜੀ ਨੇ ਕਿਹਾ—'ਭੈਣ! ਆਪ ਮੇਰੇ ਕੋਲੋਂ ਜਾਈਏ। ਹਰ ਇਸਤਰੀ ਨੂੰ ਪਤੀਬ੍ਰਤਾ ਰਹਿਣਾ ਚਾਹੀਦਾ ਹੈ। ਮੈਂ ਅਗੇ ਹੀ ਪਾਪਾਂ ਦੇ ਕਾਰਨ ਦਰ-ਬ-ਦਰ ਫਿਰਦਾ ਹਾਂ, ਮੈਨੂੰ ਹੋਰ ਪਾਪਾਂ ਦਾ ਭਾਗੀ ਨਾ ਬਣਾ। ਜਾਹ! ਤੂੰ ਮੇਰੀ ਭੈਣ ਹੈਂ।'

ਉਸ ਇਸਤਰੀ ਦੀ ਪੁਠੀ ਮਤ ਮੰਦੀ ਵਾਸ਼ਨਾ ਦੇ ਕਾਰਨ ਉਸ ਨੇ ਪੁਠਾ ਸੋਚਿਆ। ਉਸ ਨੇ ਖ਼ਿਆਲ ਕੀਤਾ ਕਿ ਸ਼ਾਇਦ ਸੰਤ ਉਹਦੇ ਪਤੀ ਕੋਲੋਂ ਡਰਦਾ ਹੈ। ਉਹ ਪਿਛੇ ਮੁੜੀ ਤੇ ਦਸਾਂ ਕੁ ਮਿੰਟਾਂ ਪਿਛੋਂ ਆਪਣੇ ਪਤੀ ਦਾ ਸਿਰ ਵੱਢ ਕੇ ਸਧਨਾ ਜੀ ਕੋਲ ਲੈ ਆਈ। ਸਧਨਾ ਜੀ ਨੂੰ ਆਪਣੇ ਪਤੀ ਦਾ ਸਿਰ ਵਿਖਾ ਕੇ ਬੋਲੀ—'ਹੇ ਪਿਆਰੇ ਤੇ ਮੇਰੇ ਹਾਣੀ! ਜੇ ਤੈਨੂੰ ਮੇਰੇ ਪਤੀ ਦਾ ਭੈ ਸੀ ਤਾਂ ਇਹ ਲੈ ਉਸ ਦਾ ਸਿਰ। ਮੈਂ ਉਸ ਨੂੰ ਪਤੀ ਨਹੀਂ ਸੀ ਮੰਨਦੀ, ਮੇਰੇ ਮਾਂ ਬਾਪ ਨੇ ਮਲੋ ਮਲੀ ਮੇਰਾ ਵਿਆਹ ਕਰ ਦਿਤਾ ਇਹ ਨਿਕੰਮਾ ਤੇ ਰੋਗੀ ਸੀ। ਇਸ ਨੂੰ ਮਾਰਨਾ ਹੀ ਚਾਹੀਦਾ ਸੀ। ਹੁਣ ਮੈਂ ਆਪ ਨੂੰ ਪਤੀ ਮੰਨਦੀ ਹਾਂ। ਮੇਰੇ ਨਾਲ ਪਿਆਰ ਕਰੋ, ਮੈਨੂੰ ਆਪਣੀ ਬਣਾਵੋ ਤੇ ਮੇਰੀ ਜਵਾਨੀ ਦੇ ਨਸ਼ੇ ਨੂੰ ਲੁਟੋ।

ਛਡੋ ਸਾਰੀਆਂ ਝਿਜਕਾਂ, ਮੈਂ ਆਪ ਨਾਲ ਸੰਤਨੀ ਹੋ ਕੇ ਫਿਰਾਂਗੀ । ਬਸ ਮੈਨੂੰ ਕਬੂਲ ਕਰ ਲਵੋ।'

ਸਧਨਾ ਜੀ ਉਸ ਦੀਆਂ ਸਾਰੀਆਂ ਗੱਲਾਂ ਨੂੰ ਸੁਣਦੇ ਰਹੇ । ਜਦੋਂ ਉਹ ਮਨ ਆਈ ਬਕਵਾਸ ਕਰ ਚੁਕੀ ਤਾਂ ਭਗਤ ਜੀ ਕ੍ਰੋਧਵਾਨ ਹੋ ਕੇ ਬੋਲੇ—'ਚੰਡਾਲਣ! ਪਾਪਨ! ਧਰਮ ਤੇ ਸਮਾਜ ਦੀ ਪ੍ਰਵਾਹ ਨਾ ਕਰ ਕੇ ਮਹਾਨ ਪਾਪ ਕੀਤਾ ਈ। ਇਸ ਦਾ ਫਲ ਤੈਨੂੰ ਨਰਕ ਭੋਗਣਾ ਪਵੇਗਾ । ਮੈਂ ਪਾਪ ਕਰਨ ਵਾਸਤੇ ਤਿਆਰ ਨਹੀਂ ਮੈਂ ਤੇਰੇ ਘਰੋਂ ਚਲਿਆ ਹਾਂ, ਤੂੰ ਜ਼ਹਿਰ ਦੀ ਗੰਦਲ ਹੈਂ । ਠੱਗਣੀ ਹੈਂ, ਉਹ ਨਾਗਨੀ ਹੈਂ ਜਿਸ ਦੇ ਡੰਗ ਦਾ ਇਲਾਜ ਨਹੀਂ । ਕੀ ਮੈਨੂੰ ਵੀ ਨਰਕਾਂ ਦਾ ਭਾਗੀ ਬਣਾਉਂਦੀ ਹੈਂ ਦਫ਼ਾ ਹੋ, ਅੱਖਾਂ ਤੋਂ ਦੂਰ ਹੋ।'

ਇਹ ਆਖ ਕੇ ਸਧਨਾ ਜੀ ਉਥੋਂ ਉਠਣ ਲਗੇ । ਉਹਨਾਂ ਨੂੰ ਉਠਦਿਆਂ ਵੇਖ ਕੇ ਮਹਾਂ ਪਾਪਣ ਤੇ ਹਤਿਆਰੀ ਕੂਕ ਉਠੀ—'ਹੈਂ! ਮੇਰੇ ਪਤੀ ਨੂੰ ਮਾਰ ਕੇ ਮੇਰੇ ਲਈ ਪਾਪ ਕਰਨਾ ਚਾਹੁੰਦਾ ਹੈਂ । ਤੂੰ ਸੰਤ ਨਹੀਂ ਖ਼ੂਨੀ ਹੈਂ । ਹੇ ਲੋਕੋ! ਮੈਂ ਲੁਟੀ ਗਈ । ਨਸੋ! ਦੌੜੋ! ਮੇਰੇ ਪਿਆਰੇ ਪਤੀ ਦਾ ਸੰਤ ਨੇ ਖ਼ੂਨ ਕਰ ਦਿਤਾ। ਫੜੋ ਨਸ ਚਲਿਆ ਜੇ ।' ਉਸ ਪਾਪਣ ਦਾ ਇਹ ਰੌਲਾ ਦੇਖ ਕੇ ਸਧਨਾ ਜੀ ਹੈਰਾਨ ਜ਼ਰੂਰ ਹੋਏ, ਪਰ ਘਬਰਾਏ ਨਹੀਂ, ਉਨ੍ਹਾਂ ਕਿਹਾ ਵੇਖੀ ਜਾਵੇਗੀ ਭਗਵਾਨ ਕੀ ਕਰਦਾ ਹੈ । ਸ਼ਾਇਦ ਮੇਰੇ ਕਿਸੇ ਪਾਪ ਦਾ ਫਲ ਮਿਲਣਾ ਰਹਿ ਗਿਆ ਹੈ, ਜੋ ਮੈਂ ਇਸ ਕਲਜੋਗਣ ਦੇ ਘਰ ਰਾਤ ਕੱਟਣ ਵਾਸਤੇ ਠਹਿਰ ਗਿਆ।

ਉਸ ਇਸਤਰੀ ਦਾ ਰੌਲਾ ਸੁਣ ਕੇ ਲੋਕ ਆ ਗਏ, ਉਹਨਾਂ ਨੇ ਸਧਨਾ ਜੀ ਨੂੰ ਘੇਰ ਲਿਆ । ਫੜ ਕੇ ਹਾਕਮ ਕੋਲ ਜਾ ਪੇਸ਼ ਕੀਤਾ । ਹਾਕਮ ਉਹੋ ਜਿਹਾ ਸੀ, ਉਸ ਨੇ ਝਟ ਸਧਨਾ ਜੀ ਦੇ ਹੱਥ ਕੱਟ ਦੇਣ ਦਾ ਹੁਕਮ ਦੇ ਦਿਤਾ। ਉਸ ਵੇਲੇ ਸਧਨਾ ਜੀ ਨੇ ਪ੍ਰਭੂ ਅਗੇ ਬੇਨਤੀ ਕੀਤੀ—

*ਨ੍ਰਿਪ ਕੰਨਿਆ ਕੇ ਕਾਰਨੈ ਇਕੁ ਭਇਆ ਭੇਖਧਾਰੀ ॥ ਕਾਮਾਰਥੀ ਸੁਆਰਥੀ ਵਾ ਕੀ ਪੈਜ ਸਵਾਰੀ ॥੧॥ ਤਵ ਗੁਨ ਕਹਾ ਜਗਤ ਗੁਰਾ ਜਉ ਕਰਮੁ ਨ ਨਾਸੈ॥ ਸਿੰਘ ਸਰਨ ਕਤ ਜਾਈਐ ਜਉ ਜੰਬੁਕੁ ਗ੍ਰਾਸੈ ॥੧॥ ਰਹਾਉ ॥ ਏਕ ਬੂੰਦ ਜਲ ਕਾਰਨੇ ਚਾਤ੍ਰਿਕੁ ਦੁਖੁ ਪਾਵੈ ॥ ਪ੍ਰਾਨ ਗਏ ਸਾਗਰੁ ਮਿਲੈ ਫੁਨਿ ਕਾਮਿ ਨ ਆਵੈ ॥੨॥ ਪ੍ਰਾਨ ਜੁ ਥਾਕੇ ਥਿਰੁ ਨਹੀ ਕੈਸੇ ਬਿਰਮਾਵਉ ॥ ਬੂਡਿ ਮੂਏ ਨਉਕਾ ਮਿਲੈ ਕਹੁ ਕਾਹਿ ਚਢਾਵਉ ॥੩॥ ਮੈ ਨਾਹੀ ਕਛੁ ਹਉ ਨਹੀ ਕਿਛੁ ਆਹਿ ਨ ਮੋਰਾ॥ ਅਉਸਰ ਲਜਾ ਰਾਖਿ ਲੇਹੁ ਸਧਨਾ ਜਨੁ ਤੋਰਾ ॥੪॥੧॥* (ਬਿਲਾਵਲੁ)

ਭਾਵ—ਹੇ ਭਗਵਾਨ! ਰਾਜ ਕੰਨਿਆਂ ਨੂੰ ਵਿਆਹੁਣ ਵਾਸਤੇ ਇਕ ਤਰਖਾਣ ਨੇ ਵਿਸ਼ਨੂੰ ਰੂਪ ਧਾਰਨ ਕਰ ਲਿਆ ਸੀ, ਉਹ ਕਥਾ ਇਉਂ ਸੀ ਕਿ ਰਾਜ ਕੰਨਿਆਂ ਨੇ ਪ੍ਰਣ ਕੀਤਾ ਕਿ ਉਹ ਵਿਸ਼ਨੂੰ ਬਿਨਾਂ ਕਿਸੇ ਨਾਲ ਸ਼ਾਦੀ ਨਹੀਂ ਕਰੇਗੀ, ਇਕ ਤਰਖਾਣ ਨੇ ਕਿਸੇ ਤਪ ਦੇ ਬਲ ਨਾਲ ਵਿਸ਼ਨੂੰ ਰੂਪ ਤਾਂ ਧਾਰਨ ਕਰ ਲਿਆ ਪਰ ਉਸ ਕੋਲ ਵਿਸ਼ਨੂੰ ਜੀ ਵਾਲੀ ਸ਼ਕਤੀ ਨਹੀਂ ਸੀ, ਪਰ ਲੋੜ ਪੈਣ ਤੇ ਉਸ ਨੇ ਅਰਦਾਸ ਕੀਤੀ ਤਾਂ ਉਸ ਕੋਲ ਸ਼ਕਤੀ ਆ ਗਈ। ਹੇ ਪ੍ਰਭੂ! ਉਸ ਕਾਮੀ ਤੇ ਖ਼ੁਦਗਰਜ਼ ਬੰਦੇ ਦੀ ਵੀ ਲਾਜ ਰੱਖ ਲਈ। ਮੇਰੀ ਇਜ਼ਤ ਕਿਉਂ ਨਹੀਂ ਬਚਾਉਂਦਾ? ਹੇ ਜਗਤ ਪਾਲਕ! ਹੇ ਭਗਵਾਨ! ਤੇਰੀ ਕੀ ਵਡਿਆਈ ਹੈ ਜੇ ਤੇਰੀ ਕ੍ਰਿਪਾ ਨਾਲ ਮੇਰੇ ਕਰਮ ਨਾ ਨਾਸ ਹੋਣ। ਉਸ ਮਨੁਖ ਸ਼ੇਰ ਨੂੰ ਆਪਣਾ ਉਸਤਾਦ ਕਿਉਂ ਮੰਨਣਾ ਹੈ ਜੇ ਗਿੱਦੜਾਂ ਨੇ ਹੀ ਘੇਰੀ ਫਿਰਨਾ ਹੈ। ਜਲ ਦੀ ਇਕ ਬੂੰਦ ਬਦਲੇ ਪਪੀਹਾ ਕੂਕਦਾ ਹੈ। ਜੇ ਉਹ ਤ੍ਰਿਹਾਇਆ ਮਰ ਜਾਵੇ ਤਾਂ ਮੋਏ ਨੂੰ ਸਮੁੰਦਰ ਵਿਚ ਸੁੱਟ ਦਿਤਾ ਜਾਵੇ ਤਾਂ ਉਸ ਨੂੰ ਕੀ ਲਾਭ? ਹੇ ਪ੍ਰਭੂ! ਮੇਰੇ ਨੈਣ ਪ੍ਰਾਣ ਨਹੀਂ ਕੰਮ ਕਰਦੇ। ਦਿਲ ਧੜਕ ਰਿਹਾ ਹੈ। ਮੈਂ ਇਨ੍ਹਾਂ ਨੂੰ ਕਿਵੇਂ ਆਸਰਾ ਦੇਵਾਂ? ਹੇ ਭਗਵਾਨ! ਡੁਬ ਗਏ ਪੁਰਸ਼ ਵਾਸਤੇ ਬੇੜੀ ਕਿਸ ਕੰਮ? ਮੈਂ ਤੇਰਾ ਹਾਂ। ਇਸ ਵੇਲੇ ਮੇਰੀ ਲਾਜ ਰੱਖ।'

ਸਧਨਾ ਜੀ ਦੇ ਹੱਥ ਵੱਢੇ ਗਏ ਪਰ ਹੱਥ ਵੱਢਣ ਪਿਛੋਂ ਹਾਕਮ ਨੂੰ ਸੱਚੀ ਗੱਲ ਦਾ ਪਤਾ ਲਗ ਗਿਆ। ਉਸ ਨੇ ਉਸ ਪਾਪਣ ਇਸਤਰੀ ਨੂੰ ਧਰਤੀ ਵਿਚ ਗੱਡ ਕੇ ਕੁੱਤਿਆਂ ਕੋਲੋਂ ਪੜਵਾ ਦਿੱਤਾ। ਉਸ ਨੂੰ ਬਹੁਤ ਬੁਰੀ ਤਰ੍ਹਾਂ ਮਾਰਿਆ। ਪਾਪਣ ਦੀ ਰੂਹ ਨਰਕਾਂ ਨੂੰ ਗਈ।

ਸਧਨਾ ਜੀ ਦਾ ਦਿਹਾਂਤ ਪੰਜਾਬ ਵਿਚ ਹੋਇਆ। ਸਰਹਿੰਦ (ਪਟਿਆਲਾ) ਵਿਚ ਇਕ ਉਹਨਾਂ ਦੀ ਸਮਾਧ ਵੀ ਹੈ। ਭਗਤ ਜਨੋ! ਪਾਪ ਤੋਂ ਡਰੋ। ਪ੍ਰਭੂ ਨੂੰ ਚੇਤੇ ਰਖੋ।

# ੧੩. ਭਗਤ ਬੇਣੀ ਜੀ

ਗੁਰਮੁਖਿ ਬੇਣੀ ਭਗਤਿ ਕਰਿ ਜਾਇ ਇਕਾਂਤੁ ਬਹੈ ਲਿਵ ਲਾਵੈ।
ਕਰਮ ਕਰੈ ਅਧਿਆਤਮੀ ਹੋਰਸੁ ਕਿਸੈ ਨ ਅਲਖੁ ਲਖਾਵੈ।
ਘਰਿ ਆਇਆ ਜਾ ਪੁਛੀਐ ਰਾਜ ਦੁਆਰਿ ਗਇਆ ਆਲਾਵੈ।
ਘਰਿ ਸਭ ਵਥੂ ਮੰਗੀਅਨਿ ਵਲੁ ਛਲੁ ਕਰਿ ਕੈ ਝਥ ਲੰਘਾਵੈ।
ਵਡਾ ਸਾਂਗੁ ਵਰਤਦਾ ਓਹ ਇਕ ਮਨਿ ਪਰਮੇਸਰੁ ਧਿਆਵੈ।
ਪੈਜ ਸਵਾਰੈ ਭਗਤ ਦੀ ਰਾਜਾ ਹੋਇ ਕੈ ਘਰਿ ਚਲਿ ਆਵੈ।
ਦੇਇ ਦਿਲਾਸਾ ਤੁਸਿ ਕੈ ਅਣਗਣਤੀ ਖਰਚੀ ਪਹੁੰਚਾਵੈ।
ਓਥਹੁ ਆਇਆ ਭਗਤਿ ਪਾਸਿ ਹੋਇ ਦਇਆਲੁ ਹੇਤੁ ਉਪਜਾਵੈ।
ਭਗਤ ਜਨਾਂ ਜੈਕਾਰੁ ਕਰਾਵੈ ॥੧੪॥ (ਭਾਈ ਗੁਰਦਾਸ ਜੀ, ਵਾਰ ੧੦)

ਭਾਵ—ਕਿਸੇ ਮਹਾਂ ਪੁਰਸ਼ ਦੀ ਸੰਗਤ ਦੇ ਕਾਰਨ ਬੇਣੀ ਇਕਾਂਤ ਵਿਚ ਭਗਤੀ ਕਰਨ ਜਾਂਦਾ ਸੀ। ਸਮਾਧੀ ਲਾ ਕੇ ਬੈਠ ਜਾਂਦਾ ਸੀ। ਉਹ ਭਗਤੀ ਨੂੰ ਕਰਦਾ ਹੋਇਆ ਪ੍ਰਗਟ ਨਾ ਕਰਦਾ, ਗੁਪਤ ਰੱਖਦਾ। ਜਦੋਂ ਘਰ ਆਉਂਦਾ ਤਾਂ ਉਸ ਦੀ ਇਸਤਰੀ ਪੁਛਦੀ ਕਿਥੇ ਗਿਆ ਸੀ ? ਤਾਂ ਆਖਦਾ ਰਾਜੇ ਦੇ ਦਰਬਾਰ ਕਥਾ ਕਰਨ ਗਿਆ ਸਾਂ। ਇਸਤਰੀ ਘਰ ਦੀਆਂ ਲੋੜਾਂ ਮੰਗਦੀ, ਭਗਤ ਝੂਠ ਬੋਲ ਕੇ ਦਿਨ ਟਪਾਉਂਦਾ ਰਹਿੰਦਾ। ਇਸਤਰੀ ਰੋਜ਼ ਤੰਗ ਕਰਦੀ। ਇਕ ਦਿਨ ਭਗਤ ਨੇ ਸਚੇ ਦਿਲ ਨਾਲ ਭਗਵਾਨ ਨੂੰ ਧਿਆਇਆ, ਭਗਵਾਨ ਨੇ ਸ੍ਵਾਂਗ ਵਰਤਿਆ। ਭਗਤ ਦੀ ਲਾਜ ਰੱਖਣ ਵਾਸਤੇ ਭਗਵਾਨ ਰਾਜੇ ਦਾ ਰੂਪ ਧਾਰ ਕੇ ਬੇਣੀ ਦੇ ਘਰ ਸਾਰੇ ਪਦਾਰਥ ਦੇਣ ਵਾਸਤੇ ਆਇਆ, ਬੇਣੀ ਦੀ ਇਸਤਰੀ ਨੂੰ ਨਿਮਰਤਾ ਨਾਲ ਦਿਲਾਸਾ ਦਿਤਾ। ਚਿੰਤਾ ਨਾ ਕਰਿਆ ਕਰ। ਭਗਵਾਨ ਉਸ ਦੀ ਇਸਤਰੀ ਕੋਲੋਂ ਉਠ ਕੇ ਭਗਤ ਕੋਲ ਜੰਗਲ ਵਿਚ ਗਿਆ। ਉਸ ਨੂੰ ਦਰਸ਼ਨ ਦਿਤੇ। ਭਾਈ ਜੀ ਆਖਦੇ ਨੇ ਭਗਤ ਜਨਾਂ ਨੂੰ ਪ੍ਰਭੂ ਸਦਾ ਤਾਰਦਾ ਰਹਿੰਦਾ ਹੈ। ਉਹਨਾਂ ਦੀ ਉਪਮਾ ਹੁੰਦੀ ਹੈ।

ਇਹ ਬੇਣੀ ਭਗਤ ਦਾ ਪੂਰਾ ਨਾਮ ਬ੍ਰਹਮ ਭਾਟ ਬੇਣੀ ਸੀ, ਆਪ ਸੰਮਤ ੧੬੩੦ ਬਿਕ੍ਰਮੀ ਨੂੰ ਅਸਨੀ ਨਗਰ ਵਿਚ ਪੈਦਾ ਹੋਏ। ਆਪ ਬਾਰੇ ਬਹੁਤਾ ਇਤਿਹਾਸ ਤਾਂ ਨਹੀਂ ਮਿਲਦਾ। ਇਕ ਜੀਵਨ ਘਟਨਾ ਮਿਲਦੀ ਹੈ ਜੋ ਭਾਈ

ਗੁਰਦਾਸ ਜੀ ਨੇ ਉਪਰਲੀ ਪਉੜੀ ਵਿਚ ਬਿਆਨ ਕੀਤੀ ਹੈ। ਉਸ ਨੂੰ ਮਨ ਇਕਾਗਰ ਕਰ ਕੇ ਸੁਣੋ।

ਬੇਣੀ ਜੀ ਜਾਤ ਦੇ ਬ੍ਰਾਹਮਣ ਸਨ। ਘਰ ਵਿਚ ਗ਼ਰੀਬੀ ਬਹੁਤ ਸੀ, ਗ਼ਰੀਬੀ ਤੋਂ ਤੰਗ ਹੋ ਕੇ ਉਦਾਸ ਚਿਤ ਫਿਰਿਆ ਕਰਦੇ ਸਨ। ਇਕ ਦਿਨ ਇਕ ਮਹਾਂ ਪੁਰਸ਼ ਮਿਲ ਗਏ। ਉਸ ਅਗੇ ਦਿਲ ਦੀ ਬਾਤ ਤੇ ਘਰ ਦੀ ਹਾਲਤ ਖੋਲ੍ਹ ਕੇ ਦੱਸੀ। ਉਸ ਮਹਾਂ ਪੁਰਸ਼ ਨੇ ਬੇਣੀ ਜੀ ਨੂੰ ਨੇਕ ਸਲਾਹ ਦਿੱਤੀ ਕਿ ਭਗਵਾਨ ਦੀ ਭਗਤੀ ਕਰਿਆ ਕਰੋ। ਭਗਤੀ ਨਾਲ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਉਸ ਦੇ ਆਖੇ ਲੱਗ ਕੇ ਬੇਣੀ ਜੀ ਰੋਜ਼ ਘਰੋਂ ਨਿਕਲ ਜਾਂਦੇ। ਸਵੇਰੇ ਜਾਂਦੇ ਤੇ ਸ਼ਾਮ ਨੂੰ ਆਉਂਦੇ। ਸਾਰਾ ਦਿਨ ਜੰਗਲ ਵਿਚ ਬੈਠ ਕੇ ਇਕ ਮਨ ਹੋ ਕੇ ਭਗਵਾਨ ਦੀ ਭਗਤੀ ਕਰਦੇ ਰਹਿੰਦੇ। ਘਰ ਆਏ ਨੂੰ ਉਸ ਦੀ ਇਸਤਰੀ ਪੁੱਛਦੀ—'ਜੀ ਕਿਥੇ ਗਏ ਸੀ ?' ਤਾਂ ਉਸ ਨੂੰ ਉੱਤਰ ਦੇ ਛੱਡਦੇ 'ਰਾਜੇ ਦੇ ਦਰਬਾਰ ਕਥਾ ਕਰਨ ਵਾਸਤੇ ਗਿਆ ਸਾਂ। ਰਾਜਾ ਬਹੁਤ ਚੰਗਾ ਹੈ। ਕਥਾ ਸਮਾਪਤ ਹੋਣ ਤੇ ਉਹ ਜ਼ਰੂਰ ਬਹੁਤ ਧਨ ਦੇਵੇਗਾ।' ਪਰ ਘਰ ਵਾਸਤੇ ਚੀਜ਼ਾਂ ਦੀ ਰੋਜ਼ ਲੋੜ ਸੀ, ਕਥਾ ਸਮਾਪਤੀ ਨੂੰ ਕੌਣ ਉਡੀਕੇ। ਇਕ ਦਿਨ ਉਸ ਦੀ ਇਸਤਰੀ ਕਪੜਿਆਂ ਤੋਂ ਬਾਹਰ ਹੋ ਗਈ। ਉਹ ਬੋਲੀ—'ਸੁਣੋ ਜੀ! ਅੱਜ ਕੁਝ ਨਾ ਕੁਝ ਜ਼ਰੂਰ ਲਿਆਉਣਾ। ਨਹੀਂ ਤੇ ਘਰ ਆਉਣ ਦੀ ਕੋਈ ਲੋੜ ਨਹੀਂ, ਮੈਂ ਵੀ ਮਰ ਜਾਵਾਂਗੀ ਤੇ ਬੱਚਿਆਂ ਨੂੰ ਵੀ ਨਦੀ ਵਿਚ ਸੁੱਟ ਦੇਵਾਂਗੀ। ਮੈਂ ਤੰਗ ਆ ਗਈ ਹਾਂ ਲਾਰਿਆਂ ਤੋਂ। ਰਾਤ ਦਿਨੇ ਝੂਠ ਮਾਰੀ ਜਾਂਦੇ ਜੇ। ਚੁਲ੍ਹੇ ਵਿਚ ਪਵੇ ਰਾਜਾ ਤੇ ਰਾਜੇ ਦੀ ਕਥਾ ਜੇ ਰੋਟੀ ਖਾਣ ਵਾਸਤੇ ਨਹੀਂ ਮਿਲਦੀ ਤਾਂ। ਇਸਤਰੀ ਗਰਮ ਹੁੰਦੀ ਗਈ। ਬੇਣੀ ਠੰਢੇ ਹੁੰਦੇ ਗਏ। ਆਖ਼ਰ ਘਰੋਂ ਨਿਕਲ ਗਏ ਤੇ ਜੰਗਲ ਵਿਚ ਜਾ ਕੇ ਅਗੇ ਨਾਲੋਂ ਬਹੁਤੀ ਅਰਾਧਨਾ ਕਰਨ ਲਗੇ। ਉਸ ਦੀ ਭਗਤੀ ਉੱਤੇ ਪ੍ਰਭੂ ਬਹੁਤ ਖ਼ੁਸ਼ ਹੋ ਗਿਆ। ਉਸ ਦੀ ਗ਼ਰੀਬੀ ਨੂੰ ਦੂਰ ਕਰਨ ਵਾਸਤੇ ਇਕ ਰਾਜੇ ਦਾ ਰੂਪ ਧਾਰਨ ਕਰ ਕੇ ਬੇਣੀ ਦੇ ਘਰ ਪਹੁੰਚ ਗਿਆ। ਦੋ ਗੱਡੇ ਅੰਨ, ਘਿਓ, ਗੁੜ, ਦਾਲਾਂ ਆਦਿਕ ਨਾਲ ਲੱਦੇ ਹੋਏ। ਉਸ ਦੇ ਘਰ ਜਾ ਖੜੇ ਕੀਤੇ। ਬੇਣੀ ਜੀ ਦੀ ਇਸਤਰੀ ਨੂੰ ਬੜੇ ਸਤਿਕਾਰ ਨਾਲ ਆਖਿਆ—'ਦੇਵੀ ਜੀ! ਆਪ ਦੇ ਪਤੀ ਬੇਣੀ ਜੀ ਰੋਜ਼ ਰਾਜ ਦਰਬਾਰ ਕਥਾ ਕਰਨ ਜਾਂਦੇ ਨੇ। ਉਹ ਅਜੇ ਕਥਾ ਕਰ ਰਹੇ ਨੇ। ਰਾਜੇ ਵਲੋਂ ਇਹ

ਚੀਜ਼ਾਂ ਘਰ ਦੇ ਗੁਜਾਰੇ ਵਾਸਤੇ ਦਿਤੀਆਂ ਜਾਂਦੀਆਂ ਹਨ। ਨਾਲ ਹੀ ਸੋਨਾ ਤੇ ਧਨ ਦਿਤਾ। ਬੇਣੀ ਜੀ ਦੀ ਇਸਤਰੀ ਖ਼ੁਸ਼ ਹੋ ਗਈ। ਚੀਜ਼ਾਂ ਨਾਲ ਘਰ ਭਰ ਗਿਆ।

ਭਗਵਾਨ ਘਰੋਂ ਤੁਰ ਕੇ ਬੇਣੀ ਜੀ ਕੋਲ ਪੁਜੇ। ਉਸ ਨੂੰ ਪ੍ਰਤੱਖ ਦਰਸ਼ਨ ਦੇ ਕੇ ਆਖਿਆ—'ਬੇਣੀ ਜਾਹ ਤੇਰੀਆਂ ਸਾਰੀਆਂ ਆਸਾਂ ਪੂਰਨ ਕਰ ਦਿੱਤੀਆਂ ਹਨ। ਤੂੰ ਘਰ ਜਾਹ ਹੁਣ ਜੰਗਲ ਵਿਚ ਬੈਠਣ ਦੀ ਲੋੜ ਨਹੀਂ। ਘਰ ਬੈਠ ਕੇ ਹੀ ਮੇਰੀ ਭਗਤੀ ਕਰ, ਸੰਤਾਂ ਦੀ ਸੇਵਾ ਕਰ। ਕਿਸੇ ਚੀਜ਼ ਦੀ ਥੁੜੋਂ ਨਹੀਂ ਆਵੇਗੀ।' ਇਹ ਆਖ ਕੇ ਪ੍ਰਭੂ ਜੀ ਅਲੋਪ ਹੋ ਗਏ। ਅਨੰਦ ਮਗਨ ਬੇਣੀ ਜੀ ਘਰ ਆਏ ਤੇ ਅਗੇ ਰਾਗ ਰੰਗ ਹੋ ਰਹੇ ਸਨ। ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬੇਣੀ ਜੀ ਦੇ ਤਿੰਨ ਸ਼ਬਦ ਹਨ, ਇਕ ਹੇਠਾਂ ਦਿਤਾ ਜਾਂਦਾ ਹੈ ਪੜ੍ਹਕੇ ਜੀਵਨ ਸਫਲ ਕਰੋ—

*ਤਨਿ ਚੰਦਨੁ ਮਸਤਕਿ ਪਾਤੀ ॥ ਰਿਦ ਅੰਤਰਿ ਕਰ ਤਲ ਕਾਤੀ ॥ ਠਗ ਦਿਸਟਿ ਬਗਾ ਲਿਵ ਲਾਗਾ ॥ ਦੇਖਿ ਬੈਸਨੌ ਪ੍ਰਾਨ ਮੁਖ ਭਾਗਾ ॥੧॥ ਕਲਿ ਭਗਵਤ ਬੰਦ ਚਿਰਾਮੰ ॥ ਕ੍ਰੂਰ ਦਿਸਟਿ ਰਤਾ ਨਿਸਿ ਬਾਦੰ ॥੧॥ ਰਹਾਉ ॥ ਨਿਤਪ੍ਰਤਿ ਇਸਨਾਨੁ ਸਰੀਰੰ ॥ ਦੁਇ ਧੋਤੀ ਕਰਮ ਮੁਖਿ ਖੀਰੰ ॥ ਰਿਦੈ ਛੁਰੀ ਸੰਧਿਆਨੀ ॥ ਪਰ ਦਰਬੁ ਹਿਰਨ ਕੀ ਬਾਨੀ ॥੨॥ ਸਿਲ ਪੂਜਸਿ ਚਕ੍ਰ ਗਣੇਸੰ ॥ ਨਿਸਿ ਜਾਗਸਿ ਭਗਤਿ ਪ੍ਰਵੇਸੰ ॥ ਪਗ ਨਾਚਸਿ ਚਿਤੁ ਅਕਰਮੰ ॥ ਏ ਲੰਪਟ ਨਾਚ ਅਧਰਮੰ ॥੩॥ ਮ੍ਰਿਗ ਆਸਣੁ ਤੁਲਸੀ ਮਾਲਾ ॥ ਕਰ ਊਜਲ ਤਿਲਕੁ ਕਪਾਲਾ ॥ ਰਿਦੈ ਕੂੜੁ ਕੰਠਿ ਰੁਦ੍ਰਾਖੰ ॥ ਰੇ ਲੰਪਟ ਕ੍ਰਿਸਨੁ ਅਭਾਖੰ ॥੪॥ ਜਿਨਿ ਆਤਮ ਤਤੁ ਨ ਚੀਨ੍ਹਿਆ ॥ ਸਭ ਫੋਕਟ ਧਰਮ ਅਬੀਨਿਆ ॥ ਕਹੁ ਬੇਣੀ ਗੁਰਮੁਖਿ ਧਿਆਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੫॥੧॥* (ਪ੍ਰਭਾਤੀ)

ਭਾਵ—ਭਗਤ ਬੇਣੀ! ਪਖੰਡੀ ਤੇ ਜਗਤ ਲੁਟੇਰਿਆਂ ਸੰਤਾਂ ਤੇ ਪੰਡਤਾਂ ਨੂੰ ਉਪਦੇਸ਼ ਦੇਂਦੇ ਹਨ। ਕਹਿੰਦੇ ਹਨ—'ਹੇ ਪੁਰਸ਼ਾ! ਤਨ ਨੂੰ ਚੰਦਨ ਤੇ ਮਥੇ ਨੂੰ ਤੁਲਸੀ ਦੇ ਪੱਤੇ ਲਾ ਕੇ ਵਿਚਰ ਰਿਹਾ ਹੈਂ। ਪਰ ਤੇਰੇ ਹਿਰਦੇ ਵਿਚ ਛੁਰੀ ਹੈ। ਪਾਪੀ ਹੈਂ, ਤੇਰੀ ਨਿਗਾਹ ਠੱਗਾਂ ਵਾਲੀ ਹੈ ਤੇ ਸਮਾਧੀ ਬਗਲਿਆਂ ਵਰਗੀ ਜੋ ਜਲ ਕਿਨਾਰੇ ਆਏ ਛੋਟੇ ਜੀਵਾਂ ਨੂੰ ਖਾ ਜਾਂਦਾ ਹੈ। ਦੇਖਣ ਨੂੰ ਵਿਸ਼ਨੂੰ ਭਗਤ ਪ੍ਰਤੀਤ ਹੁੰਦਾ ਹੈਂ। ਸਮਾਧੀ ਇਸ ਤਰ੍ਹਾਂ ਲਾਈ ਬੈਠਾ ਹੈਂ ਜਿਵੇਂ ਮੁਰਦਾ ਸਰੀਰ ਹੁੰਦਾ ਹੈ, ਸਾਰਾ ਦਿਨ ਤਾਂ ਵਾਹਿਗੁਰੂ ਦੀ ਭਗਤੀ ਕਰਨ 'ਚ ਰੁਝਾ

ਰਹਿੰਦਾ ਹੈਂ, ਪਰ ਰਾਤ ਨੂੰ ਕੁੱਤੇ ਦੀ ਤਰ੍ਹਾਂ ਇਸਤਰੀ ਪਿਛੇ ਪਾਪ ਕਰਮ ਕਰਨ ਵਾਸਤੇ ਫਿਰਦਾ ਹੈਂ। ਜਗਤ ਨੂੰ ਧੋਖਾ ਦੇਣ ਵਾਸਤੇ ਦੋ ਧੋਤੀਆਂ ਰਖਦਾ ਹੈਂ ਇਸ਼ਨਾਨ ਵਾਸਤੇ, ਵਰਤ ਰੱਖਦਾ ਹੈਂ। ਇਉਂ ਸਰੀਰ ਨੂੰ ਕਸ਼ਟ ਦੇਂਦਾ ਹੈਂ। ਹਿਰਦੇ ਵਿਚ ਬੇਈਮਾਨੀ ਦੀ ਛੁਰੀ ਹੈ, ਪਰਾਏ ਧਨ ਨੂੰ ਲੁਟਦਾ ਹੈਂ। ਪੱਥਰ ਦੀ ਪੂਜਾ ਕਰਦਾ ਹੈਂ। ਦਵਾਰਕਾ ਨਗਰ ਵਿਚ ਜਾ ਕੇ ਗਣੇਸ਼ ਨੂੰ ਮਨਾਉਂਦਾ ਤੇ ਸਰੀਰ ਤੇ ਕਸ਼ਟ ਉਠਾਉਂਦਾ ਹੈਂ। ਪ੍ਰਭੂ ਦੀ ਮੂਰਤੀ ਅਗੇ ਨੱਚਦਾ ਹੈਂ, ਪਰ ਪ੍ਰੇਮ ਤੇ ਸ਼ਰਧਾ ਕਰਕੇ ਨਹੀਂ, ਸਗੋਂ ਠੱਗੀ ਤੇ ਧਰਮ ਵਾਸਤੇ ਨੱਚਦਾ ਹੈਂ। ਭਗਤੀ ਕਰਨ ਵੇਲੇ ਮ੍ਰਿਗਸ਼ਾਲ ਵਿਛਾ ਬੈਠਦਾ ਹੈਂ। ਹੱਥਾਂ ਵਿਚ ਤੁਲਸੀ ਮਾਲਾ ਤੇ ਮੱਥੇ ਵਿਚ ਚੰਦਨ ਦਾ ਤਿਲਕ ਲਾਈ ਰੱਖਦਾ ਹੈਂ। ਹਿਰਦੇ ਵਿਚ ਕੂੜ ਤੇ ਗਲ ਰੁਦਰਾਖ ਦੀ ਮਾਲਾ, ਮੂੰਹੋਂ ਰਾਧੇ ਸ਼ਾਮ ਦਾ ਜਾਪ ਤੇ ਅੰਦਰ ਇਸਤਰੀ ਭੋਗ ਵਾਸ਼ਨਾ ਦੀ ਤੜਪ। ਸਿਧੀ ਗੱਲ ਇਹ ਹੈ ਕਿ ਜਿਸ ਨੇ ਪ੍ਰਭੂ ਨੂੰ ਚੰਗੀ ਤਰ੍ਹਾਂ ਨਹੀਂ ਪਛਾਣਿਆ, ਜੋ ਗਿਆਨ ਨੂੰ ਸਮਝ ਕੇ ਭਗਤੀ ਨਹੀਂ ਕਰਦਾ ਉਸ ਦੀ ਭਗਤੀ ਬੇਅਰਥ ਹੈ। ਬੇਣੀ ਜੀ ਆਖਦੇ ਹਨ—ਕੋਈ ਗੁਰਮੁਖ ਹੀ ਪ੍ਰਭੂ ਨੂੰ ਸੱਚੇ ਦਿਲੋਂ ਯਾਦ ਕਰਦੇ ਨੇ, ਉਹ ਵੀ ਜਿਨ੍ਹਾਂ ਨੂੰ ਸੱਚਾ ਸਤਿਗੁਰੂ ਮਿਲਿਆ ਹੈ ਤੇ ਉਸ ਨੇ ਭਗਤੀ ਮਾਰਗ ਦੱਸਿਆ ਹੈ।

# ੧੪. ਭਗਤ ਭੀਖਣ ਜੀ

ਭਗਤ ਭੀਖਣ ਜੀ ਮੁਸਲਮਾਨ ਸਨ, ਇਹ ਸੂਫੀ ਮੁਸਲਮਾਨ ਸਨ। ਆਪ ਦਾ ਜਨਮ ਕਾਕੋਰੀ (ਜ਼ਿਲ੍ਹਾ ਲਖਨਊ) ਵਿਚ ਹੋਇਆ। ਆਪ ਦਾ ਗੁਰੂ ਸੱਯਦ ਪੀਰ ਇਬਰਾਹੀਮ ਸੀ। ਇਨ੍ਹਾਂ ਦੇ ਕੇਵਲ ਦੋ ਸ਼ਬਦ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਿਤੇ ਹੋਏ ਹਨ। ਆਪ ਦੀ ਬਾਣੀ ਵਿਚ ਵੈਰਾਗ ਬਹੁਤ ਹੈ, ਜਿਵੇਂ ਆਪ ਫ਼ੁਰਮਾਉਂਦੇ ਹਨ—

*ਨੈਨਹੁ ਨੀਰੁ ਬਹੈ ਤਨੁ ਖੀਨਾ ਭਏ ਕੇਸ ਦੁਧ ਵਾਨੀ ॥ ਰੂਧਾ ਕੰਠੁ ਸਬਦੁ ਨਹੀ ਉਚਰੈ ਅਬ ਕਿਆ ਕਰਹਿ ਪਰਾਨੀ ॥੧॥ ਰਾਮ ਰਾਇ ਹੋਹਿ ਬੈਦ ਬਨਵਾਰੀ ॥ ਅਪਨੇ ਸੰਤਹ ਲੇਹੁ ਉਬਾਰੀ ॥੧॥ ਰਹਾਉ ॥ ਮਾਥੇ ਪੀਰ ਸਰੀਰਿ ਜਲਨਿ ਹੈ ਕਰਕ ਕਰੇਜੇ*

*ਮਾਹੀ ॥ ਐਸੀ ਬੇਦਨ ਉਪਜਿ ਖਰੀ ਭਈ ਵਾ ਕਾ ਅਉਖਧੁ ਨਾਹੀ ॥੨॥ ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ ਇਹੁ ਅਉਖਧੁ ਜਗਿ ਸਾਰਾ ॥ ਗੁਰ ਪਰਸਾਦਿ ਕਹੈ ਜਨੁ ਭੀਖਨੁ ਪਾਵਉ ਮੋਖ ਦੁਆਰਾ ॥੩॥੧॥* (ਸੋਰਠਿ)

ਭਾਵ—ਭਗਤ ਜੀ ਬੁਢੇਪੇ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ, ਤਨ ਬਹੁਤ ਕਮਜ਼ੋਰ ਹੋ ਚੁੱਕਾ ਹੈ। ਅੱਖਾਂ ਵਿਚੋਂ ਪਾਣੀ ਆਉਂਦਾ ਹੈ ਤੇ ਵਾਲ ਚਿੱਟੇ ਹੋ ਗਏ ਹਨ। ਸੰਘ ਸੁਕਣ ਲੱਗ ਪਿਆ ਬਲਗਮ ਨਾਲ। ਪੇਸ਼ ਕੋਈ ਨਹੀਂ ਜਾਂਦੀ। ਇਸ ਬੁਢੇਪੇ ਵਿਚ ਦਸ ਪੁਰਸ਼ਾ! ਤੂੰ ਕੀ ਕਰ ਸਕਦਾ ਹੈਂ? ਬਸ ਪ੍ਰਭੂ ਅਗੇ ਅਰਦਾਸ ਕੀਤੀ ਜਾਵੇ—'ਹੇ ਪ੍ਰਭੂ, ਮੇਰੇ ਦੁੱਖ ਦਾ ਇਲਾਜ ਕਰ। ਸੰਤ ਤੇਰੇ ਹਨ। ਸੰਤਾਂ ਦਾ ਪਾਰ ਉਤਾਰਾ ਕਰ। ਤਨ ਵਿਚ ਜਲਨ ਹੈ, ਸਿਰ ਵਿਚ ਪੀੜ ਹੈ। ਐਸਾ ਰੋਗ ਲੱਗ ਗਿਆ ਹੈ ਜਿਸ ਦੀ ਕੋਈ ਦਵਾਈ ਨਹੀਂ। ਹਾਂ ਕੋਈ ਦਵਾਈ ਨਹੀਂ, ਮੈਂ ਤਾਂ ਸਮਝਦਾ ਹਾਂ ਇਕ ਹਰਿ ਨਾਮ ਅੰਮ੍ਰਿਤ ਹੀ ਹੈ ਜੋ ਸਾਰੇ ਸੰਸਾਰ ਲਈ ਰੋਗ ਵਾਸਤੇ ਚੰਗਾ ਹੈ। ਪਰ ਇਹ ਗੁਰੂ ਦੀ ਕਿਰਪਾ ਨਾਲ ਹੀ ਮਿਲਦਾ ਹੈ।

ਭੀਖਣ ਜੀ ਸੂਫ਼ੀ ਫ਼ਕੀਰਾਂ ਨਾਲ ਫਿਰ ਕੇ ਇਸ ਤਰ੍ਹਾਂ ਵੈਰਾਗ ਤੇ ਭਗਤੀ ਦਾ ਉਪਦੇਸ਼ ਕਰਦੇ ਰਹੇ। ਆਪ ਦਾ ਦਿਹਾਂਤ ੧੬੩੧ ਬਿ: ਵਿਚ ਹੋਇਆ।

# ੧੫. ਬਾਬਾ ਫਰੀਦ ਜੀ

## ਜਨਮ ਤੇ ਮਾਂ-ਬਾਪ

ਬਾਬਾ ਫਰੀਦ ਜੀ ਮੁਸਲਮਾਨ ਸੂਫ਼ੀ ਫ਼ਕੀਰ ਸਨ। ਉਹ ਇਕ ਮਹਾਨ ਹਸਤੀ ਹੋਏ ਹਨ। ਇਨ੍ਹਾਂ ਦਾ ਅਸਲੀ ਨਾਮ ਸ਼ੇਖ ਫਰੀਦ ਮਸ਼ਊਦ ਸ਼ਕਰ ਗੰਜ ਸੀ। ਪਿਤਾ ਦਾ ਨਾਮ ਸ਼ੇਖ ਜਮਾਲ ਸੁਲੇਮਾਨ ਤੇ ਮਾਤਾ ਜੀ ਦਾ ਨਾਮ ਮਰੀਅਮ ਸੀ। ਆਪ ਗ਼ਜ਼ਨੀ ਦੇ ਸ਼ਾਹੀ ਖ਼ਾਨਦਾਨ ਨਾਲ ਸਬੰਧ ਰਖਦੇ ਸਨ। ਆਪ ਦਾ ਪਿਤਾ ਸੁਲਤਾਨ ਮਹਿਮੂਦ ਗ਼ਜ਼ਨਵੀ ਦਾ ਭਤੀਜਾ ਸੀ। ਸੁਲੇਮਾਨ ਜੀ ਹਿੰਦ ਵਿਚ ਆ ਗਏ। ਪਹਿਲਾਂ ਲਾਹੌਰ ਫਿਰ ਕਸੂਰ ਤੇ ਅਖ਼ੀਰ ਮੁਲਤਾਨ (ਪਾਕਪਟਨ) ਜਾ ਕੇ ਰਹੇ।

ਬਾਬਾ ਫਰੀਦ ਜੀ ਪਿੰਡ ਖੋਤਵਾਲ ਜ਼ਿਲ੍ਹਾ ਮੁਲਤਾਨ ਵਿਚ ਸੰਨ ੧੧੭੩ ਈ: ਨੂੰ ਜਨਮੇ। ਆਪ ਬਚਪਨ ਤੋਂ ਹੀ ਬੜੇ ਹੋਣਹਾਰ ਤੇ ਵਾਹਿਗੁਰੂ ਦੇ ਪਿਆਰੇ ਸਨ। ਭਗਤੀ ਦੀ ਲਗਨ ਉਨ੍ਹਾਂ ਨੂੰ ਉਨ੍ਹਾਂ ਦੀ ਮਾਂ ਕੋਲੋਂ ਲੱਗੀ ਸੀ। ਉਨ੍ਹਾਂ ਦੀ ਮਾਤਾ ਬਹੁਤ ਨੇਕ ਤੇ ਭਗਤੀ ਵਾਲੀ ਸੀ। ਜਿਸ ਦਾ ਫਲ ਇਹ ਹੋਇਆ ਕਿ ਫਰੀਦ ਜੀ ਸੱਤ ਸਾਲ ਦੀ ਉਮਰ ਵਿਚ ਇਸਲਾਮ ਮਤ ਦੇ ਸਾਰੇ ਅਸੂਲਾਂ ਨੂੰ ਜਾਣ ਗਏ। ਕੁਰਾਨ ਸ਼ਰੀਫ਼ ਨੂੰ ਆਪ ਨੇ ਜ਼ਬਾਨੀ ਰਟਨ ਕਰ ਲਿਆ। ਕੁਰਾਨ ਸ਼ਰੀਫ਼ ਦੇ ਗਿਆਨ ਨੇ ਉਸ ਦੇ ਮਨ ਨੂੰ ਤਸੱਲੀ ਨਾ ਦਿੱਤੀ। ਸੰਸਾ ਦੂਰ ਨਾ ਹੋਇਆ। ਸ਼ਰ੍ਹਾ ਦੀਆਂ ਪਾਬੰਦੀਆਂ ਨੇ ਸਗੋਂ ਉਸ ਨੂੰ ਭਰਮਾਂ ਵਿਚ ਪਾ ਦਿੱਤਾ। ਸੂਫ਼ੀ ਫ਼ਕੀਰਾਂ ਦੀ ਸੰਗਤ ਹੋ ਗਈ। ਉਨ੍ਹਾਂ ਨੇ ਜਦੋਂ ਦੇਖਿਆ ਕਿ ਫਰੀਦ ਆਮ ਬੱਚਿਆਂ ਵਰਗਾ ਮਨੁਖ ਨਹੀਂ, ਕੋਈ ਹੋਣਹਾਰ ਅੱਲਾ ਦਾ ਬੰਦਾ ਹੈ ਤਾਂ ਉਨ੍ਹਾਂ ਨੇ ਪ੍ਰੇਰ ਕੇ ਆਪਣੇ ਵਲ ਖਿੱਚ ਲਿਆ। ਬਾਰਾਂ ਸਾਲ ਤੋਂ ਪਹਿਲਾਂ ਪਹਿਲਾਂ ਉਹ ਰੱਬੀ ਗਿਆਨ ਵਿਚ ਕੁਝ ਸਿਆਣੇ ਹੋ ਗਏ।

## ਜੰਗਲਾਂ ਵਿਚ ਪਹਿਲੀ ਵਾਰ ਤਪੱਸਿਆ

ਧ੍ਰੂ ਭਗਤ ਵਾਂਗ ਪ੍ਰਮਾਤਮਾ ਦੀ ਭਗਤੀ ਕਰਨ ਵਾਸਤੇ ਫਰੀਦ ਜੀ ਛੋਟੀ ਉਮਰ ਵਿਚ ਹੀ ਘਰੋਂ ਨਿਕਲ ਗਏ। ਪਾਕਪਟਨ ਦੇ ਚੌਗਿਰਦੇ ਘਨੇ ਜੰਗਲ ਸਨ। ਲੰਮੇਰੀਆਂ ਤੇ ਮਨੁਖ ਰਹਿਤ ਜੂਹਾਂ ਵਿਚ ਫਿਰਦੇ ਹੋਏ ਤਪੱਸਿਆ ਕਰਨ ਲਗੇ, ਜੰਗਲਾਂ ਵਿਚ ਅੰਨ ਤਾਂ ਮਿਲਦਾ ਨਹੀਂ, ਜੰਗਲਾਂ 'ਚੋਂ ਵਣਾਂ ਦੀਆਂ ਪੀਹਲੂ ਤੇ ਕਈਆਂ ਦਰਖ਼ਤਾਂ ਦੇ ਫੁਲ ਪੱਤੇ ਖਾ ਕੇ ਗੁਜ਼ਰਾਨ ਕਰਦੇ, ਇਸ ਤਰ੍ਹਾਂ ਇਨ੍ਹਾਂ ਨੂੰ ਤਪ ਕਰਦਿਆਂ ਬਾਰਾਂ ਸਾਲ ਲੰਘ ਗਏ। ਸੁਣਿਆ ਸੀ ਕਿ ਤਪੱਸਿਆ ਕਰਦਿਆਂ ਬਾਰਾਂ ਸਾਲ ਬੀਤ ਜਾਣ ਪਰ ਪ੍ਰਮਾਤਮਾ ਖ਼ੁਸ਼ ਹੋ ਜਾਂਦਾ ਹੈ। ਰਿਧੀਆਂ ਸਿਧੀਆਂ ਹਾਸਲ ਹੋ ਜਾਂਦੀਆਂ ਹਨ। ਭਗਤੀ ਕਰ ਕੇ ਘਰ ਨੂੰ ਮੁੜਨ ਲਗੇ। ਰਾਹ ਵਿਚ ਚਿੜੀਆਂ ਬੈਠੀਆਂ ਸਨ। ਚਿਤ ਵਿਚ ਉਪਜੀ ਕਿ ਪਤਾ ਤਾਂ ਕਰੀਏ ਤਪ ਕਰਨ ਬਦਲੇ ਕੋਈ ਰੱਬੀ ਬਲ ਵੀ ਮਿਲਿਆ ਹੈ ਕਿ ਨਹੀਂ। ਉਸ ਨੇ ਚਿੜੀਆਂ ਨੂੰ ਆਖਿਆ—'ਚਿੜੀਓ ਮਰ ਜਾਵੋ।' ਉਹ ਸਾਰੀਆਂ ਚਿੜੀਆਂ ਮਰ ਗਈਆਂ। ਦੂਸਰੀ ਵਾਰ ਆਖਿਆ—'ਚਿੜੀਓ ਉਡ ਜਾਵੋ।' ਉਹ ਸਾਰੀਆਂ ਚਿੜੀਆਂ ਉੱਡ ਗਈਆਂ। ਬਲ ਦੀ ਪਰਖ ਤਾਂ ਕਰ ਲਈ, ਪਰ ਚਿਤ 'ਚ

ਹਉਮੈਂ ਉਪਜ ਪਈ। ਥੋੜ੍ਹਾ ਜਿਹਾ ਬੇਮਾਲੂਮਾ ਮਾਣ ਹੋ ਗਿਆ ਜੋ ਇਕ ਫ਼ਕੀਰ ਵਾਸਤੇ ਚੰਗਾ ਨਹੀਂ ਹੁੰਦਾ। ਅਗੇ ਤੁਰ ਪਏ। ਤਨ ਉਦਾਲੇ ਰੁਖਾਂ ਦੇ ਪੱਤ੍ਰ ਵਲੇ ਹੋਏ ਸਨ। ਕਿਉਂਕਿ ਬਸਤਰ ਤਾਂ ਬਾਰਾਂ ਸਾਲ 'ਚ ਸਾਰੇ ਦੇ ਸਾਰੇ ਪਾਟ ਗਏ ਸੀ। ਸਿਰ ਦੇ ਵਾਲਾਂ ਦੀਆਂ ਜਟਾਵਾਂ ਬਝ ਚੁੱਕੀਆਂ ਸਨ। ਦਾੜ੍ਹੀ ਤੇ ਮੁੱਛਾਂ ਨਾਲ ਬੁਲ੍ਹ ਵੀ ਨਹੀਂ ਸਨ ਦਿਸਦੇ। ਪਿਆਸ ਲਗੀ ਇਕ ਪਿੰਡ ਦੇ ਨੇੜੇ ਆਏ। ਅਗੇ ਇਕ ਇਸਤਰੀ ਖੂਹ ਵਿਚੋਂ ਪਾਣੀ ਕੱਢ ਕੱਢ ਕੇ ਮਣ ਉਤੇ ਡੋਹਲੀ ਜਾਂਦੀ ਸੀ। ਉਸ ਦੀ ਇਹ ਹਰਕਤ ਦੇਖ ਕੇ ਫਰੀਦ ਜੀ ਹੈਰਾਨ ਹੋ ਖਲੋਤੇ ਦੇਖ ਰਹੇ ਸਨ। ਪਿਆਸ ਲਗੀ ਸੀ। ਪਿਆਸ ਦੂਰ ਕਰਨ ਵਾਸਤੇ ਉਨ੍ਹਾਂ ਨੇ ਇਸਤਰੀ ਨੂੰ ਆਖਿਆ 'ਬੀਬੀ ਜੀ! ਮੈਨੂੰ ਪਾਣੀ ਪਿਲਾ ਦਿਓ ਮੈਂ ਬਹੁਤ ਪਿਆਸਾ ਹਾਂ।'

'ਠਹਿਰ ਜਾਹ! ਥੋੜ੍ਹਾ ਕੰਮ ਰਹਿ ਗਿਆ ਹੈ, ਫਿਰ ਪਿਆਉਂਦੀ ਹਾਂ ਪਾਣੀ।' ਇਸਤਰੀ ਨੇ ਫਰੀਦ ਜੀ ਨੂੰ ਉੱਤਰ ਦਿੱਤਾ।

ਸੱਤ-ਅੱਠ ਮਿੰਟ ਫਰੀਦ ਖਲੋਤਾ ਉਸ ਦੇ ਵਲ ਵੇਖਦਾ ਰਿਹਾ। ਉਹ ਇਸਤਰੀ ਪਾਣੀ ਖਿੱਚਦੀ ਤੇ ਮਣ ਉਤੇ ਡੋਹਲ ਦੇਂਦੀ। ਉਹ ਪਾਣੀ ਧਰਤੀ ਵਿਚ ਜਾਂਦਾ। ਫਰੀਦ ਜੀ ਰਤਾ ਕ੍ਰੋਧ ਨਾਲ ਬੋਲੇ—'ਬੀਬੀ! ਮੈਂ ਤੈਨੂੰ ਆਖਿਆ ਹੈ ਮੈਨੂੰ ਪਾਣੀ ਪਿਲਾ, ਤੂੰ ਐਵੇਂ ਪਾਣੀ ਡੋਹਲੀ ਜਾਂਦੀ ਹੈਂ ਮੈਨੂੰ ਪਿਲਾਉਂਦੀ ਕਿਉਂ ਨਹੀਂ?'

ਇਸਤਰੀ ਪਾਣੀ ਦੇ ਡੋਲ ਖਿੱਚਨੋਂ ਤਾਂ ਨਾ ਰੁਕੀ ਪਰ ਹੱਸ ਕੇ ਬੋਲੀ— 'ਫਰੀਦਾ! ਇਹ ਚਿੜੀਆਂ ਨਹੀਂ, ਜਿਨ੍ਹਾਂ ਨੂੰ ਆਖੇਂਗਾ—'ਮਰ ਜਾਓ ਤਾਂ ਮਰ ਜਾਣਗੀਆਂ ਤੇ ਉੱਡ ਜਾਓ ਆਖੇਂਗਾ ਤਾਂ ਉੱਡ ਜਾਣਗੀਆਂ।' ਇਥੇ ਮੇਰੀ ਭੈਣ ਦੇ ਘਰ ਅੱਗ ਲਗੀ ਹੈ ਉਸ ਅੱਗ ਨੂੰ ਬੁਝਾ ਰਹੀ ਹਾਂ, ਥੋੜੇ ਜਿਹੇ ਹਿੱਸੇ ਵਿਚ ਅੱਗ ਰਹਿ ਗਈ ਹੈ। ਉਸ ਨੂੰ ਠੰਢੀ ਕਰ ਕੇ ਪਾਣੀ ਪਿਲਾਵਾਂਗੀ। ਜੇ ਪਾਣੀ ਜੂਠਾ ਹੋ ਗਿਆ ਤਾਂ ਉਥੋਂ ਤੱਕ ਨਹੀਂ ਪੁਜੇਗਾ।'

ਇਹ ਸੁਣ ਕੇ ਫਰੀਦ ਵਿਸਮਾਦੀ ਜਿਹੀ ਹਾਲਤ ਵਿਚ ਹੋ ਗਿਆ। ਉਹ ਸੋਚਣ ਲੱਗਾ ਕਿ ਇਹ ਕੌਣ ਹੈ ਜੋ ਮੇਰਾ ਨਾਂ ਜਾਣਦੀ ਹੈ। ਮੇਰੀ ਕੀਤੀ ਪਰਖ ਦਾ ਇਸ ਨੂੰ ਪੂਰਨ ਗਿਆਨ ਹੈ ਤੇ ਸਭ ਤੋਂ ਅਸਚਰਜ ਗੱਲ ਇਹ ਹੈ ਕਿ ਅੱਗ ਤਾਂ ਲੱਗੀ ਇਸ ਦੀ ਭੈਣ ਦੇ ਘਰ ਹੈ, ਉਹ ਪਤਾ ਨਹੀਂ ਕਿਹੜੇ ਪਿੰਡ ਹੈ ਤੇ ਪਾਣੀ ਡੋਹਲੀ ਜਾਂਦੀ ਹੈ ਇਥੇ। ਇਹ ਖ਼ੁਦਾ ਦੀ ਸ਼ਰੀਕ ਕੌਣ ਹੈ?

ਫਰੀਦ ਦੀ ਪਿਆਸ ਆਪਣੇ ਆਪ ਮਿਟ ਗਈ। ਉਹ ਸਬਰ ਦਾ ਪਿਆਲਾ ਪੀ ਕੇ ਬੈਠ ਗਿਆ। ਵਾਹਵਾ ਚਿਰ ਪਿਛੋਂ ਇਸਤ੍ਰੀ ਨੇ ਪਾਣੀ ਖਿੱਚਣਾ ਬੰਦ ਕਰ ਦਿਤਾ ਜੋ ਡੋਲ ਖਿਚਿਆ ਸੀ ਉਸ ਨੂੰ ਨਾ ਡੋਹਲਦੀ ਹੋਈ ਫਰੀਦ ਨੂੰ ਕਹਿਣ ਲਗੀ—'ਆ ਵੀਰ ਪਾਣੀ ਪੀ ਲੈ।'

ਫਰੀਦ ਨੇ ਪਾਣੀ ਪੀਤਾ ਤੇ ਪੁਛਿਆ—'ਭੈਣ! ਇਹ ਮੈਨੂੰ ਦੱਸ ਸਕਦੀ ਹੈ ਕਿ ਰੱਬੀ ਗਿਆਨ ਨੂੰ ਹਾਸਲ ਕਿਵੇਂ ਕੀਤਾ?'

'ਮੈਂ ਨਾ ਕੋਈ ਗਿਆਨ ਹਾਸਲ ਕੀਤਾ ਹੈ ਨਾ ਜਾਣਦੀ ਹਾਂ। ਸਿਰਫ਼ ਇਹ ਕਹਿ ਸਕਦੀ ਹਾਂ ਕਿ ਗ੍ਰਿਹਸਤ ਮਾਰਗ ਵਿਚ ਜੀਵਨ ਨੂੰ ਪਵਿਤ੍ਰ ਰਖਿਆ ਹੈ। ਪਤੀ ਦੀ ਸੇਵਾ ਕਰਦੀ ਹਾਂ। ਆਏ ਗਏ ਰਾਹੀ ਤੇ ਸੰਤ ਫ਼ਕੀਰ ਨੂੰ ਰੋਟੀ ਕਪੜਾ ਦੇਂਦੀ ਹਾਂ। ਏਸ ਕਰਕੇ ਭਗਵਾਨ ਮੇਰੇ ਤੇ ਖ਼ੁਸ਼ ਹੈ।' ਇਸਤ੍ਰੀ ਦਾ ਉੱਤਰ ਸੀ।

'ਇਹ ਅੱਗ ਦਾ ਮਾਮਲਾ ਕੀ ਹੈ?' ਫਰੀਦ ਨੇ ਪੁਛਿਆ।

'ਅਸੀਂ ਦੋ ਭੈਣਾਂ ਹਾਂ। ਮੇਰੀ ਨਿੱਕੀ ਭੈਣ ਏਥੋਂ ਵੀਹ ਕੋਹ ਉਤੇ ਵਿਆਹੀ ਹੋਈ ਹੈ। ਮੇਰਾ ਉਹਦੇ ਨਾਲ ਬਹੁਤ ਪਿਆਰ ਹੈ। ਉਹ ਕਿਸੇ ਕੰਮ ਘਰੋਂ ਬਾਹਰ ਗਈ ਸੀ। ਪਿਛੋਂ ਉਸਦੇ ਘਰ ਅੱਗ ਲੱਗ ਗਈ। ਮੇਰੇ ਹਿਰਦੇ ਨੂੰ ਸੇਕ ਲੱਗਾ, ਮੇਰੀਆਂ ਅੱਖਾਂ ਸਾਹਮਣੇ ਮੇਰੀ ਭੈਣ ਦਾ ਘਰ ਸੜਦਾ ਦਿਸਿਆ। ਮੈਂ ਆ ਕੇ ਪਾਣੀ ਡੋਹਲਣ ਲਗ ਪਈ। ਨੁਕਸਾਨ ਨਹੀਂ ਹੋਇਆ। ਅੱਗ ਬੁਝ ਗਈ ਹੈ ਪਰ ਪ੍ਰਭੂ ਦੀ ਕ੍ਰਿਪਾ ਹੈ, ਮੇਰਾ ਇਸ ਵਿਚ ਕੁਝ ਨਹੀਂ।' ਫਰੀਦ ਅਗੇ ਤੁਰ ਗਿਆ ਪਰ ਸੋਚਾਂ ਸੋਚਦਾ ਹੈ ਖ਼ੁਦਾ ਕਿਨ੍ਹਾਂ ਢੰਗਾਂ ਨਾਲ ਖ਼ੁਸ਼ ਹੁੰਦਾ ਹੈ।

## ਬਾਰਾਂ ਸਾਲ ਲਈ ਦੂਸਰਾ ਬਨਵਾਸ

ਫਰੀਦ ਘਰ ਆਇਆ, ਮਾਤਾ ਮਿਲੀ, ਘੁਟ ਕੇ ਜੱਫੀ ਵਿਚ ਲਿਆ ਤੇ ਬੈਠ ਕੇ ਤਪ ਕਰਨ ਦੇ ਦਿਨਾਂ ਦਾ ਹਾਲ ਪੁੱਛਣ ਲਗੀ। ਫਰੀਦ ਨੇ ਸਾਰੀ ਜੀਵਨ ਕਹਾਣੀ ਖੋਹਲ ਕੇ ਸੁਣਾ ਦਿਤੀ। ਜਦੋਂ ਉਹ ਕਹਾਣੀ ਸੁਣਾ ਚੁੱਕਾ ਤਾਂ ਉਸਦੀ ਮਾਤਾ ਮਰੀਅਮ ਨੇ ਪੁਛਿਆ—'ਪੁੱਤਰ ਕੀ ਖਾ ਕੇ ਗੁਜਾਰਾ ਕਰਦਾ ਰਿਹਾ ਹੈਂ?'

'ਰੁੱਖਾਂ ਦੇ ਪੱਤਰ, ਮਾਤਾ!'

ਮਰੀਅਮ ਰੱਬ ਦੀ ਬੰਦਗੀ ਕਰਨ ਵਾਲੀ ਸਿਆਣੀ ਮਾਤਾ ਸੀ, ਰੱਬ ਭਗਤੀ ਵਿਚ ਉਹ ਫਰੀਦ ਨੂੰ ਸਿਮਰਨ ਕਰਾਉਣਾ ਚਾਹੁੰਦੀ ਸੀ। ਜਿੰਨਾ ਖੋਟ ਰਹਿ ਗਿਆ ਸੀ, ਉਸ ਨੂੰ ਕੱਢ ਦੇਣਾ ਚਾਹੁੰਦੀ ਸੀ।

ਫਰੀਦ ਨੂੰ ਕੋਲ ਬਿਠਾ ਕੇ ਉਸ ਦਾ ਸਿਰ ਦੇਖਣ ਲਗ ਪਈ। ਲਿਟਾਂ ਖੋਹਲੀਆਂ ਜੂੰਆਂ ਦੇਖੀਆਂ, ਦੋ ਵਾਲ ਜਾਣ ਕੇ ਪੁੱਟੇ, ਜਦੋਂ ਵਾਲ ਖਿਚੇ ਫਰੀਦ ਜੀ ਨੇ ਪੀੜ ਅਨੁਭਵ ਕਰਦਿਆਂ ਹੋਇਆਂ ਆਖਿਆ—'ਮਾਤਾ ਹੌਲੀ ਮੈਨੂੰ ਦਰਦ ਹੁੰਦੀ ਹੈ।'

ਇਹ ਸੁਣ ਕੇ ਉਸ ਦੀ ਮਾਤਾ ਹੱਸੀ—'ਵਾਹ ਬੇਟਾ! ਇਕ ਵਾਲ ਦੇ ਪੁਟੇ ਜਾਣ ਨਾਲ ਤੈਨੂੰ ਪੀੜ ਹੋਈ ਹੈ, ਪਰ ਜਿਨ੍ਹਾਂ ਦਰੱਖ਼ਤਾਂ ਦੇ ਪੱਤੇ ਤੋੜ ਕੇ ਬਾਰਾਂ ਸਾਲ ਖਾਂਦਾ ਰਿਹਾ ਹੈਂ, ਉਨ੍ਹਾਂ ਨੂੰ ਕਿੰਨੀ ਕੁ ਪੀੜ ਹੋਈ ਹੋਵੇਗੀ?'

ਇਹ ਸੁਣ ਕੇ ਫਰੀਦ ਉਠ ਬੈਠਾ। ਮਾਂ ਮੈਨੂੰ ਛੱਡ ਦੇਹ ਮੇਰੀ ਭਗਤੀ ਅਧੂਰੀ ਹੈ। ਮੈਂ ਬਾਰਾਂ ਸਾਲ ਮੁੜ ਕਠਿਨ ਤਪਸਿਆ ਕਰਾਂਗਾ। ਇਹ ਆਖ ਕੇ ਘਰੋਂ ਨਿਕਲ ਗਿਆ, ਮਾਤਾ ਨੇ ਅਸੀਸ ਦਿੱਤੀ।

ਹੁਣ ਉਸਨੇ ਲਕੜ ਦੀ ਰੋਟੀ ਬਣਵਾ ਕੇ ਗਲ ਪਾ ਲਈ ਤੇ ਗਾਉਣ ਲੱਗਾ—

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥੨੮॥

ਭਾਵ—ਫਰੀਦ ਜੀ ਆਖਦੇ ਹਨ ਰੋਟੀ ਮੇਰੀ ਲੱਕੜ ਦੀ ਹੈ, ਲਾਵਣੁ (ਸਲੂਣਾ) ਭੁੱਖ ਹੈ ਭਾਵ ਮੈਂ ਨਿਰਾਹਾਰ ਰਹਿੰਦਾ ਹਾਂ। ਜੋ ਚੋਪੜੀਆਂ (ਰੱਜ ਕੇ) ਖਾਂਦੇ ਨੇ ਤੇ ਪ੍ਰਭੂ ਨੂੰ ਚੇਤੇ ਨਹੀਂ ਕਰਦੇ ਉਹ ਦੁੱਖ ਉਠਾਉਣਗੇ।

'ਅੰਨ ਨਾ ਖਾਧਾ' ਜਿਸ ਦਾ ਫਲ ਇਹ ਹੋਇਆ ਕਿ ਫਰੀਦ ਜੀ ਦਾ ਸਰੀਰ ਸੁੱਕਣ ਲਗ ਪਿਆ। ਹੱਡੀਆਂ ਦੀ ਮੁਠ ਰਹਿ ਗਿਆ, ਚਲਣਾ ਫਿਰਨਾ ਔਖਾ ਹੋ ਗਿਆ, ਜਿਸ ਬਾਰੇ ਆਪ ਜੀ ਲਿਖਦੇ ਨੇ—

ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥੯੦॥

ਸਰੀਰ ਸੁੱਕ ਕੇ ਲੱਕੜ ਹੋ ਗਿਆ, ਹੱਡੀਆਂ ਦਾ ਪਿੰਜਰ ਰਹਿ ਗਿਆ ਹੈ। ਮੁਰਦਾ ਸਮਝਕੇ ਕਾਂ ਪੈਰਾਂ ਤੇ ਪੈਰਾਂ ਦੀਆਂ ਤਲੀਆਂ ਵਿਚ ਠੂੰਗੇ ਮਾਰਦੇ ਹਨ। ਪਰ ਹੈਰਾਨੀ ਐਸੀ ਹੈ ਕਿ ਵਾਹਿਗੁਰੂ ਅਜੇ ਵੀ ਦਰਸ਼ਨ ਨਹੀਂ ਦੇਂਦਾ।

ਕਾਵਾਂ ਨੂੰ ਸੰਬੋਧਨ ਕਕਰ ਕੇ ਫਰੀਦ ਜੀ ਆਖਦੇ ਹਨ—

*ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥੯੧॥*

ਭਾਵ ਫਰੀਦ ਜੀ ਆਖਦੇ ਨੇ—ਹੇ ਕਾਵੋਂ! ਮੇਰੇ ਪਿੰਜਰ ਨੂੰ ਤੁਸਾਂ ਲਭ ਲਿਆ ਹੈ ਰਹਿੰਦਾ ਮਾਸ ਬੇਸ਼ਕ ਖਾ ਜਾਵੋ। ਪਰ ਇਹ ਕ੍ਰਿਪਾ ਕਰਨੀ ਕਿ ਮੇਰੀਆਂ ਅੱਖਾਂ ਨੂੰ ਕੁਛ ਨਾ ਆਖਿਓ, ਕਿਉਂਕਿ ਮੈਨੂੰ ਆਸ ਹੈ ਕਿ ਪ੍ਰਭੂ (ਵਾਹਿਗੁਰੂ) ਮੈਨੂੰ ਦਰਸ਼ਨ ਜ਼ਰੂਰ ਦੇਵੇਗਾ, ਜੇ ਨੈਣ ਨਾ ਹੋਏ ਤਾਂ ਮੈਂ ਦੇਖ ਨਹੀਂ ਸਕਾਂਗਾ।

ਇਉਂ ਵੈਰਾਗ ਕਰਦੇ ਹੋਏ ਪ੍ਰਭੂ ਨੂੰ ਅਵਾਜ਼ਾਂ ਮਾਰਦੇ ਰਹੇ। ਪ੍ਰਭੂ ਨੇ ਫਰੀਦ ਤੇ ਮਿਹਰ ਕੀਤੀ। ਇਕ ਫ਼ਕੀਰ ਦੇ ਰੂਪ ਵਿਚ ਦਰਸ਼ਨ ਦਿਤੇ ਤੇ ਆਖਿਆ— 'ਫਰੀਦਾ ਜੰਗਲਾਂ ਵਿਚ ਨਾ ਫਿਰ! ਉਠ ਅਜਮੇਰ ਜਾ ਕੇ ਖਵਾਜੇ ਚਿਸ਼ਤੀ ਕੋਲ ਚਲਿਆ ਜਾਹ। ਤੇਰੇ ਹਿਰਦੇ ਖ਼ੁਦਾ ਹੈ। ਇਸ ਭੇਤ ਨੂੰ ਦਸਣਗੇ।' ਇਹ ਆਖ ਕੇ ਸਾਧੂ ਅਲੋਪ ਹੋ ਗਿਆ। ਇਸ ਤੋਂ ਫਰੀਦ ਜੀ ਨੂੰ ਪੱਕਾ ਭਰੋਸਾ ਹੋ ਗਿਆ ਕਿ ਪ੍ਰਮਾਤਮਾ ਨੇ ਆਪ ਉਸ ਨੂੰ ਸਿਖਿਆ ਦਿਤੀ ਹੈ। ਉਠ ਕੇ ਹੌਲੀ ਹੌਲੀ ਘਰ ਆ ਗਿਆ।

## ਅਜਮੇਰ ਵਿਚ ਮੁਰਸ਼ਦ ਧਾਰਿਆ

ਅਜਮੇਰ ਵਿਚ ਸੂਫੀ ਫ਼ਕੀਰ ਚਿਸ਼ਤੀ ਸਾਹਿਬ ਰਹਿੰਦਾ ਸੀ, ਉਨ੍ਹਾਂ ਕੋਲ ਫਰੀਦ ਜੀ ਪੁੱਜੇ, ਦਿਲ ਵਿਚ ਮੁਰਸ਼ਦ ਮੰਨ ਕੇ ਸੇਵਾ ਕਰਨ ਲਗੇ। ਸੇਵਾ ਇਹ ਸੀ ਕਿ ਦੋ ਵੇਲੇ ਗਰਮ ਪਾਣੀ ਨਾਲ ਇਸ਼ਨਾਨ ਕਰਾਇਆ ਕਰਦੇ ਸਨ, ਇਸ ਤਰ੍ਹਾਂ ਸੇਵਾ ਕਰਦਿਆਂ ਕਈ ਸਾਲ ਹੋ ਗਏ। ਇਕ ਦਿਨ ਦੀ ਕਥਾ ਹੈ ਬਾਰਸ਼ ਬਹੁਤ ਹੁੰਦੀ ਸੀ, ਗਲੀਆਂ ਵਿਚ ਚਿਕੜ ਸੀ। ਬਾਰਸ਼ ਦਾ ਇਹ ਅਸਰ ਹੋਇਆ ਕਿ ਖਵਾਜੇ ਦੇ ਡੇਰੇ ਦੀ ਅੱਗ ਬੁਝ ਗਈ। ਉਸ ਦਿਨ ਖਵਾਜਾ ਜੀ ਨੇ ਆਪ ਫਰੀਦ ਜੀ ਦੀ ਪਰਖ ਕਰਨੀ ਚਾਹੀ, ਫਰੀਦ ਜਿਧਰ ਜਾਵੇ ਉਧਰ ਹੀ ਅੱਗ ਠੰਢੀ ਹੋਈ ਦਿਸੇ। ਸ਼ਹਿਰ ਵਿਚ ਭਾਲਣ ਚੜ੍ਹਿਆ। ਇਕ ਬਜ਼ਾਰ ਵਿਚ ਪਹੁੰਚ ਕੇ ਫਰੀਦ ਨੇ ਦੇਖਿਆ ਇਕ ਬੈਠਕ ਵਿਚ ਦੀਵਾ ਜਗ ਰਿਹਾ ਸੀ। ਉਸ ਦੀਵੇ ਦੀ ਸੇਧੇ ਬੈਠਕ ਦੀਆਂ ਪਉੜੀਆਂ ਚੜ੍ਹ ਗਏ। ਉਹ ਬੈਠਕ ਵੇਸਵਾ ਦੀ ਸੀ। ਖਵਾਜਾ ਜੀ ਦੀ ਕਰਾਮਾਤ ਆਸਰੇ ਵੇਸਵਾ ਹਾਰ ਸ਼ਿੰਗਾਰ

ਲਾ ਕੇ ਬੈਠੀ ਸੀ। ਉਸ ਨੂੰ ਦੇਖ ਕੇ ਫਰੀਦ ਜੀ ਨੇ ਆਖਿਆ, 'ਮਾਤਾ! ਅੱਗ ਚਾਹੀਦੀ ਹੈ। ਪੀਰ ਜੀ ਵਾਸਤੇ ਪਾਣੀ ਗਰਮ ਕਰਨਾ ਹੈ।'

'ਇਥੇ ਅੱਗ ਮੁਫ਼ਤ ਨਹੀਂ ਮਿਲਦੀ।' ਵੇਸਵਾ ਨੇ ਉੱਤਰ ਦਿਤਾ।

'ਪੈਸੇ ਲੈ ਲਵੋ!' ਫਰੀਦ ਜੀ ਨੇ ਆਖਿਆ।

'ਪੈਸੇ ਵੀ ਨਹੀਂ ਲਏ ਜਾਂਦੇ।'

'ਫਿਰ! ਕਿਵੇਂ ਅੱਗ ਮਿਲ ਸਕਦੀ ਹੈ?'

'ਤਨ ਦਾ ਕੋਈ ਅੰਗ ਦਿਤਿਆਂ!' ਵੇਸਵਾ ਦਾ ਟੇਢਾ ਸਵਾਲ ਸੀ।

'ਮੇਰਾ ਤਨ ਹਾਜ਼ਰ ਹੈ ਮਾਤਾ!'

'ਅੱਖਾਂ ਦਾ ਡੇਲਾ ਕੱਢ ਦੇਹ।'

'ਬਹੁਤ ਅੱਛਾ!' ਇਹ ਕਹਿ ਕੇ ਫਰੀਦ ਜੀ ਨੇ ਛੁਰੀ ਲਈ ਤੇ ਅੱਖ ਦਾ ਡੇਲਾ ਕੱਢ ਕੇ ਵੇਸਵਾ ਨੂੰ ਦੇ ਦਿਤਾ। ਅੱਖ ਉਤੇ ਪੱਟੀ ਬੰਨ੍ਹ ਕੇ ਅੱਗ ਲੈ ਕੇ ਮੁਰਸ਼ਦ ਦੇ ਡੇਰੇ ਆ ਗਏ। ਪਾਣੀ ਗਰਮ ਕੀਤਾ ਅਤੇ ਮੁਰਸ਼ਦ ਨੂੰ ਇਸ਼ਨਾਨ ਕਰਾਉਣ ਲਗੇ। ਜਦੋਂ ਇਸ਼ਨਾਨ ਹੋ ਗਿਆ ਤਾਂ ਮੁਰਸ਼ਦ (ਖਵਾਜਾ ਜੀ) ਨੇ ਆਖਿਆ—'ਫਰੀਦ! ਅੱਖ ਦੀ ਪੱਟੀ ਖੋਲ੍ਹ। ਤੇਰੀ ਭਗਤੀ ਪੂਰੀ ਹੋ ਗਈ। ਸੇਵਾ ਦਾ ਮੇਵਾ ਹਾਸਲ ਕਰ ਲਿਆ ਈ। ਨਦਰੀ ਨਦਰ ਨਿਹਾਲ ਹੋ ਗਿਆ।'

ਫਰੀਦ ਨੇ ਪੱਟੀ ਖੋਲ੍ਹੀ, ਫਰੀਦ ਹੈਰਾਨ ਹੋ ਗਿਆ। ਉਸ ਦੀ ਅੱਖ ਦਾ ਡੇਲਾ ਸਾਫ਼ ਸੀ। ਉਸ ਨੂੰ ਰਤਾ ਜ਼ਖ਼ਮ ਵੀ ਨਹੀਂ ਸੀ ਹੋਇਆ। ਉਸ ਦਿਨ ਖਵਾਜਾ ਚਿਸ਼ਤੀ ਨੇ ਚੇਲਾ ਬਣਾ ਲਿਆ।

## ਫਰੀਦ ਜੀ ਦੀ ਗੱਦੀ ਤੇ ਉਪਦੇਸ਼

ਖਵਾਜਾ ਚਿਸ਼ਤੀ ਕੋਲੋਂ ਰੱਬੀ ਸ਼ਕਤੀ ਦੀਆਂ ਬਰਕਤਾਂ ਹਾਸਲ ਕਰ ਕੇ ਫਰੀਦ ਜੀ ਆਪਣੇ ਸ਼ਹਿਰ ਪਾਕਪਟਨ ਵਿਚ ਆ ਗਏ। ਪੀਰ ਬਣ ਗਏ। ਆਪਣੇ ਡੇਰੇ ਦੇ ਆਂਢ ਗੁਆਂਢ ਫਿਰ ਕੇ ਆਪਣੇ ਮਿਸ਼ਨ ਦਾ ਪ੍ਰਚਾਰ ਕਰਿਆ ਕਰਦੇ ਸਨ। ਉਨ੍ਹਾਂ ਦਾ ਉਪਦੇਸ਼ ਬਾਣੀ ਰਾਹੀਂ ਹੁੰਦਾ ਸੀ। ਜਿਹੋ ਜਿਹੀ ਘਟਨਾ ਹੁੰਦੀ, ਓਹੋ ਜਿਹੀ ਬਾਣੀ ਰਚ ਕੇ ਉਪਦੇਸ਼ ਕਰਦੇ। ਇਕ ਵਾਰ ਆਪ ਉਜਾੜ ਵਿਚ ਦੀ ਤੁਰੇ ਜਾ ਰਹੇ ਸਨ। ਉਥੇ ਮਨੁਖ ਦਾ ਪਿੰਜਰ ਪਿਆ ਸੀ। ਉਹ ਪਿੰਜਰ ਕਿਸੇ ਕੁੱਤੇ ਨੇ ਕਬਰ ਵਿਚੋਂ ਪੁੱਟ ਕੇ ਬਾਹਰ ਸੁਟਿਆ ਸੀ। ਅਨੁਭਵ ਪ੍ਰਕਾਸ਼

ਨਾਲ ਫਰੀਦ ਜੀ ਨੇ ਦੇਖਿਆ ਕਿ ਉਹ ਸਿਰ ਦਾ ਪਿੰਜਰ ਇਕ ਮੁਟਿਆਰ ਸੁੰਦਰੀ ਦਾ ਸੀ। ਜਦੋਂ ਸੁੰਦਰੀ ਕੰਵਾਰੀ ਸੀ ਇਕ ਦਿਨ ਉਸ ਨੇ ਕਾਲਾ ਸੁਰਮਾ ਅੱਖਾਂ ਵਿਚ ਪਾਇਆ। ਦਾਸੀ ਨੇ ਸੁਰਮਾ ਪੀਠਾ ਸੀ। ਉਹ ਰਤਾ ਮੋਟਾ ਰਹਿ ਗਿਆ। ਸੁੰਦਰੀ ਦੇ ਨੈਣਾਂ ਵਿਚ ਰੜਕ ਪਈ, ਉਸ ਰੜਕ ਦੇ ਕਾਰਨ ਸੁੰਦਰੀ ਨੇ ਐਨਾ ਕ੍ਰੋਧ ਕੀਤਾ ਕਿ ਦਾਸੀ ਨੂੰ ਬਹੁਤ ਕੁਟਿਆ। ਉਸ ਘਟਨਾ ਦੇ ਥੋੜ੍ਹੇ ਦਿਨਾਂ ਪਿਛੋਂ ਸੁੰਦਰੀ ਮਰ ਗਈ। ਉਸ ਦੇ ਮਿਰਗ ਨੈਣ, ਉਹਦੇ ਅਤਰ ਫੁਲੇਲ ਵਾਲੇ ਕੇਸ, ਉਹਦਾ ਸੁੰਦਰ ਮੁਖੜਾ ਸਭ ਖ਼ਾਕ ਵਿਚ ਦਬਿਆ ਗਿਆ। ਹੋਣੀ ਨੇ ਉਸ ਦੀ ਜੁਆਨੀ, ਸੁੰਦਰਤਾ, ਨਖ਼ਰੇ ਤੇ ਉਸ ਦੀ ਅਮੀਰੀ ਦੀ ਕੋਈ ਪ੍ਰਵਾਹ ਨਾ ਕੀਤੀ—

*ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ॥*
*ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ॥੯੮॥*

ਦੋਹਾਂ ਅੱਖਾਂ ਦੇ ਦੇਖਦਿਆਂ ਦੇਖਦਿਆਂ ਮੌਤ ਦਾ ਫ਼ਰਿਸ਼ਤਾ ਹਿਰਦੇ ਅੰਦਰ ਆ ਗਿਆ। ਉਸ ਨੇ ਐਸਾ ਡਾਕਾ ਮਾਰਿਆ ਕਿ ਜੀਵ ਆਤਮਾ ਨੂੰ ਸਰੀਰ ਵਿਚੋਂ ਕੱਢ ਕੇ ਲੈ ਗਿਆ। ਜਦੋਂ ਜੀਵ ਆਤਮਾ ਚਲਿਆ ਗਿਆ ਤਾਂ ਦੋਵੇਂ ਦੀਵੇ (ਦੋਵੇਂ ਅੱਖਾਂ) ਬੁਝ ਗਏ। ਅੱਖਾਂ ਮੀਟੀਆਂ ਗਈਆਂ।

*ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥*
*ਤਿਨ੍ਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਿ॥*

ਜਦੋਂ ਮੌਤ ਅੰਦਰ ਆ ਜਾਵੇਗੀ ਤਾਂ ਜੋ ਮਿੱਤਰ ਤੇ ਆਪਣੇ ਹਨ, ਉਹ ਮੌਤ ਦੇ ਅਗੇ ਤੋਰ ਦੇਂਦੇ ਹਨ।

*ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਿ॥*
*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ॥੧੦੦॥*

ਜਦੋਂ ਮਰ ਗਿਆ ਤਾਂ ਚਾਰ ਆਦਮੀ ਚੁਕ ਕੇ ਤੁਰ ਪਏ। ਉਸ ਵੇਲੇ ਨਾਲ ਤਾਂ ਕਿਸੇ ਨੇ ਨਹੀਂ ਜਾਣਾ ਜੋ ਚੰਗੇ ਮੰਦੇ ਕਰਮ ਕੀਤੇ ਨੇ ਉਹ ਹੀ ਨਾਲ ਜਾਂਦੇ ਹਨ। ਜੇ ਚੰਗੇ ਕਰਮ ਹੋਣ ਤਾਂ ਦਰਗਾਹ ਵਿਚ ਕੰਮ ਆਉਂਦੇ ਹਨ।

ਸੋ ਫਰੀਦ ਜੀ ਨੇ ਉਸ ਸੁੰਦਰੀ ਦੇ ਸਿਰ ਦੇ ਪਿੰਜਰ ਪਰਥਾਏ ਆਖਿਆ—

*ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ॥*
*ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ॥੧੪॥*

ਭਾਵ ਕਿ ਜੋ ਅੱਖਾਂ ਸੁਰਮੇ ਦੀ ਸਲਾਈ ਨਹੀਂ ਸਨ ਝਲਦੀਆਂ ਉਨ੍ਹਾਂ ਅੱਖਾਂ ਵਿਚ ਪੰਛੀਆਂ ਨੇ ਆਹਲਣੇ ਬਣਾਏ ਹੋਏ ਨੇ।

## ਫਰੀਦ ਜੀ ਦੀ ਬਾਣੀ ਤੇ ਗੁਰੂ ਨਾਨਕ ਜੀ ਨਾਲ ਮੇਲ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਬਾਣੀ ਹੈ। ਉਹ ਫਰੀਦ ਸ਼ਕਰ ਗੰਜ ਜੀ ਤੇ ਫਰੀਦ ਇਬਰਾਹੀਮ ਬ੍ਰਹਮ ਦੀ ਹੈ। ਫਰੀਦ ਸ਼ਕਰ ਗੰਜ ਜੀ ਗੁਰੂ ਨਾਨਕ ਜੀ ਤੋਂ ਬਹੁਤ ਸਮਾਂ ਪਹਿਲਾਂ ਹੋਏ ਹਨ ਪਰ ਫਰੀਦ ਬ੍ਰਹਮ ਜੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਹੋਏ ਹਨ। ਗੁਰੂ ਨਾਨਕ ਜੀ ਨਾਲ ਆਪ ਦਾ ਮੇਲ ਦੋ ਵਾਰ ਹੋਇਆ, ਕਈ ਕਈ ਦਿਨ ਗਿਆਨ ਚਰਚਾ ਹੁੰਦੀ ਰਹੀ।

ਫਰੀਦ ਜੀ ਦੀ ਬਾਣੀ ਠੇਠ ਪੰਜਾਬੀ ਵਿਚ ਬਹੁਤ ਵੈਰਾਗ ਵਾਲੀ ਹੈ। ਹਰ ਇਕ ਸਲੋਕ ਤੋਂ ਮਨੁਖ ਨੂੰ ਬਹੁਤ ਸਿਖਿਆ ਮਿਲਦੀ ਹੈ। ਫਰੀਦ ਜੀ ਦੇ ਸਲੋਕ ਤਾਂ ਚੰਗੀ ਸਿਖਿਆ ਦਾ ਬਹੁਮੁਲਾ ਖ਼ਜ਼ਾਨਾ ਹਨ। ਭਗਤ ਜਨਾਂ ਨੂੰ ਫਰੀਦ ਜੀ ਦੀ ਬਾਣੀ ਇਸ ਕਲਜੁਗ ਦੇ ਹਨੇਰੇ ਸਮੇਂ ਵਿਚ ਜ਼ਰੂਰ ਪੜ੍ਹਨੀ ਚਾਹੀਦੀ ਹੈ।

*ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥*
*ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥੯॥*

ਫਰੀਦ ਜੀ ਆਖਦੇ ਨੇ ਭਾਈ ਰਤਾ ਧਿਆਨ ਨਾਲ ਸੋਚ! ਤੇਰੀ ਦਾੜ੍ਹੀ ਦੇ ਸਾਰੇ ਵਾਲ ਚਿੱਟੇ ਹੋ ਗਏ। ਸਮਝ ਲੈ ਜੀਵਨ ਮੰਜ਼ਲ ਮੁਕ ਰਹੀ ਹੈ। ਮੌਤ ਦੇ ਨੇੜੇ ਨੇੜੇ ਢੁਕ ਰਿਹਾ ਹੈਂ। ਵਾਹਿਗੁਰੂ ਦਾ ਨਾਮ ਸਿਮਰਨ ਕਰ ਲੈ।

# ੧੯. ਰਾਇ ਬਲਵੰਡ ਤੇ ਸੱਤਾ

## ਲਾਲਚ ਤੇ ਹੰਕਾਰ

ਕਿਸੇ ਸਿਆਣੇ ਨੇ ਆਖਿਆ ਹੈ—'ਫ਼ਕੀਰਾ ਫ਼ਕੀਰੀ ਦੂਰ ਹੈ ਜਿਉਂ ਉਚੀ ਲੰਮੀ ਖਜੂਰ। ਚੜ੍ਹ ਜਾਏਂ ਤਾਂ ਪੀਵੇਂ ਪ੍ਰੇਮ ਰਸ, ਡਿੱਗ ਪਏ ਤਾਂ ਚਕਨਾ ਚੂਰ।' ਜਿਸ ਦਾ ਸਿੱਧਾ ਭਾਵ ਅਰਥ ਇਹ ਹੈ ਕਿ ਮਨੁਖ ਕਈ ਵਾਰੀ ਕਿਸੇ ਗੁਣ ਵਿਚ ਪੂਰਨਤਾ ਹਾਸਲ ਕਰ ਲੈਂਦਾ ਹੈ। ਜਦੋਂ ਉਸ ਦੇ ਕੋਲ ਗੁਣ-ਪੂਰਨਤਾ ਆ ਜਾਵੇ ਤਾਂ ਮਨੁਖ ਨੂੰ ਮਾਇਆ ਦਾ ਲਾਲਚ ਅਤੇ ਹੰਕਾਰ ਹੋ ਜਾਂਦਾ ਹੈ। ਇਹ ਦੋਵੇਂ

ਰੋਗ ਉਸ ਦਾ ਅੰਤ ਕਰ ਦੇਂਦੇ ਹਨ। ਮਨੁਖ ਉੱਚੀ ਥਾਂ ਤੋਂ ਨੀਵਾਂ ਡਿੱਗ ਪੈਂਦਾ ਹੈ। ਮੁੜ ਉਹ ਧੋਬੀ ਦੇ ਕੁੱਤੇ ਵਾਂਗ ਨਾ ਘਰ ਦਾ ਰਹਿੰਦਾ ਹੈ ਨਾ ਘਾਟ ਦਾ।

ਬਲਵੰਡ ਤੇ ਸੱਤਾ ਦੋ ਭਾਈ ਸਨ। ਇਹ ਜਾਤ ਦੇ ਮਰਾਸੀ (ਡੂੰਮ) ਸਨ। ਪੰਜਾਬ ਵਿਚ ਮਰਾਸੀ ਜਾਤ ਨੂੰ ਬਹੁਤ ਨੀਵੀਂ ਤੇ ਨਿਰਾਦਰੀ ਵਾਲੀ ਜਾਤ ਗਿਣਿਆ ਜਾਂਦਾ ਹੈ। ਪਰ ਗੁਰੂ ਨਾਨਕ ਜੀ ਦੀ ਮਿਹਰ ਦੇ ਕਾਰਨ ਕਿਉਂਕਿ ਮਰਦਾਨਾ ਜੀ ਮਰਾਸੀ ਸਨ। ਕੁਝ ਮਰਾਸੀਆਂ ਨੂੰ 'ਰਬਾਬੀ' ਬਣਾ ਕੇ ਸਤਿਕਾਰ ਦਿਵਾਇਆ ਹੈ। ਉਹ ਸਤਿਕਾਰੇ ਤੇ ਵਡਿਆਏ ਹੋਏ ਮਰਾਸੀ ਗੁਰੂ ਘਰ ਵਿਚ ਕੀਰਤਨ ਕਰਿਆ ਕਰਦੇ ਸਨ। ਬਲਵੰਡ ਤੇ ਸੱਤਾ ਦੋਵੇਂ ਭਰਾ ਰਾਗ ਤੇ ਸਾਜਾਂ ਵਿਚ ਨਿਪੁੰਨ ਸਨ। ਗੁਰੂ ਦੀਆਂ ਬਰਕਤਾਂ ਨਾਲ ਮਨੋਹਰ ਕੀਰਤਨ ਕਰਿਆ ਕਰਦੇ ਸਨ, ਬਲਵੰਡ ਬ੍ਰਿਜ ਭਾਸ਼ਾ ਦਾ ਕਵੀ ਤੇ ਵਿਦਵਾਨ ਸੀ। ਇਸੇ ਵਾਸਤੇ ਗੁਰੂ ਜੀ ਨੇ ਆਪ ਨੂੰ ਰਾਏ ਦਾ ਖ਼ਿਤਾਬ ਦਿੱਤਾ ਹੋਇਆ ਸੀ।

ਸੱਤਾ ਤੇ ਬਲਵੰਡ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਕੀਰਤਨੀਏ ਸਨ, ਗੁਰੂ ਜਸ ਚੰਗਾ ਕਰਨ ਦੇ ਕਾਰਨ ਉਨ੍ਹਾਂ ਦੀ ਕੀਰਤੀ ਚੰਗੀ ਸੀ। ਕੀਰਤੀ ਦੇਖ ਕੇ ਉਨ੍ਹਾਂ ਨੂੰ ਹੰਕਾਰ ਤੇ ਲਾਲਚ ਦਾ ਰੋਗ ਲਗ ਗਿਆ, ਪਰ ਉਹ ਰੋਗ ਗੁਪਤ ਸੀ। ਅੰਤਰਜਾਮੀ ਸੋਢੀ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਿਨਾਂ ਇਸ ਰੋਗ ਦਾ ਹੋਰ ਕਿਸੇ ਨੂੰ ਗਿਆਨ ਨਹੀਂ ਸੀ।

ਸੱਤੇ ਦੀ ਕੰਨਿਆ ਮੁਟਿਆਰ ਹੋ ਗਈ, ਉਸ ਦਾ ਵਿਆਹ ਰਚਿਆ। ਦੋਹਾਂ ਭਰਾਵਾਂ ਨੇ ਹੰਕਾਰ ਦੇ ਅਸਰ ਹੇਠਾਂ ਆ ਕੇ ਇਹ ਸਲਾਹ ਕੀਤੀ ਕਿ ਲੜਕੀ ਦਾ ਵਿਆਹ ਐਸੀ ਸ਼ਾਨ ਨਾਲ ਕੀਤਾ ਜਾਵੇ ਜੋ ਡੂੰਮ ਜਾਤੀ ਦੇ ਚੌਹਾਂ ਕੂੰਟਾਂ ਵਿਚ ਧੁੰਮ ਪੈ ਜਾਵੇ। ਰਾਜਿਆਂ ਵਾਂਗ ਵਡਿਆਈ ਹੋਵੇ। ਦਿਤ ਦਾਜ ਰੱਜ ਕੇ ਦਿੱਤੀ ਜਾਵੇ। ਬਰਾਤ ਵਿਚ ਸੈਂਕੜੇ ਆਦਮੀ ਸੱਦੇ ਜਾਣ। ਸ਼ਹਿਰ ਵਿਚ ਰੋਟੀ ਦਿੱਤੀ ਜਾਵੇ ਆਦਿਕ ਪਰ ਇਸ ਸਕੀਮ ਨੂੰ ਨੇਪਰੇ ਚਾੜ੍ਹਨ ਵਾਸਤੇ ਮਾਇਆ ਦੀ ਲੋੜ ਸੀ। ਮਾਇਆ ਉਨ੍ਹਾਂ ਦੇ ਘਰ ਥੋੜ੍ਹੀ ਸੀ। ਗੁਰੂ ਘਰ ਵਿਚ ਲੱਖਾਂ ਰੁਪਏ ਰੋਜ਼ ਚੜ੍ਹਦੇ ਸਨ। ਉਨ੍ਹਾਂ ਨੇ ਸਲਾਹ ਕੀਤੀ ਕਿ ਗੁਰੂ ਜੀ ਨੂੰ ਆਖੀਏ ਕਿ ਇਕ ਦਿਨ ਦਾ ਸਾਰਾ ਚੜ੍ਹਾਵਾ ਉਨ੍ਹਾਂ ਨੂੰ ਕੰਨਿਆਂ ਦੇ ਵਿਆਹ ਵਾਸਤੇ ਦਿੱਤਾ ਜਾਵੇ। ਇਹ ਸਲਾਹ ਪਕਾ ਕੇ ਉਹ ਗੁਰੂ ਜੀ ਦੇ ਹਜ਼ੂਰ ਪੁੱਜੇ। ਬੇਨਤੀ ਕੀਤੀ, 'ਸੋਢੀ ਸੁਲਤਾਨ ਸੱਚੇ ਪਾਤਸ਼ਾਹ! ਅਸਾਂ ਕੰਨਿਆਂ ਦਾਨ ਕਰਨਾ ਹੈ।

ਖ਼ਰਚ ਵਾਸਤੇ ਅਸਾਡੀ ਮਾਲੀ ਸਹਾਇਤਾ ਕਰੋ।'

'ਰਾਏ! ਕੰਨਿਆਂ ਦੇ ਵਿਆਹ ਵਾਸਤੇ ਕੋਈ ਚਿੰਤਾ ਨਾ ਕਰੋ ਗੁਰੂ ਘਰ ਦੇ ਕੀਰਤਨੀਏ ਜੇ। ਤੁਸਾਂ ਨੂੰ ਕੀ ਘਾਟਾ। ਜਿੰਨੀ ਮਾਇਆ ਦੀ ਲੋੜ ਹੋਵੇਗੀ ਓਨੀ ਸੰਗਤ ਵਲੋਂ ਮਿਲ ਜਾਵੇਗੀ। ਇਹ ਪਰਮੇਸ਼ਰ ਦੀ ਲੀਲ੍ਹਾ ਹੈ।' ਗੁਰੂ ਜੀ ਨੇ ਬਚਨ ਕੀਤਾ।

ਪਰ ਸੱਤੇ ਤੇ ਬਲਵੰਡ ਦੇ ਦਿਲਾਂ ਵਿਚ ਹਉਮੈ ਆ ਚੁੱਕੀ ਸੀ। ਉਨ੍ਹਾਂ ਦੇ ਰੋਗੀ ਦਿਲਾਂ ਨੇ ਬਚਨਾਂ ਉਤੇ ਭਰੋਸਾ ਨਾ ਕੀਤਾ। ਲਾਲਚ ਵਿਚ ਆ ਗਏ। ਸੋਚਿਆ ਗੁਰੂ ਜੀ ਸ਼ਾਇਦ ਥੋੜੇ ਰੁਪਏ ਦੇਣ। ਜੇ ਇਕ ਦਿਨ ਦਾ ਚੜ੍ਹਾਵਾ ਗੁਰੂ ਜੀ ਬਖ਼ਸ਼ ਦੇਣ ਤਾਂ ਵਿਆਹ ਚੰਗਾ ਹੋ ਸਕਦਾ ਹੈ ਕਿਉਂਕਿ ਹਰ ਰੋਜ਼ ਦਸ ਪੰਦਰਾਂ ਹਜ਼ਾਰ ਤੋਂ ਘਟ ਰੁਪਿਆ ਨਹੀਂ ਸੀ ਚੜ੍ਹਦਾ। ਲੀੜਿਆਂ ਦਾ ਤਾਂ ਅੰਤ ਨਹੀਂ ਸੀ। ਉਨ੍ਹਾਂ ਨੇ ਗੁਰੂ ਜੀ ਨੂੰ ਪ੍ਰਗਟ ਰੂਪ ਤੇ ਦਿਲ ਦੇ ਭਾਵ ਦਸ ਦਿਤੇ। ਗੁਰੂ ਜੀ ਨੇ ਹਾਂ ਕਰ ਦਿੱਤੀ। ਚੋਜੀ ਪ੍ਰੀਤਮ ਨੇ ਉਨ੍ਹਾਂ ਦੇ ਹੰਕਾਰ ਰੋਗ ਦਾ ਇਲਾਜ ਕਰਨਾ ਸੀ।

ਮਿਥੇ ਦਿਨ ਸੱਤਾ ਤੇ ਬਲਵੰਡ ਕੀਰਤਨ ਕਰਨ ਲੱਗੇ। ਅੱਜ ਉਨ੍ਹਾਂ ਦਾ ਧਿਆਨ ਚੜ੍ਹਾਵੇ ਵਲ ਸੀ। ਜਦੋਂ ਕੋਈ ਸਿੱਖ ਆਉਂਦਾ ਤਾਂ ਦੇਖਦੇ ਉਹ ਕੀ ਚੜ੍ਹਾਉਂਦਾ ਹੈ। ਜੇ ਤਾਂ ਰੁਪਿਆ ਸੁਟਦਾ ਤਾਂ ਖ਼ੁਸ਼ ਹੋ ਜਾਂਦੇ ਜੇ ਪੈਸਾ ਚੜ੍ਹਾਉਂਦਾ ਤਾਂ ਉਹਨਾਂ ਨੂੰ ਨਿਰਾਸਤਾ ਹੁੰਦੀ। ਕੀਰਤਨ ਵਿਚ ਰਸ ਨਹੀਂ ਕਿਉਂਕਿ ਰੂਹ ਤਾਂ ਮਾਇਆ ਦੇ ਪਿਛੇ ਫਿਰਦੀ ਸੀ, ਕਿਉਂਕਿ ਜਿਥੇ ਲਬ ਹੋਵੇ ਉਥੇ ਪ੍ਰੇਮ ਨਹੀਂ ਹੁੰਦਾ। ਗੁਰੂ ਜੀ ਦੇ ਚੋਜ ਸਨ। ਜਿੰਨਾਂ ਸੱਤੇ ਬਲਵੰਡ ਦੇ ਕੀਰਤਨ ਵਿਚ ਰਸ ਨਹੀਂ ਸੀ, ਓਨੀ ਮਾਇਆ ਘਟ ਚੜ੍ਹੀ। ਜਦੋਂ ਕੀਰਤਨ ਕਰਕੇ ਉਠੇ ਤਾਂ ਸਾਰੀ ਚੜ੍ਹਤ ਗਿਣੀ ਗਈ। ਉਹ ਸਿਰਫ਼ ਸੌ ਰੁਪਿਆ ਸੀ। ਸੌ ਰੁਪਏ ਨੂੰ ਦੇਖ ਕੇ ਦੋਵੇਂ ਜਣੇ ਦੰਗ ਰਹਿ ਗਏ। ਹੰਕਾਰ ਤੇ ਲਾਲਚ ਦੇ ਫੋੜੇ ਫੁਟ ਗਏ। ਉਨ੍ਹਾਂ ਦੀਆਂ ਜ਼ਬਾਨਾਂ ਰਾਹੀਂ ਪੀਕ ਨਿਕਲਣ ਲਗੀ। ਉਹ ਇਉਂ ਖ਼ੁਸ਼ਕ ਬੋਲੇ, 'ਸੋਢੀ ਸੁਲਤਾਨ! ਇਹ ਬਹੁਤ ਮਾੜੀ ਗੱਲ ਹੋਈ ਹੈ। ਸੌ ਰੁਪਏ ਨਾਲ ਦਸੋ ਕੀ ਬਣੇਗਾ? ਇਹ ਤਾਂ ਬਾਲਣ ਜੋਗੇ ਵੀ ਪੈਸੇ ਨਹੀਂ।'

ਚੜ੍ਹਤ ਦਾ ਫ਼ੈਸਲਾ ਸੀ ਸੋ ਪੂਰਾ ਕਰ ਦਿੱਤਾ। ਇਹ ਸੌ ਰੁਪਿਆ ਲੈ ਜਾਓ। ਹੋਰ ਜੋ ਕੰਨਿਆਂ ਦੇ ਭਾਗ ਵਿਚ ਹੋਵੇਗਾ ਸੋ ਮਿਲ ਜਾਵੇਗਾ, ਜਾਓ! ਗੁਰੂ

ਜੀ ਦਾ ਇਹ ਬਚਨ ਸੁਣ ਕੇ ਦੋਹਾਂ ਭਰਾਵਾਂ ਨੇ ਸਾਜ ਸਮੇਟੇ ਤੇ ਬੰਨ੍ਹੇ । ਸੜੇ ਬਲੇ ਘਰ ਪਹੁੰਚ ਗਏ । ਘਰ ਜਾ ਕੇ ਜ਼ਬਾਨ ਨੂੰ ਨਹੀਂ ਰੋਕਿਆ, ਗੁਰੂ ਜੀ ਤੇ ਗੁਰ ਗੱਦੀ ਬਾਰੇ ਕੌੜੇ ਬਚਨ ਬੋਲਦੇ ਰਹੇ ।

ਅਗਲੀ ਸਵੇਰ ਹੋਈ ਆਸਾ ਦੀ ਵਾਰ ਦਾ ਕੀਰਤਨ ਕਰਨ ਵਾਸਤੇ ਸਚੇ ਦਰਬਾਰ ਵਿਚ ਹਾਜ਼ਰ ਹੋਣਾ ਸੀ, ਪਰ ਉਹ ਚੁਪ ਕਰਕੇ ਮੰਜਿਆਂ ਉਤੇ ਲੇਟੇ ਰਹੇ । ਵੇਲੇ ਤੋਂ ਕੁਵੇਲਾ ਹੋਣ ਲੱਗਾ । ਉਨ੍ਹਾਂ ਫ਼ੈਸਲਾ ਕਰ ਲਿਆ ਕਿ ਉਹ ਕੀਰਤਨ ਕਰਨ ਨਹੀਂ ਜਾਣਗੇ ।

ਉਧਰ ਦਰਬਾਰ ਲੱਗ ਗਿਆ, ਸੋਢੀ ਸੁਲਤਾਨ ਪੰਚਮ ਪਾਤਸ਼ਾਹ ਮਸਨਦ ਉਤੇ ਜਾ ਬਿਰਾਜੇ । ਸੰਗਤ ਆ ਕੇ ਬੈਠ ਗਈ, ਪਰ ਕੀਰਤਨ ਨਹੀਂ ਸੀ ਹੁੰਦਾ। ਦੋਵੇਂ ਭਰਾ ਡੂੰਮ ਪੁਜੇ ਹੀ ਨਾ, ਅੰਤਰਜਾਮੀ ਤਾਂ ਜਾਣਦੇ ਸਨ ਪਰ ਸੰਗਤਾਂ ਨੂੰ ਹੈਰਾਨੀ ਕਿ ਰਬਾਬੀ ਦਰਬਾਰ ਵਿਚ ਕਿਉਂ ਨਹੀਂ ਆਏ ? ਗੁਰੂ ਜੀ ਨੇ ਇਕ ਸਿੱਖ ਨੂੰ ਭੇਜਿਆ ਕਿ ਜਾ ਕੇ ਰਬਾਬੀਆਂ ਨੂੰ ਸੱਦ ਲਿਆ । ਗੁਰੂ ਜਸ ਦਾ ਸ਼ਰਧਾਲੂ ਸਿਖ ਨੱਠਾ ਨੱਠਾ ਸੱਤੇ ਤੇ ਬਲਵੰਡੇ ਦੇ ਘਰ ਪੁਜਾ। ਉਨਾਂ ਦੇ ਘਰ ਬੂਹਾ ਬੰਦ ਸੀ, ਜਾ ਕੇ ਅਵਾਜ਼ਾਂ ਮਾਰੀਆਂ ਤਾਂ ਸੱਤਾ ਆਇਆ। ਸੱਤੇ ਨੂੰ ਵੇਖ ਕੇ ਸਿੱਖ ਨੇ ਬੇਨਤੀ ਕੀਤੀ—'ਰਾਏ ਜੀਓ ! ਚਲੋ ਸੱਚੇ ਪਾਤਸ਼ਾਹ ਸੱਦਦੇ ਹਨ। ਦਰਬਾਰ ਵਿਚ ਚਲੋ ਕੀਰਤਨ ਦਾ ਵੇਲਾ ਹੈ ।' ਇਹ ਸੁਨੇਹਾ ਸੁਣ ਕੇ ਸੱਤੇ ਦਾ ਦਿਲ ਧੜਕਣ ਲੱਗ ਪਿਆ । ਉਹ ਪਾਗਲਾਂ ਵਾਂਗ ਕਾਹਲੀ ਕਾਹਲੀ ਆਖਣ ਲੱਗ ਪਿਆ—'ਅਸੀਂ ਨਹੀਂ ਜਾਣਾ । ਸਾਨੂੰ ਇਸ ਗੁਰੂ ਕੋਲੋਂ ਕੋਈ ਲਾਭ ਨਹੀਂ, ਕਲ ਸੌ ਰੁਪਿਆ ਦੇ ਕੇ ਟਰਕਾ ਦਿਤਾ । ਜੇ ਅਸਾਂ ਚੜ੍ਹਤ ਲੈਣੀ ਸੀ, ਮਸੰਦਾਂ ਰਾਹੀਂ ਸੰਗਤਾਂ ਨੂੰ ਅਖਵਾ ਦਿਤਾ ਕਿ ਭੇਟਾ ਨਾ ਦਿਓ। ਜੇ ਗੁਰੂ ਈਰਖਾ ਕਰਦਾ ਹੈ ਤਾਂ ਸਾਨੂੰ ਕੀਰਤਨ ਕਰਨ ਦਾ ਕੀ ਲਾਭ ? ਨਾਲੇ ਅਸੀਂ ਰਬਾਬੀ ਹਾਂ ਜਿਸ ਵੀ ਸੋਢੀ ਜਾਂ ਬੇਦੀ ਅਗੇ ਕੀਰਤਨ ਕਰਾਂਗੇ ਉਹੋ ਗੁਰੂ ਬਣ ਜਾਵੇਗਾ । ਸੰਗਤਾਂ ਉਸ ਨੂੰ ਮੱਥਾ ਟੇਕਣ ਲਗ ਪੈਣਗੀਆਂ । ਜਾਓ ! ਆਖੋ ਉਹ ਨਹੀਂ ਆਉਂਦੇ ।' ਇਹ ਆਖ ਕੇ ਸੱਤੇ ਨੇ ਬੂਹਾ ਬੰਦ ਕਰ ਦਿੱਤਾ। ਸਿੱਖ ਹੈਰਾਨ ਤੇ ਚੁਪ ਚੁਪ ਗੁਰੂ ਜੀ ਦੇ ਦਰਬਾਰ ਵਿਚ ਮੁੜ ਆ ਹਾਜ਼ਰ ਹੋਇਆ । ਉਸ ਨੇ ਸੱਤੇ ਦੇ ਸਾਰੇ ਬੋਲੇ ਫਿਕੇ ਬਚਨ ਗੁਰੂ ਜੀ ਦੀ ਹਜ਼ੂਰੀ ਵਿਚ ਇੰਨ ਬਿੰਨ ਬੋਲ ਸੁਣਾਏ। ਦਇਆ ਦੇ ਸਾਗਰ ਨਿਮਰਤਾ ਦੇ ਪਰਬਤ ਸਚੇ ਪਾਤਸ਼ਾਹ ਨਿੰਦਾ ਸੁਣ ਕੇ ਵੀ

ਨਹੀਂ ਘਬਰਾਏ । ਭਾਈ ਗੁਰਦਾਸ ਜੀ ਨੂੰ ਆਖਣ ਲਗੇ—'ਭਾਈ ਸਾਹਿਬ! ਆਪ ਪਧਾਰੀਏ ਗੁਰੂ ਘਰ ਦੇ ਰਬਾਬੀਆਂ ਨੂੰ ਸਤਿਕਾਰ ਨਾਲ ਦਰਬਾਰ ਵਿਚ ਲਿਆਈਏ । ਉਹ ਭੁੱਲ ਕੇ ਕ੍ਰੋਧ ਕਰ ਬੈਠੇ ਨੇ । ਗੁਰੂ ਘਰ ਕਿਸੇ ਗੱਲ ਦੀ ਥੁੜ ਨਹੀਂ । ਉਨ੍ਹਾਂ ਦੀ ਕੰਨਿਆਂ ਦਾ ਵਿਆਹ ਐਸਾ ਹੀ ਹੋ ਜਾਵੇਗਾ ਜੈਸਾ ਉਹ ਚਾਹੁੰਦੇ ਨੇ, ਉਹਨਾਂ ਨੂੰ ਹਉਮੈਂ ਰੋਗ ਦੁਖੀ ਕਰ ਰਿਹਾ ਹੈ ।'

ਭਾਈ ਗੁਰਦਾਸ ਜੀ ਸੱਤੇ ਤੇ ਬਲਵੰਡ ਦੇ ਘਰ ਨੂੰ ਤੁਰੇ । ਆਹ ! ਨਿਮਰਤਾ ਦੀ ਹੱਦ ਹੋ ਗਈ । ਮਰਾਸੀਆਂ ਨੂੰ ਮਨਾਉਣ ਵਾਸਤੇ ਉਹ ਸਮੇਂ ਦੇ ਮਹਾਂ ਵਿਦਵਾਨ ਤੇ ਕਵੀ ਜਾ ਰਹੇ ਸਨ, ਉਹ ਵੀ ਨੰਗੀ ਪੈਰੀਂ । ਭਾਈ ਜੀ ਬੂਹੇ ਕੋਲ ਪੁੱਜ ਕੇ ਚੋਖਾ ਚਿਰ ਅਵਾਜ਼ਾਂ ਮਾਰਦੇ ਰਹੇ । ਸਾਰੇ ਟੱਬਰ ਨੇ ਅਵਾਜ਼ਾਂ ਅਣਸੁਣੀਆਂ ਕਰ ਛਡੀਆਂ, ਆਖ਼ਰ ਰਾਏ ਬਲਵੰਡ ਆਇਆ । ਭਾਈ ਸਾਹਿਬ ਨੂੰ ਵੇਖ ਕੇ ਉਹ ਵੀ ਪੁੱਠਾ ਹੀ ਬੋਲਿਆ, 'ਜਾਓ ਆਪ ਕੀਰਤਨ ਕਰ ਲਵੋ । ਅਸਾਂ ਨਹੀਂ ਜਾਣਾ । ਇਕ ਵਾਰ ਜੁ ਆਖ ਭੇਜਿਆ ਘੜੀ ਮੁੜੀ ਆਉਣ ਦਾ ਕੀ ਮਤਲਬ ? ਪਿੱਛਾ ਛਡੋ । ਕਲ੍ਹ ਅਸੀਂ ਸ਼ਹਿਰੋਂ ਵੀ ਚਲੇ ਜਾਵਾਂਗੇ ।'

ਭਾਈ ਗੁਰਦਾਸ ਜੀ ਨੇ ਬੜੀ ਹਲੀਮੀ ਤੇ ਪਿਆਰ ਦੇ ਲਹਿਜ਼ੇ ਵਿਚ ਸਮਝਾਇਆ, 'ਰਾਏ ਜੀ ! ਕ੍ਰੋਧ ਕਰਨਾ ਠੀਕ ਨਹੀਂ ਆਪ ਚਲੀਏ । ਗੁਰੂ ਜਸ ਕੀਰਤਨ ਕਰੀਏ । ਮਾਇਆ ਦੇ ਕਾਰਨ ਗੁਰੂ ਪੀਰ ਨਾਲ ਵਿਗਾੜਨੀ ਨਹੀਂ ਚਾਹੀਦੀ । ਤੁਸਾਂ ਦੀ ਕੰਨਿਆਂ ਅਸਾਂ ਦੀ ਵੀ ਕੰਨਿਆਂ ਹੈ । ਜਿਵੇਂ ਆਖੋਗੇ ਤਿਵੇਂ ਹੀ ਸ਼ਾਨ ਨਾਲ ਵਿਆਹ ਹੋ ਜਾਵੇਗਾ । ਚਲੋ ! ਕ੍ਰੋਧ ਨੂੰ ਮਾਰੋ ।'

ਜਦੋਂ ਕਿਸੇ ਦੇ ਮਾੜੇ ਦਿਨ ਹੋਣ ਤਦੋਂ ਉਸ ਨੂੰ ਕਿਸੇ ਦੀਆਂ ਚੰਗੀਆਂ ਗੱਲਾਂ ਵੀ ਮਾੜੀਆਂ ਪ੍ਰਤੀਤ ਹੁੰਦੀਆਂ ਹਨ । ਉਹ ਕਿਸੇ ਮਹਾਂ ਪੁਰਸ਼ ਦੇ ਉਪਦੇਸ਼ ਵਲ ਵੀ ਕੰਨ ਨਹੀਂ ਕਰਦਾ । ਰਾਇ ਬਲਵੰਡ ਨੇ ਇਕ ਨਾ ਸੁਣੀ । ਅੰਦਰ ਨੂੰ ਚਲਾ ਗਿਆ । ਭਾਈ ਗੁਰਦਾਸ ਜੀ ਵਾਪਸ ਮੁੜ ਆਏ ।

ਗੁਰੂ ਜੀ ਆਪ ਚੰਦਨ ਚੌਕੀ ਵਾਲੇ ਸਿੰਘਾਸਣ ਤੋਂ ਉਠੇ । ਸੰਗਤਾਂ ਦਾ ਉਧਾਰ ਕਰਨ ਵਾਸਤੇ ਡੂੰਮਾਂ ਦੇ ਘਰ ਨੂੰ ਤੁਰ ਪਏ । ਸੰਗਤ ਨੇ ਨਾਲ ਜਾਣਾ ਚਾਹਿਆ, ਪਰ ਗੁਰੂ ਜੀ ਨੇ ਸਭ ਨੂੰ ਰੋਕ ਦਿਤਾ, ਉਨ੍ਹਾਂ ਕਿਹਾ ਭਾਈ ਗੁਰਦਾਸ ਜੀ ਤੋਂ ਬਿਨਾਂ ਉਹ ਕਿਸੇ ਨੂੰ ਨਾਲ ਨਹੀਂ ਲਿਜਾਣਗੇ । ਦੋ ਜਹਾਨ ਦੇ ਵਾਲੀ ਸੱਤੇ ਬਲਵੰਡ ਦੇ ਘਰ ਕੋਲ ਗਏ ਤਾਂ ਉਨ੍ਹਾਂ ਦੇ ਘਰ ਦਾ ਬੂਹਾ ਆਪਣੇ ਆਪ

ਖੁਲ੍ਹ ਗਿਆ। ਅਵਾਜ਼ਾਂ ਮਾਰਨ ਦੀ ਲੋੜ ਨਾ ਰਹੀ। ਅੰਦਰ ਲੰਘ ਗਏ, ਅਗੇ ਸੱਤਾ ਤੇ ਬਲਵੰਡ ਮੰਜੀਆਂ ਉਤੇ ਬੈਠੇ ਸਨ। ਉਨ੍ਹਾਂ ਅਗੋਂ ਉਠ ਕੇ ਗੁਰੂ ਜੀ ਦਾ ਸਤਿਕਾਰ ਨਾ ਕੀਤਾ। ਜ਼ਬਾਨੋਂ ਵੀ 'ਜੀ ਆਇਆਂ ਨੂੰ' ਨਹੀਂ ਆਖਿਆ। ਘਰ ਦੇ ਬਾਕੀ ਦੇ ਜੀਅ ਵੀ ਚੁਪ ਰਹੇ।

ਗੁਰੂ ਜੀ ਨੇ ਦੋਹਾਂ ਨੂੰ ਸੰਬੋਧਨ ਕਰ ਕੇ ਬਚਨ ਕੀਤਾ—'ਚਲੋ ਭਾਈ ਕੀਰਤਨ ਕਰੋ! ਸੰਗਤਾਂ ਉਡੀਕ ਰਹੀਆਂ ਨੇ। ਜੇ ਕੋਈ ਰੋਸ ਹੋਵੇਗਾ ਤਾਂ ਉਹ ਮੇਰੇ ਨਾਲ ਹੈ ਗੁਰੂ ਘਰ ਨਾਲ ਕੀ ਰੋਸ? ਸ਼ਬਦ ਦੇ ਸੇਵਕਾਂ ਨੂੰ ਗੁੱਸੇ ਹੋਣਾ ਨਹੀਂ ਸੋਭਦਾ। ਚਲੋ ਕੀਰਤਨ ਕਰੋ।'

ਰਾਏ ਬਲਵੰਡ ਕ੍ਰੋਧ ਨਾਲ ਬੋਲਿਆ, 'ਅਸਾਂ ਨਹੀਂ ਜਾਣਾ। ਅਸੀਂ ਤੁਸਾਂ ਨੂੰ ਗੁਰੂ ਬਨਾਉਣ ਦਾ ਯਤਨ ਕੀਤਾ। ਅਸਾਡੇ ਕੀਰਤਨ ਕਰਕੇ ਹੀ ਲੋਕ ਆਉਂਦੇ ਨੇ, ਪਰ ਤੁਸਾਂ ਧੋਖਾ ਕੀਤਾ। ਸੰਗਤਾਂ ਨੂੰ ਰੋਕ ਦਿੱਤਾ ਕਿ ਭੇਟਾ ਨਾ ਚਾੜ੍ਹਨ। ਜਾਓ ਜਾ ਕੇ ਕਿਸੇ ਕੋਲੋਂ ਕੀਰਤਨ ਕਰਵਾ ਲਵੋ, ਅਸੀਂ ਕਿਸੇ ਹੋਰ ਸੋਢੀ ਅਗੇ ਜਾ ਕੀਰਤਨ ਕਰਾਂਗੇ, ਉਸੇ ਨੂੰ ਗੁਰੂ ਬਣਾ ਦਿਆਂਗੇ। ਜਿਥੇ ਕਦਰ ਨਾ ਹੋਵੇ, ਉਥੇ ਰਹਿਣਾ ਚੰਗਾ ਨਹੀਂ। ਗੁਰੂ ਨਾਨਕ ਜੀ ਕੋਲ ਜੇ ਮਰਦਾਨਾ ਨਾ ਹੁੰਦਾ ਤਾਂ ਉਸ ਨੂੰ ਗੁਰੂ ਕਿਸ ਆਖਣਾ ਸੀ, ਗੁਰੂ ਅੰਗਦ ਤੇ ਤੁਸਾਂ ਦੇ ਪਿਤਾ ਨੂੰ ਜੇਕਰ ਗੁਰੂ ਪ੍ਰਗਟ ਕਰਨ ਵਾਲੇ ਹਾਂ ਤਾਂ ਅਸੀਂ ਹਾਂ। ਹੁਣ ਅਸਾਂ ਦੀ ਤੇ ਤੁਸਾਂ ਦੀ ਨਹੀਂ ਭਿਜਦੀ, ਕੋਈ ਹੋਰ ਪ੍ਰਬੰਧ ਕਰ ਲਵੋ।'

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦੋਂ ਇਉਂ ਫਿਕੇ ਬਚਨ ਸੁਣੇ ਤੇ ਗੁਰੂ ਨਾਨਕ ਦੇਵ ਜੀ ਮਹਾਰਾਜ, ਗੁਰੂ ਅੰਗਦ ਦੇਵ ਜੀ ਦੀ ਨਿੰਦਾ ਸੁਣੀ ਤਾਂ ਕ੍ਰੋਧਵਾਨ ਹੋ ਗਏ। ਉਸੇ ਵੇਲੇ ਆਖਿਆ—ਸੱਤਿਆ ਤੇ ਬਲਵੰਡਾ! ਤੁਸੀਂ ਫਿਟ ਗਏ। ਇਹ ਫਟੇਵਾਂ ਤੁਸਾਂ ਨੂੰ ਤੰਗ ਕਰੇਗਾ। ਇਉਂ ਬਚਨ ਕਰ ਕੇ ਗੁਰੂ ਜੀ ਵਾਪਸ ਮੁੜ ਆਏ, ਰਾਹ ਵਿਚ ਕਿਸੇ ਨਾਲ ਕੋਈ ਬਚਨ ਨਹੀਂ ਕੀਤਾ।

## ਸਿੱਖਾਂ ਨੂੰ ਰਾਗੀ ਬਨਾਉਣਾ

ਮਿਹਰਾਂ ਦੇ ਦਾਤੇ (ਗੁਰੂ ਜੀ) ਦਰਬਾਰ ਵਿਚ ਪੁੱਜੇ। ਦੋਂਹ ਸਿੱਖਾਂ ਵਲ ਇਸ਼ਾਰਾ ਕਰ ਕੇ ਆਖਿਆ, 'ਤੁਸੀਂ ਦੋਨੋਂ ਕੀਰਤਨ ਕਰੋ। ਚੁੱਕੋ, ਸਾਜ ਵਜਾਓ! ਗੁਰੂ ਜਸ ਕਰੋ! ਅੱਜ ਤੋਂ ਮੇਰੇ ਸਿੱਖ ਗੁਰੂ ਜਸ ਕਰਨਗੇ। ਡੂੰਮ ਫਿਟ ਗਏ

ਨੇ । ਗੁਰੂ ਜਸ ਵਾਸਤੇ ਮੇਰਾ ਸਿੱਖ ਕਿਸੇ ਦਾ ਆਸਰਾ ਨਹੀਂ ਟੋਲੇਗਾ, ਕਰੋ ਸ਼ੁਰੂ ।' ਸਤਿਗੁਰੂ ਜੀ ਦਾ ਇਸ਼ਾਰਾ ਕਰਨ ਦੀ ਢਿੱਲ ਸੀ ਦੋਹਾਂ ਸਿਖਾਂ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ । ਸਾਜ ਵੱਜੇ, ਰਾਗ ਗਾਇਆ ਗਿਆ । ਸ਼ਬਦ ਪੜ੍ਹੇ ਗਏ । ਐਸਾ ਅਨੰਦ ਬੱਝਾ ਕਿ ਸੰਗਤ ਵਿਚੋਂ ਕੋਈ ਇਹ ਨਾ ਜਾਣ ਸਕਿਆ ਕਿ ਜੋ ਕੀਰਤਨ ਕਰਦੇ ਹਨ, ਉਨ੍ਹਾਂ ਨੂੰ ਰਾਗ ਦੀ ਸਮਝ ਨਹੀਂ। ਉਹ ਤਾਂ ਗੰਧਰਬ ਜਾਪਣ ਲਗੇ । ਉਸ ਦਿਨ ਤੋਂ ਸਿੱਖਾਂ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ, ਰਬਾਬੀ (ਮਰਾਸੀ) ਦਰ-ਬ-ਦਰ ਰੁਲਣ ਲੱਗੇ।

## ਸੱਤੇ ਬਲਵੰਡ ਨੂੰ ਕੋਹੜ

ਗੁਰੂ ਜੀ ਫਿਟਕਾਰ ਆਏ । ਜਦੋਂ ਗੁਰੂ ਜੀ ਨੇ ਫਿਟਕਾਰ ਦਿੱਤਾ ਤਾਂ ਮਥੇ ਕੌਣ ਲਾਵੇ । ਜਿਧਰ ਉਹ ਜਾਂਦੇ ਲੋਕ ਅਗੋਂ ਪਾਸੇ ਹੋ ਜਾਂਦੇ । ਘਰਾਂ ਦੇ ਬੂਹੇ ਵਜ ਜਾਂਦੇ । ਬੱਚੇ ਰੌਲਾ ਪਾਉਣ ਲਗ ਜਾਂਦੇ ਕਿ ਗੁਰੂ ਜੀ ਦੇ ਫਿਟਕਾਰੇ ਹੋਏ ਆਏ ਨੇ । ਜੋ ਪੂੰਜੀ ਕੋਲ ਸੀ ਉਹ ਖਾਂਦਿਆਂ ਖਾਂਦਿਆਂ ਮੁਕ ਗਈ, ਕਈਆਂ ਗੁਰੂ ਨਿੰਦਕਾਂ ਤੇ ਧੀਰ ਮਲੀਆਂ ਸੋਢੀਆਂ ਕੋਲ ਗਏ ਪਰ ਕਿਸੇ ਨੇ ਉਨ੍ਹਾਂ ਨੂੰ ਆਸਰਾ ਨਾ ਦਿੱਤਾ । ਉਹ ਭੁਖੇ ਮਰਨ ਲਗੇ । ਉਨ੍ਹਾਂ ਨੂੰ ਕੁਝ ਨਹੀਂ ਸੀ ਸੁਝਦਾ ਕਿ ਕੀ ਕਰਨ । ਹੌਲੀ ਹੌਲੀ ਤਨ ਵੀ ਫਿਟਣ ਲਗੇ । ਮਾਮੂਲੀ ਫੋੜੇ ਜ਼ਖ਼ਮ ਬਣ ਗਏ । ਉਨ੍ਹਾਂ ਨੂੰ ਕੋਹੜ ਹੋ ਗਿਆ । ਇਕ ਢਿਡੋਂ ਭੁਖੇ ਦੂਸਰਾ ਤਨ ਕੋਹੜਾ, ਉਹ ਅੱਤ ਦੁਖੀ ਹੋਣ ਲਗੇ । ਗੁਰੂ ਅਰਜਨ ਦੇਵ ਜੀ ਦਾ ਅਪਮਾਨ ਕੀਤਾ, ਗੁਰੂ ਨਾਨਕ ਦੇਵ ਜੀ ਤੋਂ ਗੁਰੂ ਰਾਮਦਾਸ ਜੀ ਤਕ ਨਿੰਦਿਆ ਕੀਤੀ, ਨਰਕ ਦੇ ਭਾਗੀ ਹੋਣਾ ਸੀ । ਨਰਕ ਵੀ ਇਸ ਜਗਤ ਦਾ ਹੀ ਭੋਗਣ ਲਗੇ । ਉਨ੍ਹਾਂ ਦੇ ਗੁਆਂਢੀ ਵੀ ਤੰਗ ਹੋ ਗਏ, ਉਨ੍ਹਾਂ ਨੂੰ ਬਦਬੂ ਤੰਗ ਕਰਦੀ ਸੀ । ਸੱਤਾ ਤੇ ਬਲਵੰਡ ਘਰੋਂ ਬਾਹਰ ਨਾ ਨਿਕਲਦੇ ।

## ਭਾਈ ਲੱਧਾ ਪਰਉਪਕਾਰੀ ਕੋਲ ਸੱਤੇ ਤੇ ਬਲਵੰਡ ਦਾ ਜਾਣਾ

ਆਪਣੀ ਕਿਸਮਤ ਨੂੰ ਪੱਕੇ ਜੰਦਰੇ ਵੱਜੇ ਦੇਖ ਸੱਤਾ ਬਲਵੰਡ ਕੁਰਲਾ ਉਠੇ। ਰਾਗ ਤੇ ਗਿਆਨ ਉਨ੍ਹਾਂ ਕੋਲੋਂ ਚਲੇ ਗਏ । ਨਿਰਾਦਰ ਹੀ ਨਿਰਾਦਰ ਉਨ੍ਹਾਂ

ਕੋਲ ਪਛਾਵੇਂ ਵਾਂਗ ਰਹਿੰਦਾ। ਉਨ੍ਹਾਂ ਨੂੰ ਆਪਣੀ ਭੁੱਲ ਦਾ ਗਿਆਨ ਹੋ ਗਿਆ। ਆਪਣੇ ਮੂੰਹ ਉਤੇ ਆਪ ਹੀ ਚਪੇੜਾਂ ਮਾਰਨ ਲਗੇ। ਗੁਰੂ ਨਿੰਦਕ ਨੂੰ ਕਿਤੇ ਢੋਈ ਨਹੀਂ ਮਿਲਦੀ। ਦਰਗਾਹੋਂ ਧਿਰਕਾਰੇ ਗਏ। ਉਹ ਰੋ ਰੋ ਕੇ ਇਹ ਆਖਣ ਲਗੇ—'ਕੋਈ ਸਾਨੂੰ ਗੁਰੂ ਜੀ ਪਾਸ ਲੈ ਚਲੋ। ਕੋਈ ਅਸਾਡਾ ਵਿਚੋਲਾ ਬਣੇ। ਅਸੀਂ ਭੁੱਲ ਗਏ, ਅਸੀਂ ਪਾਪੀ, ਮਹਾਂ ਕੋਹੜੀ! ਅਸਾਡੀ ਫ਼ਰਿਆਦ ਕੋਈ ਸੁਣੇ!' ਪਰ ਸੁਣੇ ਕੌਣ? ਉਹ ਆਪਣੇ ਕੋਠੇ ਉੱਤੇ ਚੜ੍ਹ ਜਾਂਦੇ ਤੇ ਇਉਂ ਕੂਕਦੇ ਰਹਿੰਦੇ। ਇਉਂ ਕੂਕਦਿਆਂ ਕੂਕਦਿਆਂ ਆਪਣੇ ਆਪ ਹੀ ਉਨ੍ਹਾਂ ਨੂੰ ਚੇਤਾ ਆ ਗਿਆ ਕਿ ਲਾਹੌਰ ਵਿਚ ਭਾਈ ਲੱਧਾ ਜੀ ਪਰਉਪਕਾਰੀ ਹਨ। ਉਨ੍ਹਾਂ ਨੂੰ ਮਿਲ ਕੇ ਤਰਲਾ ਕੀਤਾ ਜਾਵੇ ਤਾਂ ਉਹ ਜ਼ਰੂਰ ਵਿਚੋਲੇ ਬਣਨ ਨੂੰ ਤਿਆਰ ਹੋ ਜਾਣਗੇ। ਉਨ੍ਹਾਂ ਦੀ ਬੇਨਤੀ ਨੂੰ ਗੁਰੂ ਜੀ ਵੀ ਪ੍ਰਵਾਨ ਕਰ ਲੈਣਗੇ। ਇਹੋ ਜੀਵਨ ਕਿਰਨ ਉਨ੍ਹਾਂ ਨੂੰ ਦਿਸੀ। ਬਸ ਨੰਗੀਂ ਪੈਰੀਂ ਘਰੋਂ ਲਾਹੌਰ ਨੂੰ ਤੁਰ ਪਏ। ਪੈਂਤੀ ਮੀਲ ਪੈਂਡਾ ਸਵੇਰ ਤੋਂ ਤੁਰੇ ਹੋਏ ਸ਼ਾਮ ਨੂੰ ਲਾਹੌਰ ਪੁੱਜ ਗਏ। ਭਾਈ ਲੱਧਾ ਜੀ ਦੇ ਘਰ ਪੁਜੇ ਜਦੋਂ ਭਾਈ ਜੀ ਦੀਆਂ ਨੂੰਹਾਂ ਤੇ ਧੀਆਂ ਨੂੰ ਪਤਾ ਲੱਗਾ ਕਿ 'ਗੁਰੂ ਫਿਟਕਾਰੇ' ਆਏ ਹਨ ਤਾਂ ਉਨ੍ਹਾਂ ਨੇ ਬਾਹਰਲਾ ਬੂਹਾ ਬੰਦ ਕਰ ਦਿੱਤਾ। ਉਸ ਵੇਲੇ ਭਾਈ ਲੱਧਾ ਜੀ ਘਰ ਹੀ ਸਨ।

ਗਲੀ ਵਿਚ ਸੱਤਾ ਤੇ ਬਲਵੰਡ ਕੂਕਣ ਲਗੇ, ਤਰਲੇ ਕੱਢਣ ਲਗੇ—'ਭਾਈ ਲੱਧਾ ਜੀ! ਆਪ ਪਰਉਪਕਾਰੀ ਜੇ, ਅਸਾਂ ਪਾਪੀਆਂ ਨਿੰਦ ਕਰਮਾਂ ਹਤਿਆਰਿਆਂ ਉਤੇ ਦਇਆ ਕਰੋ? ਅਸੀਂ ਭੁਲੇ ਪਿਤਾ ਜੀ? ਮਿਹਰ ਕਰੋ ਅਸਾਡੇ ਵਿਚੋਲੇ ਬਣੋ। ਗੁਰੂ ਜੀ ਨਾਲ ਮੇਲ ਕਰਵਾਓ। ਅਸੀਂ ਭੁਲਾਂ ਬਖ਼ਸ਼ਾ ਲਈਏ। ਗੁਰੂ ਬਖ਼ਸ਼ਣਹਾਰ ਹੈ। ਭਾਈ ਜੀ ਤੁਸਾਂ ਬਿਨਾਂ ਅਸਾਡੇ ਰੋਗ ਦਾ ਇਲਾਜ ਕਿਸੇ ਨਹੀਂ ਕਰਨਾ। ਮਿਹਰਾਂ ਦੇ ਸਾਈਆਂ, ਪਰਉਪਕਾਰੀਆ ਅਸਾਡੀ ਫ਼ਰਿਆਦ ਸੁਣ। ਅਸਾਡੇ ਤਰਲੇ ਵਲ ਧਿਆਨ ਕਰ! ਅਸੀਂ ਪਾਪੀ! ਅਸੀਂ ਕੋਹੜੀ। ਅਸੀਂ ਫਿਟਕਾਰੇ, ਧਰਕਾਰੇ ਤੇ ਦਰ ਤੇਰੇ ਤੇ ਆ ਕੇ ਰੋਂਦੇ ਹਾਂ।'

ਭਾਈ ਲੱਧਾ ਜੀ ਨੂੰ ਤਰਸ ਆ ਗਿਆ। ਬੂਹਾ ਖੋਲ੍ਹਿਆ ਤੇ ਸੱਤੇ ਤੇ ਬਲਵੰਡ ਦੇ ਸਨਮੁਖ ਹੋ ਕੇ—'ਜਾਓ ਘਰ! ਮੈਂ ਕਲ੍ਹ ਆਵਾਂਗਾ। ਗੁਰੂ ਜੀ ਕੋਲੋਂ ਤੁਹਾਡੇ ਬਦਲੇ ਖਿਮਾਂ ਦਾ ਦਾਨ ਮੰਗਾਂਗਾ, ਜਾਓ?'

ਭਾਈ ਲੱਧਾ ਜੀ ਦੀ ਜ਼ਬਾਨੋਂ ਇਹ ਬਚਨ ਸੁਣ ਕੇ ਦੋਵੇਂ ਭਰਾ, ਭਾਈ ਲੱਧਾ

ਜੀ ਦੀ ਉਸਤਤ ਕਰਦੇ ਹੋਏ ਵਾਪਸ ਮੁੜ ਪਏ। ਉਧਰ ਸਵੇਰ ਹੋਈ ਤਾਂ ਭਾਈ ਲੱਧਾ ਜੀ ਪਰਉਪਕਾਰੀ ਨੇ ਪਰਉਪਕਾਰ ਕਰਨ ਦਾ ਹੌਸਲਾ ਕਰ ਲਿਆ। ਇਹੋ ਜਿਹਾ ਹੌਸਲਾ ਕੋਈ ਵਿਰਲਾ ਹੀ ਕਰ ਸਕਦਾ ਸੀ। ਗੁਰੂ ਜੀ ਦਾ ਹੁਕਮ ਸੀ ਕਿ ਜੋ ਸੱਤੇ ਬਲਵੰਡ ਦੀ ਗੱਲ ਕਰੇ, ਉਸ ਨੂੰ 'ਨਸ਼ਰ ਹੋਣਾ' ਪਵੇਗਾ। ਨਸ਼ਰ ਹੋਣਾ ਉਸ ਵੇਲੇ ਇਕ ਕਿਸਮ ਦੀ ਸਜ਼ਾ ਸੀ। ਭਾਈ ਲੱਧਾ ਜੀ ਨੇ ਕਿਹਾ ਕਿ ਉਹ ਘਰੋਂ ਨਸ਼ਰ ਹੋ ਕੇ ਚਲਦੇ ਹਨ। ਉਨ੍ਹਾਂ ਨੇ ਇਕ ਖੋਤਾ ਮੰਗਵਾ ਲਿਆ। ਉਸ ਨੂੰ ਟਾਕੀਆਂ ਦੀ ਲਗਾਮ ਲਾਈ। ਉਪਰ ਪਾਟੀ ਜਿਹੀ ਗੋਦੜੀ ਸੁਟ ਕੇ ਆਪ ਉਸ ਖੋਤੇ ਤੇ ਚੜ੍ਹ ਬੈਠੇ। ਪਿੰਡੇ ਨੂੰ ਸਵਾਹ ਤੇ ਕਾਲਖ ਮਲ ਲਈ। ਮੂੰਹ ਕਾਲਾ ਕਰ ਲਿਆ। ਇਹ ਨਸ਼ਰ ਹੋਣ ਦਾ ਢੰਗ ਸੀ, ਸਾਰੇ ਸ਼ਹਿਰ ਦੁਆਲੇ ਰੌਲਾ ਮਚ ਗਿਆ ਕਿ ਭਾਈ ਲੱਧਾ ਜੀ ਕਿਉਂ ਨਸ਼ਰ ਹੋ ਰਹੇ ਹਨ, ਬੱਚੇ ਦੁਆਲੇ ਆ ਹੋਏ, ਕੋਈ ਹੱਸਦਾ ਕੋਈ ਤਾੜੀਆਂ ਮਾਰਦਾ। ਭਾਈ ਲੱਧਾ ਜੀ ਪਿਛੇ ਜਲੂਸ ਜਿਹਾ ਬਣ ਗਿਆ। ਲਾਹੌਰ ਦੇ ਸ਼ਾਲਾ ਮਾਰ ਬਾਗ ਤਕ ਚੋਖੀ ਭੀੜ ਨਾਲ ਆਈ। ਹੌਲੀ ਹੌਲੀ ਦੂਸਰੇ ਦਿਨ ਭਾਈ ਲੱਧਾ ਜੀ ਸ੍ਰੀ ਅੰਮ੍ਰਿਤਸਰ ਪੁੱਜੇ। ਸਿੱਖਾਂ ਨੇ ਗੁਰੂ ਜੀ ਨੂੰ ਪਹਿਲਾਂ ਹੀ ਦਸ ਦਿਤਾ ਕਿ ਭਾਈ ਲੱਧਾ ਜੀ ਪਰਉਪਕਾਰੀ ਨਸ਼ਰ ਹੋ ਕੇ ਆ ਰਹੇ ਹਨ ਉਨ੍ਹਾਂ ਡਾਢਾ ਹੀ ਭੈੜਾ ਸਾਂਗ ਬਣਾਇਆ ਹੋਇਆ ਸੀ। ਅੰਤਰਜਾਮੀ ਸਚੇ ਪਾਤਸ਼ਾਹ ਜਾਣ ਗਏ ਕਿ ਪਰਉਪਕਾਰੀ ਜੀ ਕਿਉਂ ਨਸ਼ਰ ਹੋਏ ਹਨ। ਗੁਰੂ ਜੀ ਸਿੰਘਾਸਨ ਤੋਂ ਉਠੇ। ਸ੍ਰੀ ਦਰਬਾਰ ਸਾਹਿਬ ਤੋਂ ਰਤਾ ਅਗੇ ਹੋ ਕੇ ਭਾਈ ਲੱਧਾ ਜੀ ਨੂੰ ਮਿਲਣ ਵਾਸਤੇ ਖਲੋ ਗਏ। ਸਿੱਖ ਦੇ ਸਿੱਖੀ ਸਿਦਕ ਤੇ ਪਰਉਪਕਾਰ ਕਰਨ ਦੀ ਰੂਹ ਨੇ ਗੁਰੂ ਜੀ ਨੂੰ ਸਿੰਘਾਸਨ ਤੋਂ ਉਠਾ ਦਿੱਤਾ।

## ਭਾਈ ਲੱਧਾ ਜੀ ਗੁਰੂ ਜੀ ਦੀ ਹਜ਼ੂਰੀ ਵਿਚ

ਭਾਈ ਲੱਧਾ ਜੀ ਸ੍ਰੀ ਦਰਬਾਰ ਸਾਹਿਬ ਦੇ ਨੇੜੇ ਪੁੱਜ ਕੇ ਖੋਤੇ ਤੋਂ ਉਤਰੇ। ਪੈਦਲ ਅਗੇ ਨੂੰ ਚਲ ਪਏ। ਅਗੇ ਸੰਗਤ ਸਮੇਤ ਗੁਰੂ ਜੀ ਖਲੋਤੇ ਸਨ। ਆਪਣੇ ਸਿੱਖ ਨੂੰ ਆਉਂਦਿਆਂ ਦੇਖ ਮੁਸਕਰਾ ਪਏ। ਦਿਆਲੂ ਤੇ ਕ੍ਰਿਪਾਲੂ ਸਚੇ ਪਾਤਸ਼ਾਹ ਦਿਆਲਤਾ ਵਿਚ ਆ ਗਏ। ਭਾਈ ਲੱਧਾ ਜੀ ਨੂੰ ਜੱਫੀ ਪਾ ਕੇ ਪੁੱਛਣ ਲਗੇ— 'ਭਾਈ ਲੱਧਾ ਜੀ ਇਹ ਕੀ ਸਾਂਗ ਵਰਤਾਇਆ?'

'ਦਾਤਾ! ਅਸੀਂ ਜੀਵ ਭੁਲਨਹਾਰ ਤੇ ਪਾਪੀ ਹਾਂ, ਮਾਇਆ, ਹੰਕਾਰ ਤੇ ਸ਼ੈਤਾਨੀ ਬਲ ਅਸਾਡੀ ਆਤਮਾ ਉਤੇ ਧਰਨਾ ਮਾਰ ਕੇ ਬੈਠਾ ਹੈ। ਉਸ ਦੇ ਅਸਰ ਹੇਠ ਅਸਾਡੇ ਕੋਲੋਂ ਵੱਡੀਆਂ ਭੁੱਲਾਂ ਹੋ ਜਾਂਦੀਆਂ ਹਨ। ਅਸਾਡੀਆਂ ਭੁੱਲਾਂ ਨਾ ਚਿਤਾਰੋ, ਦਇਆ ਕਰੋ।'

'ਕੀ ਭੁੱਲ ਹੋ ਗਈ?' ਗੁਰੂ ਜੀ ਨੇ ਪੁਛਿਆ।

'ਮੈਂ ਭੁੱਲ ਨਹੀਂ ਕੀਤੀ ਮੈਂ ਆਪ ਜੀ ਦੀ ਆਗਿਆ ਦਾ ਉਲੰਘਣ ਕੀਤਾ ਹੈ। ਮੈਂ ਵਿਚੋਲਾ ਬਣ ਕੇ ਆਇਆ ਹਾਂ ਕਿ ਸੱਤੇ ਤੇ ਬਲਵੰਡ ਨੂੰ ਖਿਮਾਂ ਕਰੋ। ਉਹ ਕੀਤੀ ਦਾ ਫਲ ਪਾ ਚੁਕੇ ਹਨ। ਉਨ੍ਹਾਂ ਨੂੰ ਬਖ਼ਸ਼ ਦੇਣਾ ਚਾਹੀਦਾ ਹੈ।' ਭਾਈ ਲੱਧਾ ਜੀ ਨੇ ਕਿਹਾ।

ਗੁਰੂ ਜੀ ਨੇ ਬਚਨ ਕੀਤਾ—'ਭਾਈ ਲੱਧਾ ਜੀ! ਉਹਨਾਂ ਦੋਹਾਂ ਭਾਈਆਂ ਨੇ ਗੁਰੂ ਨਾਨਕ ਜੀ ਦੀ ਨਿੰਦਾ ਕੀਤੀ ਹੈ, ਜਿਸ ਜ਼ਬਾਨ ਨਾਲ ਨਿੰਦਾ ਕੀਤੀ ਨੇ ਉਸੇ ਨਾਲ ਉਸਤਤ ਕਰਨ ਤਾਂ ਉਨ੍ਹਾਂ ਦਾ ਦੁੱਖ ਦੂਰ ਹੋ ਸਕਦਾ ਹੈ।'

ਗੁਰੂ ਜੀ ਪਾਸੋਂ ਇਹ ਆਗਿਆ ਹਾਸਲ ਕਰਕੇ ਭਾਈ ਲੱਧਾ ਜੀ ਪਰਉਪਕਾਰੀ ਸ'ਤੇ ਤੇ ਬਲਵੰਡ ਦੇ ਘਰ ਪਹੁੰਚੇ। ਦੋਹਾਂ ਭਾਈਆਂ ਨੂੰ ਬਾਹਰ ਸੱਦ ਕੇ ਨਾਲ ਲੈ ਕੇ ਗੁਰੂ ਜੀ ਦੀ ਹਜ਼ੂਰੀ ਵਿਚ ਮੁੜ ਹਾਜ਼ਰ ਹੋ ਗਏ। ਗੁਰੂ ਜੀ ਦੀ ਹਜ਼ੂਰੀ ਵਿਚ ਹਾਜ਼ਰ ਹੋ ਕੇ ਸੱਤੇ ਤੇ ਬਲਵੰਡ ਨੇ ਗੁਰੂ ਘਰ ਦੀ ਮਹਿਮਾ ਵਰਨਣ ਕੀਤੀ। ਜੋ ਰਾਗ ਰਾਮਕਲੀ ਵਿਚ 'ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੇ ਡੂਮ ਆਖੀ।' ਜਦੋਂ ਇਹ ਵਾਰ ਸੰਪੂਰਨ ਹੋਈ ਤਾਂ ਸੱਤੇ ਤੇ ਬਲਵੰਡ ਦਾ ਕੋਹੜ ਦੂਰ ਹੋ ਗਿਆ। ਉਨ੍ਹਾਂ ਦੀ ਦੇਹ ਕੰਚਨ ਵਾਂਗ ਅਰੋਗ ਤੇ ਨਿਰਮਲ ਹੋ ਗਈ।

ਇਸ ਮਹਾਨ ਕਥਾ ਤੋਂ ਇਹ ਸਿਖਿਆ ਮਿਲਦੀ ਹੈ ਕਿ ਗੁਰ-ਪੀਰ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ। ਗੁਰੂ ਜੀ ਜੋ ਭਾਣਾ ਵਰਤਾਉਂਦੇ ਹਨ ਉਸ ਨੂੰ ਭਰੋਸੇ ਤੇ ਹੌਂਸਲੇ ਨਾਲ ਦੇਖਣਾ ਚਾਹੀਦਾ ਹੈ। ਭਾਈ ਲੱਧਾ ਜੀ ਵਾਂਗ ਪਰਉਪਕਾਰ ਕਰਨਾ ਚਾਹੀਦਾ ਹੈ।

# ੧੭. ਬਾਬਾ ਸੁੰਦਰ ਦਾਸ ਜੀ

ਬਾਬਾ ਸੁੰਦਰ ਦਾਸ ਜੀ ਗੁਰੂ ਅਮਰਦਾਸ ਜੀ ਦੇ ਪੜਪੋਤੇ ਤੇ ਬਾਬਾ ਮੋਹਰੀ ਜੀ ਦੇ ਪੋਤੇ ਸਨ। ਇਨ੍ਹਾਂ ਦੇ ਪਿਤਾ ਜੀ ਦਾ ਨਾਮ ਸੀਸ ਰਾਮ ਸੀ ਜੋ ਲਿਖਾਰੀ ਹੋ ਗੁਜਰੇ ਹਨ। ਬਾਬਾ ਸੁੰਦਰ ਦਾਸ ਜੀ ਭਗਤੀ ਭਾਵ ਤੇ ਸੇਵਾ ਭਾਵ ਵਾਲੇ ਸਨ। ਗੁਰੂ ਘਰ ਦੀ ਬਹੁਤ ਸੇਵਾ ਕਰਦੇ ਸਨ। ਆਪ ਕਵੀ ਸੱਦਾਂ ਵਾਰਾਂ ਬਨਾਉਂਦੇ ਤੇ ਗਾਉਂਦੇ ਸਨ। ਸੱਦਾਂ ਨਾਲ ਉਨ੍ਹਾਂ ਨੂੰ ਬਹੁਤ ਪ੍ਰੇਮ ਸੀ। ਜਦੋਂ ਸ੍ਰੀ ਗੁਰੂ ਅਮਰਦਾਸ ਜੀ ਪ੍ਰਲੋਕ ਸਿਧਾਰਨ ਲਗੇ ਤਾਂ ਉਨ੍ਹਾਂ ਨੇ ਬਹੁਤ ਸਾਰਾ ਉਪਦੇਸ਼ ਕੀਤਾ, ਉਸ ਉਪਦੇਸ਼ ਨੂੰ ਚੇਤੇ ਰੱਖ ਕੇ ਬਾਬਾ ਸੁੰਦਰ ਦਾਸ ਜੀ ਨੇ ਇਕ ਸੱਦ ਉਚਾਰੀ ਜੋ ਹੁਣ ਸਾਰੇ ਸਿਖ ਹਰ ਪ੍ਰਾਣੀ ਦੇ ਪ੍ਰਲੋਕ ਗਮਨ ਪਿਛੋਂ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪੈਂਦਾ ਹੈ, ਤਾਂ ਇਸ ਸੱਦ ਨੂੰ ਜ਼ਰੂਰ ਪੜ੍ਹਦੇ ਹਨ।

ਇਹ ਸੱਦ ਗੁਰੂ ਅਰਜਨ ਦੇਵ ਜੀ ਨੂੰ ਬਾਬਾ ਸੁੰਦਰ ਦਾਸ ਜੀ ਨੇ ਉਸ ਵੇਲੇ ਸੁਣਾਈ ਸੀ, ਜਦੋਂ ਗੁਰੂ ਜੀ ਗੋਇੰਦਵਾਲ ਸਾਹਿਬ ਤੋਂ ਪੋਥੀਆਂ ਲੈਣ ਗਏ। ਗੁਰੂ ਅਮਰਦਾਸ ਜੀ ਦੀਆਂ ਸਾਖੀਆਂ ਨੂੰ ਇਕੱਠਿਆਂ ਕਰ ਰਹੇ ਸਨ। ਗੁਰੂ ਅਰਜਨ ਦੇਵ ਜੀ ਸੱਦ ਸੁਣ ਕੇ ਖ਼ੁਸ਼ ਹੋ ਗਏ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੱਦ ਨੂੰ ਦਰਜ ਕਰ ਕੇ ਬਾਬਾ ਸੁੰਦਰ ਦਾਸ ਜੀ ਨੂੰ ਅਮਰ ਕਰ ਦਿੱਤਾ ਹੈ।

# ੧੮. ਕੁਬਿਜਾਂ ਮਾਲਣ

*ਕੁਬਿਜਾਂ ਉਧਰੀ ਅੰਗੁਸਟ ਧਾਰ॥ (ਬਸੰਤੁ)*

ਰਾਜਾ ਕੰਸ ਦੀ ਇਕ ਮਾਲਣ ਕੁਬਿਜਾਂ ਸੀ। ਇਸ ਦੀ ਉਮਰ ਛੋਟੀ, ਸੂਰਤ ਸੋਹਣੀ ਤੇ ਹਿਰਦਾ ਬਹੁਤ ਨਿਰਮਲ ਸੀ, ਪਰ ਸਾਰੇ ਗੁਣ ਦੇ ਕੇ ਭਗਵਾਨ ਨੇ ਉਸ ਦੇ ਲੱਕ ਵਿਚ ਕੁੱਬ ਰਖਿਆ ਹੋਇਆ ਸੀ। ਉਸ ਕੁੱਬ ਨੇ ਉਸ ਦੇ

ਸਾਰੇ ਗੁਣਾਂ ਤੇ ਪੜਦਾ ਪਾਇਆ ਹੋਇਆ ਸੀ। ਕੁੱਬੀ ਹੋਣ ਕਰਕੇ ਹੀ ਉਸਦਾ ਵਿਆਹ ਨਹੀਂ ਸੀ ਹੋਇਆ। ਉਹ ਕੰਵਾਰੀ ਤੇ ਮਾਸੂਮ ਹਿਰਦੇ ਵਾਲੀ ਦੇਵੀ ਸੀ। ਵਲ ਛਲ ਕੋਈ ਨਹੀਂ ਸੀ ਜਾਣਦੀ।

ਉਹ ਹਰ ਰੋਜ਼ ਬਾਗ ਵਿਚੋਂ ਫੁੱਲ ਤੋੜ ਕੇ ਲਿਆਉਂਦੀ ਤੇ ਚੰਦਨ ਰਗੜ ਕੇ ਰਾਜੇ ਕੰਸ ਕੋਲ ਜਾਂਦੀ ਤੇ ਉਸ ਨੂੰ ਚੰਦਨ ਦਾ ਟਿੱਕਾ ਲਾਉਂਦੀ। ਫੁੱਲਾਂ ਦੇ ਹਾਰ ਪਰੋਣ ਤੇ ਗਜਰੇ ਬਨਾਉਣ ਵਿਚ ਬਹੁਤ ਉਸਤਾਦ ਸੀ। ਸ੍ਰੀ ਕ੍ਰਿਸ਼ਨ ਜੀ ਮਥਰਾ ਦੀ ਸ਼ਾਹੀ ਸੜਕ ਉਤੇ ਜਾ ਰਹੇ ਸਨ ਤਾਂ ਕੁਬਿਜਾਂ ਉਨ੍ਹਾਂ ਨੂੰ ਅਗੋਂ ਆਉਂਦੀ ਮਿਲੀ। ਸ੍ਰੀ ਕ੍ਰਿਸ਼ਨ ਜੀ ਦਾ ਰੂਪ ਤੇ ਚਿਹਰੇ ਦਾ ਪ੍ਰਤਾਪ ਦੇਖ ਕੇ ਉਹਦੇ ਪੈਰ ਜੁੜ ਗਏ। ਉਹ ਟਿਕ ਟਿਕੀ ਲਾ ਕੇ ਸ੍ਰੀ ਕ੍ਰਿਸ਼ਨ ਜੀ ਵਲ ਦੇਖਣ ਲਗ ਪਈ। ਉਹ ਭਗਵਾਨ ਦੀ ਨੁਹਾਰ ਦੇਖ ਕੇ ਮੋਹਿਤ ਹੋ ਗਈ। ਸੁਤੀ ਪ੍ਰੀਤ ਜਾਗ ਪਈ। ਸਯਾਮ ਸਲੋਨੇ ਕੋਲੋਂ ਅਗੇ ਲੰਘਣ ਦਾ ਹੀਆ ਨਾ ਪਿਆ।

ਅੰਤਰਜਾਮੀ ਪ੍ਰਭੂ ਉਸ ਦੇ ਮਨੋਭਾਵਾਂ ਨੂੰ ਜਾਣ ਗਏ ਤੇ ਖਲੋ ਗਏ ਤੇ ਮੁਸਕਰਾਏ। ਬਸ ਉਨ੍ਹਾਂ ਦੀ ਮੁਸਕਰਾਹਟ ਨਾਲ ਹੀ ਕੁਬਿਜਾਂ ਤਰ ਗਈ। ਉਹਦੇ ਜਨਮ ਮਰਨ ਦੇ ਪਾਪ ਖੰਡਨ ਹੋ ਗਏ। ਕੁਬਿਜਾਂ ਨੇ ਛੇਤੀ ਨਾਲ ਚੰਦਨ ਦਾ ਟਿੱਕਾ ਸ੍ਰੀ ਕ੍ਰਿਸ਼ਨ ਜੀ ਨੂੰ ਲਾ ਦਿੱਤਾ। ਉਹ ਇਹ ਵੀ ਭੁੱਲ ਗਈ ਕਿ ਚੰਦਨ ਰਗੜ ਕੇ ਉਹ ਰਾਜਾ ਕੰਸ ਨੂੰ ਟਿੱਕਾ ਲਾਉਣ ਵਾਸਤੇ ਜਾ ਰਹੀ ਹੈ, ਰਾਜਾ ਕੰਸ ਉਹ ਜ਼ਾਲਮ ਰਾਜਾ ਹੈ ਜੋ ਹੋਰ ਕਿਸੇ ਰਾਜੇ ਦਾ ਸਤਿਕਾਰ ਦੇਖ ਕੇ ਸਹਿ ਨਹੀਂ ਸਕਦਾ ਸੀ। ਉਹ ਇਹ ਵੀ ਭੁੱਲ ਗਈ ਕਿ ਜੇ ਸ੍ਰੀ ਕ੍ਰਿਸ਼ਨ ਨੂੰ ਚੰਦਨ ਲਾਉਣ ਦਾ ਉਸ ਨੂੰ ਪਤਾ ਲਗ ਗਿਆ ਤਾਂ ਉਹ ਮਾਲਣ ਨੂੰ ਇਕ ਦਮ ਮਰਵਾ ਦੇਵੇਗਾ। ਪ੍ਰੇਮ ਨਾਲ ਮਨ ਉਛਲਿਆ। ਸਾਰੇ ਡਰ ਦੂਰ ਹੋ ਗਏ।

ਪ੍ਰਭੂ ਸ੍ਰੀ ਕ੍ਰਿਸ਼ਨ ਜੀ ਕੁਬਿਜਾਂ ਦਾ ਪਿਆਰ ਦੇਖ ਕੇ ਉਸ ਉਤੇ ਮਿਹਰਬਾਨ ਹੋ ਗਏ। ਉਨ੍ਹਾਂ ਨੇ ਆਪਣਾ ਇਕ ਚਰਨ ਕੁਬਿਜਾਂ ਦੇ ਪੈਰ ਉਤੇ ਰੱਖ ਲਿਆ ਤੇ ਹੱਥ ਨਾਲ ਫੜ ਕੇ ਇਕ ਐਸਾ ਹਲੂਣਾ ਮਾਰਿਆ ਕਿ ਕੁਬਿਜਾਂ ਦਾ ਕੁੱਬ ਦੂਰ ਹੋ ਗਿਆ। ਉਹ ਬੇਰੀ ਦੀ ਇਕ ਲਰ ਵਾਂਗ ਸਿੱਧੀ ਹੋ ਗਈ। ਸਿੱਧੀ ਹੋਣ ਦੇ ਨਾਲ ਉਹਦੇ ਸਰੀਰ ਦੇ ਸੁਹੱਪਣ ਨੂੰ ਚਾਰ ਚੰਨ ਲਗ ਗਏ। ਉਹ ਅਨੰਦ ਨਾਲ ਉਛਲ ਪਈ। 'ਪ੍ਰਭੂ! ਬਹੁਤ ਕਿਰਪਾ। ਦਾਸੀ ਨੂੰ ਮੁੜ ਦਰਸ਼ਨ ਕਦੋਂ ਹੋਣਗੇ?' ਕੁਬਿਜਾਂ ਨੇ ਆਪਣੇ ਮਨ ਨੂੰ ਨੰਗਿਆਂ ਕਰ ਦਿਤਾ।

ਦਿਆਲ ਹੋ ਕੇ ਭਗਵਾਨ ਸ੍ਰੀ ਕ੍ਰਿਸ਼ਨ ਜੀ ਬੋਲੇ—'ਹੇ ਮਾਲਣ! ਤੇਰੀ ਸ਼ਰਧਾ ਤੇ ਪ੍ਰੀਤ ਪ੍ਰਵਾਨ। ਤੈਨੂੰ ਮਿਲਾਂਗਾ, ਪਰ ਅਜੇ ਨਹੀਂ ਮਥਰਾ ਦੇ ਰਾਜੇ ਕੰਸ ਦੇ ਕਾਲ ਪਿਛੋਂ ਜਦੋਂ ਤੂੰ ਵੀ ਰਾਜੇ ਕੰਸ ਦੇ ਡਰ ਤੋਂ ਸੁਤੰਤਰ ਹੋ ਜਾਵੇਂਗੀ। ਹੌਂਸਲਾ ਰੱਖ, ਬਚਨ ਦਿੱਤਾ ਹੈ ਬਚਨ ਪਾਲਾਂਗੇ।'

ਕੁਬਿਜਾਂ ਕੰਸ ਦੇ ਦਰਬਾਰ ਚਲੀ ਗਈ ਤੇ ਭਗਵਾਨ ਜੀ ਆਪਣੇ ਰਾਹ ਪਏ। ਕੰਸ ਦਾ ਖ਼ਾਤਮਾ ਕਰ ਕੇ ਜਦੋਂ ਕ੍ਰਿਸ਼ਨ ਜੀ ਆਪ ਮਥਰਾ ਦੇ ਰਾਜੇ ਬਣੇ ਤਾਂ ਕੁਬਿਜਾਂ ਦੇ ਘਰ ਜਾ ਕੇ ਉਸ ਨੂੰ ਮਿਲੇ। ਆਤਮਿਕ ਗਿਆਨ ਬਖ਼ਸ਼ ਕੇ ਉਸ ਦੇ ਜਨਮ ਮਰਨ ਦੇ ਬੰਧਨਾਂ ਨੂੰ ਕਟਿਆ। ਉਹ ਜਿੰਨਾ ਚਿਰ ਸੰਸਾਰ ਵਿਚ ਜਿਉਂਦੀ ਰਹੀ, ਓਨਾ ਚਿਰ ਹੀ ਸ੍ਰੀ ਕ੍ਰਿਸ਼ਨ ਜੀ ਨਾਲ ਪ੍ਰੀਤ ਭਗਤੀ ਕਰਦੀ ਰਹੀ। ਭਗਵਾਨ ਦੀ ਭਗਤੀ ਨੇ ਉਸ ਨੂੰ ਅਮਰ ਤੇ ਅਟੱਲ ਕਰ ਦਿੱਤਾ, ਰਹਿੰਦੀ ਦੁਨੀਆਂ ਤੱਕ ਉਸ ਦਾ ਨਾਮ ਰਹੇਗਾ।

*ਬਡੇ ਭਾਗ ਇਹ ਮਾਲਨ ਕੇ ਹਰਿ ਕੇ ਜਿਨਿ ਹਾਥਿ ਜੁਹਾਯੋ॥*

# ੧੯. ਬਿਦਰ ਜੀ ਦੀ ਕਥਾ

*ਰਾਜਨ ਕਉਨੁ ਤੁਮਾਰੈ ਆਵੈ ॥ ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ॥੧॥ ਰਹਾਉ ॥ ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ ॥ ਤੁਮਰੋ ਦੂਧੁ ਬਿਦਰ ਕੋ ਪਾਨੋ੍ ਅੰਮ੍ਰਿਤੁ ਕਰਿ ਮੈ ਮਾਨਿਆ ॥੧॥ ਖੀਰ ਸਮਾਨਿ ਸਾਗੁ ਮੈ ਪਾਇਆ ਗੁਨ ਗਾਵਤ ਰੈਨਿ ਬਿਹਾਨੀ ॥ ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ॥੨॥੯॥* (ਮਾਰੂ ਕਬੀਰ)

'ਹੇ ਰਾਜਨ! ਕਿਹੜਾ ਤੇਰੇ ਘਰ ਰਹੇ, ਬਿਦਰ ਦਾ ਪਿਆਰ ਤੇ ਸ਼ਰਧਾ ਏਨੀ ਬਹੁਤੀ ਹੈ ਕਿ ਉਹ ਗ਼ਰੀਬ ਮੈਨੂੰ ਚੰਗਾ ਲਗਦਾ ਹੈ। ਤੂੰ ਦੌਲਤ ਤੇ ਸਾਜੋ ਸਾਮਾਨ ਦੇਖ ਕੇ ਭੁੱਲ ਗਿਆ ਹੈਂ, ਸ੍ਰੀ ਭਗਵਾਨ ਹਰਿ ਨੂੰ ਚੇਤੇ ਨਹੀਂ ਕਰਦਾ। ਤੇਰੇ ਦੁੱਧ ਨਾਲੋਂ ਬਿਦਰ ਦਾ ਪਾਣੀ ਚੰਗਾ ਹੈ, ਉਸ ਨੂੰ ਮੈਂ ਅੰਮ੍ਰਿਤ ਰੂਪ ਮੰਨਦਾ ਹਾਂ, ਕਿਉਂਕਿ ਉਸ ਵਿਚ ਪ੍ਰੇਮ ਤੇ ਭਗਤੀ ਹੈ। ਰਾਤੀਂ ਜੋ ਮੈਂ ਬਿਦਰ ਦੇ ਘਰੋਂ ਸਾਗ ਖਾਧਾ ਉਹ ਖੀਰ ਵਰਗਾ ਸੀ, ਰਾਤ ਗਿਆਨ ਚਰਚਾ ਕਰਦਿਆਂ ਹੀ ਬੀਤ ਗਈ, ਕਬੀਰ ਜੀ ਆਖਦੇ ਹਨ ਕਿ ਭਗਵਾਨ ਐਨਾ ਦਿਆਲੂ ਹੈ ਉਹ

ਭਗਤੀ ਪ੍ਰੇਮ ਦੇਖਦਾ ਹੈ ਕਿਸੇ ਜਾਤ ਦਾ ਖਿਆਲ ਨਹੀਂ ਕਰਦਾ।'

ਇਸ ਉਪਰੋਕਤ ਸ਼ਬਦ ਵਿਚ ਭਗਤ ਕਬੀਰ ਜੀ ਨੇ ਸ੍ਰੀ ਕ੍ਰਿਸ਼ਨ ਜੀ ਨਾਲ ਬਿਦਰ ਦੇ ਪਿਆਰ ਨੂੰ ਵਰਨਣ ਕੀਤਾ ਹੈ। ਪੂਰੀ ਕਥਾ ਇਕ ਮਨ ਹੋ ਕੇ ਸੁਣੋ। ਮਹਾਂਭਾਰਤ ਵਿਚ ਇਸ ਤਰ੍ਹਾਂ ਲਿਖੀ ਹੈ—

ਰਾਣੀ ਸਤਿਆਵਤੀ ਦੇ ਦੋ ਪੁੱਤਰ ਸਨ—ਚਿਤ੍ਰਾਂਗਦ ਤੇ ਬਚਿਤ੍ਰ ਬੀਰਜ। ਚਿਤ੍ਰਾਂਗਦ ਤੇ ਬਚਿਤ੍ਰ ਬੀਰਜ ਦੋਵੇਂ ਹੀ ਮਰ ਗਏ ਅਰ ਉਨ੍ਹਾਂ ਦੇ ਉਲਾਦ ਕੋਈ ਨਾ ਹੋਈ। ਸਤਿਆਵਤੀ ਬਹੁਤ ਉਦਾਸ ਤੇ ਹੈਰਾਨ ਸੀ, ਉਸ ਦੀਆਂ ਦੋਵੇਂ ਨੂੰਹਾਂ ਅੰਬਾ ਤੇ ਅੰਬਕਾ ਰੰਡੀਆਂ ਹੋ ਗਈਆਂ ਪਰ ਉਨ੍ਹਾਂ ਦਾ ਰੂਪ ਤੇ ਜੋਬਨ ਝੱਲਿਆ ਨਹੀਂ ਸੀ ਜਾਂਦਾ। ਸਤਿਆਵਤੀ ਦਾ ਇਕ ਤੀਸਰਾ ਪੁੱਤਰ ਸੀ ਬਿਆਸ। ਉਹ ਦੋਹਾਂ ਪੁੱਤਰਾਂ ਨਾਲੋਂ ਵੱਡਾ ਸੀ, ਸ਼ਕਲ ਸੂਰਤ ਵਲੋਂ ਕੋਈ ਬਹੁਤਾ ਸੋਹਣਾ ਨਹੀਂ ਸੀ। ਉਸ ਨੇ ਬਿਆਸ ਨੂੰ ਆਖਿਆ ਕਿ ਉਹ ਅੰਬਾ ਤੇ ਅੰਬਕਾ ਤੋਂ ਪੁੱਤਰ ਪੈਦਾ ਕਰੇ। ਉਸ ਨੇ ਇਸੇ ਤਰ੍ਹਾਂ ਕੀਤਾ। ਅੰਬਾ ਤੋਂ ਧ੍ਰਿਤਰਾਸ਼ਟਰ ਅਤੇ ਅੰਬਕਾ ਤੋਂ ਪਾਂਡੋ ਦੋ ਪੁੱਤਰ ਪੈਦਾ ਹੋਏ। ਅੰਬਕਾ ਬਿਆਸ ਦੀ ਸੂਰਤ ਤੋਂ ਘਿਰਨਾ ਕਰਦੀ ਸੀ, ਜਦੋਂ ਅੰਬਕਾ ਨੂੰ ਹੋਰ ਪੁੱਤਰ ਪੈਦਾ ਕਰਨ ਵਾਸਤੇ ਉਸ ਦੀ ਸੱਸ ਨੇ ਆਖਿਆ ਅੰਬਕਾ ਨੇ ਚਲਾਕੀ ਖੇਡੀ। ਆਪ ਤਾਂ ਬਿਆਸ ਦੇ ਕੋਲ ਨਾ ਗਈ, ਸਗੋਂ ਇਕ ਦਾਸੀ ਨੂੰ ਭੇਜ ਦਿੱਤਾ, ਉਸ ਦਾਸੀ ਦੇ ਪੇਟੋਂ ਜੋ ਬੱਚਾ ਹੋਇਆ ਉਸ ਨੂੰ 'ਬਿਦਰ' ਆਖਦੇ ਨੇ। ਇਹ 'ਦਾਸੀ ਪੁੱਤਰ' ਨਾਮ ਨਾਲ ਵੀ ਪ੍ਰਸਿਧ ਹੈ। ਜੋ ਧ੍ਰਿਤਰਾਸ਼ਟਰ, ਪਾਂਡੋ ਤੇ ਬਿਦਰ ਤਿੰਨੇ ਭਰਾ ਸਨ। ਪਾਂਡੋ ਨੂੰ ਰਾਜ ਮਿਲਿਆ। ਇਹ ਤੀਰਥਾਂ ਦੀ ਯਾਤਰਾ ਕਰਨ ਗਿਆ ਮਰ ਗਿਆ। ਇਸ ਦੇ ਪਿਛੋਂ ਰਾਜ ਬਿਦਰ ਨੂੰ ਮਿਲਣਾ ਸੀ, ਪਰ ਦਾਸੀ ਪੁੱਤਰ ਹੋਣ ਕਰਕੇ ਨਾ ਮਿਲਿਆ ਤੇ ਧ੍ਰਿਤਰਾਸ਼ਟਰ ਰਾਜ ਤਖ਼ਤ ਉਤੇ ਬੈਠਾ। ਪਾਂਡੋ ਦੇ ਪੰਜ ਪੁੱਤਰ ਯੁਧਿਸ਼ਟਰ, ਅਰਜਨ, ਭੀਮ, ਨਕੁਲ, ਸਹਿਦੇਵ ਅਜੇ ਬਾਲਕ ਸਨ। ਧ੍ਰਿਤਰਾਸ਼ਟਰ ਦਾ ਪੁੱਤਰ ਦੁਰਯੋਧਨ ਸੀ, ਜੋ ਬੜਾ ਚਲਾਕ ਤੇ ਈਰਖਾ ਕਰਨ ਵਾਲਾ ਸੀ।

ਬਿਦਰ ਨੂੰ ਰਾਜ ਮਿਲਣ ਦੀ ਝਾਕ ਨਹੀਂ ਸੀ, ਇਹ ਦਾਸੀ ਪੁੱਤਰ ਸੀ, ਪਰ ਇਹ ਧਰਮਾਤਮਾ ਬਹੁਤ ਵੱਡਾ ਸੀ, ਹਰਿ ਭਗਤ ਸੀ। ਇਸ ਦੀ ਸੁਪੱਤਨੀ ਪ੍ਰਮਾਤਮਾ ਦੀ ਪਿਆਰੀ ਸੀ। ਉਹ ਸ੍ਰੀ ਕ੍ਰਿਸ਼ਨ ਜੀ ਨੂੰ ਉਸ ਸਮੇਂ ਦਾ ਅਵਤਾਰ ਮੰਨਦੀ ਤੇ ਭਗਵਾਨ ਸਮਝਦੀ ਸੀ, ਜਿਸ ਕਥਾ ਦਾ ਸਬੰਧ ਗੁਰਮਤ ਨਾਲ ਹੈ

ਉਹ ਇਹ ਕਿ ਬਿਦਰ ਜੀ ਰਾਜ ਮਹਿਲਾਂ ਤੋਂ ਦੂਰ ਕੱਖਾਂ ਦੇ ਮਕਾਨ ਵਿਚ ਰਹਿੰਦੇ ਸਨ । ਬਿਦਰ ਰਾਜ ਵਲੋਂ ਕੋਈ ਖ਼ਰਚ ਨਹੀਂ ਸੀ ਲੈਂਦੇ ਕਿਉਂਕਿ ਰਾਜ ਦੀ ਕਮਾਈ ਨੂੰ ਉਹ ਪਾਪ ਦੀ ਕਮਾਈ ਸਮਝਦੇ ਸਨ । ਰਾਜ ਦਰਬਾਰ ਜਾਂਦੇ ਆਪਣੇ ਛੋਟੇ ਭਰਾ ਨੂੰ ਕਈਆਂ ਰਾਜਸੀ ਕੰਮਾਂ ਵਿਚ ਸਲਾਹ ਵੀ ਦੇਂਦੇ, ਪਰ ਖ਼ਰਚ ਨਾ ਲੈਂਦੇ । ਦਸਾਂ ਨੌਂਹਾਂ ਦੀ ਕਿਰਤ ਕਰ ਕੇ ਖਾਂਦੇ । ਇਸ ਕਰਕੇ ਗ਼ਰੀਬ ਸਨ। ਮਾਮੂਲੀ ਖ਼ੁਰਾਕ ਖਾਣੀ ਤੇ ਧਰਤੀ ਤੇ ਬਿਸਤਰਾ ਕਰ ਕੇ ਸੌਂ ਰਹਿਣਾ ਇਸ ਗ਼ਰੀਬ ਜੋੜੇ ਨਾਲ ਸ੍ਰੀ ਕ੍ਰਿਸ਼ਨ ਜੀ ਬਹੁਤ ਪਿਆਰ ਕਰਦੇ ਸਨ।

ਸ੍ਰੀ ਕ੍ਰਿਸ਼ਨ ਜੀ ਪਾਂਡਵਾਂ ਵਲੋਂ ਵਕੀਲ ਬਣ ਕੇ ਸਮਝੌਤਾ ਕਰਾਉਣ ਵਾਸਤੇ ਕੌਰਵਾਂ ਦੇ ਮੁਖੀ ਦੁਰਯੋਧਨ ਕੋਲ ਆਏ । ਸਾਰਾ ਦਿਨ ਗੱਲਾਂ ਬਾਤਾਂ ਹੁੰਦੀਆਂ ਰਹੀਆਂ, ਪਰ ਕੋਈ ਗੱਲ ਸਿਰੇ ਨਾ ਚੜ੍ਹੀ ਪਾਣੀ ਹੀ ਰਿੜਕਦੇ ਰਹੇ । ਅਗਲੇ ਦਿਨ ਤੇ ਫਿਰ ਵਿਚਾਰ ਸੁਟ ਦਿਤੀ । ਸ੍ਰੀ ਕ੍ਰਿਸ਼ਨ ਜੀ ਅਗੇ ਪ੍ਰਾਰਥਨਾ ਕੀਤੀ ਗਈ ਕਿ ਰਾਤ ਉਹ ਹਸਤਨਾਪੁਰ ਹੀ ਰਹਿਣ । ਸ੍ਰੀ ਕ੍ਰਿਸ਼ਨ ਜੀ ਨੇ ਰਾਤ ਰਹਿਣਾ ਤਾਂ ਪ੍ਰਵਾਨ ਕਰ ਲਿਆ, ਪਰ ਦੁਰਯੋਧਨ ਦਾ ਸ਼ਾਹੀ ਮਹਿਮਾਨ ਬਣ ਕੇ ਨਹੀਂ । ਉਸ ਨੇ ਕਿਹਾ ਰਾਤ ਮੈਂ ਜਿਥੇ ਜੀ ਕਰੇਗਾ ਰਹਾਂਗਾ । ਰਾਜ ਦਰਬਾਰ ਵਿਚੋਂ ਨਿਕਲ ਕੇ ਸ੍ਰੀ ਕ੍ਰਿਸ਼ਨ ਜੀ ਬਿਦਰ ਜੀ ਦੇ ਘਰ ਆਏ । ਘਰ ਦੇ ਬੂਹੇ ਅਗੇ ਜਾ ਕੇ ਅਵਾਜ਼ ਦਿਤੀ, 'ਭਗਤ ਬਿਦਰ ਜੀ।'

ਇਹ ਅਵਾਜ਼ ਬਿਦਰ ਜੀ ਦੀ ਇਸਤਰੀ ਨੇ ਸੁਣ ਲਈ । ਬਿਦਰ ਘਰ ਨਹੀਂ ਸੀ । ਜਦੋਂ ਬਿਦਰ ਦੀ ਧਰਮ ਪਤਨੀ ਨੇ ਅਵਾਜ਼ ਸੁਣੀ ਤੇ ਪਛਾਣੀ ਤਦੋਂ ਉਹ ਤਨ ਉਦਾਲੇ ਦੇ ਬਸਤਰ ਉਤਾਰ ਕੇ ਇਸ਼ਨਾਨ ਕਰ ਰਹੀ ਸੀ। ਸ੍ਰੀ ਕ੍ਰਿਸ਼ਨ ਦੀ ਭਗਤਨੀ ਸੀ । ਭਗਵਾਨ ਦਾ ਬੋਲ ਸੁਣ ਕੇ ਉਸ ਨੂੰ ਐਨੀ ਖ਼ੁਸ਼ੀ ਚੜ੍ਹੀ ਕਿ ਤਨ ਦੀ ਸੁਧ ਨਾ ਰਹੀ । ਉਹ ਤਨ ਉਦਾਲੇ ਬਸਤ੍ਰ ਓੜ੍ਹੇ ਬਿਨਾਂ ਹੀ ਅਲਫ਼ ਨੰਗੀ ਸ੍ਰੀ ਕ੍ਰਿਸ਼ਨ ਜੀ ਦੇ ਚਰਨਾਂ ਉਤੇ ਜਾ ਡਿਗੀ । ਅੰਤਰਜਾਮੀ ਕ੍ਰਿਸ਼ਨ ਜੀ ਨੇ ਜਦੋਂ ਆਖਿਆ ਕਿ ਉਹਦੇ ਉਦਾਲੇ ਬਸਤਰ ਨਹੀਂ ਇਸ ਨੂੰ ਇਸ ਚੀਜ਼ ਦਾ ਅਨੁਭਵ ਵੀ ਨਹੀਂ ਤਾਂ ਆਪਣਾ ਪਰਨਾ ਲਾਹ ਕੇ ਉਸ ਉਤੇ ਸੁਟ ਦਿਤਾ ਤੇ ਕਿਹਾ—'ਧਰਮ ਮਾਤਾ! ਬਸਤਰ ਓੜ੍ਹ ਲੈ।' ਇੰਨਾ ਕਹਿਣ ਤੇ ਉਸ ਨੂੰ ਗਿਆਨ ਹੋਇਆ ਤੇ ਉਸ ਨੇ (ਪਰਨੇ) ਨੂੰ ਉਦਾਲੇ ਵਲ ਲਿਆ।

ਬਿਦਰ ਜੀ ਬਾਹਰੋਂ ਆ ਗਏ । ਸ੍ਰੀ ਕ੍ਰਿਸ਼ਨ ਜੀ ਨੂੰ ਮਿਲ ਕੇ ਪ੍ਰਸੰਨ ਹੋਏ

ਬਚਨ ਬਿਲਾਸ ਕਰਨ ਲਗ ਪਏ। ਬਿਦਰ ਜੀ ਦੀ ਇਸਤਰੀ ਖ਼ੁਸ਼ੀ ਨਾਲ ਬੇਹਬਲ ਜਿਹੀ ਹੋਈ ਫਿਰਦੀ ਸੀ, ਉਸ ਕੋਲੋਂ ਕੋਈ ਕੰਮ ਘਰ ਦਾ ਨਹੀਂ ਸੀ ਹੁੰਦਾ। ਉਸ ਨੇ ਸਾਗ ਧਰਿਆ, ਆਪਣੀ ਵਲੋਂ ਸਾਗ ਵਿਚ ਲੂਣ ਪਾ ਬੈਠੀ ਪਰ ਲੂਣ ਪਾਉਣ ਦਾ ਖ਼ਿਆਲ ਹੀ ਨਾ ਰਿਹਾ, ਸਾਗ ਰਿਝ ਗਿਆ। ਤੌੜੀ ਲਾਹ ਕੇ ਹੇਠਾਂ ਰੱਖ ਦਿੱਤੀ, ਰੋਟੀਆਂ ਪਕਾਈਆਂ। ਸ੍ਰੀ ਕ੍ਰਿਸ਼ਨ ਜੀ ਅਗੇ ਸਾਗ ਤੇ ਰੋਟੀਆਂ ਰੱਖ ਦਿੱਤੀਆਂ। ਉਹ ਸਵਾਦ ਨਾਲ ਖਾ ਗਏ। ਉਨ੍ਹਾਂ ਨੂੰ ਸੁਕੀਆਂ ਰੋਟੀਆਂ ਤੇ ਅਲੂਣੇ ਸਾਗ 'ਚੋਂ ਸ਼ਰਧਾ ਤੇ ਪ੍ਰੇਮ ਰੂਪੀ ਅੰਮ੍ਰਿਤ ਦੇ ਘੁਟ ਆ ਰਹੇ ਸਨ। ਅਨੰਦ ਨਾਲ ਭੋਜਨ ਛਕਿਆ। ਬਿਦਰ ਤੇ ਸ੍ਰੀ ਕ੍ਰਿਸ਼ਨ ਜੀ ਦੇ ਸੀਤ ਪ੍ਰਸਾਦ ਨੂੰ ਜਦੋਂ ਬਿਦਰ ਦੀ ਇਸਤਰੀ ਆਪ ਖਾਣ ਲਗੀ ਤਾਂ ਉਸ ਨੂੰ ਪਤਾ ਲਗਾ ਕਿ ਝਲੀ ਨੇ ਲੂਣ ਹੀ ਨਹੀਂ ਪਾਇਆ। ਆਪਣੇ ਆਪ ਤੇ ਬਹੁਤ ਪ੍ਰੇਸ਼ਾਨ ਹੋਈ। ਆਪਣੇ ਹੱਥਾਂ ਨੂੰ ਧਰਤੀ ਤੇ ਮਾਰਿਆ, ਆਤਮਾ ਤੇ ਚੇਤਨਾ ਸ਼ਕਤੀ ਨੂੰ ਬੁਰਾ ਭਲਾ ਕਿਹਾ ਕਿ ਲੂਣ ਨਾ ਪਾਉਣ ਦੀ ਭੁਲ ਕਿਉਂ ਕੀਤੀ। ਪਰ ਸ੍ਰੀ ਕ੍ਰਿਸ਼ਨ ਜੀ ਨੇ ਇਹ ਗੱਲ ਨਹੀਂ ਜਤਾਈ। ਉਨ੍ਹਾਂ ਨੂੰ ਤਾਂ ਸ਼ਾਇਦ ਪਤਾ ਹੀ ਨਹੀਂ ਸੀ ਲੱਗਾ ਕਿ ਸਾਗ ਅਲੂਣਾ ਹੈ। ਕਿਉਂਕਿ ਉਹ ਵਧੀਆ ਖਾਣੇ ਖਾਣ ਨਹੀਂ ਸਨ ਆਏ, ਉਹ ਤਾਂ ਭਾਉ ਭਗਤ ਦੇ ਭੁਖੇ ਸਨ। ਜੇ ਸਲੂਣੇ ਵਧੀਆ ਛੱਤੀ ਪ੍ਰਕਾਰ ਦੇ ਭੋਜਨ ਖਾਣੇ ਹੁੰਦੇ ਤਾਂ ਦੁਰਯੋਧਨ ਦੇ ਰਾਜ ਮਹਿਲਾਂ ਵਿਚ ਰਹਿੰਦੇ। ਸਵੇਰੇ ਉਠ ਕੇ ਸ੍ਰੀ ਕ੍ਰਿਸ਼ਨ ਜੀ ਧ੍ਰਿਤਰਾਸ਼ਟਰ ਦੀ ਰਾਜ ਸਭਾ ਵਿਚ ਸਮਝੌਤੇ ਵਾਸਤੇ ਗਏ। ਦੁਰਯੋਧਨ ਨੂੰ ਰਾਤ ਹੀ ਪਤਾ ਲਗ ਚੁੱਕਾ ਸੀ ਕਿ ਬਿਦਰ ਦੇ ਘਰ ਰਹੇ ਹਨ ਤੇ ਉਸ ਦੇ ਨਾਲ ਧਰਤੀ ਉਤੇ ਸੁਤੇ ਹਨ। ਦੁਰਯੋਧਨ ਸ੍ਰੀ ਕ੍ਰਿਸ਼ਨ ਜੀ ਨਾਲ ਸਿੱਧੇ ਮੂੰਹ ਨਾਲ ਬੋਲਿਆ ਨਹੀਂ। ਜਦੋਂ ਇਹ ਗੱਲ ਖੁਲ੍ਹੀ ਤਾਂ ਕਹਿਣ ਲੱਗਾ—'ਕ੍ਰਿਸ਼ਨ ਜੀ! ਤੁਸਾਂ ਨੂੰ ਰਾਜ ਤਾਂ ਮਿਲ ਗਿਆ, ਪਰ। ਆਖ਼ਰ ਤੇ ਗਵਾਲਿਆਂ ਵਾਲੀਆਂ ਤੁਸਾਂ ਦੀਆਂ ਆਦਤਾਂ ਨਹੀਂ ਗਈਆਂ। ਆਖ਼ਰ ਰਾਤ ਕੰਗਾਲਾਂ ਤੇ ਦਾਸੀ-ਪੁੱਤਰ ਬਿਦਰ ਦੇ ਘਰ ਰਹੇ, ਮੇਰੇ ਰਾਜ ਮਹਿਲਾਂ ਵਿਚ ਕਿਉਂ ਨਾ ਰਹੇ?' ਇਸ ਵਾਰਤਾ ਦੇ ਭਾਵ ਨੂੰ ਭਾਈ ਗੁਰਦਾਸ ਜੀ ਨੇ ਇਉਂ ਲਿਖਿਆ ਹੈ :—

*ਆਇਆ ਸੁਣਿਆ ਬਿਦਰ ਦੇ ਬੋਲੈ ਦੁਰਜੋਧਨੁ ਹੋਇ ਰੁਖਾ।*<br>
*ਘਰਿ ਅਸਾਡੇ ਛਡਿ ਕੈ ਗੋਲੇ ਦੇ ਘਰਿ ਜਾਹਿ ਕਿ ਸੁਖਾ।*

ਭੀਖਮੁ ਦ੍ਰੋਣਾ ਕਰਣ ਤਜਿ, ਸਭਾ ਸੀਗਾਰ ਵਡੇ ਮਾਨੁਖਾ।
ਝੁੰਗੀ ਜਾਇ ਵਲਾਇਓਨੁ ਸਭਨਾ ਦੇ ਜੀਅ ਅੰਦਰਿ ਧੁਖਾ।
ਹਸਿ ਬੋਲੇ ਭਗਵਾਨ ਜੀ ਸੁਣਿਹੋ ਰਾਜਾ ਹੋਇ ਸਨਮੁਖਾ।
ਤੇਰੇ ਭਾਉ ਨ ਦਿਸਈ ਮੇਰੇ ਨਾਹੀ ਅਪਦਾ ਦੁਖਾ।
ਭਾਉ ਜਿਵੇਹਾ ਬਿਦਰ ਦੇ ਹੋਰੀ ਦੇ ਚਿਤਿ ਚਾਉ ਨ ਚੁਖਾ।
ਗੋਬਿੰਦ ਭਾਉ ਭਗਤਿ ਦਾ ਭੁਖਾ॥੭॥ (ਭਾਈ ਗੁਰਦਾਸ ਜੀ, ਵਾਰ ੧੦)

ਭਾਵ—ਭਾਈ ਸਾਹਿਬ ਜੀ ਕਹਿੰਦੇ ਹਨ ਜਦੋਂ ਦੁਰਯੋਧਨ ਨੇ ਸੁਣਿਆ ਕਿ ਬਿਦਰ ਦੇ ਘਰ ਸ੍ਰੀ ਕ੍ਰਿਸ਼ਨ ਜੀ ਰਹੇ ਹਨ ਤਾਂ ਉਹ ਬਹੁਤ ਖ਼ੁਸ਼ਕ ਹੋ ਕੇ ਬੋਲਿਆ ਤੇ ਕਹਿਣ ਲੱਗਾ—'ਅਸਾਡਾ ਘਰ ਛਡ ਕੇ ਤੂੰ ਗੋਲੇ-ਦਾਸ ਨੌਕਰ ਦੇ ਘਰ ਜਾ ਕੇ ਕਿਉਂ ਸੁੱਤਾ ਸੀ ? ਵੱਡੇ ਵੱਡੇ ਸਰਦਾਰਾਂ ਭੀਸ਼ਮ ਪਿਤਾਮਾ, ਦਰੋਣਾ ਚਾਰਯ, ਕਰਣ ਤੇ ਹੋਰ ਰਾਜ ਸਭਾ ਵਿਚ ਬੈਠਣ ਵਾਲੇ ਮਨੁਖ ਸਨ, ਉਹਨਾਂ ਵਿਚੋਂ ਕਿਸੇ ਕੋਲ ਰਹਿ ਪੈਂਦਾ ਜੇ ਮੇਰੇ ਕੋਲ ਨਹੀਂ ਰਹਿਣਾ ਤਾਂ, ਸਾਰਿਆਂ ਦੇ ਦਿਲਾਂ ਵਿਚ ਫ਼ਿਕਰ ਤੇ ਮਾਯੂਸੀ ਸੀ ਕਿ ਕੱਖ ਕੁਲੀ ਵਿਚ ਕਿਉਂ ਜਾ ਕੇ ਸੁੱਤਾ ਹੈਂ।' ਕ੍ਰਿਸ਼ਨ ਭਗਵਾਨ ਜੀ ਹੱਸ ਕੇ ਬੋਲੇ—'ਹੇ ਰਾਜਾ ਦੁਰਯੋਧਨ! ਸਾਹਮਣੇ ਹੋ ਕੇ ਸੁਣ, ਤੇਰੇ ਘਰ ਤੇ ਤੇਰੇ ਹਿਰਦੇ ਵਿਚ ਮੈਨੂੰ ਪਿਆਰ ਤੇ ਸ਼ਰਧਾ ਨਹੀਂ ਦਿਸੀ। ਹੋਰ ਤੇਰਾ ਮੈਨੂੰ ਕੋਈ ਦੁੱਖ ਨਹੀਂ, ਜਿਹੋ ਜਿਹਾ ਪ੍ਰੇਮ ਸਤਿਕਾਰ ਬਿਦਰ ਦੇ ਹੈ, ਉਹੋ ਜਿਹਾ ਤੁਸਾਂ ਕੋਲ ਕਦੀ ਹੋ ਹੀ ਨਹੀਂ ਸਕਦਾ।' ਭਾਈ ਗੁਰਦਾਸ ਜੀ ਅਖ਼ੀਰਲੇ ਚਰਨ ਵਿਚ ਤੱਤ ਕੱਢਦੇ ਹਨ ਕਿ ਪ੍ਰਭੂ ਤਾਂ ਪ੍ਰੇਮ ਤੇ ਭਗਤੀ ਦਾ ਭੁੱਖਾ ਹੈ' ਉਹ ਸ਼ਾਹੀ ਰੋਹਬ ਹੇਠ ਨਹੀਂ ਆ ਸਕਦਾ।

# ੨੦. ਬਧਿਕ ਪਹਿਲਾ

ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ
(ਗਉੜੀ ਨਾਮਦੇਵ)

ਲੋਦੀਆ ਸ਼ਿਕਾਰੀ ਸੀ ਉਹ ਰੋਜ਼ ਜਾਲ ਤੇ ਕੜਿਕੀ ਚੁੱਕ ਕੇ ਜੰਗਲ ਵਿਚ ਚਲਿਆ ਜਾਂਦਾ ਤੇ ਪੰਛੀ ਫੜ ਕੇ ਲੈ ਆਉਂਦਾ। ਉਨ੍ਹਾਂ ਵਿਚੋਂ ਕੁਝ ਤਾਂ ਉਹ ਆਪ ਖਾਂਦਾ ਤੇ ਕੁਝ ਪੰਛੀ ਬਜ਼ਾਰ ਵੇਚ ਲੈਂਦਾ।

ਇਕ ਦਿਨ ਲੋਦੀਆ ਨੂੰ ਸ਼ਿਕਾਰ ਨਾ ਮਿਲਿਆ। ਸਵੇਰ ਤੋਂ ਆਇਆ

ਤੇ ਸ਼ਾਮਾਂ ਪੈਣ ਲਗੀਆਂ। ਉਸ ਦੇ ਜਾਲ ਵਿਚ ਕੋਈ ਪੰਛੀ ਨਾ ਫਸਿਆ। ਉਹ ਪੰਛੀਆਂ ਦੀ ਭਾਲ ਵਿਚ ਘਣੇ ਜੰਗਲ ਵਿਚ ਚਲਿਆ ਗਿਆ। ਉਥੇ ਇਕ ਮਹਾਤਮਾ ਸਮਾਧੀ ਲਾ ਕੇ ਬੈਠਾ ਸੀ, ਉਸ ਮਹਾਤਮਾ ਦੇ ਸਨਮੁਖ ਖਲੋ ਕੇ ਲੋਦੀਆ ਨੇ ਮਨ ਹੀ ਮਨ ਸੁਖਣਾ ਸੁਖੀ, 'ਹੇ ਮਹਾਤਮਾ ਜਨ! ਜੇ ਮੈਨੂੰ ਅੱਜ ਸ਼ਿਕਾਰ ਲਭ ਪਵੇ ਤਾਂ ਅੱਧ ਤੈਨੂੰ ਦੇਵਾਂ।' ਇਹ ਸੁਖਣਾ ਸੁਖ ਕੇ ਲੋਦੀਆ ਨੇ ਜਾ ਕੇ ਜਾਲ ਲਾਇਆ। ਜਾਲ ਵਿਚ ਬਹੁਤ ਸਾਰੇ ਪੰਛੀ ਫਸ ਗਏ। ਫਸੇ ਪੰਛੀਆਂ ਵਲ ਦੇਖ ਕੇ ਸ਼ਿਕਾਰੀ ਨੇ ਬੇਅੰਤ ਅਨੰਦ ਮਨਾਇਆ, ਅਨੰਦ ਨਾਲ ਉਛਲਦਾ ਹੋਇਆ ਉਹ ਜਾਲ ਦੇ ਲਾਗੇ ਗਿਆ। ਪੰਛੀ ਫੜ ਕੇ ਪਿੰਜਰਿਆਂ ਵਿਚ ਬੰਦ ਕਰ ਦਿਤੇ ਤੇ ਜਾਲ ਸਮੇਟ ਕੇ ਉਸ ਮਹਾਤਮਾ ਦੇ ਕੋਲ ਗਿਆ। ਮੁੜ ਉਸ ਦੇ ਸਨਮੁਖ ਪ੍ਰਗਟ ਹੋ ਕੇ ਬੇਨਤੀ ਕੀਤੀ, 'ਹੇ ਮੁਨੀ ਜੀ! ਮੈਂ ਆਪ ਦੀ ਸੁਖਣਾ ਸੁਖੀ ਸੀ ਉਹ ਸੁਖਣਾ ਸਮਾਧੀ ਖੋਲ੍ਹ ਕੇ ਲੈ ਲਵੋ।'

ਮਹਾਤਮਾ ਨੇ ਅੱਖਾਂ ਖੋਲ੍ਹੀਆਂ ਲੋਦੀਆ ਨੂੰ ਸਨਮੁਖ ਖਲੋਤਾ ਦੇਖ ਕੇ ਪੁਛਿਆ, 'ਕਿਉਂ ਭਗਤਾ ਮਾਮਲਾ ਕੀ ਹੈ?' ਇਹ ਸੁਣ ਕੇ ਲੋਦੀਆ ਨੇ ਸੁਖਣਾ ਦੀ ਕਹਾਣੀ ਸੁਣਾਈ ਤੇ ਅੰਤ ਵਿਚ ਬੇਨਤੀ ਕੀਤੀ, 'ਮੈਂ ਆਪ ਦਾ ਹੱਕ ਨਹੀਂ ਰੱਖਣਾ ਚਾਹੁੰਦਾ ਕਿਉਂਕਿ ਜੋ ਕੋਈ ਕਿਸੇ ਦਾ ਹੱਕ ਰਖੇ ਉਹ ਪਾਪੀ ਹੁੰਦਾ ਹੈ, ਇਹ ਅੱਧੇ ਪੰਛੀ ਪ੍ਰਵਾਨ ਕਰੋ।'

ਲੋਦੀਆ ਦੀ ਜ਼ਬਾਨੋਂ, ਇਹ ਸੁਣ ਕੇ ਮਹਾਤਮਾ ਬਹੁਤ ਕ੍ਰੋਧਵਾਨ ਹੋਇਆ ਉਹ ਕਹਿਣ ਲੱਗਾ 'ਹੇ ਬਧਿਕ! ਤੂੰ ਬਹੁਤ ਵੱਡੀ ਭੁੱਲ ਕੀਤੀ ਹੈ। ਮੈਨੂੰ ਪੰਛੀ ਦੇ ਕੇ ਪਾਪੀ ਬਣਾਉਂਦਾ ਹੈਂ? ਅੱਛਾ ਜੇ ਮੇਰੀ ਸੁੱਖਣਾ ਦੇਣੀ ਹੈ ਤਾਂ ਮੈਨੂੰ ਚਤੁਰਭੁਜ ਪੰਛੀ ਫੜ ਕੇ ਲਿਆ ਕੇ ਦੇਹ ਅਤੇ ਇਹ ਜਿੰਨੇ ਪੰਛੀ ਹਨ ਇਹਨਾਂ ਨੂੰ ਛੱਡ ਦੇਹ।' ਮਹਾਤਮਾ ਦੇ ਇਹ ਬਚਨ ਸੁਣ ਕੇ ਲੋਦੀਆ ਨੇ ਸਾਰੇ ਪੰਛੀ ਛੱਡ ਦਿਤੇ ਉਹ ਉਡ ਕੇ ਮੁੜ ਦਰੱਖ਼ਤਾਂ ਉਤੇ ਜਾ ਬੈਠੇ ਤੇ ਲੋਦੀਆ ਜਾਲ ਫੜ ਕੇ ਚਤੁਰਭੁਜ ਪੰਛੀ ਫੜਨ ਵਾਸਤੇ ਜੰਗਲ ਵਿਚ ਜਾ ਵੜਿਆ ਤੇ ਚਤੁਰਭੁਜ ਨੂੰ ਢੂੰਡਣ ਲੱਗਾ, ਰਾਤ ਪੈ ਗਈ, ਹਨੇਰਾ ਦੇਖ ਕੇ ਘਰ ਮੁੜ ਗਿਆ ਕਿ ਸਵੇਰੇ ਆ ਕੇ ਚਤੁਰਭੁਜ ਪੰਛੀ ਨੂੰ ਫੜਾਂਗਾ। ਬਿਨਾਂ ਸ਼ਿਕਾਰ ਤੋਂ ਘਰ ਪੁਜਿਆ ਇਹ ਦੇਖ ਕੇ ਲੋਦੀਆ ਦੀ ਇਸਤਰੀ ਨੇ ਪੁਛਿਆ, 'ਹੇ ਸਵਾਮੀ ਜੀ! ਅੱਜ ਸ਼ਿਕਾਰ ਕਿਥੇ ਹੈ?'

ਇਸਤਰੀ ਦੇ ਇਸ ਸਵਾਲ ਕਰਨ ਤੇ ਲੋਦੀਆ ਨੇ ਪੰਛੀਆਂ ਦੇ ਮਿਲਣ,

ਮਹਾਤਮਾ ਦੀ ਸੁਖਣਾ ਤੇ ਮਹਾਤਮਾ ਦੇ ਚਤੁਰਭੁਜ ਪੰਛੀ ਲੱਭਣ ਵਾਸਤੇ ਆਖਣ ਤਕ ਸਾਰੀ ਕਥਾ ਸੁਣਾ ਦਿੱਤੀ। ਸਾਰੀ ਵਾਰਤਾ ਸੁਣ ਕੇ ਸਿਆਣੀ ਇਸਤਰੀ ਨੇ ਲੋਦੀਆ ਨੂੰ ਸਮਝਾਇਆ—'ਹੇ ਸਵਾਮੀ ਜੀ! ਅੱਜ ਤੱਕ ਨਾ ਕੋਈ ਚਤੁਰਭੁਜ ਪੰਛੀ ਸੁਣਿਆ ਹੈ ਨਾ ਦੇਖਿਆ ਹੈ। ਉਸ ਮੁਨੀ ਨੇ ਇਹ ਸਿਰਫ਼ ਇਸ ਵਾਸਤੇ ਆਖਿਆ ਹੈ ਕਿ ਉਸ ਕਲਪਤ ਪੰਛੀ ਦੇ ਪਿਛੇ ਲਗ ਕੇ ਦੂਸਰੇ ਪੰਛੀਆਂ ਨੂੰ ਫੜਨਾ ਛੱਡ ਦੇਵੋ। ਪੰਛੀ ਸ਼ਿਕਾਰ ਛਡਿਆਂ ਅਸਾਡਾ ਨਿਰਬਾਹ ਹੋਣਾ ਔਖਾ ਹੈ। ਇਸ ਵਾਸਤੇ ਚਤੁਰਭੁਜ ਪੰਛੀ ਦਾ ਖ਼ਿਆਲ ਛਡੋ ਤੇ ਜਿਵੇਂ ਪੇਟ ਪੂਜਾ ਕਰਦੇ ਹੋ ਕਰੀ ਜਾਵੋ।'

ਲੋਦੀਆ—'ਭਲੀਏ ਲੋਕੇ! ਇਕ ਮਹਾਤਮਾ ਦੀ ਸੁਖਣਾ ਦਾ ਸਵਾਲ ਹੈ, ਬਚਨ ਦਿਤਾ ਹੋਇਆ, ਬਚਨ ਬਦਲੇ ਮਰਨੋਂ ਵੀ ਨਹੀਂ ਡਰਨਾ ਚਾਹੀਦਾ। ਦੂਸਰਾ ਮਹਾਤਮਾ ਪੁਰਸ਼ ਕਦੇ ਝੂਠ ਨਹੀਂ ਬੋਲਦੇ। ਅਸੀਂ ਮਾਮੂਲੀ ਬੰਦੇ ਹਾਂ। ਅਸਾਂ ਸ਼ਾਇਦ ਚਤੁਰਭੁਜ ਪੰਛੀ ਨਾ ਦੇਖਿਆ ਹੋਵੇ ਪਰ ਉਹ ਜਾਣਦੇ ਹੋਣ। ਅਨਹੋਣੀ ਚੀਜ਼ ਦੇ ਲੱਭਣ ਵਾਸਤੇ ਕਦੀ ਮਹਾਤਮਾ ਕਿਸੇ ਨੂੰ ਨਹੀਂ ਆਖ ਸਕਦੇ, ਉਨ੍ਹਾਂ ਜੋ ਆਖਿਆ ਹੈ, ਉਹ ਠੀਕ ਹੈ ਤੇ ਸਤ ਹੈ, ਮੈਂ ਸਵੇਰੇ ਚਤੁਰਭੁਜ ਪੰਛੀ ਦੇ ਫੜਨ ਵਾਸਤੇ ਜਾਵਾਂਗਾ ਤੇ ਉਸ ਦੇ ਲੱਭੇ ਬਿਨਾਂ ਘਰ ਮੁੜ ਕੇ ਨਹੀਂ ਆਵਾਂਗਾ ਜਿੰਨਾ ਚਿਰ ਉਹ ਪੰਛੀ ਮਿਲ ਨਾ ਜਾਣ ਉਨਾਂ ਚਿਰ ਅੰਨ ਮੂੰਹ ਨਹੀਂ ਲਾਵਾਂਗਾ ਮੈਂ ਇਹ ਪ੍ਰਣ ਕਰਦਾ ਹਾਂ।'

ਆਪਣੇ ਪਤੀ ਦੀ ਇਹ ਪ੍ਰਤਿਗਿਆ ਸੁਣ ਕੇ ਇਸਤਰੀ ਹੈਰਾਨ ਹੋ ਗਈ। ਗ਼ਮ ਨਾਲ ਉਸ ਦੇ ਨੈਣਾਂ ਵਿਚੋਂ ਜਲ ਆ ਗਿਆ।

ਅਗਲੇ ਦਿਨ ਲੋਦੀਆ ਜਾਲ ਮੋਢੇ ਉਤੇ ਸੁਟ ਕੇ ਘਰੋਂ ਤੁਰ ਪਿਆ। ਜੰਗਲਾਂ ਵਿਚ ਚਤੁਰਭੁਜ ਪੰਛੀ ਦੀ ਭਾਲ ਕਰਨ ਲੱਗਾ। ਚਤੁਰਭੁਜ ਪੰਛੀ ਸਚਮੁਚ ਕੋਈ ਪੰਛੀ ਨਹੀਂ ਸੀ। ਮਹਾਤਮਾ ਦਾ ਇਸ਼ਾਰਾ ਭਗਵਾਨ ਵਲ ਸੀ। ਲੋਦੀਆ ਭਾਲ ਕਰਦਾ ਕਰਦਾ ਅਗੇ ਅਗੇ ਜੰਗਲਾਂ ਦੀ ਖ਼ਾਕ ਛਾਨਣ ਲਗਾ। ਇਸ ਤਰ੍ਹਾਂ ਫਿਰਦੇ ਨੂੰ ਕਈ ਦਿਨ ਹੋ ਗਏ, ਪਰ ਚਤੁਰਭੁਜ ਨਾ ਲੱਭਿਆ। ਅੰਨ ਮੂੰਹ ਨਾ ਲਾਇਆ। ਭੁੱਖ ਨੇ ਨਿਰਬਲ ਕਰ ਦਿੱਤਾ, ਆਖ਼ਰ ਉਸ ਨੇ ਫ਼ੈਸਲਾ ਕਰ ਲਿਆ ਕਿ ਉਹ ਛੁਰੀ ਨਾਲ ਆਤਮਘਾਤ ਕਰ ਲਵੇਗਾ ਜੇ ਬਚਨ ਪੂਰਾ ਨਹੀਂ ਹੋ ਸਕਦਾ ਤਾਂ ਉਸ ਦੇ ਜੀਉਣ ਦਾ ਕੋਈ ਲਾਭ ਨਹੀਂ। ਮਰਨਾ ਹੀ

ਚੰਗਾ ਹੈ । ਜੰਗਲ ਵਿਚ ਮਰੇਗਾ । ਉਸ ਦੀ ਦੇਹ ਨੂੰ ਸ਼ੇਰ ਤੇ ਬਘਿਆੜ ਆਦਿਕ ਜਾਨਵਰ ਖਾ ਜਾਣਗੇ । ਮਨ ਨਾਲ ਇਹ ਫ਼ੈਸਲਾ ਕਰ ਕੇ ਛੋਟੀ ਜਿਹੀ ਨਦੀ ਦੇ ਕਿਨਾਰੇ, ਜਿਥੇ ਉਸ ਨੇ ਜਾਲ ਤਾਣਿਆ ਹੋਇਆ ਸੀ, ਬੈਠ ਗਿਆ, ਤੇਜ ਧਾਰ ਵਾਲੀ ਛੁਰੀ ਕੱਢੀ, ਉਸ ਛੁਰੀ ਨੂੰ ਆਪ ਹੀ ਆਪਣੇ ਕਲੇਜੇ ਵਿਚ ਮਾਰਨ ਲਗਾ ਤਾਂ ਭਗਵਾਨ ਨੇ ਆ ਦਰਸ਼ਨ ਦਿਤੇ । ਉਸ ਦੇ ਸਬਰ ਤੇ ਬਚਨ ਪਾਲਣ ਦੀ ਰੂਹ ਉਤੇ ਭਗਵਾਨ ਖ਼ੁਸ਼ ਹੋ ਗਿਆ । ਆਪ ਚਤੁਰਭੁਜ ਪੰਛੀ ਬਣ ਕੇ ਜਾਲ ਵਿਚ ਆ ਫਸਿਆ । ਖੰਭਾਂ ਦੀ ਫੜਫੜਾਹਟ ਨੇ ਲੋਦੀਆ ਦੇ ਕੰਨਾਂ ਨੂੰ ਖੜਿਆਂ ਕਰ ਦਿਤਾ ਉਸ ਨੇ ਭੌਂ ਕੇ ਜਾਲ ਵਲ ਦੇਖਿਆ । ਉਸ ਦੇ ਹੱਥੋਂ ਛੁਰੀ ਡਿਗ ਪਈ, ਕਿਉਂਕਿ ਉਸ ਨੇ ਚਤੁਰਭੁਜ ਪੰਛੀ ਨੂੰ ਦੇਖ ਲਿਆ। ਉਹ ਵੀ ਜਾਲ ਵਿਚ ਫਸਿਆ ਹੋਇਆ ਹੈ 'ਹੇ ਪ੍ਰਭੂ! ਤੇਰੀ ਕ੍ਰਿਪਾ ਹੈ ਮੈਨੂੰ ਚਤੁਰਭੁਜ ਪੰਛੀ ਮਿਲ ਗਿਆ । ਹੁਣ ਮੈਂ ਮਹਾਤਮਾ ਦੀ ਸੁਖਣਾ ਦਾ ਭਾਰ ਸਿਰੋਂ ਉਤਾਰ ਸਕਾਂਗਾ ।' ਇਹ ਆਖ ਕੇ ਲੋਦੀਆ ਉਠਿਆ ਤੇ ਜਾਲ ਨੂੰ ਇਕੱਠਾ ਕਰ ਕੇ ਉਸ ਨੇ ਪੰਛੀ ਨੂੰ ਫੜ ਲਿਆ । ਪੰਛੀ ਬਹੁਤ ਸੁੰਦਰ ਸੀ ਉਸ ਦੇ ਪੈਰਾਂ ਨੂੰ ਰੱਸੀਆਂ ਬੰਨ੍ਹ ਕੇ ਮਹਾਤਮਾ ਵਲ ਲੈ ਤੁਰਿਆ।

ਮਹਾਤਮਾ ਨੇ ਦੂਰੋਂ ਤਕਿਆ ਕਿ ਲੋਦੀਆ ਚਤੁਰਭੁਜ ਭਗਵਾਨ ਨੂੰ ਕਾਬੂ ਕਰ ਕੇ ਲੈ ਆਇਆ ਹੈ । ਭਗਵਾਨ ਦੀ ਲੀਲ੍ਹਾ ਅਸਚਰਜ ਹੈ । ਭਗਤਾਂ ਦੇ ਕਾਬੂ ਬਹੁਤ ਛੇਤੀ ਆ ਜਾਂਦਾ ਹੈ । ਲੋਦੀਆ ਮਹਾਤਮਾ ਦੇ ਨੇੜੇ ਆ ਗਿਆ 'ਲਓ ਮਹਾਰਾਜ! ਇਹ ਆਪ ਦਾ ਪੰਛੀ ਚਤੁਰਭੁਜ ਹੈ ।' ਪੰਛੀ ਨੂੰ ਮਹਾਤਮਾ ਦੇ ਅਗੇ ਰੱਖ ਕੇ ਲੋਦੀਆ ਨੇ ਆਖਿਆ ਤੇ ਨਾਲੇ ਨਮਸ਼ਕਾਰ ਕੀਤੀ।

ਮਹਾਤਮਾ ਨੇ ਡੰਡਵਤ ਹੋ ਕੇ ਚਤੁਰਭੁਜ ਨੂੰ ਪ੍ਰਨਾਮ ਕੀਤਾ । ਪ੍ਰਨਾਮ ਕਰਨ ਦੀ ਦੇਰ ਸੀ ਕਿ ਉਹ ਪੰਛੀ ਪ੍ਰਤੱਖ ਭਗਵਾਨ ਵਿਸ਼ਨੂੰ ਰੂਪ ਹੋ ਗਿਆ । ਲੋਦੀਆ ਅਸਚਰਜਤਾ ਨਾਲ ਗ਼ਸ਼ ਖਾ ਕੇ ਡਿਗ ਪਿਆ । ਡਿਗਦਿਆਂ ਉਸ ਦੇ ਮੂੰਹੋਂ ਨਿਕਲਿਆ—'ਹੇ ਭਗਵਾਨ!'

ਭਗਵਾਨ ਨੇ ਲੋਦੀਆ ਨੂੰ ਹੋਸ਼ ਵਿਚ ਲਿਆ ਕੇ ਉਸ ਨੂੰ ਪਿਆਰ ਨਾਲ ਹੌਸਲਾ ਦਿਤਾ । ਪ੍ਰਤੱਖ ਦਰਸ਼ਨ ਦੇ ਕੇ ਮਹਾਤਮਾ ਤੇ ਲੋਦੀਆ ਬਧਿਕ ਨੂੰ ਨਿਹਾਲ ਕਰ ਦਿੱਤਾ । ਦੋਹਾਂ ਦੀ ਕਲਿਆਨ ਕਰ ਕੇ ਜਨਮ ਮਰਨ ਦੇ ਗੇੜ ਵਿਚੋਂ ਸੁਤੰਤਰ ਕਰ ਦਿੱਤਾ ।

# ੨੧. ਬਧਿਕ ਦੂਸਰਾ

ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।
ਚਰਣ ਕਵਲ ਵਿਚਿ ਪਦਮੁ ਹੈ ਝਿਲਮਿਲ ਝਲਕੇ ਵਾਂਗੀ ਤਾਰੇ।
ਬਧਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।
ਦਰਸਨ ਡਿਠੋਸੁ ਜਾਇ ਕੈ ਕਰਣ ਪਲਾਵ ਕਰੇ ਪੁਕਾਰੇ।
ਗਲਿ ਵਿਚਿ ਲੀਤਾ ਕ੍ਰਿਸਨ ਜੀ ਅਵਗੁਣੁ ਕੀਤਾ ਹਰਿ ਨ ਚਿਤਾਰੇ।
ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।
ਭਲੇ ਭਲੇ ਕਰਿ ਮੰਨੀਅਨਿ ਬੁਰਿਆਂ ਦੇ ਹਰਿ ਕਾਜ ਸਵਾਰੇ।
ਪਾਪ ਕਰੇਂਦੇ ਪਤਿਤ ਉਧਾਰੇ ॥੨੩॥ (ਭਾਈ ਗੁਰਦਾਸ ਜੀ, ਵਾਰ ੧੦)

ਭਾਵ—ਪਰਭਾਸ ਤੀਰਥ ਵਿਚ ਗੋਡੇ ਉਤੇ ਪੈਰ ਰੱਖ ਕੇ ਸ੍ਰੀ ਕ੍ਰਿਸ਼ਨ ਜੀ ਸੁਤੇ ਹੋਏ ਸਨ। ਉਨ੍ਹਾਂ ਦੇ ਪੈਰ ਵਿਚ ਪਦਮ ਸੀ, ਉਹ ਪਦਮ ਅਕਾਸ਼ ਦੇ ਤਾਰੇ ਦੇ ਸਮਾਨ ਚਮਕ ਰਿਹਾ ਸੀ। ਉਧਰੋਂ ਸ਼ਿਕਾਰੀ ਸ਼ਿਕਾਰ ਦੀ ਭਾਲ ਵਿਚ ਆ ਗਿਆ। ਉਸ ਨੇ ਦੂਰੋਂ ਦੇਖਿਆ ਕਿ ਹਰਨ ਬੈਠਾ ਹੈ ਤੇ ਉਸ ਦੀ ਅੱਖ ਚਮਕ ਰਹੀ ਹੈ। ਇਸ ਭੁਲੇਖੇ ਵਿਚ ਉਸ ਨੇ ਤੀਰ ਮਾਰਿਆ। ਤੀਰ ਮਾਰਨ ਪਿਛੋਂ ਸ਼ਿਕਾਰੀ ਨੱਸਕੇ ਉਸੇ ਥਾਂ ਆਇਆ ਜਿਥੇ ਸ੍ਰੀ ਕ੍ਰਿਸ਼ਨ ਜੀ ਨੂੰ ਤੀਰ ਵੱਜਾ ਸੀ। ਅਗੇ ਉਹ ਤੀਰ ਪੁਟ ਰਹੇ ਸਨ, ਜਦੋਂ ਉਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਦੇਖਿਆ ਤਾਂ ਵਿਰਲਾਪ ਕਰਨ ਲੱਗਾ। ਆਪਣੇ ਕੀਤੇ ਕਰਮ ਉਤੇ ਪਛਤਾਉਣ ਲਗਾ। ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਜੱਫੀ ਪਾ ਲਈ। ਉਸਦੀ ਭੁੱਲ ਦਾ ਖ਼ਿਆਲ ਨਾ ਕੀਤਾ। ਉਸ ਤੇ ਕ੍ਰਿਪਾਲਤਾ ਕੀਤੀ। ਪਾਪੀ ਦਾ ਉਧਾਰ ਕਰ ਦਿੱਤਾ। ਜੋ ਭਲੇ (ਨੇਕ ਬੰਦੇ) ਨੇ ਉਨ੍ਹਾਂ ਦੇ ਕਾਰਜ ਹਰੀ (ਪ੍ਰਭੂ) ਸਵਾਰਦਾ ਹੈ। ਪਾਪੀਆਂ ਦੇ ਪਾਪ ਖੰਡਨ ਕਰਦਾ ਹੈ।

ਦੁਆਪੁਰ ਵਿਚ ਯਾਦਵ ਕੁਲ ਬਹੁਤ ਵਧ ਗਈ। ਯਾਦਵਾਂ ਵਿਚੋਂ ਕਈ ਬਹੁਤ ਮੂਰਖ ਤੇ ਹੰਕਾਰੀ ਸਨ। ਇਕ ਸਮੇਂ ਉਨ੍ਹਾਂ ਨੇ ਕਿਸੇ ਸੰਤ ਨੂੰ ਤੰਗ ਕੀਤਾ। ਸੰਤ ਨੇ ਸਰਾਪ ਦਿਤਾ ਕਿ ਯਾਦਵ ਕੁਲ ਆਪੇ ਵਿਚ ਹੀ ਲੜ ਕੇ ਖ਼ਤਮ ਹੋ ਜਾਵੇਗੀ। ਆਖ਼ਰ ਯਾਦਵਾਂ ਦੇ ਅੰਤ ਦਾ ਸਮਾਂ ਆ ਗਿਆ। ਜਮਨਾ ਦੇ ਕੰਢੇ ਸਾਰੇ ਯਾਦਵ ਇਕੱਠੇ ਹੋ ਕੇ ਮੌਜ ਮੇਲਾ ਕਰ ਰਹੇ ਸਨ। ਸ਼ਰਾਬ, ਨਾਚ ਤੇ

ਛੱਤੀ ਪ੍ਰਕਾਰ ਦੇ ਭੋਜਨ ਦਾ ਪ੍ਰਬੰਧ ਸੀ। ਜਿਥੇ ਉਨ੍ਹਾਂ ਦਾ ਡੇਰਾ ਸੀ, ਉਥੇ ਤ੍ਰਿਕੋਨੀ ਦੱਬ ਬਹੁਤ ਸੀ।

ਭੋਜਨ ਛਕੇ, ਸ਼ਰਾਬ ਪੀਤੀ, ਸੁੰਦਰ ਇਸਤਰੀਆਂ ਦੇ ਨਾਚ ਦੇਖੇ। ਯਾਦਵਾਂ ਨੇ ਕਈ ਪ੍ਰਕਾਰ ਦੀਆਂ ਖ਼ੁਸ਼ੀਆਂ ਕਰ ਲਈਆਂ ਤਾਂ ਕਿਸੇ ਗੱਲੋਂ ਆਪੋ ਵਿਚ ਹੀ ਲੜ ਪਏ। ਪਹਿਲਾਂ ਘਸੁੰਨ ਮੁਕੀ ਤੇ ਹਥੋ ਪਾਈ ਹੋਏ। ਚੀਜ਼ਾਂ—ਬਰਤਨਾਂ ਨਾਲ ਲੜੇ। ਅਖ਼ੀਰ ਵਿਚ ਤ੍ਰਿਕੋਨੀ ਦੱਬ ਪੁਟ ਪੁਟ ਕੇ ਹੀ ਲੜਨਾ ਸ਼ੁਰੂ ਕਰ ਦਿੱਤਾ। ਉਸ ਦੱਬ ਨੇ ਤਲਵਾਰ ਦਾ ਕੰਮ ਕੀਤਾ। ਸਾਰੇ ਯਾਦਵ ਮਰ ਗਏ। ਸਾਰੀ ਯਾਦਵ ਕੁੱਲ ਵਿਚੋਂ ਸਿਰਫ਼ ਸ੍ਰੀ ਕ੍ਰਿਸ਼ਨ ਜੀ ਰਹਿ ਗਏ। ਸਾਰਿਆਂ ਯਾਦਵਾਂ ਦੀ ਕ੍ਰਿਆ ਕਰਮ ਕਰਕੇ ਉਦਾਸ ਚਿੱਤ ਭਗਵਾਨ ਸ੍ਰੀ ਕ੍ਰਿਸ਼ਨ ਜੀ ਪ੍ਰਭਾਸ ਛੇਤ੍ਰ ਵਿਚ ਜਾ ਲੇਟੇ। ਲੇਟਿਆਂ ਹੋਇਆਂ ਸੁਭਾਵਕ ਹੀ ਉਨ੍ਹਾਂ ਦਾ ਸੱਜਾ ਪੈਰ ਖੱਬੇ ਗੋਡੇ ਉੱਤੇ ਰਖਿਆ ਗਿਆ। ਉਨ੍ਹਾਂ ਦੇ ਸੱਜੇ ਪੈਰ ਵਿਚ ਪਦਮ ਸੀ, ਉਹ ਪਦਮ ਤਾਰੇ ਵਾਂਗ ਝਿਲਮਿਲ ਝਿਲਮਿਲ ਕਰ ਰਿਹਾ ਸੀ। ਦੂਰ ਖਲੋਤੇ ਇਕ ਸ਼ਿਕਾਰੀ ਨੇ ਉਸ ਪਦਮ ਦੀ ਲਿਸ਼ਕ ਵਲ ਦੇਖ ਕੇ ਕਿਆਸ ਕੀਤਾ ਕਿ ਜੋ ਚੀਜ਼ ਲਿਸ਼ਕ ਰਹੀ ਹੈ ਉਹ ਹਿਰਨ ਦੀ ਅੱਖ ਹੈ। ਸੀਤਲ ਜਮਨਾ ਦਾ ਜਲ ਪੀ ਕੇ ਹਰਨ ਮਸਤ ਬੈਠਾ ਹੈ। ਉਸ ਸ਼ਿਕਾਰੀ ਨੇ ਤੀਰ ਕਸਿਆ। ਨਿਸ਼ਾਨਾ ਲਿਆ ਤੇ ਤੀਰ ਕਮਾਨੋਂ ਛੱਡ ਦਿਤਾ। ਉਹ ਸ੍ਰੀ ਕ੍ਰਿਸ਼ਨ ਜੀ ਦੇ ਪੈਰ ਦੀ ਤਲੀ ਵਿਚ ਆ ਕੇ ਵੱਜਾ। ਪ੍ਰਭੂ ਤੀਰ ਵੱਜਾ ਦੇਖ ਕੇ ਪੈਰ ਨੂੰ ਫੜ ਕੇ ਤੀਰ ਪੁੱਟਣ ਲਗੇ। ਤੀਰ ਪੁੱਟ ਰਹੇ ਸਨ ਕਿ ਸ਼ਿਕਾਰੀ ਵੀ ਉਸ ਅਸਥਾਨ ਉਤੇ ਆ ਪੁੱਜਾ। ਜਦੋਂ ਉਸ ਨੇ ਦੇਖਿਆ ਕਿ ਤੀਰ ਤਾਂ ਹਰਨ ਦੀ ਥਾਂ ਯਾਦਵ ਕੁਲ ਦੇ ਮਹਾਰਾਜ ਸ੍ਰੀ ਕ੍ਰਿਸ਼ਨ ਜੀ ਦੀ ਪੈਰ ਦੀ ਤਲੀ ਵਿਚ ਵੱਜਾ ਹੈ, ਤਾਂ ਉਹ ਪਰਚਾਤਾਪ ਕਰਕੇ ਰੋਣ ਲੱਗਾ। ਸ੍ਰੀ ਕ੍ਰਿਸ਼ਨ ਜੀ ਨੇ ਉਸ ਸ਼ਿਕਾਰੀ (ਬਧਿਕ) ਨੂੰ ਜੱਫੀ ਵਿਚ ਘੁਟ ਲਿਆ। ਉਸ ਨਾਲ ਪਿਆਰ ਕਰਦੇ ਹੋਏ ਭਗਵਾਨ ਜੀ ਕਹਿਣ ਲਗੇ, 'ਅਫ਼ਸੋਸ ਨਾ ਕਰ! ਜੋ ਤੂੰ ਕੀਤਾ ਹੈ ਸੋ ਠੀਕ ਕੀਤਾ ਹੈ। ਸਤਿਯੁਗ ਵਿਚ ਮੈਂ ਰਾਮ ਸਾਂ ਤੇ ਤੂੰ ਬਾਲੀ। ਤੈਨੂੰ ਲੁਕ ਕੇ ਤੇ ਵਿਸਾਹ ਕੇ ਮਾਰਿਆ ਸੀ। ਦੁਆਪਰ ਵਿਚ ਉਹ ਬਾਲੀ ਤੂੰ ਸ਼ਿਕਾਰੀ ਦੇ ਘਰ ਜੰਮਿਆਂ ਤੇ ਸ਼ਿਕਾਰ ਕਰਨ ਦੇ ਧੰਦੇ ਨੂੰ ਕਰਨ ਲੱਗਾ। ਮੈਂ ਰਾਮ ਅਵਤਾਰ ਕ੍ਰਿਸ਼ਨ ਹਾਂ। ਮੈਨੂੰ ਤੀਰ ਮਾਰ ਕੇ ਬਦਲਾ ਲਿਆ ਹੈ। ਇਹ ਕੁਝ ਤੂੰ ਆਪਣੇ ਆਪ ਨਹੀਂ ਕੀਤਾ, ਸਗੋਂ ਮੇਰਾ ਬਚਨ ਸੀ ਕਿ

ਇਸ ਤਰ੍ਹਾਂ ਕਰੀਂ, ਮੇਰੇ ਇਸ ਜੀਵਨ ਚੋਲੇ ਛੱਡਣ ਦਾ ਬਹਾਨਾ ਤੇਰੇ ਜ਼ੁੰਮੇ ਹੈ। ਤੇਰੇ ਜੀਵਨ ਦਾ ਮਨੋਰਥ ਪੂਰਾ ਹੋ ਗਿਆ, ਚਲ! ਤੂੰ ਵੀ ਉਸ ਅਨੰਤ ਸ਼ਾਂਤ ਵਾਲੇ ਜਗਤ ਨੂੰ ਚਲ ਤੇ ਸਦੀਵੀ ਕਾਲ ਵਾਸਤੇ ਉਥੇ ਰਹੋ!' ਇਉਂ ਆਖਦਿਆਂ ਆਖਦਿਆਂ ਸ੍ਰੀ ਕ੍ਰਿਸ਼ਨ ਜੀ ਪ੍ਰਲੋਕ ਗਮਨ ਕਰ ਗਏ। ਉਨ੍ਹਾਂ ਦੇ ਪ੍ਰਲੋਕ ਜਾਣ ਨਾਲ ਯਾਦਵਾਂ ਦਾ ਅੰਤ ਹੋ ਗਿਆ। ਸ਼ਿਕਾਰੀ ਵੀ ਇਕ ਦੋ ਹਉਕੇ ਲੈ ਕੇ ਉਥੇ ਹੀ ਠੰਢਾ ਹੋ ਗਿਆ।

# ੨੨. ਦਰੋਪਤੀ ਦੀ ਕਥਾ

## ਦੁਰਬਾਸ਼ਾ ਰਿਖੀ ਦਾ ਵਰ

*ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ। ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ। ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ। ਅਖੀ ਮੀਟ ਧਿਆਨੁ ਧਰਿ ਹਾ ਹਾ ਕ੍ਰਿਸਨ ਕਰੈ ਬਿਲਲਾਂਦੀ। ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ। ਹਥ ਮਰੋੜਨਿ ਸਿਰ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ। ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ। ਨਾਥ ਅਨਾਥਾਂ ਬਾਣਿ ਧੁਰਾਂ ਦੀ ॥੮॥*

*(ਭਾਈ ਗੁਰਦਾਸ ਜੀ, ਵਾਰ ੧੦)*

ਭਾਵ—ਦੁਸਾਸਨ ਨੇ ਕੇਸਾਂ ਤੋਂ ਫੜ ਕੇ ਦਰੋਪਤੀ ਨੂੰ ਦੁਰਜੋਧਨ ਦੀ ਸਭਾ ਵਿਚ ਲਿਆਂਦਾ। ਪਾਪੀ ਦੁਰਜੋਧਨ ਨੇ (ਨੌਕਰਾਂ ਨੂੰ) ਆਖਿਆ ਇਸ ਪੰਜਾਂ ਦੀ ਦਾਸੀ (ਇਸਤਰੀ) ਨੂੰ ਨੰਗੀ ਕਰੋ। ਉਦਾਲੇ ਦੇ ਲੀੜੇ ਖਿੱਚ ਲਵੋ। ਪੰਜੇ ਭਰਾ ਪਾਂਡੋਂ ਦੇਖਦੇ ਸਨ ਕਿ ਉਨ੍ਹਾਂ ਦੀ ਇਸਤਰੀ ਔਕੜ ਵਿਚ ਫਸੀ ਹੈ। ਦਰੋਪਦੀ ਅੱਖਾਂ ਮੀਟ ਕੇ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਚੇਤੇ ਕਰ ਰਹੀ ਸੀ। ਕ੍ਰਿਸ਼ਨ ਜੀ ਨੇ ਕ੍ਰਿਪਾ ਕੀਤੀ। ਉਸ ਦੇ ਲੀੜੇ (ਸਾੜ੍ਹੀ) ਐਨੇ ਵਧਾਏ ਕਿ ਦੂਤ ਉਸ ਨੂੰ ਨੰਗੀ ਨਾ ਕਰ ਸਕੇ। ਦੂਤ ਤੇ ਦੁਰਜੋਧਨ ਜਿਹੇ ਹੱਥ ਮਰੋੜ ਮਰੋੜ ਕੇ ਕਚੀਚੀਆਂ ਲੈਂਦੇ ਰਹੇ। ਆਖ਼ਰ ਦੁਰਜੋਧਨ ਨੇ ਦਰੋਪਤੀ ਨੂੰ ਛਡ ਦੇਣ ਦਾ ਫ਼ੈਸਲਾ ਕੀਤਾ। ਘਰ ਗਈ ਸ੍ਰੀ ਭਗਵਾਨ ਜੀ ਮਿਲੇ। ਸਿਰ ਨਿਵਾ ਕੇ ਪ੍ਰਨਾਮ ਕੀਤਾ। ਸ਼ਰਮਾਉਂਦੀ ਨੇ ਕੋਈ ਗੱਲ ਨਾ ਕੀਤੀ, ਭਗਵਾਨ ਭਗਤਾਂ ਤੇ ਨਿਥਾਵਿਆਂ ਦੀ ਪੈਜ ਰੱਖਦਾ

ਹੈ। ਇਹ ਧੁਰ ਤੋਂ ਚਾਲ ਚਲੀ ਆਉਂਦੀ ਹੈ।

ਦਰੋਪਤੀ ਦੇ ਚੀਰ ਹਰਨ ਦੀ ਕਥਾ ਨੂੰ ਭਾਈ ਗੁਰਦਾਸ ਜੀ ਨੇ ਉਪਰੋਕਤ ਪਉੜੀ ਵਿਚ ਸੰਖੇਪ ਜਿਹਾ ਵਰਨਣ ਕੀਤਾ ਹੈ। ਪੂਰੀ ਕਥਾ ਭਗਤ ਜਨੋਂ ਸੁਣੋ— ਰਾਜਾ ਦਰੋਪਦ ਦੀ ਕੰਨਿਆਂ ਕ੍ਰਿਸ਼ਨਾ ਸੀ। ਪਰ ਆਮ ਉਸ ਨੂੰ ਦਰੋਪਦੀ ਆਖ ਕੇ ਬੁਲਾਇਆ ਜਾਂਦਾ ਸੀ। ਇਕ ਦਿਨ ਸਹੇਲੀਆਂ ਨਾਲ ਕ੍ਰਿਸ਼ਨਾ ਨਦੀ ਕਿਨਾਰੇ ਖੇਡਣ ਤੇ ਇਸ਼ਨਾਨ ਕਰਨ ਗਈ, ਜਿਸ ਅਸਥਾਨ ਉਤੇ ਕੁੜੀਆਂ ਪੁਜੀਆਂ ਉਥੇ ਦੁਰਬਾਸ਼ਾ ਰਿਖੀ ਇਸ਼ਨਾਨ ਕਰ ਰਹੇ ਸਨ। ਦੁਰਬਾਸ਼ਾ ਜੀ ਪੁਜੇ ਹੋਏ ਭਗਵਾਨ ਦੇ ਪਿਆਰੇ ਬੰਦੇ ਸਨ। ਸਬੱਬ ਨਾਲ ਉਨ੍ਹਾਂ ਦੀ ਲੰਗੋਟੀ (ਕੋਪੀਨ) ਖੁਲ੍ਹ ਕੇ ਪਾਣੀ ਵਿਚ ਰੁੜ੍ਹ ਗਈ, ਸ਼ਰਮ ਦੇ ਮਾਰੇ ਉਹ ਨੰਗੇ ਪਾਣੀ ਵਿਚੋਂ ਬਾਹਰ ਨਹੀਂ ਸਨ ਨਿਕਲਦੇ। ਉਨ੍ਹਾਂ ਨੇ ਕੁੜੀਆਂ ਨੂੰ ਅਵਾਜ਼ ਦਿਤੀ, 'ਹੇ ਦੇਵੀਓ! ਮੇਰੀ ਧਿਆਨ ਨਾਲ ਗੱਲ ਸੁਣੋ, ਮੇਰੀ ਲੰਗੋਟੀ (ਕੋਪੀਨ) ਖੁਲ੍ਹ ਕੇ ਰੁੜ੍ਹ ਗਈ ਹੈ। ਪੁਤ੍ਰੀਓ! ਕੋਈ ਇਕ ਆਪਣੀ ਚੁੰਨੀ ਨਾਲੋਂ ਗਿੱਠ ਕੁ ਕਪੜਾ ਪਾੜ ਕੇ ਮੇਰੇ ਵਲ ਸੁਟੋ, ਜੋ ਕਪੜਾ ਸੁਟੇਗੀ, ਭਗਵਾਨ ਉਸ ਦਾ ਭਲਾ ਕਰੇਗਾ।'

ਦੁਰਬਾਸ਼ਾ ਜੀ ਦੀ ਇਸ ਮੰਗ ਨੂੰ ਸੁਣ ਕੇ ਕ੍ਰਿਸ਼ਨਾ (ਦਰੋਪਦੀ) ਨੇ ਧਰਮ ਦਾ ਕੰਮ ਕਰਨ ਵਿਚ ਦੇਰ ਨਾ ਕੀਤੀ, ਝਟ ਆਪਣੀ ਚੁੰਨੀ ਨਾਲੋਂ ਟਾਕੀ ਪਾੜ ਕੇ ਦੁਰਬਾਸ਼ਾ ਜੀ ਵਲ ਸੁਟੀ। ਉਹ ਟਾਕੀ ਰੁੜ੍ਹ ਗਈ। ਹੋਰ ਸੁਟੀ ਉਹ ਵੀ ਰੁੜ੍ਹ ਗਈ। ਇਸੇ ਤਰ੍ਹਾਂ ਅਧੀਓਂ ਬਹੁਤੀ ਚੁੰਨੀ ਪਾੜ ਕੇ ਸੁਟ ਦਿਤੀ ਪਰ ਦੁਰਬਾਸ਼ਾ ਜੀ ਦੇ ਹੱਥ ਕੋਈ ਟਾਕੀ ਨਾ ਆਈ। ਜਾਂ ਇਕ ਹੋਰ ਟਾਕੀ ਸੁਟੀ ਤਾਂ ਉਹ ਦੁਰਬਾਸ਼ਾ ਜੀ ਦੇ ਹਥ ਆ ਗਈ। ਉਸ ਨੇ ਲੰਗੋਟੀ ਤੇੜ ਬੰਨ੍ਹੀ। ਨੰਗੇਜ ਕੱਜ ਕੇ ਬਾਹਰ ਆਇਆ ਤਾਂ ਖ਼ੁਸ਼ ਹੋ ਕੇ ਉਸ ਨੇ ਵਰ ਦਿੱਤਾ—'ਹੇ ਰਾਜ ਕੰਨਿਆ! ਅੱਜ ਤੂੰ ਮੇਰਾ ਪੜਦਾ ਕੱਜਿਆ। ਜਾਹ ਲੋੜ ਪੈਣ ਤੇ ਭਗਵਾਨ ਤੇਰੇ ਪੜਦੇ ਕੱਜੇਗਾ। ਦੁਸ਼ਮਨ ਤੇਰਾ ਕਖ ਨਹੀਂ ਵਿਗਾੜ ਸਕੇਗਾ' ਇਹ ਵਰ ਦੇ ਕੇ ਦੁਰਬਾਸ਼ਾ ਜੀ ਆਪਣੇ ਰਾਹ ਪਏ। ਕ੍ਰਿਸ਼ਨਾਂ ਸਹੇਲੀਆਂ ਸਮੇਤ ਇਸ਼ਨਾਨ ਕਰ ਕੇ ਵਾਪਸ ਮੁੜ ਆਈ।

## ਕ੍ਰਿਸ਼ਨਾ ਦਾ ਵਿਆਹ

ਕ੍ਰਿਸ਼ਨਾ ਮੁਟਿਆਰ ਹੋ ਗਈ। ਰਾਜੇ ਦਰੁਪਦ ਨੇ ਫ਼ੈਸਲਾ ਕੀਤਾ ਹੋਇਆ

ਸੀ ਕਿ ਜਦੋਂ ਉਹਦੀ ਕੰਨਿਆ ਵਿਆਹੁਣ ਯੋਗ ਹੋਵੇਗੀ, ਤਦੋਂ ਉਹ ਉਸ ਦਾ ਵਿਆਹ ਪੰਡ ਪੁਤ੍ਰ ਅਰਜਨ ਨਾਲ ਕਰੇਗਾ, ਪਰ ਉਸ ਨੂੰ ਖ਼ਬਰਾਂ ਪੁਜੀਆਂ ਕਿ ਪੰਜੇ ਪਾਂਡਵ (ਅਰਜਨ ਤੇ ਉਸ ਦੇ ਭਾਈ) ਲਾਖ ਦੇ ਮੰਦਰ ਵਿਚ ਸੜ ਕੇ ਮਰ ਚੁਕੇ ਹਨ ਤਾਂ ਉਸ ਨੇ ਕ੍ਰਿਸ਼ਨਾ ਦੇ ਵਿਆਹ ਵਾਸਤੇ ਸੁੰਬਰ ਰਚਿਆ। ਉਸ ਸੁੰਬਰ ਉਤੇ ਦੇਸ਼ ਦੇ ਰਾਜਕੁਮਾਰਾਂ ਤੇ ਬਲੀ ਯੋਧਿਆਂ ਨੂੰ ਸੱਦਿਆ ਗਿਆ। ਬ੍ਰਾਹਮਣ ਭੇਸ ਵਿਚ ਪੰਜੇ ਪਾਂਡਵ ਵੀ ਸੁੰਬਰ ਉਤੇ ਪੁਜ ਗਏ। ਇਹ ਵੀ ਪੰਡਾਲ ਵਿਚ ਜਾ ਬੈਠੇ। ਸੁੰਬਰ ਦੀ ਸ਼ਰਤ ਸੀ ਮੱਛੀ ਦੀ ਅੱਖ ਵਿਚ ਤੀਰ ਮਾਰਨਾ। ਪਰ ਨਿਸ਼ਾਨਾ ਤੇਲ ਦੇ ਤੱਤੇ ਕੜਾਹੇ ਰਾਹੀਂ (ਤੇਲ ਵਿਚ ਵੇਖ ਕੇ) ਲਾਉਣਾ ਹੈ। ਕਈ ਬਹਾਦਰ ਰਾਜ ਕੁਮਾਰ ਟਿਲ ਲਾ ਚੁਕੇ, ਪਰ ਕਿਸੇ ਕੋਲੋਂ ਨਿਸ਼ਾਨਾ ਨਾ ਵੱਜਾ। ਉਹ ਸ਼ਰਮਿੰਦੇ ਹੋ ਕੇ ਆਪਣੇ ਆਪਣੇ ਆਸਣਾਂ ਉਤੇ ਬੈਠ ਜਾਂਦੇ ਰਹੇ। ਸਭ ਪਿਛੋਂ ਅਰਜਨ ਜੀ ਉਠੇ। ਕਮਾਨ ਫੜੀ, ਜਦੋਂ ਤੇਲ ਦੇ ਕੜਾਹੇ ਦੇ ਕੁੰਡਿਆਂ ਉਤੇ ਪੈਰ ਰਖੇ ਤਾਂ ਰਾਜ ਕੁਮਾਰਾਂ ਨੇ ਹੱਸ ਕੇ ਉਸ ਨੂੰ ਮਖੌਲ ਕੀਤਾ— 'ਵਾਹ ਬ੍ਰਾਹਮਣ ਪੁੱਤਰ! ਇਹ ਖੀਰ ਦਾ ਥਾਲ ਤਾਂ ਨਹੀਂ ਜਿਸ ਵਲ ਕਾਹਲੀ ਨਾਲ ਵਧੇ ਜੇ!' ਪਰ ਅਰਜਨ ਨੇ ਉਨ੍ਹਾਂ ਮਖੌਲਾਂ ਦੀ ਕੋਈ ਪ੍ਰਵਾਹ ਨਾ ਕੀਤੀ, ਤੀਰ ਮਾਰਿਆ। ਮੱਛੀ ਦੀ ਅੱਖ ਵਿਚ ਨਿਸ਼ਾਨਾ ਠੀਕ ਲੱਗਾ। ਮੱਛੀ ਘੁੰਬਰ ਪਾਉਂਦੀ ਹੇਠਾਂ ਆ ਗਈ। ਸਾਰੇ ਪਾਸੇ ਜੈ ਜੈ ਕਾਰ ਹੋਈ, ਰਾਜ ਕੰਨਿਆਂ ਕ੍ਰਿਸ਼ਨਾ ਨੂੰ ਨਹੀਂ ਸੀ ਪਤਾ ਕਿ ਇਹ ਮਹਾਂਬਲੀ ਅਰਜਨ ਹੈ, ਉਹ ਲੀੜਿਆਂ ਦਾ ਭੇਖ ਦੇਖ ਕੇ ਬ੍ਰਾਹਮਣ ਪੁੱਤਰ ਸਮਝ ਕੇ ਉਦਾਸ ਹੋ ਗਈ। ਉਸ ਨੇ ਮਨ ਹੀ ਮਨ ਆਖਿਆ ਕਿ ਬ੍ਰਾਹਮਣ, ਮੰਗ ਕੇ ਖਾਣਾ ਪਿਆ ਕਰੇਗਾ।

ਕ੍ਰਿਸ਼ਨਾ ਨੂੰ ਨਾਲ ਲੈ ਕੇ ਅਰਜਨ ਤੇ ਉਸ ਦੇ ਭਾਈ ਘਰ ਆ ਗਏ। ਉਹ ਜਿਸ ਛੋਟੇ ਜਿਹੇ ਘਰ ਵਿਚ ਰਹਿੰਦੇ ਸਨ ਉਸ ਦਾ ਬਾਹਰਲਾ ਬੂਹਾ ਬੰਦ ਸੀ। ਅਰਜਨ ਨੇ ਬਾਹਰੋਂ ਆਪਣੀ ਮਾਤਾ ਕੁੰਤੀ ਨੂੰ ਅਵਾਜ਼ ਦਿਤੀ, 'ਮਾਤਾ ਜੀ! ਬੂਹਾ ਖੋਹਲੋ ਅੱਜ ਅਸੀਂ ਬਹੁਤ ਚੰਗੀ ਚੀਜ਼ ਲਿਆਏ ਹਾਂ' ਉਨ੍ਹਾਂ ਦੀ ਮਾਤਾ ਕੁੰਤੀ ਨੇ ਅਣਦੇਖੇ ਤੇ ਅਣਸੋਚੇ ਸਹਿਜ ਸੁਭਾਅ ਅਗੋਂ ਉੱਤਰ ਦਿੱਤਾ, 'ਬੇਟਾ! ਜੋ ਚੀਜ਼ ਲਿਆਏ ਜੇ ਉਹ ਪੰਜੇ ਵੰਡ ਕੇ ਖਾ ਲਵੋ। ਇਹ ਬਚਨ ਉਸ ਨੇ ਇਸ ਕਰਕੇ ਕੀਤਾ ਕਿ ਉਹਦੇ ਪੁੱਤਰ ਖਾਣ ਵਾਲੀਆਂ ਚੀਜ਼ਾਂ ਤੋਂ ਬਿਨਾਂ ਕੋਈ ਹੋਰ ਚੀਜ਼ ਲਿਆਉਂਦੇ ਹੀ ਨਹੀਂ ਸਨ ਉਸ ਨੂੰ ਕੀ ਪਤਾ ਸੀ ਕਿ ਉਹ

ਰਾਜ ਕੰਨਿਆਂ ਵਿਆਹ ਕੇ ਲੈ ਆਏ ਹਨ । ਜਦੋਂ ਮਾਤਾ ਜੀ ਨੇ ਬਾਹਰ ਆ ਕੇ ਦੇਖਿਆ ਤਾਂ ਹੈਰਾਨ ਹੋ ਗਈ । ਕੀਤੇ ਬਚਨ ਉਤੇ ਪਛਤਾਉਣ ਲਗੀ, ਪਰ ਬਚਨ ਤੇ ਤੀਰ ਨਿਕਲੇ ਵਾਪਸ ਨਹੀਂ ਹੁੰਦੇ, ਮਾਤਾ ਦੇ ਫ਼ੈਸਲੇ ਅਨੁਸਾਰ ਕ੍ਰਿਸ਼ਨਾ ਨੂੰ ਪੰਜਾਂ ਦੀ ਇਸਤਰੀ ਬਣ ਕੇ ਰਹਿਣਾ ਪਿਆ ਕਿਉਂਕਿ ਕ੍ਰਿਸ਼ਨਾ ਉਸ ਦਾ ਪੇਕਾ ਨਾਂ ਸੀ । ਵਿਆਹ ਤੋਂ ਪਿਛੋਂ ਉਸ ਦਾ ਨਾਂ ਦਰੋਪਦੀ ਪੈ ਗਿਆ। ਇਤਿਹਾਸ ਮਹਾਂਭਾਰਤ ਵਿਚ ਨਾਮ ਦਰੋਪਦੀ ਹੀ ਆਉਂਦਾ ਹੈ।

## ਚੀਰ ਹਰਨ

ਦਰੋਪਦੀ ਦੇ ਵਿਆਹ ਦੇ ਥੋੜੇ ਦਿਨਾਂ ਪਿਛੋਂ ਰਾਜੇ ਦਰੁਪਦ ਨੂੰ ਪਤਾ ਲਗ ਗਿਆ ਕਿ ਉਸ ਦਾ ਜਵਾਈ ਬ੍ਰਾਹਮਣ ਨਹੀਂ ਸਗੋਂ ਮਹਾਂਬਲੀ ਅਰਜਨ ਹੈ। ਉਸ ਨੇ ਬਹੁਤ ਖ਼ੁਸ਼ੀ ਮਨਾਈ । ਧੀ ਜਵਾਈ ਨੂੰ ਘਰ ਸੱਦ ਕੇ ਜੀ ਖੋਹਲ ਕੇ ਦਾਜ ਦਿੱਤਾ । ਸ੍ਰੀ ਕ੍ਰਿਸ਼ਨ ਤੇ ਹੋਰ ਰਾਜਿਆਂ ਦੀ ਸਹਾਇਤਾ ਨਾਲ ਕੌਰਵਾਂ ਕੋਲੋਂ ਅੱਧਾ ਰਾਜ ਵੀ ਲੈ ਦਿੱਤਾ। ਇੰਦਰ ਪ੍ਰਸਤ ਨਵਾਂ ਸ਼ਹਿਰ ਵਸਾ ਕੇ ਪਾਂਡੋ ਰਹਿਣ ਲਗੇ । ਰਾਜਸੂਅ ਯੱਗ ਵੀ ਉਨ੍ਹਾਂ ਕੀਤਾ । ਪਾਂਡਵਾਂ ਦੀ ਸੋਭਾ ਦੇਖ ਕੇ ਪਾਪੀ ਆਤਮਾ ਦੁਰਯੋਧਨ ਨੇ ਈਰਖਾ ਕੀਤੀ । ਉਸ ਨੇ ਦਿਲ ਹੀ ਦਿਲ ਵਿਚ ਪਾਂਡਵਾਂ ਨੂੰ ਤਬਾਹ ਕਰਨ ਦੀ ਪੱਕੀ ਸਲਾਹ ਕਰ ਲਈ । ਉਸ ਸਲਾਹ ਦਾ ਅੰਤਮ ਫਲ ਇਹ ਹੋਇਆ ਕਿ ਪਾਂਡਵਾਂ ਦੇ ਵਡੇ ਭਰਾ ਯੁਧਿਸ਼ਟਰ ਨੇ ਦੁਰਯੋਧਨ ਨਾਲ ਜੂਆ ਖੇਡਿਆ । ਦੁਰਯੋਧਨ ਨੇ ਰਾਜ, ਹਾਥੀ, ਘੋੜੇ, ਘਰ ਦਾ ਸਾਮਾਨ, ਪੰਜਾਂ ਪਾਂਡਵਾਂ ਦੇ ਸਰੀਰ ਅਤੇ ਦਰੋਪਦੀ ਨੂੰ ਜੂਏ ਵਿਚ ਜਿੱਤ ਲਿਆ । ਜਦੋਂ ਦਰੋਪਦੀ ਨੂੰ ਜਿੱਤ ਚੁੱਕਾ ਤਾਂ ਦੁਸ਼ਟ ਦੁਰਯੋਧਨ ਨੂੰ ਖ਼ੁਸ਼ੀਆਂ ਚੜ੍ਹ ਗਈਆਂ । ਉਹ ਖ਼ੁਸ਼ੀ ਨਾਲ ਪਾਗਲ ਹੋਣ ਲੱਗਾ । ਉਸ ਨੇ ਪੰਜਾਂ ਪਾਂਡਵਾਂ ਨੂੰ ਬਹੁਤ ਜ਼ਲੀਲ ਕਰਨਾ ਚਾਹਿਆ, ਉਸ ਨੇ ਉਚੀ ਸਾਰੀ ਆਖਿਆ ਹੁਣ ਤੋਂ ਦਰੋਪਦੀ ਦੇ ਤਨ ਮਨ ਉਤੇ ਮੇਰਾ ਹੱਕ ਹੈ । ਪੰਜੇ ਪਾਂਡੋ ਮੇਰੇ ਦਾਸ ਹਨ। ਇਹ ਮੇਰੀ ਮਰਜ਼ੀ ਬਿਨਾਂ ਨਾ ਬੋਲ ਸਕਦੇ ਹਨ ਨਾ ਉਠ ਕੇ ਫਿਰ ਤੁਰ ਸਕਦੇ ਹਨ । ਇਨ੍ਹਾਂ ਕੌੜੇ ਬਚਨਾਂ ਦੇ ਨਾਲ ਹੀ ਦੁਰਯੋਧਨ ਨੇ ਆਪਣੇ ਛੋਟੇ ਭਰਾ ਦੁਹਸਾਸਨ ਨੂੰ ਹੁਕਮ ਕੀਤਾ ਕਿ ਹੁਣੇ ਜਾ ਕੇ ਦਰੋਪਦੀ ਨੂੰ ਰਾਜ ਸਭਾ ਵਿਚ ਲੈ ਆ । ਜਿਸ ਹਾਲਤ ਵਿਚ ਦਰੋਪਦੀ ਬੈਠੀ ਹੋਈ ਹੋਵੇ ਉਸੇ ਹਾਲਤ ਵਿਚ ਖਿੱਚ ਕੇ

ਸਭਾ ਵਿਚ ਲੈ ਆਉਣਾ । ਲਿਹਾਜ ਤੇ ਤਰਸ ਨੂੰ ਭੁੱਲ ਜਾਣਾ, ਦੁਹਸਾਸਨ ਦੁਰਯੋਧਨ ਨਾਲੋਂ ਵੀ ਬਹੁਤਾ ਪਾਪੀ, ਮੂਰਖ ਤੇ ਪੱਥਰ ਦਿਲ ਸੀ । ਉਹ ਉਸ ਰਾਜ ਮਹਲ ਵਿਚ ਪੁੱਜਾ ਜਿਥੇ ਦਰੋਪਦੀ ਰਹਿੰਦੀ ਸੀ, ਅਗੇ ਦਰੋਪਦੀ ਵਾਧੂ ਬਸਤਰ ਉਤਾਰ ਕੇ ਇਕ ਧੋਤੀ ਨਾਲ ਇਸ਼ਨਾਨ ਕਰਨ ਲਗੀ ਸੀ, ਉਸ ਦੇ ਵਾਲ ਖੁਲ੍ਹੇ ਸਨ । ਪਾਪੀ ਦੁਹਸਾਸਨ ਵਾਹੋ ਦਾਹੀ ਉਸ ਦੇ ਕੋਲ ਪਹੁੰਚ ਗਿਆ ਤੇ ਦਰੋਪਦੀ ਨੂੰ ਬਾਹੋਂ ਫੜ ਕੇ ਖਿੱਚ ਤੁਰਿਆ । ਦਰੋਪਦੀ ਨੇ ਬਹੁਤ ਵਾ-ਵੇਲਾ ਕੀਤਾ, ਪੁਕਾਰ ਕੀਤੀ । ਕਿਸੇ ਨੇ ਉਸ ਦੀ ਸਹਾਇਤਾ ਨਾ ਕੀਤੀ । ਦੁਹਸਾਸਨ ਧੂਹਦਾ, ਨਿਰਾਦਰੀ ਕਰਦਾ ਹੋਇਆ ਦਰੋਪਦੀ ਨੂੰ ਰਾਜ ਸਭਾ ਵਿਚ ਲੈ ਗਿਆ । ਦਰਬਾਰੀਆਂ, ਰਾਜ ਬਜ਼ੁਰਗਾਂ ਤੇ ਆਪਣੇ ਪਤੀਆਂ ਨੂੰ ਦੇਖ ਕੇ ਦਰੋਪਦੀ ਸ਼ਰਮ ਨਾਲ ਲਾਜਵੰਤੀ ਵਾਂਗ ਕੁਮਲਾ ਗਈ । ਰਾਜ ਸਭਾ ਵਿਚ ਮੌਤ ਵਰਗੀ ਚੁਪ ਸੀ । ਦੁਰਯੋਧਨ ਪਾਪੀ ਨੇ ਹੁਕਮ ਦਿਤਾ—'ਦਰੋਪਦੀ ਦੀ ਧੋਤੀ ਖੋਲ੍ਹ ਸੁਟੋ । ਨੰਗੀ ਕਰ ਦਿਓ ! ਇਸ ਨੇ ਅੰਨ੍ਹੇ ਦੀ ਅੰਨ੍ਹੀ ਔਲਾਦ ਆਖ ਕੇ ਮੇਰੀ ਨਿਰਾਦਰੀ ਕੀਤੀ ਸੀ । ਅੱਜ ਮੈਂ ਬਦਲਾ ਲੈਣਾ ਹੈ ।'

ਬਿਦਰ ਜੀ ਤੇ ਹੋਰ ਸਿਆਣੇ ਪੁਰਸ਼ਾਂ ਨੇ ਦੁਰਯੋਧਨ ਨੂੰ ਬਹੁਤ ਸਮਝਾਇਆ ਕਿ ਐਸਾ ਪਾਪ ਨਾ ਕਰ, ਇਕ ਇਸਤਰੀ ਦੀ ਆਹ ਕਈ ਲਸ਼ਕਰਾਂ ਨੂੰ ਸਾੜ ਕੇ ਸੁਆਹ ਕਰਦੀ ਹੈ, ਪਰ ਦੁਸ਼ਟ ਆਤਮਾ ਦੁਰਯੋਧਨ ਨਾ ਮੰਨਿਆ । ਦਰੋਪਦੀ ਦੀ ਸਾੜ੍ਹੀ (ਧੋਤੀ) ਨੂੰ ਖਿੱਚਣ ਲਗੇ । ਦਰੋਪਦੀ ਵਿਰਲਾਪ ਕਰਨ ਲਗੀ । ਸਭਾ ਵਿਚ ਬੈਠੇ ਸਾਰੇ ਮਨੁਖਾਂ ਅਗੇ ਉਸ ਨੇ ਸਹਾਇਤਾ ਵਾਸਤੇ ਬੇਨਤੀ ਕੀਤੀ, ਪਰ ਕਿਸੇ ਦੀ ਜ਼ਬਾਨ ਨਾ ਹਿੱਲੀ । ਕਿਸੇ ਦੇ ਡੌਲੇ ਨਾ ਫਰਕੇ । ਸਾਰੇ ਦੁਰਯੋਧਨ ਕੋਲੋਂ ਡਰਦੇ ਸਨ ਕਿਉਂਕਿ ਦੁਰਯੋਧਨ ਸੌ ਭਰਾਵਾਂ ਸਮੇਤ ਦਰਬਾਰ ਵਿਚ ਹਾਜ਼ਰ ਸੀ । ਬਹਾਦਰ ਪਾਂਡਵਾਂ ਦੀਆਂ ਅੱਖਾਂ ਨੀਵੀਆਂ ਹੋ ਗਈਆਂ । ਉਹ ਮਾਯੂਸ ਬੈਠੇ ਸਨ ।

ਦਰੋਪਤੀ ਨੇ ਜਦੋਂ ਦੇਖਿਆ ਕਿ ਰਾਜ ਸਭਾ ਵਿਚ ਕੋਈ ਐਸਾ ਪੁਰਸ਼ ਨਹੀਂ ਜੋ ਉਸ ਦੀ ਸਹਾਇਤਾ ਕਰੇ ਤਾਂ ਉਹ ਸ੍ਰੀ ਕ੍ਰਿਸ਼ਨ ਜੀ ਅਗੇ ਪੁਕਾਰ ਕਰਨ ਲਗੀ । ਕਿਉਂਕਿ ਉਹ ਸ੍ਰੀ ਕ੍ਰਿਸ਼ਨ ਜੀ ਨੂੰ ਭਗਵਾਨ ਰੂਪ ਸਮਝਦੀ ਸੀ, ਦਿਲ ਹੀ ਦਿਲ ਵਿਚ ਉਸ ਨੇ ਆਖਿਆ 'ਹੇ ਸ੍ਰੀ ਕ੍ਰਿਸ਼ਨ ! ਗੋਕਲ ਵਾਸੀ ! ਪਤਿਤ ਉਧਾਰਨ ਦਿਆਲੂ ਪ੍ਰਭੂ ! ਮੇਰੀ ਲਾਜ ਰਖੋ । ਮੈਨੂੰ ਤੇਰਾ ਹੀ ਆਸਰਾ ਹੈ, ਮੈਂ

ਇਕ ਇਸਤਰੀ ਨਿਰਬਲ ਗਊ ਰੂਪ ਹਾਂ। ਇਹਨਾਂ ਕਸਾਈਆਂ ਹੱਥੋਂ ਬਚਾਅ। ਮੇਰਾ ਪਤੀ ਬਰਤ ਧਰਮ ਤੇਰੇ ਹੱਥ ਹੈ। ਦਾਸੀ ਦੀ ਰਾਖੀ ਕਰ। ਹੇ ਪ੍ਰਭੂ! ਹਾਥੀ ਨੂੰ ਨਦੀ ਵਿਚੋਂ ਬਚਾਇਆ। ਮਹਾਨ ਪਾਪੀ ਤਾਰੇ ਮੈਂ ਤਾਂ ਕੋਈ ਬਜਰ ਪਾਪ ਨਹੀਂ ਕੀਤਾ। ਹੇ ਪ੍ਰਭੂ! ਅੱਜ ਦਰੋਪਦੀ ਤੇਰੇ ਆਸਰੇ ਹੈ।' ਅੱਖਾਂ ਮੀਟ ਕੇ ਇਸ ਤਰ੍ਹਾਂ ਵਿਰਲਾਪ ਕਰਦੀ ਰਹੀ।

ਦੂਸਰੇ ਪਾਸੇ ਅਸਚਰਜ ਲੀਲ੍ਹਾ ਦੇਖੋ। ਪਾਪੀ ਦੁਹਸਾਸਨ ਧੋਤੀ ਦੀ ਕੰਨੀਂ ਫੜ ਕੇ ਧੋਤੀ ਖਿੱਚੀ ਗਿਆ। ਦਰੋਪਦੀ ਭੌਂਦੀ ਰਹੀ, ਪਰ ਉਹ ਨੰਗੀ ਨਾ ਹੋਈ। ਧੋਤੀ ਦਾ ਦੂਸਰਾ ਕਿਨਾਰਾ ਹੀ ਨਾ ਆਇਆ। ਧੋਤੀਆਂ ਦਾ ਢੇਰ ਲਗ ਗਿਆ। ਦੁਹਸਾਸਨ ਦੀਆਂ ਬਾਹਾਂ ਵਿਚ ਖੱਲੀਆਂ ਪੈ ਗਈਆਂ। ਉਹ ਥੱਕ ਗਿਆ ਉਸ ਨੇ ਹਾਰ ਕੇ ਆਪਣੇ ਭਰਾ ਨੂੰ ਆਖਿਆ ਮੈਥੋਂ ਤਾਂ ਧੋਤੀ ਨਹੀਂ ਖਿੱਚੀ ਜਾਂਦੀ ਕੀ ਪਤਾ ਕਿੰਨੇ ਲਖ ਗਜ ਹੈ। ਹੋਰ ਕਿਸੇ ਨੂੰ ਆਖ। ਦੁਹਸਾਸਨ ਦਾ ਇਹ ਬਚਨ ਸੁਣ ਕੇ ਦੁਰਯੋਧਨ ਆਪ ਗੁਸੇ ਨਾਲ ਉਠ ਕੇ ਧੋਤੀ ਖਿੱਚਣ ਲੱਗਾ। ਧੋਤੀ ਖਿੱਚਦਾ ਹੋਇਆ ਹਾਰ ਗਿਆ। ਦਰੋਪਦੀ ਦੇ ਲਾਗੇ ਧੋਤੀ ਦਾ ਇਕ ਪਾਸੇ ਬੜਾ ਵੱਡਾ ਢੇਰ ਲਗ ਗਿਆ। ਪੰਜੇ ਪਾਂਡਵ, ਰਾਜ ਸਭਾ ਵਿਚ ਬੈਠੇ ਤੇ ਹੋਰ ਲੋਕ ਖ਼ੁਸ਼ ਸਨ ਕਿ ਪ੍ਰਭੂ ਦਰੋਪਦੀ ਦੀ ਇੱਜ਼ਤ ਰਖ ਰਿਹਾ ਹੈ। ਕੌਰਵ ਮਰਦੇ ਜਾਂਦੇ ਸੀ। ਹਾਰ ਕੇ ਦੁਰਯੋਧਨ ਨੇ ਧੋਤੀ ਖਿੱਚਣੀ ਛੱਡ ਦਿਤੀ। ਜਾਹ ਦਫ਼ਾ ਹੋ, ਆਖ ਕੇ ਦਰੋਪਦੀ ਨੂੰ ਰਾਜ ਸਭਾ ਵਿਚੋਂ ਜਾਣ ਦੀ ਆਗਿਆ ਦੇ ਦਿੱਤੀ, ਜਿਉਂ ਹੀ ਦਰੋਪਦੀ ਤੁਰਨ ਲਗੀ ਤਾਂ ਅੱਖ ਦੇ ਫੋਰ ਵਿਚ ਸਾਰੀ ਧੋਤੀ ਸਿਮਟ ਕੇ ਅਸਲੀ ਰੂਪ ਵਿਚ ਹੋ ਗਈ। ਦਰੋਪਦੀ ਦੀ ਇੱਜ਼ਤ ਰਹਿ ਗਈ। ਉਹ ਵਾਹੋ ਦਾਹੀ ਘਰ ਚਲੀ ਗਈ ਜਾਂ ਘਰ ਪੁੱਜੀ ਤਾਂ ਅਗੇ ਕ੍ਰਿਸ਼ਨ ਜੀ ਬੈਠੇ ਸਨ। ਨੀਵੀਂ ਪਾ ਕੇ ਹੱਥ ਜੋੜ ਕੇ ਪ੍ਰਭੂ ਦੇ ਚਰਨਾਂ ਉਤੇ ਪ੍ਰਨਾਮ ਕਰ ਕੇ ਆਖਣ ਲਗੀ—'ਪ੍ਰਭੂ! ਮੈਂ ਆਪ ਦਾ ਧੰਨਵਾਦ ਕਰਦੀ ਹਾਂ, ਮੇਰੀ ਇੱਜ਼ਤ ਰਖੀ ਜੇ।'

'ਭੈਣ! ਤੇਰੇ ਧਰਮ ਨੇ ਤੈਨੂੰ ਬਚਾਇਆ ਹੈ। ਹੌਂਸਲਾ ਰੱਖ ਤੇਰੇ ਹੋਰ ਵੀ ਦੁਖ ਦੂਰ ਹੋ ਜਾਣਗੇ।' ਸ੍ਰੀ ਕ੍ਰਿਸ਼ਨ ਜੀ ਦਾ ਉੱਤਰ ਸੀ।

# ੨੩. ਰਾਜਾ ਉਗ੍ਰਸੈਨ

ਦੋਹਿਰਾ—ਦੁਸ਼ਟ ਅਰਿਸ਼ਟ ਨਿਵਾਰਕੈ ਲੀਨੋ ਸਕਲ ਸਮਾਜ॥
ਮਥਰਾ ਮੰਡਲ ਕੋ ਦੀਯੋ ਉਗ੍ਰਸੈਨ ਕੋ ਰਾਜ॥ (ਦਸਮ ਗ੍ਰੰਥ)

ਹੇ ਭਗਤ ਜਨੋ ! ਇਸ ਧਰਮੀ ਰਾਜੇ ਦੀ ਕਥਾ ਸੁਣੋ, ਜੋ ਬਹੁਤ ਕਲਿਆਣਕਾਰੀ ਹੈ। ਰਾਜਾ ਉਗ੍ਰਸੈਨ ਜੀ ਯਦੁਬੰਸੀ ਰਾਜੇ ਦੇਵਕ ਦੇ ਵਡੇ ਭਰਾ ਸਨ। ਇਨ੍ਹਾਂ ਦਾ ਰਾਜ ਮਥਰਾਪੁਰੀ ਵਿਚ ਸੀ, ਬੜੇ ਧਰਮੀ ਰਾਜੇ ਸਨ। ਇਸ ਰਾਜੇ ਉਗ੍ਰਸੈਨ ਦਾ ਇਕ ਲੜਕਾ ਕੰਸ ਸੀ, ਕੰਨਿਆਂ ਕੋਈ ਨਹੀਂ ਸੀ। ਪਰ ਇਸ ਦੇ ਛੋਟੇ ਭਰਾ ਦੇਵਕ ਜੀ ਦੀਆਂ ਸੱਤ ਧੀਆਂ ਸਨ। ਇਨ੍ਹਾਂ ਸਾਰੀਆਂ ਲੜਕੀਆਂ ਵਿਚੋਂ ਦੇਵਕੀ ਵੱਡੀ ਸੀ। ਇਹ ਵੱਡੀ ਲੜਕੀ ਦੇਵਕੀ ਨੂੰ ਉਗ੍ਰਸੈਨ ਨੇ ਆਪਣੀ ਧੀ ਬਣਾ ਲਿਆ ਸੀ। ਮੁਟਿਆਰ ਹੋਣ ਤਕ ਬੜੇ ਲਾਡ ਪਿਆਰ ਨਾਲ ਦੇਵਕੀ ਨੂੰ ਪਾਲਿਆ ਸੀ।

ਉਗ੍ਰਸੈਨ ਦੇ ਲੜਕੇ ਕੰਸ ਦਾ ਵਿਆਹ ਰਾਜਾ ਜਰਾਸਿੰਧ ਦੀ ਲੜਕੀ ਨਾਲ ਹੋਇਆ। ਜਰਾਸਿੰਧ ਅਧਰਮੀ ਤੇ ਹੰਕਾਰੀ ਰਾਜਾ ਸੀ। ਓਹੋ ਜਿਹੇ ਮਾੜੇ ਸੁਭਾਵ ਦੀ ਉਸ ਦੀ ਕੰਨਿਆ ਸੀ।

ਉਧਰ ਦੇਵਕੀ ਵੀ ਵਰ ਯੋਗ ਹੋ ਗਈ। ਰਾਜੇ ਦੇਵਕ ਨਾਲ ਸਲਾਹ ਕਰ ਕੇ ਰਾਜੇ ਉਗ੍ਰਸੈਨ ਨੇ ਦੇਵਕੀ ਦੀ ਸ਼ਾਦੀ ਵਾਸਦੇਵ ਨਾਲ ਕਰ ਦਿੱਤੀ। ਰਾਜੇ ਦੇਵਕ ਨੂੰ ਵਾਸਦੇਵ ਐਨੇ ਚੰਗੇ ਲਗੇ ਕਿ ਉਸ ਨੇ ਬਾਕੀ ਦੀਆਂ ਛੇ ਲੜਕੀਆਂ ਵੀ ਵਾਸਦੇਵ ਨਾਲ ਹੀ ਵਿਆਹ ਦਿੱਤੀਆਂ।

ਕੰਸ ਤੇ ਦੇਵਕੀ ਭੈਣ ਭਰਾ ਸਨ। ਜਦੋਂ ਦੇਵਕੀ ਦਾ ਵਿਆਹ ਹੋ ਗਿਆ ਤੇ ਡੋਲੀ ਤੁਰਨ ਲਗੀ ਤਾਂ ਕੰਸ ਦੇਵਕੀ ਨੂੰ ਡੋਲੀ ਵਿਚ ਬਿਠਾਉਣ ਵਾਸਤੇ ਉਸ ਦੇ ਨਾਲ ਆਉਂਦਾ ਸੀ। ਦੋਵੇਂ ਭੈਣ ਭਰਾ ਪਿਆਰ ਦੀਆਂ ਗੱਲਾਂ ਕਰੀ ਆਉਂਦੇ ਸਨ ਕਿ ਸੁਕੇ ਅੰਬਰ ਬਿਜਲੀ ਲਿਸ਼ਕੀ ਤੇ ਗਰਜੀ। ਸਾਰੇ ਬਰਾਤੀ ਤੇ ਸ਼ਹਿਰ ਵਾਲੇ ਡਰ ਗਏ ਕਿ ਪਤਾ ਨਹੀਂ ਕੀ ਹਨੇਰ ਆਉਣ ਲਗਾ ਹੈ। ਬਿਜਲੀ ਦੀ ਗਰਜ ਪਿਛੋਂ ਗ਼ੈਬੀ ਅਵਾਜ਼ ਆਈ—'ਓ ਕੰਸ ! ਜਿਸ ਭੈਣ ਨੂੰ

ਅੱਜ ਖ਼ੁਸ਼ੀ ਨਾਲ ਸਹੁਰੇ ਤੋਰ ਰਿਹਾ ਹੈਂ, ਇਸੇ ਦੀ ਕੁਖੋਂ ਜੋ ਅੱਠਵਾਂ ਬਾਲਕ ਹੋਵੇਗਾ, ਉਸ ਹੱਥੋਂ ਤੂੰ ਮਰੇਂਗਾ। ਤੇਰੀ ਮੌਤ ਉਸਦੇ ਹੱਥੋਂ ਅਟੱਲ ਹੈ।' ਇਸ ਭਾਖਿਆ ਦੇ ਨਾਲ ਉਸ ਦਾ ਦਿਲ ਧੜਕਣ ਲੱਗ ਪਿਆ। ਉਸ ਨੇ ਸੋਚਿਆ ਕਿ ਜੇ ਦੇਵਕੀ ਦੇ ਅੱਠਵੇਂ ਪੁੱਤਰ ਨੇ ਮੈਨੂੰ ਮਾਰਨਾ ਹੈ ਤਾਂ ਮੈਂ ਹੁਣੇ ਹੀ ਦੇਵਕੀ ਨੂੰ ਕਿਉਂ ਨਾ ਮਾਰ ਸੁਟਾਂ ? ਇਹ ਸੋਚ ਕੇ ਪਾਪੀ ਕੰਸ ਨੇ ਮਿਆਨ ਵਿਚੋਂ ਤਲਵਾਰ ਖਿੱਚ ਲਈ ਤੇ ਦੇਵਕੀ ਨੂੰ ਮਾਰਨ ਲੱਗਾ। ਸਾਰੇ ਹੈਰਾਨ ਸਨ ਪਰ ਕੰਸ ਦੇ ਗੁੱਸੇ ਅਗੇ ਕਿਸੇ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਵਾਸਦੇਵ ਅਗੇ ਹੋਇਆ, ਉਸ ਨੇ ਤਰਲਾ ਕੀਤਾ—'ਆਪ ਦੇਵਕੀ ਨੂੰ ਮਾਰੀਏ ਨਾ। ਇਸ ਦੀ ਕੁਖੋਂ ਜੋ ਬੱਚਾ ਹੋਵੇਗਾ, ਉਹ ਆਪ ਦੇ ਕੋਲ ਪਹੁੰਚ ਜਾਇਆ ਕਰੇਗਾ। ਮਾਰ ਕੇ ਹੱਤਿਆ ਕਿਉਂ ਕਰਦੇ ਜੇ। ਫਿਰ ਵੀ ਆਪ ਦੀ ਭੈਣ ਹੈ।' ਵਾਸਦੇਵ ਦਾ ਤਰਲਾ ਸੁਣ ਕੇ ਕੰਸ ਮਾਰਨ ਤੋਂ ਤਾਂ ਟਲ ਗਿਆ ਪਰ ਉਸੇ ਵੇਲੇ ਦੇਵਕੀ ਤੇ ਵਾਸਦੇਵ ਨੂੰ ਆਪਣੇ ਹੀ ਰਾਜ ਮਹੱਲਾਂ ਵਿਚ ਕੈਦੀ ਦੀ ਤਰ੍ਹਾਂ ਰਖ ਲਿਆ ਤੇ ਜਾਣ ਨਾ ਦਿੱਤਾ। ਉਗ੍ਰਸੈਨ ਨੇ ਇਸ ਗੱਲ ਦਾ ਬੁਰਾ ਮਨਾਇਆ ਤੇ ਕੰਸ ਨੂੰ ਡਾਂਟਿਆ ਕਿ ਉਸ ਨੇ ਦੇਵਕੀ ਵਾਸਦੇਵ ਨੂੰ ਕੈਦ ਕਰ ਕੇ ਮਾੜਾ ਕੀਤਾ ਹੈ। ਉਸ ਦੇ ਡਾਂਟਣ ਦਾ ਨਤੀਜਾ ਇਹ ਨਿਕਲਿਆ ਕਿ ਕੰਸ ਨੇ ਕ੍ਰੋਧਵਾਨ ਹੋ ਕੇ ਆਪਣੇ ਆਪ ਉਗ੍ਰਸੈਨ ਨੂੰ ਗੱਦੀ ਉਤੋਂ ਲਾਹ ਦਿਤਾ ਤੇ ਆਪ ਰਾਜ ਦਾ ਮਾਲਕ ਬਣ ਬੈਠਾ।

ਕੰਸ ਦੀ ਕੈਦ ਵਿਚ ਹੀ ਦੇਵਕੀ ਦੇ ਸੱਤੇ ਬੱਚੇ ਹੋਏ ਤੇ ਸੱਤੇ ਹੀ ਮਾਰ ਦਿਤੇ ਗਏ। ਅਠਵੇਂ ਪੁੱਤਰ ਸ੍ਰੀ ਕ੍ਰਿਸ਼ਨ ਜੀ ਪ੍ਰਗਟੇ। ਵਾਸਦੇਵ ਨੇ ਹਿੰਮਤ ਕੀਤੀ, ਜਦੋਂ ਕ੍ਰਿਸ਼ਨ ਜੀ ਪ੍ਰਗਟੇ ਤਾਂ ਉਸੇ ਵੇਲੇ ਰਾਤੋ ਰਾਤ ਬੱਚੇ ਨੂੰ ਚੁੱਕ ਕੇ ਜਮਨਾ ਪਾਰ ਗੋਕਲ ਵਿਚ ਲੈ ਗਿਆ। ਉਥੋਂ ਵਟਾਂਦਰੇ ਵਿਚ ਲੜਕੀ ਲਿਆ ਕੇ ਦੇਵਕੀ ਦੀ ਗੋਦ ਪਾ ਦਿੱਤੀ। ਕੰਸ ਨੂੰ ਆਖਿਆ ਕਿ ਲੜਕਾ ਨਹੀਂ, ਲੜਕੀ ਜੰਮੀ ਹੈ। ਉਹ ਲੜਕੀ ਮਾਇਆ ਸੀ। ਜਦੋਂ ਕੰਸ ਦੇ ਹੱਥਾਂ ਉਤੇ ਰੱਖੀ ਗਈ ਤਾਂ ਲੜਕੀ ਬਿਜਲੀ ਰੂਪ ਧਾਰ ਕੇ ਗੜ-ਗੜ ਕਰਦੀ ਉਪਰ ਉਡ ਗਈ। ਕੰਸ ਵੇਖਦਾ ਹੀ ਰਹਿ ਗਿਆ। ਉਪਰ ਜਾ ਕੇ ਯੋਗ ਮਾਇਆ ਨੇ ਹੱਸ ਕੇ ਕੰਸ ਨੂੰ ਆਖਿਆ, 'ਮੂਰਖ ਕੰਸ! ਜਿਸ ਬੱਚੇ ਨੇ ਤੈਨੂੰ ਮਾਰਨਾ ਹੈ ਉਹ ਇਸ ਵੇਲੇ ਗੋਕਲ ਵਿਚ ਪਲ ਰਿਹਾ ਹੈ। ਤੂੰ ਉਸ ਨੂੰ ਨਹੀਂ ਮਾਰ ਸਕਦਾ, ਉਹ

ਤੈਨੂੰ ਮਾਰ ਦੇਵੇਗਾ ।' ਇਹ ਆਖ ਕੇ ਮਾਇਆ ਅਲੋਪ ਹੋ ਗਈ।

ਕੰਸ ਨੇ ਹੁਕਮ ਦਿਤਾ ਕਿ ਗੋਕਲ ਦੇ ਲੜਕੇ ਮਾਰ ਦਿਤੇ ਜਾਣ । ਪਰ ਜਿਸ ਦੀ ਵਧੀ ਉਹ ਕਿਵੇਂ ਮਰੇ । ਗਵਾਲ ਬਾਲਾਂ ਵਿਚ ਖੇਡ ਕੇ ਸ੍ਰੀ ਕ੍ਰਿਸ਼ਨ ਜੀ ਜੁਆਨ ਹੋਏ । ਮਥਰਾ ਆ ਕੇ ਉਨ੍ਹਾਂ ਨੇ ਕੰਸ ਨੂੰ ਮਾਰਿਆ ਤੇ ਉਗ੍ਰਸੈਨ ਨੂੰ ਕੈਦ ਵਿਚੋਂ ਕੱਢ ਕੇ ਮੁੜ ਉਸ ਨੂੰ ਰਾਜ ਦਿਵਾ ਦਿੱਤਾ ।

'ਉਗ੍ਰਸੈਨ ਕਉ ਰਾਜੁ ਅਭੈ ਭਗਤਹ ਜਨ ਦੀਓ ।' ਭਗਤਾਂ ਦੀ ਕ੍ਰਿਪਾ ਨਾਲ ਉਗ੍ਰਸੈਨ ਨੂੰ ਮੁੜ ਕੇ ਰਾਜ ਮਿਲ ਗਿਆ । ਜਰਾਸਿੰਧ ਨੇ ਕ੍ਰਿਸ਼ਨ ਤੇ ਉਗ੍ਰਸੈਨ ਦੀ ਵਿਰੋਧਤਾ ਕੀਤੀ । ਮਥਰਾ ਪੁਰੀ ਉਤੇ ਸੈਨਾ ਲੈ ਕੇ ਚੜ੍ਹਾਈ ਕਰ ਆਇਆ ਪਰ ਹਾਰ ਖਾ ਕੇ ਨਸ ਗਿਆ । ਕਈ ਸਾਲ ਰਾਜ ਕਰਨ ਪਿਛੋਂ ਉਗ੍ਰਸੈਨ ਨੇ ਪ੍ਰਲੋਕ ਗਮਨ ਕੀਤਾ ਤੇ ਸ੍ਰੀ ਕ੍ਰਿਸ਼ਨ ਮਥਰਾ ਦੇ ਰਾਜੇ ਬਣੇ ।

# ੨੪. ਊਧੋ ਜੀ ਦੀ ਕਥਾ

ਊਧੋ ਜੀ—ਊਧਵ ਜੀ, ਸ੍ਰੀ ਕ੍ਰਿਸ਼ਨ ਜੀ ਦੇ ਬਾਲ ਸਖਾ ਸਨ । ਇਹ ਸ੍ਰੀ ਕ੍ਰਿਸ਼ਨ ਜੀ ਨਾਲ ਖੇਡੇ, ਇਕਠੀਆਂ ਗਊਆਂ ਚਾਰੀਆਂ, ਗੋਪੀਆਂ ਨਾਲ ਇਹ ਜਮਨਾ ਕਿਨਾਰੇ ਫਿਰਦੇ ਰਹੇ । ਇਸ ਤੋਂ ਵਧ ਉਹ ਬਿਦਰ ਜੀ ਦੀ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਦੇ ਭਗਤ ਸਨ । ਬਚਪਨ ਤੋਂ ਹੀ ਸ੍ਰੀ ਕ੍ਰਿਸ਼ਨ ਜੀ ਦੇ ਐਨੇ ਪ੍ਰੇਮੀ ਸਨ ਕਿ ਜੇ ਮਾਤਾ ਭੋਜਨ ਛਕਣ ਵਾਸਤੇ ਆਖਦੀ ਤਾਂ ਜਿੰਨਾ ਚਿਰ ਪੂਜਾ ਨਾ ਕਰ ਲੈਂਦੇ, ਓਨਾ ਚਿਰ ਕਦੀ ਭੋਜਨ ਨਾ ਛਕਦੇ । ਬਚਪਨ ਤੋਂ ਜਵਾਨੀ ਆਈ, ਜਵਾਨੀ ਤੋਂ ਬੁਢੇਪਾ, ਪਰ ਊਧੋ ਜੀ ਸ੍ਰੀ ਕ੍ਰਿਸ਼ਨ ਦੇ ਸ਼ਰਧਾਲੂ ਭਗਤ ਰਹੇ । ਜਿਉਂ ਜਿਉਂ ਉਮਰ ਵਡੇਰੀ ਹੁੰਦੀ ਗਈ ਤਿਉਂ ਤਿਉਂ ਬ੍ਰਹਮ ਗਿਆਨੀ ਹੁੰਦੇ ਗਏ । ਸ੍ਰੀ ਕ੍ਰਿਸ਼ਨ (ਭਗਵਾਨ) ਤੋਂ ਭਾਗਵਤ ਪੁਰਾਣ ਸੁਣ ਕੇ ਯਾਦ ਕੀਤਾ ਤੇ ਇੰਨ ਬਿੰਨ ਬਿਦਰ ਨੂੰ ਸੁਣਾ ਦਿਤਾ । ਜੋ ਜਗਤ ਵਿਚ ਹੁਣ ਤਕ ਪ੍ਰਚਲਤ ਹੈ । ਉਨ੍ਹਾਂ ਦਾ ਭਗਤੀ ਵਲ ਵੀ ਇਸ਼ਾਰਾ ਹੈ ।

*'ਊਧੌ ਅਕ੍ਰੂਰ ਬਿਦਰ ਗੁਣ ਗਾਵੈ ॥'*

# ੨੫. ਅਕਰੂਰ ਜੀ ਦੀ ਕਥਾ

ਅਕਰੂਰ ਜੀ ਸ੍ਰੀ ਕ੍ਰਿਸ਼ਨ ਜੀ ਦੇ ਚਾਚੇ ਲਗਦੇ ਸਨ । ਪਰ ਇਹ ਕੰਸ ਦੇ ਰਾਜ ਕਰਮਚਾਰੀ ਸਨ । ਬਹੁਤ ਸਿਆਣੇ ਤੇ ਧਰਮਾਤਮਾ ਸਨ । ਪ੍ਰਭੂ ਲੀਲ੍ਹਾ ਅਸਚਰਜ ਹੈ । ਪ੍ਰਭੂ ਭਗਤੀ ਅਕਰੂਰ ਜੀ ਦੀ ਰੋਜੀ ਦਾ ਸਬੰਧ ਪਾਪੀ, ਹੰਕਾਰੀ ਤੇ ਦੁਰਾਚਾਰੀ ਕੰਸ ਦੇ ਸਾਥ ਸੀ । ਪਰ ਗਿਆਨ ਤੇ ਬ੍ਰਹਮਚਰਜ ਦੇ ਕਾਰਨ ਪਾਪਾਂ ਦੇ ਹਵਨ ਕੁੰਡ ਵਿਚ ਰਹਿੰਦਿਆਂ ਹੋਇਆਂ ਵੀ ਉਸ ਉਤੇ ਕੋਈ ਅਸਰ ਨਹੀਂ ਸੀ ਹੁੰਦਾ । ਉਹ ਓਸੇ ਤਰ੍ਹਾਂ ਨਿਰਲੇਪ ਸਨ, ਜਿਵੇਂ ਮਾੜੇ ਚੰਗੇ ਜਲ ਵਿਚ ਕੰਵਲ ਫੁਲ ਰਹਿੰਦਾ ਹੈ, ਪਰ ਉਹ ਜਲ ਤੋਂ ਉਪਰ ਰਹਿੰਦਾ ਹੈ । ਕੰਸ ਦੀ ਸਭਾ ਵਿਚ ਰੋਜ਼ ਪਾਪ ਹੁੰਦੇ ਸਨ, ਮਾਸੂਮ ਬੱਚਿਆਂ ਨੂੰ ਮਾਰਿਆ ਜਾਂਦਾ ਸੀ । ਸਤਵੰਤੀਆਂ ਕੁਆਰੀਆਂ ਤੇ ਵਿਆਹੀਆਂ ਇਸਤਰੀਆਂ ਨਾਲ ਧੱਕਾ ਕੀਤਾ ਜਾਂਦਾ ਸੀ । ਸਾਰੇ ਰਾਜ ਵਿਚ ਹਾਹਾਕਾਰ ਮੱਚੀ ਹੋਈ ਸੀ । ਉਸ ਹਨੇਰੇ ਰਾਜ ਵਿਚ ਅਕਰੂਰ ਇਕ ਐਸਾ ਪੁਰਸ਼ ਸੀ ਜੋ ਭਗਵਾਨ ਨੂੰ ਚੇਤੇ ਕਰਦਾ ਸੀ । ਸ਼ਾਇਦ ਉਸ ਦੇ ਧਰਮ ਆਸਰੇ ਹੀ ਕੰਸ ਜਿਹਾ ਪੁਰਸ਼ ਰਾਜ ਕਰੀ ਜਾਂਦਾ ਸੀ ।

ਕੰਸ ਨੂੰ ਇਹ ਪਤਾ ਲਗ ਚੁਕਾ ਸੀ ਕਿ ਉਸ ਦਾ ਕਾਲ ਦੇਵਕੀ ਦਾ ਪੁੱਤਰ ਸ੍ਰੀ ਕ੍ਰਿਸ਼ਨ ਗੋਕਲ ਵਿਚ ਪਲ ਰਿਹਾ ਹੈ । ਉਹ ਕਈ ਤਰ੍ਹਾਂ ਦੇ ਯਤਨ ਕਰਨ ਤੇ ਵੀ ਮਾਰਿਆ ਨਹੀਂ ਗਿਆ । ਜਵਾਨ ਹੋ ਕੇ ਉਹ ਬਹਾਦਰ ਚੰਗਾ ਨਿਕਲਿਆ ਹੈ । ਸ੍ਰੀ ਕ੍ਰਿਸ਼ਨ ਨੂੰ ਮਥਰਾ ਸੱਦਣ ਵਾਸਤੇ ਕੰਸ ਨੇ ਧਨੁਖ-ਯੱਗ ਰੱਚਿਆ, ਉਸ ਧਨੁਖ ਯੱਗ ਉਤੇ ਸਾਰੇ ਭਾਰਤ ਵਿਚੋਂ ਮੱਲ (ਪਹਿਲਵਾਨ) ਆਉਣੇ ਸਨ । ਸ੍ਰੀ ਕ੍ਰਿਸ਼ਨ ਜੀ ਨੂੰ ਸੱਦਣ ਵਾਸਤੇ ਅਕਰੂਰ ਨੂੰ ਭੇਜ ਦਿੱਤਾ । ਅਕਰੂਰ ਨੂੰ ਖੁਸ਼ੀਆਂ ਚੜ੍ਹ ਗਈਆਂ । ਉਨ੍ਹਾਂ ਦੀ ਪ੍ਰਸੰਨਤਾ ਦਾ ਕਾਰਨ ਇਹ ਸੀ ਕਿ ਉਹ ਭਗਵਾਨ ਜੀ ਦੇ ਦਰਸ਼ਨ ਕਰਨਗੇ । ਅਕਰੂਰ ਮਥਰਾ ਤੋਂ ਤੁਰ ਪਿਆ, ਤੁਰਿਆ ਜਾਂਦਾ ਮਨ ਹੀ ਮਨ ਉਹ ਦਲੀਲਾਂ ਦੇ ਲੱਡੂ ਭੋਰੀ ਜਾਂਦਾ ਸੀ, ਕਦੀ ਤਾਂ ਉਹ ਸੋਚਦਾ, ਪ੍ਰਭੂ ਮਿਲਣਗੇ । ਉਨ੍ਹਾਂ ਦੇ ਚਰਨਾਂ ਉਤੇ ਡੰਡਵਤ ਪ੍ਰਨਾਮ ਕਰਾਂਗਾ । ਜਦੋਂ ਸਿਰ ਚਰਨ ਕਮਲਾਂ ਉਤੇ ਹੋਵੇਗਾ ਤਾਂ ਉਹ ਆਪਣੇ ਹਸਤ-ਕਮਲਾਂ ਨਾਲ

ਮੇਰਾ ਸਿਰ ਫੜ ਕੇ ਉਪਰ ਕਰਨਗੇ । ਆਹ ! ਓਸ ਵੇਲੇ ਕਿੰਨੇ ਚੰਗੇ ਭਾਗ ਹੋਣਗੇ । ਮੇਰੇ ਜਨਮ ਮਰਨ ਦੇ ਬੰਧਨ ਕੱਟੇ ਜਾਣਗੇ । ਸਾਰੇ ਪਾਪ ਖੰਡਨ ਹੋ ਜਾਣਗੇ । ਪ੍ਰਭੂ ਦੇ ਬਚਨਾਂ ਦਾ ਅੰਮ੍ਰਿਤ ਪੀ ਕੇ ਸਦੀਵ ਕਾਲ ਵਾਸਤੇ ਸ਼ਾਂਤੀ ਹਾਸਲ ਕਰ ਲਵਾਂਗਾ । ਪ੍ਰਭੂ ! ਪ੍ਰਭੂ ਕ੍ਰਿਸ਼ਨ ਜੀ ਕਿੰਨੇ ਚੰਗੇ ਹਨ ਉਹਨਾਂ ਦੀ ਮਹਿਮਾ ਅਨੰਤ ਤੇ ਅਲਖ ਹੈ ।

ਇਉਂ ਸੋਚਦਾ ਤੇ ਪ੍ਰਸੰਨ ਹੁੰਦਾ ਹੋਇਆ ਅਕਰੂਰ ਆਖਦੇ ਨੇ ਬਿੰਦ੍ਰਾਬਨ ਵਿਚ ਪਹੁੰਚ ਗਿਆ । ਸ੍ਰੀ ਕ੍ਰਿਸ਼ਨ ਜੀ ਦੀ ਸੱਚੀ ਭਗਤੀ ਤੇ ਉਸ ਦੇ ਅਨੁਭਵ ਪ੍ਰਕਾਸ਼ ਵਿਚ ਐਨਾ ਵਾਧਾ ਹੋ ਗਿਆ ਸੀ ਕਿ ਜਿਉਂ ਹੀ ਉਸ ਨੇ ਬਿੰਦ੍ਰਾਬਨ ਵਿਚ ਪੈਰ ਰਖਿਆ ਤਿਉਂ ਹੀ ਉਸ ਦੀ ਆਤਮਾ ਦੀਆਂ ਅੱਖਾਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਚਰਨ ਚਿੰਨ੍ਹ ਬਿੰਦ੍ਰਾਬਨ ਦੀ ਧਰਤੀ ਉਤੇ ਲਗੇ ਦੇਖ ਲਏ । ਚਰਨ ਚਿੰਨਾਂ ਨੂੰ ਦੇਖਦੇ ਸਾਰ ਉਸ ਨੇ ਡੰਡਵਤ ਹੋ ਕੇ ਮੱਥਾ ਟੇਕਿਆ, ਪ੍ਰੇਮ ਨਾਲ ਦੀਵਾਨਾ ਜਿਹਾ ਹੋ ਗਿਆ । ਚਰਨ ਚਿੰਨ੍ਹਾਂ ਤੋਂ ਧੂੜ ਚੁਕ ਕੇ ਮੱਥੇ ਤੇ ਅੱਖਾਂ ਨੂੰ ਲਾਈ। ਕਈ ਵਾਰ ਬੇਸੁਧ ਹੋ ਜਾਂਦੇ ਰਹੇ ।

ਅਕਰੂਰ ਜੀ ਪ੍ਰੀਤ ਮਦ ਦਾ ਅਨੰਦ ਲੈਂਦੇ ਹੋਏ ਨੰਦ ਜੀ ਦੇ ਘਰ ਪਹੁੰਚੇ। ਅਗੇ ਬਲਰਾਮ ਸਮੇਤ ਸ੍ਰੀ ਕ੍ਰਿਸ਼ਨ ਜੀ ਘਰ ਸਨ । ਅਕਰੂਰ ਜੀ ਨੇ ਡੰਡਵਤ ਪ੍ਰਣਾਮ ਕੀਤਾ । ਭਗਤ ਵਛਲ ਦਇਆ ਦੇ ਸਮੁੰਦਰ ਪ੍ਰੀਤ ਦੇ ਚੰਦ੍ਰਮਾ ਪ੍ਰਤੱਖ ਭਗਵਾਨ ਰੂਪ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਹਸਤ-ਕਮਲ ਦੇ ਨਾਲ ਅਕਰੂਰ ਦਾ ਸਿਰ ਉਪਰ ਚੁਕਿਆ, ਛਾਤੀ ਨਾਲ ਲਾਇਆ । ਉਸ ਦੇ ਕਪਾਟ ਖੋਲ੍ਹ ਦਿਤੇ ਅਤੇ ਤਿੰਨ ਲੋਕਾਂ ਦਾ ਗਿਆਨ ਕਰਾ ਦਿੱਤਾ ।

ਅਕਰੂਰ ਕੋਲੋਂ ਇਹ ਸੁਣ ਕੇ ਕਿ ਕੰਸ ਨੇ ਧਨੁਖ ਯੱਗ ਰਚਿਆ ਹੈ ਤੇ ਗਵਾਲ ਜਵਾਨਾਂ ਸਮੇਤ ਉਨ੍ਹਾਂ ਨੂੰ ਵੀ ਸੱਦਿਆ ਹੈ । ਪ੍ਰਭੂ ਨੂੰ ਬਹੁਤ ਖ਼ੁਸ਼ੀ ਹੋਈ, ਅਗਲੇ ਭਲਕ ਨੰਦ ਜੀ, ਯੁਗਲ ਜੀ, ਬਲਰਾਮ ਤੇ ਗਵਾਲ ਜਵਾਨਾਂ ਨੂੰ ਨਾਲ ਲੈ ਕੇ ਪ੍ਰਭੂ ਕ੍ਰਿਸ਼ਨ ਜੀ ਮਥਰਾ ਨੂੰ ਤੁਰ ਪਏ । ਜਦੋਂ ਜਮਨਾ ਕਿਨਾਰੇ ਆਏ ਤਾਂ ਜਮਨਾ ਭਗਵਾਨ ਦੇ ਚਰਨ ਚੁੰਮਣ ਵਾਸਤੇ ਦਸ ਕਦਮ ਅਗੇ ਆ ਗਈ, ਚਰਨ ਚੁੰਮਣ ਪਿਛੋਂ ਬੇਤਜ ਵਾਂਗ ਐਨੀ ਲਿਫੀ ਕਿ ਭਗਵਾਨ ਤੇ ਉਨ੍ਹਾਂ ਦੇ ਸਾਥੀ ਸੌਖੇ ਹੀ ਉਸ ਜਮਨਾ ਨੂੰ ਪਾਰ ਕਰ ਗਏ । ਜਮਨਾ ਪਾਰ ਹੋ ਕੇ ਅਕਰੂਰ ਨੂੰ ਸੂਝ ਪਈ, ਸੰਸੇ ਨਾਲ ਉਸ ਦਾ ਹਿਰਦਾ ਕੰਬ ਗਿਆ, ਉਹ ਮਨ

ਹੀ ਮਨ ਸੋਚਣ ਲਗਾ ਮੈਂ ਬਹੁਤ ਭੁਲ ਕੀਤੀ। ਪਾਪੀ ਕੰਸ ਨੇ ਦੂਰ ਦੂਰ ਤੋਂ ਮੱਲ ਸੱਦੇ ਹਨ, ਉਹ ਸ੍ਰੀ ਕ੍ਰਿਸ਼ਨ ਜੀ ਦਾ ਦੁਸ਼ਮਣ ਹੈ, ਕਿਤੇ ਸ੍ਰੀ ਕ੍ਰਿਸ਼ਨ, ਬਲਰਾਮ ਜਾਂ ਬਾਕੀ ਦੇ ਗਵਾਲ ਜਵਾਨਾਂ ਨੂੰ ਮਰਵਾ ਨਾ ਦੇਵੇ। ਅੰਤਰਜਾਮੀ ਪ੍ਰਭੂ ਉਸ ਦੇ ਇਸ ਸੰਸੇ ਨੂੰ ਜਾਣ ਗਏ, ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਅਕਰੂਰ ਨੂੰ ਕਈ ਤਰ੍ਹਾਂ ਦੇ ਦਰਸ਼ਨ ਦਿਤੇ। ਨਾਲ ਹੀ ਕਿਹਾ 'ਭਗਤ ਜੀ! ਚਿੰਤਾ ਨਾ ਕਰੋ, ਭਗਵਾਨ ਦੀ ਮਾਇਆ ਦੇਖੋ ਕੀ ਖੇਲ ਕਰਦਾ ਹੈ।'

ਭਗਵਾਨ ਮਥਰਾ ਪੁਜੇ, ਮੱਲਾਂ ਦੇ ਅਖਾੜੇ 'ਚ ਗਏ, ਭਗਵਾਨ ਨੇ ਫ਼ੈਸਲਾ ਕਰ ਲਿਆ ਸੀ ਕਿ ਉਹ ਪਾਪ ਰਾਜ ਦਾ ਅੰਤ ਕਰਨਗੇ। ਉਨ੍ਹਾਂ ਨੇ ਮੱਲਾਂ ਦੇ ਅਖਾੜੇ ਵਿਚ ਪਾਪੀ ਕੰਸ ਨੂੰ ਮਾਰ ਦਿੱਤਾ। ਕੰਸ ਦੇ ਮਰਨ ਨਾਲ ਸਾਰੇ ਜਗਤ ਤੇ ਇੰਦਰ ਲੋਕ ਵਿਚ ਜੈ ਜੈਕਾਰ ਹੋਣ ਲਗ ਪਈ, ਉਸ ਸਮੇਂ ਦੇਵਤੇ ਸ੍ਰੀ ਕ੍ਰਿਸ਼ਨ ਜੀ ਦੇ ਗਲੇ ਵਿਚ ਫੁਲਾਂ ਦੇ ਹਾਰ ਪਾਉਣ ਵਾਸਤੇ ਆਏ, ਮਥਰਾ ਪੁਰੀ ਦਾ ਰਾਜ ਸ੍ਰੀ ਕ੍ਰਿਸ਼ਨ ਜੀ ਨੇ ਆਪ ਸੰਭਾਲ ਲਿਆ। ਸਾਰੇ ਕਾਰਜ ਕਰ ਕੇ ਭਗਵਾਨ ਨੇ ਅਕਰੂਰ ਦੇ ਘਰ ਪਹੁੰਚ ਕੇ ਉਸ ਨੂੰ ਨਿਹਾਲ ਕੀਤਾ।

ਭਗਵਾਨ ਜੀ ਵਾਪਸ ਚਲੇ ਗਏ, ਕ੍ਰਿਸ਼ਨ ਜੀ ਦੇ ਜਾਣ ਪਿਛੋਂ ਕੰਸ ਦੇ ਹਮੈਤੀ ਯਾਦਵ ਅਕਰੂਰ ਨਾਲ ਦੁਸ਼ਮਣੀ ਕਰਨ ਲਗੇ। ਉਨ੍ਹਾਂ ਦੇ ਦਿਲ ਵਿਚ ਸੀ ਕਿ ਕੰਸ ਨੂੰ ਅਕਰੂਰ ਨੇ ਮਰਵਾਇਆ ਹੈ। ਉਸ ਦੁਸ਼ਮਣੀ ਦੇ ਕਾਰਨ ਅਕਰੂਰ ਮਥਰਾ ਨੂੰ ਛਡ ਕੇ ਕਾਂਸ਼ੀ ਨੂੰ ਤੁਰ ਗਏ। ਉਨ੍ਹਾਂ ਦੇ ਕਾਂਸ਼ੀ ਜਾਣ ਤੇ ਮਥਰਾ ਵਿਚ ਕਾਲ ਪੈ ਗਿਆ ਲੋਕ ਭੁਖੇ ਹੋਏ। ਹੋਰ ਅਨੇਕਾਂ ਤਰ੍ਹਾਂ ਦੇ ਉਪਦਰ ਹੋਣੇ ਸ਼ੁਰੂ ਹੋਏ, ਉਹਨਾਂ ਉਪਦਰਾਂ ਦਾ ਕਾਰਨ ਇਹ ਸੀ ਕਿ ਅਕਰੂਰ ਦੇ ਕੋਲ ਇਕ ਰਿਧੀਆਂ ਸਿਧੀਆਂ ਦੇਣ ਵਾਲੀ ਮੰਤਕ ਮਣੀ ਸੀ। ਉਸ ਮਣੀ 'ਚ ਇਹ ਸਿਫ਼ਤਾਂ ਸਨ ਕਿ ਉਸ ਦੇ ਹੁੰਦਿਆਂ ਅਕਰੂਰ ਨੂੰ ਅੱਠ ਮਣ ਰੋਜ਼ ਦਾ ਸੋਨਾ ਮਿਲਦਾ ਸੀ, ਉਹ ਸੋਨਾ ਅਕਰੂਰ ਲੋਕਾਂ ਵਿਚ ਵੰਡ ਦੇਂਦਾ ਸੀ, ਨਾਲ ਹੀ ਜਿਸ ਸ਼ਹਿਰ ਵਿਚ ਮਣੀ ਰਹੇ ਉਥੇ ਕੋਈ ਲੜਾਈ ਝਗੜਾ ਨਹੀਂ ਸੀ ਹੁੰਦਾ। ਪਰ ਹੁਣ ਮਣੀ ਨੂੰ ਕੋਲ ਰਖਣਾ ਸੌਖਾ ਨਹੀਂ ਸੀ, ਉਹ ਜਿਸ ਕੋਲ ਰਹਿੰਦੀ, ਉਸੇ ਦਾ ਕਾਲ ਹੋ ਜਾਂਦਾ। ਉਹ ਮੌਤ ਮਣੀ ਵੀ ਸੀ ਅਕਰੂਰ ਤੋਂ ਪਹਿਲਾਂ ਅੱਠਾਂ ਨੌਆਂ ਪੁਰਸ਼ਾਂ ਕੋਲ ਉਹ ਮਣੀ ਗਈ ਉਨ੍ਹਾਂ ਦੀਆਂ ਮੌਤਾਂ ਹੋ ਗਈਆਂ। ਅਕਰੂਰ ਨੇ ਭਗਤੀ ਦੇ ਜੋਰ ਮੌਤ ਉਤੇ ਕਾਬੂ ਪਾਇਆ। ਮਣੀ ਦਾ ਉਹ ਔਗੁਣ ਦੂਰ

ਹੋ ਗਿਆ । ਇਹ ਭਗਤੀ ਬੜੀ ਕਠਿਨਤਾ ਨਾਲ ਕੀਤੀ ਗਈ ਸੀ, ਇਕ ਲੱਤ ਦੇ ਭਾਰ ਜਮਨਾ ਕਿਨਾਰੇ ਖਲੋ ਕੇ ਅਕਰੂਰ ਨੇ ਸ੍ਰੀ ਕ੍ਰਿਸ਼ਨ ਜੀ ਦੀ ਮਹਿਮਾ ਕੀਤੀ ਸੀ, ਸਾਰੀ ਉਸ ਮਹਿਮਾ 'ਉਸਤਤ' ਦਾ ਇਹ ਫਲ ਹੋਇਆ, ਅਕਰੂਰ ਅਮਰ ਹੋ ਕੇ ਹੀ ਮੰਤਕ ਮਣੀ ਦਾ ਮਾਲਕ ਬਣਿਆ ਰਿਹਾ ।

# ੨੬. ਗੌਤਮ ਮੁਨੀ

## ਗੋਤਮ ਰਿਖਿ ਜਸੁ ਗਾਇਓ

(ਜਿਵੇਂ ਗੌਤਮ ਨੇ ਪ੍ਰਭੂ ਦਾ ਜਸ ਗਾਇਆ ਸੀ)

ਭਾਰਤ ਦੇ ਪੁਰਾਤਨ ਗ੍ਰੰਥਾਂ ਵਿਚ ਕਈ 'ਗੌਤਮ' ਨਾਮ ਦੇ ਮਹਾਂ ਪੁਰਸ਼ਾਂ ਦਾ ਜ਼ਿਕਰ ਆਉਂਦਾ ਹੈ । ਜਿਨ੍ਹਾਂ ਵਿਚੋਂ ਤਿੰਨ ਪ੍ਰਸਿਧ ਹਨ (੧) ਉਹ ਗੌਤਮ ਜਿਨ੍ਹਾਂ ਨੇ ਮਸੀਹ ਤੋਂ ੬੦੦ ਵਰ੍ਹੇ ਪਹਿਲਾਂ ਨਿਆਏ ਸ਼ਾਸਤ੍ਰ ਦੀ ਰਚਨਾ ਕੀਤੀ ਹੈ । ਉਹ ਉਚੇ ਵਿਦਵਾਨ ਸਨ । (੨) ਗੌਤਮ ਬੁਧ ਜਿਨ੍ਹਾਂ ਨੇ ਬੁਧ ਮਤ ਨੂੰ ਚਲਾਇਆ ਹੈ । (੩) ਗੌਤਮ ਇਕ ਰਿਖੀ ਹੋਏ ਨੇ, ਜਿਨ੍ਹਾਂ ਨੇ ਸਾਲਗਰਾਮ ਦੀ ਪੂਜਾ ਤੇ ਭਗਤੀ ਕੀਤੀ । ਭਗਤਾਂ ਵਿਚੋਂ ਇਹ ਇਕ ਨੰਬਰ ਭਗਤ ਗਿਣੇ ਗਏ ਹਨ । ਸਾਲਗਰਾਮ ਦੀ ਭਗਤੀ ਦੇ ਪ੍ਰਤਾਪ ਨਾਲ ਜਿਨ੍ਹਾਂ ਨੇ ਅਹੱਲਿਆ ਨੂੰ ਜਿਤਿਆ ਸੀ, ਜੋ ਕਥਾ ਇਉਂ ਲਿਖੀ ਹੋਈ ਹੈ—ਅਹੱਲਿਆ ਮੁਦਗਲ ਦੀ ਕੰਨਿਆ ਸੀ, ਇਹ ਬਹੁਤ ਸੁੰਦਰ ਸੀ । ਇਸ ਦਾ ਰੂਪ ਦੇਖ ਕੇ ਸਾਰੇ ਰਾਜੇ ਦੇਵਤੇ ਤੇ ਦੇਵਰਾਜ ਇੰਦਰ ਵਰਗੇ ਇਸ ਨਾਲ ਵਿਆਹ ਕਰਾਉਣ ਤੇ ਤੁਲ ਪਏ । ਇਸ ਦੇ ਵਿਆਹ ਵੇਲੇ ਮਹਾਂ ਯੁਧ ਹੋਣ ਦਾ ਭੈ ਸੀ । ਉਸ ਨੂੰ ਅਨੁਭਵ ਕਰ ਕੇ ਬ੍ਰਹਮਾ ਸਾਲਸ ਬਣ ਗਿਆ । ਬ੍ਰਹਮਾ ਨੇ ਇਹ ਸ਼ਰਤ ਰਖੀ ਕਿ ਜੋ ਪੁਰਸ਼ ੨੪ ਮਿੰਟਾਂ (ਇਕ ਝੰਡ) ਵਿਚ ਦੀ ਤ੍ਰਿਲੋਕੀ ਦੀ ਪ੍ਰਕਰਮਾ ਕਰ ਕੇ ਆ ਜਾਵੇ, ਉਹ ਇਸ ਸੁੰਦਰ ਕੰਨਿਆਂ ਨਾਲ ਵਿਆਹ ਕਰਾ ਸਕਦਾ ਹੈ ।

ਗੌਤਮ ਰਿਖੀ ਨੇ ਵੀ ਇੱਛਾ ਪ੍ਰਗਟ ਕੀਤੀ ਕਿ ਉਹ ਸੁੰਦਰੀ ਅਹੱਲਿਆ ਨੂੰ ਵਿਆਹਵੇ । ਇਸ ਇੱਛਾ ਦੀ ਪੂਰਤੀ ਵਾਸਤੇ ਉਸ ਨੇ ਭਗਵਾਨ ਸਾਲਗਰਾਮ ਅਗੇ ਪ੍ਰਾਰਥਨਾ ਕੀਤੀ ਕਿ ਭਗਤ ਦਾ ਕਾਰਜ ਕਰੇ । ਸਾਲਗਰਾਮ ਨੇ ਪ੍ਰਗਟ

ਹੋ ਕੇ ਆਖਿਆ—'ਮੇਰੀ ਪ੍ਰਕਰਮਾ ਕਰ ਲੈ, ਤ੍ਰਿਲੋਕੀ ਦੀ ਪ੍ਰਕਰਮਾ ਹੋ ਜਾਵੇਗੀ' ਗੌਤਮ ਨੇ ਇਸੇ ਤਰ੍ਹਾਂ ਕੀਤਾ ।

ਦੂਸਰੇ ਪਾਸੇ 'ਇੰਦਰ' ਸਨਕਾਦਿਕ ਜਿਹੇ ਦੇਵਤੇ ਆਪੋ ਆਪਣੀਆਂ ਸਵਾਰੀਆਂ ਲਈ ਵਾਹੋਦਾਹੀ ਪੰਧ ਮੁਕਾਉਣ ਦਾ ਯਤਨ ਕਰ ਰਹੇ ਸਨ । ਹਰ ਕੋਈ ਪ੍ਰਸੰਨ ਚਿਤ ਸੀ ਉਹ ਅਹੱਲਿਆ ਨੂੰ ਵਿਆਹੁਣ ਵਿਚ ਕਾਮਯਾਬ ਹੋਵੇਗਾ। ਪਰ ਉਹ ਹੈਰਾਨ ਵੀ ਸਨ ਕਿ ਜਿਸ ਪੜਾਅ ਉਤੇ ਪਹੁੰਚਦੇ, ਉਥੇ ਹੀ ਅਗੇ ਅਗੇ ਗੌਤਮ ਨੂੰ ਜਾਂਦਿਆਂ ਦੇਖਦੇ । ਗੌਤਮ ਸਾਰਿਆਂ ਤੋਂ ਪਹਿਲਾਂ ਬ੍ਰਹਮਾ ਦੇ ਕੋਲ ਪਹੁੰਚ ਗਿਆ । ਬ੍ਰਹਮਾ ਨੇ ਖ਼ੁਸ਼ ਹੋ ਕੇ ਅਹੱਲਿਆ ਦੀ ਸ਼ਾਦੀ ਗੌਤਮ ਨਾਲ ਕਰ ਦਿੱਤੀ । ਗੌਤਮ ਦੀ ਇਸ ਫ਼ਤਹਿ ਉਤੇ ਸਾਰੇ ਦੇਵਤਿਆਂ ਨੇ ਬਹੁਤ ਈਰਖਾ ਕੀਤੀ । ਇੰਦਰ ਤਾਂ ਸੜ ਬਲ ਕੇ ਕੋਲੇ ਹੋ ਗਿਆ । ਜੇ ਬ੍ਰਹਮਾ ਸਾਲਸ ਨਾ ਹੁੰਦਾ ਤਾਂ ਸ਼ਾਇਦ ਉਹ ਮੁਨੀ ਗੌਤਮ ਨੂੰ ਮਾਰ ਕੇ ਅਹੱਲਿਆ ਨੂੰ ਖੋਹ ਲੈਂਦਾ।

ਲਿਖਿਆ ਹੈ ਕਿ ਇਕ ਵਾਰ ਸਾਰੇ ਦੇਸ਼ ਵਿਚ ਮਹਾਂ ਕਾਲ ਪੈ ਗਿਆ। ਬਾਰਸ਼ ਨਾ ਹੋਈ । ਸੰਤ ਤੇ ਬ੍ਰਾਹਮਣ ਆਦਿਕ ਬਹੁਤ ਤੰਗ ਹੋਏ । ਭਗਵਾਨ ਸਾਲਗਰਾਮ ਦੀ ਸਹਾਇਤਾ ਨਾਲ ਗੌਤਮ ਨੇ ਲੰਗਰ ਚਲਾ ਦਿਤਾ। ਜਿਥੋਂ ਸਾਰੇ ਪ੍ਰਸੰਨ ਚਿੱਤ ਭੋਜਨ ਛਕਦੇ ਰਹੇ। ਗੌਤਮ ਜੀ ਦੀ ਉਸਤਤ ਸਾਰੇ ਹੋਣ ਲਗੀ। ਮਹਿਮਾ ਹੁੰਦੀ ਦੇਖ ਕੇ ਇੰਦਰ ਸੜ ਗਿਆ । ਉਸ ਨੇ ਚਲਾਕੀ ਨਾਲ ਗੌਤਮ ਨੂੰ ਬਦਨਾਮ ਕਰਨਾ ਚਾਹਿਆ। ਛਲ ਇਹ ਖੇਡਿਆ ਕਿ ਮਾਇਆ ਜਾਲ ਨਾਲ ਇਕ ਗਊ ਬਣਾਈ। ਗੌਤਮ ਨੂੰ ਪ੍ਰੇਰਿਆ ਕਿ ਉਹ ਉਸ ਗਊ ਨੂੰ ਹੱਥ ਲਾਵੇ। ਜਿਉਂ ਹੀ ਹੱਥ ਲਾਇਆ ਗਿਆ ਤਿਉਂ ਹੀ ਉਹ ਗਊ ਦੜ ਕਰਕੇ ਧਰਤੀ ਉਤੇ ਡਿੱਗ ਪਈ ਤੇ ਡਿਗਦੇ ਸਾਰ ਹੀ ਉਹ ਮਰ ਗਈ। ਇੰਦਰ ਨੇ ਆਪਣੇ ਬਲ ਨਾਲ ਬ੍ਰਾਹਮਣਾਂ ਦੀ ਜ਼ਬਾਨੋਂ ਰੌਲਾ ਪਵਾ ਦਿਤਾ ਕਿ ਗੌਤਮ ਜੀ ਪਾਸੋਂ ਗਊ ਹੱਤਿਆ ਹੋ ਗਈ ਹੈ, ਇਸ ਵਾਸਤੇ ਇਸ ਦੇ ਲੰਗਰ ਵਿਚੋਂ ਪ੍ਰਸ਼ਾਦ ਛਕਣਾ ਯੋਗ ਨਹੀਂ। ਪਰ ਉਨ੍ਹਾਂ ਦੇ ਛਲ ਦਾ ਪਤਾ ਗੌਤਮ ਨੂੰ ਲਗ ਗਿਆ। ਗੌਤਮ ਨੇ ਸਰਾਪ ਦਿਤਾ—'ਬ੍ਰਾਹਮਣਾਂ ਦਾ ਢਿੱਡ ਕਦੀ ਨਹੀਂ ਭਰੇਗਾ!' ਸੋ ਹੁਣ ਤਕ ਬ੍ਰਾਹਮਣ ਜਾਤੀ ਭੁਖੀ ਚਲੀ ਆਉਂਦੀ ਹੈ, ਜੋ ਲੋਕਾਂ ਦੇ ਘਰਾਂ ਤੋਂ ਮੰਗ ਕੇ ਪੇਟ ਪੂਜਾ ਕਰਦੀ ਹੈ ।

# ੨੭. ਅਹਿਲਿਆ ਦੀ ਕਥਾ

*ਗੌਤਮ ਨਾਰਿ ਅਹਿਲਿਆ ਤਿਸਨੋ ਦੇਖਿ ਇੰਦ੍ਰ ਲੋਭਾਣਾ। ਪਰ ਘਰਿ ਜਾਇ ਸਰਾਪੁ ਲੈ ਹੋਇ ਸਹਸ ਭਗ ਪਛੋਤਾਣਾ। ਸੁੰਞਾ ਹੋਆ ਇੰਦ੍ਰ ਲੋਕੁ ਲੁਕਿਆ ਸਰਵਰਿ ਮਨਿ ਸਰਮਾਣਾ। ਸਹਸ ਭਗਹੁ ਲੋਇਣ ਸਹਸ ਲੈਂਦੋਈ ਇੰਦ੍ਰ ਪੁਰੀ ਸਿਧਾਣਾ। ਸਤੀ ਸਤਹੁ ਟਲਿ ਸਿਲਾ ਹੋਇ ਨਦੀ ਕਿਨਾਰੇ ਬਾਝੁ ਪਰਾਣਾ। ਰਘੁਪਤਿ ਚਰਣਿ ਛੁਹੰਦਿਆ ਚਲੀ ਸੁਰਗ ਪੁਰਿ ਬਣੇ ਬਿਬਾਣਾ। ਭਗਤਿ ਵਛਲੁ ਭਲਿਆਈਅਹੁ ਪਤਿਤ ਉਧਾਰਣੁ ਪਾਪ ਕਮਾਣਾ। ਗੁਣ ਨੋ ਗੁਣ ਸਭ ਕੋ ਕਰੈ ਅਉਗੁਣ ਕੀਤੇ ਗੁਣ ਤਿਸੁ ਜਾਣਾ। ਅਬਿਗਤਿ ਗਤਿ ਕਿਆ ਆਖਿ ਵਖਾਣਾ॥੧੮॥* (ਭਾਈ ਗੁਰਦਾਸ ਜੀ, ਵਾਰ ੧੦)

## ਇੰਦਰ ਦੀਆਂ ਮੰਦੀਆਂ ਵਿਉਂਤਾਂ

ਉਪਰੋਕਤ ਪਉੜੀ ਵਿਚ ਗੌਤਮ ਦੀ ਇਸਤਰੀ ਅਹਿਲਿਆ ਤੇ ਇੰਦਰ ਦੀ ਕਥਾ ਹੈ ਜੋ ਇਉਂ ਹੈ—ਇੰਦਰ ਅਹਿਲਿਆ ਨੂੰ ਨਹੀਂ ਭੁਲਿਆ। ਅਹਿਲਿਆ ਦੀ ਜੁਆਨੀ ਤੇ ਰੂਪ ਉਸ ਦੇ ਦਿਲ ਤੇ ਅੱਖਾਂ ਵਿਚ ਘਰ ਕਰ ਚੁੱਕਾ ਸੀ। ਲਿੰਗ ਵਾਸ਼ਨਾ ਦਾ ਗੁਲਾਮ ਹੋ ਕੇ ਉਹ ਤਰਲੋ ਮੱਛੀ ਹੋਣ ਲੱਗਾ। ਉਸ ਨੇ ਆਪਣੇ ਮਿੱਤਰਾਂ ਨੂੰ ਆਖਿਆ—'ਮਿੱਤਰੋ! ਮੈਂ ਅਹਿਲਿਆ ਦੇ ਇਸ਼ਕ ਵਿਚ ਦੀਵਾਨਾ ਹੋ ਰਿਹਾ ਹਾਂ, ਇਕ ਵਾਰ ਉਸ ਨਾਲ ਭੋਗ ਕਰਨਾ ਚਾਹੁੰਦਾ ਹਾਂ, ਕੋਈ ਉਪਾਅ ਦਸੋ। ਉਹ ਸੁੰਦਰੀ ਮੇਰੇ ਦਿਲ ਉਤੇ ਬੈਠ ਗਈ ਹੈ ਮੈਨੂੰ ਰਾਤ ਨੀਂਦ ਨਹੀਂ ਆਉਂਦੀ ਤੇ ਦਿਨੇ ਚੈਨ ਨਹੀਂ ਹੁੰਦਾ।' ਉਸ ਦੀ ਸਭਾ ਵਿਚ ਇਕ ਸਿਆਣਾ ਪੁਰਸ਼ ਸੀ ਉਸ ਨੇ ਕਿਹਾ—'ਰਾਜਨ! ਪਰ ਇਸਤਰੀ ਨਾਲ ਭੋਗ ਕਰਨਾ ਯੋਗ ਨਹੀਂ। ਧਰਮ ਸ਼ਾਸਤ੍ਰ ਦੇ ਉਲਟ ਹੈ, ਕਿਸੇ ਪਤਿ-ਬਰਤਾ ਇਸਤਰੀ ਨੂੰ ਧੋਖਾ ਦੇਣਾ ਮਹਾਂ ਪਾਪ ਹੈ। ਇਸ ਪਾਪ ਦਾ ਫਲ ਭਾਰੀ ਭੁਗਤਣਾ ਪੈਂਦਾ ਹੈ। ਆਪ ਖ਼ਿਆਲ ਦਿਲੋਂ ਛੱਡ ਦਿਓ। ਆਪ ਕੋਲ ਸੈਂਕੜੇ ਰਾਣੀਆਂ ਹਨ।' ਕਾਮੀ ਇੰਦਰ ਨੇ ਉਸ ਮਹਾਂ ਪੁਰਸ਼ ਦੇ ਬਚਨਾਂ ਨੂੰ ਅਣਸੁਣਿਆਂ ਕਰ ਦਿਤਾ। ਉਸ ਦੇ ਦੁਸ਼ਟ ਮਿੱਤਰਾਂ ਨੇ ਸਲਾਹ ਦਿੱਤੀ, 'ਹੇ ਰਾਜਨ! ਗੌਤਮ ਸਤੇ ਪਹਿਰ ਅਹਿਲਿਆ ਦੇ ਕੋਲ ਰਹਿੰਦਾ ਹੈ ਸਿਰਫ਼ ਤੜਕੇ ਵਿਛੜਦਾ ਹੈ, ਜਦੋਂ ਗੌਤਮ

ਗੰਗਾ ਇਸ਼ਨਾਨ ਕਰਨ ਜਾਂਦਾ ਹੈ। ਉਹ ਜਾਂਦਾ ਹੈ ਕੁੱਕੜ ਦੀ ਬਾਂਗ ਨਾਲ, ਜਦੋਂ ਚੰਦਰਮਾ ਚੜ੍ਹਦਾ ਹੈ। ਚੰਦਰਮਾ ਸਵਾ ਪਹਿਰ ਦੇ ਤੜਕੇ ਚੜ੍ਹਦਾ ਹੈ, ਉਹ ਸਮਾਂ ਪੂਜਾ ਦਾ ਹੈ, ਭੋਗ ਦਾ ਨਹੀਂ। ਉਪਾਅ ਹੋ ਸਕਦਾ ਹੈ ਕਿ ਕੁੱਕੜ ਤੇ ਚੰਦਰਮਾ ਆਪ ਦੀ ਸਹਾਇਤਾ ਕਰਨ।'

ਇੰਦਰ—'ਉਹ ਕਿਵੇਂ ਸਹਾਇਤਾ ਕਰਨ?'

ਇਕ ਪੁਰਸ਼—'ਕੁੱਕੜ ਅੱਧੀ ਰਾਤ ਬਾਂਗ ਦੇਵੇ। ਉਸ ਬਾਂਗ ਨੂੰ ਸੁਣ ਕੇ ਗੌਤਮ ਦੀ ਨੀਂਦ ਖੁਲ੍ਹ ਜਾਵੇਗੀ। ਜਦੋਂ ਉਹ ਜਾਗੇ ਚੰਦਰਮਾ ਚੜ੍ਹ ਪਵੇ। ਚੰਦਰਮਾ ਦੇ ਦਰਸ਼ਨ ਕਰ ਕੇ ਉਹ ਗੰਗਾ ਇਸ਼ਨਾਨ ਨੂੰ ਤੁਰ ਜਾਵੇਗਾ। ਉਸ ਦੇ ਜਾਣ ਪਿਛੋਂ ਤੁਸਾਂ ਦਾ ਦਾਅ ਲਗ ਜਾਵੇਗਾ।'

ਇੰਦਰ ਨੇ ਉਸੇ ਵੇਲੇ ਚੰਦਰਮਾ ਤੇ ਕੁੱਕੜ ਨੂੰ ਸੱਦ ਕੇ ਆਪਣੀ ਪਾਪ ਕਰਨ ਵਾਲੀ ਵਿਉਂਤ ਦੱਸੀ। ਵਿਉਂਤ ਦੱਸ ਕੇ ਸਹਾਇਤਾ ਵਾਸਤੇ ਆਖਿਆ। ਉਹ ਦੋਵੇਂ ਸਹਾਇਤਾ ਕਰਨ ਵਾਸਤੇ ਤਿਆਰ ਹੋ ਗਏ।

## ਇੰਦ੍ਰ ਦਾ ਅਹਿਲਿਆ ਕੋਲ ਪੁੱਜਣਾ

ਚੰਦਰਮਾ, ਕੁੱਕੜ ਤੇ ਇੰਦਰ ਮਿਥੇ ਦਿਨ ਪਾਪ ਕਰਮ ਕਰਨ ਨੂੰ ਤਿਆਰ ਹੋ ਪਏ। ਕੁੱਕੜ ਨੇ ਅੱਧੀ ਰਾਤ ਬਾਂਗ ਦੇ ਦਿਤੀ। ਕੁੱਕੜ ਦੀ ਬਾਂਗ ਸੁਣ ਕੇ ਗੌਤਮ ਮੁਨੀ ਜਾਗ ਪਿਆ, ਪਰ ਹੈਰਾਨ ਸੀ, ਕਿਉਂਕਿ ਉਸਦੀਆਂ ਅੱਖਾਂ ਵਿਚ ਅਜੇ ਨੀਂਦ ਸੀ। ਰੋਜ਼ ਦੇ ਵੇਲੇ ਤੋਂ ਪਹਿਲਾਂ ਕੁਕੜ ਨੇ ਬਾਂਗ ਦਿਤੀ, ਉਸ ਨੇ ਪ੍ਰਤੀਤ ਕੀਤੀ ਪਰ ਜਦੋਂ ਉਸਨੇ ਬਾਹਰ ਨਿਕਲ ਕੇ ਦੇਖਿਆ ਤਾਂ ਚੰਦ ਚੜ੍ਹਿਆ ਹੋਇਆ ਸੀ। ਧੋਤੀ ਲੈ ਕੇ ਉਹ ਗੰਗਾ ਇਸ਼ਨਾਨ ਕਰਨ ਵਾਸਤੇ ਚਲਿਆ ਗਿਆ।

ਜਦੋਂ ਗੌਤਮ ਗੰਗਾ ਨੂੰ ਤੁਰ ਗਿਆ ਤਾਂ ਇੰਦਰ ਬਿੱਲੇ ਦਾ ਰੂਪ ਧਾਰ ਕੇ ਅਹਿਲਿਆ ਕੋਲ ਚਲਿਆ ਗਿਆ। ਉਸ ਨੂੰ ਬਿੱਲੇ ਦਾ ਰੂਪ ਇਸ ਕਰਕੇ ਧਾਰਨਾ ਪਿਆ ਕਿਉਂਕਿ ਗੌਤਮ ਜਦੋਂ ਗੰਗਾ ਇਸ਼ਨਾਨ ਕਰਨ ਜਾਂਦਾ ਹੁੰਦਾ ਸੀ ਤਦੋਂ ਆਪਣੀ ਕੰਨਿਆਂ ਅੰਜਨੀ ਨੂੰ ਬੂਹੇ ਅਗੇ ਰਾਖੀ ਬਿਠਾ ਜਾਇਆ ਕਰਦਾ ਸੀ। ਸਮੇਂ ਤੋਂ ਪਹਿਲਾਂ ਜਾਗਣ ਦੇ ਕਾਰਨ ਅੰਜਨੀ ਵੀ ਊਂਘ ਰਹੀ ਸੀ। ਉਸ ਦੇ ਲਾਗਿਓਂ ਦੀ ਬਿੱਲਾ ਬਣ ਕੇ ਇੰਦਰ ਚਲਿਆ ਗਿਆ ਤੇ ਅੰਦਰ ਜਾ

ਕੇ ਉਸ (ਇੰਦਰ) ਨੇ ਗੌਤਮ ਰਿਖੀ ਦਾ ਸਰੂਪ ਧਾਰਨ ਕਰ ਲਿਆ ਤੇ ਅਹਿਲਿਆ ਨਾਲ ਮੰਦ ਕਰਮ ਕਰਨ ਲੱਗਾ।

ਦੂਸਰੇ ਪਾਸੇ ਗੌਤਮ ਜਦੋਂ ਗੰਗਾ ਕਿਨਾਰੇ ਪੁੱਜਾ ਤਾਂ ਗੰਗਾ ਵਿਚ ਭਾਖਿਆ ਆਈ, 'ਐ ਗੌਤਮ! ਤੇਰੇ ਨਾਲ ਧੋਖਾ ਹੋਇਆ ਹੈ। ਸਮੇਂ ਤੋਂ ਪਹਿਲਾਂ ਆ ਗਿਆ ਹੈਂ ਤੇ ਤੇਰੇ ਘਰ ਚੋਰ ਲਗੇ ਹਨ। ਪਹਿਲਾਂ ਘਰ ਦਾ ਪਤਾ ਕਰ।' ਇਸ ਭਾਖਿਆ ਨੂੰ ਸੁਣ ਕੇ ਗੌਤਮ ਵਾਪਸ ਘਰ ਨੂੰ ਉਠ ਨੱਠਾ। ਜਾਂ ਘਰ ਪੁੱਜਾ ਤਾਂ ਕੋਠੇ ਦੇ ਅਗੇ ਅੰਜਨੀ (ਗੌਤਮ ਦੀ ਪੁੱਤਰੀ) ਬੈਠੀ ਸੀ। ਉਸ ਨੂੰ ਗੌਤਮ ਨੇ ਪੁਛਿਆ, 'ਅੰਦਰ ਕੌਣ ਗਿਆ ਹੈ?'

ਅੰਜਨੀ—'ਮਝਾਰ (ਬਿੱਲਾ ਜਾਂ ਮਾਂ ਯਾਰ) ਗਿਆ ਹੈ, ਪਿਤਾ ਜੀ।'

ਗੌਤਮ ਅੰਦਰ ਲੰਘ ਗਿਆ ਅੱਗੇ ਉਸ ਦਾ ਰੂਪ ਧਾਰੀ ਇੰਦਰ ਅਹਿਲਿਆ ਦੇ ਕੋਲ ਇਕ ਆਸਣ ਉਤੇ ਨੰਗਾ ਬੈਠਾ ਸੀ। ਗੌਤਮ ਨੇ ਜਾਂਦਿਆਂ ਹੀ ਕ੍ਰੋਧ ਨਾਲ ਇੰਦਰ ਨੂੰ ਸਰਾਪ ਦੇ ਦਿੱਤਾ।

## ਗੌਤਮ ਦੇ ਸਰਾਪ

ਗੌਤਮ ਨੇ ਪਹਿਲਾਂ ਆਪਣੀ ਪੁੱਤਰੀ ਅੰਜਨੀ ਨੂੰ ਸਰਾਪ ਦਿੱਤਾ ਕਿ 'ਜੁਆਨ ਪੁੱਤਰੀ ਹੋ ਕੇ ਤੂੰ ਮਾਂ ਦੇ ਮੰਦ ਕਰਮ (ਪਰ ਪੁਰਖ ਨਾਲ ਭੋਗ) ਕਰਨ ਵਿਚ ਸਹਾਇਤਾ ਕੀਤੀ ਹੈ। ਪਾਪਣੇ ਜਾਹ! ਤੂੰ ਕੁਵਾਰੀ ਹੀ ਮਾਂ ਬਣ ਕੇ ਜਗਤ ਵਿਚ ਨਰ ਨਾਰੀ ਕੋਲੋਂ ਨਿਰਾਦਰੀ ਕਰਵਾਏਂਗੀ। ਤੂੰ ਮਹਾਂ ਪਾਪਣ ਹੈਂ। ਜਗਤ ਤੇਰੀ ਨਿੰਦਾ ਕਰੇਗਾ।'

ਇੰਦਰ ਨੂੰ ਗੌਤਮ ਨੇ ਆਖਿਆ—'ਹੇ ਪਾਪੀ! ਕਾਮੀ ਇੰਦਰ! ਤੂੰ ਇਕ ਭਗ ਬਦਲੇ ਇਹ ਕੁਝ ਕੀਤਾ ਹੈ। ਮੇਰੀ ਨਿੰਦਾ ਤੇ ਅਹਿਲਿਆ ਦੇ ਪਤੀ-ਬ੍ਰਤ ਨੂੰ ਭੰਗ ਕੀਤਾ ਹੈ। ਇਸ ਕਰਕੇ ਜਾਹ ਤੇਰੇ ਸਰੀਰ ਉਤੇ ਹਜ਼ਾਰ ਭਗ ਹੋਵੇਗੀ।' ਉਸੇ ਵੇਲੇ ਉਸਦਾ ਸਰੀਰ ਫੁਟ ਗਿਆ ਤੇ ਹਜ਼ਾਰ ਭਗ ਹੋ ਗਈ।

ਚੰਦਰਮਾ ਨੂੰ ਸਰਾਪ ਦਿੱਤਾ, 'ਚੰਦਰਮਾ! ਤੂੰ ਬਹੁਤ ਪਾਪ ਕੀਤਾ। ਆਪਣੇ ਧਰਮ ਨੂੰ ਛੱਡ ਕੇ ਕਿਸੇ ਦੇ ਪਾਪ ਕਰਮ ਵਿਚ ਸਹਾਈ ਹੋਇਆ ਹੈਂ। ਤੂੰ ਪੂਰਨ ਤੇ ਸੁੰਦਰ ਸੀ, ਜਾਹ ਅੱਜ ਤੋਂ ਚੜ੍ਹਦਾ ਡੁਬਦਾ ਰਹੇਂਗਾ, ਪਰ 'ਪੂਰਨ ਪਦ ਵਿਚ ਸਿਰਫ਼ ਇਕ ਦਿਨ ਹੀ ਰਿਹਾ ਕਰੇਂਗਾ। ਬਾਕੀ ਦਿਨ ਵਧਦਾ ਤੇ ਘਟਦਾ ਰਿਹਾ

ਕਰੇਂਗਾ।' ਉਸ ਦਿਨ ਤੋਂ ਚੰਦਰਮਾ ਕਰੂਪ ਹੋ ਗਿਆ। ਵਧਦਾ ਘਟਦਾ ਰਹਿੰਦਾ ਹੈ। ਪੁੰਨਿਆਂ ਵਾਲੇ ਦਿਨ ਪੂਰੀ ਰਾਤ ਤੇ ਪੂਰੇ ਪਦ ਦਾ ਹੁੰਦਾ ਹੈ।

ਕੁੱਕੜ ਵਲ ਵੇਖ ਕੇ ਗੌਤਮ ਨੇ ਬਚਨ ਕੀਤਾ, 'ਤੂੰ ਸਹੀ ਸਮੇਂ ਦਸਦਾ ਸੀ, ਮਹਾਤਮਾ ਜਨ ਤੇਰੀ ਬਾਂਗ ਤੇ ਭਰੋਸਾ ਕਰਦੇ ਸਨ, ਅੱਜ ਤੋਂ ਤੇਰਾ ਕੋਈ ਧਰਮ ਨਹੀਂ ਹੋਵੇਗਾ। ਕਲਜੁਗ ਵਿਚ ਤੂੰ ਕੁਵੇਲੇ ਬਾਂਗਾਂ ਦਿਆ ਕਰੇਂਗਾ, ਅਗੇ ਤੇਰੀ ਬਾਂਗ ਨੂੰ ਚੰਗਾ ਸਮਝਿਆ ਜਾਂਦਾ ਸੀ, ਹੁਣ ਮਾੜਾ ਸਮਝਣਗੇ।'

ਅੰਤਮ ਵਾਰੀ ਆਈ ਅਹਿਲਿਆ ਦੀ ਓਸ ਉਤੇ ਸਭ ਤੋਂ ਬਹੁਤੀ ਕਰੋਪੀ ਆਈ। ਉਸ ਨੂੰ ਗੌਤਮ ਕਹਿਣ ਲੱਗਾ—'ਤੂੰ ਇਕ ਪਤੀਬ੍ਰਤਾ ਇਸਤਰੀ ਸੀ, ਲਿੰਗ-ਵਾਸ਼ਨਾ ਦੀ ਦਾਸੀ ਹੋ ਕੇ ਤੂੰ ਪਰਾਏ ਮਰਦ ਦੀ ਪਰਖ ਨਹੀਂ ਕਰ ਸਕੀ, ਪੱਥਰ ਦੀ ਮੂਰਤੀ ਵਾਂਗ ਆਸਣ ਉਤੇ ਪਈ ਰਹੀ, ਜਾਹ! ਅੱਜ ਤੋਂ ਸਿਲ ਪੱਥਰ ਹੋ ਕੇ ਉਜਾੜ ਵਿਚ ਪਈ ਰਹੇਂਗੀ।

ਇਹ ਸਰਾਪ ਸੁਣ ਕੇ ਅਹਿਲਿਆ ਨੇ ਗੌਤਮ ਅਗੇ ਬੇਨਤੀ ਕੀਤੀ, 'ਹੇ ਪ੍ਰਭੂ ਮੇਰਾ ਕੋਈ ਦੋਸ਼ ਨਹੀਂ। ਮੇਰੇ ਨਾਲ ਧੋਖਾ ਹੋਇਆ। ਇੰਦਰ ਆਪ ਦਾ ਰੂਪ ਧਾਰਨ ਕਰ ਕੇ ਆਇਆ, ਦਸੋ ਇਹ ਸਰਾਪ ਟਲੇਗਾ ਕਿਵੇਂ?'

'ਰਾਮਚੰਦਰ ਪ੍ਰਗਟ ਹੋਣਗੇ, ਉਹਨਾਂ ਦੇ ਚਰਨ ਛੂਹ ਨਾਲ ਤੇਰਾ ਉਧਾਰ ਹੋਵੇਗਾ।' ਇਹ ਆਖ ਕੇ ਗੌਤਮ ਕਮਰੇ ਵਿਚੋਂ ਬਾਹਰ ਗਿਆ। ਅਹਿਲਿਆ ਉਸੇ ਵੇਲੇ ਪੱਥਰ ਦੀ ਮੂਰਤੀ ਹੋ ਕੇ ਪਹਿਲਾਂ ਅਕਾਸ਼ ਵਲ ਉਡੀ, ਫਿਰ ਦੂਰ ਜਾ ਕੇ ਧਰਤੀ ਉਤੇ ਡਿਗ ਪਈ, ਤ੍ਰੇਤੇ ਯੁਗ ਵਿਚ ਰਾਮ ਅਵਤਾਰ ਹੋ ਕੇ ਸ੍ਰੀ ਰਾਮ ਚੰਦਰ ਜੀ ਸੀਤਾ ਸੁਯੰਬਰ ਵਾਸਤੇ ਜਾਂਦੇ ਹੋਏ ਵਿਸ਼ਵਾਮਿਤ੍ਰ ਸਮੇਤ ਗੰਗਾ ਕਿਨਾਰੇ ਪਈ ਸਿਲ ਰੂਪੀ ਅਹਿਲਿਆ ਉਪਰ ਬੈਠ ਗਏ। ਉਨ੍ਹਾਂ ਦੇ ਬੈਠਣ ਦੀ ਢਿੱਲ ਹੀ ਸੀ ਕਿ ਅਹਿਲਿਆ ਸਿਲ ਤੋਂ ਇਸਤਰੀ ਰੂਪ ਵਿਚ ਆ ਗਈ। ਰਾਮ ਚੰਦਰ ਜੀ ਤ੍ਰਬਕ ਕੇ ਉਠ ਬੈਠੇ ਤੇ ਪਰੇ ਹੋ ਕੇ ਹੈਰਾਨੀ ਨਾਲ ਦੇਖਣ ਲਗ ਪਏ, ਅਹਿਲਿਆ ਨੇ ਹੱਥ ਜੋੜ ਕੇ ਡੰਡਵਤ ਪ੍ਰਨਾਮ ਕੀਤਾ ਤੇ ਬੇਨਤੀ ਕਰਨ ਲਗੀ, 'ਹੇ ਪ੍ਰਭੂ! ਆਪ ਸ਼ਾਇਦ ਸ੍ਰੀ ਰਾਮ ਚੰਦਰ ਜੀ ਹੋ ਕਿਉਂਕਿ ਆਪ ਦੀ ਚਰਨ ਛੂਹ ਨਾਲ ਮੇਰਾ ਉਧਾਰ ਹੋਣਾ ਸੀ। ਮੇਰੇ ਤੇ ਕਿਰਪਾ ਕੀਤੀ! ਹੁਣ ਮੇਰੇ ਪਾਪ ਖੰਡਨ ਕਰੋ। ਮੇਰੇ ਜਨਮ ਮਰਨ ਦੇ ਬੰਧਨ ਕਟੋ।' ਇਹ ਆਖ ਕੇ ਉਸ ਨੇ ਆਪਣੀ ਸਾਰੀ ਜੀਵਨ ਕਥਾ ਸੁਣਾ ਦਿਤੀ, ਪ੍ਰਭੂ ਨੇ ਕ੍ਰਿਪਾ ਕੀਤੀ,

ਅਹਿਲਿਆ ਸੁਣਦੇ ਹੀ ਅਕਾਸ਼ ਮੰਡਲ ਨੂੰ ਚਲੀ ਗਈ ।

## ਇੰਦਰ ਦਾ ਦੁਖ ਉਠਾਉਣਾ ਤੇ ਲੁਕਣਾ

ਪਰ-ਇਸਤਰੀ ਦਾ ਭੋਗ ਕਰਨ ਵਰਗਾ ਹੋਰ ਕੋਈ ਪਾਪ ਨਹੀਂ । ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਬਚਨ ਹੈ, 'ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਈਓ।' ਰੂਪੈ ਕਾਮੈ ਦੋਸਤੀ ਰੂਪ ਨੂੰ ਦੇਖ ਕੇ ਇੰਦਰ ਅੰਨ੍ਹਾ ਹੋ ਗਿਆ। ਪਾਪ ਪੁੰਨ ਨਾ ਵਿਚਾਰਿਆ । ਗੌਤਮ ਦੇ ਸਰਾਪ ਨਾਲ ਉਸ ਦਾ ਸਾਰਾ ਸਰੀਰ ਫੁਟ ਗਿਆ । ਪੂਰੀ ਹਜ਼ਾਰ ਭਗ 'ਮੂਤਰ ਤੇ ਭੋਗ ਇੰਦਰੀ' ਹੋ ਗਈ । ਉਸ ਨੂੰ ਮਹਾਨ ਦੁਖ ਹੋਇਆ । ਉਹ ਦੇਖਣ ਨੂੰ ਬਹੁਤ ਕਰੂਪ ਦਿੱਸਣ ਲੱਗਾ । ਉਹ ਪਛਤਾਇਆ ਕਿ ਹੁਣ ਕੀ ਕਰੇ ? ਇੰਦਰ ਲੋਕ ਵਿਚ ਕਿਵੇਂ ਜਾਵੇ ? ਲੋਕੀ ਕੀ ਆਖਣਗੇ ? ਲੁਕ ਕੇ ਪਾਪ ਕੀਤਾ ਹੋਇਆ ਪ੍ਰਗਟ ਹੋ ਗਿਆ। ਇਸ ਭੈੜੀ ਦਸ਼ਾ ਤੋਂ ਤੰਗ ਆ ਕੇ ਉਸ ਨੇ ਇਕ ਤਲਾਅ ਵਿਚ ਛਾਲ ਮਾਰ ਦਿਤੀ । ਉਸ ਤਲਾਅ ਵਿਚ ਕਮਲ ਫੁਲ ਬਹੁਤ ਸਨ । ਉਹਨਾਂ ਦੇ ਹੇਠਾਂ ਲੁਕ ਗਿਆ। ਜਿਵੇਂ ਆਮ ਪਾਪੀ ਤੇ ਦੁਰਾਚਾਰੀ ਲੋਕ ਪੁਲਸ ਤੇ ਸਮਾਜ ਕੋਲੋਂ ਲੁਕਦੇ ਹਨ। ਉਸ ਦਾ ਵਿਚਾਰ ਸੀ ਕਿ ਉਸ ਨੂੰ ਕੋਈ ਨਹੀਂ ਦੇਖੇਗਾ । ਉਧਰ ਇੰਦਰ ਲੋਕ ਸੁੰਵਾ ਹੋ ਗਿਆ ।

ਇੰਦਰਪੁਰੀ ਖ਼ਾਲੀ ਹੋਈ ਤਕ ਕੇ ਦੇਵਤੇ ਗੰਧਰਬ ਕੁਰਲਾ ਉਠੇ । ਇਕ ਦੂਸਰੇ ਨੂੰ ਪੁਛਣ ਲਗੇ ਕਿ ਇੰਦਰ ਕਿਥੇ ਹੋਵੇਗਾ ? ਜਦੋਂ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤਾਂ ਉਹ ਗੁਰਦੇਵ ਗੁਰੂ ਬ੍ਰਹਸਪਤੀ ਕੋਲ ਪੁਜੇ, ਰੋ ਰੋ ਕੇ ਸਾਰੀ ਕਥਾ ਸੁਣਾਈ, ਗੁਰਦੇਵ ਗੁਰੂ ਨੇ ਅਨੁਭਵੀ ਸ਼ਕਤੀ ਨਾਲ ਚਾਰ ਚੁਫੇਰੇ ਜਗਤ ਵਿਚ ਨਿਗਾਹ ਮਾਰੀ। ਇੰਦਰ ਕਿਤੇ ਨਾ ਦਿਸਿਆ। ਜਦੋਂ ਧਰਤੀ ਤੇ ਜਲ ਦੇ ਪ੍ਰਛਾਵੇਂ ਵਲ ਵੇਖਿਆ ਤਾਂ ਤਲਾਅ ਵਿਚ ਜਲ ਫੁਲਾਂ ਉਹਲੇ ਲੁਕਿਆ ਤੇ ਤੜਪਦਾ ਹੋਇਆ ਇੰਦਰ ਨਜ਼ਰ ਪਿਆ । ਉਸ ਦੇ ਕੋਲ ਪੁਜੇ, ਤਲਾਅ ਵਿਚੋਂ ਬਾਹਰ ਕੱਢਿਆ । ਸ਼ਰਮ ਨਾਲ ਇੰਦਰ ਦੀਆਂ ਅੱਖਾਂ ਉਚੀਆਂ ਨਹੀਂ ਸਨ ਹੁੰਦੀਆਂ। ਉਹ ਧਰਤੀ ਵਲ ਦੇਖੀ ਜਾਂਦਾ ਸੀ, ਉਸ ਦਾ ਭੈੜਾ ਸਰੀਰ ਦੇਖ ਕੇ ਸਾਰੇ ਦੇਵਤਿਆਂ ਦੇ ਹਿਰਦੇ ਕੰਬ ਗਏ, ਬ੍ਰਹਸਪਤਿ ਨੇ ਇੰਦਰ ਨੂੰ ਆਖਿਆ, 'ਆਪ ਹੁਣੇ ਗੌਤਮ ਕੋਲ ਪੁਜੋ ਤੇ ਭੁਲ ਦੀ ਖਿਮਾਂ ਮੰਗੋ, ਉਸ ਤੋਂ ਬਿਨਾਂ ਇਹ ਸਰੀਰ ਠੀਕ ਨਹੀਂ

ਹੋ ਸਕਦਾ ।' ਬ੍ਰਹਸਪਤੀ ਦੀ ਇਹ ਸਲਾਹ ਸੁਣ ਕੇ ਇੰਦਰ ਨੇ ਉਸ ਨੂੰ ਨਾਲ ਹੀ ਲਿਆ ਤੇ ਗੌਤਮ ਕੋਲ ਪੁਜੇ । ਗੌਤਮ ਨੇ ਖਿਮਾਂ ਕੀਤੀ, ਇੰਦਰ ਦਾ ਸਰੀਰ ਚੰਗਾ ਬਣ ਕੇ ਪਹਿਲੀ ਹਾਲਤ ਤੇ ਆਇਆ ਤੇ ਉਹ ਇੰਦਰ ਲੋਕ ਨੂੰ ਗਿਆ। ਸੋ ਹੇ ਕਲਜੁਗ ਦੇ ਜੀਵੋ ! ਇਸ ਪਾਪ ਕੁਕਰਮ ਤੋਂ ਬਚਨਾ ਚਾਹੀਦਾ ਹੈ । ਇਹ ਸਾਰੇ ਦੁੱਖਾਂ ਦਾ ਕਾਰਨ ਹੈ । ਇਸ ਪਾਪ ਨਾਲ ਦਾ ਹੋਰ ਕੋਈ ਪਾਪ ਨਹੀਂ।

# ੨੯. ਹਨੂੰਮਾਨ

## ਜਨਮ ਤੇ ਅੰਜਨੀ ਮਾਤਾ

ਗੌਤਮ ਰਿਖੀ ਨੇ ਆਪਣੀ ਮੁਟਿਆਰ ਲੜਕੀ ਨੂੰ ਸਰਾਪ ਦੇ ਦਿਤਾ ਕਿ ਤੈਨੂੰ ਕੰਵਾਰੀ ਨੂੰ ਪੁਤ ਜਨਮੇਂਗਾ । ਇਹ ਸਰਾਪ ਸੁਣ ਕੇ ਅੰਜਨੀ ਘਬਰਾ ਗਈ ਜਦੋਂ ਘਰ ਉਜੜ ਗਿਆ । ਅਹਿਲਿਆ ਸਿਲ ਹੋ ਗਈ ਤੇ ਗੌਤਮ ਉਸ ਅਸਥਾਨ ਤੋਂ ਹੋਰ ਥਾਂ ਚਲਿਆ ਗਿਆ ਤਾਂ ਅੰਜਨੀ ਨੇ ਉਸ ਸਰਾਪ ਤੋਂ ਬਚਣ ਦੀ ਵਿਉਂਤ ਸੋਚੀ । ਉਸ ਨੇ ਕਿਹਾ—'ਜੇ ਮੈਂ ਕਿਸੇ ਮਰਦ ਦੇ ਮਥੇ ਹੀ ਨਾ ਲਗਾਂਗੀ ਤਾਂ ਗਰਭ ਕਿਵੇਂ ਠਹਿਰੇਗਾ । ਕੁਦਰਤ ਦੇ ਅਸੂਲ ਤੋਂ ਉਲਟ ਤਾਂ ਗੱਲ ਹੋਣ ਨਹੀਂ ਲਗੀ ।' ਇਹ ਸੋਚ ਕੇ ਉਸ ਨੇ ਧਰਤੀ ਵਿਚ ਭੋਰਾ ਪੁਟ ਲਿਆ । ਹਵਾ ਤੇ ਚੀਜ਼ ਵਸਤ ਫੜਨ ਵਾਸਤੇ ਉਪਰ ਇਕ ਛੋਟਾ ਜਿਹਾ ਛੇਕ ਜਾਂ ਮੁਘ ਰਖ ਲਿਆ, ਭੋਰੇ ਵਿਚ ਬੈਠ ਕੇ ਪ੍ਰਮਾਤਮਾ ਦੀ ਭਗਤੀ ਕਰਨ ਲਗੀ । ਉਸ ਦਾ ਇਹ ਵਿਚਾਰ ਸੀ ਕਿ ਕਠਿਨ ਤਪ ਨਾਲ ਆਪਣੇ ਬਾਪ (ਗੌਤਮ) ਦੇ ਦਿਤੇ ਸਰਾਪ ਨੂੰ ਰੋਕ ਲਵੇਗੀ ।

ਦੂਸਰੇ ਪਾਸੇ ਗੌਤਮ ਨੇ ਕਠਿਨ ਤਪਸਿਆ ਕਰ ਕੇ ਵਰ ਲਏ ਹੋਏ ਸਨ। ਬ੍ਰਹਮਾ ਦੇ ਦਿਤੇ ਵਰ ਸ਼ਕਤੀਵਾਨ ਸਨ । ਗੌਤਮ ਦਾ ਦਿਤਾ ਸਰਾਪ ਅਟੱਲ ਸੀ, ਉਸ ਨੂੰ ਕੋਈ ਰੋਕਣ ਵਾਲਾ ਨਹੀਂ ਸੀ । ਕੰਵਾਰੀ ਅੰਜਨੀ ਨੇ ਬੱਚੇ ਦੀ ਮਾਂ ਜ਼ਰੂਰ ਬਨਣਾ ਸੀ ।

ਸਰਾਪ ਨੂੰ ਪੂਰਾ ਕਰਨ ਵਾਸਤੇ ਸ਼ਿਵ ਜੀ ਧਰਤੀ ਉਤੇ ਆਏ । ਉਹ ਅੰਜਨੀ ਦੇ ਗੁਪਤ ਮੱਠ ਉਤੇ ਪੁਜੇ । ਉਨ੍ਹਾਂ ਨੇ ਅੰਜਨੀ ਨੂੰ ਅਵਾਜ਼ ਦਿੱਤੀ, 'ਅੰਜਨੀ!

ਓ ਅੰਜਨੀ !' ਅਗੋਂ ਉੱਤਰ ਆਇਆ, 'ਕੌਣ ਹੈ ?' 'ਮੈਂ ਸ਼ਿਵ ਜੀ ਹਾਂ !' ਸ਼ਿਵ ਜੀ ਨੇ ਉੱਤਰ ਦਿੱਤਾ ।

'ਮਹਾਰਾਜ ! ਮੈਂ ਮਰਦ ਦੇ ਮਥੇ ਨਹੀਂ ਲਗਣਾ ਇਹ ਮੇਰਾ ਪ੍ਰਣ ਹੈ । ਇਸ ਵਾਸਤੇ ਆਪ ਚਲੇ ਜਾਈਏ, ਮੈਂ ਕੋਈ ਗੱਲ ਸੁਨਣ ਨੂੰ ਤਿਆਰ ਨਹੀਂ ।' ਅੰਜਨੀ ਨੇ ਇਹ ਦੂਸਰਾ ਉੱਤਰ ਦਿਤਾ । ਇਹ ਬਚਨ ਕਹਿੰਦਿਆਂ ਕਹਿੰਦਿਆਂ ਅੰਜਨੀ ਦਾ ਸਰੀਰ ਥਰ ਥਰਾਇਆ । ਉਸ ਦੇ ਅੰਦਰ ਸੁੱਤਾ ਕਾਮ ਜਾਗਿਆ। ਉਸ ਦੇ ਚਿਤ ਦਾ ਫੁਰਨਾ ਮਰਦ ਮੇਲ ਵਾਸਤੇ ਫੁਰਿਆ । ਓਹ ਬਹੁਤ ਹੈਰਾਨ ਹੋਈ, ਉਸ ਨੇ ਜ਼ੋਰ ਨਾਲ ਕਲਪ ਕੇ ਆਖਿਆ, 'ਮਹਾਰਾਜ ਦੂਰ ਚਲੇ ਜਾਈਏ। ਮੇਰੇ ਮੱਠ ਤੋਂ ਦੂਰ ਚਲੇ ਜਾਈਏ। ਮੇਰਾ ਦਿਲ ਮੇਰੇ ਹਥੋਂ ਨਿਕਲ ਰਿਹਾ ਹੈ। ਮੇਰਾ ਪ੍ਰਣ ਟੁਟ ਜਾਏਗਾ, ਚਲੇ ਜਾਓ।'

'ਅੰਜਨੀ ਧੀਰਜ ਕਰ ! ਮੇਰੀ ਬਾਤ ਸੁਣ ! ਤੂੰ ਪ੍ਰਭੂ ਭਗਤੀ ਕਰ ਰਹੀ ਹੈਂ ਪਰ ਤੇਰਾ ਗੁਰੂ ਨਹੀਂ । ਗੁਰੂ ਤੋਂ ਬਿਨਾਂ ਨਾ ਮੁਕਤੀ ਹੋ ਸਕਦੀ ਹਾਂ, ਨਾ ਭਗਤੀ ਪ੍ਰਵਾਣ ਚੜ੍ਹ ਸਕਦੀ ਹੈ । ਸੋਚ ਲੈ ।' ਸ਼ਿਵ ਜੀ ਬੋਲੇ ।

ਸ਼ਿਵ ਜੀ ਦੇ ਇਨ੍ਹਾਂ ਬਚਨਾਂ ਨੇ ਅੰਜਨੀ ਨੂੰ ਠੰਢਿਆਂ ਕਰ ਦਿੱਤਾ, ਉਹ ਸੋਚਣ ਲਗ ਪਈ ਕਿ ਇਹ ਵੀ ਗੱਲ ਠੀਕ ਹੈ । ਮੇਰਾ ਗੁਰੂ ਕੋਈ ਨਹੀਂ। ਇਹ ਸੋਚਦਿਆਂ ਹੋਇਆਂ ਉਸ ਦਾ ਸਰੀਰ ਮੁੜ੍ਹਕੋ-ਮੁੜ੍ਹਕੀ ਹੋ ਰਿਹਾ ਸੀ । ਸ਼ਿਵ ਜੀ ਦੀ ਸ਼ਕਤੀ ਨਾਲ ਕਾਮ ਵਾਸ਼ਨਾ ਪ੍ਰਬਲ ਹੋ ਰਹੀ ਸੀ । ਅੰਜਨੀ ਡਡੋਲਿਕੀ ਹੋ ਕੇ ਬੋਲੀ, 'ਹੱਛਾ ਮਹਾਰਾਜ ! ਆਪ ਹੀ ਗੁਰ ਦੀਖਿਆ ਤੇ ਗੁਰਮੰਤ੍ਰ ਦਸੀਏ। ਪਰ ਮੈਂ ਮਰਦ ਦੇ ਮੱਥੇ ਨਹੀਂ ਲੱਗਣਾ ।'

ਸ਼ਿਵ ਜੀ ਮਹਾਰਾਜ ਹੱਸ ਕੇ ਬੋਲੇ, 'ਇਸ ਔਕੜ ਦਾ ਹੱਲ ਹੈ ਮੈਂ ਨੜਾ ਲੈਂਦਾ ਹਾਂ ਉਸ ਨੜੇ ਨੂੰ ਕੰਨ ਵਿਚ ਰਖ ਲੈ । ਨੜੇ ਰਾਹੀਂ ਮੈਂ ਗੁਰਮੰਤ੍ਰ ਦਸ ਦੇਂਦਾ ਹਾਂ ।' ਇਸ ਵਿਉਂਤ ਨੂੰ ਅੰਜਨੀ ਨੇ ਪ੍ਰਵਾਨ ਕਰ ਲਿਆ ।

ਸ਼ਿਵ ਜੀ ਨੇ ਲੰਮਾ ਨੜਾ ਲਿਆਂਦਾ ਜਿਸ ਵਿਚ ਦੁਸਾਰ-ਪਾਰ ਛੇਕ ਸੀ, ਉਹ ਨੜਾ ਮੁਘ ਰਾਹੀਂ ਹੇਠਾਂ ਭੇਜਿਆ । ਅੰਜਨੀ ਨੇ ਕੰਨ ਨਾਲ ਲਾ ਲਿਆ। ਉਪਰੋਂ ਸ਼ਿਵ ਜੀ ਨੇ 'ਓਮਨਮੋ ਭਗਵਤੇ ਵਾਸਦੇਵਾਯ' ਦ੍ਵਾਦਸ ਅੱਖਰ ਮੰਤ੍ਰ ਉਪਦੇਸ਼ ਦਿੱਤਾ । ਅੰਜਨੀ ਨੇ ਸੁਣ ਲਿਆ, ਉਸ ਮੰਤ੍ਰ ਦੇ ਸੁਨਣ ਦੀ ਢਿਲ ਸੀ ਕਿ ਅੰਜਨੀ ਦਾ ਹੁਲੀਆ ਬਦਲ ਗਿਆ । (ਕਈਆਂ ਗ੍ਰੰਥਾਂ ਵਿਚ ਲਿਖਿਆ ਹੈ

ਕਿ ਸ਼ਿਵਜੀ ਨੇ ਵੀਰਜ ਪਤਿਤ ਕਰ ਕੇ ਨੜੇ ਰਾਹੀਂ ਅੰਜਨੀ ਦੇ ਕੰਨ ਵਿਚ ਪਾਇਆ। ਉਹ ਉਸ ਦੇ ਗਰਭ ਵਿਚ ਪੁੱਜਾ ਤੇ ਉਸ ਦੇ ਪੈਰ ਭਾਰੇ ਹੋ ਗਏ) ਜਿਵੇਂ ਵੀ ਹੋਵੇ ਉਸ ਦਿਨ ਤੋਂ ਅੰਜਨੀ ਪੁੱਤਰ ਦੀ ਮਾਂ ਬਣ ਗਈ। ਦਿਨ ਪੂਰੇ ਹੋਣ ਦੇ ਨੇੜੇ ਉਹ ਮੱਠ ਵਿਚੋਂ ਬਾਹਰ ਨਿਕਲੀ ਤੇ ਉਸ ਨੇ ਬੱਚੇ ਨੂੰ ਜਨਮ ਦਿਤਾ। ਜਨਮ ਦੇਂਦੇ ਸਾਰ ਪ੍ਲੋਕ ਨੂੰ ਚਲੀ ਗਈ। ਉਸ ਨੇ ਬੱਚੇ ਦਾ ਮੂੰਹ ਨਹੀਂ ਦੇਖਿਆ। ਉਸ ਬੱਚੇ ਨੂੰ 'ਹਨੂੰਮਾਨ' ਆਖਦੇ ਹਨ। ਇਸੇ ਕਰਕੇ ਹਨੂੰਮਾਨ ਦਾ ਦੂਸਰਾ ਨਾਮ 'ਪਵਨ ਪੁੱਤਰ' ਵੀ ਹੈ।

## ਹਨੂੰਮਾਨ ਦੀਆਂ ਬਹਾਦਰੀਆਂ

ਹਨੂੰਮਾਨ ਕਿਉਂਕਿ ਪਵਨ-ਪੁੱਤਰ ਜਾਂ ਸ਼ਿਵ ਜੀ ਦਾ ਪੁੱਤਰ ਸੀ, ਇਸ ਵਾਸਤੇ ਇਹ ਕਾਲ ਤੋਂ ਰਹਿਤ ਸੀ, ਇਸ ਦੀ ਆਯੂ ਬਹੁਤ ਲੰਮੀ ਹੋਈ। ਸਮੇਂ ਦਾ ਇਸ ਉਤੇ ਕੱਖ ਅਸਰ ਨਹੀਂ ਸੀ ਹੁੰਦਾ। ਫਿਰਦਾ ਫਿਰਾਂਦਾ ਇਹ ਦੱਖਣ ਦੇਸ ਵਿਚ ਚਲਿਆ ਗਿਆ। ਉਥੇ ਬਾਂਦਰ ਬਰਾਦਰੀ ਵਿਚ ਇਸ ਦਾ ਬਹੁਤ ਸਤਿਕਾਰ ਹੋ ਗਿਆ, ਕਿਉਂਕਿ ਇਸ ਦਾ ਹੁਲੀਆ ਬਾਂਦਰਾਂ ਨਾਲ ਬਹੁਤ ਮਿਲਦਾ ਸੀ ਪਰ ਬਲੀ ਬਹੁਤ ਸੀ। ਗ੍ਰੰਥਾਂ ਵਿਚ ਇਹ ਵੀ ਲਿਖਿਆ ਹੈ ਕਿ ਦੱਖਣ ਦੇਸ ਵਿਚ ਇਹ ਇਸ ਕਰਕੇ ਗਿਆ ਕਿ ਇਸ ਦੇ ਪੂਰਬਲੇ ਜਨਮ ਦਾ ਦੇਸ਼ ਦੱਖਣ ਇਸ ਦਾ ਘਰ ਸੀ। ਇਹ ਭੀਲ ਸੀ, ਬਹੁਤ ਬਲੀ ਭੀਲ ਸ਼ਿਵ ਜੀ ਉਸ ਨੂੰ ਮਾਰ ਕੇ ਉਸ ਦੀ ਰੂਹ ਹਨੂੰਮਾਨ ਵਾਸਤੇ ਲਿਆਂਦੀ, ਸੋ ਹਨੂੰਮਾਨ ਹਰ ਪਹਿਲੂ ਵਿਚ ਬਲੀ ਤੇ ਸਿਆਣਾ ਸੀ।

ਬਨਵਾਸ ਦੇ ਸਮੇਂ ਜਦੋਂ ਸ੍ਰੀ ਰਾਮ ਚੰਦਰ ਜੀ ਦੀ ਧਰਮ ਪਤਨੀ ਸੀਤਾ ਜੀ ਨੂੰ ਰਾਵਨ ਛਲ ਕੇ ਲੈ ਗਿਆ ਤਾਂ ਰਾਮ ਚੰਦਰ ਉਸ ਦੀ ਖੋਜ ਵਿਚ ਦੱਖਣ ਦੇ ਜੰਗਲਾਂ ਵਿਚ ਪੁੱਜਾ। ਉਨ੍ਹਾਂ ਜੰਗਲਾਂ ਵਿਚ ਹੀ ਹਨੂੰਮਾਨ ਦਾ ਸ੍ਰੀ ਰਾਮ ਚੰਦਰ ਜੀ ਨਾਲ ਮੇਲ ਹੋਇਆ, ਉਸ ਵੇਲੇ ਸ੍ਰੀ ਰਾਮਚੰਦਰ ਜੀ ਨੂੰ ਇਹ ਵੀ ਪਤਾ ਲਗ ਗਿਆ ਕਿ ਉਸ ਦੀ ਸੀਤਾ ਰਾਵਣ ਕੋਲ ਲੰਕਾ ਵਿਚ ਹੈ, ਪਰ ਲੰਕਾ ਤੇ ਭਾਰਤ ਦੇ ਵਿਚਾਲੇ ਵਿਸ਼ਾਲ ਸਾਗਰ ਹੈ। ਸ੍ਰੀ ਰਾਮ ਚੰਦਰ ਜੀ ਦੀ ਇੱਛਾ ਹੋਈ ਕਿ ਪਹਿਲਾਂ ਸੀਤਾ ਜੀ ਦਾ ਪਤਾ ਕੀਤਾ ਜਾਵੇ ਉਸ ਵੇਲੇ ਹਨੂੰਮਾਨ ਜੀ ਮੈਦਾਨ ਵਿਚ ਆਏ ਤੇ ਲੰਕਾ ਨੂੰ ਜਾਣ ਲਈ ਤਿਆਰ ਹੋਏ। ਕੁਝ ਅਗੇ

ਬਲੀ ਸਨ, ਦੂਸਰਾ ਸ੍ਰੀ ਰਾਮ ਚੰਦਰ ਜੀ ਦੀ ਇਨ੍ਹਾਂ ਨੂੰ ਬਖ਼ਸ਼ਿਸ਼ ਸੀ । ਸ੍ਰੀ ਰਾਮ ਚੰਦਰ ਜੀ ਦੇ ਪੂਰਨ ਭਗਤ ਹੋ ਗਏ 'ਰਾਮ ਰਾਮ' ਦਾ ਜਾਪ ਕਰਦੇ ਹੋਏ ਇਕੱਲੇ ਹੀ ਲੰਕਾ ਨੂੰ ਉਡ ਗਏ ਕਿਉਂਕਿ ਸ੍ਰੀ ਰਾਮ ਚੰਦਰ ਜੀ ਨੇ ਆਪ ਨੂੰ ਉਡਣ ਸ਼ਕਤੀ ਬਖ਼ਸ਼ ਦਿਤੀ ਸੀ ਜਿਸ ਦੇ ਕਾਰਨ ਉਹ ਉਡ ਕੇ ਲੰਕਾ ਪਹੁੰਚ ਗਏ ।

*ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ*
*ਹਰੀ ॥ ਕਰਮ ਕਰਿ ਕਛਉਟੀ ਮਫੀਟਸਿ ਰੀ ॥* (ਧਨਾਸਰੀ)

ਗੁਰਬਾਣੀ ਦੇ ਮਹਾਂਵਾਕ ਅਨੁਸਾਰ ਹਨੂੰਮਾਨ ਜੀ ਨੇ ਲੰਕਾ ਪੁੱਜ ਕੇ ਜੋ ਜੋ ਬਹਾਦਰੀਆਂ ਦਿਖਾਈਆਂ ਉਹ ਬਹੁਤ ਹੈਰਾਨ ਕਰਨ ਵਾਲੀਆਂ ਹਨ । ਲੰਕਾ ਸਮੁੰਦਰ ਦੇ ਵਿਚ ਸੀ, ਇਹ ਸੋਨੇ ਦੀ ਬਣੀ ਹੋਈ ਸੀ, ਅਸ਼ੋਕ ਬਾਗ ਉਹ ਬਾਗ ਸੀ ਜਿਸ ਦੇ ਨਾਲ ਦਾ ਸੰਸਾਰ ਉਤੇ ਉਸ ਸਮੇਂ ਕੋਈ ਬਾਗ ਨਹੀਂ ਸੀ, ਹਨੂੰਮਾਨ ਜੀ ਨੇ ਸੀਤਾ ਜੀ ਦੀ ਆਗਿਆ ਨਾਲ ਸਾਰਾ ਬਾਗ ਪੁੱਟ ਸੁਟਿਆ ਤੇ ਲੰਕਾ ਨੂੰ ਇਕੱਲੇ ਹੀ ਸਾੜ ਦਿੱਤਾ, ਜਦੋਂ ਸ੍ਰੀ ਰਾਮ ਚੰਦਰ ਜੀ ਨੇ ਲੰਕਾ ਉਤੇ ਚੜ੍ਹਾਈ ਕੀਤੀ ਤੇ ਰਾਵਣ ਨੂੰ ਮਾਰਿਆ ਤਾਂ ਉਸ ਲੜਾਈ ਵਿਚ ਵੀ ਆਪ ਨੇ ਬਹੁਤ ਬਹਾਦਰੀ ਦਿਖਾਈ । ਸਭ ਤੋਂ ਵੱਡੀ ਬਹਾਦਰੀ ਦੀ ਸੇਵਾ ਆਪ ਦੀ ਇਹ ਹੈ—

ਲੰਕਾ ਦੀ ਲੜਾਈ ਵਿਚ ਸ੍ਰੀ ਰਾਮ ਚੰਦਰ ਜੀ ਦੇ ਛੋਟੇ ਭ੍ਰਾਤਾ ਲਛਮਣ ਜੀ ਦੁਸ਼ਮਨ ਦੇ ਹਥਿਆਰ ਨਾਲ ਜ਼ਖ਼ਮੀ ਹੋ ਕੇ ਧਰਤੀ 'ਤੇ ਡਿਗ ਪਏ ਤੇ ਬੇਸੁਰਤ ਹੋ ਗਏ ਸਨ, ਉਨ੍ਹਾਂ ਦੇ ਬਚਣ ਦੀ ਕੋਈ ਆਸ ਨਹੀਂ ਸੀ ਉਸ ਵੇਲੇ ਵੈਦ ਜੀ ਨੇ ਕਿਹਾ ਦ੍ਰੋਣਾਗਿਰਿ ਪਰਬਤ ਉਤੇ ਸੰਜੀਵਨੀ ਬੂਟੀ ਹੈ । ਜੇ ਉਹ ਬੂਟੀ ਆਵੇ ਤਾਂ ਸ੍ਰੀ ਲਛਮਣ ਜੀ ਦੇ ਪ੍ਰਾਣ ਬਚ ਸਕਦੇ ਹਨ । ਨਾਲ ਹੀ ਇਹ ਸ਼ਰਤ ਸੀ ਕਿ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਆਵੇ । ਇਸ ਸੇਵਾ ਨੂੰ ਹਨੂੰਮਾਨ ਨੇ ਕਬੂਲ ਕੀਤਾ । ਸੈਂਕੜੇ ਕੋਹ ਪੰਧ ਉਡ ਕੇ ਮੁਕਾਇਆ ਤੇ ਉਸ ਪਰਬਤ ਪਰ ਪੁਜਾ । ਸੰਜੀਵਨੀ ਬੂਟੀ ਨਾਲ ਪਰਬਤ ਜਗਮਗਾ ਰਿਹਾ ਸੀ । ਹਨੂੰਮਾਨ ਸੋਚੀਂ ਪੈ ਗਿਆ ਕਿ ਕੀ ਕਰੇ ਉਹ ਕਿਹੜੀ ਬੂਟੀ ਹੈ । ਜੇ ਭੁਲੇਖੇ ਨਾਲ ਕੋਈ ਹੋਰ ਬੂਟੀ ਲੈ ਗਿਆ ਤਾਂ ਸ੍ਰੀ ਲਛਮਣ ਜੀ ਦੇ ਪ੍ਰਾਣ ਨਹੀਂ ਬਚਣੇ । ਇਉਂ ਸੋਚਦੇ ਨੇ ਫ਼ੈਸਲਾ ਕੀਤਾ ਕਿ ਉਹ ਪਰਬਤ ਹੀ ਚੁਕ ਕੇ ਲੈ ਜਾਵੇ । ਜਿੰਨਾ ਪਰਬਤ ਜਗਮਗਾ ਰਿਹਾ ਸੀ ਉਹ ਸਾਰਾ ਚੁਕ ਕੇ ਤਲੀ ਉਤੇ ਰੱਖ ਲਿਆ ਤੇ

ਸਵੇਰ ਹੋਣ ਤੋਂ ਪਹਿਲਾਂ ਲੰਕਾ ਪੁਜ ਗਿਆ। ਪਰਬਤ ਨੂੰ ਰੱਖ ਕੇ ਸ੍ਰੀ ਰਾਮ ਚੰਦਰ ਜੀ ਦੇ ਹਜ਼ੂਰ ਪੇਸ਼ ਹੋਇਆ। ਉਸ ਵੇਲੇ ਸ੍ਰੀ ਰਾਮ ਚੰਦਰ ਜੀ ਇਸ਼ਨਾਨ ਕਰ ਰਹੇ ਸਨ। ਹਨੂੰਮਾਨ ਦੀ ਬਹਾਦਰੀ ਦੇਖ ਸੁਣ ਕੇ ਮਿਹਰਬਾਨ ਹੋਏ ਕਿ ਹਨੂੰਮਾਨ ਨੂੰ ਗਿੱਲਾ ਕੱਛਾ ਹੀ ਦਾਨ ਕਰ ਦਿੱਤਾ। ਇਸ ਦਾ ਕਾਰਨ ਇਹ ਕਿ ਹਨੂੰਮਾਨ ਦੇ ਪਿਛਲੇ ਕਰਮਾਂ ਦੇ ਕਾਰਨ ਉਸ ਨੂੰ ਕਛਹਿਰੇ ਤੋਂ ਵਧ ਕੁਝ ਨਾ ਮਿਲਿਆ। ਮਨੁਖ ਦੇ ਨਾਲ ਪੂਰਬਲੇ ਕਰਮ ਵੀ ਰਹਿੰਦੇ ਹਨ। ਕਈ ਇਹ ਭਾਵ ਲੈਂਦੇ ਨੇ ਕਿ ਹਨੂੰਮਾਨ ਜਦੋਂ ਪੂਰਬਲੇ ਜਨਮ ਵਿਚ ਭੀਲ ਸੀ ਤਾਂ ਨੰਗਿਆਂ ਨੂੰ ਲੀੜੇ ਦਿਆ ਕਰਦਾ ਸੀ, ਇਸ ਵਾਸਤੇ ਉਸ ਦਾ ਨੰਗੇਜ ਕੱਜ ਕੇ ਸ੍ਰੀ ਰਾਮ ਚੰਦਰ ਜੀ ਨੇ ਉਸ ਉਪਰ ਪਰਉਪਕਾਰ ਕੀਤਾ ਤੇ ਉਸ ਦੀ ਕਲਿਆਣ ਕੀਤੀ।

# ੨੯. ਅੰਗਰਾ ਜੀ

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥ (ਸਵਯੇ)

ਅੰਗਰਾ ਉਹ ਰਿਸ਼ੀ ਹੋਇਆ ਹੈ, ਜਿਸ ਨੇ ਅਥਰਬਣ ਵੇਦ ਦਾ ਸੰਗ੍ਰਹਿ ਕਰ ਕੇ ਜੀਵਾਂ ਦੇ ਉਧਾਰ ਹਿਤ ਗਿਆਨ ਦਾ ਭੰਡਾਰਾ ਖੋਲ੍ਹ ਦਿਤਾ। ਇਨ੍ਹਾਂ ਦੇ ਜੀਵਨ ਦੇ ਪੂਰੇ ਹਾਲ ਨਹੀਂ ਮਿਲਦੇ ਕਿਉਂਕਿ ਇਹ ਇਤਿਹਾਸ ਤੋਂ ਪਹਿਲੇ ਸਮੇਂ ਮਹਾਂਪੁਰਸ਼ ਹੋਏ ਹਨ। ਫਿਰ ਵੀ ਇਨ੍ਹਾਂ ਦੇ ਪਿਤਾ ਦਾ ਨਾਮ ਉਰੂ ਤੇ ਮਾਤਾ ਜੀ ਦਾ ਨਾਮ ਆਗਨੇਯੀ ਸੀ। ਇਨ੍ਹਾਂ ਦੀ ਉਚਾਰੀ ਹੋਈ ਇਕ ਸਿਮ੍ਰਿਤੀ ਵੀ ਹੈ ਜੋ ਪ੍ਰਸਿੱਧ ਸਤਾਈ ਸਿਮਰਤੀਆਂ ਵਿਚੋਂ ਇਕ ਹੈ। ਆਪ ਪਹਿਲਾਂ ਰਾਜੇ ਸਨ, ਰਾਜ ਕਾਜ ਭਗਵਾਨ ਤੋਂ ਡਰ ਕੇ ਕਰਦੇ ਤੇ ਪਰਜਾ ਨੂੰ ਕਿਸੇ ਕਿਸਮ ਦਾ ਦੁੱਖ ਨਹੀਂ ਦੇਂਦੇ ਸਨ। ਨਾਰਦ ਜੀ ਦੇ ਉਪਦੇਸ਼ ਦੇ ਕਾਰਨ ਸਾਧੂ ਹੋ ਗਏ। ਰਾਜ ਛੱਡ ਦਿੱਤਾ। ਗਿਆਨ ਤੇ ਕਲਿਆਨ ਦੀ ਖੋਜ ਵਿਚ ਤੀਰਥਾਂ ਉਤੇ ਫਿਰਦੇ ਰਹੇ। ਆਖਦੇ ਨੇ ਗਿਆਨ ਹੋਣ ਤੋਂ ਬਿਨਾਂ ਐਨੇ ਵਡੇ ਤਪੱਸਵੀ ਭਗਤ ਹੋਏ ਨੇ ਕਿ ਜਦੋਂ ਇਨ੍ਹਾਂ ਦਾ ਅੰਤ ਸਮਾਂ ਆਇਆ ਤਾਂ ਭਗਵਾਨ ਆਪ ਇਨ੍ਹਾਂ ਨੂੰ ਅਗੋਂ ਲੈਣ ਵਾਸਤੇ ਆਏ। ਉਪਰਲੇ ਮਹਾਂ ਵਾਕ ਵਿੱਚ ਇਸ਼ਾਰਾ ਹੈ ਕਿ ਸਭ ਭਗਤੀ ਦਾ ਹੀ ਪ੍ਰਤਾਪ ਸੀ।

# ੩੦. ਅੰਬਰੀਕ ਭਗਤ ਜੀ

ਪੁਰਾਣੇ ਭਾਰਤ ਵਿਚ ਰਾਜੇ ਨਾਭਾਗ ਦਾ ਪੁੱਤਰ ਅੰਬਰੀਕ ਹੋਇਆ ਹੈ। ਇਸ ਦਾ ਰਾਜ ਮਧਭਾਰਤ (ਉੜੀਸਾ ਨਾਗਪੁਰ) ਵਿਚ ਸੀ ਇਹ ਚਕ੍ਰਵਰਤੀ ਰਾਜਾ ਸੀ, ਵਡੇ ਰਿਖੀਆਂ ਤੇ ਸੰਤਾਂ ਦੀ ਸਹਾਇਤਾ ਦੇ ਕਾਰਨ ਬਹੁਤ ਸਾਰੇ ਯਗ ਕਰ ਚੁੱਕਾ ਸੀ, ਅੰਬਰੀਕ ਨਾਮ ਨੂੰ ਤਾਂ ਰਾਜਾ ਸੀ, ਪਰ ਅਸਲ ਵਿਚ ਪੂਰਨ ਸੰਤ ਸੀ। ਰਾਜ ਭਾਗ ਖ਼ਜ਼ਾਨਾ, ਹਾਥੀ, ਘੋੜੇ, ਰਾਜ ਮਹੱਲ, ਇਸਤਰੀਆਂ ਅਤੇ ਧੀਆਂ ਪੁੱਤਰਾਂ ਨੂੰ 'ਆਪਣੇ' ਨਹੀਂ ਸਮਝਦਾ ਸੀ। ਸਾਰੇ ਜੰਜਾਲਾਂ ਤੋਂ ਨਿਰਲੇਪ ਰਹੇ ਸਨ। ਪ੍ਰਭੂ ਵਾਸਦੇਵ ਦੀ ਪੂਜਾ ਤੇ ਭਗਤੀ ਕਰਦਾ ਸੀ। ਸੰਤਾਂ ਨੂੰ ਭੰਡਾਰੇ ਛਕਾਉਂਦਾ ਰਹਿੰਦਾ। ਉਹ ਰਾਤ ਦਿਨੇ ਇਹ ਜਤਨ ਕਰਦਾ ਰਹਿੰਦਾ ਕਿ ਉਸ ਦਾ ਮਨ ਤਨ ਭਗਤੀ ਤੇ ਸੰਤ-ਸੇਵਾ ਨਾਲ ਸਫਲ ਹੁੰਦਾ ਰਹੇ। ਜੀਭਾ ਨਾਲ ਸਿਮਰਨ ਕਰਦਾ, ਸਤ ਸੰਗਤ ਤੇ ਤੀਰਥ ਵਲ ਜਾ ਕੇ ਪੈਰਾਂ ਨੂੰ ਪਵਿਤਰ ਕਰਦਾ। ਕੁਦਰਤ ਨੂੰ ਤੱਕ ਕੇ ਅੱਖੀਆਂ ਠੰਢੀਆਂ ਹੁੰਦੀਆਂ ਹੱਥਾਂ ਨਾਲ ਭੰਡਾਰਿਆਂ ਦੀ ਸੇਵਾ ਹੁੰਦੀ ਹੈ। ਉਸ ਦਾ ਵਿਚਾਰ ਸੀ ਕਿ ਮਨੁਖ ਨੇ ਜਨਮ ਹੀ ਸੰਤ ਸੇਵਾ ਵਾਸਤੇ ਧਾਰਿਆ ਹੈ। ਰਾਜੇ ਅੰਬਰੀਕ ਦੀ ਭਗਤੀ ਵਲ ਦੇਖ ਕੇ ਵਿਸ਼ਨੂੰ ਭਗਵਾਨ ਨੇ ਆਪਣਾ ਸੁਦਰਸ਼ਨ ਚਕ੍ਰ ਅੰਬਰੀਕ ਦੇ ਰਾਜ ਮਹੱਲ ਦੇ ਬਾਹਰਲੇ ਦਰਵਾਜ਼ੇ ਅਗੇ ਟੰਗ ਦਿੱਤਾ। ਸੁਦਰਸ਼ਨ ਚੱਕਰ ਨੂੰ ਆਗਿਆ ਸੀ ਕਿ ਜਦੋਂ ਕੋਈ ਰਾਜੇ ਅੰਬਰੀਕ ਨੂੰ ਬਿਪਤਾ ਪਵੇ ਜਾਂ ਕੋਈ ਬਲਾ ਉਸ ਦੇ ਤਨ ਦੀ ਦੁਸ਼ਮਣ ਆਵੇ ਤਾਂ ਉਸ ਵੇਲੇ ਰਾਜੇ ਅੰਬਰੀਕ ਦੀ ਰਾਖੀ ਕਰਨੀ ਹੈ। ਪਰ ਅੰਬਰੀਕ ਨੂੰ ਇਸ ਗੱਲ ਦਾ ਪਤਾ ਨਹੀਂ ਸੀ, ਪਤੇ ਦੀ ਲੋੜ ਵੀ ਨਹੀਂ ਸੀ, ਪ੍ਰਭੂ ਭਗਤਾਂ ਦੀ ਆਪ ਰਾਖੀ ਕਰਦਾ ਹੈ।

ਅੰਬਰੀਕ ਸ੍ਰੀ ਕ੍ਰਿਸ਼ਨ ਦਾ ਉਪਾਸ਼ਕ ਸੀ। ਸ੍ਰੀ ਕ੍ਰਿਸ਼ਨ ਪ੍ਰੀਤ ਵਿਚ ਮਸਤ ਹੋ ਕੇ ਉਸ ਨੇ ਫ਼ੈਸਲਾ ਕੀਤਾ ਕਿ ਇਕ ਵਰ੍ਹੇ ਦੀਆਂ ਇਕਾਦਸ਼ੀਆਂ ਦੇ ਵਰਤ ਰਖੇਗਾ। ਕੱਤਕ ਦੇ ਮਹੀਨੇ 'ਚ ਪੂਰਾ ਵਰ੍ਹਾ ਹੋਣਾ ਸੀ, ਵਰਤ ਪੂਰੇ ਹੋਣ ਤੇ ਤਿੰਨ ਦਿਨ ਤਕ ਨਿਰਜਲਾ ਵਰਤ ਰਖਣਾ ਪੈਂਦਾ ਸੀ, ਵਰ੍ਹਾ ਭਰ ਵਰਤ ਰਖੇ

ਗਏ। ਕੋਈ ਵਿਘਨ ਨਾ ਪਿਆ। ਪੂਜਾ ਕਰਨ ਬਦਲੇ ਮਥਰਾ ਪਹੁੰਚਾ। ਜਮਨਾ ਵਿਚ ਇਸ਼ਨਾਨ ਕਰਕੇ ਪੂਜਨ ਕਰਾਇਆ ਗਿਆ। ਬ੍ਰਾਹਮਣਾਂ ਨੂੰ ਦਾਨ ਦਿਤੇ ਗਏ, ਦਾਨ ਵੀ ਐਸੇ ਜੋ ਕੋਈ ਵਿਰਲਾ ਹੀ ਸੰਸਾਰ ਤੇ ਕਰ ਸਕਦਾ ਹੈ। ਸੋਨੇ ਦੇ ਸਿੰਗਾਂ ਤੇ ਚਾਂਦੀ ਦੇ ਖੁਰਾਂ ਵਾਲੀਆਂ ੬ ਕ੍ਰੋੜ ਗਊਆਂ ਦਾਨ ਕੀਤੀਆਂ। ਉਹ ਗਊਆਂ ਸਾਰੀਆਂ ਅਰੋਗ ਤੇ ਸੁੰਦਰ ਲਵੇਰੀਆਂ ਸਨ। ਛੱਤੀ ਪ੍ਰਕਾਰ ਦੇ ਭੋਜਨ ਬਣਾਂ ਕੇ ਲੰਗਰ ਕੀਤੇ। ਜਦੋਂ ਸਾਰੇ ਬ੍ਰਾਹਮਣ ਹਰ ਤਰ੍ਹਾਂ ਦਾਨ ਲੈ ਕੇ ਪ੍ਰਸੰਨ ਹੋ ਗਏ ਤਾਂ ਉਨ੍ਹਾਂ ਨੇ ਅਸ਼ੀਰਵਾਦ ਦਿਤੀ ਕਿ ਅੰਬਰੀਕ ਘਰ ਜਾ ਕੇ ਵਰਤ ਉਤਾਰ ਲਵੇ, ਰਾਜਾ ਘਰ ਨੂੰ ਤੁਰ ਪਿਆ, ਉਹ ਪ੍ਰਸੰਨ ਸੀ ਕਿ ਉਸ ਦਾ ਕੀਤਾ ਧਾਰਮਿਕ ਨਿਯਮ ਪੂਣ ਸਫਲਤਾ ਨਾਲ ਠੀਕ ਹੋ ਰਿਹਾ ਹੈ ਜੋ ਉਸ ਦੇ ਜੀਵਨ ਦਾ ਆਦਰਸ਼ ਹੈ। ਉਸ ਆਦਰਸ਼ ਦੀ ਪੂਰਤੀ ਹੋ ਰਹੀ ਹੈ।

ਪਰ ਭਗਤਾਂ ਨੂੰ ਈਸ਼ਵਰ ਵਲੋਂ ਹਟਾਉਣ ਵਾਲੇ ਸ਼ੈਤਾਨਾਂ ਦਾ ਵੀ ਘਾਟਾ ਨਹੀਂ। ਦੁਰਬਾਸ਼ਾ ਰਿਖੀ ਇਕ ਐਸਾ ਗਰਮ ਸੁਭਾਵ ਦਾ ਰਿਖੀ ਹੋਇਆ ਹੈ ਜਿਸ ਨੇ ਸਰਾਪ ਦੇ ਕੇ ਕਈਆਂ ਨੂੰ ਬਿਪਤਾ ਪਾਈਆਂ, ਰਿਖੀ ਕੰਨਿਆ ਸ਼ਕੁੰਤਲਾ ਵੀ ਇਸੇ ਦੇ ਸਰਾਪ ਕਰਕੇ ਕਈ ਚਿਰ ਪਤੀ ਵਿਯੋਗ (ਵਿਛੋੜੇ) ਵਿਚ ਰੋਂਦੀ ਰਹੀ ਸੀ। ਅੰਬਰੀਕ ਅਜੇ ਡੇਰੇ ਨਹੀਂ ਪਹੁੰਚਿਆ ਕਿ ਰਾਹ ਵਿਚ ਉਸ ਨੂੰ ਦੁਰਬਾਸ਼ਾ ਰਿਖੀ ਮਿਲ ਪਿਆ। ਰਾਜੇ ਨੇ ਉਸ ਨੂੰ ਡੰਡਵਤ ਹੋ ਕੇ ਪ੍ਰਨਾਮ ਕੀਤਾ, ਪ੍ਰਨਾਮ ਕਰਨ ਪਿਛੋਂ ਉਸ ਨੂੰ ਭੋਜਨ ਦਾ ਨਿਓਤਾ ਦਿੱਤਾ, ਦੁਰਬਾਸ਼ਾ ਨੇ ਨਿਓਤਾ ਪ੍ਰਵਾਨ ਕਰ ਲਿਆ ਪਰ ਕਿਹਾ ਕਿ ਜਮਨਾ ਇਸ਼ਨਾਨ ਕਰ ਕੇ ਆ ਕੇ ਭੋਜਨ ਛਕਾਂਗਾ, ਅੰਬਰੀਕ ਸਤ ਬਚਨ ਆਖ ਕੇ ਆਪਣੇ ਘਰ ਚਲਿਆ ਗਿਆ। ਘਰ ਜਾ ਕੇ ਦੁਰਬਾਸ਼ਾ ਨੂੰ ਉਡੀਕਣ ਲੱਗਾ।

ਦੁਰਬਾਸ਼ਾ ਇਸ਼ਨਾਨ ਕਰਕੇ ਨਿਤ ਕਰਮ ਵਿਚ ਰੁਝ ਗਿਆ। ਉਸ ਨੂੰ ਬਹੁਤ ਦੇਰ ਹੋ ਗਈ, ਉਧਰ ਦਵਾਦਸੀ ਬੀਤਨ ਵਿਚ ਥੋੜਾ ਸਮਾਂ ਰਹਿੰਦਾ ਜਾਂਦਾ ਸੀ, ਅੰਬਰੀਕ ਘਬਰਾਂ ਗਿਆ, ਇਕ ਪਾਸੇ ਵਰਤ ਉਪਾਰਨ ਦਾ ਸਮਾਂ ਬਤੀਤ ਹੋ ਰਿਹਾ ਸੀ, ਦੂਸਰੇ ਪਾਸੇ ਪ੍ਰਾਹੁਣੇ ਨੂੰ ਭੋਜਨ ਛਕਾਏ ਬਿਨਾਂ ਵਰਤ ਉਪਾਰਨਾ ਅਧਰਮ ਤੇ ਮਹਾਂ ਪਾਪ ਸੀ। ਰਾਜੇ ਨੇ ਵਡੇ ਵਡੇ ਪੰਡਤਾਂ ਨੂੰ ਸੱਦ ਕੇ ਧਾਰਮਿਕ ਨਿਯਮ ਪੁਛੇ। ਉਸ ਨੇ ਕਿਹਾ ਦਸੋ ਕਿਵੇਂ ਵਰਤ ਵੀ ਉਪਾਰਿਆ ਜਾਵੇ ਤੇ ਅਤਿਥ ਨੂੰ ਭੋਜਨ ਵੀ ਛਕਾਇਆ ਜਾਵੇ, ਪੰਡਤਾਂ ਨੇ ਇਕ ਰਾਹ ਲਭਿਆ,

ਉਹ ਇਹ ਕਿ ਰਾਜਾ ਅੰਨ ਮੂੰਹ ਲਾ ਕੇ ਵਰਤ ਉਪਾਰਨ ਦੀ ਥਾਂ ਜਲ ਨਾਲ ਵਰਤ ਉਪਾਰਨ ਕਰ ਲਵੇ। ਕਿਉਂਕਿ ਜਲ ਅੰਨ ਵੀ ਹੈ ਤੇ ਨਹੀਂ ਵੀ। ਰਾਜੇ ਨੇ ਇਹ ਵਿਉਂਤ ਕਬੂਲ ਕੀਤੀ ਤੇ ਚਰਨਾਮ੍ਰਿਤ ਦੀ ਚੁਲੀ ਪੀ ਕੇ ਵਰਤ ਦਾ ਉਪਾਰਨ ਕਰ ਲਿਆ ਜਦੋਂ ਵਰਤ ਦਾ ਉਪਾਰਨ ਹੋ ਗਿਆ ਤਾਂ ਦੁਰਬਾਸ਼ਾ ਜੀ ਵੀ ਡੇਰੇ ਆ ਪੁਜੇ।

ਯੋਗ ਵਿਦਿਆ ਦੇ ਬਲ ਨਾਲ ਦੁਰਬਾਸ਼ਾ ਨੇ ਜਾਣ ਲਿਆ ਕਿ ਰਾਜੇ ਨੇ ਵਰਤ ਉਪਾਰ ਲਿਆ। ਉਹ ਲੋਹਾ ਲਾਖਾ ਹੋ ਗਿਆ। ਜ਼ਬਾਨੋਂ ਬੁਰਾ ਭਲਾ ਕਹਿਣ ਲਗਾ। ਰਾਜੇ ਨੂੰ ਸਿਧੀਆਂ ਗਾਲ੍ਹਾਂ ਵੀ ਕੱਢ ਦਿੱਤੀਆਂ। ਅੰਬਰੀਕ ਤੂੰ ਬਹੁਤ ਹੰਕਾਰੀ ਹੋ ਗਿਆ ਹੈਂ, ਸ਼ਾਸਤ੍ਰਾਂ ਦੇ ਨਿਯਮਾਂ ਦੀ ਵਿਰੋਧਤਾ ਕੀਤੀ ਹੈ ? ਅਤਿਥਿ ਨੂੰ ਭੋਜਨ ਛਕਾਏ ਬਿਨਾਂ ਵਰਤ ਉਪਾਰਨ ਕਰਨਾ ਕਿਹੜੇ ਸ਼ਾਸਤਰ ਵਿਚ ਲਿਖਿਆ ਹੈ। ਮੈਂ ਤਾਂ ਇਸ ਧਾਰਮਿਕ ਉਲੰਘਣਾ ਦੇ ਪਾਪ ਦਾ ਫਲ ਦਿਆਂਗਾ ਅਧਰਮੀ ਰਾਜਨ ਤੈਨੂੰ ਮਾਰ ਦਿਆਂਗਾ। ਤੂੰ ਵੇਦ ਮਰਯਾਦਾ ਬਰਬਾਦ ਕਰ ਰਿਹਾ ਹੈਂ।

ਦੁਰਬਾਸ਼ਾ ਦੀ ਜ਼ਬਾਨੋਂ ਦੁਰਬਚਨ ਸੁਣ ਕੇ ਵੀ ਅੰਬਰੀਕ ਸ਼ਾਂਤ ਰਿਹਾ। ਉਸ ਨੇ ਕ੍ਰੋਧ ਨਹੀਂ ਕੀਤਾ। ਸਗੋਂ ਹੱਥ ਜੋੜ ਕੇ ਖਿਮਾਂ ਮੰਗੀ। ਮਹਾਰਾਜ ਖਿਮਾ ਕਰੋ। ਭੁਲ ਹੋ ਗਈ, ਪੂਜਨੀਕ ਬ੍ਰਾਹਮਣਾਂ ਨੇ ਇਹੋ ਹੀ ਦੱਸਿਆ ਸੀ। ਮੈਂ ਪੁਛ ਕੇ ਵਰਤ ਉਪਾਰਿਆ ਹੈ। ਜੇ ਭੁਲ ਹੋਈ ਹੈ ਤਦ ਵੀ ਖਿਮਾਂ ਕਰੋ।

ਦੁਰਬਾਸ਼ਾ ਦਾ ਕ੍ਰੋਧ ਮੱਠਾ ਨਾ ਹੋਇਆ, ਉਹ ਸਗੋਂ ਤੇਜ਼ ਹੋ ਗਿਆ, ਉਸ ਨੇ ਆਪਣੀਆਂ ਲਿੱਟਾਂ ਵਿਚੋਂ ਇਕ ਲਿੱਟ ਪੁਟੀ, ਉਸ ਨੂੰ ਮਲ ਕੇ ਯੋਗ ਬਲ ਦੇ ਨਾਲ ਚੁੜੇਲ ਬਣਾ ਦਿਤਾ, ਉਸ ਚੁੜੇਲ ਦੇ ਹੱਥ ਤਲਵਾਰ ਦਿੱਤੀ, ਚੁੜੇਲ ਦਾ ਰੂਪ ਤੇ ਕੱਦ ਬਹੁਤ ਭਿਆਨਕ ਸੀ। ਰਾਜਾ ਇਹ ਖੇਲ ਦੇਖ ਕੇ ਡਰਿਆ ਨਹੀਂ, ਉਹ ਚੁਪ ਰਿਹਾ, ਸ਼ਾਂਤ-ਚਿੱਤ ਪ੍ਰਭੂ ਭਗਤੀ ਕਰਦਾ ਰਿਹਾ, ਦੁਰਬਾਸ਼ਾ ਦੀ ਉਤਪੰਨ ਕੀਤੀ ਹੋਈ ਬਲਾ ਜਦੋਂ ਧਰਮੀ ਰਾਜੇ ਅੰਬਰੀਕ ਉਤੇ ਹਮਲਾ ਕਰਨ ਲੱਗੀ ਤਾਂ ਭਗਵਾਨ ਵਿਸ਼ਨੂੰ ਦੀ ਕ੍ਰਿਪਾ ਨਾਲ ਸੁਦਰਸ਼ਨ ਚੱਕਰ ਦਰਵਾਜ਼ੇ ਤੋਂ ਉਡਿਆ ਤੇ ਚੁੜੇਲ ਦੇ ਆ ਉਦਾਲੇ ਹੋਇਆ। ਪਹਿਲਾਂ ਉਸ ਦੀ ਕ੍ਰਿਪਾਨ ਵਾਲੀ ਬਾਂਹ ਵੱਢੀ, ਮੁੜ ਉਸ ਦਾ ਸਿਰ ਵੱਢ ਕੇ ਉਸ ਦਾ ਖ਼ਾਤਮਾ ਕਰ ਦਿੱਤਾ। ਚੁੜੇਲ ਨੂੰ ਮਾਰ ਕੇ ਸੁਦਰਸ਼ਨ ਚੱਕਰ ਦੁਰਬਾਸ਼ਾ ਦੇ ਉਦਾਲੇ ਆ ਹੋਇਆ। ਭਾਈ

ਗੁਰਦਾਸ ਜੀ ਲਿਖਦੇ ਹਨ—

*ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ।*
*ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣਿ ਨਦੀ ਸਿਧਾਇਆ।*
*ਚਰਣੋਦਕੁ ਲੈ ਪੋਖਿਆ ਓਹੁ ਸਰਾਪੁ ਦੇਣ ਨੋ ਧਾਇਆ।*
*ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ।*

ਪ੍ਰਮਾਰਥ—ਅੰਬਰੀਕ ਦਾ ਵਰਤ ਸੀ, ਰਾਤ ਨੂੰ ਦੁਰਬਾਸ਼ਾ ਉਸ ਦੇ ਘਰ ਆ ਗਿਆ। ਰਾਜੇ ਨੂੰ ਇਹ ਮੁਸ਼ਕਲ ਬਣੀ ਕਿ ਵਰਤ ਉਪਾਰਨ ਵੇਲੇ ਦੁਰਬਾਸ਼ਾ ਨਦੀ ਇਸ਼ਨਾਨ ਕਰਨ ਵਾਸਤੇ ਚਲਿਆ ਗਿਆ, ਰਾਜੇ ਨੇ ਚਰਨਾਮ੍ਰਿਤ ਪੀ ਕੇ ਵਰਤ ਉਪਾਰ ਲਿਆ। ਦੁਰਬਾਸ਼ਾ ਨੇ ਆ ਕੇ ਕ੍ਰੋਧ ਕੀਤਾ ਤੇ ਸਰਾਪ ਦੇਣ ਵਾਸਤੇ ਤਿਆਰ ਹੋਇਆ। ਉਸ ਦੀ ਇਸ ਮੂਰਖਤਾ ਤੇ ਉਸ ਦੇ ਹੰਕਾਰ ਨੂੰ ਦੂਰ ਕਰਨ ਵਾਸਤੇ ਵਿਸ਼ਨੂੰ ਜੀ ਦਾ ਸੁਦਰਸ਼ਨ ਚੱਕਰ ਕਾਲ ਰੂਪ ਹੋ ਕੇ ਦੁਰਬਾਸ਼ਾ ਦੇ ਪਿਛੇ ਲੱਗ ਗਿਆ।

*ਬਾਮ੍ਹਣੁ ਭੰਨਾ ਜੀਉ ਲੈ ਰਖਿ ਨ ਹੰਘਨਿ ਦੇਵ ਸਬਾਇਆ।*
*ਇੰਦ੍ਰ ਲੋਕੁ ਸਿਵ ਲੋਕੁ ਤਜਿ ਬ੍ਰਹਮ ਲੋਕੁ ਬੈਕੁੰਠ ਤਜਾਇਆ।*

ਬਾਮ੍ਹਣ 'ਦੁਰਬਾਸ਼ਾ' ਅਗੇ ਅਗੇ ਨੱਠ ਉਠਿਆ ਕਿਵੇਂ ਉਹਦੇ ਪ੍ਰਾਣ ਬਚ ਜਾਣ। ਮਾਤ ਲੋਕ ਛੱਡ ਕੇ ਦੇਵ ਲੋਕ ਵਿਚ ਪਹੁੰਚ ਗਿਆ, ਪਰ ਸੁਦਰਸ਼ਨ ਚੱਕਰ ਉਸ ਦਾ ਪਿੱਛਾ ਨਹੀਂ ਸੀ ਛੱਡਦਾ। ਸਾਰੇ ਦੇਵਤਿਆਂ ਅਗੇ ਉਸ ਨੇ ਪ੍ਰਾਰਥਨਾ ਕੀਤੀ ਕਿ ਉਸ ਦੀ ਸਹਾਇਤਾ ਕਰਨ ਪਰ ਕਿਸੇ ਸਹਾਇਤਾ ਨਾ ਕੀਤੀ। ਇੰਦਰ ਕੋਲ ਪੁੱਜਾ, ਇੰਦਰ ਅਗੇ ਤਰਲੇ ਕੀਤੇ ਕਿ 'ਮੈਨੂੰ ਬਚਾਓ! ਮੈਨੂੰ ਬਚਾਓ!' ਪਰ ਕਿਸੇ ਉਸ ਨੂੰ ਨਾ ਬਚਾਇਆ। ਜਦੋਂ ਕੋਈ ਚਾਰਾ ਨਾ ਚਲਦਾ ਦਿਸਿਆ ਤਾਂ ਸਾਰੇ ਦੇਵਤਿਆਂ ਸਲਾਹ ਕੀਤੀ ਕਿ—

*ਦੇਵਤਿਆਂ ਭਗਵਾਨੁ ਸਣੁ ਸਿਖਿ ਦੇਇ ਸਭਨਾਂ ਸਮਝਾਇਆ।*
*ਆਇ ਪਇਆ ਸਰਣਾਗਤੀ ਮਾਰੀਦਾ ਅੰਬਰੀਕ ਛੁਡਾਇਆ।*
*ਭਗਤਿ ਵਛਲੁ ਜਗਿ ਬਿਰਦੁ ਸਦਾਇਆ॥੪॥* (ਭਾਈ ਗੁਰਦਾਸ ਜੀ, ਵਾਰ ੧੦)

ਦੁਰਬਾਸ਼ਾ ਅੰਬਰੀਕ ਦੀ ਪੈਰੀਂ ਜਾ ਪਏ। ਜਿੰਨਾ ਚਿਰ ਅੰਬਰੀਕ ਖਿਮਾਂ ਨਾ ਕਰੇ, ਇਸ ਦੀ ਜਾਨ ਬਚ ਨਹੀਂ ਸੀ ਸਕਦੀ ਕਿਉਂਕਿ ਇਸ ਨੇ ਸੰਤਾਂ ਦੀ ਨਿੰਦਿਆ ਕੀਤੀ। ਸੰਤ ਜਾਂ ਭਗਤ ਦੀ ਨਿੰਦਿਆ ਕਰਨ ਵਾਲਾ ਮਹਾਂ ਪਾਪੀ ਹੁੰਦਾ ਹੈ। ਮਹਾਂ ਪਾਪੀ ਨੂੰ ਸੁਦਰਸ਼ਨ ਚੱਕ੍ਰ ਮਾਰ ਦੇਂਦਾ ਹੈ ਦੁਰਬਾਸ਼ਾ ਦੇਵਤਿਆਂ

ਦੇ ਆਖੇ ਲਗ ਗਿਆ । ਜਾਨ ਬਚਾਉਣ ਬਦਲੇ ਅੰਬਰੀਕ ਕੋਲ ਆਇਆ ਤੇ ਉਹਦੇ ਪੈਰੀਂ ਡਿਗ ਪਿਆ । ਤਰਲੇ ਕਰਕੇ ਆਖਣ ਲਗਾ, 'ਹੇ ਭਗਤ! ਮੈਨੂੰ ਬਚਾ! ਮੇਰੀ ਭੁਲ ਮੈਨੂੰ ਖਿਮਾਂ ਕਰ । ਮੈਂ ਪ੍ਰਣ ਕਰਦਾ ਹਾਂ ਕਿ ਅਗੇ ਨੂੰ ਕਿਸੇ ਸੰਤ ਜਾਂ ਭਗਤ ਨੂੰ ਤੰਗ ਨਹੀਂ ਕਰਾਂਗਾ । ਮੈਨੂੰ ਖਿਮਾਂ ਕਰ! ਖਿਮਾਂ ਕਰ!' ਦਰਬਾਸ਼ਾ ਦਾ ਇਹ ਤਰਲਾ ਸੁਣ ਕੇ ਅਤੇ ਉਸ ਦੀ ਮੰਦੀ ਦਸ਼ਾ ਦੇਖ ਕੇ ਅੰਬਰੀਕ ਨੂੰ ਦਇਆ ਆ ਗਈ । ਉਸ ਨੇ ਸੁਦਰਸ਼ਨ ਚੱਕ੍ਰ ਨੂੰ ਇਸ਼ਾਰਾ ਕੀਤਾ ਕਿ ਉਹ ਖਿਮਾਂ ਕਰੇ । ਪ੍ਰਭੂ ਭਗਤ ਅੰਬਰੀਕ ਦਾ ਆਖਾ ਸੁਦਰਸ਼ਨ ਚੱਕ੍ਰ ਨੇ ਮੰਨਿਆ । ਆਪਣੇ ਟਿਕਾਣੇ ਜਾ ਟਿਕਿਆ, ਦੁਰਬਾਸ਼ਾ ਨੂੰ ਸਦਾ ਵਾਸਤੇ ਅਕਲ ਆ ਗਈ ਕਿ ਸੰਤਾਂ ਨੂੰ ਸਤਾਉਣ ਤੇ ਸੰਤ ਦੀ ਨਿੰਦਿਆ ਕਰਨ ਦਾ ਕੀ ਫਲ ਹੁੰਦਾ ਹੈ । ਪ੍ਰਭੂ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ । ਬ੍ਰਾਹਮਣ ਦੁਰਬਾਸ਼ਾ ਦੀ ਜਾਨ ਬਚ ਗਈ । ਰਾਜੇ ਅੰਬਰੀਕ ਨੇ ਰਾਣੀ ਸਮੇਤ ਭੋਜਨ ਛਕਿਆ । ਹਰ ਪਾਸੇ ਜੈ ਜੈ ਕਾਰ ਹੋਈ । ਗਗਨਾਂ ਵਿਚ ਦੇਵਤਿਆਂ ਨੇ ਖ਼ੁਸ਼ੀਆਂ ਮਨਾਈਆਂ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦਾ ਹੈ—

ਅੰਬਰੀਕ ਭਵਜਲੁ ਤਰਿਆ (ਸਵਯੇ)

ਭਾਵ ਕਿ ਭਗਤੀ ਤੇ ਸੰਤ ਸੇਵਾ ਕਾਰਨ ਅੰਬਰੀਕ ਇਸ ਭਵ ਸਾਗਰ ਤੋਂ ਪਾਰ ਉਤਰ ਕੇ ਸਦੀਵ ਕਾਲ ਦੀ ਸ਼ਾਂਤੀ ਹਾਸਲ ਕਰ ਕੇ ਪ੍ਰਭੂ ਚਰਨਾਂ ਵਿਚ ਡੇਰੇ ਲਾ ਬੈਠਾ ।

# ੩੧. ਰਾਜਾ ਜਨਕ ਜੀ

## ਰਾਜੇ ਜਨਕ ਦੀ ਉਪਮਾ

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ। ਦੇਵ ਲੋਕ ਨੋ ਚਲਿਆ ਗਣ ਗੰਧਰਬੁ ਸਭਾ ਸੁਖਵਾਸੀ। ਜਮਪੁਰਿ ਗਇਆ ਪੁਕਾਰ ਸੁਣਿ ਵਿਲਲਾਵਨਿ ਜੀਅ ਨਰਕ ਨਿਵਾਸੀ। ਧਰਮ ਰਾਇ ਨੋ ਆਖਿਓਨੁ ਸਭਨਾ ਦੀ ਕਰਿ ਬੰਦ ਖਲਾਸੀ। ਕਰੈ ਬੇਨਤੀ ਧਰਮ ਰਾਇ ਹਉ ਸੇਵਕੁ ਠਾਕੁਰੁ ਅਬਿਨਾਸੀ। ਗਹਿਣੇ ਧਰਿਓਨੁ ਇਕੁ ਨਾਉ ਪਾਪਾ ਨਾਲਿ ਕਰੈ ਨਿਰਜਾਸੀ। ਪਾਸੰਗਿ ਪਾਪੁ ਨ ਪੁਜਨੀ ਗੁਰਮੁਖਿ ਨਾਉ ਅਤੁਲ ਨ ਤੁਲਾਸੀ। ਨਰਕਹੁ ਛੁਟੇ ਜੀਅ ਜੰਤ ਕਟੀ ਗਲਹੁੰ ਸਿਲਕ ਜਮ ਫਾਸੀ ॥ ਮੁਕਤਿ

ਜੁਗਤਿ ਨਾਵੈ ਦੀ ਦਾਸੀ॥੫॥ (ਭਾਈ ਗੁਰਦਾਸ ਜੀ, ਵਾਰ ੧੦)

ਭਾਵ—ਰਾਜਾ ਜਨਕ ਵਡਾ ਭਗਤ ਤੇ ਐਸਾ ਗੁਰਮੁਖ ਸੀ ਕਿ ਉਸ ਮਾਇਆ ਦੇ ਹੁੰਦਿਆਂ ਸੁੰਦਿਆਂ ਉਦਾਸੀ ਤਿਆਗੀ ਸੀ। ਰਾਜੇ ਦਾ ਅੰਤ ਸਮਾਂ ਆਇਆ ਉਹ ਦੇਵ ਲੋਕ ਨੂੰ ਚਲਿਆ ਤਾਂ ਉਹਦੇ ਨਾਲ ਗੰਧਰਬ ਸਨ। ਉਸ ਨੂੰ ਨਰਕ ਦੇ ਲਾਗਿਓਂ ਦੀ ਲੈ ਕੇ ਚਲੇ ਤਾਂ ਨਰਕ ਵਿਚ ਜੀਵ ਕੁਰਲਾਂਦੇ ਤੇ ਰੋਂਦੇ ਦੇਖੇ ਜਨਕ ਨੇ ਧਰਮਰਾਇ ਨੂੰ ਪੁਛਿਆ ਤੇ ਕਿਹਾ ਸਾਰਿਆਂ ਨੂੰ ਛੱਡ ਦੇ। ਉਸ ਵੇਲੇ ਤੱਕੜੀ ਦੇ ਇਕ ਛਾਬੇ ਨਾਲ ਨਾਮ ਗਹਿਣੇ ਰੱਖ ਦਿਤਾ ਤੇ ਦੂਸਰੇ ਪਾਸੇ ਪਾਪੀ ਚੜ੍ਹਾਏ। ਨਾਮ ਭਾਰਾ ਸੀ। ਸਾਰੇ ਜੀਅ ਨਰਕਾਂ ਵਿਚੋਂ ਛੁਡਾ ਲਏ। ਉਹਨਾਂ ਦੇ ਗਲੋਂ ਫਾਂਸੀ ਕੱਟੀ ਗਈ, ਮੁਕਤੀ ਨਾਮ ਦੀ ਸੇਵਕ ਹੈ। ਇਹ ਹਰੀ ਸਿਮਰਨ ਦਾ ਪ੍ਰਤਾਪ ਹੈ।

## ਗੁਰੂ ਧਾਰਨ ਕਰਨਾ

ਰਾਜਾ ਜਨਕ ਮਿਥਲਾ ਪੁਰੀ ਦਾ ਰਾਜਾ ਸੀ, ਇਹ ਬਹੁਤ ਧਰਮੀ ਸੀ ਭਗਵਾਨ ਦਾ ਨਾਮ ਸਿਮਰਨ ਕਰਦਾ ਤੇ ਇਸ ਕੋਲ ਸ਼ਿਵ ਜੀ ਦਾ ਧਨੁਖ ਸੀ। ਉਸ ਧਨੁਖ ਦੀ ਪੂਜਾ ਕਰਿਆ ਕਰਦਾ ਸੀ, ਪਰ ਇਸ ਦਾ ਗੁਰੂ ਕੋਈ ਨਹੀਂ ਸੀ। ਉਸ ਸਮੇਂ ਗੁਰੂ ਦਾ ਧਾਰਨ ਕਰਨਾ ਜ਼ਰੂਰੀ ਸੀ। ਨਿਗੁਰੇ ਨੂੰ ਲੋਕ ਬਹੁਤ ਬੁਰਾ ਸਮਝਦੇ ਸਨ। ਜਿਵੇਂ 'ਗੁਰ ਪੂਰੇ ਵਿਣ ਦੁਖ ਸੈਸਾਰੇ।' ਤੇ ਗੁਰੂ ਹੀ ਰਾਹ ਦਸਦਾ ਹੈ, ਭਾਈ ਗੁਰਦਾਸ ਜੀ ਆਖਦੇ ਨੇ 'ਸਤਿਗੁਰ ਵੈਦ ਨ ਸੇਵਿਓ ਰੋਗੀ ਵੈਦ ਨ ਰੋਗ ਮਿਟਾਵੈ। ਜਾਂ ਗੁਰ ਪੂਰੇ ਵਿਣੁ ਕਉਣੁ ਛੁਡਾਵੈ।'

ਗੁਰੂ ਧਾਰਨ ਦਾ ਪੱਕਾ ਫ਼ੈਸਲਾ ਕਰਕੇ ਰਾਜੇ ਜਨਕ ਨੇ ਸਾਰੇ ਦੇਸ ਵਿਚੋਂ ਬ੍ਰਾਹਮਣ ਰਿਖੀ ਤੇ ਸਿਆਣੇ ਪੁਰਸ਼ ਸੱਦੇ ਇਕ ਭਾਰੀ ਇਕੱਠ ਕੀਤਾ। ਸਾਰੇ ਮਹਾਂ ਪੁਰਸ਼ਾਂ ਦੇ ਬੈਠਣ ਵਾਸਤੇ ਇਕ ਖੁਲ੍ਹਾ ਪੰਡਾਲ ਬਣਾਇਆ ਗਿਆ। ਪੰਡਾਲ ਦੇ ਵਿਚਾਲੇ ਇਕ ਉਚਾ ਆਸਣ ਬਣਾ ਕੇ ਉਸ ਉਪਰ ਚੰਦਨ ਚੌਂਕੀ ਰਖੀ ਗਈ। ਉਹ ਖ਼ਾਲੀ ਸੀ। ਰਾਜੇ ਜਨਕ ਨੇ ਦਰਬਾਰ ਵਿਚ ਦਾਖ਼ਲ ਹੋ ਕੇ ਉਚੀ ਸਾਰੀ ਆਖਿਆ—'ਹੇ ਦੇਵਤਾ ਜਨੋ! ਮਹਾਂ ਪੁਰਸ਼ੋ! ਇਹ ਇਕੱਠ ਇਸ ਵਾਸਤੇ ਕੀਤਾ ਗਿਆ ਹੈ ਕਿ ਮੈਂ ਗੁਰੂ ਧਾਰਨ ਕਰਨਾ ਹੈ, ਪਰ ਮੇਰਾ ਗੁਰੂ ਉਹ ਹੋ ਸਕਦਾ ਹੈ ਜੋ ਮੇਰੇ ਘੋੜੇ ਉਤੇ ਪਲਾਕੀ ਮਾਰ ਕੇ ਚੜ੍ਹਦਿਆਂ ਚੜ੍ਹਦਿਆਂ ਮੈਨੂੰ ਗਿਆਨ

ਕਰਾ ਦੇਵੇ। ਜੋ ਏਨੀ ਬਲ ਬੁਧੀ ਰਖਦਾ ਹੈ, ਉਹ ਉਚ ਅਸਥਾਨ ਪਰ ਰਖੀ ਚੰਦਨ ਚੌਂਕੀ ਉਪਰ ਬੈਠ ਜਾਵੇ।

ਰਾਜੇ ਦਾ ਇਹ ਐਲਾਨ ਸੁਣ ਕੇ ਸਾਰੇ ਸੋਚਾਂ ਵਿਚ ਡੁਬ ਗਏ ਕਿ ਉਹ ਕਿਹੜਾ ਗਿਆਨ ਹੈ ਜੋ ਰਾਜਾ ਘੋੜੇ ਤੇ ਚੜ੍ਹਦਾ ਚੜ੍ਹਦਾ ਸੁਣ ਲਵੇ ਤੇ ਰਾਜੇ ਦੀ ਤਸੱਲੀ ਹੋ ਜਾਵੇ। ਵੱਡੇ ਵੱਡੇ ਪੰਡਤ ਜੋ ਡੀਂਗਾਂ ਮਾਰਿਆ ਕਰਦੇ ਸੀ ਕਿ ਉਹ ਸਭ ਕੁਝ ਪੜ੍ਹੇ ਹੋਏ ਨੇ ਗੱਲ ਨਾ ਕਰ ਸਕੇ। ਚੰਦਨ ਚੌਂਕੀ ਵਲ ਕੋਈ ਨਾ ਵਧਿਆ। ਚੋਖੀ ਦੇਰ ਪਿਛੋਂ ਇਕ ਬ੍ਰਾਹਮਣ ਉਠਿਆ, ਉਹ ਚੰਦਨ ਚੌਂਕੀ ਵਲ ਵਧਿਆ ਤਾਂ ਉਸ ਦਾ ਸਰੀਰਕ ਹੁਲੀਆ ਦੇਖ ਕੇ ਰਾਜਾ ਘਬਰਾ ਗਿਆ, ਕਿਉਂਕਿ ਬ੍ਰਾਹਮਣ ਦੇ ਲੱਕ ਵਿਚ ਦੋ ਵਲ ਸਨ। ਹਿੱਕ ਅਗੇ ਨੂੰ ਤੇ ਪੇਟ ਪਿਛੇ ਨੂੰ ਨਿਕਲਿਆ ਹੋਇਆ ਸੀ, ਲੱਤਾਂ ਡਿੰਗੀਆਂ, ਹੱਥਾਂ ਵਲੋਂ ਸਭ ਹੋਛਾ ਸੀ ਇਕ ਪੰਜਾ ਅਸਲੋਂ ਨਹੀਂ ਸੀ, ਤੇ ਦੂਸਰੇ ਦੀਆਂ ਉਂਗਲੀਆਂ ਜੁੜੀਆਂ ਹੋਈਆਂ ਅਹਿੱਲ ਸਨ, ਉਹ ਨਿਰਾਲੀ ਚਾਲ ਚਲਦਾ ਹੋਇਆ ਅਗੇ ਹੋਣ ਲੱਗਾ ਤਾਂ ਰਾਜੇ ਨੇ ਉਸ ਨੂੰ ਰੋਕ ਦਿਤਾ। ਸਾਰੀ ਸਭਾ ਵੀ ਬ੍ਰਾਹਮਣ ਦਾ ਹੁਲੀਆ ਦੇਖ ਕੇ ਹੱਸ ਪਈ ਕਿ ਇਹ ਚੰਗਾ ਰਾਜੇ ਜਨਕ ਦਾ ਗੁਰੂ ਬਣਨ ਲਗਾ ਹੈ। ਰਾਜੇ ਉਸ ਨੂੰ ਕਿਹਾ, 'ਹੇ ਬ੍ਰਾਹਮਣ! ਚੰਦਨ ਦੀ ਚੌਂਕੀ ਤੇ ਬੈਠਣ ਤੋਂ ਪਹਿਲਾਂ ਸੋਚ ਲੈ ਕਿ ਕੀ ਤੂੰ ਤਸੱਲੀ ਬਖ਼ਸ਼ ਗਿਆਨ ਕਰਵਾ ਦੇਵੇਂਗਾ?'

ਬ੍ਰਾਹਮਣ—'ਹੇ ਰਾਜਨ! ਤੇਰੀ ਤਸੱਲੀ ਮੈਂ ਕਰਵਾ ਦੇਵਾਂਗਾ। ਤੇਰਾ ਗੁਰੂ ਬਣਾਂਗਾ, ਪਰ ਇਕ ਗੱਲ ਮੈਂ ਆਪ ਕੋਲੋਂ ਤੇ ਸਭਾ ਵਿਚ ਬੈਠੇ ਮਹਾਂ ਪੁਰਸ਼ਾਂ ਕੋਲੋਂ ਪੁਛਦਾ ਹਾਂ ਕਿ ਕੀ ਗਿਆਨ ਦਾ ਸਬੰਧ ਆਤਮਾ ਤੇ ਦਿਮਾਗ ਨਾਲ ਹੈ ਜਾਂ ਸਰੀਰ ਨਾਲ?'

ਸਭਾ 'ਚੋਂ ਅਵਾਜ਼ਾਂ ਆਈਆਂ ਆਤਮਾ ਤੇ ਦਿਮਾਗ ਨਾਲ। ਬ੍ਰਾਹਮਣ ਇਹ ਸੁਣ ਕੇ ਕ੍ਰੋਧ ਤੇ ਰੋਹਬ ਨਾਲ ਬੋਲਿਆ—'ਫਿਰ ਆਪ ਲੋਕ ਮੇਰੇ ਤਨ ਨੂੰ ਦੇਖ ਕੇ ਹਾਸੀ ਕਿਉਂ ਕਰਦੇ ਜੇ? ਇਹ ਸਰੀਰ ਪ੍ਰਮਾਤਮਾ ਦੀ ਰਚਨਾ ਹੈ। ਉਸ ਨੇ ਰਚਨਾ ਕਰਨ ਵੇਲੇ ਮਾੜਾ ਸੋਚਿਆ ਜਾਂ ਚੰਗਾ, ਇਹ ਉਸ ਨੂੰ ਪਤਾ ਹੋਵੇਗਾ। ਮੈਂ ਕੀ ਆਖ ਸਕਦਾ ਹਾਂ। ਮੇਰੇ ਤਨ ਨਾਲ ਹਾਸੀ ਕਰਨ ਦਾ ਸਿੱਧਾ ਸਪਸ਼ਟ ਭਾਵ ਹੈ ਕਿ ਆਪ ਭਗਵਾਨ ਨਾਲ ਮਖੌਲ ਕਰ ਰਹੇ ਜੇ!'

ਇਹ ਆਖ ਕੇ ਬ੍ਰਾਹਮਣ ਚੰਦਨ ਦੀ ਚੌਂਕੀ ਉਤੇ ਬੈਠ ਗਿਆ, ਰਾਜੇ ਜਨਕ

ਦਾ ਗੁਰੂ ਬਣਨ ਲੱਗਾ। ਉਸ ਬ੍ਰਾਹਮਣ ਦਾ ਨਾਮ 'ਅਸ਼ਟਾਵਕ੍ਰ' ਸੀ। ਚੰਦਨ ਚੌਂਕੀ ਉਤੇ ਬੈਠ ਗਿਆ। ਉਸੇ ਵੇਲੇ ਰਾਜੇ ਨੇ ਘੋੜਾ ਮੰਗਵਾਇਆ। ਘੋੜੇ ਉਤੇ ਚੜ੍ਹਦਿਆਂ ਚੜ੍ਹਦਿਆਂ ਗਿਆਨ ਹਾਸਲ ਕਰਨਾ ਸੀ। ਬ੍ਰਾਹਮਣ ਨੇ ਕਿਹਾ—'ਰਾਜਨ! ਇਕ ਗੱਲ ਹੋਰ ਹੈ, ਉਹ ਇਹ ਹੈ ਜੇ ਤੂੰ ਮੇਰਾ ਚੇਲਾ ਬਣੇ ਤਾਂ ਮੈਨੂੰ ਦੱਖਣਾ ਜ਼ਰੂਰੀ ਦੇਣੀ ਹੈ, ਦੇਖ ਘੋੜੇ ਉਤੇ ਚੜ੍ਹਨ ਲਗਿਆਂ ਮੈਂ ਗਿਆਨ ਦਿੱਤਾ, ਉਸ ਵੇਲੇ ਤੂੰ ਮੇਰਾ ਚੇਲਾ ਬਣ ਗਿਆ ਤੇ ਚੇਲਾ ਬਣਦੇ ਸਾਰ ਘੋੜਾ ਪਵਨ ਰੂਪ ਦੌੜ ਕੇ ਚਲਿਆ ਜਾਵੇਗਾ, ਫਿਰ ਦਸ ਗੁਰੂ ਦਖਣਾ ਕਦੋਂ ਦੇਵੇਂਗਾ? ਇਸ ਵਾਸਤੇ ਯੋਗ ਤਾਂ ਇਹ ਹੈ ਕਿ ਗੁਰੂ ਦਖਣਾ ਮੈਨੂੰ ਪਹਿਲੇ ਮਿਲ ਜਾਵੇ। ਇਹ ਵੀ ਪਤਾ ਹੋ ਜਾਵੇ ਕਿ ਗੁਰੂ ਦਖਣਾ ਇਨ੍ਹਾਂ ਤਿੰਨਾਂ ਚੀਜ਼ਾਂ ਵਿਚੋਂ (ਤਨ, ਮਨ ਤੇ ਧਨ) ਜਿਹੜੀ ਚੀਜ਼ ਮਰਜ਼ੀ ਹੈ ਅਰਪਨ ਕਰ ਦੇਹ।'

ਇਹ ਸੁਣ ਕੇ ਰਾਜਾ ਸੋਚੀਂ ਪੈ ਗਿਆ ਕਿ ਕਿਹੜੀ ਚੀਜ਼ ਗੁਰੂ ਨੂੰ ਦਖਣਾ ਵਜੋਂ ਦੇਵੇ? ਕਿੰਨਾ ਚਿਰ ਸੋਚਦਾ ਰਿਹਾ, ਜਦੋਂ ਕੋਈ ਫ਼ੈਸਲਾ ਨਾ ਕਰ ਸਕਿਆ ਤਾਂ ਉਸ ਨੇ ਬ੍ਰਾਹਮਣ ਅਗੇ ਪ੍ਰਾਰਥਨਾ ਕੀਤੀ, 'ਮੈਨੂੰ ਆਗਿਆ ਦੇਵੋ ਮੈਂ ਕੁਝ ਪਲਾਂ ਵਿਚ ਹੀ ਰਾਣੀ ਨੂੰ ਪੁਛ ਆਵਾਂ ਕਿਉਂਕਿ ਉਹ ਅਰਧ ਸਰੀਰੀ ਹੈ। ਉਹ ਮੇਰੇ ਦੁਖ ਸੁਖ ਦੀ ਭਾਈਵਾਲ ਹੈ।'

ਬ੍ਰਾਹਮਣ ਨੇ ਰਾਜੇ ਨੂੰ ਰਾਜ ਮਹੱਲ ਵਿਚ ਜਾਣ ਦੀ ਆਗਿਆ ਦੇ ਦਿਤੀ। ਰਾਜਾ ਰਾਜ ਮਹੱਲ ਵਿਚ ਪੁੱਜਾ ਤੇ ਰਾਣੀ ਨੂੰ ਪੁੱਛਣ ਲਗਾ, 'ਹੇ ਮੇਰੀ ਜੀਵਨ ਸਾਥਣ! ਗੁਰੂ ਧਾਰਨ ਕਰਨ ਲਗਾ ਹਾਂ, ਪਰ ਗੁਰੂ ਦਖਣਾ ਵਿਚ ਇਨ੍ਹਾਂ ਤਿੰਨਾਂ ਚੀਜ਼ਾਂ ਤਨ, ਮਨ ਤੇ ਧਨ ਵਿਚੋਂ ਕੋਈ ਚੀਜ਼ ਜ਼ਰੂਰੀ ਦੇਣੀ ਪੈਣੀ ਹੈ। ਸੋ ਦੱਸ ਕਿਹੜੀ ਚੀਜ਼ ਦੇਈਏ?'

ਰਾਣੀ ਸਿਆਣੀ ਤੇ ਦੂਰ ਅੰਦੇਸ਼ ਸੀ। ਉਸ ਨੇ ਉੱਤਰ ਦਿੱਤਾ, 'ਹੇ ਰਾਜਨ ਮੈਂ ਇਸਤਰੀ ਜਾਤ ਬੁਧੀਹੀਣ ਹਾਂ। ਮੈਂ ਕੀ ਦੱਸ ਸਕਦੀ ਹਾਂ, ਫਿਰ ਵੀ ਜੇ ਪੁਛਦੇ ਜੇ ਤਾਂ ਵਿਚਾਰ ਇਉਂ ਹੈ ਕਿ ਤਨ ਤੇ ਧਨ ਦੋ ਵਸਤੂ ਤਾਂ ਨਹੀਂ ਦੇਣੀਆਂ ਚਾਹੀਦੀਆਂ ਕਿਉਂਕਿ ਇਨ੍ਹਾਂ ਤੋਂ ਬਿਨਾਂ ਕੰਗਾਲ ਹੋ ਜਾਵਾਂਗੇ। ਤੀਸਰੀ ਚੀਜ਼ ਮਨ ਹੈ ਇਹ ਬੇਸ਼ਕ ਦੇ ਦੇਵੋ।' ਰਾਣੀ ਦੀ ਇਹ ਸਲਾਹ ਰਾਜੇ ਜਨਕ ਦੇ ਮਨ ਲਗ ਗਈ ਉਹ ਪਿਛੇ ਮੁੜ ਗਿਆ। ਉਸ ਨੇ ਜਾ ਕੇ ਬ੍ਰਾਹਮਣ ਨੂੰ ਆਖਿਆ, 'ਮੈਂ ਮਨ ਨੂੰ ਗੁਰੂ ਦਖਣਾ ਦੇਂਦਾ ਹਾਂ।' ਬ੍ਰਾਹਮਣ ਨੇ 'ਬਹੁਤ ਅੱਛਾ!' ਆਖ

ਕੇ ਮਨ ਨੂੰ ਪ੍ਰਵਾਨ ਕਰ ਲਿਆ 'ਲੌ ਹੁਣ ਤੋਂ ਮਨ ਮੇਰਾ ਹੈ। ਇਹ ਮਨ ਮੇਰੇ ਆਖੇ ਲਗੇਗਾ।'

ਰਾਜਾ ਘੋੜੇ ਉਤੇ ਚੜ੍ਹਨ ਲੱਗਾ। ਅਜੇ ਰਕਾਬ ਵਿਚ ਪੈਰ ਰਖਿਆ ਹੀ ਸੀ ਕਿ ਬ੍ਰਾਹਮਣ ਨੇ ਆਖਿਆ, 'ਮੇਰਾ ਮਨ ਨਹੀਂ ਚਾਹੁੰਦਾ ਕਿ ਤੂੰ ਘੋੜੇ ਉਤੇ ਚੜ੍ਹੇਂ।' ਗੁਰੂ ਦਾ ਹੁਕਮ ਮੰਨ ਕੇ ਰਾਜੇ ਨੇ ਪੈਰ ਰਕਾਬ ਤੋਂ ਲਾਹ ਲਿਆ। ਉਸ ਨੇ ਘੋੜੇ ਉਤੇ ਚੜ੍ਹਨ ਦਾ ਵਿਚਾਰ ਛੱਡ ਦਿਤਾ। ਗੁਰੂ ਫਿਰ ਬੋਲਿਆ—'ਮੇਰਾ ਮਨ ਚਾਹੁੰਦਾ ਹੈ ਉਦਾਲਿਓਂ ਬਸਤਰ ਉਤਾਰ ਦੇਵੇਂ।' ਰਾਜੇ ਨੇ ਉਸੇ ਵੇਲੇ ਲੀੜੇ ਉਤਾਰਨੇ ਸ਼ੁਰੂ ਕੀਤੇ ਪਰ ਅਜੇ ਪੂਰੇ ਲੀੜੇ ਨਹੀਂ ਉਤਾਰੇ ਕਿ ਉਸ ਨੂੰ ਗਿਆਨ ਹੋ ਗਿਆ ਕਿ 'ਮਨ ਦੇ ਉਤੇ ਕਾਬੂ ਪਾਉਣਾ ਹੀ ਸਾਰੇ ਸੁਖਾਂ ਦਾ ਕਾਰਨ ਹੈ। ਜੇ ਮਨ ਬਾਂਦਰ ਦੀ ਤਰ੍ਹਾਂ ਨਚਦਾ ਟਪਦਾ ਰਹੇ ਤਾਂ ਸ਼ਾਂਤੀ ਨਹੀਂ ਹੁੰਦੀ।' ਖ਼ੁਸ਼ੀ ਨਾਲ ਉਸ ਦੀ ਆਤਮਾ ਨਚਦੀ ਹੋਈ ਆਖ ਰਹੀ ਸੀ—

*ਤਾ ਮਿਲੀਐ ਹਰਿ ਮੇਲੇ ਜੀਉ ਹਰਿ ਬਿਨੁ ਕਵਣੁ ਮਿਲਾਏ ॥*
*ਬਿਨੁ ਗੁਰ ਪ੍ਰੀਤਮ ਆਪਣੇ ਜੀਉ ਕਉਣੁ ਭਰਮੁ ਚੁਕਾਏ ॥*
*ਗੁਰੁ ਭਰਮੁ ਚੁਕਾਏ ਇਉ ਮਿਲੀਐ ਮਾਏ ਤਾ ਸਾ ਧਨ ਸੁਖੁ ਪਾਏ ॥*
*ਗੁਰ ਸੇਵਾ ਬਿਨੁ ਘੋਰ ਅੰਧਾਰੁ ਬਿਨੁ ਗੁਰ ਮਗੁ ਨ ਪਾਏ ॥*
*ਕਾਮਣਿ ਰੰਗਿ ਰਾਤੀ ਸਹਜੇ ਮਾਤੀ ਗੁਰ ਕੈ ਸਬਦਿ ਵੀਚਾਰੇ ॥*
*ਨਾਨਕ ਕਾਮਣਿ ਹਰਿ ਵਰੁ ਪਾਇਆ ਗੁਰ ਕੈ ਭਾਇ ਪਿਆਰੇ ॥੪॥* (ਗਉੜੀ ਮ: ੩)

ਭਾਵ—ਪਿਆਰੇ ਗੁਰੂ ਤੋਂ ਬਿਨਾਂ ਦਿਲ ਦਾ ਭਰਮ ਨਹੀਂ ਜਾਂਦਾ। ਨਾ ਕੋਈ ਭਰਮ ਦੂਰ ਕਰ ਸਕਦਾ ਹੈ। ਜਦੋਂ ਭਰਮ ਚਲਿਆ ਜਾਵੇ ਤਾਂ ਸੁਖਾਂ ਦੀ ਖਾਣ ਪ੍ਰਭੂ ਮਾਲਕ ਨੂੰ ਪਾ ਲਈਦਾ ਹੈ। ਗੁਰੂ ਦੀ ਸੇਵਾ ਤੋਂ ਬਿਨਾਂ ਮਹਾਂ ਕਾਲਾ ਹਨੇਰਾ ਹੈ। ਨਾ ਗੁਰੂ ਬਿਨਾਂ ਜੀਵਨ ਮਾਰਗ ਲਭਦਾ ਹੈ। ਇਸਤਰੀ (ਰੂਪੀ ਆਤਮਾ) ਪ੍ਰਭੂ ਦੇ ਸਿਮਰਨ ਵਿਚ ਲਗੀ ਸਹਿਜ ਸੁਖ ਦਾ ਅਨੰਦ ਲੈਂਦੀ ਹੋਈ ਗਿਆਨ ਦਾ ਵਿਚਾਰ ਕਰ ਰਹੀ ਹੈ। ਆਤਮਾ ਨੇ ਗਿਆਨ ਹਾਸਲ ਕਰ ਕੇ ਉਸ ਪਤੀ ਪ੍ਰਮੇਸ਼ਰ ਨਾਲ ਆਪਣਾ ਨਾਤਾ ਜੋੜ ਲਿਆ ਹੈ ਪਰ ਇਹ ਸਭ ਕੁਝ ਗੁਰੂ ਦੀ ਕ੍ਰਿਪਾ ਨਾਲ ਹੋਇਆ ਹੈ।

ਰਾਜਾ ਜਨਕ ਅਸ਼ਟਾਵਕ੍ਰ ਦੇ ਚਰਨਾਂ ਉਤੇ ਡਿਗ ਪਿਆ। ਡੰਡਵਤ ਪ੍ਰਨਾਮ ਕਰ ਕੇ ਉਸ ਨੂੰ ਗੁਰੂ ਧਾਰਨ ਕਰ ਲਿਆ। ਚਾਰੇ ਪਾਸੇ ਜੈ ਜੈ ਕਾਰ ਹੋਣ

ਲਗ ਪਈ । ਦਾਨ ਵਾਸਤੇ ਭੰਡਾਰਿਆਂ ਦੇ ਦਰਵਾਜੇ ਖੋਲ੍ਹੇ ਗਏ । ਰਿਖੀ ਨੇ ਰਾਜੇ ਦਾ ਸਿਰ ਆਪਣੀ ਹਿੱਕ ਨਾਲ ਲਾ ਕੇ ਉਸ ਨੂੰ ਅਸ਼ੀਰਵਾਦ ਦਿਤੀ ਤੇ ਕਿਹਾ ਹਰੀ ਦੇ ਭਜਨ ਦੇ ਤੁਲ ਕੋਈ ਭਗਤੀ ਨਹੀਂ—

*ਮਾਇਆ ਸਰੁ ਸਬਲੁ ਵਰਤੈ ਜੀਉ ਕਿਉ ਕਰਿ ਦੁਤਰੁ ਤਰਿਆ ਜਾਇ ॥ ਰਾਮ*
*ਨਾਮੁ ਕਰਿ ਬੋਹਿਥਾ ਜੀਉ ਸਬਦੁ ਖੇਵਟੁ ਵਿਚਿ ਪਾਇ ॥*
*ਸਬਦੁ ਖੇਵਟੁ ਵਿਚਿ ਪਾਏ ਹਰਿ ਆਪਿ ਲਘਾਏ ਇਨ ਬਿਧਿ ਦੁਤਰੁ ਤਰੀਐ ॥*
*ਗੁਰਮੁਖਿ ਭਗਤਿ ਪਰਾਪਤਿ ਹੋਵੈ ਜੀਵਤਿਆ ਇਉ ਮਰੀਐ ॥*
*ਖਿਨ ਮਹਿ ਰਾਮ ਨਾਮਿ ਕਿਲਵਿਖ ਕਾਟੇ ਭਏ ਪਵਿਤੁ ਸਰੀਰਾ ॥*
*ਨਾਨਕ ਰਾਮ ਨਾਮਿ ਨਿਸਤਾਰਾ ਕੰਚਨ ਭਏ ਮਨੂਰਾ ॥੧॥*

*(ਗਉੜੀ ਮ: ੩)*

ਰਾਜਾ ਜਨਕ ਨੇ ਬਹੁਤ ਸਿਮਰਨ ਕੀਤਾ । ਮਾਇਆ ਵਿਚ ਰਹਿ ਕੇ ਵੀ ਮਾਇਆ ਤੋਂ ਉਦਾਸ ਗੁਰਮੁਖ ਸੀ । ਉਸ ਦੀ ਭਗਤੀ ਤੇ ਗੁਰਮੁਖਤਾਈ ਦੀ ਸੋਭਾ ਦੇਵਤਾ ਮੰਡਲ ਤਕ ਵੀ ਪੁੱਜ ਚੁਕੀ ਸੀ । ਦੇਵਤੇ ਤੇ ਰਿਖੀ ਮੁਨੀ ਜਨਕ ਜੀ ਕੋਲੋਂ ਗਿਆਨ ਹਾਸਲ ਕਰਦੇ ਸਨ । ਇਕ ਦਿਨ ਜਨਕ ਦੇ ਚਿਤ ਆਇਆ ਕਿ ਉਹ ਵਡਾ ਪ੍ਰਤਾਪੀ ਭਗਤ ਹੈ ਉਹ ਦੁਨੀਆਂ ਨੂੰ ਦਸੇ ਕਿ ਕਿਵੇਂ ਤਿਆਗੀ ਤੇ ਸਿਮਰਨ ਵਾਲਾ ਬੰਦਾ ਹੈ ਤਾਂ ਕਿ ਲੋਕ ਉਸ ਦੀ ਵਡਿਆਈ ਕਰਨ । ਇਸ ਮਨੋਰਥ ਪੂਰਤੀ ਵਾਸਤੇ ਉਸ ਨੇ ਇਕ ਤੇਲ ਦਾ ਕੜਾਹਿਆ ਤਾਇਆ । ਉਸ ਕੜਾਹੇ ਲਾਗੇ ਸੁੰਦਰ ਸੇਜ ਵਿਛਾ ਕੇ ਸਭ ਤੋਂ ਸੁੰਦਰ ਤੇ ਪਿਆਰੀ ਰਾਣੀ ਨੂੰ ਸੇਜ ਉਤੇ ਸਿਧੀ ਲਿਟਾ ਦਿੱਤਾ । ਲੋਕਾਂ ਦੇ ਭਾਰੀ ਇਕੱਠ ਵਿਚ ਉਸ ਨੇ ਇਕ ਪੈਰ ਕੜਾਹੇ ਵਿਚ ਪਾਇਆ ਤੇ ਇਕ ਰਾਣੀ ਦੀ ਛਾਤੀ ਉਤੇ ਰਖਿਆ । ਗਰਮ ਤੇਲ ਨੇ ਉਸ ਦੇ ਪੈਰ ਨੂੰ ਨਾ ਸਾੜਿਆ ਤੇ ਰਾਣੀ ਦੀ ਛਾਤੀ ਉਤੋਂ ਤਾਂ ਦੁਖ ਕੋਈ ਮਿਲਣਾ ਹੀ ਨਹੀਂ ਸੀ । ਉਹ ਤਾਂ ਦੁਨਿਆਵੀ ਅਨੁਭਵੀ ਸੁਖਾਂ ਦੀ ਖਾਣ ਸੀ । ਇਸ ਵਿਖਾਵੇ ਤੋਂ ਉਸ ਨੇ ਪ੍ਰਗਟ ਕੀਤਾ ਕਿ ਉਹ ਐਸਾ ਬ੍ਰਹਮ ਗਿਆਨੀ ਹੋ ਗਿਆ ਹੈ ਜੋ ਉਸ ਨੂੰ ਨਾ ਅੱਗ ਸਾੜਦੀ ਹੈ ਤੇ ਨਾ ਇਸਤਰੀ ਦੀ ਸੁੰਦਰਤਾ ਜਵਾਨੀ ਮੋਹ ਕੇ ਲਿੰਗ ਵਾਸ਼ਨਾ ਵਲ ਖਿਚਦੀ ਹੈ । ਲੋਕਾਂ ਨੇ ਇਹ ਝਾਕੀ ਦੇਖ ਕੇ 'ਜੈ ਜੈ ਰਾਜੇ ਜਨਕ ਦੀ' ਜੈ ਜੈ ਕਾਰ ਕਰ ਦਿਤੀ । ਚਾਰ ਕੁੰਟ ਸੋਭਾ ਫੁਲਾਂ ਦੀ ਸੁਗੰਧੀ ਦੀ ਤਰ੍ਹਾਂ ਖਿਲਰ ਗਈ ।

# ਨਰਕਾਂ ਵਿਚੋਂ ਪਾਪੀਆਂ ਨੂੰ ਕੱਢਣਾ

ਰਾਜੇ ਜਨਕ ਦਾ ਅੰਤਮ ਸਮਾਂ ਆ ਗਿਆ, ਜਿਸ ਘੜੀ ਉਸ ਨੇ ਪ੍ਰਲੋਕ ਗਮਨ ਕਰਨਾ ਸੀ । ਉਸ ਘੜੀ ਦੇਵਤੇ ਗੰਧਰਬ ਤੇ ਪਰੀਆਂ ਰਾਗ ਰੰਗ ਤੇ ਫੁਲਾਂ ਦੇ ਹਾਰਾਂ ਸਮੇਤ ਅਗੋਂ ਸਵਾਗਤ ਵਾਸਤੇ ਪੁਜ ਗਏ । ਪੰਜ ਭੂਤਕ ਸਰੀਰ ਨੂੰ ਛੱਡ ਕੇ ਆਤਮਾ ਨੂੰ ਬਿਬਾਨ ਵਿਚ ਬੈਠਾ ਲਿਆ । ਸੁਰਗਾਂ ਨੂੰ ਲੈ ਤੁਰੇ, ਪਰ ਵਾਹਿਗੁਰੂ ਦਾ ਹੁਕਮ ਸੀ ਕਿ ਜਨਕ ਨੂੰ ਨਰਕ (ਜਮਲੋਕ) ਰਾਹੀਂ ਲਿਆਉਣਾ ਉਹ ਇਸ ਕਰਕੇ ਕਿ ਇਸ ਨੇ ਆਪਣੀ ਭਗਤੀ ਦਾ ਦਿਖਾਵਾ ਕਰਕੇ ਹੰਕਾਰ ਕੀਤਾ ਹੈ । ਉਹ ਹੰਕਾਰ ਦਾ ਇਹ ਫਲ ਕਿ ਨਰਕਾਂ ਰਾਹੀਂ ਆਉਣਾ ਹੋਵੇਗਾ, ਪਰ ਨਰਕਾਂ ਦਾ ਕਸ਼ਟ ਕੋਈ ਨਹੀਂ ਸਹਿਣਾ ਪਵੇਗਾ । ਦੇਵਤਿਆਂ ਨੇ ਹੁਕਮ ਮੰਨਿਆ ਰਾਜੇ ਜਨਕ ਨੂੰ ਨਰਕਾਂ ਦੇ ਰਸਤੇ ਲੈ ਤੁਰੇ ਪਰ ਖ਼ੁਸ਼ੀਆਂ ਮਨਾਈਆਂ ਜਾ ਰਹੀਆਂ ਸਨ। ਜਦੋਂ ਜਨਕ ਜੀ ਨਰਕਾਂ ਵਿਚ ਪੁਜੇ ਤਾਂ ਜਮਰਾਜ ਸਵਾਗਤ ਵਾਸਤੇ ਨੱਸ ਕੇ ਆਏ । ਉਹ ਹੈਰਾਨ ਸਨ ਕਿ ਦੇਵ ਲੋਕ ਜਾਣ ਵਾਲਾ ਇਸ ਰਸਤੇ ਕਿਉਂ ਆਇਆ ਹੈ । ਉਸ ਨੇ ਰਾਜਾ ਜਨਕ ਨੂੰ ਪ੍ਰਨਾਮ ਕੀਤਾ ।

ਜਨਕ ਹੈਰਾਨ ਸੀ, ਜਮ ਲੋਕ (ਨਰਕ) 'ਚ ਹਾ-ਹਾਕਾਰ ਮਚ ਰਹੀ ਸੀ। ਕੋਈ ਚੀਕਾਂ ਮਾਰਦਾ ਸੀ, ਕੋਈ ਤੜਫੀ ਜਾਂਦਾ ਤੇ ਕੋਈ ਰੋਈ ਜਾਂਦਾ ਸੀ। ਕਿਸੇ ਨੂੰ ਕੁਟਣ ਦੀ ਅਵਾਜ਼ ਆ ਰਹੀ ਸੀ । ਕੁਰਲਾਹਟ ਮਚਿਆ ਹੋਇਆ ਸੀ । ਕਿਸੇ ਥਾਂ ਭਿਆਨਕ ਅੱਗ ਬਲਦੀ ਸੀ ਤੇ ਕਿਸੇ ਥਾਂ ਕੋਹਲੂ ਚਲ ਰਹੇ ਸਨ, ਓਸ ਨਜ਼ਾਰੇ ਨੂੰ ਦੇਖ ਕੇ ਅਤੇ ਕੁਰਲਾਹਟ ਨੂੰ ਸੁਣ ਕੇ ਰਾਜੇ ਜਨਕ ਨੇ ਪੁਛਿਆ, 'ਇਹ ਰੌਲਾ ਤੇ ਰੋਣਾ ਕਾਸਦਾ ਹੈ ? ਇਹ ਕੌਣ ਅਸਥਾਨ ਹੈ ?' ਜਮਰਾਜ ਨੇ ਉੱਤਰ ਦਿਤਾ ਜੀ ਇਹ ਨਰਕ ਹੈ ਜੋ ਲੋਕ ਸੰਸਾਰ ਉਤੇ ਮਨੁਖ ਜਨਮ ਪਾ ਕੇ ਨਾ ਈਸ਼ਵਰ ਭਗਤੀ ਕਰਦੇ, ਨਾ ਸਿਮਰਨ ਕਰਦੇ, ਜੋ ਨੇਕੀ, ਸੇਵਾ, ਪੁੰਨ ਦਾਨ ਤੇ ਧਰਮ ਕਰਮ ਨਹੀਂ ਕਰਦੇ ਪਾਪ ਕਮਾਉਂਦੇ, ਪਰਾਏ ਦਰਬ ਨੂੰ ਚੁਰਾਉਂਦੇ, ਅਧਰਮੀ ਪੁਰਸ਼ ਹਨ ਉਨ੍ਹਾਂ ਦੇ ਮੰਦੇ ਕਰਮਾਂ ਦੀ ਉਨ੍ਹਾਂ ਨੂੰ ਇਥੇ ਸਜ਼ਾ ਦਿਤੀ ਜਾਂਦੀ ਹੈ । ਇਨ੍ਹਾਂ ਨੂੰ ਸਜ਼ਾ ਦੇਣ ਵਾਸਤੇ ਵਖੋ ਵਖਰੇ ਕਰਮਾਂ ਅਨੁਸਾਰ ਵਖੋ ਵਖਰੇ ਢੰਗਾਂ ਨਾਲ ਸਜ਼ਾਵਾਂ ਦਿਤੀਆਂ ਜਾਂਦੀਆਂ ਹਨ ।

ਧਰਮੀ ਰਾਜੇ ਜਨਕ ਨੂੰ ਤਰਸ ਆ ਗਿਆ । ਉਨ੍ਹਾਂ ਨੇ ਕਿਹਾ—'ਇਨ੍ਹਾਂ

ਸਾਰਿਆਂ ਨੂੰ ਛੱਡ ਦਿਓ ! ਜਿਤਨਾ ਚਿਰ ਦੁਖ ਪਾ ਲਿਆ ਉਤਨਾ ਕਾਫ਼ੀ ਹੈ।'

'ਪ੍ਰਮਾਤਮਾ ਦੇ ਹੁਕਮ ਤੋਂ ਬਿਨਾਂ ਨਹੀਂ ਛਡੇ ਜਾਂਦੇ । ਜੇ ਛੁਡਾਉਣੇ ਜੇ ਤਾਂ ਕੋਈ ਆਪਣਾ ਪੁੰਨ ਫਲ ਦੇ ਜਾਓ ! ਉਸ ਦੇ ਵਟਾਂਦਰੇ ਵਿਚ ਛਡ ਦਿਆਂਗੇ।' ਜਮਰਾਜ ਦਾ ਉੱਤਰ ਸੀ ।

ਸੋਚ ਸੋਚ ਕੇ ਜਨਕ ਨੇ ਕਿਹਾ, 'ਹੱਛਾ ਮੇਰੇ ਇਕ ਘੜੀ ਦੇ ਸਿਮਰਨ ਦਾ ਫਲ (ਮਹਾਤਮ) ਲੈ ਕੇ ਦੁਖੀਆਂ ਨੂੰ ਛਡ ਦਿਓ।'

ਜਮਰਾਜ ਇਹ ਸੌਦਾ ਮੰਨ ਗਿਆ । ਉਸ ਨੇ ਇਕ ਤੱਕੜ ਮੰਗਵਾਇਆ। ਇਕ ਪਾਸੇ ਰਾਜਾ ਜਨਕ ਦਾ ਇਕ ਘੜੀ ਸਿਮਰਨ ਦਾ ਫਲ ਰਖ ਦਿਤਾ ਤੇ ਦੂਸਰੇ ਪਾਸੇ ਪਾਪੀਆਂ ਦੇ ਪਾਪਾਂ ਨੂੰ ਇਕੱਠਿਆਂ ਕਰ ਕੇ ਰਖਿਆ । ਜਿਤਨੇ ਨਰਕ 'ਚ ਜੀਅ ਸਨ, ਸਾਰਿਆਂ ਦੇ ਪਾਪ ਧਰਮੀ ਰਾਜਾ ਜਨਕ ਦੇ ਸਿਮਰਨ ਦੇ ਮਹਾਤਮ ਨਾਲੋਂ ਹੌਲੇ ਨਿਕਲੇ, ਬਹੁਤ ਹੌਲੇ ਜਿੰਨਾ ਪਾਸਕੂ ਹੁੰਦਾ ਹੈ । ਇਹ ਵੇਖ ਕੇ ਜਮਰਾਜ ਨੇ ਨਰਕ ਖ਼ਾਲੀ ਕਰ ਦਿੱਤਾ । ਨਰਕਾਂ ਵਿਚੋਂ ਸੁਤੰਤਰ ਕਰਵਾ ਕੇ ਸਾਰੀਆਂ ਰੂਹਾਂ ਨੂੰ ਧਰਮੀ ਰਾਜਾ ਜਨਕ ਸੁਰਗਪੁਰੀ ਨੂੰ ਨਾਲ ਲੈ ਗਿਆ। ਹਰ ਥਾਂ ਤੋਂ ਅਵਾਜ਼ ਉਠੀ—

*ਧੰਨ ਧੰਨ ਰਾਜਾ ਜਨਕ ਹੈ ਜਿਸ ਸਿਮਰਨ ਕੀਓ ਬਿਬੇਕ ॥ ਏਕ ਘੜੀ ਕੇ ਸਿਮਰਨੇ ਪਾਪੀ ਤਰੇ ਅਨੇਕ ॥ ਐਸਾ ਸਿਮਰਨ ਜਾਣ ਕੇ ਸੰਤਾ ਪਕੜੀ ਟੇਕ ॥ ਸਿਮਰਨ ਜਗ ਵਿਚ ਸਾਰ ਹੈ ਵਿਸਰੇ ਘੜੀ ਨਾ ਏਕ॥* (ਇਕ ਮਹਾਤਮਾ)

# ੩੨. ਸੀਤਾ ਜੀ ਦੀ ਕਥਾ

ਸੀਤਾ ਜੀ ਧਰਮੀ ਰਾਜਾ ਜਨਕ ਜੀ ਦੀ ਕੰਨਿਆ ਸੀ । ਇਸ ਦੀ ਜਨਮ ਕਥਾ ਇਉਂ ਦੱਸੀ ਜਾਂਦੀ ਹੈ ਕਿ ਇਕ ਸਮੇਂ ਜਨਕ ਰਾਜ ਵਿਚ ੧੨ ਸਾਲ ਦੀ ਔੜ ਲੱਗ ਗਈ ਸੀ । ਬਾਰਸ਼ ਉੱਕੀ ਨਾ ਹੋਈ । ਜੋ ਜੰਗਲ ਸਨ ਉਹ ਗਰਮੀ ਨਾਲ ਅੱਗ ਲਗ ਕੇ ਸੜ ਕੇ ਸਵਾਹ ਹੋ ਗਏ । ਪਸ਼ੂ ਪੰਛੀ ਤੇ ਮਨੁਖ ਭੁੱਖੇ ਤੇ ਤ੍ਰਿਹਾਏ ਮਰਨ ਲਗੇ। ਹਾ-ਹਾਕਾਰ ਮਚ ਗਈ । ਰਾਜੇ ਨੇ ਪਰਜਾ ਨੂੰ ਦੁਖੀ ਵੇਖ ਕੇ ਰਿਸ਼ੀਆਂ ਮੁਨੀਆਂ ਤੇ ਸਿਆਣੇ ਬ੍ਰਾਹਮਣਾਂ ਨੂੰ ਇਕੱਠਿਆਂ ਕਰ ਕੇ ਪੁਛਿਆ ਕਿ—'ਮੇਰੇ ਰਾਜ ਵਿਚ ਕਾਲ ਕਿਉਂ ਪਿਆ ਹੈ, ਇਹ ਕਿਵੇਂ

ਦੂਰ ਹੋ ਸਕਦਾ ਹੈ, ਬਾਰਸ਼ ਕਿਉਂ ਨਹੀਂ ਹੁੰਦੀ, ਕੀ ਕੋਈ ਮੈਥੋਂ ਪਾਪ ਹੋਇਆ ਹੈ ?'

ਜਨਕ ਦੇ ਇਨ੍ਹਾਂ ਸਵਾਲਾਂ ਦਾ ਉੱਤਰ ਦੇਂਦਿਆਂ ਹੋਇਆਂ ਬੁਢੇ ਰਿਸ਼ੀ ਨੇ ਆਖਿਆ, 'ਰਾਜਨ! ਜੋਤਸ਼ ਵਿਦਿਆ ਦੇ ਬਲ ਨਾਲ ਮੈਂ ਦਸ ਸਕਦਾ ਹਾਂ ਕਿ ਇਸ ਕਾਲ ਪੈਣ ਦਾ ਇਕ ਕਾਰਨ ਹੈ। ਜੇ ਰਾਜਨ ਆਪ ਭਗਤੀ ਤੇ ਸਿਮਰਨ ਕਰਨ ਵਾਲੇ ਨਾ ਹੁੰਦੇ ਤਾਂ ਕੁਲ ਨਾਸ ਹੋ ਜਾਣੀ ਸੀ, ਬਚਾਅ ਹੋ ਗਿਆ।'

'ਕਾਰਨ ਕੀ ?' ਜਨਕ ਜੀ ਨੇ ਪੁਛਿਆ।

'ਹੇ ਰਾਜਨ!' ਉਹ ਰਿਸ਼ੀ ਬੋਲਿਆ—ਇਕ ਸਮੇਂ ਲੰਕਾ ਦੇ ਰਾਜੇ ਰਾਵਣ ਨੇ ਜੋ ਬਹੁਤ ਹੰਕਾਰੀ ਤੇ ਪਾਪੀ ਹੈ, ਰਿਸ਼ੀਆਂ ਮੁਨੀਆਂ ਕੋਲੋਂ ਕਰ ਲੈਣ ਵਾਸਤੇ ਦੂਤ ਭੇਜੇ ਸਨ। ਉਨ੍ਹਾਂ ਦੂਤਾਂ ਨੇ ਜਦੋਂ ਕਰ ਮੰਗਿਆ ਤਾਂ ਰਿਸ਼ੀਆਂ ਨੇ ਰਾਵਣ ਨੂੰ ਸਮਝੌਤੇ ਵਾਸਤੇ ਆਪਣੇ ਸਰੀਰਾਂ ਵਿਚੋਂ ਥੋੜਾ ਥੋੜਾ ਲਹੂ ਕੱਢ ਕੇ ਰਾਵਣ ਨੂੰ ਜਮਾਂ ਕਰ ਕੇ ਤੇ ਘੜੇ ਦਾ ਮੂੰਹ ਬੰਨ੍ਹ ਕੇ ਰਾਜਦੂਤਾਂ ਨੂੰ ਆਖਿਆ—'ਇਸ ਘੜੇ ਦਾ ਰਾਵਣ ਮੂੰਹ ਨਾ ਖੋਲ੍ਹੇ, ਜੇ ਖੋਹਲੇਗਾ ਤਾਂ ਉਸ ਦਾ ਸਰਬਨਾਸ ਹੋ ਜਾਵੇਗਾ। ਉਸ ਦਾ ਕਾਲ ਇਸ ਵਿਚ ਹੈ। ਇਹੋ ਕੁਝ ਅਸੀਂ ਦੇ ਸਕਦੇ ਹਾਂ।' ਉਸ ਘੜੇ ਨੂੰ ਚੁੱਕ ਕੇ ਦੂਤ ਰਾਵਣ ਕੋਲ ਲੈ ਗਏ। ਰਾਵਣ ਖ਼ੁਸ਼ੀ ਨਾਲ ਦੇਖਣ ਵਾਸਤੇ ਅਗੇ ਵਧਿਆ ਤਾਂ ਦੂਤਾਂ ਨੇ ਉਸ ਨੂੰ ਰੋਕ ਦਿੱਤਾ ਤੇ ਨਾਲ ਹੀ ਰਿਸ਼ੀਆਂ ਦਾ ਸਰਾਪ ਦੱਸ ਦਿੱਤਾ। ਇਹ ਸੁਣ ਕੇ ਰਾਵਣ ਕ੍ਰੋਧਵਾਨ ਹੋਇਆ, ਉਸ ਨੇ ਰਿਖੀਆਂ ਕੋਲੋਂ ਤਾਂ ਵੱਖਰਾ ਬਦਲਾ ਲੈਣ ਵਾਸਤੇ ਵਿਉਂਤ ਸੋਚੀ, ਪਰ ਉਸ ਘੜੇ ਨੂੰ ਬੇਅਰਥ ਸੁਟਣ ਦੀ ਥਾਂ ਤੇਰੇ ਰਾਜ 'ਚ ਨਪ ਗਏ। ਇਸ ਵਾਸਤੇ ਕਿ ਜਦੋਂ ਕਦੀ ਕੋਈ ਆਪ ਉਸ ਘੜੇ ਦਾ ਮੂੰਹ ਖੋਹਲੋਗੇ ਤਾਂ ਆਪ ਦੀ ਕੁਲ ਨਾਸ ਹੋ ਜਾਵੇਗੀ। ਬਸ ਉਸ ਦਿਨ ਤੋਂ ਮੀਂਹ ਵਰ੍ਹਨਾ ਬੰਦ ਹੋਇਆ ਹੈ। ਉਪੱਦਰ ਹੋ ਰਹੇ ਨੇ ਜਿੰਨਾ ਚਿਰ ਉਹ ਘੜਾ ਪੁਟ ਕੇ ਉਸ ਦਾ ਮੂੰਹ ਨਾ ਖੋਹਲਿਆ ਜਾਵੇ ਉਤਨਾ ਚਿਰ ਬਾਰਸ਼ ਨਹੀਂ ਹੋ ਸਕਦੀ।

ਇਹ ਸੁਣ ਕੇ ਰਾਜਾ ਜਨਕ ਬਹੁਤ ਖ਼ੁਸ਼ ਹੋਇਆ। ਉਸ ਨੇ ਆਖਿਆ—'ਉਸ ਘੜੇ ਦੇ ਲੱਭਣ ਤੇ ਪੁਟਣ ਦਾ ਉਪਾਅ ਦਸੋ। ਮੈਂ ਜ਼ਰੂਰ ਘੜੇ ਦਾ

ਮੂਹ ਖੋਹਲਾਂਗਾ ਕਿਉਂ ਜੋ ਪਰਜਾ ਮੈਨੂੰ ਪਿਆਰੀ ਹੈ । ਮੇਰੀ ਪਰਜਾ ਸੁਖੀ ਵਸੇ ਮੇਰਾ ਭਾਵੇਂ ਅੰਤ ਹੋ ਜਾਵੇ।'

ਰਿਸ਼ੀ—'ਰਾਜਨ ! ਸੋਨੇ ਦਾ ਹਲ ਬਣਾ ਕੇ ਉਸ ਦੇ ਅਗੇ ਬਲਦ ਜੋ ਕੇ ਖੇਤ ਵਿਚ ਹਲ ਚਲਾ । ਜਦੋਂ ਹਲ ਚਲਾਵੇਂਗਾ ਤਾਂ ਉਹ ਘੜਾ ਲਭੇਗਾ । ਉਸ ਘੜੇ ਦੇ ਪੁੱਟਣ ਵੇਲੇ ਬੱਦਲ' ਹੋ ਜਾਣਗੇ, ਮੂੰਹ ਖੋਹਲਣ ਵੇਲੇ ਬਰਖਾ ਹੋਵੇਗੀ ।'

ਰਾਜੇ ਨੇ ਸੋਨੇ ਦਾ ਹਲ ਬਣਵਾਇਆ, ਬੈਲ ਜੋਏ, ਖੇਤਾਂ ਵਿਚ ਹਲ ਵਾਹੁਣ ਗਿਆ। ਅਜੇ ਪਹਿਲਾ ਸਿਆੜ ਲਿਆਂਦਾ ਤਾਂ ਹਵਾ ਛੁਟ ਪਈ। ਦੂਜੇ ਸਿਆੜ ਵੇਲੇ ਅਸਮਾਨ ਉਤੇ ਬੱਦਲ ਹੋ ਗਏ । ਤੀਸਰੇ ਸਿਆੜ ਲਿਆਉਣ ਤੇ ਹਲ ਦਾ ਚੌ ਘੜੇ ਨਾਲ ਅੜਿਆ। ਬੈਲ ਰੋਕੇ ਗਏ ਤੇ ਘੜੇ ਨੂੰ ਪੁਟ ਲਿਆ । ਰਾਜੇ ਨੇ ਅਗੇ ਹੋ ਕੇ ਘੜੇ ਦਾ ਮੂੰਹ ਖੋਹਲ ਦਿਤਾ । ਮੂੰਹ ਖੋਹਲ ਕੇ ਦੇਖਦੇ ਕੀ ਹਨ ਕਿ ਇਕ ਸੁੰਦਰ ਕੰਨਿਆਂ ਘੜੇ ਵਿਚ ਆਪਣਾ ਅੰਗੂਠਾ ਚੂੰਘ ਰਹੀ ਹੈ । ਉਸ ਕੰਨਿਆਂ ਨੂੰ ਬਾਹਰ ਕੱਢਿਆ । ਕੰਨਿਆਂ ਨੂੰ ਘੜੇ ਵਿਚੋਂ ਕੱਢਣ ਦੀ ਦੇਰ ਹੀ ਸੀ ਕਿ ਮੋਹਲੇਧਾਰ ਮੀਂਹ ਵਰ੍ਹਨ ਲਗ ਪਿਆ । ਪਸ਼ੂ ਪੰਛੀ ਤੇ ਮਨੁਖ ਖ਼ੁਸ਼ੀ ਕਰਨ ਲਗੇ । ਉਸ ਕੰਨਿਆਂ ਦਾ ਨਾਮ ਜਨਕ ਨੇ ਸੀਤਾ ਰਖਿਆ ਤੇ ਏਸੇ ਦਾ ਸ੍ਰੀ ਰਾਮ ਚੰਦਰ ਜੀ ਨਾਲ ਵਿਆਹ ਹੋਇਆ ।

ਵਿਆਹ ਦੇ ਥੋੜੇ ਸਮੇਂ ਪਿਛੋਂ ਰਾਮ ਚੰਦਰ ਜੀ ਨੂੰ ਬਨਵਾਸ ਮਿਲਿਆ । ਬਨਵਾਸ ਦੇ ਦਿਨਾਂ ਵਿਚ ਇਹ ਪੰਚਵਟੀ ਦੇ ਜੰਗਲਾਂ ਵਿਚ ਚਲੇ ਗਏ । ਉਥੇ ਕਖਾਂ ਦੀ ਝੁਗੀ ਬਣਾ ਕੇ ਰਹਿਣ ਲਗੇ । ਬਿਮਾਨ ਵਿਚ ਚੜ੍ਹੇ ਜਾਂਦਿਆਂ ਰਾਵਣ ਨੇ ਇਕ ਵਾਰ ਸੀਤਾ ਨੂੰ ਦੇਖ ਲਿਆ, ਉਸ ਦੀ ਸੁੰਦਰਤਾ ਤੇ ਜਵਾਨੀ ਉਤੇ ਲਟੂ ਹੋ ਗਿਆ । ਯੋਗ ਬਲ ਦੇ ਨਾਲ ਹਰਨ ਤੇ ਸਾਧੂ ਦਾ ਛਲ ਰੂਪ ਧਾਰ ਕੇ ਸੀਤਾ ਨੂੰ ਮਲੋ ਮਲੀ ਉਠਾ ਕੇ ਲੰਕਾ ਲੈ ਗਿਆ । ਅਸ਼ੋਕ ਬਾਗ ਵਿਚ ਰਖ ਕੇ ਅਨੇਕ ਤਰ੍ਹਾਂ ਦੇ ਡਰਾਵੇ ਦਿਤੇ ਕਿ ਸੀਤਾ ਪਤੀਬ੍ਰਤਾ ਧਰਮ ਦਾ ਤਿਆਗ ਕਰ ਦੇਵੇ । ਸਤੀ ਸੀਤਾ ਨਾ ਡੋਲੀ, ਉਹ ਧਰਮ ਤੇ ਪੱਕੀ ਰਹੀ। ਸ੍ਰੀ ਰਾਮ ਚੰਦਰ ਜੀ ਨੇ ਲੰਕਾ ਉਤੇ ਚੜ੍ਹਾਈ ਕੀਤੀ ਤੇ ਰਾਵਣ ਨੂੰ ਮਾਰ ਦਿੱਤਾ। ਇਸੇ ਰਾਵਣ ਦਾ ਨਾਮ ਦਹਸਿਰ ਵੀ ਸੀ । ਕਿਉਂਕਿ ਉਹ ਦਸਾਂ ਵਿਦਿਆਵਾਂ

ਦਾ ਪੰਡਤ ਸੀ । ਸੀਤਾ ਜੀ ਸ੍ਰੀ ਰਾਮ ਚੰਦਰ ਜੀ ਮਹਾਰਾਜ ਨੂੰ ਮਿਲ ਕੇ ਬਹੁਤ ਹੀ ਪ੍ਰਸੰਨ ਹੋਏ । ਗੁਰਬਾਣੀ ਵਿਚ ਇਸ਼ਾਰਾ ਆਉਂਦਾ ਹੈ ਕਿ ਸੀਤਾ ਨੂੰ ਕੱਢ ਕੇ ਰਾਵਣ ਨੇ ਸੋਨੇ ਦੀ ਲੰਕਾ ਸੜਵਾਈ ਤੇ ਆਪਣੀ ਜਾਨ ਗਵਾਈ । ਇਹ ਸੀਤਾ ਲਵ ਤੇ ਕੁਸ਼ ਦੀ ਮਾਤਾ ਬਣੀ ।

# ੩੩. ਸ੍ਰੀ ਰਾਮ ਚੰਦਰ ਜੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਭਾਰਤ ਦੇ ਹੋਰ ਧਾਰਮਿਕ ਸਾਹਿਤ ਵਿਚ 'ਰਾਮ' ਸ਼ਬਦ ਬਹੁਤ ਆਉਂਦਾ ਹੈ । ਇਸ ਦੇ ਦੋ ਅਰਥ ਲਏ ਜਾਂਦੇ ਹਨ ਇਕ ਤਾਂ ਰਾਮ ਸਰਬ ਸ਼ਕਤੀਵਾਨ ਵਾਹਿਗੁਰੂ ਹੈ ਜੋ ਘਟ ਘਟ ਵਸਿਆ ਹੋਇਆ ਹੈ, ਦਿਸਦਾ ਸਾਰਾ ਪਸਾਰਾ ਹੈ, ਓਹੋ ਮਾਇਆ ਰੂਪ ਸਭ ਚੀਜ਼ਾਂ ਨੂੰ ਪ੍ਰਗਟ ਕਰਦਾ ਹੈ ਤੇ ਓਹੋ ਸਮੇਟ ਲੈਂਦਾ ਹੈ।

ਬੂਡਾ ਦੁਰਜੋਧਨੁ ਪਤਿ ਖੋਈ ॥ ਰਾਮੁ ਨ ਜਾਨਿਆ ਕਰਤਾ ਸੋਈ ॥ ਜਨ ਕਉ ਦੂਖਿ ਪਚੈ ਦੁਖੁ ਹੋਈ ॥੯॥ ਜਨਮੇਜੈ ਗੁਰ ਸਬਦੁ ਨ ਜਾਨਿਆ ॥ ਕਿਉ ਸੁਖੁ ਪਾਵੈ ਭਰਮਿ ਭੁਲਾਨਿਆ ॥ ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ॥੧੦॥ ਕੰਸੁ ਕੇਸੁ ਚਾਂਡੂਰੁ ਨ ਕੋਈ ॥ ਰਾਮੁ ਨ ਚੀਨਿਆ ਅਪਨੀ ਪਤਿ ਖੋਈ ॥ ਬਿਨੁ ਜਗਦੀਸ ਨ ਰਾਖੈ ਕੋਈ॥੧੧॥

... ... ... ... ... ... ...

ਰਾਮਿ ਨਾਮਿ ਚਿਤੁ ਰਾਪੈ ਜਾ ਕਾ ॥ ਉਪਜੰਪਿ ਦਰਸਨੁ ਕੀਜੈ ਤਾ ਕਾ ॥੧॥ ਰਾਮ ਨ ਜਪਹੁ ਅਭਾਗੁ ਤੁਮਾਰਾ ॥ ਜੁਗਿ ਜੁਗਿ ਦਾਤਾ ਪ੍ਰਭੁ ਰਾਮੁ ਹਮਾਰਾ ॥੧॥ ਰਹਾਉ ॥ ਗੁਰਮਤਿ ਰਾਮੁ ਜਪੈ ਜਨੁ ਪੂਰਾ ॥ ਤਿਤੁ ਘਟ ਅਨਹਤ ਬਾਜੇ ਤੂਰਾ ॥੨॥

(ਗਉੜੀ ਮ: ੧)

ਸੋ ਉਪਰੋਕਤ ਬਾਣੀ ਵਿਖੇ ਜਿਥੇ ਵੀ 'ਰਾਮ' ਸ਼ਬਦ ਆਇਆ ਹੈ ਇਸ ਦਾ ਭਾਵ ਵਾਹਿਗੁਰੂ ਜਾਂ ਅਕਾਲ ਪੁਰਖ ਹੈ ।

ਦੂਸਰਾ ਸ੍ਰੀ ਰਾਮ ਚੰਦਰ ਜੀ ਵਲ ਇਸ਼ਾਰਾ ਹੈ । ਰਾਮ ਚੰਦਰ ਜੀ ਅਜੁਧਿਆ ਦੇ ਰਾਜੇ ਦਸਰਥ ਦੇ ਵੱਡੇ ਸਪੁਤ੍ਰ ਸਨ । ਇਹ ਜਨਮ ਤੋਂ ਹੀ ਸਿਆਣੇ ਤੇ ਮਹਾਂਬਲੀ ਸਨ । ਵਸਿਸ਼ਟ ਜੀ ਕੋਲੋਂ ਇਨ੍ਹਾਂ ਨੇ ਵਿਦਿਆ ਹਾਸਲ ਕੀਤੀ ਸੀ। ਵਿਸ਼ਵਾਮਿਤ੍ਰ ਰਿਸ਼ੀ ਦੇ ਆਉਣ ਉਤੇ ਰਿਖੀਆਂ ਨੂੰ ਦੈਤਾਂ ਕੋਲੋਂ ਬਚਾਣ ਵਾਸਤੇ

ਗਏ ਤੇ ਯੁਧ ਵਿਚ ਫ਼ਤਹ ਹਾਸਲ ਕਰ ਕੇ ਆਏ । ਸ਼ਿਵ ਜੀ ਦੇ ਧਨੁਖ ਨੂੰ ਚਿਲਾ ਚੜ੍ਹਾਉਣ ਲਗਿਆਂ ਤੋੜਿਆ ਤੇ ਧਰਮੀ ਰਾਜਾ ਜਨਕ ਦੀ ਲੜਕੀ ਸੀਤਾ ਵਿਆਹੀ ।

ਸ੍ਰੀ ਰਾਮ ਚੰਦਰ ਦੀ ਮਾਤਾ ਕੁਸ਼ੱਲਿਆ ਸੀ । ਇਨ੍ਹਾਂ ਦੇ ਦੋ ਹੋਰ ਭਰਾ ਸਨ। ਤੇ ਦੋ ਹੀ ਮਤ੍ਰਈਆਂ ਮਾਵਾਂ, ਇਕ ਮਤ੍ਰਈ ਮਾਂ ਕਕਈ ਸੀ । ਕਕਈ ਭਰਤ ਦੀ ਮਾਤਾ ਸੀ । ਉਹ ਚਾਹੁੰਦੀ ਸੀ ਕਿ ਦਸਰਥ ਦੀ ਮੌਤ ਪਿਛੋਂ ਉਸ ਦਾ ਪੁੱਤਰ ਭਰਤ ਰਾਜਾ ਬਣੇ । ਉਸ ਚੰਡਾਲਨ ਨੇ ਰੂਪ ਵਿਚ ਦਸਰਥ ਨੂੰ ਮੋਹ ਲਿਆ । ਉਸ ਕੋਲੋਂ ਦੋ ਵਰ ਮੰਗ ਲਏ । ਜਦੋਂ ਦਸਰਥ ਰਾਮਚੰਦਰ ਨੂੰ ਰਾਜ ਤਿਲਕ ਦੇਣ ਲੱਗਾ ਤਾਂ ਕਕਈ ਨੇ ਦਸਰਥ ਕੋਲ ਜਾ ਸਵਾਲ ਕੀਤਾ ਕਿ—'ਮੇਰੇ ਨਾਲ ਕੀਤੇ ਬਚਨ ਪੂਰੇ ਕਰੋ ।' ਦਸਰਥ ਨੇ ਕਿਹਾ—'ਮੰਗ ਜੋ ਮੰਗਦੀ ਹੈਂ ।' ਦਸਰਥ ਦੀ ਇਹ ਖੁਲ੍ਹ ਦਿਲੀ ਦੇਖ ਕੇ ਉਸ ਨੇ ਕਿਹਾ—'ਇਕ ਮੰਗ ਤਾਂ ਇਹ ਹੈ ਕਿ ਰਾਮਚੰਦਰ ਨੂੰ ਚੌਦਾਂ ਸਾਲ ਦਾ ਬਨਵਾਸ ਹੁਣ ਤੋਂ ਦੇਹ, ਦੂਸਰਾ ਭਰਤ ਦੇ ਮਥੇ ਰਾਜ ਤਿਲਕ ਲਾ । ਇਹ ਮੰਗਾਂ ਸੁਣ ਕੇ ਰਾਜਾ ਦਸਰਥ ਘਬਰਾਇਆ। ਉਸ ਨੂੰ ਗਸ਼ਾਂ ਪੈਣ ਲਗ ਪਈਆਂ । ਰਾਮਚੰਦਰ ਨੂੰ ਇਸ ਮਾਮਲੇ ਦਾ ਪਤਾ ਲਗ ਗਿਆ । ਉਸ ਨੇ ਝਟ ਪਟ ਸਾਰੇ ਜੰਜਾਲ ਛੱਡ ਕੇ ਬਨਵਾਸ ਜਾਣ ਦੀ ਤਿਆਰੀ ਕਰ ਲਈ । ਸੀਤਾ ਜੀ ਤੇ ਆਪਣੇ ਛੋਟੇ ਭਰਾਤਾ ਲਛਮਣ ਨਾਲ ਤਿਆਰ ਹੋ ਗਏ। ਜਦੋਂ ਤਿੰਨੇ ਸ਼ਹਿਰੋਂ ਬਾਹਰ ਨਿਕਲਣ ਲਗੇ ਤਾਂ ਦਸਰਥ ਰਾਜ ਮਹੱਲ ਤੋਂ ਡਿਗ ਕੇ ਮਰ ਗਿਆ, ਅਜੁਧਿਆ ਰਾਜ ਤੋਂ ਨਿਕਲ ਕੇ ਮਧ ਭਾਰਤ ਦੇ ਜੰਗਲਾਂ ਵਿਚ ਪੰਚਵਟੀ ਦੇ ਮੁਕਾਮ ਤੇ ਪੁਜ ਗਏ । ਉਸ ਸੁੰਦਰ ਅਸਥਾਨ ਉਤੇ ਫਲ ਤੇ ਜਲ ਬਹੁਤ ਚੰਗਾ ਸੀ । ਬਨ ਵਿਚ ਰਿਖੀਆਂ ਦੀ ਤਰ੍ਹਾਂ ਕੁਟੀਆ ਬਣਾ ਕੇ ਰਹਿਣ ਲਗੇ । ਇਨ੍ਹਾਂ ਦੇ ਸੁਖ ਤੇ ਸ਼ਾਂਤੀ ਨੂੰ ਰਾਵਣ ਨੇ ਭੰਗ ਕਰ ਦਿੱਤਾ । ਜਦੋਂ ਉਹ ਸੀਤਾ ਜੀ ਨੂੰ ਛਲ ਕੇ ਲੈ ਗਿਆ । ਸੀਤਾ ਜੀ ਦੇ ਵਿਛੋੜੇ ਵਿਚ ਰਾਮ ਚੰਦਰ ਬੇਹਬਲ ਤੇ ਵਿਆਕੁਲ ਹੋ ਕੇ ਜੰਗਲਾਂ ਵਿਚ ਫਿਰਦੇ ਰਹੇ । ਆਖ਼ਰ ਹਨੂੰਮਾਨ ਜਹੇ ਸੇਵਕਾਂ ਦੀ ਸਹਾਇਤਾ ਨਾਲ ਲੰਕਾ ਤੇ ਚੜ੍ਹਾਈ ਕੀਤੀ । ਰਾਵਣ ਨੂੰ ਮਾਰਿਆ, ਉਸ ਦੇ ਭਰਾ ਭਭੀਖਣ ਨੂੰ ਲੰਕਾ ਦੇ ਰਾਜ ਤਖ਼ਤ ਉਤੇ ਬਿਠਾਇਆ ਤੇ ਸੀਤਾ

ਨੂੰ ਨਾਲ ਲੈ ਕੇ ਮੁੜ ਭਾਰਤ ਵਿਚ ਆ ਗਏ। ਚੌਦਾਂ ਸਾਲ ਪਿਛੋਂ ਅਜੁਧਿਆ ਵਿਚ ਆਏ। ਉਸ ਖ਼ੁਸ਼ੀ ਵਿਚ ਦੀਪਮਾਲਾ ਕੀਤੀ ਗਈ ਜੋ ਹੁਣ ਤਕ ਦੀਵਾਲੀ ਵਾਲੀ ਰਾਤ ਨੂੰ ਸਾਰੇ ਭਾਰਤ ਵਿਚ ਕੀਤੀ ਜਾਂਦੀ ਹੈ। ਆਪ ਦਾ ਰਾਜ ਬਹੁਤ ਸੁਖ ਦੇਣ ਵਾਲਾ ਸੀ, ਇਸੇ ਵਾਸਤੇ ਆਮ ਲੋਕ ਆਖਦੇ ਹਨ ਕਿ ਅੱਜ ਕਲ੍ਹ ਰਾਮ ਰਾਜ ਦੀ ਲੋੜ ਹੈ। ਆਖਦੇ ਹਨ ਸ੍ਰੀ ਰਾਮ ਚੰਦਰ ਜੀ ਦੇ ਪੁੱਤਰ ਲਵ ਤੇ ਕੁਸ਼ ਨੇ ਲਾਹੌਰ ਤੇ ਕਸੂਰ ਸ਼ਹਿਰ ਵਸਾਏ। ਸ੍ਰੀ ਰਾਮ ਚੰਦਰ ਜੀ ਨੂੰ ਅਵਤਾਰ ਮੰਨਿਆ ਜਾਂਦਾ ਹੈ। ਸਾਰੇ ਭਾਰਤ ਵਿਚ ਰਾਮ ਭਗਤਾਂ ਦੀ ਬਹੁਤ ਗਿਣਤੀ ਹੈ।

# ੩੪. ਸ਼ੇਸ਼ਨਾਗ ਜੀ ਦੀ ਕਥਾ

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ੁਰਮਾਉਂਦੇ ਹਨ—

*ਏਕ ਜੀਹ ਗੁਣ ਕਵਨ ਬਖਾਨੈ ॥ ਸਹਸ ਫਨੀ ਸੇਖ ਅੰਤੁ ਨ ਜਾਨੈ ॥*
*ਨਵਤਨ ਨਾਮ ਜਪੈ ਦਿਨੁ ਰਾਤੀ ਇਕ ਗੁਣੁ ਨਾਹੀ ਪ੍ਰਭੁ ਕਹਿ ਸੰਗਾ ॥੧੬॥*

(ਮਾਰੂ ਮਹਲਾ ੫)

ਭਾਵ—ਗੁਰੂ ਜੀ ਆਖਦੇ ਹਨ—'ਹੇ ਪ੍ਰਮਾਤਮਾ! ਮੇਰੀ ਇਕ ਜ਼ਬਾਨ ਹੈ। ਮੈਂ ਤੇਰੀ ਕੀ ਸਿਫ਼ਤ ਕਰ ਸਕਦਾ ਹਾਂ। ਜਦੋਂ ਕਿ ਸਹੰਸ ਫਣ (ਮੂੰਹਾਂ) ਵਾਲਾ ਸ਼ੇਸ਼ਨਾਗ ਸਰਪ ਵੀ ਤੇਰੀ ਉਪਮਾ ਨਹੀਂ ਕਰ ਸਕਿਆ। ਜਦ ਕਿ ਉਹ ਨਵੇਂ ਤੋਂ ਨਵਾਂ ਨਾਮ ਤੇਰਾ ਲੈ ਕੇ ਸਿਮਰਨ ਕਰਦਾ ਸੀ, ਤੇਰੇ ਨਾਮਾਂ ਦਾ ਮੈਂ ਕੋਈ ਗੁਣ ਬਿਆਨ ਨਹੀਂ ਕਰ ਸਕਦਾ। ਤੂੰ ਬੇਅੰਤ ਹੈਂ।'

ਸ਼ੇਸ਼ਨਾਗ ਦੇ ਵਾਹਿਗੁਰੂ ਨਾਮ ਜਪਣ ਦੀ ਸਾਖੀ ਇਹ ਹੈ ਕਿ ਪ੍ਰਮਾਤਮਾ ਨੇ ਇਸ ਧਰਤੀ ਦੀ ਰਚਨਾ ਕੀਤੀ ਤਾਂ ਉਸ ਨੂੰ ਭੈ ਹੋਇਆ ਕਿ ਇਹ ਧਰਤੀ ਪਾਣੀ ਨਾਲ ਗ਼ਰਕ ਨਾ ਹੋ ਜਾਵੇ ਕਿਉਂਕਿ ਧਰਤੀ ਇਕ ਹਿੱਸਾ ਸੀ ਤੇ ਪਾਣੀ ਤਿੰਨ ਹਿੱਸੇ ਤੋਂ ਬਹੁਤਾ ਸੀ। ਸੋਚ ਸੋਚ ਕੇ ਅਕਾਲ ਪੁਰਖ ਨੇ ਸ਼ੇਸ਼ਨਾਗ ਨੂੰ ਆਖਿਆ ਕਿ ਇਸ ਧਰਤੀ ਹੇਠਾਂ ਤੂੰ ਸਿਰ ਰੱਖ। ਇਸ ਨੂੰ ਚੁਕ ਕੇ ਖਲੋਤਾ ਰਹੋ। ਸ਼ੇਸ਼ਨਾਗ ਨੇ ਹੁਕਮ ਤਾਂ ਮੰਨ ਲਿਆ ਧਰਤੀ ਚੁਕਣ ਵਾਸਤੇ ਤਿਆਰ

ਹੋ ਪਿਆ । ਉਸ ਨੇ ਬੇਨਤੀ ਕੀਤੀ ਕਿ—'ਹੇ ਮਹਾਰਾਜ! ਕਦੀ ਇਹ ਭਾਰ ਮੇਰੇ ਸਿਰ ਤੋਂ ਉਤਰੇਗਾ ਵੀ ?' ਅਕਾਲ ਪੁਰਖ ਨੇ ਉੱਤਰ ਦਿਤਾ, 'ਉਤਰੇਗਾ, ਪਰ ਕਿਸੇ ਲੰਮੇ ਸਮੇਂ ਪਿਛੋਂ ।' ਸ਼ੇਸ਼ਨਾਗ ਦੇ ਮੁਕਾਬਲੇ ਦੇ ਬ੍ਰਹਮਾ ਵਿਸ਼ਨੂੰ ਵੀ ਸਨ । ਉਨ੍ਹਾਂ ਦੀ ਵਾਰੀ ਆ ਸਕਦੀ ਸੀ । ਸ਼ੇਸ਼ਨਾਗ ਨੇ ਆਖਿਆ—'ਜੇ ਭੁਲਾ ਮੈਂ ਸੌ ਜਿਹਬਾ ਨਾਲ ਹੇ ਪ੍ਰਭੂ! ਤੇਰਾ ਨਾਮ ਜਪਾਂ ਤੇ ਜਪਾਂ ਵੀ ਨਵੇਂ ਤੋਂ ਨਵਾਂ ਤਾਂ ਕੀ ਮੇਰੇ ਸਿਰ ਉਤੋਂ ਭਾਰ ਲਾਹ ਕੇ ਕਿਸੇ ਹੋਰ ਦੇ ਸਿਰ ਉਤੇ ਰੱਖ ਦਿਓਗੇ ?' ਇਹ ਸ਼ਰਤ ਪ੍ਰਭੂ ਨੇ ਮਨਜ਼ੂਰ ਕਰ ਲਈ । ਸ਼ੇਸ਼ਨਾਗ ਧਰਤੀ ਚੁਕ ਕੇ ਪ੍ਰਮਾਤਮਾ ਦਾ ਨਾਮ ਜਪਣ ਲੱਗਾ । ਉਸ ਦੇ ਨਾਵਾਂ ਦੇ ਸੰਗ੍ਰਹਿ ਨੂੰ ਹੀ 'ਸਹੰਸਰ ਨਾਮਾ' ਆਖਿਆ ਜਾਂਦਾ ਹੈ । ਬਹੁਤ ਚਿਰ ਪਿਛੋਂ ਪ੍ਰਭੂ ਨੇ ਉਸ ਨੂੰ ਗਿਆਨ ਵੀ ਕਰਾ ਦਿਤਾ ਕਿ ਪ੍ਰਮਾਤਮਾ ਦੇ ਨਾਵਾਂ ਦਾ ਕੋਈ ਅੰਤ ਨਹੀਂ ਪਾ ਸਕਦਾ । ਫਿਰ ਉਹ ਬੇਅੰਤ ਹੈ! ਦਾ ਜਾਪ ਕਰਦਾ ਰਿਹਾ ਤੇ ਧਰਤੀ ਨੂੰ ਚੁਕ ਕੇ ਖਲੋਤਾ ਰਿਹਾ । ਹਰਿ ਦਾ ਅੰਤ ਨਹੀਂ ਆ ਸਕਦਾ ।

*ਕੀਮਤਿ ਕਾਗਦ ਕਹੀ ਨ ਜਾਈ ॥ ਕਹੁ ਨਾਨਕ ਬੇਅੰਤ ਗੁਸਾਈ ॥*
*ਆਦਿ ਮਧਿ ਅੰਤਿ ਪ੍ਰਭੁ ਸੋਈ ਹਾਥਿ ਤਿਸੈ ਕੈ ਨੇਬੇੜਾ ॥੧੫॥* (ਮਾਰੂ ਮ: ੫)

ਭਾਵ—ਜੇ ਕਾਗਜ਼ਾਂ ਉਤੇ ਉਸ ਦੀ ਸਿਫ਼ਤ ਲਿਖਣ ਲਗੀਏ ਤਾਂ ਲਿਖੀ ਨਹੀਂ ਜਾਂਦੀ। ਉਹ ਪ੍ਰਮਾਤਮਾ ਬੇਅੰਤ ਹੈ, ਗੁਰੂ ਨਾਨਕ ਜੀ ਆਖਦੇ ਹਨ— 'ਪਹਿਲਾਂ, ਵਰਤਮਾਨ ਤੇ ਅੰਤ ਵਿਚ ਓਹੋ ਪ੍ਰਭੂ ਹੋਵੇਗਾ' ਉਹ ਹੀ ਸਾਰਿਆਂ ਦੀ ਕਲਿਆਨ ਕਰਨ ਵਾਲਾ ਹੈ।

# ੩੫. ਸੁਕਦੇਵ ਮੁਨੀ ਜੀ

## ਜਨਮ ਕਥਾ

ਸੁਕਦੇਵ ਜੀ ਮਹਾਂ ਵਿਦਵਾਨ ਤੇ ਯੋਗੀ ਬਿਆਸ ਜੀ ਦੇ ਸਪੁਤਰ ਸਨ। ਇਨ੍ਹਾਂ ਦੀ ਜਨਮ ਕਥਾ ਬਹੁਤ ਹੀ ਅਸਚਰਜ ਹੈ । ਪੁਰਾਤਨ ਗ੍ਰੰਥਾਂ ਵਿਚ ਇਸ ਤਰ੍ਹਾਂ ਲਿਖਿਆ ਹੈ—

ਪਾਰਬਤੀ ਤੇ ਸ਼ਿਵਜੀ ਦੀ ਆਪੋ ਵਿਚ ਬਹੁਤ ਪ੍ਰੀਤ ਸੀ। ਪਾਰਬਤੀ ਦੀ ਇਛਾ ਹੋਈ ਕਿ ਜੇ ਸ਼ਿਵਜੀ ਉਸ ਉਤੇ ਕ੍ਰਿਪਾ ਕਰਨ ਤਾਂ ਉਹ ਅਮਰ ਹੋ ਜਾਵੇ। ਉਸ ਨੂੰ ਬੁਢੇਪਾ ਨਾ ਆਵੇ। ਅਰੋਗ ਸਰੀਰ ਤੇ ਜੋਬਨ ਮਤੀ ਰਹੇ ਤਾਂ ਕਿ ਸ਼ਿਵਜੀ ਨਾਲ ਪ੍ਰੀਤ ਕਰਦੀ ਰਹੇ। ਇਕ ਦਿਨ ਇਹ ਇਛਾ ਪ੍ਰਗਟ ਕਰ ਕੇ ਉਸ ਨੇ ਸ਼ਿਵਜੀ ਨੂੰ ਆਖਿਆ—'ਸੁਆਮੀ ਜੀ! ਮੈਨੂੰ ਅਮਰ ਕਥਾ ਸੁਣਾਓ!' ਸ਼ਿਵਜੀ ਨੇ ਕਥਾ ਸੁਨਾਉਣੀ ਸ਼ੁਰੂ ਕੀਤੀ, ਉਸ ਵੇਲੇ ਸ਼ਿਵਜੀ ਤੇ ਪਾਰਬਤੀ ਕੈਲਾਸ਼ ਪਰਬਤ ਉਤੇ ਬੈਠੇ ਸਨ। ਉਸ ਪਰਬਤ ਤੇ ਇਕ ਤੋਤੇ ਤੋਂ ਬਿਨਾਂ ਹੋਰ ਕੋਈ ਨਹੀਂ ਸੀ। ਉਹ ਤੋਤਾ ਕਥਾ ਸੁਣਦਾ ਰਿਹਾ। ਥੋੜੀ ਜਹੀ ਕਥਾ ਸੁਣ ਕੇ ਪਾਰਬਤੀ ਤਾਂ ਸੌਂ ਗਈ। ਉਸ ਦੇ ਸੌਣ ਦਾ ਸ਼ਿਵਜੀ ਨੂੰ ਪਤਾ ਨਹੀਂ ਲਗਾ। ਪਾਰਬਤੀ ਦੀ ਥਾਂ ਤੋਤਾ ਹੀ ਹੁੰਗਾਰਾ ਦੇਂਦਾ ਰਿਹਾ। ਜਦੋਂ ਕਥਾ ਸਮਾਪਤ ਹੋ ਗਈ ਤਾਂ ਸ਼ਿਵ ਜੀ ਨੇ ਦੇਖਿਆ ਉਸ ਦੀ ਪਿਆਰੀ ਪਾਰਬਤੀ ਤਾਂ ਸੁੱਤੀ ਪਈ ਹੈ ਪਰ ਤੋਤਾ ਕਥਾ ਸੁਣ ਰਿਹਾ ਹੈ। ਆਪਣੀ ਭੁੱਲ ਨੂੰ ਅਨੁਭਵ ਕਰ ਕੇ ਸ਼ਿਵ ਜੀ ਤੋਤੇ ਦੇ ਮਗਰ ਦੌੜੇ। ਤੋਤਾ ਉਡ ਕੇ ਗੰਗਾ ਕਿਨਾਰੇ ਨੂੰ ਆ ਗਿਆ। ਸ਼ਿਵ ਜੀ ਉਸ ਦੇ ਪਿਛੇ ਦੌੜੇ ਆਏ।

ਉਸੇ ਦਿਨ ਬਿਆਸ ਰਿਖੀ ਦੀ ਇਸਤਰੀ ਨੇ ਰਿਤੂ ਇਸ਼ਨਾਨ ਕੀਤਾ ਸੀ। ਉਸ ਦੀ ਕੁਖ ਨਿਰਮਲ ਸੀ। ਤੋਤੇ ਨੇ ਸੁਨਹਿਰੀ ਮੌਕਾ ਤਾੜਿਆ, ਹਵਾ ਰੂਪ ਹੋ ਕੇ ਉਸ ਇਸਤਰੀ ਦੇ ਗਰਭ ਵਿਚ ਦਾਖ਼ਲ ਹੋ ਗਿਆ। ਸ਼ਿਵ ਜੀ ਪਿੱਛਾ ਕਰਦਾ ਹੋਇਆ ਉਸ ਅਸਥਾਨ ਤੇ ਪੁੱਜਾ। ਉਸ ਨੂੰ ਪਤਾ ਲਗ ਗਿਆ ਕਿ ਤੋਤਾ ਤਾਂ ਉਸ ਦੀ ਮਾਰ ਤੋਂ ਦੂਰ ਜਾ ਚੁੱਕਾ ਹੈ। ਉਹ ਮੁਨੀ ਦੀ ਕੁਟੀਆ ਅਗੇ ਧਰਨਾ ਮਾਰ ਕੇ ਬੈਠ ਗਿਆ ਕਿ ਤੋਤਾ ਜਦੋਂ ਬਾਲਕ ਰੂਪ ਹੋ ਕੇ ਬਿਆਸ ਦੀ ਇਸਤਰੀ ਦੇ ਗਰਭ ਵਿਚੋਂ ਬਾਹਰ ਆਵੇਗਾ ਤਾਂ ਮਾਰ ਦਿਆਂਗਾ। ਸ਼ਿਵਜੀ ਨੇ ਧਰਨਾ ਮਾਰ ਲਿਆ ਤੋਤੇ ਨੇ ਬਾਹਰ ਨਾ ਆਉਣ ਦਾ ਫ਼ੈਸਲਾ ਕਰ ਲਿਆ। ਬਾਰਾਂ ਸਾਲ ਲੰਘ ਗਏ। ਇਸਤਰੀ ਬਹੁਤ ਤੰਗ ਹੋਣ ਲਗੀ। ਬੱਚੇ ਦਾ ਭਾਰ ਪੇਟ ਵਿਚ ਚੁਕ ਕੇ ਉਸ ਨੂੰ ਤੁਰਨਾ ਫਿਰਨਾ ਪੈਂਦਾ ਸੀ। ਤੋਤਾ ਮਾਂ ਦੇ ਗਰਭ ਵਿਚ ਹੀ ਪ੍ਰਮਾਤਮਾ ਦੀ ਭਗਤੀ ਕਰੀ ਜਾਂਦਾ ਸੀ।

ਬਿਆਸ ਦੀ ਇਸਤਰੀ ਨੇ ਤੰਗ ਆ ਕੇ ਪ੍ਰਮਾਤਮਾ ਅਗੇ ਪੁਕਾਰ ਕੀਤੀ

ਕਿ ਉਸ ਦੇ ਹੱਡ ਸੁਖੀ ਕੀਤੇ ਜਾਣ । ਬੱਚੇ ਨੂੰ ਜਨਮ ਦਿੱਤਾ ਜਾਵੇ । 'ਹੇ ਪ੍ਰਭੂ ! ਦਇਆ ਕਰੋ, ਮਿਹਰ ਕਰੋ, ਅਤਿ ਦੁਖੀ ਹਾਂ । ਮੇਰੇ ਦੁੱਖਾਂ ਨੂੰ ਦੂਰ ਕਰੋ ।'

ਪ੍ਰਮਾਤਮਾ ਨੂੰ ਦਇਆ ਆਈ, ਉਸ ਨੇ ਪੁਕਾਰ ਸੁਣ ਲਈ । ਉਹ ਆਪਣੀ ਸ਼ਕਤੀ ਨਾਲ ਤੋਤੇ ਸੁਕਦੇਵ ਨੂੰ ਕਹਿਣ ਲਗਾ—'ਕਿ ਹੁਣ ਤੂੰ ਜਨਮ ਲਵੇਂ ਤਾਂ ਚੰਗਾ ਹੈ, ਕਿਉਂਕਿ ਇਹ ਇਸਤਰੀ ਬਹੁਤ ਦੁਖੀ ਹੈ ।' ਤੋਤੇ (ਸੁਕ) ਨੇ ਉੱਤਰ ਦਿਤਾ—'ਹੇ ਪ੍ਰਭੂ ! ਮੈਂ ਇਥੇ ਸਿਮਰਨ ਕਰੀ ਜਾਂਦਾ ਹਾਂ । ਬਾਹਰ ਤੇਰੀ ਮਾਇਆ ਹੈ, ਉਸ ਮਾਇਆ ਨੇ ਮੈਨੂੰ ਭਜਨ ਨਹੀਂ ਕਰਨ ਦੇਣਾ, ਕ੍ਰਿਪਾ ਕਰੋ ਇਥੇ ਹੀ ਰਹਿਣ ਦਿਓ । ਨਾਲ ਹੀ ਮੇਰਾ ਦੁਸ਼ਮਣ ਸ਼ਿਵਜੀ ਬਾਹਰ ਬੈਠਾ ਹੈ । ਮੈਂ ਜਦੋਂ ਜਨਮ ਲਿਆ ਤਦੋਂ ਹੀ ਉਹ ਮੈਨੂੰ ਮਾਰ ਸੁਟੇਗਾ। ਇਸ ਵਾਸਤੇ ਮੇਰੇ ਤੇ ਮਿਹਰ ਕਰੋ ।'

'ਨਹੀਂ ! ਤੈਨੂੰ ਮੇਰੀ ਆਗਿਆ ਮੰਨਣੀ ਪਵੇਗੀ । ਸ਼ਿਵਜੀ ਤੈਨੂੰ ਨਹੀਂ ਮਾਰ ਸਕਦਾ। ਉਹ ਤੇਰੇ ਜਨਮ ਤੋਂ ਪਹਿਲਾਂ ਚਲਿਆ ਜਾਵੇਗਾ, ਬਾਕੀ ਰਹੀ ਮਾਇਆ ਦੀ ਗੱਲ, ਜਾਹ ਤੇਰੇ ਜਨਮ ਵੇਲੇ ਤੇਰੀ ਸਮਾਧੀ ਲਾਉਣ ਤਕ ਮਾਇਆ ਸ਼ਕਤੀਹੀਣ ਹੋ ਜਾਵੇਗੀ। ਮਾੜਾ ਅਸਰ ਨਹੀਂ ਕਰੇਗੀ।' ਪ੍ਰਮਾਤਮਾ ਨੇ ਸੁਕਦੇਵ ਨੂੰ ਆਖਿਆ।

ਸੁਕਦੇਵ (ਤੋਤੇ) ਨੇ ਜਨਮ ਲਿਆ । ਜਨਮ ਲੈਣ ਸਾਰ ਹੀ ਉਹ ਜੰਗਲ ਨੂੰ ਤੁਰ ਪਿਆ । ਜੰਗਲ ਵਿਚ ਜਾ ਕੇ ਸਮਾਧੀ ਲਾ ਲਈ ਤੇ ਪ੍ਰਮਾਤਮਾ ਦੀ ਭਗਤੀ ਕਰਨ ਲੱਗਾ । ਮਾਇਆ ਨੇ ਉਸ ਦੇ ਮਨ ਤਨ ਉਤੇ ਕੋਈ ਅਸਰ ਨਹੀਂ ਕੀਤਾ ਤੇ ਉਸ ਦੀ ਮਾਤਾ ਹੈਰਾਨ ਸੀ ਕਿ ਉਨ੍ਹਾਂ ਦੇ ਘਰ ਅੱਛਾ ਬਾਲਕ ਹੋਇਆ ਹੈ ਜੋ ਜਨਮ ਲੈਣ ਸਾਰ ਹੀ ਬਾਹਰ ਨੂੰ ਚਲਿਆ ਗਿਆ ਹੈ । ਭਾਈ ਗੁਰਦਾਸ ਜੀ ਲਿਖਦੇ ਹਨ—

*ਬਾਰਹ ਵਰ੍ਹੇ ਗਰਭਾਸਿ ਵਸਿ ਜੰਮਦੇ ਹੀ ਸੁਕਿ ਲਈ ਉਦਾਸੀ।*
*ਮਾਇਆ ਵਿਚਿ ਅਤੀਤ ਹੋਇ ਮਨ ਹਠ ਬੁਧਿ ਨ ਬੰਦਿ ਖਲਾਸੀ।*

*(ਭਾਈ ਗੁਰਦਾਸ ਜੀ, ਵਾਰ ੨੫/੧੦)*

ਭਾਵ—ਬਾਰਾਂ ਸਾਲ ਮਾਂ ਦੇ ਗਰਭ ਵਿਚ ਰਿਹਾ । ਜਦੋਂ ਜਨਮਿਆ ਤੇ ਸਮਾਧੀ ਲਾ ਬੈਠਾ ਉਦਾਸੀਆਂ ਦੀ ਤਰ੍ਹਾਂ । ਮਾਇਆ ਤੋਂ ਤਾਂ ਦੂਰ ਰਿਹਾ ਪਰ

ਮਨ ਹਠੀ ਮਨ ਦੀ ਮੂਤ ਮਗਰ ਚਲਦਾ ਸੀ, ਗੁਰੂ ਨਾ ਕੋਈ ਹੋਣ ਕਰਕੇ ਉਸ ਦੀ ਮੁਕਤੀ ਨਹੀਂ ਸੀ ਹੁੰਦੀ।

## ਸੁਕਦੇਵ ਦਾ ਰਾਜੇ ਜਨਕ ਨੂੰ ਗੁਰੂ ਧਾਰਨ ਕਰਨਾ

ਸੁਕਦੇਵ ਜਨਮ ਤੋਂ ਤਪ ਕਰਨ ਬੈਠ ਗਿਆ। ਕਈ ਸਾਲ ਲੰਘ ਗਏ, ਉਸ ਦੀਆਂ ਜਟਾਵਾਂ ਵਧ ਗਈਆਂ। ਆਖਦੇ ਹਨ ਜਟਾਵਾਂ ਵਿਚ ਪੰਛੀਆਂ ਨੇ ਆਹਲਣੇ ਬਣਾ ਲਏ। ਇਕ ਜੋੜਾ ਪੰਛੀਆਂ ਦਾ ਪੱਕਾ ਰਹਿੰਦਾ ਸੀ। ਇਕ ਦਿਨ ਇਕ ਪੰਛੀ ਦੂਸਰੇ ਪੰਛੀ ਨੂੰ ਕਹਿਣ ਲਗਾ—'ਮਿੱਤਰਾ! ਆਪਾਂ ਆਹਲਣਾ ਤਾਂ ਬਣਾਇਆ ਤੇ ਇਥੇ ਸੁਖ ਨਾਲ ਰਹਿੰਦੇ ਹਾਂ ਪਰ ਇਹ ਰਿਖੀ ਨਿਗੁਰਾ ਹੈ। ਨਿਗੁਰੇ ਦੇ ਨੇੜੇ ਰਹਿਣਾ ਨਰਕਾਂ ਨੂੰ ਜਾਣ ਦੀਆਂ ਤਿਆਰੀਆਂ ਕਰਨੀਆਂ ਹਨ। ਇਥੋਂ ਉਡ ਕੇ ਰੈਣ ਬਸੇਰਾ ਕਿਤੇ ਹੋਰ ਥਾਂ ਬਣਾਈਏ।' ਇਉਂ ਸਲਾਹ ਕਰ ਕੇ ਪੰਛੀ ਉਡ ਗਏ ਤੇ ਮੁੜ ਨਾ ਆਏ। ਉਨ੍ਹਾਂ ਦੀਆਂ ਗੱਲਾਂ ਨੂੰ ਸੁਕਦੇਵ ਜੀ ਨੇ ਸੁਣ ਲਿਆ। ਸਮਾਧੀ ਖੋਹਲੀ! ਉਠਿਆ ਤੇ ਘਰ ਨੂੰ ਚਲਿਆ ਗਿਆ। ਘਰ ਜਾ ਕੇ ਆਪਣੇ ਬਾਪ ਬਿਆਸ ਨੂੰ ਕਹਿਣ ਲੱਗਾ—'ਮੈਨੂੰ ਗੁਰੂ ਦੀ ਲੋੜ ਹੈ, ਦਸੋ ਕਿਹੜਾ ਗੁਰੂ ਧਾਰਨ ਕੀਤਾ ਜਾਵੇ?'

ਬਿਆਸ ਨੇ ਉੱਤਰ ਦਿੱਤਾ—'ਹੇ ਪੁੱਤਰ! ਜੀਵਨ ਵਿਚ ਗੁਰੂ ਧਾਰਨ ਕਰਨਾ ਜ਼ਰੂਰੀ ਹੈ। ਨਿਗੁਰੇ ਦੀ ਗਤੀ ਨਹੀਂ ਹੁੰਦੀ। ਐਸ ਸਮੇਂ ਧਰਮੀ ਰਾਜੇ ਜਨਕ ਤੋਂ ਬਿਨਾਂ ਕੋਈ ਐਸਾ ਮਹਾਂ ਪੁਰਸ਼ ਨਹੀਂ ਜੋ ਆਪ ਦਾ ਗੁਰੂ ਬਣੇ। ਉਸ ਦੇ ਕੋਲ ਚਲਿਆ ਜਾਹ। ਉਹ ਰਿਸ਼ੀ ਵੀ ਹੈ ਤੇ ਰਾਜਾ ਵੀ। ਉਸ ਦੇ ਰਾਜ ਮਹਿਲਾਂ ਵਿਚ ਪੁਜ।'

ਬਾਪ ਦਾ ਹੁਕਮ ਮੰਨ ਕੇ ਸੁਕਦੇਵ ਰਾਜੇ ਜਨਕ ਦੇ ਸ਼ਹਿਰ ਪੁਜ ਗਿਆ। ਰਾਜ ਮਹਿਲ ਅਗੇ ਪੁਜਿਆ। ਸਿੰਘ ਪੌੜ ਦੀ ਡਿਉੜੀ ਵਿਚ ਕੋਪੀਨ ਤੇ ਤੂੰਬੀ ਟਿਕਾ ਕੇ ਅੰਦਰ ਚਲਿਆ ਗਿਆ। ਦਰਬਾਰ ਵਿਚ ਪੁਜ ਕੇ ਸੁਕਦੇਵ ਕੀ ਦੇਖਦਾ ਹੈ ਕਿ ਰਾਜਾ ਜਨਕ ਨੇ ਇਕ ਪੈਰ ਤਾਂ ਕੜਾਹੇ ਵਿਚ ਰਖਿਆ ਹੈ ਤੇ ਦੂਸਰਾ ਸੁੰਦਰ ਇਸਤਰੀ ਦੀ ਨੰਗੀ ਛਾਤੀ ਉਤੇ। ਇਹ ਝਾਕੀ ਦੇਖ ਕੇ ਮਾਇਆ ਦੇ ਅਸਰ ਤੋਂ ਰਹਿਤ ਸੁਕਦੇਵ ਸੋਚਣ ਲਗਾ ਕਿ 'ਇਹ ਮੇਰਾ

ਗੁਰੂ ਕਿਵੇਂ ਬਣ ਸਕਦਾ ਹੈ ਇਹ ਤਾਂ ਕੋਈ ਕਾਮੀ ਪੁਰਸ਼ ਹੈ' ਪਰ ਅਜੇ ਉਹ ਇਹ ਕੁਝ ਸੋਚ ਹੀ ਰਿਹਾ ਸੀ ਕਿ ਬਾਹਰੋਂ ਦੂਤ ਨੇ ਆ ਕੇ ਜਨਕ ਨੂੰ ਸੁਨੇਹਾ ਦਿਤਾ ਕਿ—'ਸ਼ਹਿਰ ਨੂੰ ਅੱਗ ਲਗ ਗਈ ਹੈ। ਅੱਗ ਬਹੁਤ ਭਿਆਨਕ ਹੈ, ਕੀ ਕਰੀਏ ?' ਜਨਕ ਨੇ ਅਗੋਂ ਉੱਤਰ ਦਿਤਾ—'ਕੁਝ ਨਹੀਂ ਕਰਨਾ, ਭਗਵਾਨ ਦੀ ਜੋ ਇਛਾ ਹੈ ਉਹ ਕਰੇ, ਸ਼ਾਇਦ ਉਹ ਚੰਗਾ ਹੀ ਕਰ ਰਿਹਾ ਹੋਵੇ।' ਪਹਿਲਾ ਦੂਤ ਗਿਆ ਤੇ ਦੂਜਾ ਆਇਆ 'ਮਹਾਰਾਜ! ਸਭ ਕੁਝ ਸੜ ਗਿਆ ਹਾਥੀ ਘੋੜੇ ਵੀ ਨਹੀਂ ਰਹੇ। ਅੱਗ ਸਿੰਘ ਪੌੜ ਤਕ ਪੁਜ ਗਈ ਹੈ।' ਰਾਜੇ ਜਨਕ ਨੇ ਲਾ-ਪ੍ਰਵਾਹੀ ਨਾਲ ਕਿਹਾ—'ਬਿਲਕੁਲ ਹੀ ਚਿੰਤਾ ਨਾ ਕਰੋ, ਜੋ ਕੁਝ ਹੋ ਰਿਹਾ ਹੈ ਸੋ ਵਾਹਵਾ।'

ਸੁਕਦੇਵ ਰਾਜੇ ਦਾ ਇਹ ਸਿਦਕ ਦੇਖ ਕੇ ਬੜਾ ਹੈਰਾਨ ਹੋਇਆ ਪਰ ਜਦੋਂ ਸੁਣਿਆ ਕਿ ਅੱਗ ਤਾਂ ਸਿੰਘ ਪੌੜ ਤਕ ਪੁਜ ਗਈ ਹੈ ਤਾਂ ਉਹ ਨਠ ਚਲਿਆ ਕਿ ਉਸਦੀ ਤੂੰਬੀ ਤੇ ਕੋਪੀਨ ਨਾ ਸੜ ਜਾਵੇ। ਜਦੋਂ ਉਹ ਮੁੜਨ ਲਗਾ ਤਾਂ ਜਨਕ ਨੇ ਉਸ ਨੂੰ ਅਵਾਜ਼ ਮਾਰ ਲਈ। ਜਨਕ ਬੋਲਿਆ—'ਰਿਖੀ ਜੀ! ਕੋਪੀਨ ਤੇ ਤੂੰਬੀ ਨਾਲ ਪਿਆਰ ਹੈ? ੧੨ ਸਾਲ ਗਰਭ ਵਿਚ ਤੇ ੨੪ ਸਾਲ ਸਮਾਧੀ ਲਾ ਕੇ ਤਪੱਸਿਆ ਕਰਨ ਦਾ ਇਹ ਫਲ ਕਿ ਮੋਹ ਨਹੀਂ ਮਰਿਆ। ਮਾਇਆ 'ਚ ਉਦਾਸੀ ਨਹੀਂ ਸਿਖੀ। ਵਾਹ ਓ ਰਿਖੀ! ਜਾ ਦੌੜ ਜਾ ਤੇਰੇ ਵਰਗੇ ਨੂੰ ਕੋਈ ਚੇਲਾ ਨਹੀਂ ਬਣਾ ਸਕਦਾ।' ਇਹ ਆਖ ਕੇ ਰਾਜੇ ਨੇ ਸੁਕਦੇਵ ਨੂੰ ਧਕੇ ਮਰਵਾਏ ਤੇ ਰਾਜ ਮਹੱਲ ਵਿਚੋਂ ਬਾਹਰ ਕਢਵਾ ਦਿਤਾ। ਇਹ ਨਿਰਾਦਰੀ ਕਰਵਾ ਕੇ ਸੁਕਦੇਵ ਮੁੜ ਆਪਣੇ ਬਾਪ ਕੋਲ ਚਲਿਆ ਗਿਆ। ਉਸ ਦੇ ਬਾਪ ਨੇ ਕਿਹਾ—'ਪੁੱਤਰ! ਜਨਕ ਨੇ ਤੇਰੀ ਪ੍ਰੀਖਿਆ ਕੀਤੀ ਸੀ ਤੂੰ ਉਸ ਦੀ ਪ੍ਰੀਖਿਆ ਵਿਚ ਪੂਰਾ ਨਹੀਂ ਉਤਰਿਆ। ਇਹ ਤੇਰੀ ਭੁੱਲ ਹੈ। ਜਾਹ! ਮੁੜ ਜਾਹ, ਉਸੇ ਕੋਲ ਚਲਿਆ ਜਾਹ।'

'ਹੁਣ ਕਿਵੇਂ ਜਾਵਾਂ? ਉਸ ਦੇ ਮਥੇ ਨਹੀਂ ਲੱਗ ਸਕਦਾ।' ਸੁਕਦੇਵ ਨੇ ਪੁਛਿਆ ਇਕ ਢੰਗ ਮੈਂ ਦਸਦਾ ਹਾਂ, ਉਹ ਇਹ ਕਿ ਜਨਕ ਸਾਧੂਆਂ ਨੂੰ ਭੋਜਨ ਛਕਾਉਂਦਾ ਹੈ। ਜੋ ਜੂਠੇ ਪੱਤਲ ਹੁੰਦੇ ਹਨ ਉਹ ਆਪ ਝਰੋਖੇ ਵਿਚਦੀ ਪਿਛੇ ਸੁਟਦਾ ਹੈ। ਉਸ ਝਰੋਖੇ ਹੇਠਾਂ ਜਾ ਖਲੋ। ਤੇਰੇ ਉਤੇ ਜੂਠ ਡਿਗੇਗੀ। ਕੋਈ

ਪ੍ਰਵਾਹ ਨਾ ਕਰੀਂ। ਆਖ਼ਰ ਉਹ ਤੈਨੂੰ ਆਪ ਬੁਲਾਏਗਾ। ਬਸ ਜਦੋਂ ਬੁਲਾਏਗਾ ਤਦੋਂ ਤੈਨੂੰ ਨਿਹਾਲ ਕਰ ਦੇਵੇਗਾ। ਜੇ ਹੌਂਸਲਾ ਛੱਡ ਗਿਆ ਤਾਂ ਮੁੜ ਸਮਾਂ ਹੱਥ ਨਹੀਂ ਆਏਗਾ। ਬਾਪ ਦੀ ਆਗਿਆ ਦਾ ਪਾਲਨ ਮੁੜ ਕੇ ਕੀਤਾ। ਜਨਕ ਨਗਰੀ 'ਚ ਪੁਜ ਕੇ ਰਾਜ ਮਹੱਲ ਪਿਛਵਾੜੇ ਜਾ ਖਲੋਤਾ। ਜਨਕ ਰੋਜ ਜੂਠੇ ਪੱਤਲ ਸੁਟਦਾ ਉਹ ਸਾਰੇ ਸੁਕਦੇਵ ਦੇ ਉਤੇ ਡਿਗਦੇ ਰਹੇ। ਗੁਰੂ ਜੀ ਫ਼ੁਰਮਾਉਂਦੇ ਹਨ—

*ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ ॥*
*ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ ॥੭॥*

(ਕਾਨੜਾ ਮਹਲਾ ੪)

ਇਸ ਤਰ੍ਹਾਂ ਜੂਠ ਸਿਰ ਡਿਗਦੀ ਨੂੰ ਬਾਰਾਂ ਸਾਲ ਲੰਘ ਗਏ। ਰਾਜੇ ਜਨਕ ਨੂੰ ਤਰਸ ਆ ਗਿਆ। ਉਸ ਨੇ ਸੁਕਦੇਵ ਨੂੰ ਆਪਣੇ ਕੋਲ ਸੱਦਿਆ ਤੇ ਇਕ ਪ੍ਰੀਖਿਆ ਹੋਰ ਕਰਨੀ ਚਾਹੀ। ਉਹ ਪ੍ਰੀਖਿਆ ਇਹ ਸੀ ਕਿ ਤੇਲ ਦੀ ਥਾਲੀ ਭਰ ਕੇ ਉਸ ਦੇ ਹੱਥ ਉਤੇ ਰੱਖ ਦਿਤੀ। ਉਸ ਨੂੰ ਕਿਹਾ ਸ਼ਹਿਰ ਦੀ ਪ੍ਰਕਰਮਾ ਕਰ ਆ। ਸੁਕਦੇਵ ਥਾਲੀ ਚੁਕ ਕੇ ਸ਼ਹਿਰ ਦੁਆਲੇ ਫਿਰ ਆਇਆ। ਰਾਗ ਰੰਗ ਤੇ ਸੁੰਦਰ ਇਸਤਰੀਆਂ ਵਲ ਉਸ ਦਾ ਮਨ ਨਾ ਗਿਆ। ਧਿਆਨ ਤੇਲ ਵਿਚ ਰਿਹਾ ਹੱਥ ਨਾ ਡੋਲਿਆ। ਜਨਕ ਖ਼ੁਸ਼ ਹੋ ਗਿਆ, ਖ਼ੁਸ਼ ਹੋ ਕੇ ਉਸ ਨੇ ਸੁਕਦੇਵ ਨੂੰ ਆਪਣਾ ਚੇਲਾ ਬਣਾ ਲਿਆ। ਭਾਈ ਗੁਰਦਾਸ ਜੀ ਲਿਖਦੇ ਹਨ—

*ਪਿਤਾ ਬਿਆਸ ਪਰਬੋਧਿਆ ਗੁਰ ਕਰਿ ਜਨਕ ਸਹਜ ਅਭਿਆਸੀ।*
*ਤਜਿ ਦੁਰਮਤਿ ਗੁਰਮਤਿ ਲਈ ਸਿਰਿ ਧਨ ਜੂਠਿ ਮਿਲੀ ਸਾਬਾਸੀ।*
*ਗੁਰ ਉਪਦੇਸੁ ਅਵੇਸੁ ਕਰਿ ਗਰਬਿ ਨਿਵਾਰਿ ਜਗਤਿ ਗੁਰਦਾਸੀ।*
*ਪੈਰੀ ਪੈ ਪਾ ਖਾਕ ਹੋਇ ਗੁਰਮਤਿ ਭਾਉ ਭਗਤਿ ਪਰਗਾਸੀ।*
*ਗੁਰਮੁਖਿ ਸੁਖ ਫਲੁ ਸਹਜਿ ਨਿਵਾਸੀ ॥੧੦॥* (ਭਾਈ ਗੁਰਦਾਸ ਜੀ, ਵਾਰ ੨੫)

ਬਾਪ ਨੇ ਉਪਦੇਸ਼ ਦਿਤਾ ਕਿ ਰਾਜੇ ਜਨਕ ਕੋਲ ਚਲਿਆ ਜਾਹ ਉਸ ਕੋਲੋਂ ਉਪਦੇਸ਼ ਲੈ ਗੁਰੂ ਦੀ ਮਤ ਨੂੰ ਪਾ ਕੇ ਜੂਠੀਆਂ ਪੱਤਲਾਂ ਸਿਰ ਉਤੇ ਸੁਟਵਾਉਂਦਾ ਰਿਹਾ। ਗੁਰੂ ਨੇ ਖ਼ੁਸ਼ ਹੋ ਕੇ ਉਸ ਨੂੰ ਸ਼ਾਬਾਸ਼ ਦਿਤੀ। ਗੁਰਾਂ ਦੇ ਉਪਦੇਸ਼ ਪਿਛੇ ਲੱਗਾ ਤੇ ਹੰਕਾਰ ਦੂਰ ਹੋਇਆ। ਜਨਕ ਦੀ ਪੈਰੀਂ ਪੈ ਕੇ ਪੈਰਾਂ ਦੀ

ਖ਼ਾਕ ਬਣਿਆ । ਉਸ ਦਾ ਉਧਾਰ ਹੋਇਆ । ਗੁਰਮੁਖ ਬੰਦਿਆਂ ਨੂੰ ਇਸ ਤਰ੍ਹਾਂ ਪ੍ਰਭੂ ਭਗਤੀ ਤੇ ਸਦੀਵੀ ਸੁਖ ਮਿਲਦਾ ਹੈ।

ਸੁਕਦੇਵ ਉਤੇ ਮਾਇਆ ਦਾ ਅਸਰ ਨਹੀਂ । ਉਹ ਜਨਮ ਤੋਂ ਸਿਧ ਸੀ। ਉਹ ਬਹੁਤਾ ਚਿਰ ਕਿਤੇ ਨਾ ਠਹਿਰਦਾ। ਜਦੋਂ ਕਿਤੇ ਸੰਤ ਮੰਡਲੀ ਪ੍ਰਭੂ ਗੀਤ ਗਾਉਂਦੀ ਹੁੰਦੀ ਤਾਂ ਬੈਠਦਾ, ਨਹੀਂ ਤੇ ਬੈਠਦਾ ਹੀ ਨਾ । ਉਸ ਨੂੰ ਇਸਤਰੀ ਪੁਰਸ਼ ਦੇ ਭੇਦ ਦਾ ਪਤਾ ਨਹੀਂ ਸੀ, ਇਸ ਕਰਕੇ ਕਈ ਵਾਰ ਜੇ ਇਸਤਰੀਆਂ ਇਸ਼ਨਾਨ ਕਰਦੀਆਂ ਹੁੰਦੀਆਂ ਤੇ ਇਹ ਉਧਰ ਜਾ ਨਿਕਲਦਾ ਤਾਂ ਉਹ ਨਾ ਡਰਦੀਆਂ ਤੇ ਨਾ ਸ਼ਰਮਾਂਦੀਆਂ । ਇਹ ਵੀ ਪ੍ਰਭੂ ਸਿਮਰਨ ਕਰਦਾ ਹੋਇਆ ਅਗੇ ਨਿਕਲ ਜਾਂਦਾ । ਇਹ ਪੂਰਨ ਬ੍ਰਹਮ ਗਿਆਨੀ ਹੋਇਆ ਹੈ ।

# ੩੬. ਸ਼ਿਵ ਜੀ ਮਹਾਰਾਜ

ਸ਼ਿਵਜੀ ਮਹਾਰਾਜ ਜਾਂ ਸ਼ੰਕਰ ਹਿੰਦੂ ਗ੍ਰੰਥਾਂ ਅਨੁਸਾਰ ਦੇਵਤੇ ਹਨ । ਇਨ੍ਹਾਂ ਦੀਆਂ ਕਹਾਣੀਆਂ ਬੇਅੰਤ ਹਨ । ਇਹ ਮੌਤ ਜਾਂ ਬਰਬਾਦੀ ਦੇ ਦੇਵਤਾ ਹਨ। ਪੁਰਾਣਾਂ ਵਿਚ ਇਹਨਾਂ ਦੇ ਗਿਆਰਾਂ ਨਾਮ ਪ੍ਰਸਿਧ ਹਨ । ਮਹਾਂਦੇਵ ਵੀ ਇਨ੍ਹਾਂ ਨੂੰ ਹੀ ਕਿਹਾ ਜਾਂਦਾ ਹੈ । ਜੋ ਤਸਵੀਰ ਇਨ੍ਹਾਂ ਦੀ ਮਿਲਦੀ ਹੈ, ਉਸ ਅਨੁਸਾਰ ਹੁਲੀਆ ਇਹ ਹੈ—ਸਿਰ ਤੇ ਜਟਾਵਾਂ ਹਨ ਤੇ ਜਟਾਵਾਂ ਵਿਚੋਂ ਗੰਗਾ ਫੁਟ ਰਹੀ ਹੈ । ਚੌੜੇ ਮਥੇ ਵਿਚ ਚੰਦਰਮਾ ਦਾ ਨਿਸ਼ਾਨ ਤੇ ਤੀਸਰੀ ਅੱਖ ਹੈ । ਸੱਪਾਂ ਤੇ ਮਨੁਖ ਸਿਰਾਂ ਦੀ ਮਾਲਾ ਗਲ ਪਾਈ ਰਖਦੇ ਹਨ । ਤਨ ਨੂੰ ਸ਼ੇਰ ਦੀ ਖਲ ਨਾਲ ਢਕਿਆ ਤੇ ਮਸਾਣਾਂ ਦੀ ਸੁਆਹ ਮਲੀ ਹੋਈ ਹੈ, ਹੱਥ ਵਿਚ ਤ੍ਰਿਸ਼ੂਲ ਫੜ ਕੇ ਨੰਦੀ ਬੈਲ ਉਤੇ ਚੜ੍ਹੇ ਰਹਿੰਦੇ ਹਨ । ਸੁੰਦਰ ਇਸਤਰੀ ਪਾਰਬਤੀ ਸਦਾ ਅੰਗ ਸੰਗ ਰਹਿੰਦੀ ਹੈ । ਇਨ੍ਹਾਂ ਨੂੰ ਨੀਲ ਕੰਠ ਵੀ ਆਖਿਆ ਜਾਂਦਾ ਹੈ । ਕਿਉਂਕਿ ਆਖਦੇ ਹਨ ਜਦੋਂ ਦੇਵਤਿਆਂ ਤੇ ਦੈਂਤਾਂ ਨੇ ਰਲ ਕੇ ਸਮੁੰਦਰ ਰਿੜਕਿਆ ਸੀ ਤਾਂ ਉਸ ਵੇਲੇ ਇਕ ਜ਼ਹਿਰ ਨਿਕਲੀ ਸੀ, ਉਸ ਜ਼ਹਿਰ ਨੂੰ ਸ਼ਿਵਜੀ ਨੇ ਪੀ ਲਿਆ ਪਰ ਗਲ ਤੋਂ ਹੇਠਾਂ ਨਾ ਉਤਰਨ ਦਿਤਾ, ਜਿਸ ਨੇ ਗਲਾ ਨੀਲਾ ਕਰ ਦਿੱਤਾ । ਨਾਚ ਤੇ ਰਾਗ ਦੇ ਉਸਤਾਦ ਮੰਨੇ ਗਏ ਹਨ।

ਸ਼ਿਵ ਨਾਥ ਪ੍ਰਸਿੱਧ ਹੈ । ਸ਼ਿਵ ਪੁਰਾਣ ਵਿਚ ਬਹੁਤ ਸਾਰੀਆਂ ਕਥਾਵਾਂ ਹਨ। ਇਹ ਵੀ ਆਖਿਆ ਜਾਂਦਾ ਹੈ ਕਿ ਇਸੇ ਅਮਰ ਦੇਵਤਾ ਨੇ ਸ੍ਰੀ ਰਾਮ ਚੰਦਰ ਜੀ ਦੇ ਜੀਵਨ ਨੂੰ ਸੰਸਾਰ ਅਗੇ ਪ੍ਰਗਟ ਕੀਤਾ ਸੀ । ਸਾਰੇ ਭਾਰਤ ਵਿਚ ਸ਼ਿਵਜੀ ਦੇ ਬਹੁਤ ਮੰਦਰ ਹਨ ਜਿਨ੍ਹਾਂ ਨੂੰ ਲੱਖਾਂ ਹਿੰਦੂ ਪੂਜਦੇ ਹਨ ।

# ੩੭. ਸਨਕਾਦਿਕ ਕੌਣ ਹਨ ?

ਸਨਕਾਦਿਕ ਸ਼ਬਦ ਗੁਰਬਾਣੀ ਵਿਚ ਬਹੁਤ ਆਉਂਦਾ ਹੈ, ਜਿਵੇਂ ਸਨਕਾਦਿਕ ਨਾਰਦ ਮੁਨਿ ਦਾ ਹੈ (ਗੁਰਬਾਣੀ) ਨਾਲ ਬੁਧਿ ਸਨਕਾਦਿਕਾਂ ਬਾਲ ਸੁਭਾਉ ਵਿਰਤੀ ਹਾਣੇ ॥ (ਭਾਈ ਗੁਰਦਾਸ) ਇਸ ਦਾ ਸ਼ਬਦ ਅਰਥ ਹੈ ਸਨਕ ਤੇ ਹੋਰ ਇਹ ਬ੍ਰਹਮਾ ਦੇ ਪੁੱਤਰ ਚਾਰ ਭਰਾ ਸਨ—ਸਨਕ ਸਨੰਦਨ ਸਨਾਤਨ ਤੇ ਸੰਤ ਕੁਮਾਰ। ਚਾਰੇ ਇਕੱਠੇ ਰਹਿੰਦੇ ਸਨ ਇਹ ਉਮਰ ਵਿਚ ਪੰਜ ਸਾਲ ਤੋਂ ਨਹੀਂ ਸਨ ਵਧਦੇ। ਬਾਲ ਅਵਸਥਾ ਵਿਚ ਰਹਿਣ ਕਰਕੇ ਮਾਇਆ ਉਨ੍ਹਾਂ ਉਤੇ ਅਸਰ ਨਹੀਂ ਸੀ ਕਰਦੀ । ਬੜੇ ਭਗਤ ਸਨ ।

ਇਕ ਵਾਰ ਚਾਰੇ ਭਰਾ ਸੰਸਾਰ ਦਾ ਚੱਕਰ ਕਟਦੇ ਹੋਏ ਪ੍ਰਮਾਤਮਾ ਦੇ ਦਰਬਾਰ ਵਲ ਨੂੰ ਮੁੜੇ, ਇਨ੍ਹਾਂ ਦੀ ਇਛਾ ਹੋਈ ਕਿ ਉਹ ਪ੍ਰਮਾਤਮਾ ਦੇ ਦਰਸ਼ਨ ਕਰਨ। ਚਲਦੇ ਚਲਦੇ ਪ੍ਰਮਾਤਮਾ ਦੇ ਅਸਥਾਨ ਕੋਲ ਪੁਜੇ । ਜਾਂ ਸਤਵੀਂ ਡਿਓੜੀ ਵਿਚ ਪੁਜੇ ਤਾਂ ਦੁਆਰਪਾਲਾਂ ਨੇ ਉਨ੍ਹਾਂ ਨੂੰ ਰੋਕ ਦਿਤਾ । ਦੁਆਰਪਾਲ ਦੋ ਭਰਾ—ਜੈ ਤੇ ਬਿਜੈ ਸਨ। ਸਨਕ ਨੇ ਕ੍ਰੋਧਵਾਨ ਹੋ ਕੇ ਦੋਹਾਂ ਨੂੰ ਸਰਾਪ ਦਿਤਾ—'ਅਸਾਨੂੰ ਰੋਕਿਆ ਜੇ! ਤੁਸੀਂ ਤਾਂ ਰਾਖਸ਼ ਜੇ! ਜਾਓ ਦੂਰ ਹਟੋ!' ਉਸੇ ਵੇਲੇ ਉਹ ਰਾਖਸ਼ ਰੂਪ ਬਣ ਕੇ ਧਰਤੀ ਉਤੇ ਆ ਡਿਗੇ । ਸਨਕ ਤੇ ਹੋਰ ਤਿੰਨ ਭਾਈ ਪ੍ਰਮਾਤਮਾ ਦੇ ਦਰਸ਼ਨ ਵਾਸਤੇ ਅੰਦਰ ਚਲੇ ਗਏ।

ਬ੍ਰਹਮਾ ਦੇ ਪੁੱਤਰਾਂ ਦਾ ਸਰਾਪ ਅਟੱਲ ਰਿਹਾ । ਜੈ ਤੇ ਬਿਜੈ ਨੇ ਤਿੰਨ ਜਨਮ ਦੈਂਤ ਰੂਪ ਧਾਰਿਆ । ਹਰਨਕਸ਼ਿਪ ਤੇ ਹਰਨਾਕਸ਼ਪ ਸ਼ਿਸ਼ਪਾਲ ਤੇ ਦੰਦਵਕ੍ਰ ਅਤੇ ਕੁੰਭਕਰਨ ਤੇ ਰਾਵਣ ਇਹ ਦੋਵੇਂ ਭਰਾ ਬਣਦੇ ਰਹੇ ਤੇ ਭਗਤਾਂ

ਨੂੰ ਤੰਗ ਕਰਨ ਤੇ ਪ੍ਰਮਾਤਮਾ ਦੇ ਹਥੋਂ ਮਰਦੇ ਰਹੇ। ਇਨ੍ਹਾਂ ਦੇ ਮਾਰਨ ਬਦਲੇ ਪ੍ਰਮਾਤਮਾ ਕਿਸੇ ਨਾ ਕਿਸੇ ਰੂਪ ਵਿਚ ਅਵਤਾਰ ਧਾਰ ਕੇ ਜਗਤ ਉਤੇ ਆਉਂਦਾ ਰਿਹਾ। ਜਨਕ ਨੇ ਉਨ੍ਹਾਂ ਨੂੰ ਸਰਾਪ ਦਿੱਤਾ ਸੀ, ਉਨ੍ਹਾਂ ਦੇ ਉਧਾਰ ਬਦਲੇ ਇਸ ਨੂੰ ਵੀ ਪ੍ਰਹਿਲਾਦ ਹਨੂੰਮਾਨ ਅਕਰੂਰ ਨਾਵਾਂ ਹੇਠ ਤਿੰਨ ਵਾਰ ਜਨਮ ਲੈਣਾ ਪਿਆ ਤੇ ਕਸ਼ਟ ਉਠਾਉਣੇ ਪਏ। ਇਹ ਪ੍ਰਭੂ ਦੇ ਪਿਆਰੇ ਸੀ। ਪ੍ਰਭੂ ਇਨ੍ਹਾਂ ਨੂੰ ਪਿਆਰਦਾ ਰਿਹਾ। ਜਦੋਂ ਭੀੜ ਬਣਦੀ ਰਹੀ ਤਦੋਂ ਹੀ ਅਵਤਾਰ ਧਾਰ ਕੇ ਝਟ ਪਟ ਪੁਜਦਾ ਰਿਹਾ। ਆਪਣੇ ਭਗਤਾਂ ਤੇ ਸੇਵਕਾਂ ਦੀ ਆਪ ਲਾਜ ਰਖਦਾ ਹੈ—

> *ਸਭ ਮਹਿ ਏਕੁ ਨਿਰੰਜਨ ਕਰਤਾ ॥ ਸਭਿ ਕਰਿ ਕਰਿ ਵੇਖੈ ਅਪਣੇ ਚਲਤਾ ॥ ਜਿਸੁ ਹਰਿ ਰਾਖੈ ਤਿਸੁ ਕਉਣੁ ਮਾਰੈ ਜਿਸੁ ਕਰਤਾ ਆਪਿ ਛਡਾਈ ਜੀਉ ॥੪॥*
>
> *(ਮਾਰੂ ਮ: ੪)*

> *ਤਖਤਿ ਸਲਾਮੁ ਹੋਵੈ ਦਿਨੁ ਰਾਤੀ ॥ ਇਹੁ ਸਾਚੁ ਵਡਾਈ ਗੁਰਮਤਿ ਲਿਵ ਜਾਤੀ ॥ ਨਾਨਕ ਰਾਮੁ ਜਪਹੁ ਤਰੁ ਤਾਰੀ ਹਰਿ ਅੰਤਿ ਸਖਾਈ ਪਾਇਆ ॥੧੫॥੧॥੧੮॥*
>
> *(ਮਾਰੂ ਮ: ੧)*

ਭਾਵ—ਸਾਰਿਆਂ ਵਿਚ ਉਹੋ ਆਪ ਪ੍ਰਮੇਸ਼ਰ ਹੈ। ਆਪਣੇ ਚਲਿਤ੍ਰ ਆਪ ਕਰਕੇ ਵੇਖਦਾ ਹੈ। ਜਿਸ ਨੂੰ ਹਰੀ (ਪ੍ਰਭੂ ਪ੍ਰਮਾਤਮਾ) ਰਖੇ ਉਸ ਨੂੰ ਮਾਰਨ ਵਾਲਾ ਕੌਣ ਹੈ? ਕਰਤਾ ਪੁਰਖ ਆਪੇ ਹੀ ਸਭ ਨੂੰ ਛੁਡਾਉਂਦਾ ਹੈ। ਉਸ ਦੇ ਸਰੂਪ ਨੂੰ ਰਾਤ ਦਿਨੇ ਸਲਾਮ (ਨਮਸਕਾਰ) ਹੈ ਇਸ ਵਡਿਆਈ ਨੂੰ ਤਦੋਂ ਜਾਣਿਆ ਹੈ ਜਾਂ ਗੁਰ ਚਰਨਾਂ ਵਿਚ ਪੁੱਜ ਕੇ ਗੁਰਦੇਵ ਦੀ ਮਤ ਸੁਣੀ ਤੇ ਉਸ ਤੇ ਚਲੇ ਹਾਂ। ਜੇ ਗੁਰੂ ਦੇ ਦਸੇ ਅਸੂਲਾਂ ਅਨੁਸਾਰ ਪ੍ਰਭੂ ਦੀ ਭਗਤੀ ਕਰੋ ਤਾਂ ਆਪ ਜ਼ਰੂਰ ਹੀ ਭਵਸਾਗਰ ਤੋਂ ਤਰ ਜਾਵੋਗੇ। ਜਿਨ੍ਹਾਂ ਨੇ ਪ੍ਰਮੇਸ਼ਰ ਦਾ ਸਿਮਰਨ ਕੀਤਾ ਹੈ, ਉਹਨ੍ਹਾਂ ਨੇ ਆਪਣਾ ਮੁਦਈ ਲਭ ਲਿਆ ਹੈ, ਜੋ ਅੰਤ ਸਮੇਂ ਮਦਦ ਕਰੇਗਾ।

# ੩੮. ਸੰਮਨ ਮੂਸਨ

ਸੰਸਾਰ ਵਿਚ ਸੇਵਾ ਤੇ ਪ੍ਰੇਮ ਦੀਆਂ ਅਨੇਕਾਂ ਸਾਖੀਆਂ ਹਨ । ਕਈਆਂ ਭਗਤਾਂ ਨੇ ਸੇਵਾ ਬਦਲੇ ਹਰ ਆਪਣੀ ਪਿਆਰੀ ਤੇ ਕੀਮਤੀ ਚੀਜ਼ ਵੇਚ ਦਿਤੀ। ਆਖਦੇ ਹਨ ਪੀਪੇ ਦੀ ਪਤਨੀ ਸੰਤਾਂ ਦੀ ਸੇਵਾ ਕਰਨ ਬਦਲੇ ਰਾਤ ਬਾਣੀਏ ਕੋਲ ਜਾਣ ਨੂੰ ਤਿਆਰ ਹੋਈ ਸੀ। ਭਗਤੀ ਦੀਆਂ ਸੰਸਾਰ ਵਿਚ ਸੈਂਕੜੇ ਸਾਖੀਆਂ ਹਨ, ਇਨ੍ਹਾਂ ਦਾ ਬਿਆਨ ਕਰਨ ਲਗਿਆਂ ਸੈਂਕੜੇ ਗ੍ਰੰਥ ਤਿਆਰ ਹੁੰਦੇ ਹਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੰਮਨ ਮੂਸਨ ਪਿਉ ਪੁੱਤਰ ਸਨ। ਸੰਮਨ 'ਬਾਪ' ਮੂਸਨ 'ਪੁੱਤਰ' । ਲਾਹੌਰ ਵਿਚ ਰਹਿੰਦੇ ਤੇ ਮਿਹਨਤ ਮਜ਼ਦੂਰੀ ਕਰ ਕੇ ਘਰ ਦਾ ਝਟ ਲੰਘਾਉਂਦੇ ਸਨ । ਦੋਵੇਂ ਪਿਉ ਪੁਤ ਗੁਰੂ ਘਰ ਦੇ ਬਹੁਤ ਸ਼ਰਧਾਲੂ ਸਿੱਖ ਸਨ। ਜਦੋਂ ਕਿਤੇ ਪਤਾ ਲਗਦਾ ਕਿ ਗੁਰੂ ਜੀ ਆਏ ਹਨ ਤਾਂ ਉਹ ਪਹੁੰਚ ਕੇ ਸਤਿਸੰਗ ਕਰਨ ਵਾਸਤੇ ਜਾਂਦੇ । ਇਕ ਵਾਰ ਸ੍ਰੀ ਗੁਰੂ ਅਰਜਨ ਦੇਵ ਜੀ ਲਾਹੌਰ ਗਏ ਹੋਏ ਸਨ । ਸੰਗਤਾਂ ਹੁੰਮ ਹੁੰਮਾ ਕੇ ਰੋਜ਼ ਦਰਸ਼ਨ ਕਰਨ ਵਾਸਤੇ ਆਇਆ ਕਰਦੀਆਂ ਸਨ । ਕਈ ਪ੍ਰੇਮੀ ਜਿਨ੍ਹਾਂ ਨੂੰ ਵਾਹਿਗੁਰੂ ਨੇ ਬਹੁਤਾ ਧਨ ਦਿੱਤਾ ਸੀ, ਗੁਰੂ ਜੀ ਤੇ ਸੰਗਤ ਨੂੰ ਵਰਜ ਕੇ ਰੋਟੀ ਖਵਾਉਂਦੇ ਸਨ । ਉਨ੍ਹਾਂ ਵਲ ਵੇਖ ਕੇ ਪ੍ਰੇਮੀ ਸਿੱਖ ਸੰਮਨ ਤੇ ਮੂਸਨ ਨੂੰ ਹਿਰਦੇ ਵਿਚ ਚਾਅ ਆਇਆ ਕਿ ਉਹ ਵੀ ਗੁਰੂ ਜੀ ਤੇ ਸੰਗਤਾਂ ਨੂੰ ਪ੍ਰਸ਼ਾਦਿ ਛਕਾ ਕੇ ਜੀਵਨ ਤੇ ਕਮਾਈ ਨੂੰ ਸਫਲ ਕਰਨ । ਪਰ ਕੋਲ ਕੁਝ ਨਹੀਂ ਸੀ, ਜੋ ਕਮਾਈ ਕਰਦੇ ਸਨ ਉਹ ਰੋਜ਼ ਦੀ ਰੋਜ਼ ਖ਼ਰਚ ਹੋ ਜਾਂਦੀ ਸੀ । ਦੋਵੇਂ ਇਕਾਂਤ ਵਿਚ ਬੈਠ ਕੇ ਸੋਚਦੇ ਰਹੇ। ਬਹੁਤ ਚਿਰ ਸੋਚਣ ਪਿਛੋਂ ਉਨ੍ਹਾਂ ਨੂੰ ਇਕ ਢੰਗ ਸੁਝਿਆ, ਉਹ ਇਹ ਕਿ ਉਨ੍ਹਾਂ ਦੇ ਗੁਆਂਢ ਹਲਵਾਈ ਜਗਤ ਰਾਮ ਸੀ। ਜਗਤ ਰਾਮ ਹਲਵਾਈ ਨੂੰ ਆਖਣ ਲਗੇ—'ਭਾਈ ਜੀ ! ਜੇ ਤੁਸੀਂ ਸਾਨੂੰ ਪੰਜਾਹ ਸਿੱਖਾਂ ਵਾਸਤੇ ਪੱਕਾ ਭੋਜਨ ਮਠਿਆਈ ਪੂੜੀਆਂ ਆਦਿਕ ਬਣਾ ਦਿਓ ਤੇ ਜੋ ਖ਼ਰਚਾ ਆਵੇ ਉਹ ਅਸੀਂ ਤੁਹਾਨੂੰ ਹੌਲੀ-ਹੌਲੀ ਕਮਾ ਕੇ ਵਿਆਜ ਸਮੇਤ ਦੇ

ਦੇਵਾਂਗੇ । ਅਸਾਡੀ ਸ਼ਰਧਾ ਹੈ ਇਹ ਪੂਰੀ ਹੋ ਜਾਵੇ, ਮਦਦ ਕਰੋ।'

ਪਿਉ ਪੁੱਤਰਾਂ ਦੀ ਪ੍ਰਾਰਥਨਾ ਸੁਣ ਕੇ ਹਲਵਾਈ ਜਗਤ ਰਾਮ ਨੇ ਹਾਂ ਕਰ ਦਿੱਤੀ। ਉਸ ਦੀ ਹਾਂ ਉੱਤੇ ਸੰਮਨ ਤੇ ਮੂਸਨ ਗੁਰੂ ਜੀ ਦੀ ਹਜ਼ੂਰੀ ਵਿਚ ਪੁਜੇ ਤੇ ਪ੍ਰਸ਼ਾਦਿ ਵਾਸਤੇ ਆਖ ਦਿਤਾ । ਦਿਨ ਮਿਥਿਆ ਗਿਆ । ਅੰਤਰਜਾਮੀ ਦਾਤੇ ਸਭ ਜਾਣਦੇ ਸਨ। ਉਨ੍ਹਾਂ ਕਿਹਾ—'ਜਾਹ ਸਿੱਖਾ! ਤੇਰੀ ਸ਼ਰਧਾ ਪੂਰੀ ਹੋ ਜਾਵੇਗੀ ।' ਇਹ ਸੁਣ ਕੇ ਦੋਵੇਂ ਪਿਉ ਪੁੱਤਰ ਖ਼ੁਸ਼ੀ-ਖ਼ੁਸ਼ੀ ਘਰ ਆ ਗਏ। ਜਗਤ ਰਾਮ ਦੇ ਕੋਲ ਬੈਠ ਕੇ ਸਾਮਾਨ ਤਿਆਰ ਕਰਵਾਉਣ ਲਗੇ ।

ਸੰਸਾਰ ਵਿਚ ਗੁਰੂ ਨਿੰਦਕਾਂ ਤੇ ਮਨਮਤੀਆਂ ਦਾ ਵੀ ਘਾਟਾ ਨਹੀਂ । ਇਹ ਸ਼ੈਤਾਨੀ ਬਲ ਵਾਲੇ ਭਗਤਾਂ ਦੇ ਨਾਲ ਹੀ ਸੰਸਾਰ ਵਿਚ ਤੁਰੇ ਆਉਂਦੇ ਹਨ। ਜਗਤ ਰਾਮ ਤੇ ਸੰਮਨ ਮੂਸਨ ਦਾ ਗੁਆਂਢੀ ਇਕ ਸੇਠ ਸੀ ਜੋ ਮਨ ਦਾ ਭੈੜਾ ਤੇ ਕੰਜੂਸ ਸੀ । ਉਸ ਨੂੰ ਜਦੋਂ ਪਤਾ ਲਗਾ ਕਿ ਗ਼ਰੀਬ ਸੰਮਨ ਮੂਸਨ ਗੁਰੂ ਜੀ ਤੇ ਸਿੱਖ ਸੰਗਤਾਂ ਨੂੰ ਪ੍ਰਸ਼ਾਦਿ ਛਕਾ ਰਹੇ ਹਨ ਤਾਂ ਉਸ ਨੇ ਮਨ ਵਿਚ ਈਰਖਾ ਕੀਤੀ । ਇਕ ਇਹ ਵੀ ਸੋਚਿਆ ਕਿ ਜੇ ਗ਼ਰੀਬ ਨੇ ਗੁਰੂ ਜੀ ਤੇ ਸੰਗਤ ਨੂੰ ਪ੍ਰਸ਼ਾਦਿ ਛਕਾ ਦਿਤਾ ਤਾਂ ਲੋਕ ਇਨ੍ਹਾਂ ਦੀ ਸੋਭਾ ਕਰਨਗੇ ਤੇ ਮੇਰੀ ਨਿੰਦਾ ਕਰਨਗੇ । ਇਸ ਵਾਸਤੇ ਉਹ ਜਗਤ ਰਾਮ ਕੋਲ ਗਿਆ ਤੇ ਉਸ ਨੂੰ ਆਖਣ ਲਗਾ—'ਜਗਤੇ! ਇਹ ਕੀ ਲੋਹੜਾ ਮਾਰ ਰਿਹਾ ਹੈਂ । ਸੰਮਨ ਮੂਸਨ ਕਈਆਂ ਜਨਮਾਂ ਦੇ ਭੁਖੇ ਤੇ ਨੰਗੇ ਹਨ । ਦਿਨੇ ਰੋਟੀ ਖਾਂਦੇ ਨੇ ਰਾਤ ਨੂੰ ਭੁਖੇ ਹੀ ਲੇਟੇ ਰਹਿੰਦੇ ਹਨ । ਉਨ੍ਹਾਂ ਕੰਗਾਲਾਂ ਕੋਲੋਂ ਸੌ ਸਵਾ ਸੌ ਦੀ ਰਕਮ ਕਿਵੇਂ ਵਸੂਲ ਕਰ ਲਵੇਂਗਾ । ਕੁਝ ਸੋਚ ਤੇ ਅਕਲ ਤੋਂ ਕੰਮ ਲੈ । ਮਠਿਆਈ ਕੱਢਣੀ ਬੰਦ ਕਰ । ਮੂਰਖ ਪੁਣਾ ਕਿਉਂ ਕਰਦਾ ਹੈਂ । ਪੰਜ ਸੱਤ ਛਿਲੜ ਬਿਆਜ ਦੇ ਲਾਲਚ ਬਦਲੇ ਭਾਰੀ ਰਕਮ ਗਵਾਉਂਦਾ ਹੈਂ ਸਾਫ਼ ਜੁਆਬ ਦੇ ਦੇਹ।'

ਜਗਤ ਰਾਮ ਇਹ ਸੁਣ ਕੇ ਸੋਚੀਂ ਪੈ ਗਿਆ । ਉਸ ਨੇ ਵੀ ਮਨ ਨਾਲ ਫ਼ੈਸਲਾ ਕਰ ਲਿਆ ਕਿ ਉਹ ਸੰਮਨ ਮੂਸਨ ਨੂੰ ਜਵਾਬ ਦੇ ਦੇਵੇਗਾ । ਮਠਿਆਈ ਕੱਢਣੀ ਬੰਦ ਕਰ ਦਿੱਤੀ । ਸੰਮਨ ਆਇਆ ਤਾਂ ਉਸ ਨੂੰ ਜਗਤ ਰਾਮ ਨੇ ਆਖ ਦਿਤਾ—'ਭਾਈ ਮੈਥੋਂ ਇਹ ਖ਼ਰਚ ਦੀ ਭਾਰੀ ਪੰਡ ਨਹੀਂ ਚੁਕੀ ਜਾਂਦੀ, ਕੋਈ ਹੋਰ ਪ੍ਰਬੰਧ ਕਰ ਲਵੋ ਜਾਂ ਮੈਨੂੰ ਦੋ ਸੌ ਰੁਪਿਆ ਨਕਦ ਲਿਆ ਕੇ ਦਿਓ।

ਮੇਰਾ ਜਵਾਬ ਜੇ ।' ਸੰਮਨ ਘਰ ਗਿਆ। ਮੂਸਨ ਨੂੰ ਸਾਰੀ ਗੱਲ ਦੱਸ ਦਿਤੀ। ਦੋਵੇਂ ਪਿਉ ਪੁੱਤਰ ਘਬਰਾ ਗਏ, ਉਹ ਸੋਚਣ ਲਗੇ ਹੁਣ ਕੀ ਕਰੀਏ, ਗੁਰੂ ਜੀ ਤੇ ਸੰਗਤ ਵਲੋਂ ਝੂਠੇ ਹੋਣ ਨਾਲੋਂ ਮਰਨਾ ਯੋਗ ਹੈ। ਗੁਰੂ ਜੀ ਕੋਲੋਂ ਬੇਮੁਖ ਹੋਵਾਂਗੇ । ਬਦਨਾਮੀ ਹੋਵੇਗੀ, ਸੰਗਤ ਭੁਖੀ ਰਹੇਗੀ । ਜਗਤ ਰਾਮ ਨੇ ਧੋਖਾ ਦਿੱਤਾ । ਅੱਛਾ! ਵਾਹਿਗੁਰੂ ਦੇ ਰੰਗ । ਗੁਰੂ ਨੇ ਸਾਡੀ ਪੱਤ ਰਖਣੀ ਹੈ ਤਾਂ ਜ਼ਰੂਰ ਆਪਣਾ ਕਾਰਜ ਆਪ ਕਰੇਗਾ ।'

ਮੂਸਨ ਨੇ ਸੰਮਨ ਨੂੰ ਆਖਿਆ—'ਪਿਤਾ ਜੀ! ਆਪਣਾ ਗੁਆਂਢੀ ਸ਼ਾਹੂਕਾਰ ਹੈ, ਇਸ ਦੇ ਘਰ ਸੰਨ੍ਹ ਲਾ ਕੇ ਰੁਪਏ ਕੱਢ ਲਈਏ । ਇਹ ਪਾਪ ਨਹੀਂ ਤੇ ਨਾ ਚੋਰੀ ਹੈ ਕਿਉਂਕਿ ਆਪਾਂ ਲਾਲਚ ਬਦਲੇ ਤਾਂ ਕਰਨਾ ਨਹੀਂ । ਗੁਰੂ ਜੀ ਤੇ ਸਾਧ ਸੰਗਤ ਨੂੰ ਛਕਾ ਦੇਣਾ ਹੈ । ਸੰਮਨ ਦੀ ਭਾਵੇਂ ਇਹ ਕਰਮ ਕਰਨ ਦੀ ਸਲਾਹ ਨਹੀਂ ਸੀ ਫਿਰ ਵੀ ਉਸ ਨੂੰ ਪੁੱਤਰ ਦੇ ਆਖੇ ਲਗਣਾ ਪਿਆ ਕਿਉਂਕਿ ਅਗਲੇ ਦਿਨ ਪ੍ਰਸ਼ਾਦਿ ਛਕਾਉਣਾ ਸੀ ।

ਰਾਤ ਹੋ ਗਈ ਸਾਰਾ ਸ਼ਹਿਰ ਸੌਂ ਗਿਆ, ਪਰ ਸੰਮਨ ਤੇ ਮੂਸਨ ਨੂੰ ਨੀਂਦ ਨਹੀਂ ਸੀ ਆਉਂਦੀ । ਉਹ ਚਿੰਤਾਵਾਨ ਸਨ । ਰਾਤ ਦੇ ਦਸ ਵਜੇ ਦਾ ਵੇਲਾ ਹੋਵੇਗਾ ਕਿ ਦੋਵੇਂ ਪਾੜ ਪਾਣ ਵਾਸਤੇ ਘਰੋਂ ਨਿਕਲੇ, ਹਥਿਆਰ ਲਏ ਤੇ ਸ਼ਾਹੂਕਾਰ ਦੇ ਕੋਠੇ ਚੜ੍ਹ ਗਏ । ਕੋਠੇ ਦੀ ਛੱਤ ਪਾੜ ਸੁਟੀ । ਛੋਟਾ ਜਿਹਾ ਮੁਘ ਕਰ ਕੇ ਮੂਸਨ ਹੇਠਾਂ ਉਤਰ ਗਿਆ । ਸ਼ਾਹੂਕਾਰ ਦੀ ਕੋਠੀ ਵਿਚੋਂ ਪੰਜ ਸੌ ਰੁਪਿਆ ਕੱਢਿਆ । ਉਹ ਰੁਪਿਆ ਸੰਮਨ ਨੂੰ ਉਪਰ ਫੜਾ ਦਿੱਤਾ । ਸੰਗਤ ਦੇ ਪ੍ਰਸ਼ਾਦਿ ਵਾਸਤੇ ਉਤਨਾ ਰੁਪਿਆ ਕਾਫ਼ੀ ਸੀ। ਹੋਰ ਰੁਪਿਆ ਨਾ ਚੁੱਕਿਆ ਤੇ ਉਸੇ ਮੁਘ ਰਾਹੀਂ ਉਪਰ ਚੜ੍ਹਨ ਲਗਾ । ਉਤਰ ਤਾਂ ਗਿਆ ਸੀ ਪਰ ਮੁਘ ਰਾਹੀਂ ਚੜ੍ਹਨਾ ਔਖਾ ਸੀ । ਉਸ ਕੋਲੋਂ ਚੜ੍ਹਿਆ ਨਾ ਜਾਵੇ । ਸਿਰ ਉਪਰ ਆ ਗਿਆ ਤੇ ਧੜ ਹੇਠਾਂ । ਸੰਮਨ ਉਪਰ ਖਿਚਦਾ ਪਰ ਥਲੇ ਕੋਈ ਚੀਜ਼ ਨਾ ਹੋਣ ਕਰਕੇ ਉਪਰ ਜ਼ੋਰ ਨਹੀਂ ਸੀ ਭਰਦਾ ਇਉਂ ਘੁਲਦਿਆਂ ਨੂੰ ਦਿਨ ਚੜ੍ਹਨ ਵਾਲਾ ਹੋਇਆ। ਕੁੱਕੜ ਨੇ ਬਾਂਗ ਦੇ ਦਿਤੀ । ਮੂਸਨ ਨੇ ਆਖਿਆ—'ਬਾਪੂ ਜੀ! ਮੇਰਾ ਸਿਰ ਵੱਢ ਲਵੋ ਧੜ ਨੂੰ ਕੋਈ ਪਛਾਣੇਗਾ ਨਹੀਂ । ਜੇ ਫੜੇ ਗਏ ਤਾਂ ਬਦਨਾਮੀ ਹੋਵੇਗੀ। ਨਾਲ ਹੀ ਲੋਕ ਗੁਰੂ ਜੀ ਨੂੰ ਮਾੜਾ ਚੰਗਾ ਬੋਲਣਗੇ । ਇਸ ਵਾਸਤੇ

ਮਰਨਾ ਚੰਗਾ ਹੈ ਜੇ ਗੁਰੂ ਜੀ ਦੀ ਇਹੋ ਇਛਾ ਹੈ ਤਾਂ ਹੁਕਮ ਮੰਨਣਾ ਯੋਗ ਹੈ ।'

ਸੰਮਨ ਨੇ ਇਹ ਸਲਾਹ ਸੁਣ ਤਾਂ ਲਈ ਪਰ ਸੰਸਾਰ ਵਿਚ ਇਕਲੌਤੇ ਬੇਟੇ ਦਾ ਸਿਰ ਕੌਣ ਕੱਟੇ । ਇਹ ਕਰਮ ਤਾਂ ਵਲੀ ਔਲੀਏ ਵੀ ਨਹੀਂ ਕਰ ਸਕਦੇ। ਸਧਾਰਨ ਆਦਮੀ ਦਾ ਕੀ ਹੈ ? ਪਰ ਵਾਹ ਗੁਰੂ ਤੇ ਧੰਨ ਗੁਰੂ ਜੀ ਦੇ ਸਿਖ ! ਗੁਰੂ ਤੇ ਸਾਧ ਸੰਗਤ ਨੂੰ ਪ੍ਰਸੰਨ ਕਰਨ ਵਾਸਤੇ ਜੀਵਨ ਦੀ ਬਾਜੀ ਲਾ ਦਿਤੀ। ਬਾਪ ਨੇ ਕ੍ਰਿਪਾਨ ਨਾਲ ਪੁੱਤਰ ਦਾ ਸਿਰ ਵੱਢ ਦਿਤਾ ਧੜ ਹੇਠਾਂ ਡਿੱਗ ਪਿਆ। ਅਖੋਂ ਅਥਰੂ ਨਹੀਂ ਕੇਰੇ । ਘਰ ਗਿਆ ਪੁੱਤਰ ਦੇ ਸਿਰ ਨੂੰ ਕਪੜੇ ਵਿਚ ਵਲੇਟ ਕੇ ਰੱਖ ਦਿਤਾ । ਹੱਥ ਮੂੰਹ ਧੋ ਕੇ ਤੜਕੇ ਹੀ ਜਗਤ ਰਾਮ ਹਲਵਾਈ ਵਲ ਗਿਆ ਤੇ ਉਸ ਨੂੰ ਦੋ ਸੌ ਰੁਪਿਆ ਦੇ ਕੇ ਆਖਿਆ—'ਮਠਿਆਈ ਕੱਢ ! ਛੇਤੀ ਕਰ ਸਵੇਰ ਦਾ ਪ੍ਰਸ਼ਾਦਿ ਛਕਾਉਣਾ ਹੈ ।' ਜਿਸ ਨੂੰ ਪੈਸੇ ਮਿਲ ਗਏ ਉਹ ਭਲਾ ਕੰਮ ਕਿਉਂ ਨਾ ਕਰੇ । ਉਸ ਨੇ ਬਹੁਤ ਆਦਮੀ ਲਾ ਕੇ ਰੋਟੀ ਵੇਲੇ ਨੂੰ ਪ੍ਰਸ਼ਾਦਿ ਤਿਆਰ ਕਰ ਦਿਤਾ ।

ਦੂਸਰੇ ਪਾਸੇ ਸ਼ਾਹੂਕਾਰ ਸਵੇਰੇ ਉਠਿਆ । ਘਰ ਦਾ ਬੂਹਾ ਖੋਹਲਿਆ ਤਾਂ ਅੰਦਰ ਲੋਥ ਪਈ ਦੇਖ ਕੇ ਕੰਬ ਗਿਆ । ਉਸ ਨੂੰ ਚੋਰੀ ਤੇ ਕੋਠੇ ਦਾ ਪਾੜ ਤਾਂ ਭੁਲ ਗਿਆ ਪਰ ਫ਼ਿਕਰ ਪੈ ਗਿਆ ਲੋਥ ਦਾ । ਉਹ ਨੱਠਾ ਨੱਠਾ ਸੰਮਨ ਵਲ ਗਿਆ, ਉਸ ਅਗੇ ਹੱਥ ਜੋੜ ਕੇ ਤਰਲਾ ਕਰਨ ਲੱਗਾ—'ਭਾਈ ਸੰਮਨ ! ਦੋ ਸੌ ਰੁਪਿਆ ਲੈ ਲੈ ਤੇ ਮੇਰੇ ਘਰ ਕਿਸੇ ਦੀ ਲੋਥ ਪਈ ਹੈ, ਉਸ ਨੂੰ ਚੁੱਕ ਕੇ ਬਾਹਰ ਸੁਟ ਆ, ਕਿਸੇ ਨੂੰ ਦਸੀਂ ਨਾ, ਮੇਰੀਆਂ ਪਿਛਲੀਆਂ ਭੁੱਲਾਂ ਬਖ਼ਸ਼ ਮੇਰੇ ਤੇ ਦਿਆ ਕਰ, ਕਿਸੇ ਨੂੰ ਪਤਾ ਨਾ ਲਗੇ।

ਇਹ ਸੁਣ ਕੇ ਸੰਮਨ ਨੂੰ ਖ਼ੁਸ਼ੀ ਹੋਈ ਉਸ ਨੇ ਸ਼ਾਹੂਕਾਰ ਕੋਲੋਂ ਦੋ ਸੌ ਰੁਪਿਆ ਲੈ ਲਿਆ ਤੇ ਮੂਸਨ ਦੀ ਲੋਥ ਚੁਕ ਕੇ ਘਰ ਲੈ ਆਇਆ । ਘਰ ਲਿਆ ਕੇ ਅਗਲੇ ਅੰਦਰ ਰੱਖ ਦਿੱਤੀ। ਧੌਣ ਨਾਲ ਸਿਰ ਜੋੜਕੇ ਉਪਰ ਚਿੱਟੀ ਚਾਦਰ ਪਾ ਦਿੱਤੀ । ਆਪ ਪ੍ਰਸ਼ਾਦਿ ਛਕਾਉਣ ਦਾ ਆਹਰ ਪਾਹਰ ਕਰਨ ਲੱਗਾ । ਸੰਗਤ ਆਉਣ ਦਾ ਵੇਲਾ ਹੋ ਗਿਆ, ਗੁਰੂ ਜੀ ਤੇ ਸੰਗਤ ਨੂੰ ਸੱਦਣ ਵਾਸਤੇ ਗਿਆ । ਅਕਾਲ ਪੁਰਖ ਦੀ ਉਸਤਤ ਦਾ ਕੀਰਤਨ ਕਰਦੀ ਹੋਈ ਸੰਗਤ

ਸੰਮਨ ਦੇ ਗ੍ਰਿਹਿ ਪੁਜੀ। ਸਭ ਦੇ ਹੱਥ ਧੁਵਾਏ ਗਏ ਪੰਗਤਾਂ ਲਗ ਗਈਆਂ। ਸਿੱਖ ਸੇਵਕਾਂ ਨੇ ਆਪ ਹੀ ਪ੍ਰਸ਼ਾਦਿ ਵਰਤਾਉਣਾ ਸ਼ੁਰੂ ਕਰ ਦਿੱਤਾ। ਜਦ ਸਾਰੀ ਸੰਗਤ ਨੂੰ ਪ੍ਰਸ਼ਾਦਿ ਪਰੋਸਿਆ ਗਿਆ ਤਾਂ ਚੋਜੀ ਤੇ ਅੰਤਰਜਾਮੀ ਗੁਰੂ ਪੰਚਮ ਪਾਤਸ਼ਾਹ ਜੀ ਨੇ ਮਿਹਰ ਵਿਚ ਆ ਕੇ ਸੰਮਨ ਨੂੰ ਪੁਛਿਆ—'ਮੂਸਨ ਕਿਥੇ ਹੈ? ਉਸ ਨੂੰ ਸੱਦੋ, ਸੰਗਤਾਂ ਨੂੰ ਪ੍ਰਸ਼ਾਦਿ ਛਕਾਵੇ ਜਲ ਵਰਤਾਵੇ।'

'ਆਪ ਪ੍ਰਸ਼ਾਦਿ ਛਕੀਏ! ਉਹ ਦੂਰ ਕੰਮ ਗਿਆ ਹੈ।' ਸੰਮਨ ਨੇ ਉਤਰ ਦਿੱਤਾ।

'ਸਿੱਖਾ! ਅਵਾਜ਼ ਮਾਰ, ਆ ਜਾਵੇਗਾ, ਛੇਤੀ ਕਰ।'

'ਸੱਚੇ ਪਾਤਸ਼ਾਹ ਜਿਥੇ ਉਹ ਗਿਆ ਹੈ ਉਥੇ ਮੇਰੀ ਅਵਾਜ਼ ਨਹੀਂ ਪੁੱਜ ਸਕਦੀ। ਮੈਂ ਤਾਂ ਥੱਕ ਟੁਟਾ ਜੀਊੜਾ ਹਾਂ। ਆਪ ਕਿਰਪਾ ਕਰੋ ਤਾਂ ਸ਼ਾਇਦ ਉਹ ਆ ਜਾਵੇ। ਮੇਰੇ ਦਾਤੇ! ਮਿਹਰਾਂ ਦੇ ਸਾਈਂ! ਅੰਤਰਜਾਮੀ ਘਟ ਘਟ ਦੇ ਜਾਨਣਹਾਰ ਜੀ! ਮੈਂ ਨਿਮਾਨੜਾ ਸਿੱਖ ਕੁਝ ਚੀਜ਼ ਨਹੀਂ, ਰਾਹਾਂ ਦੇ ਕੱਖਾਂ ਨਾਲੋਂ ਵੀ ਹੌਲਾ। ਇਕ ਇੱਛਾ ਸੀ ਉਹ ਪੂਰੀ ਹੋ ਗਈ। ਹੁਣ ਤਾਂ ਜੀਵਨ ਦੀ ਇੱਛਾ ਵੀ ਮੁਕ ਗਈ ਹੈ।'

ਅਕਾਲ ਪੁਰਖ ਦਾ ਧਿਆਨ ਧਰ। ਕਹੋ 'ਵਾਹਿਗੁਰੂ!' ਏਨਾ ਆਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੂਸਨ ਨੂੰ ਅਵਾਜ਼ ਦਿੱਤੀ—'ਮੂਸਨ! ਬਾਹਰ ਆ। ਸੰਗਤਾਂ ਘਰ ਆਈਆਂ ਹਨ। ਤੂੰ ਚਿੱਟੀ ਚਾਦਰ ਤਾਣ ਕੇ ਸੌਂ ਰਿਹਾ ਹੈਂ। ਇਹ ਯੋਗ ਨਹੀਂ, ਆ ਸਿੱਖਾ! ਛੇਤੀ ਆ।'

ਗੁਰੂ ਜੀ ਦੇ ਇਸ ਬਚਨ ਦੇ ਦੋ ਮਿੰਟ ਪਿਛੋਂ 'ਧੰਨ ਗੁਰੂ। ਧੰਨ ਗੁਰੂ' ਕਰਦਾ ਹੋਇਆ ਮੂਸਨ ਅੰਦਰੋਂ ਬਾਹਰ ਆ ਗਿਆ। ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਜਲ ਵਰਤਾਉਣ ਲੱਗਾ। ਪ੍ਰਸ਼ਾਦਿ ਛਕਣ ਪਿਛੋਂ ਗੁਰੂ ਜੀ ਨੇ ਸੰਮਨ ਦੀ ਸ਼ਰਧਾ, ਉਸ ਦਾ ਸਿਦਕ, ਪਿਆਰ ਤੇ ਕੁਰਬਾਨੀ ਦੀ ਵਾਰਤਾ ਸਾਰੇ ਸਿੱਖਾਂ ਨੂੰ ਸੁਣਾਈ। ਸਾਰੇ ਸਿਖ 'ਧੰਨ ਸਿਖ ਸੰਮਨ ਮੂਸਨ!' ਆਖਣ ਲਗ ਪਏ। ਗ਼ੈਬੀ ਅਵਾਜਾ ਆਇਆ, 'ਆਪੁ ਗਵਾਈਐ ਤਾ ਸਹੁ ਪਾਈਐ॥' ਗੁਰੂ ਜੀ ਨੇ ਫ਼ੁਰਮਾਇਆ—

*ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਉ ਹੋਤੀ ਸਾਟ॥*

ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰਿ ਦੀਨੇ ਕਾਟ॥੧॥

(ਚਉਬੋਲੇ ਮਹਲਾ ੫)

ਗੁਰੂ ਤੇ ਸੰਗਤ ਦਾ ਪਿਆਰ ਹੋਵੇ ਤੇ ਐਸਾ ਹੀ ਹੋਵੇ। ਗੁਰੂ ਜੀ ਨੇ ਮਿਹਰ ਕੀਤੀਂ, ਗੁਰੂ ਨਿੰਦਕ ਸ਼ਾਹੂਕਾਰ ਕੰਗਾਲ ਹੋ ਗਿਆ ਤਾਂ ਸੰਮਨ ਮੂਸਨ ਪ੍ਰਤਾਪ ਵਾਲੇ ਹੋ ਗਏ, ਧਨ ਆਇਆ ਪਰ ਹੰਕਾਰ ਨਹੀਂ ਕੀਤਾ। ਸਾਧ ਸੰਗਤ ਤੇ ਗੁਰੂ ਘਰ ਦੀ ਸੇਵਾ ਨਹੀਂ ਛੱਡੀ। ਅੰਤ ਪਿਉ ਪੁੱਤ ਪ੍ਰਲੋਕ ਨੂੰ ਗਏ ਤੇ ਮੁਕਤ ਹੋ ਗਏ।

# ੩੯. ਰਾਜਾ ਹਰੀ ਚੰਦ (ਪਹਿਲਾ)

ਸੁਖੁ ਰਾਜੇ ਹਰੀ ਚੰਦ ਘਰਿ ਨਾਰਿ ਸੁ ਤਾਰਾ ਲੋਚਨ ਰਾਣੀ।
ਸਾਧ ਸੰਗਤਿ ਮਿਲਿ ਗਾਵਦੇ ਰਾਤੀ ਜਾਇ ਸੁਣੈ ਗੁਰਬਾਣੀ।

ਇਕ ਰਾਜਾ ਹਰੀਚੰਦ ਹੋਇਆ ਹੈ। ਉਸ ਦੀਆਂ ਬਹੁਤ ਸਾਰੀਆਂ ਰਾਣੀਆਂ ਸਨ। ਪਰ ਜੋ ਪਟਰਾਣੀ (ਵੱਡੀ ਰਾਣੀ) ਸੀ ਉਸ ਦਾ ਨਾਮ ਤਾਰਾ ਦੇਵੀ ਸੀ। ਉਹ ਬਹੁਤ ਧਰਮਾਤਮਾ ਤੇ ਪ੍ਰਭੂ ਭਗਤੀ ਵਾਲੀ ਸੀ। ਰਾਜ ਮਹੱਲ ਦੇ ਬਾਹਰ ਸਾਧੂ ਮੰਡਲੀ ਆਈ ਜੋ ਹਰਿ ਜਸ ਗਾਇਆ ਕਰਦੀ ਸੀ, ਉਨ੍ਹਾਂ ਦਾ ਹਰਿ ਜਸ ਸੁਨਣ ਵਾਸਤੇ ਬਹੁਤ ਸਾਰੀ ਸੰਗਤ ਆਇਆ ਕਰਦੀ ਸੀ। ਰਾਣੀ ਨੂੰ ਪਤਾ ਲੱਗਾ ਤਾਂ ਉਹ ਵੀ ਰਾਤ ਵੇਲੇ ਮਾਮੂਲੀ ਲੀੜੇ ਪਹਿਨ ਕੇ ਪੈਰੀਂ ਖੜਾਵਾਂ (ਪਊਏ) ਪਾ ਕੇ ਸਤਿ ਸੰਗਤ ਵਿਚ ਜਾ ਬੈਠਦੀ, ਸਾਰੀ ਰਾਤ ਹਰਿ ਕੀਰਤਨ ਸੁਣਦੀ ਰਹਿੰਦੀ ਤੇ ਤੜਕੇ ਆਪਣੇ ਰਾਜ-ਮਹਿਲ 'ਚ ਆ ਕੇ ਸੌਂ ਜਾਂਦੀ। ਉਹ ਪਤੀਬ੍ਰਤਾ ਇਸਤਰੀ ਸੀ, ਫਿਰ ਵੀ ਰਾਜੇ ਨੂੰ ਨਾ ਦਸਦੀ। ਉਸ ਦਾ ਖ਼ਿਆਲ ਸੀ ਕਿ ਰਾਜਾ ਸ਼ਾਇਦ ਨਾ ਜਾਣ ਦੇਵੇ।

ਪਿਛੈ ਰਾਜਾ ਜਾਗਿਆ ਅਧੀ ਰਾਤਿ ਨਿਖੰਡਿ ਵਿਹਾਣੀ।
ਰਾਣੀ ਦਿਸਿ ਨ ਆਵਈ ਮਨ ਵਿਚਿ ਵਰਤਿ ਗਈ ਹੈਰਾਣੀ।

ਇਕ ਰਾਤ ਰਾਜੇ ਦੀ ਅੱਖ ਖੁਲ੍ਹ ਗਈ। ਉਸ ਵੇਲੇ ਅੱਧੀ ਰਾਤ ਸੀ, ਰਾਣੀ ਦਾ ਪਲੰਘ ਖ਼ਾਲੀ ਦੇਖ ਕੇ ਉਹ ਸੋਚੀਂ ਪੈ ਗਿਆ। ਉਸ ਦੇ ਮਨ ਨੂੰ ਬਹੁਤ ਹੈਰਾਨੀ ਹੋਈ ਤੇ ਤਰ੍ਹਾਂ ਤਰ੍ਹਾਂ ਦੇ ਖ਼ਿਆਲ ਆਉਣ ਲਗੇ ਕਿ ਰਾਣੀ

ਇਸ ਵੇਲੇ ਗਈ ਕਿਥੇ ? ਇਥੋਂ ਤਕ ਰਾਜੇ ਨੇ ਉਸ ਦੇ ਉਤੇ ਸ਼ੱਕ ਕੀਤਾ, ਸੋਚਿਆ ਤਾਰਾ ਬਦ-ਚਲਨ ਹੋ ਗਈ ਹੈ। ਉਹ ਜ਼ਰੂਰ ਕਿਸੇ ਪ੍ਰੇਮੀ ਕੋਲ ਜਾਂਦੀ ਹੈ, ਹੱਛਾ ਕਲ੍ਹ ਰਾਤ ਪੜਤਾਲ ਕਰਾਂਗਾ। ਕਿਉਂਕਿ ਨੀਤੀ ਆਖਦੀ ਹੈ ਪੂਰੀ ਪੜਤਾਲ ਕੀਤੇ ਬਿਨਾਂ ਸ਼ੱਕ ਕਰਨਾ ਚੰਗਾ ਨਹੀਂ। ਇਸ ਤਰ੍ਹਾਂ ਦੇ ਵੀਚਾਰਾਂ ਵਿਚ ਰਾਤ ਬੀਤ ਗਈ। ਸਵੇਰੇ ਰਾਣੀ ਪਲੰਘ ਉਤੇ ਸੀ।

*ਹੋਰਤੁ ਰਾਤੀ ਉਠਿ ਕੈ ਚਲਿਆ ਪਿਛੈ ਤਰਲ ਜੁਆਣੀ।*
*ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉ ਨੀਸਾਣੀ।*

ਹੋਰਤ ਰਾਤੀਂ, ਅਗਲੀ ਰਾਤ ਜਦੋਂ ਤਾਰਾ ਦੇਵੀ ਪਲੰਘ ਤੋਂ ਉਠ ਕੇ ਖੜਾਵਾਂ ਪਾ ਕੇ ਬਾਹਰ ਨੂੰ ਤੁਰੀ ਤਾਂ ਰਾਜਾ ਉਸ ਦੇ ਪਿਛੇ ਪਿਛੇ ਤੁਰਿਆ, ਰਾਣੀ ਕਿਸੇ ਇਕੱਲੇ ਪੁਰਸ਼ ਕੋਲ ਨਹੀਂ ਗਈ ਕਿਸੇ ਦੇ ਘਰ ਨਹੀਂ ਵੜੀ। ਸਗੋਂ ਜਿਥੇ ਸੰਤ ਹਰੀ ਕੀਰਤਨ ਕਰ ਰਹੇ ਸਨ ਜਿਥੇ ਬਹੁਤ ਸਾਰੀਆਂ ਇਸਤਰੀਆਂ ਤੇ ਮਰਦ ਸ਼ਰਧਾ ਨਾਲ ਬੈਠੇ ਸਨ ਉਨ੍ਹਾਂ ਵਿਚ ਰਾਣੀ ਪੁਜ ਕੇ ਬੈਠ ਗਈ। ਰਾਣੀ ਨੂੰ ਬੈਠੀ ਦੇਖ ਕੇ ਰਾਜਾ ਉਸ ਦੀ ਇਕ ਖੜਾਂਵ ਚੁੱਕ ਕੇ ਰਾਜ ਮਹੱਲ ਨੂੰ ਆ ਗਿਆ। ਹਰੀ ਕੀਰਤਨ ਹੁੰਦਾ ਰਿਹਾ। ਰਾਣੀ ਨਚਿੰਤ ਸੁਣਦੀ ਰਹੀ। ਜਦੋਂ ਕੀਰਤਨ ਦਾ ਭੋਗ ਪਿਆ ਤਾਂ ਰਾਣੀ ਉਠੀ। ਉਠ ਕੇ ਬਾਹਰ ਦੇਖਿਆ ਤਾਂ ਖੜਾਂਵ ਨਹੀਂ ਸੀ। ਉਸ ਨੂੰ ਬਹੁਤ ਹੈਰਾਨੀ ਹੋਈ। ਉਸ ਨੇ ਮਨ ਹੀ ਮਨ ਖ਼ਤਰਿਆਂ ਨੂੰ ਅਨੁਭਵ ਕੀਤਾ, ਉਹ ਸੋਚਦੀ ਸੀ ਕਿ ਜੇ ਕਿਸੇ ਨੇ ਖੜਾਂਵ ਰਾਜੇ ਨੂੰ ਦੇ ਦਿੱਤੀ ਤਾਂ 'ਕੱਲੀ ਖੜਾਂਵ ਲੈ ਕੇ ਗਈ ਤਾਂ ਰਾਜਾ ਸ਼ੱਕ ਕਰੇਗਾ। ਰਾਣੀ ਘਬਰਾ ਗਈ ਉਸ ਨੇ ਸੰਤਾਂ ਅਗੇ ਪ੍ਰਾਰਥਨਾ ਕੀਤੀ—'ਮਹਾਰਾਜ! ਮੇਰੀ ਖੜਾਂਵ ਗਵਾਚ ਗਈ ਹੈ, ਜੇ ਉਹ ਨਾ ਲੱਭੀ ਤਾਂ ਰਾਜਾ ਮੇਰੇ ਤੇ ਸ਼ੱਕ ਕਰੇਗਾ। ਮੈਨੂੰ ਰਾਜ ਮਹੱਲਾਂ ਵਿਚੋਂ ਕੱਢ ਦੇਵੇਗਾ। ਇਸ ਵਾਸਤੇ ਮੇਰੀ ਖੜਾਂਵ ਲਭੀ ਜਾਵੇ।'

*ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉ ਪੁਰਾਣੀ।*

ਰਾਣੀ ਦੀ ਬੇਨਤੀ ਸੁਣ ਕੇ ਸੰਤਾਂ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ। ਅਕਾਲ ਪੁਰਖ ਨੇ ਅਰਦਾਸ ਪ੍ਰਵਾਨ ਕਰਦਿਆਂ ਹੋਇਆਂ ਪੁਰਾਣੀ ਉਸੇ ਤਰ੍ਹਾਂ ਦੀ ਖੜਾਂਵ ਦੂਸਰੀ ਖੜਾਂਵ ਦੇ ਕੋਲ ਰੱਖ ਦਿਤੀ, ਰਾਣੀ ਦੋਵੇਂ ਖੜਾਵਾਂ ਪੈਰੀਂ

ਪਾ ਕੇ ਘਰ ਆ ਗਈ, ਸਵੇਰ ਹੋਈ ਰਾਜੇ ਨੇ ਦੇਖਿਆ ਰਾਣੀ ਦੇ ਪਲੰਘ ਕੋਲ ਦੋਵੇਂ ਖੜਾਵਾਂ ਪਈਆਂ ਸਨ । ਉਸ ਨੂੰ ਬਹੁਤ ਹੈਰਾਨੀ ਹੋਈ, ਉਹ ਉਠ ਕੇ ਉਸ ਅਸਥਾਨ ਪਰ ਗਿਆ ਜਿਥੇ ਦੂਸਰੀ ਖੜਾਂਵ ਰਖੀ ਸੀ । ਉਹ ਵੀ ਉਸ ਥਾਂ ਪਈ ਸੀ । ਉਹ ਖੜਾਂਵ ਨੂੰ ਬਾਹਰ ਲਿਆ ਕੇ ਜਾਂ ਦੂਸਰੀਆਂ ਖੜਾਵਾਂ ਦੇ ਨਾਲ ਮੇਲਿਆ ਤਾਂ ਸਾਰੀਆਂ ਇਕੋ ਜਹੀਆਂ ਸਨ । ਵਾਲ ਜਿੰਨਾ ਫ਼ਰਕ ਨਹੀਂ ਸੀ ।

ਰਾਜੇ ਡਿਠਾ ਚਲਿਤੁ ਇਹੁ ਏਹ ਖੜਾਵ ਹੈ ਚੋਜ ਵਿਡਾਣੀ।

ਰਾਜਾ ਇਹ ਅਲੌਕਿਕ ਖੇਲ ਦੇਖ ਕੇ ਹੈਰਾਨ ਹੋਇਆ । ਉਸ ਨੇ ਰਾਣੀ ਨੂੰ ਸਾਰੀ ਗੱਲ ਦੱਸ ਦਿਤੀ ਤੇ ਉਸ ਤੋਂ ਖਿਮਾਂ ਮੰਗੀ । ਭਾਈ ਗੁਰਦਾਸ ਜੀ ਤੱਤ ਕੱਢ ਕੇ ਫ਼ੁਰਮਾਉਂਦੇ ਹਨ—

ਸਾਧ ਸੰਗਤਿ ਵਿਟਹੁ ਕੁਰਬਾਣੀ ॥੬॥ (ਭਾਈ ਗੁਰਦਾਸ ਜੀ, ਵਾਰ ੧੦)

ਸਾਧ ਸੰਗਤ ਤੋਂ ਕੁਰਬਾਨ ਜਾਈਏ ਜੋ ਭਗਤੀ ਦੇ ਨਾਲ ਇੱਜ਼ਤ ਵੀ ਰੱਖਦੀ ਹੈ। ਗੁਰੂ ਨਾਲ ਮੇਲ ਕਰਦੀ ਹੈ, ਸਦਾ ਸੰਤਾਂ ਦਾ ਸੰਗ ਕਰਨਾ ਚਾਹੀਦਾ ਹੈ ਤਾਂ ਕਿ ਅੰਤਰ ਆਤਮੇ ਦੀ ਮੈਲ ਧੁਪ ਜਾਵੇ । ਆਪਣੀ ਇਸਤਰੀ ਨੂੰ ਭਗਤੀ ਕਰਨ ਤੋਂ ਨਹੀਂ ਮੋੜਨਾ ਚਾਹੀਦਾ ।

# ੪੦. ਸਤਿਆਵਾਦੀ ਰਾਜਾ ਹਰੀ ਚੰਦ (ਦੂਜਾ)

ਰਾਜਾ ਹਰੀ ਚੰਦ ਰਾਜੇ ਤ੍ਰਿਸੰਕੂ ਦਾ ਪੁੱਤਰ ਸੀ । ਇਹ ਦਾਨੀ ਤੇ ਸਤਿਆਵਾਦੀ ਹੋਇਆ ਹੈ । ਗੁਰਬਾਣੀ ਵਿਚ ਇਉਂ ਆਉਂਦਾ ਹੈ—

ਤਿਨਿ ਹਰੀ ਚੰਦਿ ਪ੍ਰਿਥਮੀ ਪਤਿ ਰਾਜੈ ਕਾਗਦਿ ਕੀਮ ਨ ਪਾਈ॥
ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥੨॥

(ਪ੍ਰਭਾਤੀ ਮਹਲਾ ੧)

ਉਹ ਹਰੀ ਚੰਦ ਧਰਤੀ ਦਾ ਮਾਲਕ ਸੀ । ਉਸ ਨੇ ਬਹੁਤ ਪੁੰਨ ਕੀਤੇ। ਉਹ ਪੁੰਨ ਕਾਗਜ਼ਾਂ ਉਪਰ ਲਿਖੇ ਨਹੀਂ ਜਾ ਸਕਦੇ । ਜੇ ਪੁੰਨ ਕਰਨਾ ਬੁਰਾ ਹੈ ਤਾਂ ਉਸ ਨੇ ਕਿਉਂ ਪੁੰਨ ਕਰਨੇ ਸਨ । ਪੁੰਨ ਬਦਲੇ ਹੀ ਬਾਜ਼ਾਰ ਵਿਚ

ਵਿਕਿਆ । ਐਸੇ ਪੁੰਨੀ ਤੇ ਧਰਮਾਤਮਾ ਰਾਜੇ ਦੀ ਕਥਾ ਇਕ ਚਿਤ ਹੋ ਕੇ ਸੁਣੋ ।

## ਇੰਦਰ ਦੀ ਈਰਖਾ

ਇਕ ਦਿਨ ਨਾਰਦ ਮੁਨੀ ਫਿਰਦਾ ਫਿਰਾਂਦਾ ਇੰਦਰ ਲੋਕ ਵਿਚ ਚਲਿਆ ਗਿਆ । ਇੰਦਰ ਨੇ ਉਸ ਦਾ ਬੜਾ ਸਤਿਕਾਰ ਕੀਤਾ । ਆਸਣ ਲਾਗੇ ਬਿਠਾ ਕੇ ਮਾਤ ਲੋਕ ਦੀਆਂ ਗੱਲਾਂ ਪੁਛਣੀਆਂ ਸ਼ੁਰੂ ਕਰ ਦਿੱਤੀਆਂ । ਬਹੁਤ ਸਾਰੀਆਂ ਗੱਲਾਂ ਦੇ ਪਿਛੋਂ ਰਾਜੇ ਹਰੀ ਚੰਦ ਦੀ ਚਰਚਾ ਸ਼ੁਰੂ ਹੋ ਗਈ । ਨਾਰਦ ਬੋਲਿਆ ਰਾਜਾ ਹਰੀ ਚੰਦ ਚੱਕਰਵਰਤੀ ਤੇ ਪ੍ਰਤਾਪੀ ਰਾਜਾ ਹੈ, ਪਰ ਵੱਡੀ ਗੱਲ ਇਹ ਹੈ ਕਿ ਉਸ ਦੇ ਨਾਲ ਦਾ ਦਾਨੀ ਕੋਈ ਨਹੀਂ । ਉਸ ਦੇ ਦਰ ਤੇ ਜੋ ਕੁਛ ਜਾ ਕੇ ਮੰਗੋ ਉਹ ਖਿੜੇ ਮਥੇ ਦਾਨ ਕਰਦਾ ਹੈ। ਤਿੰਨਾਂ ਲੋਕਾਂ ਵਿਚ ਉਸ ਦਾ ਨਾਮ ਹੀ ਸਤਿਆਵਾਦੀ ਰਾਜਾ ਪੈ ਗਿਆ । ਉਹ ਝੂਠ ਨਹੀਂ ਬੋਲਦਾ।

ਇੰਦਰ—'ਮੁਨੀ ਜੀ ਇਹ ਮੰਨਣ ਵਾਲੀ ਗੱਲ ਨਹੀਂ । ਇਕ ਮਾਤ ਲੋਕ ਦਾ ਪੁਰਸ਼ ਸਤਿਆਵਾਦੀ ਨਹੀਂ ਹੋ ਸਕਦਾ । ਐਸਾ ਪ੍ਰਤੀਤ ਹੁੰਦਾ ਹੈ ਕਿ ਅੱਜ ਤੱਕ ਕਿਸੇ ਨੇ ਉਸ ਦੀ ਪ੍ਰੀਖਿਆ ਨਹੀਂ ਕੀਤੀ । ਮੈਂ ਨਹੀਂ ਮੰਨਦਾ।'

ਨਾਰਦ ਨੂੰ ਇਹ ਪਤਾ ਸੀ ਕਿ ਰਾਜੇ ਹਰੀ ਚੰਦ ਦਾ ਪੁੰਨ ਦਾਨ ਤੇ ਸਤ ਦੇਖ ਕੇ ਇੰਦਰ ਈਰਖਾ ਕਰਦਾ ਹੈ । ਉਸ ਨੂੰ ਸ਼ੱਕ ਹੈ ਕਿ ਰਾਜਾ ਹਰੀ ਚੰਦ ਸਤ ਤੇ ਪੁੰਨ ਦੇ ਬਲ ਨਾਲ ਉਸ ਦਾ ਰਾਜ ਨਾ ਖੋਹ ਲਵੇ । ਨਾਰਦ ਨੇ ਰਾਜੇ ਹਰੀ ਚੰਦ ਦੀ ਸਗੋਂ ਬਹੁਤੀ ਵਡਿਆਈ ਕੀਤੀ, ਨਾਰਦ ਨੇ ਦਸਿਆ ਉਸ ਵਰਗਾ ਸਤਿਆਵਾਦੀ ਕੋਈ ਦੇਵਤਾ ਵੀ ਨਹੀਂ ਕਿਸੇ ਨਾ ਕਿਸੇ ਵਿਚ ਜ਼ਰੂਰ ਕੋਈ ਕਮੀ ਹੈ ਪਰ ਉਹ ਸਰਬ ਕਲਾ ਸੰਪੂਰਨ ਰਾਜਾ ਹੈ । ਉਸ ਦੇ ਤੁਲ ਕੋਈ ਨਹੀਂ, ਧਰਮੀ, ਦਾਨੀ ਪੁੰਨੀ ਦਯਾਵਾਨ ਬਚਨ ਦਾ ਪੂਰਾ ਤੇ ਕਰਮ ਦਾ ਸੂਰਾ ਹੈ, ਨਾਰਦ ਦੀ ਜ਼ਬਾਨੋਂ ਹਰੀ ਚੰਦ ਦੀ ਸੋਭਾ ਸੁਣ ਕੇ ਇੰਦਰ ਸੜ ਬਲ ਕੇ ਕੋਲਾ ਹੋ ਗਿਆ । ਉਸ ਨੇ ਮਨ ਹੀ ਮਨ ਤਹਿ ਕਰ ਲਿਆ ਕਿ ਉਹ ਹਰੀ ਚੰਦ ਨੂੰ ਖ਼ਰਾਬ ਕਰੇਗਾ । ਉਸ ਦਾ ਸਤ ਤੋੜੇਗਾ । ਉਸ ਨੂੰ ਪੂਰਨ ਸਤਿਆਵਾਦੀ ਬਨਣ ਦਾ ਮਾਣ ਪ੍ਰਾਪਤ ਨਹੀਂ ਹੋਣ ਦੇਵੇਗਾ । ਨਾਰਦ ਚਲਿਆ ਗਿਆ, ਨਾਰਦ ਅਜੇ ਦੂਰ ਨਹੀਂ ਸੀ ਗਿਆ ਕਿ ਵਿਸ਼ਵਾਮਿਤ੍ਰ ਜੀ ਆ ਪੁਜੇ।

ਵਿਸ਼ਵਾਮਿਤ੍ਰ ਦਾ ਸੁਭਾਅ ਬੜਾ ਕਾਹਲਾ ਤੇ ਕ੍ਰੋਧੀ ਸੀ ।

ਵਿਸ਼ਵਾਮਿਤ੍ਰ ਨੇ ਇੰਦਰ ਦੇ ਚਿਹਰੇ ਵਲ ਦੇਖ ਕੇ ਪੁਛਿਆ—'ਹੇ ਦਵੇਂਦਰ ! ਅੱਜ ਅੱਖਾਂ ਲਾਲ ਕਿਉਂ ਹਨ । ਮਥੇ ਉਤੇ ਪਾਈਆਂ ਤਿਊੜੀਆਂ ਦਸਦੀਆਂ ਹਨ ਕਿ ਅੱਜ ਕਾਲ ਨੇੜੇ ਆਇਆ ਹੈ । ਤਨ ਪਾਰੇ ਵਾਂਗ ਕੰਬ ਰਿਹਾ ਹੈ, ਇਹ ਕੀ ਕਾਰਨ ਹੈ ?'

ਇੰਦਰ—'ਮੁਨੀ ਰਾਜ ਕੀ ਦਸਾਂ, ਹਰੀ ਚੰਦ ਦੀ ਚਰਚਾ ਨੇ ਮੈਨੂੰ ਬਹੁਤ ਤੰਗ ਕੀਤਾ ਹੈ । ਸਤਿਆਵਾਦੀ ਤੇ ਪੁੰਨ ਕਰਨ ਵਾਲਾ ਹੋਣ ਕਰਕੇ ਤੀਨ ਲੋਕ ਵਿਚ ਉਸ ਦੀ ਚਰਚਾ ਹੋ ਰਹੀ ਹੈ । ਹੁਣੇ ਹੁਣੇ ਨਾਰਦ ਜੀ ਇਥੋਂ ਗਏ ਹਨ । ਉਹ ਉਨ੍ਹਾਂ ਦੀ ਬਹੁਤ ਉਸਤਤ ਕਰਦੇ ਗਏ ਹਨ । ਮੈਨੂੰ ਇਹ ਗੱਲਾਂ ਨਹੀਂ ਭਾਉਂਦੀਆਂ । ਉਹ ਅੱਜ ਮੇਰਾ ਸ਼ਰੀਕ ਬਣ ਰਿਹਾ ਹੈ । ਕਲ੍ਹ ਨੂੰ ਸ਼ਾਇਦ ਮੈਥੋਂ ਰਾਜ ਵੀ ਖੋਹ ਲਵੇ । ਇਸ ਵਾਸਤੇ ਮੈਂ ਸੋਚ ਰਿਹਾ ਹਾਂ ਉਸ ਦੀ ਪ੍ਰੀਖਿਆ ਕਿਵੇਂ ਕੀਤੀ ਜਾਵੇ ?'

ਵਿਸ਼ਵਾਮਿਤ੍ਰ—'ਚਿੰਤਾ ਛਡੋ ! ਇਹ ਤਾਂ ਮਾਮੂਲੀ ਗੱਲ ਹੈ । ਮੈਂ ਹੀ ਉਸ ਦੀ ਪਰੀਖਿਆ ਕਰ ਲੈਂਦਾ ਹਾਂ । ਖ਼ੁਸ਼ੀਆਂ ਮਨਾਓ, ਰਾਗ ਰੰਗ ਕਰੋ । ਮਾਤ ਲੋਕ ਦੇ ਜੀਵਾਂ ਦਾ ਕੀ ਹਾਲ ਹੈ । ਜਿਵੇਂ ਚਾਹੀਏ ਤਿਵੇਂ ਨਚਾ ਦਈਏ ।'

ਹਰੀ ਚੰਦ ਦੀ ਪਰੀਖਿਆ ਕਰਨ ਦਾ ਬੀੜਾ ਵਿਸ਼ਵਾਮਿਤ੍ਰ ਨੇ ਚੁੱਕ ਲਿਆ। ਕਾਫ਼ੀ ਸਮਾਂ ਇਕੱਠੇ ਬੈਠਣ ਪਿਛੋਂ ਦੋਵੇਂ ਵਿਛੜੇ । ਵਿਸ਼ਵਾਮਿਤ੍ਰ ਸਿੱਧਾ ਰਾਜੇ ਹਰੀ ਚੰਦ ਦੀ ਨਗਰੀ ਵਲ ਆ ਗਿਆ ।

## ਵਿਸ਼ਵਾਮਿਤ੍ਰ ਨੇ ਬ੍ਰਾਹਮਣ ਦਾ ਰੂਪ ਧਾਰਨਾ

ਇਕ ਵੇਦਾਚਾਰੀਆ ਤੇ ਸਵਰਨ ਕੁਲ ਬ੍ਰਾਹਮਣ ਦਾ ਰੂਪ ਧਾਰ ਕੇ ਰਾਜੇ ਹਰੀਚੰਦ ਦੇ ਮਹਿਲਾਂ ਵਲ ਵਿਸ਼ਵਾਮਿਤ੍ਰ ਗਿਆ । ਸਿੰਘ ਪੌੜ ਤੇ ਦਵਾਰਪਾਲ ਨੂੰ ਜਾ ਮਿਲਿਆ। ਉਸ ਨੇ ਦਵਾਰਪਾਲ ਨੂੰ ਕਿਹਾ ਕਿ ਰਾਜੇ ਨੂੰ ਜਾ ਕਹੋ ਇਕ ਬ੍ਰਾਹਮਣ ਮਿਲਣ ਵਾਸਤੇ ਆਇਆ ਹੈ, ਦਵਾਰਪਾਲ ਨੇ ਜਾ ਸੁਨੇਹਾ ਦਿਤਾ, ਸਤਿਆਵਾਦੀ ਰਾਜਾ ਹਰੀ ਚੰਦ ਬ੍ਰਾਹਮਣ ਨੂੰ ਆਪ ਲੈਣ ਵਾਸਤੇ ਅਗੋਂ ਆਇਆ। ਅਗੇ ਹੋ ਕੇ ਪ੍ਰਣਾਮ ਕੀਤਾ । ਆਦਰ ਨਾਲ ਅੰਦਰ ਲੈ ਗਏ । ਉਚੇ ਤੇ ਸੁੰਦਰ

ਸਿੰਘਾਸਨ ਉਤੇ ਬਿਠਾ ਕੇ ਚਰਨ ਧੋਤੇ, ਚਰਨਾਮ੍ਰਿਤ ਪੀਤਾ ਤੇ ਬੇਨਤੀ ਕੀਤੀ— 'ਹੇ ਮੁਨਿਸ਼ਵਰ! ਹੁਕਮ ਕਰੋ, ਮੈਂ ਆਪ ਜੀ ਦੀ ਕੀ ਸੇਵਾ ਕਰ ਸਕਦਾ ਹਾਂ? ਮੇਰੇ ਧੰਨ ਭਾਗ ਹਨ ਜੋ ਆਪ ਨੇ ਚਰਨ ਪਾ ਕੇ ਮੇਰੇ ਘਰ ਨੂੰ ਪਵਿਤ੍ਰ ਕੀਤਾ ਹੈ।'

'ਹੇ ਰਾਜਨ ਹਰੀ ਚੰਦ! ਮੈਂ ਸੁਣਿਆ ਹੈ ਆਪ ਸਤਿਆਵਾਦੀ ਤੇ ਪੁੰਨ ਦਾਨ ਕਰਨ ਵਾਲੇ ਰਾਜਾ ਹੋ! ਮੇਰੀ ਤੀਬਰ ਇੱਛਾ ਹੈ ਕਿ ਮੈਂ ਦੋ ਚਾਰ ਮਹੀਨੇ ਰਾਜ ਕਰਾਂ। ਕੀ ਆਪ ਮੈਨੂੰ ਰਾਜ ਦਾਨ ਕਰ ਸਕਦੇ ਹੋ?' ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਦਾ ਇਹ ਬਚਨ ਸੁਣ ਕੇ ਰਾਜਾ ਹਰੀ ਚੰਦ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਉਸ ਨੇ ਅਨੰਦ ਨਾਲ ਮੁਸਕ੍ਰਾਉਂਦਿਆਂ ਹੋਇਆਂ ਆਖਿਆ—'ਮੈਂ ਸਾਰਾ ਰਾਜ ਦਾਨ ਕੀਤਾ।'

ਜਦੋਂ ਰਾਜੇ ਨੇ ਰਾਜ ਦਾਨ ਕਰ ਦਿਤਾ ਤਾਂ ਬ੍ਰਾਹਮਣ ਬੋਲਿਆ—'ਰਾਜ ਤੇ ਦਾਨ ਕਰ ਦਿਤਾ ਜੇ ਤੇ ਮੇਰੀ ਦੱਛਣਾ।'

'ਇਹ ਹਜ਼ਾਰ ਮੋਹਰ ਮੈਂ ਹੁਣੇ ਖ਼ਜ਼ਾਨੇ ਵਿਚੋਂ ਲਿਆ ਦੇ ਦੇਂਦਾ।'

ਰਾਜੇ ਹਰੀ ਚੰਦ ਦੀ ਇਹ ਗੱਲ ਸੁਣ ਕੇ ਬ੍ਰਾਹਮਣ ਹੱਸ ਪਿਆ। ਹੱਸਣ ਪਿਛੋਂ ਕ੍ਰੋਧਵਾਨ ਹੋ ਕੇ ਬੋਲਿਆ—'ਹਰੀ ਚੰਦ! ਇਹ ਪਖੰਡ ਨਹੀਂ? ਜਦੋਂ ਰਾਜ ਦਾਨ ਕਰ ਚੁਕਾ ਹੈਂ ਤਾਂ ਕੀ ਖ਼ਜ਼ਾਨਾ ਰਾਜ ਦੇ ਨਾਲ ਨਹੀਂ? ਆਪ ਰਾਜ ਦੇ ਖ਼ਜ਼ਾਨੇ ਜਾਂ ਰਾਜ ਦੀ ਕੋਈ ਵਸਤੂ ਵੇਚ ਕੇ ਦੱਛਣਾ ਨਹੀਂ ਦੇ ਸਕਦੇ।'

'ਮੈਂ ਭੁਲ ਗਿਆ ਮਹਾਰਾਜ! ਖਿਮਾ ਕਰੋ! ਇਕ ਮਹੀਨੇ ਦੀ ਮੋਹਲਤ ਦਿਓ ਮੈਂ ਆਪ ਨੂੰ ਦੱਛਣਾ ਦੇ ਦੇਵਾਂਗਾ!' ਹਰੀ ਚੰਦ ਰਾਜੇ ਨੇ ਬਹੁਤ ਹਲੀਮੀ ਨਾਲ ਬੇਨਤੀ ਕੀਤੀ।

'ਬਹੁਤ ਅੱਛਾ! ਮਹੀਨੇ ਨੂੰ ਮੇਰੀ ਦੱਛਣਾ ਜ਼ਰੂਰ ਦਿਤੀ ਜਾਵੇ। ਨਾ ਦੱਛਣਾ ਮਿਲੀ ਤਾਂ ਮੈਂ ਬਦਨਾਮ ਕਰਾਂਗਾ, ਹਰੀ ਚੰਦ ਸਤਿਆਵਾਦੀ ਨਹੀਂ ਸਗੋਂ ਝੂਠਾ ਹੈ।' ਬ੍ਰਾਹਮਣ ਨੇ ਕ੍ਰੋਧਵਾਨ ਹੋ ਕੇ ਆਖਿਆ—'ਕਲ੍ਹ ਹੀ ਆਪ ਮੇਰੇ ਰਾਜ ਵਿਚੋਂ ਬਾਹਰ ਨਿਕਲ ਜਾਈਏ।'

# ਰਾਜੇ ਹਰੀਚੰਦ ਦਾ ਰਾਣੀ ਤੇ ਲੜਕੇ ਸਮੇਤ ਸ਼ਹਿਰੋਂ ਨਿਕਲਣਾ

ਸ਼ਹਿਰ ਵਾਸੀਆਂ ਨੂੰ ਪਤਾ ਲਗਾ ਕਿ ਰਾਜੇ ਹਰੀ ਚੰਦ ਨੇ ਰਾਜ ਭਾਗ ਇਕ ਬ੍ਰਾਹਮਣ ਨੂੰ ਦਾਨ ਕਰ ਦਿਤਾ ਹੈ। ਰਾਜਾ ਹਰੀ ਚੰਦ (ਆਪਣੇ ਪੁੱਤਰ ਰਾਣੀ ਸਮੇਤ) ਸ਼ਹਿਰ ਛੱਡ ਕੇ ਰਾਜ ਹੱਦ ਤੋਂ ਬਾਹਰ ਆ ਰਹੇ ਸਨ। ਲੋਕ ਇਕੱਠੇ ਹੋ ਕੇ ਆਏ। ਰਾਜੇ ਇਕ ਧੋਤੀ ਪਹਿਨੀ, ਪੈਰਾਂ ਤੇ ਸਿਰ ਤੋਂ ਨੰਗਾ, ਇਹੋ ਹਾਲ ਬੱਚੇ ਤੇ ਰਾਣੀ ਦਾ ਸੀ। ਸ਼ਹਿਰੋਂ ਬਾਹਰ ਨਿਕਲਦੇ ਲੋਕ ਰੋ ਰਹੇ ਸਨ। ਉਨ੍ਹਾਂ ਵਿਚੋਂ ਕਈਆਂ ਨੇ ਤਰਲੇ ਕੀਤੇ—'ਮਹਾਰਾਜ! ਅਸਾਂ ਨੂੰ ਛੱਡ ਕੇ ਨਾ ਜਾਵੋ! ਅਸੀਂ ਕੀ ਕਰਾਂਗੇ।' ਰਾਜੇ ਨੇ ਸਭ ਨੂੰ ਧੀਰਜ ਦਿਤੀ ਤੇ ਆਖਿਆ—'ਪ੍ਰਮਾਤਮਾ ਦੇ ਹੁਕਮ ਦੀ ਉਲੰਘਣਾ ਨਹੀਂ ਕਰ ਸਕਦਾ। ਜੋ ਭਾਣਾ ਵਰਤੇ ਸਿਰ ਮਥੇ ਉਤੇ ਮੰਨਣਾ ਪੈਂਦਾ ਹੈ, ਸ਼ਾਂਤ ਚਿਤ ਰਹੋ, ਪ੍ਰਮਾਤਮਾ ਦਾ ਹੁਕਮ ਹੋਇਆ ਤਾਂ ਛੇਤੀ ਹੀ ਵਾਪਸ ਨਗਰੀ ਵਿਚ ਆਵਾਂਗਾ। ਸਤ ਨੂੰ ਹਥੋਂ ਨਹੀਂ ਗਵਾਉਣਾ ਚਾਹੀਦਾ।'

ਪਰਜਾ ਰੋਂਦੀ ਰਹੀ। ਪਿਛੇ ਖਲੋ ਗਈ। ਸਾਧੂਆਂ ਤੇ ਕੰਗਾਲਾਂ ਦੀ ਨਿਆਈਂ ਤਿੰਨੇ ਸ਼ਹਿਰ ਦੀ ਹੱਦ ਤੋਂ ਬਾਹਰ ਹੋ ਗਏ। ਢਿਡੋਂ ਭੁਖੇ ਸਨ, ਹੌਲੀ ਹੌਲੀ ਤੁਰੇ ਗਏ। ਉਨ੍ਹਾਂ ਨੂੰ ਹੁਕਮ ਸੀ ਕਿ ਰਾਜ ਦੀ ਹੱਦ ਤੋਂ ਬਾਹਰ ਹੋ ਕੇ ਪੈਸਾ ਕਮਾਉਣਾ ਤੇ ਬ੍ਰਾਹਮਣ ਨੂੰ ਦੱਛਣਾ ਦੇਣੀ। ਉਹ ਕਾਂਸ਼ੀ ਸ਼ਹਿਰ ਵਲ ਤੁਰ ਪਏ। ਰਸਤੇ 'ਚ ਭੁਖ ਲਗੀ। ਜਨਮ ਤੋਂ ਰਾਜੇ ਸਨ ਨਾ ਮੰਗਣ ਦੀ ਜਾਚ ਸੀ ਤੇ ਨਾ ਏਨਾ ਪਤਾ ਸੀ ਕਿ ਖਾਣ ਵਾਲੀਆਂ ਚੀਜ਼ਾਂ ਕਿਥੋਂ ਤੇ ਕਿਸ ਤਰ੍ਹਾਂ ਮਿਲਦੀਆਂ ਹਨ? ਦੂਜਾ ਵਿਸ਼ਵਾਮਿਤ੍ਰ ਇੰਦਰ ਦਾ ਇਕੱਠਾ ਵੈਰ ਇਕ ਮਾਰੂ ਹਥਿਆਰ ਸੀ। ਜਿਸ ਚੀਜ਼ ਨੂੰ ਹੱਥ ਪਾਉਂਦੇ ਸਨ, ਉਹੋ ਹੀ ਮਿੱਟੀ ਤੇ ਸੜੀ ਹੋਈ ਹੋ ਜਾਂਦੀ। ਜੰਗਲ ਵਿਚੋਂ ਫਲ ਤੋੜੇ ਉਹਨਾਂ ਨੂੰ ਖਾ ਕੇ ਪੇਟ ਭਰਿਆ। ਵਕਤ ਪੈਣ ਤੇ ਮਾੜੀਆਂ ਚੀਜ਼ਾਂ ਵੀ ਚੰਗੀਆਂ ਲਗਦੀਆਂ ਹਨ। ਬਿਪਤਾ ਦੇ ਦਿਨ ਹੌਂਸਲੇ ਨਾਲ ਹੀ ਕਟੇ ਜਾਂਦੇ ਹਨ। ਜੇ ਦਿਲ ਛਡਿਆ ਜਾਵੇ ਤਾਂ ਦੁੱਖਾਂ ਦੇ ਦਿਹਾੜੇ ਭਾਰੂ ਹੋ ਜਾਂਦੇ ਹਨ। ਕਾਂਸ਼ੀ ਪੁੱਜਣ ਤੋਂ ਪਹਿਲਾਂ ਚੂਨੇ ਦੀ ਭੱਠੀ ਉਤੇ ਰਾਜੇ ਨੂੰ ਕੰਮ ਕਰਨਾ ਪਿਆ। ਜੋ ਮਜਦੂਰੀ ਮਿਲਦੀ ਉਸ ਨਾਲ ਮਸਾਂ ਗੁਜਾਰਾ ਹੁੰਦਾ।

ਉਨ੍ਹਾਂ ਨੂੰ ਵਡੀ ਚਿੰਤਾ ਸੀ, ਦੱਛਨਾ ਦੇ ਕਰਜੇ ਦੀ। ਉਨ੍ਹਾਂ ਸੋਚਿਆ ਕਿ ਮਜਦੂਰੀ ਕਰ ਕੇ ਕਰਜ਼ਾ ਨਹੀਂ ਲਾਹ ਸਕਦੇ। ਮਜਦੂਰੀ ਕਰਨੀ ਛੱਡ ਦਿਤੀ ਅਤੇ ਕਾਂਸ਼ੀ ਵਿਚ ਪੁਜ ਗਏ। ਕਾਂਸ਼ੀ ਪ੍ਰਮਾਤਮਾ ਦੀ ਨਗਰੀ ਗਿਣੀ ਜਾਂਦੀ ਸੀ। ਉਸ ਨਗਰੀ ਵਿਚ ਆਖਦੇ ਹਨ ਸ਼ਾਂਤੀ ਤੇ ਸੁਖ ਕਦੀ ਹੁੰਦਾ ਸੀ ਉਹ ਵਿਦਿਆ ਪੜ੍ਹਾਉਣ ਦਾ ਕੇਂਦਰ ਸੀ।

## ਕਾਂਸ਼ੀ ਵਿਚ ਹਰੀਚੰਦ ਦਾ ਵਿਕਣ ਵਾਸਤੇ ਹੋਕਾ ਦੇਣਾ

ਕਾਂਸ਼ੀ ਵਿਚ ਵੜਦਿਆਂ ਹੀ ਰਾਜੇ ਹਰੀਚੰਦ ਦੇ ਮਥੇ ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਲਗ ਗਿਆ। ਉਸ ਨੇ ਕੜਕ ਕੇ ਕਿਹਾ—'ਕਿਉਂ ਹਰੀਚੰਦ! ਮੇਰਾ ਕਰਜ਼ਾ ਕਿਥੇ ਹੈ? ਅੱਜ ਪੰਦਰਾਂ ਦਿਨ ਹੋ ਗਏ ਹਨ ਜੇ ਕਰਜ਼ਾ ਨਾ ਦਿੱਤਾ ਗਿਆ ਤਾਂ ਮੈਂ ਆਖਾਂਗਾ ਹਰੀਚੰਦ ਝੂਠਾ ਹੈ।' ਹਰੀਚੰਦ ਨੇ ਨਿਮ੍ਰਤਾ ਨਾਲ ਉੱਤਰ ਦਿਤਾ—'ਮਹਾਰਾਜ! ਮਹੀਨਾ ਪੂਰਾ ਹੋਣ ਤੋਂ ਪਹਿਲਾਂ ਪਹਿਲਾਂ ਮੈਂ ਜ਼ਰੂਰ ਕਰਜ਼ਾ ਉਤਾਰ ਦੇਵਾਂਗਾ। ਮੈਂ ਬਚਨ ਤੋਂ ਨਹੀਂ ਫਿਰਨ ਲੱਗਾ। ਹਰੀਚੰਦ ਝੂਠ ਨਹੀਂ ਆਖਦਾ ਭਾਵੇਂ ਜਾਨ ਚਲੀ ਜਾਵੇ, ਆਪ ਵਿਕ ਜਾਵੇ, ਰਾਣੀ ਨੂੰ ਵੇਚੇ ਪਰ ਹਰੀ ਚੰਦ ਬਚਨ ਪੂਰਾ ਕਰੇਗਾ। ਮੋਹਲਤ ਤੋਂ ਪਹਿਲਾਂ ਤੰਗ ਕਰਕੇ ਜੀ ਨੂੰ ਨਾ ਸਾੜੋ। ਕਰਜ਼ਾ ਮਿਲੇਗਾ, ਜ਼ਰੂਰ ਮਿਲੇਗਾ।'

ਬਨਾਰਸ ਦੇ ਗਲੀ ਬਜ਼ਾਰਾਂ ਵਿਚ ਵਿਕਣ ਵਾਸਤੇ ਤਿੰਨੇ ਫਿਰਨ ਲਗੇ। ਫਿਰਦੇ ਹੋਏ ਹੋਕਾ ਦੇਂਦੇ ਸਨ—'ਕੋਈ ਖ਼ਰੀਦ ਲਵੇ! ਅਸੀਂ ਵਿਕਣ ਨੂੰ ਤਿਆਰ ਹਾਂ।' ਇਸ ਤਰ੍ਹਾਂ ਹੋਕਾ ਦੇਂਦਿਆਂ ਨੂੰ ਦਸ ਦਿਨ ਲੰਘ ਗਏ, ਪਰ ਕਿਸੇ ਨੇ ਵੀ ਤਿੰਨਾਂ ਵਿਚੋਂ ਕਿਸੇ ਨੂੰ ਨਾ ਖ਼ਰੀਦਿਆ। ਲੋਕ ਸਗੋਂ ਇਕੱਠੇ ਹੋ ਕੇ ਹਾਸੀ ਕਰਦੇ, ਕੁਝ ਸਮਝਦਾਰ ਵਿਚਾਰਾਂ ਵਿਚ ਗੁੰਮ ਹੋ ਜਾਂਦੇ, ਉਹ ਸੋਚਦੇ 'ਇਹ ਕਿਉਂ ਵਿਕਦੇ ਹਨ? ਇਹਨਾਂ ਨੂੰ ਕੀ ਦੁੱਖ ਹੈ? ਇਹ ਕੌਣ ਹਨ?' ਪਰ ਇਨ੍ਹਾਂ ਪੁਛਾਂ ਦਾ ਉੱਤਰ ਕੋਈ ਨਹੀਂ ਸੀ ਦੇਂਦਾ।

ਇਕ ਸਿਆਣਾ ਪੰਡਤ ਬਜ਼ਾਰ ਵਿਚ ਮਿਲ ਪਿਆ। ਉਸ ਦੇ ਨਾਲ ਵਿਦਿਆਰਥੀ ਸਨ, ਉਸ ਨੂੰ ਤਰਸ ਆਇਆ ਤੇ ਉਸ ਨੇ ਹਰੀਚੰਦ ਨੂੰ ਆਖਿਆ—'ਜਿੰਨੇ ਰੁਪਈਏ ਦੀ ਲੋੜ ਹੈ ਓਨੇ ਮੈਂ ਦੇ ਦੇਂਦਾ ਹਾਂ। ਆਪਣਾ ਕੰਮ ਸਾਰ ਲਵੋ।'

'ਮੈਂ ਦਾਨ ਨਹੀਂ ਲੈਣਾ।' ਹਰੀ ਚੰਦ ਦਾ ਉੱਤਰ ਸੀ। ਸਹਾਇਤਾ ਕਰਦੇ ਜੇ ਤਾਂ ਮੈਨੂੰ ਖ਼ਰੀਦ ਲਵੋ। ਰਾਜੇ ਦੀ ਇਹ ਗੱਲ ਪੂਰੀ ਨਹੀਂ ਸੀ ਹੋਈ ਕਿ ਉਸ ਦੀ ਇਸਤਰੀ (ਰਾਣੀ) ਬੋਲ ਪਈ। ਇਸਤਰੀ ਦੇ ਹੁੰਦਿਆਂ ਮਰਦ ਪਹਿਲਾਂ ਨਹੀਂ ਵਿਕ ਸਕਦਾ ਕਿਉਂਕਿ ਇਸਤਰੀ ਪੁਰਸ਼ ਦਾ ਧਨ ਹੈ, ਲੋੜ ਵੇਲੇ ਧਨ ਕੰਮ ਆਉਂਦਾ ਹੈ। (ਪੰਡਤ ਨੂੰ ਸੰਬੋਧਨ ਕਰ ਕੇ) 'ਪੰਡਤ ਜੀ! ਆਪ ਮੈਨੂੰ ਖ਼ਰੀਦ ਲਵੋ। ਘਰ ਦੇ ਸਾਰੇ ਕੰਮ ਕਰਾਂਗੀ, ਸਿਰਫ਼ ਦੋ ਸ਼ਰਤਾਂ ਹਨ ਇਕ ਇਹ ਕਿ ਪਰਾਏ ਮਰਦ ਨਾਲ ਬੋਲਣਾ ਨਹੀਂ ਤੇ ਦੂਸਰਾ ਕਿਸੇ ਮਰਦ ਦਾ ਜੂਠਾ ਨਹੀਂ ਖਾਣਾ।'

ਸਬੱਬ ਨਾਲ ਪੰਡਤ ਦੀ ਪੰਡਤਾਣੀ ਨੂੰ ਘਰ ਦਾ ਬਹੁਤ ਕੰਮ ਕਰਨਾ ਪੈਂਦਾ ਸੀ, ਉਸ ਨੂੰ ਪੂਜਾ ਪਾਠ ਦਾ ਵੇਹਲ ਨਹੀਂ ਸੀ ਮਿਲਦਾ। ਇਸ ਵਾਸਤੇ ਪੰਡਤ ਨੇ ਹਾਂ ਕਰ ਦਿੱਤੀ। ਪੰਜ ਸੌ ਮੋਹਰਾਂ ਦੇ ਦਿਤੀਆਂ। ਰਾਣੀ ਤੇ ਬੱਚੇ ਨੂੰ ਨਾਲ ਲੈ ਕੇ ਪੰਡਤ ਆਪਣੇ ਘਰ ਨੂੰ ਤੁਰ ਗਿਆ। ਰਾਜਾ ਅਜੇ ਉਥੇ ਖਲੋਤਾ ਦਲੀਲਾਂ ਹੀ ਕਰ ਰਿਹਾ ਸੀ ਕਿ ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਵੀ ਉਥੇ ਆ ਨਿਕਲਿਆ। ਆਉਂਦਿਆਂ ਹੀ ਉਸ ਨੇ ਰੋਅਬ ਨਾਲ ਪੁਛਿਆ—'ਹਰੀ ਚੰਦ ਦੱਛਣਾ?'

ਰਾਜੇ ਹਰੀ ਚੰਦ ਨੇ ਪੰਜ ਸੌ ਮੋਹਰਾਂ ਢੇਰੀ ਕਰ ਕੇ ਆਖਿਆ : 'ਇਹ ਲਵੋ ਅੱਧੀ ਦੱਛਣਾ। ਅੱਧੀ ਮੈਂ ਛੇਤੀ ਹੀ ਦੇ ਦੇਵਾਂਗਾ।'

'ਛੇਤੀ ਕਦੋਂ? ਦਿਨ ਤਾਂ ਦੋ ਰਹਿ ਗਏ ਹਨ। ਐਵੇਂ ਲਾਰਿਆਂ ਵਿਚ ਟਰਕਾਈ ਜਾਂਦਾ ਹੈਂ। ਇਹ ਬਹੁਤ ਬੁਰੀ ਗੱਲ ਹੈ। ਦੇਖ ਲੈ! ਦੋਂਹ ਦਿਨਾਂ ਤੋਂ ਪਿਛੋਂ ਆਖਣਾ ਸ਼ੁਰੂ ਕਰ ਦੇਣਾ ਹੈ ਕਿ ਹਰੀ ਚੰਦ ਝੂਠਾ। ਰਤਾ ਸੋਚ ਲਵੋ।' ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਦਾ ਕਹਿਣਾ ਸੀ।

'ਸੋਚ ਲਿਆ। ਬਹੁਤ ਕੁਝ ਸੋਚ ਲਿਆ ਮਹਾਰਾਜ, ਜ਼ਰੂਰ ਭਗਵਾਨ ਕਿਰਪਾ ਕਰੇਗਾ! ਮੈਂ ਵਿਕ ਜਾਵਾਂਗਾ।' ਹਰੀ ਚੰਦ ਨੇ ਇਹ ਆਖਿਆ ਤੇ ਅਗੇ ਤੁਰ ਗਿਆ।

'ਮੈਨੂੰ ਕੋਈ ਖ਼ਰੀਦੋਂ ਲਵੇ ਮੈਨੂੰ ਕੋਈ ਖ਼ਰੀਦ ਲਵੇ।' ਇਹ ਹੋਕਾ ਦੇਂਦਾ ਹੋਇਆ ਹਰੀ ਚੰਦ ਅਗੇ ਅਗੇ ਜਾ ਰਿਹਾ ਸੀ। ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਵੀ ਕੌਤਕ ਦੇਖਣ ਵਾਸਤੇ ਪਰਛਾਵਾਂ ਰੂਪ ਹੋ ਕੇ ਨਾਲ ਨਾਲ ਫਿਰਦਾ ਸੀ।

ਸਬੱਬ ਨਾਲ ਕਾਲੂ ਆ ਗਿਆ, ਕਾਲੂ ਚੰਡਾਲ ਸੀ। ਉਹ ਮਸਾਣਾਂ ਵਿਚ ਰਹਿੰਦਾ ਤੇ ਮੁਰਦੇ ਫੂਕਣ ਦਾ ਮਾਮਲਾ ਲੈਂਦਾ ਸੀ। ਜੋ ਅੱਧੇ ਖੱਫਨ ਦੀ ਕੀਮਤ ਤੁਲ ਹੁੰਦਾ ਸੀ। ਉਸ ਕਾਲੂ ਨੇ ਪੁਛਿਆ—'ਤੇਰੀ ਕੀ ਕੀਮਤ ਹੈ ?' ਹਰੀ ਚੰਦ ਨੇ ਉੱਤਰ ਦਿਤਾ—'ਪੰਜ ਸੌ ਮੋਹਰ ਸਿਰਫ਼।'

'ਹੱਛਾ! ਮਸਾਣਾਂ ਵਿਚ ਰਾਤ ਦਿਨੇ ਰਹਿਣਾ ਪਵੇਗਾ, ਜੋ ਕੋਈ ਮੁਰਦਾ ਫੂਕਣ ਆਵੇ ਉਸ ਕੋਲੋਂ ਮਾਮਲਾ ਲੈਣਾ ਹੋਵੇਗਾ। ਕੀ ਇਹ ਧਰਮ ਪਾਲ ਲਵੇਂਗਾ ?'

'ਜ਼ਰੂਰ! ਮਾਲਕ ਦੇ ਦਸੇ ਕੰਮਾਂ ਨੂੰ ਆਪਾ ਵਾਰ ਕੇ ਕਰਾਂਗਾ।' ਹਰੀ ਚੰਦ ਨੇ ਉੱਤਰ ਦਿਤਾ। ਬ੍ਰਾਹਮਣ ਰੂਪ ਵਿਸ਼ਵਾਮਿਤ੍ਰ ਕੋਲ ਆ ਖਲੋਤਾ। ਉਸ ਨੇ ਕਾਲੂ ਕੋਲੋਂ ਪੰਜ ਸੌ ਮੋਹਰਾਂ ਝੋਲੀ ਵਿਚ ਪਵਾਈਆਂ ਤੇ ਤੁਰਦਾ ਹੋਇਆ। ਹਰੀ ਚੰਦ ਜੀ ਮਸਾਣਾਂ ਵਿਚ ਜਾ ਬੈਠੇ।

## ਰੋਹਿਤਾਸ ਦੀ ਮੌਤ

ਇੰਦਰ ਤੇ ਵਿਸ਼ਵਾਮਿਤ੍ਰ ਨੇ ਘੋਰ ਪ੍ਰੀਖਿਆ ਕਰ ਲਈ। ਰਾਜੇ ਰਾਣੀ ਨੇ ਆਪਣੇ ਆਪ ਨੂੰ ਵੇਚ ਕੇ ਦਛਣਾ ਦਾ ਕਰਜ਼ਾ ਸਿਰੋਂ ਉਤਾਰ ਦਿਤਾ। ਹਰੀ ਚੰਦ ਹਨੇਰੀ ਤੇ ਡਰਾਉਣੀ ਸ਼ਮਸ਼ਾਨ ਭੂਮੀ ਵਿਚ ਰਾਤ ਨੂੰ ਸੋਟਾ ਫੜ ਕੇ ਪਹਿਰਾ ਦੇਣ ਲੱਗਾ, ਸਤ ਨਾ ਛਡਿਆ, ਇੰਦਰ ਨੇ ਹੋਰ ਪ੍ਰੀਖਿਆ ਕਰਨੀ ਚਾਹੀ, ਤੱਛਕ 'ਸੱਪ ਦੇਵਤਾ' ਨੂੰ ਪ੍ਰੇਰਨਾ ਕੀਤੀ ਕਿ ਉਹ ਛੇਤੀ ਜਾ ਕੇ ਹਰੀ ਚੰਦ ਦੇ ਪੁੱਤਰ ਰੋਹਿਤਾਸ ਨੂੰ ਡੰਗ ਮਾਰ ਕੇ ਮਾਰ ਦੇਵੇ, ਤੱਛਕ ਨੇ ਹੁਕਮ ਦੀ ਪਾਲਣਾ ਕੀਤੀ, ਤਰਕਾਲਾਂ ਨੂੰ ਰੋਹਿਤਾਸ ਨੂੰ ਡੰਗ ਮਾਰਿਆ। ਡੰਗ ਵੱਜਦੇ ਸਾਰ ਉਸ ਦੇ ਪ੍ਰਾਣ ਨਿਕਲ ਗਏ, ਉਹ ਇਕ ਲੋਥ ਬਣ ਗਿਆ। ਆਹ! ਦੁਖੀ ਸ਼ੈਵਯਾ ਹੋਰ ਦੁਖੀ ਹੋਈ ਉਸ ਦੀਆਂ ਆਹੀਂ ਵੀ ਨਾ ਨਿਕਲ ਸਕੀਆਂ। ਮੋਏ ਪੁੱਤ ਨੂੰ ਘੁਟ ਕੇ ਛਾਤੀ ਨਾਲ ਲਾ ਕੇ ਰੋਣ ਲਗ ਪਈ, ਕਦੀ ਚੱਕਰ ਆਉਂਦੇ ਗਸ਼ਾਂ ਪੈਂਦੀਆਂ। ਪੁੱਤਰ ਆਸਰੇ ਉਹ ਦੁਖ ਦੇ ਦਿਨ ਕੱਟ ਰਹੀ ਹੁਣ ਕੀ ਕਰੇ। ਉਸ ਨੂੰ ਅਜੇ ਇਹ ਵੀ ਪਤਾ ਨਹੀਂ ਸੀ ਲਗਾ ਕਿ ਉਸ ਦਾ ਪਤੀ ਹਰੀ ਚੰਦ ਕਿਥੇ ਹੈ, ਮੁਰਦੇ ਨੂੰ ਕੋਲ ਨਹੀਂ ਸੀ ਰਖ ਸਕਦੀ। ਪੁੱਤਰ ਦੇ ਖ਼ਫ਼ਨ ਵਾਸਤੇ ਕੋਲ ਕੱਚੀ ਕੌਡੀ ਨਹੀਂ ਸੀ। ਉਸ ਨੇ ਪੰਡਤਾਣੀ ਨੂੰ ਆਖਿਆ— 'ਮੇਰੇ ਪੁੱਤਰ ਵਾਸਤੇ ਕੋਰਾ ਕੱਪੜਾ ਦਿਓ!' ਪਰ ਉਨ੍ਹਾਂ ਵੀ ਨਾਂਹ ਕਰ ਦਿਤੀ। ਧੋਤੀ ਦੇ ਇਕ ਪਲੇ ਵਿਚ

ਵਲੇਟ ਕੇ ਮਸਾਣਾਂ ਨੂੰ ਤੁਰ ਪਈ, ਰਾਤ ਹਨੇਰੀ ਸੀ, ਹੱਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ। ਇਕੱਲੀ ਤੁਰੀ ਗਈ। ਅਗੇ ਮੁਰਦਾ ਸੜ ਰਿਹਾ ਸੀ। ਉਸ ਦੀ ਲੋਅ ਦੂਰੋਂ ਦਿੱਸੀ, ਲੋਅ ਆਸਰੇ ਮਸਾਣਾਂ ਨੂੰ ਤੁਰੀ ਗਈ। ਮਸਾਣਾਂ ਦੇ ਲਾਗੇ ਉਸ ਦੀਆਂ ਚੀਕਾਂ ਨਿਕਲ ਗਈਆਂ, ਉਸ ਦੀਆਂ ਚੀਕਾਂ ਜਦੋਂ ਹਰੀ ਚੰਦ ਨੇ ਸੁਣੀਆਂ ਤਾਂ ਘਬਰਾ ਕੇ ਮਸਾਣਾਂ ਦੇ ਫਾਟਕ ਵਲ ਹੋਇਆ, ਬੂਹੇ ਅਗੇ ਪਹੁੰਚਾ ਤਾਂ ਉਧਰੋਂ ਰਾਣੀ ਫਾਟਕ ਕੋਲ ਪਹੁੰਚ ਗਈ, ਰਾਜੇ ਨੇ ਰਾਣੀ ਨੂੰ ਪਛਾਣ ਲਿਆ ਤੇ ਰਾਣੀ ਰਾਜੇ ਨੂੰ ਜਾਣ ਗਈ, ਦੋਹਾਂ ਦੇ ਵਿਚਾਲੇ ਉਹਨਾਂ ਦਾ ਲੜਕਾ ਰੋਹਿਤਾਸ ਮੁਰਦੇ ਦੀ ਸ਼ਕਲ ਵਿਚ ਸੀ, ਇਕ ਦੂਸਰੇ ਨੂੰ ਮੰਦੜੇ ਹਾਲ ਦੇਖ ਕੇ ਦੋਹਾਂ ਦੇ ਦਿਲ ਪਾਟ ਗਏ, ਧਾਹੀਂ ਨਿਕਲ ਗਈਆਂ। ਧੀਰਜ ਕਰਕੇ ਰਾਣੀ ਆਖਣ ਲਗੀ—'ਇਸ ਦਾ ਸਸਕਾਰ ਕਰਨਾ ਹੈ। ਰਾਜੇ ਦਾ ਲੜਕਾ ਅੱਜ ਬਿਨਾਂ ਖਫਨ ਤੋਂ ਜਾ ਰਿਹਾ ਹੈ। ਜੇ ਇਸ ਨੇ ਮਰਨਾ ਹੀ ਸੀ ਤਾਂ ਪਹਿਲਾਂ ਮਰ ਜਾਂਦਾ, ਚੰਦਨ ਦੀ ਚਿਖਾ ਵਿਚ ਸਸਕਾਰ ਕਰਦੀ।'

ਹਰੀ ਚੰਦ ਹੁਸ਼ਿਆਰ ਹੋ ਗਿਆ। ਉਸ ਨੂੰ ਆਪਣੇ ਮਾਲਕ ਚੰਡਾਲ ਕਾਲੂ ਦਾ ਹੁਕਮ ਚੇਤੇ ਆਇਆ। ਉਸ ਨੇ ਹੌਂਸਲੇ ਨਾਲ ਪੱਥਰ ਛਾਤੀ ਉਤੇ ਰੱਖ ਕੇ ਰਾਣੀ ਨੂੰ ਆਖਿਆ—'ਇਸ ਮੁਰਦੇ ਨੂੰ ਇਸ ਸ਼ਮਸ਼ਾਨ ਭੂਮੀ ਵਿਚ ਸਾੜਨ ਤੋਂ ਪਹਿਲਾਂ ਤੈਨੂੰ ਅੱਧੇ ਖਫਨ ਦਾ ਮੁੱਲ 'ਕਰੁ' ਦੇਣਾ ਪਵੇਗਾ। ਜੇ ਇਹ ਨਹੀਂ ਤਾਂ ਸਸਕਾਰ ਨਹੀਂ ਹੋ ਸਕਦਾ।'

ਰਾਣੀ ਧਾਹੀਂ ਮਾਰ ਕੇ ਬੋਲੀ—'ਹੇ ਪ੍ਰਭੂ! ਇਹ ਤੇਰਾ ਲੜਕਾ ਹੈ, ਆਪਣੇ ਲੜਕੇ ਬਦਲੇ ਤਾਂ ਤਰਸ ਕਰੋ! ਐਨੇ ਸੜਦੇ ਮੁਰਦਿਆਂ ਵਿਚ ਇਸ ਦਾ ਸਸਕਾਰ ਹੋ ਜਾਵੇਗਾ ਤਾਂ ਕੀ ਘਾਟਾ ਪੈਂਦਾ ਹੈ। ਮੈਂ ਦੁਖੀਆ ਤੇ ਕੰਗਾਲਣ 'ਕਰੁ' ਦੇਣ ਤੋਂ ਅਸਮਰਥ ਹਾਂ। ਮੇਰੇ ਤੇ ਮਿਹਰ ਕਰੋ! ਦਇਆ ਕਰੋ ਭਗਵਾਨ ਦੇ ਨਾਮ ਉਤੇ ਪ੍ਰਭੂ ਦਇਆ ਕਰੋ!'

ਹਰੀਚੰਦ—'ਸ਼ੈਵਯਾ, ਤੂੰ ਸੋਚ ਰਤਾ ਸੋਚ, ਸਤ ਬਦਲੇ ਇਹ ਦਿਨ ਅਸਾਂ ਉਪਰ ਆਏ। ਭਗਵਾਨ ਪ੍ਰੀਖਿਆ ਕਰ ਰਿਹਾ ਹੈ। ਅੱਜ ਲੜਕੇ ਬਦਲੇ ਸਤ ਨੂੰ ਛਡ ਦਿਆਂ? ਇਹ ਕਦੀ ਨਹੀਂ ਹੋ ਸਕਦਾ, ਮੈਂ ਹਰੀ ਚੰਦ ਰਾਜਾ ਨਹੀਂ ਸਗੋਂ ਚੰਡਾਲ ਕਾਲੂ ਦਾ ਸੇਵਕ ਹਾਂ। ਮੇਰਾ ਧਰਮ ਹੈ ਮਾਲਕ ਦੇ ਦਸੇ ਕੰਮ ਨੂੰ ਕਰਨਾ, ਜੇ ਖਫਨ ਦਾ ਅੱਧ ਲਏ ਬਿਨਾਂ ਤੈਨੂੰ ਲੜਕੇ ਦਾ ਸਸਕਾਰ ਕਰਨ

ਦੇਵਾਂ ਤਾਂ ਮਾਲਕ ਵਲੋਂ ਝੂਠਾ ਹੋ ਜਾਵਾਂਗਾ, ਭਗਵਾਨ ਦੇਖਦਾ ਹੈ। ਉਹ ਰਾਤ ਦੇ ਹਨੇਰੇ ਵਿਚ ਵੀ ਵੇਖਦਾ ਹੈ। ਹੇ ਸਤਵੰਤੀ ਦੇਵੀ! ਕੀ ਤੂੰ ਚਾਹੁੰਦੀ ਹੈਂ ਕਿ ਤੇਰਾ ਪਤੀ ਧਰਮ ਤੇ ਸਤ ਤੋਂ ਡਿਗ ਪਵੇ? ਕੀ ਤੂੰ ਪਤੀ ਨੂੰ ਨਰਕਾਂ ਦਾ ਅਧਿਕਾਰੀ ਦੇਖ ਕੇ ਖ਼ੁਸ਼ ਹੋਵੇਂਗੀ? ਮਸਾਣ ਭੂਮੀ ਤੋਂ ਬਾਹਰ ਰਹੋ! ਤੇਰੇ ਲੜਕੇ ਦਾ ਸਸਕਾਰ ਨਹੀਂ ਹੋ ਸਕਦਾ, ਨਹੀਂ ਹੋ ਸਕਦਾ!' ਪਿਛਲੇ ਸ਼ਬਦ ਹਰੀ ਚੰਦ ਨੇ ਐਨੇ ਗੁਸੇ ਤੇ ਕ੍ਰੋਧ ਨਾਲ ਬੋਲੇ ਕਿ ਮਸਾਣ ਭੂਮੀ ਗੂੰਜ ਉਠੀ। ਇੰਦਰ ਤੇ ਵਿਸ਼ਵਾਮਿਤ੍ਰ ਦਾ ਦਿਲ ਦਹਿਲ ਗਿਆ। ਉਨ੍ਹਾਂ ਦੀਆਂ ਅੱਖਾਂ ਵਿਚ ਜਲ ਆ ਗਿਆ। ਸਚਮੁਚ ਹਰੀ ਚੰਦ ਸਤਵਾਦੀ ਹੈ ਪਰ ਪਾਪੀ ਪਾਪ ਕਰਨ ਤੋਂ ਛੇਤੀ ਨਹੀਂ ਮੁੜਦੇ। ਮੱਛੀ ਵਾਂਗ ਅਗਲੇ ਕਿਨਾਰੇ ਨਾਲ ਟੱਕਰ ਖਾ ਕੇ ਪਿਛੇ ਮੁੜਦੇ ਹਨ। ਉਪਰਲੇ ਸ਼ਬਦਾਂ ਨਾਲ ਗਰਜਵੀਂ ਆਵਾਜ਼ ਬੋਲ ਕੇ ਹਰੀ ਚੰਦ ਫਾਟਕ ਬੰਦ ਕਰ ਕੇ ਸ਼ਮਸ਼ਾਨ ਭੂਮੀ ਵਿਚਾਲੇ ਜਾ ਖਲੋਤਾ, ਰਾਣੀ ਕੋਲੋਂ ਦੂਰ ਹਟ ਗਿਆ।

## ਰਾਣੀ ਦਾ ਚੋਰੀ ਦੇ ਦੋਸ਼ ਵਿਚ ਫੜਿਆ ਜਾਣਾ

ਮਮਤਾ ਦੀ ਮਾਰੀ ਸ਼ੈਵਯਾ ਹੈਰਾਨ ਸੀ ਕਿ ਭਗਵਾਨ ਕੀ ਚੋਜ ਕਰ ਰਿਹਾ ਹੈ। ਉਸ ਦਾ ਪਤੀ ਰੋਹਿਤਾਸ ਦਾ ਬਾਪ ਸ਼ਮਸ਼ਾਨ ਭੂਮੀ ਦਾ ਮਾਲਕ ਫਿਰ ਵੀ ਉਹ ਰੋਹਿਤਾਸ ਦੇ ਮੁਰਦੇ ਦਾ ਸਸਕਾਰ ਨਹੀਂ ਕਰ ਸਕਦੀ। ਪੁੱਤਰ ਦੇ ਮੁਰਦੇ ਨੂੰ ਗੋਦ ਵਿਚ ਲੈ ਕੇ ਉਹ ਮਸਾਣਾਂ ਤੋਂ ਹਟਵੀਂ ਬੈਠ ਗਈ। ਸੋਚਾਂ ਵਿਚ ਬੈਠੀ ਬੈਠੀ ਦੀਆਂ ਅੱਖਾਂ ਮਿਲ ਗਈਆਂ। ਅੱਖਾਂ ਮਿਲਣ ਦੇ ਨਾਲ ਉਸ ਦੇ ਦੁਖਾਂ ਵਿਚ ਹੋਰ ਵਾਧਾ ਹੋ ਗਿਆ।

ਚੋਰ ਰਾਜੇ ਦੇ ਘਰੋਂ ਚੋਰੀ ਕਰ ਕੇ ਆਏ, ਉਹਨਾਂ ਨੂੰ ਬਹੁਤ ਸਾਰਾ ਮਾਲ ਹੱਥ ਲੱਗਾ। ਉਨ੍ਹਾਂ ਨੇ ਸੁਖਣਾ ਸੁਖੀ ਹੋਈ ਸੀ, ਜਦੋਂ ਮਸਾਣ ਘਾਟ ਦੇ ਕੋਲੋਂ ਦੀ ਲੰਘਣ ਲਗੇ ਤਾਂ ਉਨ੍ਹਾਂ ਦੀ ਨਿਗ੍ਹਾ ਸ਼ੈਵਯਾ ਤੇ ਪਈ। ਇਹ ਇਕ ਹਾਰ ਸ਼ੈਵਯਾ ਦੇ ਗਲ ਪਾ ਕੇ ਅਗੇ ਤੁਰ ਗਏ। ਸ਼ੈਵਯਾ ਨੂੰ ਕੋਈ ਪਤਾ ਨਹੀਂ ਸੀ। ਰਾਤ ਲੰਘ ਗਈ, ਸਵੇਰ ਹੋਈ! ਰਾਜੇ ਦੀ ਚੋਰੀ ਦੀ ਪੜਤਾਲ ਤੇ ਭਾਲ ਕਰਨ ਵਾਸਤੇ ਰਾਜ ਸਿਪਾਹੀ ਨਿਕਲੇ। ਇਕ ਟੋਲੀ ਫਿਰਦੀ ਫਿਰਾਂਦੀ ਉਸ ਅਸਥਾਨ ਉਤੇ ਪੁੱਜ ਗਈ, ਜਿਥੇ ਸ਼ੈਵਯਾ ਬੈਠੀ ਸੀ। ਉਸ ਦੇ ਗਲ ਹਾਰ ਪਿਆ ਵੇਖ

ਕੇ ਉਨ੍ਹਾਂ ਨੇ ਉਸ ਨੂੰ ਪਕੜ ਲਿਆ। ਪੁੱਛਣ ਲਗੇ—'ਦੱਸ ਨਾਲ ਦੇ ਕਿਥੇ ਹਨ ?' ਰਾਣੀ ਸ਼ੈਵਯਾ ਇਹ ਸੁਣ ਕੇ ਬਹੁਤ ਹੈਰਾਨ ਹੋਈ। ਜਿਵੇਂ ਹਰ ਚੀਜ਼ ਦੀ ਬਹੁਲਤਾ ਆਪਣਾ ਅਸਰ ਘਟਾ ਲੈਂਦੀ ਹੈ ਤਿਵੇਂ ਦੁਖ ਤੇ ਦੁਖ ਪੈਣ ਨਾਲ ਰਾਣੀ ਦਾ ਦਿਲ ਐਨ ਪੱਥਰ ਹੋ ਗਿਆ ਕਿ ਉਸ ਨੂੰ ਦੁਖ ਅਨੁਭਵ ਹੋਣੋਂ ਹਟ ਗਿਆ, ਉਸ ਦੇ ਨੈਣਾਂ ਵਿਚੋਂ ਜਲ ਸੁੱਕ ਗਿਆ। ਭੁੱਖ ਮਰ ਗਈ। ਉਸ ਹੈਰਾਨ ਜਿਹੀ ਹੋਈ ਨੇ ਉੱਤਰ ਦਿਤਾ—'ਮੈਨੂੰ ਕੁਝ ਪਤਾ ਨਹੀਂ ਮੈਂ ਤਾਂ ਲੜਕੇ ਦਾ ਮੁਰਦਾ ਗੋਦ ਲੈ ਕੇ ਬੈਠੀ ਸੀ। ਮੇਰੇ ਗਲ ਹਾਰ ਕਿਥੋਂ ਆਇਆ ਹੈ। ਕੌਣ ਗਲ ਪਾ ਗਿਆ, ਮੈਨੂੰ ਕੋਈ ਗਿਆਨ ਨਹੀਂ। ਪ੍ਰਭੂ ਵਾਸਤੇ ਮੈਂ ਅਗੇ ਹੀ ਦੁਖੀ ਹਾਂ ਹੋਰ ਪ੍ਰੇਸ਼ਾਨ ਨਾ ਕਰੋ।'

ਰਾਣੀ ਦੇ ਦਿਤੇ ਉੱਤਰ ਨਾਲ ਰਾਜਦੂਤਾਂ ਦੀ ਤਸੱਲੀ ਨਾ ਹੋਈ। ਉਨ੍ਹਾਂ ਨੇ ਰਾਣੀ ਨੂੰ ਪਕੜ ਲਿਆ। ਰੋਹਿਤਾਸ ਦਾ ਮੁਰਦਾ ਨੰਗਾ ਹੀ ਧਰਤੀ ਉਤੇ ਰੱਖ ਕੇ ਰਾਣੀ ਨੂੰ ਨਾਲ ਲੈ ਤੁਰ ਗਏ। ਜਾ ਰਾਜੇ ਦੇ ਪੇਸ਼ ਕੀਤਾ। ਰਾਜੇ ਨੇ ਬਿਨਾਂ ਮੁਕਦਮਾ ਸੁਨਣ ਦੇ ਕਤਲ ਦਾ ਹੁਕਮ ਦੇ ਦਿੱਤਾ। ਉਸ ਵੇਲੇ ਦਾ ਰਿਵਾਜ ਹੁੰਦਾ ਸੀ ਕਿ ਕਿਸੇ ਨੂੰ ਕਤਲ ਕਰਨਾ ਹੋਵੇ ਉਹ ਸ਼ਮਸ਼ਾਨ ਭੂਮੀ ਦਾ ਚੰਡਾਲ ਜਾਂ ਉਸ ਦਾ ਸੇਵਕ ਕਤਲ ਕਰਦਾ ਸੀ।

## ਕਤਲ ਹੋਣ ਵਾਸਤੇ ਰਾਣੀ ਸ਼ੈਵਯਾ ਸ਼ਮਸ਼ਾਨ ਭੂਮੀ ਵਿਚ

ਰਾਜੇ ਨੇ ਰਾਣੀ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ, ਰਾਜਦੂਤ (ਸਿਪਾਹੀ) ਰਾਣੀ ਨੂੰ ਸ਼ਮਸ਼ਾਨ ਭੂਮੀ ਵਿਚ ਲੈ ਆਏ, ਉਸ ਦਿਨ ਕਾਲੂ ਕਿਤੇ ਬਾਹਰ ਗਿਆ ਹੋਇਆ ਸੀ। ਉਸ ਦਿਨ ਕਤਲ ਦਾ ਕੰਮ ਵੀ ਹਰੀਚੰਦ ਨੂੰ ਹੀ ਕਰਨਾ ਪੈਣਾ ਸੀ। ਦੋਸ਼ੀਆਂ ਦੇ ਰੂਪ ਵਿਚ ਰਾਣੀ ਸ਼ਮਸ਼ਾਨ ਭੂਮੀ ਵਿਚ ਪੁਜ ਗਈ। ਉਸ ਨੇ ਦੇਖਿਆ ਉਸ ਦੇ ਪੁੱਤਰ ਦਾ ਮੁਰਦਾ ਅਜੇ ਉਥੇ ਹੀ ਪਿਆ ਹੈ, ਜਿਥੇ ਉਹ ਰੱਖ ਗਈ ਸੀ। ਉਸ ਉਤੇ ਮੱਖੀਆਂ ਬੈਠੀਆਂ ਹੋਈਆਂ ਸਨ, ਉਹ ਸੜ ਰਿਹਾ ਸੀ। ਰਾਣੀ ਅਗੇ ਹੋਈ ਉਸ ਦੀਆਂ ਅੱਖਾਂ ਨੀਵੀਆਂ ਰਹੀਆਂ, ਉਹ ਹਰੀ ਚੰਦ ਵਲ ਨਾ ਵੇਖ ਸਕੀ। ਧਰਤੀ ਵਲ ਦੇਖੀ ਜਾਂਦੀ ਸੀ।

ਰਾਜਾ ਹਰੀਚੰਦ ਦਿਲ ਤਕੜਾ ਕਰ ਕੇ ਮਾਲਕ ਦੇ ਹੁਕਮ ਦੀ ਪਾਲਨਾ

ਕਰਨ ਵਾਸਤੇ ਤਿਆਰ ਸੀ। ਉਸ ਨੇ ਤਲਵਾਰ ਦੀ ਧਾਰ ਤਿੱਖੀ ਕੀਤੀ। ਉਹ ਸਮਾਂ ਆ ਗਿਆ ਸੀ ਜਦੋਂ ਵਾਰ ਕਰਨਾ ਸੀ। ਆਪਣੀ ਰਾਣੀ ਦਾ ਸਿਰ ਆਪ ਵੱਢਣਾ ਸੀ। ਸਤਿਆਵਾਦੀ ਰਾਜਾ ਨਹੀਂ ਘਬਰਾਇਆ।

ਰਾਣੀ ਸ਼ੈਵਯਾ ਨੂੰ ਆਖਿਆ ਗਿਆ—'ਸਿਰ ਨੀਵਾਂ ਕਰ ਕੇ ਖਲੋ ਜਾਹ, ਉਸ ਨੇ ਉਸੇ ਤਰ੍ਹਾਂ ਕੀਤਾ।' ਰਾਜਾ ਹਰੀ ਚੰਦ ਕਤਲ ਕਰਨ ਵਾਸਤੇ ਅਗੇ ਵਧਿਆ, ਉਸ ਨੇ ਉਪਰ ਹੱਥ ਕੀਤਾ। ਜਦੋਂ ਤਲਵਾਰ ਨੂੰ ਹੇਠਾਂ ਲਿਆਉਣ ਲਗਾ ਤਾਂ ਕਿਸੇ ਗ਼ੈਬੀ ਸ਼ਕਤੀ ਨੇ ਉਸ ਦਾ ਹੱਥ ਫੜ ਲਿਆ। ਉਹ ਤਲਵਾਰ ਦਾ ਵਾਰ ਨਾ ਕਰ ਸਕਿਆ। ਜਾਂ ਉਸ ਨੇ ਪਿਛੇ ਮੁੜ ਕੇ ਦੇਖਿਆ ਤਾਂ ਸਾਰੀ ਸ਼ਮਸ਼ਾਨ ਭੂਮੀ ਵਿਚ ਗੁਲਾਬ, ਚਮੇਲੀ ਤੇ ਗੇਂਦੇ ਦੇ ਫੁੱਲਾਂ ਦੀਆਂ ਪੱਤੀਆਂ ਦੀ ਵਰਖਾ ਹੋ ਰਹੀ ਸੀ। ਉਸ ਦੇ ਹੱਥੋਂ ਤਲਵਾਰ ਡਿਗ ਪਈ। ਉਸ ਦੇ ਹੱਥ ਜੁੜ ਗਏ। ਗੋਡੇ ਨਿਉਂ ਗਏ। ਉਹ ਪ੍ਰਣਾਮ ਕਰਨ ਲਗ ਪਿਆ, ਕਿਉਂਕਿ ਉਸ ਦੇ ਅਗੇ ਭਗਵਾਨ ਪ੍ਰਗਟ ਹੋ ਕੇ ਖਲੋਤੇ ਸੀ। ਭਗਵਾਨ ਦੇ ਪਿਛੇ ਇੰਦਰ ਵਿਸ਼ਵਾਮਿਤ੍ਰ ਤੇ ਨਾਰਦ ਖਲੋਤੇ ਸਨ। ਰਾਣੀ ਨੇ ਪ੍ਰਣਾਮ ਕੀਤਾ। ਪ੍ਰਭੂ ਖ਼ੁਸ਼ ਹੋ ਗਿਆ। ਪ੍ਰਭੂ ਨੇ ਆਖਿਆ—'ਸਤਿਵਾਦੀ ਰਾਜਾ ਹਰੀ ਚੰਦ! ਤੈਨੂੰ ਪਰਖ ਲਿਆ ਹੈ। ਮੈਂ ਖ਼ੁਸ਼ ਹਾਂ। ਜੋ ਮੰਗਣਾ ਹੈ ਮੰਗ ਲੈ।'

'ਮੈਂ ਕੁਝ ਨਹੀਂ ਮੰਗਣਾ। ਆਪ ਦਾ ਦਿੱਤਾ ਬਹੁਤ ਕੁਝ ਹੈ।' ਹਰੀ ਚੰਦ ਦਾ ਉੱਤਰ ਸੀ।

ਭਗਵਾਨ ਨੇ ਮੁੜ ਤੀਸਰੀ ਵਾਰ ਆਖਿਆ। ਜਦੋਂ ਤੀਸਰੀ ਵਾਰ ਆਖਿਆ ਤਾਂ ਹਰੀ ਚੰਦ ਨੇ ਕਿਹਾ—'ਮੈਂ ਨਗਰੀ ਤੇ ਨਗਰੀ ਵਿਚ ਰਹਿਣ ਵਾਲੇ ਜੀਵਾਂ ਸਮੇਤ ਦੇਵ ਲੋਕ ਨੂੰ ਜਾਵਾਂ। ਤੇਰੇ ਚਰਨਾਂ ਵਿਚ ਰਹਾਂ। ਇਸ ਤੋਂ ਵਧ ਕੋਈ ਇਛਾ ਨਹੀਂ।'

ਭਗਵਾਨ ਨੇ ਖ਼ੁਸ਼ ਹੋ ਕੇ ਇਹੋ ਵਰ ਦੇ ਦਿਤਾ। ਰੋਹਿਤਾਸ ਵੀ ਜੀਉ ਪਿਆ। ਅਸਲੀ ਚੋਰ ਫੜੇ ਗਏ। ਰਾਜੇ ਤੇ ਰਾਣੀ ਦਾ ਵੀ ਦੋਸ਼ ਖਿਮਾ ਹੋ ਗਿਆ। ਪ੍ਰਭੂ ਦੀ ਕਿਰਪਾ ਨਾਲ ਸਾਰੇ ਕਾਰਜ ਰਾਸ ਹੋ ਗਏ। ਇੰਦਰ ਤੇ ਵਿਸ਼ਵਾਮਿਤ੍ਰ ਨੇ ਦਿਤੇ ਦੁਖੜਿਆਂ ਦੀ ਭੁਲ ਮੰਨੀ ਤੇ ਖਿਮਾ ਚਾਹੀ। ਭਗਵਾਨ ਨੇ ਆਪਣੀ ਸ਼ਕਤੀ ਨਾਲ ਹਰੀ ਚੰਦ, ਸ਼ੈਵਯਾ ਤੇ ਰੋਹਿਤਾਸ ਨੂੰ ਉਨ੍ਹਾਂ ਦੇ ਰਾਜ ਨਗਰ ਵਿਚ ਪਹੁੰਚਾ ਦਿੱਤਾ। ਤਿੰਨਾਂ ਦੇ ਮੁੜ ਆਉਣ ਤੇ ਸਾਰੀ ਪਰਜਾ ਨੇ ਖ਼ੁਸ਼ੀਆਂ ਮਨਾਈਆਂ।

# ਰਾਜਾ ਹਰੀ ਚੰਦ ਦਾ ਬੈਕੁੰਠ ਨੂੰ ਜਾਣਾ ਤੇ ਹਰਿ ਚੰਦਉਰੀ

*ਹਰਿਚੰਦਉਰੀ ਚਿਤ ਭ੍ਰਮੁ ਸਖੀਏ ਮ੍ਰਿਗ ਤ੍ਰਿਸਨਾ ਦ੍ਰੁਮ ਛਾਇਆ ॥*
*ਚੰਚਲਿ ਸੰਗਿ ਨ ਚਾਲਤੀ ਸਖੀਏ ਅੰਤਿ ਤਜਿ ਜਾਵਤ ਮਾਇਆ ॥* (ਬਿਲਾਵਲੁ ਮ: ੫)

ਸ਼ਾਂਤੀ ਤੇ ਸੁਖ ਨਾਲ ਕਈ ਸਾਲ ਰਾਜ ਕਰਨ ਪਿਛੋਂ ਸਤਿਆਵਾਦੀ ਰਾਜਾ ਹਰੀ ਚੰਦ ਬੈਕੁੰਠ ਧਾਮ ਨੂੰ ਜਾਣ ਲੱਗਾ ਤਾਂ ਭਗਵਾਨ ਦੇ ਦਿਤੇ ਵਰ ਅਨੁਸਾਰ ਉਸ ਦੀ ਸਾਰੀ ਨਗਰੀ ਬੈਕੁੰਠ ਧਾਮ ਨੂੰ ਚਲੀ, ਜਦੋਂ ਅੱਧ ਵਿਚ ਪਹੁੰਚੇ ਤਾਂ ਖੋਤਾ ਹੀਂਗ ਪਿਆ, ਕਿਉਂਕਿ ਪਸ਼ੂ ਪੰਛੀ ਵੀ ਸਾਥ ਜਾ ਰਹੇ ਸਨ । ਖੋਤੇ ਦਾ ਹੀਂਗਣਾ ਸੁਣ ਕੇ ਸਤਿਆਵਾਦੀ ਰਾਜੇ ਨੂੰ ਹੰਕਾਰ ਹੋ ਗਿਆ । ਪ੍ਰਭੂ ਨੂੰ ਹੰਕਾਰ ਰਾਈ ਜਿੰਨਾ ਨਹੀਂ ਭਾਉਂਦਾ । ਉਸ ਵੇਲੇ ਨਗਰ ਉਪਰ ਜਣੋਂ ਖਲੋ ਗਈ। ਆਖਦੇ ਨੇ ਅਜ ਤਕ ਉਹ ਨਗਰੀ ਅਸਮਾਨਾਂ ਵਿਚ ਘੁੰਮਦੀ ਫਿਰਦੀ ਰਹਿੰਦੀ ਹੈ । ਨਾ ਹੇਠਾਂ ਆਉਂਦੀ ਹੈ ਨਾ ਉਪਰ । ਉਸ ਦਾ ਨਾਮ 'ਹਰਿ ਚੰਦਉਰੀ' ਪਿਆ ਹੋਇਆ ਹੈ । ਜਿਸ ਤਰ੍ਹਾਂ ਉਹ ਹਰਿ ਚੰਦਉਰੀ ਹਵਾ ਤੇ ਸਮੇਂ ਦੇ ਠਕਿਆਂ ਨਾਲ ਏਧਰ ਉਧਰ ਫਿਰਦੀ ਰਹਿੰਦੀ ਹੈ ਤਿਵੇਂ ਗੁਰੂ ਜੀ ਆਖਦੇ ਨੇ ਮਨੁਖ ਮਾਇਆ ਦੇ ਧਕਿਆਂ ਨਾਲ ਇਧਰ ਉਧਰ ਫਿਰਦਾ ਰਹਿੰਦਾ ਹੈ ਪਰ ਅੰਤ ਦੀ ਵਾਰ ਮਾਇਆ ਇਸ ਦੇ ਸਾਥ ਨਹੀਂ ਜਾਂਦੀ । ਲਾਲਚ ਬਦਲੇ ਮਨੁਖ ਨੂੰ ਕਦੀ ਸਤ ਤੇ ਧਰਮ ਹਥੋਂ ਨਹੀਂ ਗਵਾਉਣਾ ਚਾਹੀਦਾ । ਇਹੋ ਹੀ ਕਲਿਆਣ ਦਾ ਸਾਧਨ ਹੈ ।

# ੪੧. ਮੁਨੀ ਕਪਿਲ ਦੇਵ ਜੀ

ਮਨੂੰ ਜੀ ਦੀ ਪੁੱਤਰੀ ਦੇਵਹੂਤੀ ਸੀ । ਇਹ ਬਹੁਤ ਸਿਆਣੀ ਵਿਦਵਾਨ ਧਰਮਾਤਮਾ ਭਗਤੀ ਸ਼ਰਧਾ ਵਾਲੀ ਸੀ । ਮੁਟਿਆਰ ਹੋਣ ਤੇ ਮਨੂੰ ਜੀ ਨੇ ਉਸ ਦਾ ਵਿਆਹ ਕਰਦਮ ਰਿਖੀ ਨਾਲ ਕਰ ਦਿਤਾ । ਸਰਸਵਤੀ ਦੇ ਕਿਨਾਰੇ ਹਸਦੀ ਤੇ ਖਿੜੀ ਕੁਦਰਤ ਵਿਚਾਲੇ ਕਰਦਮ ਨੇ ਸੁੰਦਰ ਕੁਟੀਆ ਬਣਾਈ ਹੋਈ ਸੀ। ਉਸ ਕੁਟੀਆ ਵਿਚ ਪਿਆਰ ਨਾਲ ਰਹਿੰਦੇ ਸਨ । ਰਾਤ ਦਿਨੇ ਪ੍ਰਮਾਤਮਾ ਦੀ

ਭਗਤੀ ਕਰਦੇ ਰਹਿੰਦੇ। ਭਗਵਾਨ ਉਨ੍ਹਾਂ ਨੂੰ ਪ੍ਰੇਮ ਦੇ ਪੰਘੂੜਿਆਂ ਵਿਚ ਖਿਡਾਉਂਦਾ ਹੋਇਆ ਸ਼ਾਂਤ ਚਿਤ ਰਖ ਰਿਹਾ ਸੀ। ਸੁਖ ਦੇ ਦਿਨ ਬਹੁਤ ਛੇਤੀ ਬੀਤ ਜਾਂਦੇ ਹਨ। ਕੁਝ ਸਾਲ ਬੀਤਣ ਪਿਛੋਂ ਭਗਵਾਨ ਦੀ ਇੱਛਾ ਨਾਲ ਦੇਵਹੂਤੀ ਗਰਭਵਤੀ ਹੋ ਗਈ। ਉਸ ਦੀ ਕੁਖ ਵਿਚ ਜਦੋਂ ਕਿਸੇ ਨਵੀਂ ਰੂਹ ਨੇ ਪ੍ਰਵੇਸ਼ ਕੀਤਾ ਤਾਂ ਕੁਦਰਤ ਵਲੋਂ ਬਹੁਤ ਖ਼ੁਸ਼ੀਆਂ ਦੇ ਮੰਗਲਾਚਾਰ ਕੀਤੇ ਗਏ। ਦੇਵਹੂਤੀ ਦੀ ਰੂਹ ਵੀ ਚੌਣੀ ਖਿੜ ਗਈ। ਸਰਸਵਤੀ ਵਿਚ ਦੂਣੀਆਂ ਲਹਿਰਾਂ ਫੈਲ ਉਠੀਆਂ। ਆਸ਼ਰਮ ਦੇ ਚੌਗਿਰਦੇ ਪੰਛੀ ਤੇ ਜਾਨਵਰ ਭਾਂਤ ਭਾਂਤ ਦੀਆਂ ਮਿਠੀਆਂ ਬੋਲੀਆਂ ਬੋਲਦੇ ਰਹੇ। ਰੰਗਾ ਰੰਗ ਦੇ ਗੀਤ ਗਾਉਣ ਲਗੇ। ਫੂਲ ਖਿੜ ਗਏ। ਦੇਵਹੂਤੀ ਨੇ ਭਗਵਾਨ ਭਗਤੀ ਬਹੁਤ ਕਰਨੀ ਸ਼ੁਰੂ ਕਰ ਦਿੱਤੀ। ਆਪਣੇ ਪਤੀ ਦੇਵਤਾ ਕਰਦਮ ਕੋਲੋਂ ਕਈ ਘੰਟੇ ਗਿਆਨ ਸੁਣਦੀ ਰਹਿੰਦੀ। ਦੇਵਹੂਤੀ ਨੂੰ ਰੋਜ਼ ਨਵੇਂ ਨਵੇਂ ਤੇ ਚੰਗੇ ਭਾਵਾਂ ਵਾਲੇ ਸੁਪਨੇ ਆਉਣੇ ਸ਼ੁਰੂ ਹੋਏ।

ਆਖ਼ਰ ਉਹ ਦਿਨ ਆ ਗਿਆ, ਦੇਵਹੂਤੀ ਦੇ ਬਾਲਕ (ਲੜਕੇ) ਨੇ ਜਨਮ ਲਿਆ। ਕਰਦਮ ਨੇ ਜਦੋਂ ਪੁੱਤਰ ਨੂੰ ਦੇਖਿਆ ਤਾਂ ਅਨੰਦ ਨਾਲ ਉਛਲ ਪਿਆ। ਉਸ ਨੇ ਦੇਖਿਆ ਬੱਚੇ ਦੀਆਂ ਅੱਖਾਂ ਕਮਲ ਵਰਗੀਆਂ ਹਨ। ਸੋਨੇ ਰੰਗ ਵਰਗੇ ਭੂਰੇ ਵਾਲ ਤੇ ਸੁੰਦਰ ਨੁਹਾਰ ਤੇ ਚੰਗੇ ਨਕਸ਼ਾਂ ਨੂੰ ਦੇਖ ਕੇ ਕਰਦਮ ਨੇ ਉਸ ਦਾ ਨਾਮ ਕਪਿਲਦੇਵ ਰਖਿਆ।

ਆਖਦੇ ਨੇ ਕਪਿਲ ਦੇਵ ਭਗਵਾਨ ਦਾ ਰੂਪ ਅਵਤਾਰ ਸੀ, ਇਸ ਨੂੰ ਵਿਸ਼ਨੂੰ ਅਵਤਾਰ ਮੰਨਿਆ ਜਾਂਦਾ ਹੈ, ਇਹ ਬਹੁਤ ਸਿਆਣਾ ਤੇ ਭਗਤੀ ਵਾਲਾ ਮੁਨੀ ਹੋਇਆ ਹੈ। ਦੇਵਹੂਤੀ ਨੂੰ ਗਿਆਨ ਹੋ ਗਿਆ ਕਿ ਉਸ ਦਾ ਪੁੱਤਰ ਸਧਾਰਨ ਬਾਲਕ ਨਹੀਂ ਸਗੋਂ ਵਿਸ਼ਨੂੰ ਅਵਤਾਰ ਹੈ। ਉਸ ਨੇ ਇਕ ਦਿਨ ਦੋਵੇਂ ਹੱਥ ਜੋੜ ਕੇ ਕਪਿਲਦੇਵ ਅਗੇ ਪ੍ਰਾਰਥਨਾ ਕੀਤੀ—

'ਹੇ ਭਗਵਾਨ! ਮੇਰੇ ਤੇ ਦਇਆ ਕਰੋ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਇਹ ਪੰਜ ਅਸਾਧ ਚੋਰ ਆਤਮਾ ਨੂੰ ਸ਼ਾਂਤ ਨਹੀਂ ਹੋਣ ਦੇਂਦੇ, ਇੰਦ੍ਰੀਆਂ ਰਾਹੀਂ ਹਿਰਦੇ ਵਿਚ ਆ ਕੇ ਆਤਮਾ ਨੂੰ ਤੜਫਾਈ ਰਖਦੇ ਨੇ। ਹਨੇਰੇ ਵਿਚ ਤੁਰੇ ਜਾਂਦੇ ਪੁਰਸ਼ ਵਾਸਤੇ ਜਿਵੇਂ ਦੀਵਾ ਜਾਂ ਚੰਦ ਦੀ ਰੌਸ਼ਨੀ ਅਤੀ ਜ਼ਰੂਰੀ ਹੈ ਤਿਵੇਂ ਜੀਵਨ ਪੰਧ ਮੁਕਾਉਣ ਵਾਸਤੇ ਗਿਆਨ ਰੂਪੀ ਰੌਸ਼ਨੀ ਅਤੀ ਜ਼ਰੂਰੀ ਹੈ। ਮੈਂ ਤੇ ਮੇਰੀ ਦੇ ਜਾਲ ਵਿਚ ਫਸ ਕੇ ਇਹ ਜੀਉੜਾ ਦੁਖੀ ਹੋ ਰਿਹਾ ਹੈ।

ਆਪਣੀ ਮਾਤਾ ਦੀ ਜ਼ਬਾਨੋਂ ਇਹ ਬਚਨ ਸੁਣ ਕੇ ਕਪਿਲਦੇਵ ਜੀ ਨੇ ਆਪਣੀ ਮਾਤਾ ਦੇਵਹੂਤੀ ਨੂੰ ਬਹੁਤ ਸਾਰਾ ਉਪਦੇਸ਼ ਦਿਤਾ। ਉਪਦੇਸ਼ ਦੇਂਦਿਆਂ ਹੋਇਆ ਆਖਿਆ—ਮਾਤਾ ਤੇਰੇ ਵਰਗੀ ਪੂਜ ਦੇਵੀ ਕੋਈ ਨਹੀਂ। ਤੂੰ ਪਤੀ ਦੀ ਸੇਵਾ ਕੀਤੀ, ਭਗਵਾਨ ਦਾ ਨਾਮ ਸਿਮਰਨ ਕੀਤਾ, ਸਾਧੂ ਸੰਤਾਂ ਦੀ ਸੇਵਾ ਈਰਖਾ ਰਹਿਤ ਹੋ ਕੇ ਕਰਦੀ ਰਹੀ। ਪਸ਼ੂ ਤੇ ਪੰਛੀ ਤੇਰੇ ਆਸ਼ਰਮ ਵਿਚੋਂ ਖ਼ੁਸ਼ੀਆਂ ਪ੍ਰਾਪਤ ਕਰਦੇ ਰਹੇ। ਤੈਨੂੰ ਹੋਰ ਕਿਸੇ ਉਪਦੇਸ਼ ਦੀ ਲੋੜ ਕੀ। ਤੂੰ ਤਾਂ ਆਪ ਮੁਕਤ ਹੈਂ ਤੇ ਹੋਰਨਾਂ ਨੂੰ ਮੁਕਤ ਕਰਨ ਜੋਗ ਹੈਂ।' ਆਖਦੇ ਹਨ ਆਪਣੇ ਜੀਵਨ ਵਿਚ ਕਪਿਲਦੇਵ ਨੇ ਬਹੁਤ ਭਗਤੀ ਕੀਤੀ। ਇਹ ਵਡੇ ਰਿਖੀਆਂ ਤੇ ਅਵਤਾਰਾਂ ਵਿਚ ਗਿਣੇ ਗਏ ਹਨ ਭੱਟਾਂ ਦੇ ਸਵਈਆਂ ਵਿਚ ਲਿਖਿਆ ਹੈ—

*'ਗਾਵਹਿ ਕਪਿਲਾਦਿ ਆਦਿ ਜੋਗੇਸੁਰ ਅਪਰੰਪਰ ਅਵਤਾਰ ਵਰੋ॥'*

# ੪੨. ਮਾਤਾ ਜਸ਼ੋਧਾ ਜੀ

ਮਾਤਾ ਜਸ਼ੋਧਾ ਜੀ ਗੋਕਲ ਦੇ ਵਸਨੀਕ ਨੰਦ ਜੀ ਦੀ ਸੁਪਤਨੀ ਸੀ। ਇਸ ਧਰਮੀ ਆਤਮਾ ਨੇ ਸ੍ਰੀ ਕ੍ਰਿਸ਼ਨ ਜੀ ਦੀ ਪਾਲਣਾ ਕੀਤੀ ਹੈ। ਕੰਸ ਦੇ ਖ਼ੂਨੀ ਪੰਜੇ 'ਚੋਂ ਬਾਲਕ ਕ੍ਰਿਸ਼ਨ ਨੂੰ ਬਚਾਉਣ ਬਦਲੇ ਸ੍ਰੀ ਕ੍ਰਿਸ਼ਨ ਜੀ ਦੇ ਪਿਤਾ ਵਾਸਦੇਵ ਜੀ ਕ੍ਰਿਸ਼ਨ ਜੀ ਨੂੰ ਜਮਨਾ ਪਾਰ ਨੰਦ ਜੀ ਦੇ ਘਰ ਲੈ ਗਏ ਸਨ। ਮਾਤਾ ਜਸ਼ੋਧਾ ਜੀ ਨੇ ਆਪਣੇ ਪੁੱਤਰ ਨਾਲੋਂ ਵੀ ਵਧ ਪ੍ਰੇਮ, ਸ਼ਰਧਾ, ਮਮਤਾ ਤੇ ਭਗਤੀ ਨਾਲ ਭਗਵਾਨ ਦੀ ਪਾਲਨਾ ਕੀਤੀ ਸੀ। ਇਹ ਵੀ ਲਿਖਿਆ ਹੈ ਕਿ ਪਿਛਲੇ ਜਨਮ ਵਿਚ ਸਤ ਰੂਪਾਂ ਨਾਮ ਹੇਠ ਭਗਵਾਨ ਦੀ ਭਗਤੀ ਵਿਚ ਘੋਰ ਤਪਸਿਆ ਕੀਤੀ। ਤਪਸਿਆ ਦੇ ਕਾਰਨ ਜਦੋਂ ਪ੍ਰਭੂ ਨੇ ਆਪ ਦਰਸ਼ਨ ਦਿਤੇ ਤਾਂ ਇਸ ਨੇ ਮੰਗ ਕੀਤੀ—'ਹੇ ਭਗਵਾਨ! ਮੇਰੀ ਇੱਛਾ ਹੈ ਕਿ ਬਾਲ ਰੂਪ ਵਿਚ ਇਕ ਵਾਰ ਫਿਰ ਮੈਨੂੰ ਦਰਸ਼ਨ ਦਿਓ।' ਤਾਂ ਭਗਵਾਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਰੂਪ ਵਿਚ ਉਸ ਨੂੰ ਦਰਸ਼ਨ ਦਿਤੇ ਤੇ ਕਈ ਸਾਲ ਤਕ ਉਸ ਦੀ ਗੋਦ ਵਿਚ ਪਲਦੇ ਰਹੇ। ਮਾਤਾ ਜਸ਼ੋਧਾ ਨੇ ਰੱਜ ਰੱਜ ਦਰਸ਼ਨ ਕੀਤੇ। ਅੰਤ ਸਮੇਂ ਬੈਕੁੰਠ ਧਾਮ ਨੂੰ ਗਈ।

# ੪੩. ਚੰਦਰਹਾਂਸ ਦਾ ਪ੍ਰਸੰਗ

*ਸਭੁ ਹੈ ਬ੍ਰਹਮੁ ਬ੍ਰਹਮੁ ਹੈ ਪਸਰਿਆ ਮਨਿ ਬੀਜਿਆ ਖਾਵਾਰੇ ॥*
*ਜਿਉ ਜਨ ਚੰਦ੍ਰਹਾਂਸੁ ਦੁਖਿਆ ਧ੍ਰਿਸਟਬੁਧੀ ਅਪੁਨਾ ਘਰੁ ਲੂਕੀ ਜਾਰੇ ॥੬॥* (ਨਟ ਮ: ੪)

ਭਾਵ—ਸਾਰਾ ਜਗਤ ਪ੍ਰਮਾਤਮਾ ਦਾ ਰੂਪ ਹੈ। ਪ੍ਰਮਾਤਮਾ ਸਾਰੇ ਜਗਤ ਵਿਚ ਵਸਿਆ ਹੋਇਆ ਹੈ। ਇਹ ਮਨੁਖ ਜੋ ਬੀਜਦਾ ਹੈ, ਸੋਈ ਖਾਂਦਾ ਹੈ, ਜੀਵ ਕਰਮ ਦਾ ਕੀਤਾ ਹੀ ਪਾਉਂਦਾ ਹੈ। ਜਿਵੇਂ ਚੰਦਰਹਾਂਸ ਨੂੰ ਧ੍ਰਿਸ਼ਟ ਬੁਧੀ ਨੇ ਦੁਖੀ ਕੀਤਾ ਪਰ ਚੰਦਰਹਾਂਸ ਦਾ ਤਾਂ ਕੁਝ ਨਾ ਗਿਆ। ਉਸ ਦਾ ਆਪਣਾ ਘਰ ਹੀ ਈਰਖਾ ਦੀ ਅੱਗ ਨਾਲ ਸੜ ਕੇ ਸੁਆਹ ਹੋ ਗਿਆ। ਜਿਵੇਂ ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ।

ਚੰਦਰਹਾਂਸ ਦੀ ਪੂਰੀ ਕਥਾ ਇਉਂ ਹੈ, ਜਗਿਆਸੂ ਜਨੋ ਸੁਣੋ—

ਕੇਰਲ ਰਾਜ ਦਾ ਰਾਜਾ ਮੇਧਵੀ ਹੋਇਆ ਹੈ। ਇਸ ਦੇ ਹੋਣ ਦਾ ਸਮਾਂ ਦੁਆਪੁਰ ਜੁਗ ਖ਼ਿਆਲ ਕੀਤਾ ਜਾਂਦਾ ਹੈ। ਇਸੇ ਰਾਜੇ ਮੇਧਵੀ ਦਾ ਇਕਲੌਤਾ ਪੁੱਤਰ ਚੰਦਰਹਾਂਸ ਸੀ। ਚੰਦਰਹਾਂਸ ਦੀ ਉਮਰ ਅਜੇ ਬਹੁਤ ਛੋਟੀ ਸੀ ਕਿ ਦੁਸ਼ਮਣਾਂ ਨੇ ਕੇਰਲ ਉਤੇ ਧਾਵਾ ਕਰ ਦਿੱਤਾ। ਰਾਜ ਦੀ ਰਾਖੀ ਕਰਦਾ ਹੋਇਆ ਮੇਧਵੀ ਮਾਰਿਆ ਗਿਆ। ਮੇਧਵੀ ਦੀ ਪਤੀਬ੍ਰਤਾ ਇਸਤਰੀ ਆਪਣੇ ਪਤੀ ਨਾਲ ਹੀ ਸਤੀ ਹੋ ਗਈ ਤੇ ਚੰਦਰਹਾਂਸ ਯਤੀਮ ਹੋ ਗਿਆ। ਜਿਸ ਵੇਲੇ ਯੁਧ ਹੋ ਰਿਹਾ ਸੀ ਅਤੇ ਇਹ ਪਤਾ ਲੱਗ ਚੁੱਕਾ ਸੀ ਕਿ ਮੇਧਵੀ ਮਾਰਿਆ ਗਿਆ ਹੈ, ਉਸ ਵੇਲੇ ਚੰਦਰਹਾਂਸ ਦੀ ਸਿਆਣੀ ਦਾਈ ਨੇ ਅਕਲ ਤੇ ਦਲੇਰੀ ਤੋਂ ਕੰਮ ਲਿਆ। ਉਸ ਨੇ ਚੰਦਰਹਾਂਸ ਨੂੰ ਕੁੱਛੜ ਚੁਕਿਆ ਤੇ ਰਾਜ ਮਹਿਲਾਂ ਵਿਚੋਂ ਨਿਕਲ ਗਈ। ਹੌਲੀ ਹੌਲੀ ਤੁਰ ਕੇ ਕੇਰਲ ਰਾਜ ਵਿਚੋਂ ਨਿਕਲ ਕੇ ਕੁੰਤਲਪੁਰ ਰਾਜ ਵਿਚ ਪੁਜ ਗਈ। ਰਾਜਕੁਮਾਰ ਚੰਦਰਹਾਂਸ ਦੀ ਜਾਨ ਬਚ ਗਈ, ਪਰ ਉਹ ਕੰਗਾਲ ਨਿਥਾਵਾਂ ਤੇ ਯਤੀਮ ਹੋ ਗਿਆ। ਹੁਣ ਉਹ ਪ੍ਰਭੂ ਦੇ ਆਸਰੇ ਸੀ।

# ਠਾਕੁਰ ਪੂਜਾ

ਕੁੰਤਲਪੁਰ 'ਚ ਚੰਦਰਹਾਂਸ ਪਲਣ ਲੱਗਾ । ਜਿਵੇਂ ਕਿਵੇਂ ਦਾਈ ਚੰਦਰਹਾਂਸ ਨੂੰ ਪਾਲਦੀ ਰਹੀ । ਉਹ ਫਿਰਨ ਤੁਰਨ ਯੋਗ ਹੋ ਗਿਆ । ਜਨਮ ਤੋਂ ਉਸ ਦੀ ਰੁਚੀ ਭਗਵਾਨ ਭਗਤੀ ਵਲ ਸੀ । ਇਕ ਦਿਨ ਸ਼ਹਿਰੋਂ ਬਾਹਰ ਚਲਿਆ ਗਿਆ । ਅਗੇ ਸਾਧ ਮੰਡਲੀ ਸੀ, ਉਹ ਸਾਧੂ ਮੰਡਲੀ ਮੂਰਤੀ ਪੂਜਾ ਵੀ ਕਰਦੀ ਤੇ ਹਰੀ ਕੀਰਤਨ ਵੀ । ਸੁੰਦਰ ਬਾਲਕ ਚੰਦਰਹਾਂਸ ਨੂੰ ਦੇਖ ਕੇ ਮੁਖੀ ਸਾਧੂ ਨੂੰ ਦਇਆ ਆ ਗਈ । ਉਸ ਨੇ ਚੰਦਰਹਾਂਸ ਨੂੰ ਆਪਣੇ ਕੋਲ ਹੀ ਰੱਖ ਲਿਆ। ਮੁੜ ਚੰਦਰਹਾਂਸ ਦਾਈ ਕੋਲ ਨਹੀਂ ਗਿਆ । ਉਹਨਾਂ ਸਾਧੂਆਂ ਕੋਲ ਹੀ ਰਹਿਣ ਲਗ ਪਿਆ । ਸਵੇਰੇ ਤੇ ਸ਼ਾਮ ਨੂੰ ਸੰਤ ਠਾਕੁਰਾਂ ਦੀ ਪੂਜਾ ਕਰਦੇ । ਸੰਤਾਂ ਨੂੰ ਠਾਕੁਰ ਪੂਜਾ ਕਰਦਿਆਂ ਦੇਖ ਕੇ ਚੰਦਰਹਾਂਸ ਨੇ ਵੀ ਠਾਕੁਰ ਪੂਜਾ ਕਰਨੀ ਸ਼ੁਰੂ ਕਰ ਦਿਤੀ । ਜਿਵੇਂ ਧ੍ਰੂ ਨੂੰ ਬਚਪਨ ਵਿਚ ਹੀ ਭਗਤੀ ਦੀ ਲਗਨ ਲਗ ਗਈ ਸੀ, ਧੰਨੇ ਨੂੰ ਸੁਤੇ ਸਿਧ ਠਾਕੁਰ ਜੀ ਮਿਲ ਗਏ ਸਨ ਤਿਵੇਂ ਚੰਦਰਹਾਂਸ ਨੂੰ ਠਾਕੁਰ ਮਿਲ ਗਿਆ । ਸੰਤਾਂ ਨੇ ਖ਼ੁਸ਼ ਹੋ ਕੇ ਉਸ ਨੂੰ ਇਕ ਠਾਕੁਰ ਮੂਰਤੀ ਦਿੱਤੀ । ਛੋਟਾ ਜਿਹਾ ਝੋਲਾ ਬਣਾ ਕੇ ਉਸ ਵਿਚ ਰਖੀ ਤੇ ਝੋਲਾ ਚੰਦਰਹਾਂਸ ਦੇ ਗਲ ਲਟਕਾ ਦਿਤਾ । ਉਹ ਉਸ ਠਾਕੁਰ ਦੀ ਦਿਹਾੜੀ ਵਿਚ ਕਈ ਵਾਰ ਪੂਜਾ ਕਰਦਾ । ਕਈ ਵਾਰ ਉਹ ਇਕਾਂਤ ਵਿਚ ਪੂਜਾ ਕਰਦਾ ਤਾਂ ਉਸ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਦਰਸ਼ਨ ਹੁੰਦੇ । ਸ੍ਰੀ ਕ੍ਰਿਸ਼ਨ ਜੀ ਬਾਲਕ ਰੂਪ ਵਿਚ ਬੰਸੀ ਵਜਾ ਕੇ ਉਹਦੇ ਨਾਲ ਹਰਿ ਜਸ ਕਰਦੇ ।

# ਕੁੰਤਲਪੁਰ ਦਾ ਧ੍ਰਿਸ਼ਟਬੁਧੀ ਵਜੀਰ

ਕੁੰਤਲਪੁਰ ਦੇ ਰਾਜੇ ਦੇ ਘਰ ਕੋਈ ਲੜਕਾ ਨਹੀਂ ਸੀ । ਉਸ ਦੀ ਔਲਾਦ ਇਕ ਸੁੰਦਰ ਲੜਕੀ ਸੀ, ਜੋ ਅਨਵਿਆਹੀ ਸੀ ਆਪ ਰਾਜਾ ਬਹੁਤ ਧਰਮਾਤਮਾ ਤੇ ਭਗਵਾਨ ਭਗਤ ਸੀ । ਉਹ ਬਹੁਤ ਸਾਰਾ ਸਮਾਂ ਆਪਣੇ ਗੁਰੂ ਰਿਖੀ ਗਾਲਵ ਕੋਲ ਬਿਤਾਉਂਦਾ । ਰਾਜ ਪਾਟ ਘਟ ਕਰਦਾ ਸੀ, ਰਾਜ ਦਾ ਇੰਤਜਾਮ ਉਸ ਨੇ ਆਪਣੇ ਵਜੀਰ ਧ੍ਰਿਸ਼ਟਬੁਧੀ ਦੇ ਹਵਾਲੇ ਕੀਤਾ ਹੋਇਆ ਸੀ । ਅਮਲੀ ਤੌਰ ਤੇ ਧ੍ਰਿਸ਼ਟਬੁਧੀ ਹੀ ਰਾਜਾ ਸੀ, ਧ੍ਰਿਸ਼ਟਬੁਧੀ ਦੇ ਦੋ ਪੁੱਤਰ ਸਨ ਮਦਨ ਤੇ ਅਮਲ

ਅਤੇ ਇਕ ਲੜਕੀ ਬਿਖਿਆ ਸੀ, ਮਦਨ ਤੇ ਅਮਲ ਜਵਾਨ ਹੋ ਚੁਕੇ ਸਨ। ਰਾਜ ਇੰਤਜਾਮ ਵਿਚ ਬਾਪ ਨਾਲ ਹੱਥ ਵਟਾਉਂਦੇ, ਅਮਲ ਖਾਣ ਪੀਣ ਵਾਲਾ ਤੇ ਇਸਤਰੀ ਪ੍ਰੇਮੀ ਸੀ, ਉਹ ਤਾਂ ਰਾਗ ਰੰਗ ਤੇ ਨਾਚ ਵਿਚ ਮਸਤ ਰਹਿੰਦਾ ਪਰ ਮਦਨ ਭਗਤੀ ਭਾਵ ਵਾਲਾ ਸੀ। ਜਿਥੇ ਰਾਜ ਮਹੱਲਾਂ ਵਿਚ ਵੈਲ ਦਾ ਪ੍ਰਵਾਹ ਚਲਦਾ ਸੀ, ਉਥੇ ਕਦੀ ਕਦਾਈਂ ਸੰਤ ਸਮਾਗਮ ਵੀ ਹੋਇਆ ਕਰਦਾ ਸੀ ਪਰ ਧ੍ਰਿਸ਼ਟਬੁਧੀ ਦਾ ਸੁਭਾਵ ਵੱਖਰਾ ਸੀ। ਉਹ ਧਨ ਇਕੱਠਾ ਕਰਨ ਵਿਚ ਰੁਝਾ ਰਹਿੰਦਾ। ਉਸ ਦੀ ਇਕੋ ਇਛਾ ਸੀ ਰਾਜ ਦੇ ਮਾਲਕ ਬਣਨ ਦੀ। ਭਾਵੇਂ ਉਸ ਕੋਲ ਬਹੁਤ ਦੌਲਤ ਤੇ ਜਾਗੀਰ ਸੀ ਫਿਰ ਵੀ ਉਸ ਦੀ ਭੁੱਖ ਨਹੀਂ ਮਿਟਦੀ ਸੀ।

ਮਦਨ ਦੇ ਯਤਨ ਨਾਲ ਵਜੀਰ ਦੇ ਘਰ ਇਕ ਦਿਨ ਬ੍ਰਹਮ ਭੋਜ ਦਾ ਇੰਤਜਾਮ ਕੀਤਾ ਗਿਆ। ਬ੍ਰਾਹਮਣ ਤੇ ਹੋਰ ਸੰਤਾਂ ਦੇ ਨਾਲ ਉਹ ਸੰਤ ਮੰਡਲੀ ਵੀ ਭੋਜਨ ਛਕਣ ਵਾਸਤੇ ਆਈ ਜਿਸ ਵਿਚ ਚੰਦਰਹਾਂਸ ਸੀ। ਸੰਤ ਮੰਡਲੀ ਦੇ ਮੁਖੀ ਸੰਤ ਕੋਲ ਚੰਦਰਹਾਂਸ ਬੈਠਾ ਭੋਜਨ ਛਕ ਰਿਹਾ ਸੀ। ਸਬੱਬ ਨਾਲ ਧ੍ਰਿਸ਼ਟਬੁਧੀ ਉਪਰ ਆ ਗਿਆ। ਉਸ ਨੇ ਸੰਤਾਂ ਨੂੰ ਪੁਛਿਆ—'ਹੋਰ ਕੋਈ ਸੇਵਾ, ਕੁਝ ਆਵੇ ਮੁਨੀ ਜੀ।' ਅਗੋਂ ਸੰਤਾਂ ਨੇ ਉਸ ਨੂੰ ਉੱਤਰ ਤਾਂ ਕੋਈ ਨਾ ਦਿਤਾ, ਪਰ ਹੱਸ ਪਏ। ਹਸਦੇ ਵੇਖ ਕੇ ਧ੍ਰਿਸ਼ਟਬੁਧੀ ਨੇ ਹੱਸਣ ਦਾ ਕਾਰਨ ਪੁਛਿਆ—'ਹੇ ਮੁਨੀ ਜੀ! ਆਪ ਹੱਸੇ ਕਿਉਂ?'

ਸੰਤ ਜੀ ਨੇ ਆਖਿਅ—'ਮੈਂ ਇਸ ਕਰਕੇ ਹੱਸਿਆ ਹਾਂ ਕਿ ਇਹ ਮੇਰੇ ਲਾਗੇ ਯਤੀਮ ਲੜਕਾ ਚੰਦਰਹਾਂਸ ਬੈਠਾ ਹੈ। ਕੁਦਰਤ ਦੇ ਰੰਗ ਇਹ ਇਸ ਰਾਜ ਦਾ ਮਾਲਕ ਤੇ ਇਸ ਰਾਜੇ ਦਾ ਜਵਾਈ ਬਣੇਗਾ।' ਪ੍ਰਮਾਤਮਾ ਦੀ ਬੇਅੰਤ ਲੀਲ੍ਹਾ ਉਤੇ ਮੈਨੂੰ ਹਾਸਾ ਆਇਆ ਹੈ।

ਸੰਤਾਂ ਦਾ ਇਹ ਬਚਨ ਸੁਣ ਕੇ ਧ੍ਰਿਸ਼ਟਬੁਧੀ ਉਥੋਂ ਖਿਸਕ ਗਿਆ ਪਰ ਇਹ ਗੱਲ ਉਸ ਦੇ ਦਿਲ ਨੂੰ ਖਾ ਗਈ ਕਿਉਂਕਿ ਉਹ ਤਾਂ ਕੁੰਤਲਪੁਰ ਤੇ ਉਸ ਦੇ ਅਧੀਨ ਰਾਜਾ ਨੂੰ ਆਪਣੇ ਕਬਜ਼ੇ ਕਰਨਾ ਚਾਹੁੰਦਾ ਸੀ। ਉਹ ਆਸ ਰਖੀ ਬੈਠਾ ਸੀ ਕਿ ਰਾਜੇ ਦਾ ਪੁੱਤਰ ਕੋਈ ਨਹੀਂ, ਲੜਕੀ ਨੂੰ ਹੇਠਾਂ ਉਤੇ ਕਰ ਕੇ ਮਾਰ ਦੇਵੇਗਾ ਤੇ ਰਾਜਾ ਰਾਣੀ ਵੈਸੇ ਹੀ ਮਰਨ ਕਿਨਾਰੇ ਹਨ ਤਾਂ ਆਪਣੇ ਪੁੱਤਰਾਂ ਨੂੰ ਰਾਜ ਤਖ਼ਤ ਉਤੇ ਬੈਠਾ ਦੇਵਾਂਗਾ। ਸੰਤਾਂ ਦੇ ਇਹਨਾਂ ਬਚਨਾਂ ਨੇ ਉਸ ਦੇ

ਮਨ ਨੂੰ ਧੁਖ ਧੁਖੀ ਲਾ ਦਿੱਤੀ। ਉਹ ਸੋਚਣ ਲੱਗਾ—'ਸੰਤਾਂ ਦਾ ਆਖਿਆ ਵੀ ਬਿਰਥਾ ਨਹੀਂ ਜਾਂਦਾ। ਸ਼ਾਇਦ ਇਹ ਬਚਨ ਸੱਚ ਹੀ ਹੋ ਜਾਣ। ਇਸ ਲੜਕੇ ਨੂੰ ਹੁਣੇ ਹੀ ਬਿਲੇ ਲਾ ਦੇਣਾ ਚਾਹੀਦਾ ਹੈ।' ਇਉਂ ਮਨ ਨਾਲ ਫ਼ੈਸਲਾ ਕਰ ਕੇ ਧ੍ਰਿਸ਼ਟਬੁਧੀ ਸੰਤ ਮੰਡਲੀ ਵਿਚੋਂ ਖਿਸਕ ਗਿਆ। ਉਸ ਨੇ ਜਾ ਕੇ ਰਾਜਦੂਤਾਂ ਵਿਚੋਂ ਜਲਾਦਾਂ ਨੂੰ ਸੱਦ ਕੇ ਸਾਰੀ ਗੱਲ ਸਮਝਾਈ ਤੇ ਲਾਲਚ ਦੇਣਾ ਪ੍ਰਵਾਨ ਕੀਤਾ। ਇਹ ਸਾਰੀ ਕਾਰਵਾਈ ਗੁਪਤ ਰੂਪ ਵਿਚ ਹੋਵੇ, ਕੋਈ ਇਕ ਅੰਗ ਲਿਆ ਕੇ ਦਿਖਾ ਦੇਵੋਗੇ ਤਾਂ ਮੂੰਹ ਮੰਗਿਆ ਇਨਾਮ ਪਾਵੋਗੇ, ਪਰ ਜਾਨੋਂ ਜ਼ਰੂਰ ਮਾਰਨਾ ਜੇ, ਜਲਾਦ ਮੰਨ ਗਏ। ਚੰਦਰਹਾਂਸ ਨੂੰ ਦੇਖ ਲਿਆ। ਇਹ ਧ੍ਰਿਸ਼ਟਬੁਧੀ ਦਾ ਪਾਪ ਕਰਮ ਸੀ। ਅਸਲ ਵਿਚ ਮਾਇਆ ਧਾਰੀ ਅੰਨ੍ਹਾ ਬੋਲਾ ਹੁੰਦਾ ਹੈ। ਉਹ ਦੌਲਤ ਤੇ ਰਾਜ ਨੂੰ ਲੈਣ ਵਾਸਤੇ ਜੀਵ ਹੱਤਿਆ ਕਰਨ ਤੋਂ ਪ੍ਰਹੇਜ਼ ਨਹੀਂ ਕਰਦਾ, ਭਾਵੇਂ ਉਸ ਦੀ ਜਾਨ ਚਲੀ ਜਾਵੇ। ਇਸੇ ਵਾਸਤੇ ਜਗਤ ਵਿਚ ਸੰਤ ਲੋਕ ਮਾਇਆ ਨੂੰ ਪਾਪਾਂ ਦਾ ਮੂਲ ਆਖਦੇ ਹਨ।

## ਜਲਾਦਾਂ ਨੇ ਚੰਦਰਹਾਂਸ ਨੂੰ ਜੰਗਲ ਵਿਚ ਲੈ ਜਾਣਾ

ਚਾਰ ਚੁਫੇਰੇ ਸ਼ਾਂ ਸ਼ਾਂ ਕਰਦਾ ਜੰਗਲ ਸੀ। ਉਸ ਜੰਗਲ ਵਿਚ ਹੋਰ ਬ੍ਰਿਛਾਂ ਤੋਂ ਬਿਨਾਂ ਚੰਦਨ ਦੇ ਰੁਖ ਵੀ ਸਨ। ਖ਼ੁਸ਼ਬੋਆਂ ਦੀਆਂ ਲਪਟਾਂ ਆ ਰਹੀਆਂ ਸਨ। ਮਨੁਖ ਮਾਰੂ ਤੇ ਮਨੁਖ ਪਿਆਰੂ ਜਾਨਵਰਾਂ ਦਾ ਘਾਟਾ ਨਹੀਂ ਸੀ। ਪੰਛੀ ਭਾਂਤ ਭਾਂਤ ਦੀਆਂ ਬੋਲੀਆਂ ਬੋਲ ਰਹੇ ਸਨ। ਇਕ ਛੋਟੀ ਜਿਹੀ ਨਦੀ ਵਗਦੀ ਸੀ, ਜਿਸ ਦਾ ਨਿਰਮਲ ਨੀਰ ਪੰਛੀਆਂ ਤੇ ਜਾਨਵਰਾਂ ਵਾਸਤੇ ਮਿਠੇ ਦੁਧ ਦੀ ਧਾਰਾ ਸੀ, ਉਸ ਜੰਗਲ ਉਤੇ ਕੁਦਰਤ ਖ਼ੁਸ਼ ਤੇ ਨੱਚਦੀ ਸੀ। ਬਰਕਤਾਂ ਹੀ ਬਰਕਤਾਂ ਵਸਦੀਆਂ ਸਨ। ਉਸ ਰੱਬ ਦੇ ਘਰੋਂ ਜਲਾਦ ਚੰਦਰਹਾਂਸ ਨੂੰ ਚੁਕ ਕੇ ਲੈ ਗਏ, ਚੁਕਣਾਂ ਉਹਨਾਂ ਸੰਤਾਂ ਦੇ ਡੇਰਿਓਂ ਰਾਤ ਨੂੰ ਸੀ, ਪਾਪੀਆਂ ਨੇ ਉਸ ਦਾ ਮੂੰਹ ਘੁਟ ਲਿਆ, ਅਵਾਜ਼ ਨਾ ਨਿਕਲਣ ਦਿੱਤੀ। ਚੁੱਕ ਕੇ ਜੰਗਲ ਵਿਚ ਲੈ ਆਏ। ਨਦੀ ਕਿਨਾਰੇ ਖਲਿਹਾਰਿਆ। ਉਨ੍ਹਾਂ ਦਾ ਸ਼ਾਇਦ ਵਿਚਾਰ ਸੀ ਕਿ ਮਾਰ ਕੇ ਨਦੀ ਵਿਚ ਰੋੜ੍ਹ ਦਿਆਂਗੇ, ਨਹੀਂ ਤੇ ਆਪ ਲਹੂ ਵਾਲੇ ਹੱਥ ਧੋ ਲਵਾਂਗੇ। ਪਾਪੀ ਤੇ ਲਾਲਚੀ ਪਾਪ ਕਰਨੋਂ ਨਹੀਂ ਝਿਜਕਦੇ। ਉਨ੍ਹਾਂ ਨੂੰ ਮਾਸੂਮ ਬਾਲਕ ਉਤੇ ਤਰਸ ਨਹੀਂ ਆਇਆ। ਨਿਰਦੋਸ਼ ਨੂੰ ਮਾਰਨ ਲੱਗੇ। ਨਿਰਦੋਸ਼ੇ

ਨੂੰ ਜੋ ਮਰਵਾ ਰਿਹਾ ਸੀ ਧ੍ਰਿਸ਼ਟਬੁਧੀ ਉਹ ਕਿਹਾ ਸੁਖ ਪਾਵੇਗਾ।

ਚੰਦਰਹਾਂਸ ਨੂੰ ਪਤਾ ਲਗ ਗਿਆ ਕਿ ਜਲਾਦ ਉਸ ਨੂੰ ਮਾਰ ਰਹੇ ਹਨ। ਉਸ ਮਾਸੂਮ ਬਾਲਕ ਨੇ ਪੁਛਿਆ—'ਵੀਰੋ ਇਹ ਤਾਂ ਦਸੋ ਕਿ ਮੈਨੂੰ ਮਾਰ ਕਿਉਂ ਰਹੇ ਜੇ ?'

ਜਲਾਦ—'ਕਾਕਾ ! ਤੇਰੀ ਅਸਾਡੇ ਨਾਲ ਕੋਈ ਦੁਸ਼ਮਣੀ ਨਹੀਂ । ਤੈਨੂੰ ਧ੍ਰਿਸ਼ਟਬੁਧੀ ਵਜ਼ੀਰ ਮਰਵਾ ਰਿਹਾ ਹੈ, ਉਸ ਦੇ ਭੇਜੇ ਹੋਏ ਅਸੀਂ ਆਏ ਹਾਂ। ਮਾਲਕ ਦਾ ਨਮਕ ਖਾਂਦੇ ਹਾਂ, ਉਸ ਨੂੰ ਹਲਾਲ ਕਰਨਾ ਹੈ । ਅਸੀਂ ਆਗਿਆ ਪਾਲਣ ਕਰ ਰਹੇ ਹਾਂ ।'

ਚੰਦਰਹਾਂਸ—'ਉਹ ਮੈਨੂੰ ਕਿਉਂ ਮਰਵਾ ਰਿਹਾ ਹੈ ? ਮੈਂ ਉਸ ਦਾ ਕੀ ਵਿਗਾੜਿਆ ਹੈ ?'

ਜਲਾਦ—'ਉਸ ਨੂੰ ਕਿਸੇ ਨੇ ਇਹ ਸ਼ੱਕ ਪਾਇਆ ਹੈ ਕਿ ਤੂੰ ਕੁੰਤਲਪੁਰ ਰਾਜੇ ਦਾ ਜਵਾਈ ਤੇ ਰਾਜਾ ਬਣੇਂਗਾ । ਇਸ ਵਾਸਤੇ ਉਹ ਮਰਵਾ ਰਿਹਾ ਹੈ, ਕਿਉਂਕਿ ਉਹ ਕੁੰਤਲਪੁਰ ਦੇ ਰਾਜ ਨੂੰ ਆਪ ਸਾਂਭਣਾ ਚਾਹੁੰਦਾ ਹੈ । ਹੁਣ ਅਸਾਂ ਤੈਨੂੰ ਮਾਰ ਦੇਣਾ ਹੈ । ਗੱਲ ਦਾ ਸਮਾਂ ਨਹੀਂ ।'

ਚੰਦਰਹਾਂਸ—(ਨਿਮਰਤਾ ਨਾਲ) 'ਮੈਨੂੰ ਮਾਰ ਦਿਓ । ਮੈਂ ਤੁਹਾਡੇ ਹੱਥ ਨਹੀਂ ਫੜ ਸਕਦਾ ਪਰ ਇਕ ਬੇਨਤੀ ਕਰਦਾ ਹਾਂ ਕਿ ਮਰਨ ਤੋਂ ਪਹਿਲਾਂ ਮੈਨੂੰ ਠਾਕੁਰ ਜੀ ਦੀ ਪੂਜਾ ਕਰ ਲੈਣ ਦਿਓ । ਇਸ ਨਾਲ ਆਪ ਦਾ ਕੋਈ ਹਰਜ ਨਹੀਂ, ਮੇਰਾ ਸ਼ਾਇਦ ਭਲਾ ਹੋ ਜਾਵੇ।'

ਚੰਦਰਹਾਂਸ ਦੀ ਇਹ ਗੱਲ ਜਲਾਦਾਂ ਮੰਨ ਲਈ । ਚੰਦਰਹਾਂਸ ਨੇ ਗਲ ਵਾਲੇ ਝੋਲੇ ਵਿਚੋਂ ਠਾਕੁਰ ਨੂੰ ਕੱਢਿਆ ਤੇ ਜੰਗਲ ਦੇ ਫੁਲ ਪੱਤੇ ਤੋੜੇ, ਪੂਜਾ ਕਰਨ ਲਈ । ਪੂਜਾ ਕਰਦਾ ਕਰਦਾ ਵੈਰਾਗ ਵਿਚ ਆ ਗਿਆ । ਉਸ ਦੀ ਮਾਸੂਮ ਆਤਮਾ ਇਸ ਤਰ੍ਹਾਂ ਪ੍ਰਭੂ ਅਗੇ ਬੇਨਤੀ ਕਰ ਰਹੀ ਸੀ, ਸ਼ਾਇਦ ਉਸ ਦੇ ਮਨੋਭਾਵਾਂ ਦਾ ਵਿਚਾਰ ਕਰਕੇ ਹੀ ਚੌਥੀ ਪਾਤਸ਼ਾਹੀ ਨੇ ਉਚਾਰਿਆ ਹੈ—

*ਰਾਮ ਕਰਿ ਕਿਰਪਾ ਲੇਹੁ ਉਬਾਰੇ ॥ ਜਿਉ ਪਕਰਿ ਦ੍ਰੋਪਤੀ ਦੁਸਟਾਂ ਆਨੀ ਹਰਿ ਹਰਿ ਲਾਜ ਨਿਵਾਰੇ ॥੧॥ ਰਹਾਉ ॥ ਕਰਿ ਕਿਰਪਾ ਜਾਚਿਕ ਜਨ ਤੇਰੇ ਇਕੁ ਮਾਗਉ ਦਾਨੁ ਪਿਆਰੇ ॥ ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵਾਰੇ ॥੧॥ (ਨਟ ਮ: ੪)*

'ਹੇ ਪ੍ਰਭੂ ਭਗਵਾਨ! ਦਇਆ ਕਰ ਕੇ ਮੈਨੂੰ ਬਚਾ ਲੈ, ਜਿਵੇਂ ਦਰੋਪਦੀ ਨੂੰ ਪਾਪੀਆਂ ਨੇ ਫੜ ਕੇ ਦੁਸ਼ਟ ਦੁਰਜੋਧਨ ਦੀ ਸਭਾ ਵਿਚ ਲਿਆਂਦਾ ਸੀ (ਤਿਵੇਂ ਮੈਨੂੰ ਜੰਗਲ ਵਿਚ ਲੈ ਆਏ ਨੇ) ਜਿਸ ਤਰ੍ਹਾਂ ਦਰੋਪਦੀ ਦੀ ਇਜ਼ਤ ਰੱਖੀ ਸੀ, ਇਸੇ ਤਰ੍ਹਾਂ ਮੇਰੇ ਤੇ ਵੀ ਕ੍ਰਿਪਾ ਕਰ।'

'ਹੇ ਪਿਆਰੇ ਤੇ ਸਚੇ ਭਗਵਾਨ! ਮੈਂ ਤੈਥੋਂ ਦਾਨ ਮੰਗਦਾ ਹਾਂ ਮੇਰੇ ਤੇ ਦਇਆ ਕਰੋ। ਮੇਰਾ ਤਨ ਮਨ ਤੇਰੇ ਚਰਨਾਂ ਵਿਚ ਹੀ ਲਗਾ ਰਹੇ। ਤੂੰ ਹੀ ਮੇਰਾ ਮਾਲਕ ਹੈਂ। ਹੇ ਪ੍ਰਭੂ ਦਇਆ ਕਰ।'

ਚੰਦਰਹਾਂਸ ਨੇ ਇਹ ਭਜਨ ਗਾਇਆ—

*ਮੈਂ ਨਿਰਦੋਸ਼ਾ ਪਕੜ ਬੈਠਾਇਆ, ਹੈ ਜੰਗਲ ਵੈਸ਼ਾਲ॥*
*ਪ੍ਰਭੂ ਦਸ ਦੇਹ ਖਾਂ ਮੈਨੂੰ ਕਿਉਂ ਹੈ ਮੇਰਾ ਆਯਾ ਕਾਲ॥*
*ਕਿਸ ਜਨਮ ਦਾ ਪਾਪ ਇਹ ਲਗੜਾ, ਮੈਂ ਮਾਸੂਮ ਹਾਂ ਬਾਲ॥*
*ਹੇ ਪ੍ਰਭੂ ਹੇ ਦੀਨ ਦਿਆਲ॥*
*ਤੇਰੇ ਬਿਨਾਂ ਨਹੀਂ ਕੋਈ ਹੈ ਮੇਰਾ, ਤੂ ਪਿਤਾ ਪ੍ਰਤਿਪਾਲ॥*
*ਹਾਥੀ ਦੇ ਤੂੰ ਬੰਧਨ ਕਟੇ, ਓ ਗੋਕਲ ਕ੍ਰਿਸ਼ਨ ਗੋਪਾਲ॥*
*ਅਜਾਮਲ ਪਾਪੀ ਤਾਰਨ ਵਾਲੇ, ਮੇਰਾ ਵੀ ਕਰ ਖਿਆਲ॥*
*ਹੇ ਪ੍ਰਭੂ ਹੇ ਦੀਨ ਦਿਆਲ॥*

ਚੰਦਰਹਾਂਸ ਨੇ ਇਹ ਭਗਵਾਨ ਅਗੇ ਪ੍ਰਾਰਥਨਾ ਕੀਤੀ। ਉਸ ਦੀ ਪ੍ਰਾਰਥਨਾ ਦਰਗਾਹੇ ਪ੍ਰਵਾਨ ਹੋ ਗਈ। ਪ੍ਰਭੂ ਨੇ ਜਲਾਦਾਂ ਦੇ ਹਿਰਦੇ ਨੂੰ ਨਪਿਆ। ਉਨ੍ਹਾਂ ਦੇ ਹਿਰਦੇ ਅੰਦਰ ਦਇਆ ਦਾ ਪ੍ਰਵੇਸ਼ ਕੀਤਾ। ਉਨ੍ਹਾਂ ਨੇ ਆਪੋ ਵਿਚ ਦੀ ਫ਼ੈਸਲਾ ਕੀਤਾ ਕਿ ਇਸ ਬਾਲਕ ਨੂੰ ਮਾਰਨਾ ਨਹੀਂ ਚਾਹੀਦਾ। ਛੱਡ ਚੱਲੀਏ। ਮਾਸੂਮ ਤੇ ਨਿਰਦੋਸ਼ੇ ਬਾਲਕ ਨੂੰ ਮਾਰਨ ਦਾ ਪਾਪ ਬਹੁਤ ਲੱਗੇਗਾ। ਅਸੀਂ ਪਾਪ ਦੇ ਭਾਗੀ ਕਿਉਂ ਬਣੀਏ? ਉਨ੍ਹਾਂ ਨੇ ਚੰਦਰਹਾਂਸ ਦੇ ਪੈਰਾਂ ਵਲ ਦੇਖਿਆ, ਇਕ ਪੈਰ ਦੀਆਂ ਛੇ ਉਂਗਲਾਂ ਸਨ। ਛੇ ਉਂਗਲਾਂ ਭੈੜੀਆਂ ਹੁੰਦੀਆਂ ਨੇ, ਉਨ੍ਹਾਂ ਨੇ ਇਕ ਵਾਧੂ ਉਂਗਲੀ ਕੱਟ ਲਈ ਤੇ ਤੁਰਦੇ ਬਣੇ। ਉਹੋ ਉਂਗਲੀ ਧ੍ਰਿਸ਼ਟਬੁਧੀ ਨੂੰ ਦਿਖਾਣ ਦੀ ਵਿਉਂਤ ਸੋਚੀ।

ਜਲਾਦ ਚਲੇ ਗਏ। ਉਸ ਵਿਸ਼ਾਲ ਜੰਗਲ ਵਿਚ ਚੰਦਰਹਾਂਸ ਇਕੱਲਾ ਬੈਠਾ ਰਿਹਾ। ਉਂਗਲੀ ਕੱਟਣ ਕਾਰਨ ਲਹੂ ਚਲਦਾ ਤੇ ਦਰਦ ਹੁੰਦੀ ਸੀ। ਫਿਰ ਵੀ ਉਸ ਨੇ ਪ੍ਰਭੂ ਅਰਾਧਨਾ ਨਾ ਛਡੀ। ਅਚਾਨਕ ਹੀ ਪੀੜ ਹਟ ਗਈ ਤੇ

ਲਹੂ ਸੁਕ ਗਿਆ। ਉਹ ਬੈਠਾ ਪ੍ਰਭੂ ਦੇ ਗੁਣ ਗਾਉਂਦਾ ਰਿਹਾ। ਜੰਗਲ ਦੇ ਪੰਛੀ ਵੀ ਉਸ ਦੇ ਨਾਲ ਗਾਉਂਦੇ ਸਨ।

## ਰਾਜੇ ਕੁਲਿੰਦਰ ਨਾਲ ਚੰਦਰਹਾਂਸ ਦਾ ਮੇਲ

*ਸਾਧ ਪਠਾਏ ਆਪਿ ਹਰਿ ਹਮ ਤੁਮ ਤੇ ਨਾਹੀ ਦੂਰਿ॥*
*ਨਾਨਕ ਭ੍ਰਮ ਭੈ ਮਿਟਿ ਗਏ ਰਮਣ ਰਾਮ ਭਰਪੂਰਿ॥੨॥ (ਰਾਮਕਲੀ ਮਹਲਾ ੫)*

ਧ੍ਰਿਸ਼ਟਬੁਧੀ ਨੇ ਹੰਕਾਰ ਈਰਖਾ ਤੇ ਲਾਲਚ ਕੀਤਾ। ਇਹ ਤਿੰਨੇ ਰੋਗ ਭੈੜੇ ਹੁੰਦੇ ਹਨ। ਪ੍ਰਭੂ ਨੇ ਉਸ ਦੇ ਇਨ੍ਹਾਂ ਰੋਗਾਂ ਨੂੰ ਖੰਡਨ ਕਰਨਾ ਸੀ ਤੇ ਮਾਸੂਮ ਚੰਦਰਹਾਂਸ ਨੂੰ ਪ੍ਰਤਾਪੀ ਰਾਜਾ ਬਨਾਉਣਾ ਸੀ। ਪ੍ਰਭੂ ਨੇ ਦਇਆ ਕਰ ਕੇ ਰਾਜੇ ਕੁਲਿੰਦਰ ਨੂੰ ਉਧਰ ਲੈ ਆਂਦਾ। ਰਾਜਾ ਕੁਲਿੰਦਰ ਚੰਦਨਪੁਰ ਦਾ ਰਾਜਾ ਸੀ। ਇਹ ਬਹੁਤ ਨੇਕ ਤੇ ਨਿਆਂਕਾਰੀ ਸੀ, ਪਰ ਇਸ ਦੇ ਘਰ ਪੁੱਤਰ ਕੋਈ ਨਹੀਂ ਸੀ। ਇਹ ਰੋਜ਼ ਸ਼ਿਕਾਰ ਖੇਡਿਆ ਕਰਦਾ ਸੀ। ਸ਼ਿਕਾਰ ਖੇਡਦਾ ਖੇਡਦਾ ਜੰਗਲ ਦੇ ਓਸ ਹਿੱਸੇ ਵਿਚ ਪੁੱਜ ਗਿਆ ਜਿਥੇ ਚੰਦਰਹਾਂਸ ਪ੍ਰਭੂ ਗੁਣ ਗਾਈ ਜਾਂਦਾ ਸੀ। ਹਰਿ ਕੀਰਤਨ ਦੀ ਧੁਨ ਸੁਣ ਕੇ ਇਸ ਤਰ੍ਹਾਂ ਖਿਚਿਆ ਹੋਇਆ ਨੇੜੇ ਆਇਆ ਜਿਵੇਂ ਰਾਗ ਦੀ ਮਧੁਰ ਸੁਰ ਉਤੇ ਮਸਤ ਹੋ ਕੇ ਹਰਨ ਆਉਂਦਾ ਹੈ। ਘੋੜੇ ਤੋਂ ਉਤਰਿਆ, ਦੋਵੇਂ ਹੱਥ ਜੋੜੇ। ਉਸ ਨੇ ਜਾਤਾ ਸ਼ਾਇਦ ਪ੍ਰਤੱਖ ਭਗਵਾਨ ਹੀ ਮਨ ਦੀ ਮੌਜ ਵਿਚ ਬੈਠਾ ਹੈ। ਰਾਜੇ ਨੂੰ ਦੇਖ ਕੇ ਚੰਦਰਹਾਂਸ ਨੇ ਕੀਰਤਨ ਕਰਨਾ ਬੰਦ ਕਰ ਦਿੱਤਾ ਤੇ ਨੈਣ ਭਰ ਕੇ ਰਾਜੇ ਵਲ ਤਕਿਆ। ਉਹ ਤੱਕਣਾ ਕੀ ਸੀ, ਜਨਮ ਜਮਾਂਤਰਾਂ ਦੀ ਮੈਲ ਦਾ ਜਾਗਣਾ ਸੀ। ਰਾਜੇ ਨੇ ਘੁੱਟ ਕੇ ਜੱਫੀ ਪਾ ਲਈ। 'ਪੁੱਤਰ ਤੂੰ ਇਥੇ ਕਿਉਂ ਬੈਠਾ ਹੈਂ? ਚਲ ਘਰ।' ਸੁਤੇ ਸਿਧ ਹੀ ਰਾਜੇ ਦੀ ਜ਼ਬਾਨੋਂ ਨਿਕਲ ਗਿਆ। ਬਾਲਕ ਦੀ ਸੁੰਦਰ ਮੂਰਤੀ ਉਸਦੇ ਹਿਰਦੇ ਮੰਦਰ ਵਿਚ ਵਸ ਗਈ। ਰਾਜੇ ਨੇ ਉਸ ਨੂੰ ਨਾਂ, ਪਤਾ ਤੇ ਮਾਂ-ਬਾਪ ਬਾਰੇ ਕੁਛ ਨਹੀਂ ਪੁਛਿਆ। ਘੋੜੇ ਤੇ ਬਿਠਾ ਕੇ ਘਰ ਲੈ ਗਿਆ। ਉਸ ਦੀ ਰਾਣੀ ਮਨਮੋਹਣਾ ਬਾਲਕ ਦੇਖ ਕੇ ਬਹੁਤ ਖ਼ੁਸ਼ ਹੋਈ। ਉਸ ਨੂੰ ਗੋਦ ਵਿਚ ਲੈ ਕੇ ਪੁੱਤਰ ਬਣਾ ਲਿਆ। ਅਗਲੇ ਦਿਨ ਸਾਰੇ ਸ਼ਹਿਰ ਵਿਚ ਢੰਡੋਰਾ ਫਿਰਾਇਆ ਗਿਆ ਕਿ ਰਾਜਾ ਕੁਲਿੰਦਰ ਇਕ ਲੜਕੇ ਨੂੰ ਮੁਤਬੰਨਾ ਬਣਾ ਰਿਹਾ ਹੈ। ਸ਼ਾਹੀ ਦਰਬਾਰ ਲਾ ਕੇ ਮੁਤਬੰਨਾ ਬਨਾਉਣ ਦੀ ਰਸਮ ਨੂੰ ਪੂਰਿਆਂ ਕੀਤਾ ਗਿਆ। ਸਾਰੇ ਸ਼ਹਿਰ ਵਿਚ ਦੀਪਮਾਲਾ ਹੋਈ। ਖ਼ੁਸ਼ੀਆਂ ਮਨਾਈਆਂ ਗਈਆਂ ਤੇ ਨੰਗਿਆਂ

ਭੁਖਿਆਂ ਵਾਸਤੇ ਲੰਗਰ ਭੰਡਾਰੇ ਖੋਲ੍ਹੇ ਗਏ। ਨਿਆਸਰਾ ਨਿਥਾਵਾਂ ਤੇ ਯਤੀਮ ਚੰਦਰਹਾਂਸ ਪ੍ਰਭੂ ਦੀ ਕ੍ਰਿਪਾ ਨਾਲ ਮੁੜ ਪ੍ਰਤਾਪੀ ਟਿੱਕਾ ਰਾਜਕੁਮਾਰ ਬਣ ਗਿਆ।

# ਧ੍ਰਿਸ਼ਟ ਬੁਧੀ ਦਾ ਚੰਦਨਪੁਰ ਆਉਣਾ ਤੇ ਚੰਦਰਹਾਂਸ ਦਾ ਪਛਾਨਣਾ

ਰਾਜਾ ਕੁਲਿੰਦਰ ਨੇ ਚੰਦਰਹਾਂਸ ਨੂੰ ਪੜ੍ਹਾਉਣਾ ਸ਼ੁਰੂ ਕੀਤਾ। ਥੋੜ੍ਹੇ ਸਾਲਾਂ ਵਿਚ ਉਹ ਚੰਗਾ ਪੜ੍ਹ ਗਿਆ, ਨਾਲ ਹੀ ਚੰਗੀ ਖ਼ੁਰਾਕ ਤੇ ਬੇਫ਼ਿਕਰੀ ਦੇ ਕਾਰਨ ਤਕੜਾ ਸੁੰਦਰ ਜਵਾਨ ਹੋ ਗਿਆ। ਯੁਵਰਾਜ ਸੀ। ਪਹਿਲਾਂ ਵੀ ਰਾਜੇ ਦਾ ਪੁੱਤਰ ਸੀ। ਇਸ ਕਰਕੇ ਬਾਂਹੀ ਵਿਚ ਬਲ ਤੇ ਹਿਰਦੇ ਵਿਚ ਅਣਖ ਸੀ। ਉਸ ਨੇ ਸੈਨਾ ਲੈ ਕੇ ਨਿਕੇ ਨਿਕੇ ਰਜਵਾੜਿਆਂ ਨੂੰ ਫ਼ਤਹ ਕਰ ਕੇ ਚੰਦਨਪੁਰ ਦੇ ਰਾਜ ਨੂੰ ਵਧਾਉਣਾ ਆਰੰਭ ਕਰ ਦਿਤਾ। ਥੋੜ੍ਹੇ ਸਾਲਾਂ ਵਿਚ ਹੀ ਦੂਣਾ ਰਾਜ ਵਧ ਗਿਆ। ਪਾਪੀ ਆਤਮਾ ਧ੍ਰਿਸ਼ਟ ਬੁਧੀ ਨੂੰ ਵੀ ਪਤਾ ਲਗਾ ਕਿ ਚੰਦਨ ਪੁਰ ਦੇ ਰਾਜੇ ਨੇ ਜੰਗਲ ਵਿਚੋਂ ਇਕ ਲੜਕਾ ਲਿਆ ਕੇ ਮੁਤਬੰਨਾ ਬਣਾਇਆ ਹੈ। ਉਸ ਮੁਤਬੰਨੇ ਨੇ ਰਾਜ ਨੂੰ ਵਧਾ ਦਿਤਾ ਹੈ, ਉਹ ਬਹੁਤ ਬਲੀ ਤੇ ਸੁੰਦਰ ਯੁਵਰਾਜ ਹੈ। ਬਹਾਨੇ ਨਾਲ ਧ੍ਰਿਸ਼ਟ ਬੁਧੀ ਚੰਦਨਪੁਰ ਗਿਆ। ਚੰਦਨਪੁਰ ਦੀ ਰਿਆਸਤ ਕਿਉਂਕਿ ਕੁੰਤਲਪੁਰ ਦੇ ਅਧੀਨ ਸੀ ਉਸ ਨੂੰ 'ਕਰੁ' ਦਿਆ ਕਰਦੀ ਸੀ ਇਸ ਕਰਕੇ ਰਾਜੇ ਕਲਿੰਦਰ ਨੇ ਧ੍ਰਿਸ਼ਟ ਬੁਧੀ ਦਾ ਬਹੁਤ ਸਾਰਾ ਸਤਿਕਾਰ ਕੀਤਾ। ਜਿਸ ਵੇਲੇ ਚੰਦਰਹਾਂਸ ਧ੍ਰਿਸ਼ਟ ਬੁਧੀ ਦੇ ਮਥੇ ਲਗਾ ਤਾਂ ਉਸ ਨੇ ਨੀਝ ਲਾ ਲਾ ਪਛਾਨਣ ਦਾ ਯਤਨ ਕੀਤਾ। ਪੜਦੇ ਨਾਲ ਪਾਸੇ ਕਰਕੇ ਪੁਛ ਵੀ ਲਿਆ ਕਿ ਕੀ ਤੂੰ ਕਦੀ ਕੁੰਤਲਪੁਰ ਗਿਆ ਸੀ। ਭੋਲੇ ਚੰਦਰਹਾਂਸ ਨੇ ਸੱਚ ਦੱਸ ਦਿਤਾ ਕਿ ਉਹ ਸੰਤ ਮੰਡਲੀ ਕੋਲ ਰਿਹਾ ਕਰਦਾ ਸੀ। ਇਹ ਸੁਣਕੇ ਧ੍ਰਿਸ਼ਟਬੁਧੀ ਦਾ ਪਾਪੀ ਮਨ ਤੜਪ ਉਠਿਆ। ਸੰਤ ਬਚਨ ਪੂਰੇ ਹੋਣ ਦੇ ਭੈ ਨੇ ਉਸ ਦੇ ਸਰੀਰ ਤੇ ਹਿਰਦੇ ਨੂੰ ਕੰਬਾ ਦਿੱਤਾ। ਉਹ ਮਨ ਹੀ ਮਨ ਸੋਚਣ ਲਗਾ—'ਉਫ! ਇਹ ਦੁਸ਼ਟ ਬਾਲਕ ਜਲਾਦਾਂ ਕੋਲੋਂ ਬਚ ਗਿਆ। ਮੈਂ ਹੁਣ ਜਰੂਰ ਇਸ ਨੂੰ ਮਰਵਾਵਾਂਗਾ। ਜੀਉਂਦਾ ਨਹੀਂ ਰਹਿਣਾ ਚਾਹੀਦਾ।'

ਇਸ ਤੋਂ ਪਿਛੋਂ ਧ੍ਰਿਸ਼ਟ ਬੁਧੀ ਰਾਜਾ ਕਲਿੰਦਰ ਕੋਲ ਪੁਜਾ। ਉਸ ਨੂੰ ਇਕਾਂਤ ਵਿਚ ਲਿਜਾ ਕੇ ਕਹਿਣ ਲੱਗਾ—'ਹੇ ਰਾਜਨ! ਆਪ ਨੇ ਬਹੁਤ ਵੱਡਾ ਪਾਪ

ਕੀਤਾ ਹੈ। ਪਾਪ ਕਰਨ ਲਗਿਆਂ ਕੁੰਤਲਪੁਰ ਰਾਜੇ ਨੂੰ ਪਤਾ ਨਹੀਂ ਦਿਤਾ। ਉਹ ਪਾਪ ਜਾਂ ਦੋਸ਼ ਇਹ ਹੈ ਕਿ ਅਵਾਰਾ ਲੜਕਾ ਜੰਗਲ ਵਿਚੋਂ ਫੜ ਕੇ ਮੁਤਬੰਨਾ ਬਣਾ ਲਿਆ। ਇਹ ਵੀ ਪਤਾ ਨਹੀਂ ਉਹ ਕਿਸ ਨੀਚ ਜਾਤੀ ਦਾ ਬਾਲਕ ਸੀ। ਹੁਣ ਇਹ ਰਾਜ ਦਾ ਮਾਲਕ ਬਣੇਗਾ। ਰਾਜੇ ਕੁੰਤਲਪੁਰ ਨੇ ਅਸਲ ਵਿਚ ਮੈਨੂੰ ਗੁਪਤ ਰੂਪ ਤੇ ਇਸੇ ਪੜਤਾਲ ਵਾਸਤੇ ਭੇਜਿਆ ਹੈ, ਪਰ ਮੈਂ ਆਪ ਦਾ ਹਿਤੂ ਹਾਂ, ਮੈਂ ਨਹੀਂ ਚਾਹੁੰਦਾ ਮੇਰੇ ਰਾਹੀਂ ਆਪ ਦਾ ਦਿਲ ਦੁਖੇ ਮੈਂ ਇਹ ਭੇਤ ਗੁਪਤ ਰਖਦਾ ਹਾਂ। ਆਪ ਇਸ ਯੁਵਰਾਜ ਨੂੰ ਕੁੰਤਲਪੁਰ ਭੇਜੀਏ। ਇਸ ਦੀ ਨੁਹਾਰ ਅੱਛੀ ਹੈ। ਦੇਖਕੇ ਰਾਜੇ ਨੂੰ ਯਕੀਨ ਹੋ ਜਾਵੇਗਾ ਕਿ ਸ਼ਾਇਦ ਇਹ ਲੜਕਾ ਕੋਈ ਰਾਜਕੁਮਾਰ ਹੀ ਸੀ। ਨਾਲੇ ਯੁਵਰਾਜ ਸਿਆਣਾ ਹੈ ਆਪੇ ਸਮਝਾ ਦੇਵੇਗਾ, ਇਸ ਵਿਚ ਹਰਜ ਕੋਈ ਨਹੀਂ।'

ਕਲਿੰਦਰ—'ਜ਼ਰੂਰ ਭੇਜ ਦੀਜੀਏ। ਮੈਂ ਤਾਂ ਆਪਣੀ ਵਲੋਂ ਜੋ ਕੁਝ ਕੀਤਾ ਹੈ ਸੋਚ ਸਮਝ ਕੇ ਰਾਜ ਤੇ ਪਰਜਾ ਦੇ ਲਾਭ ਹਿਤ ਕੀਤਾ ਹੈ। ਮੇਰੀ ਨਿਜੀ ਤੇ ਕੋਈ ਕਾਮਨਾ ਨਹੀਂ। ਯੁਵਰਾਜ ਜਾਪਦਾ ਤਾਂ ਸੋਲਾਂ ਆਨੇ ਰਾਜਕੁਮਾਰ ਹੈ।'

ਧ੍ਰਿਸ਼ਟਬੁਧੀ ਨੇ ਕਲਿੰਦਰ ਕੋਲੋਂ ਪੁਛ ਕੇ ਚੰਦਰਹਾਂਸ ਨੂੰ ਕੁੰਤਲਪੁਰ ਜਾਣ ਵਾਸਤੇ ਤਿਆਰ ਕਰ ਲਿਆ। ਜੁਆਨ ਭੈ ਰਹਿਤ ਹੁੰਦੇ ਨੇ ਉਹ ਡਰ ਫ਼ਿਕਰ ਹਿਰਦੇ ਵਿਚ ਨਹੀਂ ਰਖਦੇ, ਚੰਦਰਹਾਂਸ ਨੇ ਨਿਡਰਤਾ ਨਾਲ ਧ੍ਰਿਸ਼ਟਬੁਧੀ ਨੂੰ ਉੱਤਰ ਦਿਤਾ—'ਪਿਤਾ ਜੀ! ਜਿਥੇ ਭੇਜੋ ਜਾਣ ਨੂੰ ਤਿਆਰ ਹਾਂ, ਮੇਰਾ ਠਾਕੁਰ ਮੇਰੇ ਨਾਲ ਹੈ ਮੈਨੂੰ ਕੋਈ ਡਰ ਚਿੰਤਾ ਨਹੀਂ।'

ਕੁਟਲ ਆਤਮਾ ਧ੍ਰਿਸ਼ਟ ਬੁਧੀ ਬੋਲਿਆ—'ਬੇਟਾ! ਆਪ ਨੇ ਕੁੰਤਲਪੁਰ ਦੇ ਰਾਜੇ ਨੂੰ ਮਿਲਣਾ ਹੈ ਪਰ ਪਹਿਲਾਂ ਮੇਰੇ ਬੇਟੇ ਮਦਨ ਨੂੰ ਮਿਲਣਾ, ਮਦਨ ਫਿਰ ਤੈਨੂੰ ਰਾਜਾ ਜੀ ਕੋਲ ਲੈ ਜਾਵੇਗਾ। ਰਾਜਾ ਜੀ ਜੋ ਪੁਛਣਗੇ, ਉਨ੍ਹਾਂ ਨੂੰ ਯੋਗ ਉੱਤਰ ਦੇ ਕੇ ਆ ਜਾਣਾ, ਰਾਜਾ ਜੀ ਦੀ ਇੱਛਾ ਹੈ ਆਪ ਨੂੰ ਮਿਲਣ ਦੀ।' ਇਹ ਆਖਣ ਪਿਛੋਂ ਧ੍ਰਿਸ਼ਟ ਬੁਧੀ ਨੇ ਇਕ ਪੱਤ੍ਰਕਾ ਲਿਖ ਦਿਤੀ, ਨਾਲ ਹੀ ਚੰਦਰਹਾਂਸ ਨੂੰ ਪੱਕੀ ਕੀਤੀ ਕਿ—'ਉਹ ਰਾਹ ਵਿਚ ਇਸ ਪੱਤ੍ਰਕਾ ਨੂੰ ਖੋਲ੍ਹ ਕੇ ਪੜ੍ਹੇ ਨਾ, ਪਰਾਈ ਚਿੱਠੀ ਪੜ੍ਹਨਾ ਪਾਪ ਹੈ।' ਯੁਵਰਾਜ ਚੰਦਰਹਾਂਸ ਚਿੱਠੀ ਲੈ ਕੇ ਘੋੜੇ ਉਤੇ ਸਵਾਰ ਹੋ ਗਿਆ।

# ਬਿਖਯਾ ਨਾਲ ਮੇਲ ਤੇ ਵਿਆਹ

ਮਨੁਖ ਜੋ ਕੁਝ ਕਰਨਾ ਲੋਚਦਾ ਹੈ ਉਹ ਕੁਝ ਨਹੀਂ ਹੁੰਦਾ। ਲਾਲਚੀ ਮਨੁਖ ਤਾਂ ਇਕ ਰਾਤ ਵਿਚ ਹੀ ਸਾਰਾ ਨਗਰ ਮਾਰ ਕੇ ਨਗਰ ਦੀ ਧਨ ਸੰਪਤੀ ਹੜੱਪ ਕਰਨਾ ਚਾਹੁੰਦਾ ਹੈ ਪਰ ਇਸ ਤਰ੍ਹਾਂ ਹੁੰਦਾ ਨਹੀਂ ਕਿਉਂਕਿ ਪ੍ਰਭੂ ਦੀ ਮਰਜ਼ੀ ਕੁਝ ਹੋਰ ਹੁੰਦੀ ਹੈ। ਹੁੰਦਾ ਓਹੋ ਕੁਝ ਹੈ ਜੋ ਅਕਾਲ ਪੁਰਖ ਨੂੰ ਮਨਜ਼ੂਰ ਹੋਵੇ। ਜੇ ਬੰਦੇ ਦੇ ਹੱਥ ਵਸ ਇਹ ਖੇਡ ਹੋਵੇ ਤਾਂ ਬਾਂਦਰ ਦੀ ਤਰ੍ਹਾਂ ਪਤਾ ਨਹੀਂ ਕਿੰਨੇ ਘਰ ਰੋਜ਼ ਦੇ ਉਜਾੜੇ। ਧ੍ਰਿਸ਼ਟ ਬੁਧੀ ਚੰਦਰਹਾਂਸ ਨੂੰ ਹਰ ਕੀਮਤ ਉਤੇ ਖ਼ਤਮ ਕਰਨਾ ਚਾਹੁੰਦਾ ਸੀ, ਉਹ ਜ਼ਬਾਨੋਂ ਮਿੱਠਾ ਤੇ ਆਤਮਾ ਦਾ ਕੌੜਾ ਤੇ ਪਾਪੀ ਸੀ, ਉਸ ਨੇ ਗੁਪਤ ਢੰਗ ਨਾਲ ਪੁੱਤਰ ਮਦਨ ਵਲ ਚਿੱਠੀ ਲਿਖੀ ਕਿ ਇਸ ਗਭਰੂ ਨੂੰ ਜ਼ਹਿਰ (ਬਿਖ) ਦੇ ਕੇ ਮਾਰ ਦਿਓ ਤਾਂ ਮੇਰੇ ਹਿਰਦੇ ਠੰਢ ਪੈ ਜਾਵੇਗੀ। ਜੁਆਨੀ ਵਿਚ ਮਗਰੂਰ ਚੰਦਰਹਾਂਸ ਨੇ ਚਿੱਠੀ ਨਹੀਂ ਖੋਲ੍ਹੀ, ਘੋੜੇ ਨੂੰ ਨਸਾਈ ਕੁੰਤਲਪੁਰ ਦਾ ਪੰਧ ਮੁਕਾਈ, ਅਜੇ ਥੋੜ੍ਹਾ ਜਿਹਾ ਦਿਨ ਰਹਿੰਦਾ ਸੀ ਕੁੰਤਲਪੁਰ ਦੇ ਸ਼ਾਹੀ ਬਾਗ ਵਿਚ ਪੁਜਾ, ਸਰੋਵਰ ਦੇ ਕਿਨਾਰੇ ਘੋੜੇ ਨੂੰ ਬੰਨ੍ਹਿਆ ਤੇ ਥਕੇਵਾਂ ਲਾਹੁਣ ਵਾਸਤੇ ਇਕ ਸੰਗਮਰਮਰ ਦੀ ਸਿਲਾ ਉਤੇ ਲੇਟ ਗਿਆ, ਰਾਹ ਦਾ ਥਕੇਵਾਂ ਸੀ, ਨੀਂਦ ਆ ਗਈ ਘੂਕ ਸੌਂ ਗਿਆ।

ਉਧਰ ਰਾਜੇ ਦੀ ਲੜਕੀ ਚੰਪਕ ਮਾਲਿਨੀ ਤੇ ਵਜ਼ੀਰ ਧ੍ਰਿਸ਼ਟ ਬੁਧੀ ਦੀ ਲੜਕੀ ਬਿਖਯਾ ਸਖੀਆਂ ਸਮੇਤ ਸ਼ਾਮ ਵੇਲੇ ਬਾਗ ਦੀ ਸੈਰ ਕਰਨ ਆ ਨਿਕਲੀਆਂ। ਚੰਚਲ ਮਨ ਸੁੰਦਰ ਰਾਜਕੁਮਾਰੀਆਂ ਹੱਸਦੀਆਂ ਖੇਡਦੀਆਂ ਉਸ ਸਰੋਵਰ ਕਿਨਾਰੇ ਪੁਜ ਗਈਆਂ। ਉਨ੍ਹਾਂ ਨੇ ਚੰਦਰਹਾਂਸ ਨੂੰ ਸੁਤਿਆਂ ਦੇਖਿਆ ਮਨ ਹੀ ਮਨ ਕੁਝ ਨਾ ਕੁਝ ਸੋਚਦੀਆਂ ਹੋਈਆਂ ਯੁਵਰਾਜ ਵਲ ਤਕਦੀਆਂ ਰਹੀਆਂ। ਉਨ੍ਹਾਂ ਦਾ ਦਿਲ ਸੁਤੇ ਨੂੰ ਜਗਾਉਣ ਨੂੰ ਵੀ ਨਹੀਂ ਕਰਦਾ ਸੀ, ਰਾਜ ਕੰਨਿਆ ਤਾਂ ਅਗੇ ਲੰਘ ਗਈ ਪਰ ਬਿਖਯਾ ਦੇ ਪੈਰ ਨਾ ਹਿੱਲੇ, ਉਹ ਚੰਦਰਹਾਂਸ ਵਲ ਦੇਖ ਕੇ ਅੱਖਾਂ ਰਾਹੀਂ ਉਸ ਦੀ ਸੁਰਤ ਪੀਂਦੀ ਰਹੀ, ਰਾਜਕੁਮਾਰ ਦੇ ਅੱਧੇ ਮੀਟੇ ਨੈਨ ਉਸ ਨੂੰ ਚੰਗੇ ਲਗਦੇ ਸਨ। ਦੇਖਦਿਆਂ ਦੇਖਦਿਆਂ ਉਸ ਦੀ ਨਿਗਾਹ ਯੁਵਰਾਜ ਦੀ ਪੱਗ ਵਿਚ ਟੰਗੀ ਹੋਈ ਚਿੱਠੀ ਵਲ ਪਈ। ਚੰਚਲ ਮਨ ਬਿਖਯਾ ਨੇ ਮਲਕੜੇ ਜਿਹੇ ਚਿੱਠੀ ਖਿੱਚ ਲਈ, ਉਸ ਨੂੰ ਪੜ੍ਹਿਆ, ਪੜ੍ਹ ਕੇ ਹੈਰਾਨ ਹੋਈ।

ਉਹ ਚਿੱਠੀ ਉਸ ਦੇ ਬਾਪ ਦੀ ਲਿਖਤ ਤੇ ਉਸ ਦੇ ਭਰਾ ਮਦਨ ਨੂੰ ਮਜਬੂਰ ਕੀਤੀ ਹੋਈ ਸੀ ਪਰ ਜੋ ਕੁਝ ਲਿਖਿਆ ਸੀ ਉਹ ਬਹੁਤ ਬੁਰਾ ਸੀ। ਉਸ ਨੇ ਪੜ੍ਹਿਆ ਇਕ ਵਾਰ ਨਹੀਂ ਸਗੋਂ ਕਈ ਵਾਰ ਪੜ੍ਹਿਆ। ਲਿਖਿਆ ਸੀ—'ਮਦਨ ਲਾਲ! ਇਸ ਨੂੰ ਬਿਖ ਦੇ ਦੇਣੀ। ਮੇਰੀ ਆਤਮਾ ਸ਼ਾਂਤ ਹੋ ਜਾਵੇਗੀ।' ਤੇਰਾ ਬਾਪ ਧ੍ਰਿਸ਼ਟ ਬੁਧੀ।

ਬਿਖਯਾ ਸੋਚਣ ਲਗੀ ਕਿ ਮੇਰੇ ਬਾਪ ਦਾ ਇਸ ਸੁੰਦਰ ਯੁਵਰਾਜ ਦਾ ਕੀ ਵੈਰ ਜੋ ਇਸ ਨੂੰ ਮਰਵਾਉਣਾ ਚਾਹੁੰਦਾ ਹੈ, ਨਹੀਂ ਮੈਂ ਨਹੀਂ ਮਰਨ ਦੇਵਾਂਗੀ। ਇਹ ਮੇਰਾ ਪਤੀ ਬਨਣ ਯੋਗ ਹੈ। ਮੈਂ ਇਸ ਨਾਲ ਵਿਆਹ ਕਰਾਵਾਂਗੀ। ਇਹ ਆਖ ਕੇ ਬਿਖਯਾ ਉਥੋਂ ਨੱਠ ਉਠੀ। ਚਿੱਠੀ ਨੂੰ ਉਸ ਨੇ ਆਪਣੀ ਅੰਗੀ ਵਿਚ ਲਕੋ ਲਿਆ। ਕਾਹਲੀ ਕਾਹਲੀ ਘਰ ਪੁਜੀ, ਕਲਮ ਦਵਾਤ ਲੈ ਕੇ ਚਿੱਠੀ ਦਾ ਸੁਧਾਰ ਕਰ ਦਿਤਾ। ਜਿਥੇ ਬਿਖ ਸੀ ਉਸ ਨੂੰ ਬਿਖਯਾ ਕਰ ਦਿਤਾ। ਬਿਖ ਦੇ ਅਰਥ ਜ਼ਹਿਰ ਸੀ। ਹੁਣ ਕਰ ਦਿਤਾ ਬਿਖਯਾ। ਲੜਕੀ ਚਿੱਠੀ ਨੂੰ ਠੀਕ ਕਰਕੇ ਪਲਾਂ ਵਿਚ ਹੀ ਫਿਰ ਉਸੇ ਟਿਕਾਣੇ ਪੁਜੀ, ਜਿਥੇ ਚੰਦਰਹਾਂਸ ਸੁੱਤਾ ਪਿਆ ਸੀ, ਪੱਗ ਵਿਚ ਉਹ ਚਿੱਠੀ ਟੰਗ ਦਿਤੀ। ਚਿੱਠੀ ਮੁੜ ਟੰਗ ਕੇ ਉਹ ਕਦਮ ਪਿਛੇ ਪੁਟਣ ਹੀ ਲਗੀ ਸੀ ਕਿ ਯੁਵਰਾਜ ਚੰਦਰਹਾਂਸ ਦੇ ਨੈਣ ਖੁਲ੍ਹ ਗਏ। ਉਸ ਨੇ ਬਿਖਯਾ ਨੂੰ ਦੇਖ ਲਿਆ। ਦੇਖਦੇ ਸਾਰ ਉਠ ਕੇ ਬੈਠ ਗਿਆ। ਨਿਗਾਹ ਭਰ ਕੇ ਤਕਿਆ। ਉਹ ਤੱਕਣੀ ਕੀ ਸੀ, ਅਵੱਲੀ ਪਿਆਰ ਦੀ ਗੰਢ ਸੀ, ਜੋ ਪੀਡੀ ਪੈ ਗਈ।

'ਮੈਂ ਪੁਛ ਸਕਦੀ ਹਾਂ ਰਾਜਕੁਮਾਰ ਕਿਥੋਂ ਆਏ ਹਨ?' ਬਿਖਯਾ ਨੇ ਸ਼ਰਮਾਂਦੇ ਨੈਣਾਂ ਤੇ ਸ਼ਰਮਾਂਦੇ ਬੁਲ੍ਹਾਂ ਨੂੰ ਹੇਠ ਨਪਦਿਆਂ ਹੋਇਆ ਪੁਛਿਆ।

'ਚੰਦਨਪੁਰ ਤੋਂ ਆਇਆ ਹਾਂ। ਇਥੋਂ ਦੇ ਵਜ਼ੀਰ ਦੇ ਲੜਕੇ ਮਦਨ ਨੂੰ ਮਿਲਣਾ ਹੈ। ਚੰਦਨਪੁਰ ਦਾ ਯੁਵਰਾਜ ਹਾਂ ਤੇ ਆਪ?' ਚੰਦਰਹਾਂਸ ਨੇ ਉੱਤਰ ਵੀ ਦਿਤਾ ਤੇ ਸਵਾਲ ਵੀ ਕੀਤਾ।

'ਮਦਨ ਦੀ ਭੈਣ ਬਿਖਯਾ।' ਇਹ ਆਖ ਕੇ ਬਿਖਯਾ ਉਥੋਂ ਦੌੜ ਗਈ।

ਚੰਦਰਹਾਂਸ ਦੇਖਦਾ ਹੀ ਰਹਿ ਗਿਆ।

ਚੰਦਰਹਾਂਸ ਉਠਿਆ ਘੋੜੇ ਉਤੇ ਸਵਾਰ ਹੋਇਆ ਤੇ ਰਾਜ ਮਹਿਲ 'ਚ ਪੁੱਜ ਕੇ ਮਦਨ ਨੂੰ ਮਿਲਿਆ। ਮਦਨ ਨੂੰ ਜਦੋਂ ਚੰਦਰਹਾਂਸ ਨੇ ਚਿੱਠੀ ਦਿਤੀ ਤਾਂ

ਮਦਨ ਨੂੰ ਖ਼ੁਸ਼ੀਆਂ ਚੜ੍ਹ ਗਈਆਂ। ਉਸ ਨੇ ਬਿਖਯਾ ਭੈਣ ਦੀ ਸ਼ਾਦੀ ਚੰਦਰਹਾਂਸ ਨਾਲ ਕਰਨ ਦੀ ਤਿਆਰੀ ਉਸੇ ਘੜੀ ਸ਼ੁਰੂ ਕਰ ਦਿੱਤੀ। ਰਾਤੋ ਰਾਤ ਸਾਰਾ ਪ੍ਰਬੰਧ ਹੋ ਗਿਆ ਤੇ ਦਿਨ ਚੜ੍ਹਦੇ ਨੂੰ ਚੰਦਰਹਾਂਸ ਤੇ ਬਿਖਯਾ ਦੀ ਸ਼ਾਦੀ ਹੋ ਗਈ, ਰਾਜ ਮਹੱਲ ਵਿਚ ਖ਼ੁਸ਼ੀਆਂ ਕਰਨ ਲਗੇ। ਹੋਣੀ ਨੇ ਕੁਝ ਦਾ ਕੁਝ ਕਰ ਦਿਤਾ, ਮਰਨ ਆਇਆ ਚੰਦਰਹਾਂਸ ਵਿਆਹਿਆ ਗਿਆ।

## ਚੰਦਰਹਾਂਸ ਦੀ ਥਾਂ ਮਦਨ ਦੀ ਮੌਤ

ਤੀਸਰੇ ਦਿਨ ਪਿਛੋਂ ਧ੍ਰਿਸ਼ਟ ਬੁਧੀ ਕੁੰਤਲਪੁਰ ਆ ਗਿਆ। ਉਹ ਸ਼ਹਿਰੋਂ ਬਾਹਰ ਹੀ ਸੀ ਕਿ ਲੋਕਾਂ ਨੇ ਵਧਾਈਆਂ ਦੇਣੀਆਂ ਸ਼ੁਰੂ ਕਰ ਦਿਤੀਆਂ ਕਿ ਆਪ ਦੀ ਪੁੱਤਰੀ ਦੀ ਸ਼ਾਦੀ ਹੋ ਗਈ ਤੇ ਆਪ ਨਾ ਪਹੁੰਚੇ, ਵਰ ਬਹੁਤ ਚੰਗਾ ਹੈ। ਜਦੋਂ ਘਰ ਪੁੱਜਾ ਤਾਂ ਚੰਦਰਹਾਂਸ ਨੂੰ ਘਰ ਦਾ ਮਾਲਕ ਬਣਿਆ ਹੋਇਆ ਦੇਖਿਆ। ਰੰਗੀਲੇ ਪਲੰਘ ਉਤੇ ਮਖ਼ਮਲੀ ਬਿਸਤਰੇ ਉਤੇ ਬੈਠਾ ਬਿਖਯਾ ਨਾਲ ਕਲੋਲ ਕਰ ਰਿਹਾ ਸੀ। ਉਸ ਨੇ ਧ੍ਰਿਸ਼ਟ ਬੁਧੀ ਨੂੰ ਸਹੁਰਾ ਸਮਝ ਕੇ ਮੱਥਾ ਟੇਕਿਆ। ਪਾਪੀ ਆਤਮਾ ਨੇ ਦਿਲ ਦੀ ਗੱਲ ਪ੍ਰਗਟ ਨਹੀਂ ਕੀਤੀ, ਕਿਸੇ ਘਰ ਵਾਲੇ ਨੂੰ ਮਾੜਾ ਚੰਗਾ ਕੁਝ ਨਹੀਂ ਕਿਹਾ, ਪਰ ਚੰਦਰਹਾਂਸ ਦੇ ਮਾਰਨ ਦੀ ਵਿਉਂਤ ਜ਼ਰੂਰ ਸੋਚ ਲਈ। ਇਹ ਵੀ ਨਾ ਸੋਚਿਆ ਕਿ ਮੇਰੀ ਧੀ ਰੰਡੀ ਹੋ ਜਾਵੇਗੀ। ਉਸ ਦੇ ਸਿਰ ਰਾਜਾ ਬਣਨ ਦਾ ਭੂਤ ਸਵਾਰ ਹੋਇਆ ਸੀ। ਸੰਤਾਂ ਦੇ ਬਚਨ ਉਸ ਦੇ ਕੰਨਾਂ ਵਿਚ ਗੂੰਜ ਰਹੇ ਸਨ। ਉਸ ਦਾ ਜਵਾਈ ਤਾਂ ਬਣ ਗਿਆ, ਹੁਣ ਤਾਂ ਰਾਜ ਤਿਲਕ ਦੀ ਹੀ ਢਿੱਲ ਸੀ।

ਧ੍ਰਿਸ਼ਟ ਬੁਧੀ ਜਲਾਦਾਂ ਕੋਲ ਗਿਆ, ਉਨ੍ਹਾਂ ਨੂੰ ਕਿਹਾ ਕਿ ਇਕ ਹਜ਼ਾਰ ਮੋਹਰ ਇਨਾਮ ਦੇਵਾਂਗਾ ਜੇ ਇਕ ਆਦਮੀ ਨੂੰ ਕਤਲ ਕਰ ਦਿਓ। ਉਹ ਆਦਮੀ ਭਵਾਨੀ ਦੇ ਮੰਦਰ ਸ਼ਾਮਾਂ ਨੂੰ ਸਮੱਗਰੀ ਲੈ ਕੇ ਪਹੁੰਚੇਗਾ। ਬਿਨਾਂ ਕਿਸੇ ਪੁਛ ਗਿਛ ਦੇ ਉਸ ਨੂੰ ਕਤਲ ਕਰ ਦੇਣਾ ਤੇ ਆ ਕੇ ਇਨਾਮ ਲੈ ਲੈਣਾ। ਜਲਾਦਾਂ ਨੇ ਪੰਜ ਸੌ ਮੋਹਰ ਪਹਿਲਾਂ ਵਸੂਲ ਕਰ ਲਈ। ਭਵਾਨੀ ਦੇ ਮੰਦਰ ਪਹੁੰਚ ਕੇ ਆਦਮੀ ਦੀ ਉਡੀਕ ਕਰਨ ਲਗੇ।

ਦੂਸਰੇ ਪਾਸੇ ਧ੍ਰਿਸ਼ਟ ਬੁਧੀ ਚੰਦਰਹਾਸ ਨੂੰ ਆਖਣ ਲਗਾ—'ਪੁੱਤਰ! ਅਸਾਡੀ ਰੀਤ ਹੈ ਅਸਾਡਾ ਜਵਾਈ ਇਕੱਲਾ ਸ਼ਾਮ ਨੂੰ ਭਵਾਨੀ ਦੀ ਪੂਜਾ ਕਰਨ ਵਾਸਤੇ

ਉਸ ਦੇ ਮੰਦਰ ਜਾਵੇ । ਪਹਾੜੀ ਤੇ ਜੰਗਲ ਵਿਚ ਮੰਦਰ ਹੈ । ਅੱਜ ਸਮੱਗਰੀ ਲੈ ਕੇ ਮੰਦਰੋਂ ਹੋ ਆ ।' ਚੰਦਰਹਾਂਸ ਨੇ ਕੋਈ ਵੀ ਸ਼ੱਕ ਨਹੀਂ ਕੀਤਾ । ਉਸ ਨੇ ਦੋਵੇਂ ਹੱਥ ਜੋੜ ਕੇ ਉੱਤਰ ਦਿਤਾ—'ਸਤ ਬਚਨ ਜੀ । ਮੈਂ ਅੱਜ ਸ਼ਾਮ ਨੂੰ ਮੰਦਰੋਂ ਹੋ ਆਵਾਂਗਾ ।'

ਚੰਦਰਹਾਂਸ ਨੇ ਧ੍ਰਿਸ਼ਟਬੁਧੀ ਦੇ ਬਚਨਾਂ ਨੂੰ ਬਿਧਯਾ ਅਗੇ ਵੀ ਪ੍ਰਗਟ ਨਹੀਂ ਕੀਤਾ । ਸਮੱਗਰੀ ਮੰਗਵਾ ਕੇ ਭਵਾਨੀ ਮੰਦਰ ਨੂੰ ਜਾਣ ਦੀ ਤਿਆਰੀ ਕਰਨ ਲੱਗਾ । ਸ਼ਾਮਾਂ ਪੈਣ ਵਿਚ ਥੋੜਾ ਜਿਹਾ ਵਕਤ ਸੀ ਕਿ ਰਾਜ ਮਹੱਲ ਵਿਚੋਂ ਤੁਰਿਆ । ਅਜੇ ਥੋੜ੍ਹੀ ਦੂਰ ਹੀ ਗਿਆ ਸੀ ਕਿ ਉਸ ਦਾ ਸਾਲਾ ਮਦਨ ਉਸ ਨੂੰ ਮਿਲ ਪਿਆ । ਮਦਨ ਨੇ ਨੇੜੇ ਆ ਕੇ ਆਖਿਆ ਭਾਈਆ ਜੀ! ਇਹ ਸਮੱਗਰੀ ਮੈਨੂੰ ਦਿਓ ਮੈਂ ਭਵਾਨੀ ਦੇ ਮੰਦਰੋਂ ਹੋ ਆਉਂਦਾ ਹਾਂ ਤੁਹਾਨੂੰ ਰਾਜਾ ਸਾਹਿਬ ਬੁਲਾਉਂਦੇ ਹਨ । ਇਸੇ ਵੇਲੇ ਉਨ੍ਹਾਂ ਕੋਲ ਪਹੁੰਚ ਜਾਵੋ । ਉਹ ਆਪ ਨੂੰ ਬੈਠੇ ਉਡੀਕ ਰਹੇ ਹਨ । ਕੋਈ ਜ਼ਰੂਰੀ ਕੰਮ ਹੈ ।' ਇਹ ਆਖ ਕੇ ਮਦਨ ਨੇ ਚੰਦਰਹਾਂਸ ਕੋਲੋਂ ਸਮੱਗਰੀ ਆਪ ਫੜ ਲਈ ਤੇ ਚੰਦਰਹਾਂਸ ਨੂੰ ਰਾਜ ਮਹੱਲ ਵਲ ਤੋਰ ਦਿੱਤਾ । ਮਦਨ ਭਵਾਨੀ ਦੇ ਮੰਦਰ ਪੁੱਜਾ । ਦੇਵੀ ਦੇ ਚਰਨਾਂ ਵਿਚ ਸਮੱਗਰੀ ਚੜ੍ਹਾਉਣ ਲੱਗਾ ਤਾਂ ਲੁਕੇ ਹੋਏ ਜਲਾਦਾਂ ਛੇਤੀ ਨਾਲ ਨਿਕਲ ਕੇ ਉਸ ਦਾ ਸਿਰ ਵੱਢ ਸੁਟਿਆ । ਧੜ ਦੇ ਚਾਰ ਟੁਕੜੇ ਕਰ ਦਿੱਤੇ । ਟੁਕੜਿਆਂ ਨੂੰ ਮੰਦਰ ਤੋਂ ਬਾਹਰ ਸੁਟ ਕੇ ਜਲਾਦ ਸ਼ਹਿਰ ਨੂੰ ਤੁਰ ਆਏ । ਉਨ੍ਹਾਂ ਨੂੰ ਖ਼ੁਸ਼ੀ ਹੋਈ ਕਿ ਧ੍ਰਿਸ਼ਟ ਬੁਧੀ ਕੋਲੋਂ ਰਹਿੰਦੀਆਂ ਪੰਜ ਸੌ ਮੋਹਰਾਂ ਇਨਾਮ ਵਜੋਂ ਵਸੂਲ ਕਰਨਗੇ ।

## ਚੰਦਰਹਾਂਸ ਦਾ ਦੂਸਰਾ ਵਿਆਹ ਤੇ ਧ੍ਰਿਸ਼ਟ ਬੁਧੀ ਦਾ ਮਰਨਾ

ਭਾਗਾਂ ਦੀ ਖੇਡ ਵਜ਼ੀਰ ਜਿਉਂ ਜਿਉਂ ਚੰਦਰਹਾਂਸ ਨਾਲ ਗੁਪਤ ਢੰਗ ਨਾਲ ਦੁਸ਼ਮਣੀ ਕਰੀ ਜਾਂਦਾ ਸੀ । ਤਿਉਂ ਤਿਉਂ ਚੰਦਰਹਾਂਸ ਦੀ ਕਿਸਮਤ ਦਾ ਸਤਾਰਾ ਚਮਕਦਾ ਆਉਂਦਾ ਸੀ । ਚੰਦਰਹਾਂਸ ਰਾਜੇ ਕੋਲ ਪੁੱਜਾ । ਰਾਜੇ ਨੇ ਪਿਆਰ ਕਰ ਕੇ ਹਲੀਮੀ ਨਾਲ ਆਖਿਆ—'ਪੁੱਤਰ ਚੰਦਰਹਾਂਸ ਮੈਨੂੰ ਬਹੁਤ ਖ਼ੁਸ਼ੀ ਹੈ ਕਿ ਭਗਵਾਨ ਆਪਣੇ ਆਪ ਹੀ ਤੈਨੂੰ ਸਾਡੇ ਘਰ ਭੇਜ ਦਿਤਾ । ਮੇਰੀ ਬੇਟੀ

ਜੁਆਨ ਤੇ ਮੁਟਿਆਰ ਹੈ। ਮੈਨੂੰ ਰਾਤ ਦਿਨੇ ਚਿੰਤਾ ਸੀ ਕਿ ਇਸ ਵਾਸਤੇ ਕੋਈ ਯੋਗ ਵਰ ਟੋਲਾਂ। ਭਗਵਾਨ ਦੀ ਕ੍ਰਿਪਾ ਨਾਲ ਆਪ ਰਿਆਸਤ ਵਿਚ ਆ ਗਏ। ਮੈਂ ਪੰਡਤ ਨੂੰ ਸੱਦ ਭੇਜਿਆ ਹੈ। ਵਜ਼ੀਰ ਸਾਹਿਬ ਆ ਰਹੇ ਹਨ। ਰਾਜਕੁਮਾਰੀ ਨਾਲ ਆਪ ਦਾ ਵਿਆਹ ਕੀਤਾ ਜਾਂਦਾ ਹੈ। ਮੈਂ ਕਿਉਂਕਿ ਬੁੱਢਾ ਹਾਂ, ਰਾਜ ਕਾਜ ਮੈਥੋਂ ਹੁੰਦਾ ਨਹੀਂ, ਦੂਸਰਾ ਮੈਂ ਸੰਨਿਆਸ ਧਾਰਨ ਕਰਨਾ ਚਾਹੁੰਦਾ ਹਾਂ। ਇਸ ਵਾਸਤੇ ਰਾਜ ਤਿਲਕ ਵੀ ਆਪ ਨੂੰ ਦਿਤਾ ਜਾਵੇਗਾ। ਸਵੇਰ ਤੋਂ ਤੁਸੀਂ ਰਾਜ ਦੇ ਮਾਲਕ ਹੋਵੋਗੇ।

ਇਉਂ ਰਾਜਾ ਕਹਿ ਹੀ ਰਿਹਾ ਸੀ ਕਿ ਰਾਜੇ ਦਾ ਗੁਰੂ ਆ ਗਿਆ। ਗੁਰੂ ਜੀ ਦੇ ਪਿਛੇ ਵਜ਼ੀਰ ਧ੍ਰਿਸ਼ਟ ਬੁਧੀ ਜੀ ਵੀ ਹਲੂਣੇ ਖਾਂਦੇ ਆ ਪੁਜੇ। ਚੰਦਰਹਾਸ ਨੂੰ ਰਾਜੇ ਦੇ ਗੋਡੇ ਕੋਲ ਬੈਠਾ ਦੇਖ ਕੇ ਹੈਰਾਨ ਹੋਏ। ਉਸ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ ਕਿ ਇਹ ਕੀ ਬਣਿਆ? ਮੈਂ ਤਾਂ ਇਸ ਨੂੰ ਭਵਾਨੀ ਦੇ ਮੰਦਰ ਭੇਜਿਆ ਸੀ ਮਦਨ ਨੂੰ ਦਰਬਾਰ ਵਿਚ ਨਾ ਦੇਖ ਕੇ ਪਾਪੀ ਦੇ ਮਨ ਨੂੰ ਧੱਕਾ ਲਗਾ। ਉਸ ਨੇ ਚੰਦਰਹਾਂਸ ਨੂੰ ਪੁਛਿਆ—'ਬੇਟਾ ਮਦਨ ਕਿਥੇ ਹੈ?'

'ਮਦਨ ਤਾਂ ਜੀ ਭਵਾਨੀ ਮੰਦਰ ਗਿਆ ਹੈ। ਸਮੱਗਰੀ ਲੈ ਕੇ ਉਸ ਨੇ ਮੈਨੂੰ ਇਧਰ ਭੇਜ ਦਿਤਾ ਤੇ ਆਪ ਚਲਿਆ ਗਿਆ।' ਚੰਦਰਹਾਂਸ ਦਾ ਉੱਤਰ ਸੀ।

'ਹੈਂ ਭਵਾਨੀ ਦੇ ਮੰਦਰ ਮਦਨ?' ਵਜ਼ੀਰ ਪੂਰੀ ਗੱਲ ਵੀ ਨਾ ਕਰ ਸਕਿਆ ਤੇ ਸਿਰ ਤੇ ਪੈਰ ਰੱਖ ਕੇ ਰਾਜੇ ਦੀ ਹਜ਼ੂਰੀ ਵਿਚੋਂ ਨਿਕਲ ਗਿਆ। ਸਾਰੇ ਹੈਰਾਨ ਸਨ। ਕੁਦਰਤ ਦੇ ਰੰਗ। ਖ਼ੈਰ ਉਸ ਦੀ ਗ਼ੈਰ ਹਾਜਰੀ ਨੂੰ ਕਿਸੇ ਨੇ ਬਹੁਤ ਅਨੁਭਵ ਨਾ ਕੀਤਾ। ਚੰਦਰਹਾਂਸ ਤੇ ਚੰਪਕ ਮਾਲਨੀ ਦਾ ਵਿਆਹ ਵੇਦਕ ਰੀਤੀ ਨਾਲ ਕਰ ਕੇ ਰਾਜੇ ਦੇ ਗੁਰੂ ਨੇ ਚੰਦਰਹਾਂਸ ਨੂੰ ਰਾਜ ਤਿਲਕ ਲਾ ਦਿਤਾ। ਖ਼ੁਸ਼ੀਆਂ ਦੇ ਵਾਜੇ ਵਜਾਏ ਗਏ।

ਸਵੇਰ ਹੋਈ ਸ਼ਹਿਰ ਦੇ ਰਾਜ ਵਿਚ ਢੰਡੋਰਾ ਫਿਰਾ ਦਿਤਾ ਕਿ ਅੱਜ ਤੋਂ ਕੁੰਤਲਪੁਰ ਤੇ ਕੁੰਤਲਪੁਰ ਦੀਆਂ ਰਿਆਸਤਾਂ ਦਾ ਰਾਜਾ ਚੰਦਰਹਾਂਸ ਹੈ। ਰਾਜੇ ਨੇ ਉਸ ਨੂੰ ਰਾਜ ਤਿਲਕ ਦੇ ਦਿੱਤਾ। ਆਪਣੀ ਪੁੱਤਰੀ ਚੰਪਕ ਮਾਲਨੀ ਦੀ ਸ਼ਾਦੀ ਵੀ ਚੰਦਰਹਾਂਸ ਨਾਲ ਕਰ ਦਿੱਤੀ ਹੈ। ਵੱਡੇ ਰਾਜਾ ਜੀ ਅੱਜ ਤੋਂ ਪ੍ਰਭੂ ਭਗਤੀ ਵਾਸਤੇ ਸੰਨਿਆਸੀ ਹੋ ਕੇ ਜੰਗਲ ਨੂੰ ਜਾ ਰਹੇ ਹਨ।

ਇਹ ਢੰਡੋਰਾ ਸ਼ਹਿਰ ਵਿਚ ਫਿਰ ਰਿਹਾ ਸੀ ਕਿ ਰਾਜੇ ਨੂੰ ਖ਼ਬਰ ਮਿਲੀ ਕਿ ਮਦਨ, ਧ੍ਰਿਸ਼ਟ ਬੁਧੀ ਭਵਾਨੀ ਦੇ ਮੰਦਰ ਅਗੇ ਕਤਲ ਹੋਏ ਪਏ ਹਨ। ਇਹ ਸੁਣਦੇ ਸਾਰ ਹੀ ਚੰਦਰਹਾਂਸ ਬਿਖਿਆ ਤੇ ਚੰਪਕ ਮਾਲਨੀ ਦੇ ਸਾਥ ਭਵਾਨੀ ਦੇ ਮੰਦਰ ਪੁਜੇ। ਅਗੇ ਸਚਮੁਚ ਹੀ ਦੋਹਾਂ ਦਾ ਖ਼ੂਨ ਹੋਇਆ ਸੀ।

ਮਦਨ ਨੂੰ ਤਾਂ ਜਲਾਦਾਂ ਮਾਰ ਦਿਤਾ ਸੀ ਤੇ ਧ੍ਰਿਸ਼ਟਬੁਧੀ ਨੇ ਆਤਮਘਾਤ ਕਰ ਲਿਆ ਸੀ। ਦੋਹਾਂ ਦੀਆਂ ਮੌਤਾਂ ਵੇਖ ਕੇ ਚੰਦਰਹਾਂਸ ਉਦਾਸ ਹੋ ਗਿਆ ਅਤੇ ਉਸ ਨੇ ਖ਼ਿਆਲ ਕੀਤਾ ਕਿ ਇਹ ਮੇਰੇ ਹੀ ਕਾਰਨ ਖ਼ੂਨ ਹੋਏ ਹਨ। ਪਾਪਾਂ ਦਾ ਭਾਗੀ ਮੈਂ ਹਾਂ। ਮੇਰਾ ਜੀਊਣਾ ਮਾੜਾ ਤੇ ਮਰਨਾ ਚੰਗਾ ਹੈ। ਉਸ ਨੇ ਕਟਾਰ ਮਿਆਨ ਵਿਚੋਂ ਖਿਚੀ ਆਪਣੇ ਕਲੇਜੇ ਵਿਚ ਮਾਰਨ ਲੱਗਾ ਤਾਂ ਦੇਵੀ ਨੇ ਪ੍ਰਗਟ ਹੋ ਕੇ ਉਸ ਦੇ ਹੱਥ ਨੂੰ ਘੁਟ ਲਿਆ। ਇਹ ਕੌਤਕ ਦੇਖ ਕੇ ਬਿਖਯਾ ਤੇ ਚੰਪਕ ਮਾਲਨੀ ਹੈਰਾਨ ਵੀ ਹੋਈਆਂ ਤੇ ਭੈਭੀਤ ਵੀ। ਦੇਵੀ ਨੇ ਚੰਦਰਹਾਂਸ ਨੂੰ ਗੋਦ ਵਿਚ ਲੈ ਕੇ ਮਿਠੇ ਸ਼ਬਦਾਂ ਵਿਚ ਕਿਹਾ—'ਪੁੱਤਰ! ਆਤਮਘਾਤ ਕਰਨਾ ਯੋਗ ਨਹੀਂ। ਇਹ ਪਾਪੀ ਤੈਨੂੰ ਮਾਰਨਾ ਚਾਹੁੰਦਾ ਸੀ ਪਰ ਮਰ ਇਸਦਾ ਪੁੱਤਰ ਗਿਆ। ਜਿਸ ਦਾ ਦੁੱਖ ਨਾ ਝਲ ਸਕਣ ਦੇ ਕਾਰਨ ਇਸ ਨੇ ਆਤਮਘਾਤ ਕਰ ਲਿਆ। ਜਾਹ ਸ਼ਾਂਤੀ ਨਾਲ ਰਾਜ ਕਰ। ਚੰਦਨਪੁਰ ਕੁੰਤਲਪੁਰ ਤੇ ਕੇਰਲ ਦਾ ਰਾਜ ਤੈਨੂੰ ਬਖ਼ਸ਼ਿਆ ਤੇ ਮੇਰਾ ਭਗਤ ਹੈਂ ਹੋਰ ਕੋਈ ਵਰ ਮੰਗਣਾ ਈ ਤਾਂ ਮੰਗ ਲੈ।'

ਜਗਦੰਬਾ ਦੇਵੀ ਦੇ ਇਹ ਬਚਨ ਸੁਣ ਕੇ ਚੰਦਰਹਾਂਸ ਖ਼ੁਸ਼ ਹੋ ਗਿਆ ਪਰ ਉਸ ਨੇ ਸੋਚ ਕੇ ਇਹ ਦੋ ਵਰ ਮੰਗੇ—੧. 'ਹੇ ਮਾਤਾ! ਮੈਨੂੰ ਇਕ ਵਰ ਇਹ ਦੇਹ ਕਿ ਮੈਂ ਤੇਰਾ ਭਗਤ ਰਹਾਂ। ਰਾਜ ਬਲ ਪਾ ਕੇ ਹੰਕਾਰ ਨਾ ਆਵੇ। ਮਨੁਖ ਮਾਤਰ ਦੀ ਸੇਵਾ ਕਰਾਂ, ਪ੍ਰਭੂ ਦੀ ਭਗਤੀ ਕਰਾਂ, ਤੇਰੇ ਗੁਣ ਗਾਉਂਦਾ ਰਹਾਂ। ੨. ਹੇ ਮਾਤਾ! ਮੇਰੇ ਸਹੁਰੇ ਸਾਲੇ ਨੂੰ ਜਿਉਂ ਕਾ ਤਿਉਂ ਜਿਉਂਦਾ ਕਰ ਦੇਹ। ਇਨ੍ਹਾਂ ਦੀ ਗੁਪਤ ਈਰਖਾ ਦਾ ਮੈਨੂੰ ਰੰਜ ਨਹੀਂ। ਫਿਰ ਵੀ ਮੇਰੇ ਪੂਜਨੀਕ ਸਾਕ ਹਨ। ਮੇਰੇ ਪਿਤਾ ਤੇ ਭਰਾ ਦੇ ਸਮਾਨ ਹਨ। ਇਨ੍ਹਾਂ ਦਾ ਵਿਛੋੜਾ ਮੈਂ ਝੱਲ ਨਹੀਂ ਸਕਦਾ। ਇਹ ਮੇਰੇ ਤੇ ਦਯਾ ਕਰੋ। ਹੇ ਮਾਤਾ! ਬਾਲਕ ਤੇਰੇ ਕੋਲੋਂ ਵਰ ਮੰਗਦਾ ਹੈ।'

'ਹੱਛਾ ਬੇਟਾ ਇਸ ਤਰ੍ਹਾਂ ਹੀ ਹੋਵੇਗਾ। ਜਾਹ ਤੇਰੀ ਮੁਰਾਦ ਪੂਰੀ ਹੋਈ।'

ਇਹ ਆਖ ਕੇ ਜਗਦੰਬਾ ਦੇਵੀ ਅਲੋਪ ਹੋ ਗਈ। ਮਦਨ ਦੇ ਟੁਕੜੇ ਆਪਣੇ ਆਪ ਜੁੜ ਗਏ। ਮਦਨ ਤੇ ਧ੍ਰਿਸ਼ਟਬੁਧੀ ਮੁੜ ਜਿਊਂਦੇ ਹੋ ਗਏ। ਜੀਊਂਦੇ ਹੁੰਦੇ ਸਾਰ ਜਦੋਂ ਉਨ੍ਹਾਂ ਚੰਦਰਹਾਂਸ, ਬਿਖਯਾ ਤੇ ਚੰਪਕ ਮਾਲਨੀ ਨੂੰ ਦੇਖਿਆ ਤਾਂ ਉਨ੍ਹਾਂ ਦੇ ਅਨੰਦ ਦੀ ਕੋਈ ਹੱਦ ਨਾ ਰਹੀ। ਸਾਰਿਆਂ ਨੂੰ ਵਾਰੋ ਵਾਰੀ ਗਲਾਂ ਨਾਲ ਲਾਇਆ। ਧ੍ਰਿਸ਼ਟ ਬੁਧੀ ਨੇ ਚੰਦਰਹਾਂਸ ਕੋਲੋਂ ਖਿਮਾ ਮੰਗੀ।

# ੪੪. ਅਰਜਨ ਜੀ ਦੀ ਕਥਾ

## ਜਨਮ ਤੇ ਮਾਤਾ ਪਿਤਾ

ਰਾਣੀ ਕੁੰਤੀ ਤੇ ਰਾਜਾ ਪਾਂਡੋ ਦਾ ਪੁੱਤਰ ਅਰਜਨ ਸੀ। ਇਸੇ ਅਰਜਨ ਨੇ ਦਰੋਪਤੀ ਨੂੰ ਸੁਯੰਬਰ ਵਿਚੋਂ ਵਰਿਆ ਸੀ। ਅਰਜਨ ਮਹਾਂਭਾਰਤ ਯੁਧ ਦਾ ਵੱਡਾ ਨਾਇਕ ਸੀ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮਹਾਂਭਾਰਤ ਦੇ ਸਮੇਂ ਵਿਚ ਅਰਜਨ ਬਲੀ ਭਗਤ ਦਇਆਵਾਨ ਤੇ ਅਵਤਾਰ ਪੁਰਸ਼ ਸੀ। ਇਸੇ ਸਮੇਂ ਗ੍ਰੰਥਾਂ ਵਿਚ ਅਰਜਨ ਜੀ ਦੀ ਬਹੁਤ ਉਪਮਾ ਕੀਤੀ ਗਈ ਹੈ। ਗੀਤਾ ਵਿਚ ਤਾਂ ਭਗਵਾਨ ਕ੍ਰਿਸ਼ਨ ਜੀ ਆਖਦੇ ਹਨ ਕਿ—'ਅਰਜਨ ਮੈਂ ਹਾਂ।'

ਅਰਜਨ ਦਰੋਪਤੀ ਦਾ ਪਤੀ ਵੀ ਸੀ ਤੇ ਕ੍ਰਿਸ਼ਨ ਦੀ ਭੈਣ ਸੁਭੱਦਰਾਂ ਦਾ ਵੀ ਪਤੀ ਸੀ। ਪਰ ਸ੍ਰੀ ਕ੍ਰਿਸ਼ਨ ਜੀ ਨੂੰ ਇਹ ਨਿਰਾ ਸਾਲਾ ਨਹੀਂ ਸੀ ਸਮਝਦਾ ਸਗੋਂ ਭਗਵਾਨ ਰੂਪ ਜਾਣ ਕੇ ਸਤਿਕਾਰ ਕਰਦਾ ਸੀ। ਇਕ ਉਮਰ ਦੇ ਹਾਣੀ ਮਿੱਤਰ ਰਿਸ਼ਤੇਦਾਰ ਤੇ ਇਕ ਸਮੇਂ ਯੋਧੇ ਹੋਣ ਕਰਕੇ ਇਨ੍ਹਾਂ ਦਾ ਸ੍ਰੀ ਕ੍ਰਿਸ਼ਨ ਜੀ ਨਾਲ ਬਹੁਤ ਅਟੁਟ ਪਿਆਰ ਸੀ। ਮਹਾਂਬਲੀ ਅਰਜਨ ਜੀ ਦੇ ਜੀਵਨ ਦੀਆਂ ਸਾਖੀਆਂ ਲਿਖਣ ਵਾਸਤੇ ਕਈ ਮਣ ਕਾਗਜ਼ ਦੀ ਲੋੜ ਹੈ। ਜਗਿਆਸੂਆਂ ਨੂੰ ਸ੍ਰੀ ਅਰਜਨ ਦੀ ਜਾਣ ਪਛਾਣ ਕਰਾਉਣ ਵਾਸਤੇ ਕੁਝ ਕੁ ਸਾਖੀਆਂ ਸੁਨਾਉਣ ਦਾ ਯਤਨ ਕਰਦੇ ਹਾਂ। ਗੀਤਾ ਗਿਆਨ ਨੂੰ ਸੁਣਨ ਵਾਲੇ ਮਹਾਂਪੁਰਸ਼ ਤੇ ਨਰ ਅਵਤਾਰ ਦਾ ਜੀਵਨ ਭਗਵਾਨ ਹੀ ਲਿਖ ਸਕਦਾ ਹੈ। ਤੁਛ ਬੁਧੀ ਵਾਲਾ ਕਲਜੁਗ ਦਾ ਜੀਵ ਕੀ ਉਸਤਤ ਵਰਨਣ ਕਰ ਸਕਦਾ ਹੈ।

# ਦਰੋਪਤੀ ਤੇ ਪੰਜੇ ਪਾਂਡਵ

ਮਾਤਾ ਦੀ ਆਗਿਆ ਅਨੁਸਾਰ ਪੰਜਾਂ ਪਾਂਡਵਾਂ ਨੇ ਜਦੋਂ ਦਰੋਪਤੀ ਨੂੰ ਸਾਂਝੀ ਪੰਜਾਂ ਦੀ ਇਸਤਰੀ ਰਖ ਲਿਆ ਤਾਂ ਉਹਨਾਂ ਨੂੰ ਭੈ ਹੋਇਆ ਕਿ ਕਿਤੇ ਕਿਸੇ ਇਕ ਇਸਤਰੀ ਤੋਂ ਲੜ ਕੇ ਕੁਲ ਨਾਸ ਨਾ ਕਰ ਬੈਠੀਏ ਕਿਉਂਕਿ ਸਿਆਣਿਆਂ ਕਿਹਾ ਹੈ—ਜਰ ਜੋਰੂ ਤੇ ਜਮੀਨ ਤਿੰਨੇ ਲੜਾਈ ਦਾ ਮੂਲ ਹਨ। ਪੰਜਾਂ ਨੇ ਬੈਠ ਕੇ ਨਿਯਮ ਬਣਾਏ, ਪਹਿਲਾ ਇਹ ਕਿ ਹਰ ਇਕ ਭਰਾ ਦੋ ਮਹੀਨੇ ਤੇ ਬਾਰਾਂ ਦਿਨ ਦਰੋਪਤੀ ਨੂੰ ਇਸਤਰੀ ਬਣਾ ਕੇ ਰਖੇ। ਇਸ ਸਮੇਂ ਵਿਚ ਦੂਸਰਾ ਹੋਰ ਕੋਈ ਭਰਾ ਦਰੋਪਤੀ ਤੇ ਜਿਸ ਦੀ ਵਾਰੀ ਹੋਵੇ ਉਸ ਨੂੰ ਇਕੱਲਿਆਂ ਬੈਠਿਆਂ ਨੂੰ ਨਾ ਦੇਖੇ। ਜੇ ਕੋਈ ਦੋਹਾਂ ਨੂੰ ਪਿਆਰ ਕਰਦਿਆਂ ਦੇਖ ਲਵੇ ਤਾਂ ਉਹ ਬਾਰਾਂ ਵਰੇ ਬਨਵਾਸ ਜਾਵੇ। ਜਿੰਨਾ ਚਿਰ ਬਨਵਾਸ ਦੇ ਦਿਨ ਨਾ ਮੁਕਣ ਨਾ ਘਰ ਆਵੇ ਨਾ ਦਰੋਪਤੀ ਦੇ ਮਥੇ ਲਗੇ। ਇਹ ਨਿਯਮ ਪਾਸ ਹੋ ਗਏ। ਵਡੇ ਭਰਾ ਯੁਧਿਸ਼ਟਰ ਨੇ ਪਹਿਲਾਂ ਦਰੋਪਤੀ ਨੂੰ ਆਪਣੀ ਇਸਤਰੀ ਬਣਾਇਆ ਫਿਰ ਅਰਜਨ ਤੇ ਉਸ ਦੇ ਪਿਛੋਂ ਵਾਰੀ ਵਾਰੀ ਦੂਸਰਿਆਂ ਨੇ। ਕਿਸੇ ਨੇ ਕਿਸੇ ਨਿਯਮ ਨੂੰ ਭੰਗ ਨਾ ਕੀਤਾ। ਕਈ ਸਾਲ ਲੰਘ ਗਏ। ਪੰਜਾਂ ਭਰਾਵਾਂ ਵਿਚ ਪਿਆਰ ਤੇ ਮੇਲ ਜੋਲ ਬਣਿਆ ਰਿਹਾ।

# ਅਰਜਨ ਕੋਲੋਂ ਨਿਯਮ ਭੰਗ ਹੋਣਾ

ਪ੍ਰਭੂ ਦੀ ਮਾਇਆ ਦਾ ਕੋਈ ਭੇਦ ਨਹੀਂ ਪਾ ਸਕਦਾ। ਵਡੇ ਵਡੇ ਮੁਨੀਆਂ ਤੇ ਸੰਤਾਂ ਕੋਲੋਂ ਵੀ ਬੇਨਿਯਮੀਆਂ ਹੋ ਜਾਂਦੀਆਂ ਹਨ। ਕਦੀ ਤਾਂ ਭੁਲ ਹੁੰਦੀ ਹੈ ਤੇ ਕਦੀ ਕਿਸੇ ਗੱਲੋਂ ਮਜਬੂਰੀ ਨਾਲ ਕਿਸੇ ਨਿਯਮ ਦੀ ਉਲੰਘਣਾ ਹੋ ਜਾਂਦੀ ਹੈ। ਇਹੋ ਜਿਹਾ ਸਮਾਂ ਅਰਜਨ ਉਤੇ ਵੀ ਆ ਗਿਆ। ਘਟਨਾ ਇਉਂ ਵਾਪਰੀ ਕਿ ਇਕ ਬ੍ਰਾਹਮਣ ਕੋਲ ਗਊਆਂ ਸਨ। ਕੁਝ ਮੂਰਖ ਤੇ ਲਾਲਚੀ ਆਦਮੀ ਉਸ ਦੀਆਂ ਗਊਆਂ ਚੋਰੀ ਕਰ ਕੇ ਲੈ ਗਏ। ਬ੍ਰਾਹਮਣ ਕਮਜ਼ੋਰ ਸੀ, ਉਹ ਚੋਰਾਂ ਦਾ ਮੁਕਾਬਲਾ ਨਹੀਂ ਕਰ ਸਕਦਾ ਸੀ। ਉਹ ਬ੍ਰਾਹਮਣ ਇੰਦਰ ਪ੍ਰਸਥ ਸ਼ਹਿਰ ਵਿਚ ਪਾਂਡਵਾਂ ਦੇ ਕੋਲ ਆਇਆ। ਉਸ ਨੇ ਹਾਲ ਦੁਹਾਈ ਪਾਈ ਕਿ ਉਸ ਦੀਆਂ ਗਊਆਂ ਚੋਰਾਂ ਕੋਲੋਂ ਵਾਪਸ ਕਰਾ ਦਿਤੀਆਂ ਜਾਣ। ਕਿਸੇ ਨੇ ਉਸ ਦੀ ਇਕ ਨਾ ਸੁਣੀ। ਉਹ ਰਾਜ ਮਹਿਲ ਦੇ ਬਹੁਤ ਨੇੜੇ ਪੁਜ ਗਿਆ।

ਉਸ ਵੇਲੇ ਉਹ ਸਮਾਂ ਸੀ ਜਦੋਂ ਪੰਜੇ ਪਾਂਡੋ ਰਾਜ ਕਾਜ ਤੋਂ ਵਿਹਲੇ ਹੋ ਕੇ ਆਪੋ ਆਪਣੇ ਯੋਗ ਅਸਥਾਨ ਉਤੇ ਰੰਗ ਰਲੀਆਂ ਮਾਣ ਰਹੇ ਸਨ। ਪੰਡਤ ਨੇ ਰੌਲਾ ਪਾਉਂਦਿਆਂ ਆਖਿਆ ਜੋ ਰਾਜਾ ਪਰਜਾ ਕੋਲੋਂ 'ਕਰ' ਟੈਕਸ ਲੈ ਕੇ ਪਰਜਾ ਦੀ ਰਖਵਾਲੀ ਨਹੀਂ ਕਰ ਸਕਦਾ ਉਹ ਮਹਾਂ ਪਾਪੀ ਦੁਸ਼ਟ ਹੈ। ਉਹ ਰਾਜ ਕਰਨ ਦਾ ਅਧਿਕਾਰੀ ਨਹੀਂ। ਇਹ ਬਚਨ ਅਰਜਨ ਦੇ ਕੰਨੀਂ ਪੈ ਗਏ। ਉਸ ਨੇ ਛੇਤੀ ਨਾਲ ਪਲੰਘ ਉਤੋਂ ਉਠ ਕੇ ਝਰੋਖੇ ਰਾਹੀਂ ਬ੍ਰਾਹਮਣ ਨੂੰ ਅਵਾਜ਼ ਦਿਤੀ— 'ਹੇ ਪੰਡਤ ਦੇਵਤਾ ਜੀ! ਸ਼ਾਂਤ ਰਹੋ ਮੈਂ ਹੁਣੇ ਤੇਰੀਆਂ ਗਊਆਂ ਦੁਸ਼ਟਾਂ ਕੋਲੋਂ ਛੁਡਵਾ ਲਿਆਉਂਦਾ ਹਾਂ।' ਇਹ ਆਖ ਕੇ ਅਰਜਨ ਨੇ ਬਾਹਰ ਜਾਣ ਦੀ ਤਿਆਰੀ ਕੀਤੀ।

ਜਿਸ ਮਹਿਲ ਵਿਚ ਸ਼ਸਤ੍ਰ ਪਏ ਸਨ ਉਸ ਮਹਿਲ ਨੂੰ ਰਸਤਾ ਯੁਧਿਸ਼ਟਰ ਦੇ ਮਹਿਲ ਵਿਚ ਦੀ ਜਾਂਦਾ ਸੀ। ਪਰ ਯੁਧਿਸ਼ਟਰ ਉਸ ਵੇਲੇ ਦਰੋਪਤੀ ਨਾਲ ਇਕਾਂਤ ਵਿਚ ਬੈਠਾ ਲਾਡ ਪਿਆਰ ਕਰ ਰਿਹਾ ਸੀ। ਅਰਜਨ ਸ਼ਸ਼ੋ-ਪੰਜ ਵਿਚ ਫਸ ਗਿਆ। ਜੇ ਉਹ ਅੰਦਰ ਜਾਵੇ ਤਾਂ ਨਿਯਮ ਦੀ ਉਲੰਘਣਾ ਹੁੰਦੀ ਹੈ ਜੇ ਨਾ ਜਾਵੇ ਤਾਂ ਪੰਡਤ ਸਰਾਪ ਦੇਂਦਾ ਹੈ ਤੇ ਪਰਜਾ ਵਿਚ ਉਦਾਸੀ ਛਾ ਜਾਂਦੀ ਹੈ। ਪਰਜਾ ਦਾ ਪਾਲਨ ਕਰਨਾ ਰਾਜੇ ਦਾ ਪਹਿਲਾ ਧਰਮ ਹੈ। ਜੇ ਪਰਜਾ ਦੀ ਰਾਖੀ ਕਰੇ ਤਾਂ ਨਿਯਮ ਦੇ ਟੁਟਣ ਨਾਲ ਬਾਰਾਂ ਸਾਲ ਬਨਵਾਸ ਭੋਗਣਾ ਪੈਂਦਾ ਹੈ। ਬਨਵਾਸ ਭੋਗ ਲਵਾਂਗਾ ਪਰ ਬ੍ਰਾਹਮਣ ਦੀਆਂ ਗਊਆਂ ਬਚਾਉਣ ਤੋਂ ਨਹੀਂ ਰੁਕ ਸਕਦਾ। ਮਨ ਨਾਲ ਫ਼ੈਸਲਾ ਕਰ ਕੇ ਅਰਜਨ ਵਾਹੋ ਦਾਹੀ ਯੁਧਿਸ਼ਟਰ ਦੇ ਮਹਿਲ ਵਿਚ ਦਾਖ਼ਲ ਹੋ ਗਿਆ। ਅਗੇ ਸਚਮੁਚ ਯੁਧਿਸ਼ਟਰ ਤੇ ਦਰੋਪਤੀ ਇਕ ਆਸਣ ਉਤੇ ਬੈਠੇ ਸਨ। ਅਰਜਨ ਨੂੰ ਦੇਖ ਕੇ ਉਹ ਤ੍ਰਬਕ ਗਏ। ਕਾਹਲੀ ਕਾਹਲੀ ਉਨ੍ਹਾਂ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਅਰਜਨ ਨੀਵੀਂ ਪਾ ਕੇ ਸ਼ਰਮਾਂਦਾ ਹੋਇਆ ਸ਼ਸਤ੍ਰਾਂ ਵਾਲੇ ਅਸਥਾਨ ਵਲ ਅਗੇ ਵਧ ਗਿਆ। ਸ਼ਸਤ੍ਰ ਚੁੱਕ ਕੇ ਨੱਸ ਗਿਆ। ਯੁਧਿਸ਼ਟਰ ਤੇ ਦਰੋਪਤੀ ਕੁਝ ਕ੍ਰੋਧਵਾਨ ਵੀ ਸਨ ਤੇ ਹੈਰਾਨ ਵੀ। ਹੈਰਾਨ ਉਹ ਇਸ ਗੱਲੋਂ ਸਨ ਕਿ ਸ਼ਸਤ੍ਰ ਲੈ ਕੇ ਅਰਜਨ ਕਿਧਰ ਗਿਆ ਹੈ। ਸ਼ਾਇਦ ਕਿਸੇ ਦੁਸ਼ਮਨ ਨਾਲ ਨਾ ਮੱਥਾ ਲਾ ਬੈਠਾ ਹੋਵੇ।

ਅਰਜਨ ਘੋੜੇ ਉਤੇ ਅਸਵਾਰ ਹੋ ਕੇ ਚੋਰਾਂ ਦੇ ਪਿਛੇ ਗਿਆ। ਤਿੰਨ ਚਾਰ ਕੋਹ ਪੰਧ ਦੂਰ ਜਾ ਕੇ ਉਸ ਨੇ ਚੋਰਾਂ ਨੂੰ ਘੇਰ ਲਿਆ। ਗਊਆਂ ਮੋੜ ਲਈਆਂ

ਤੇ ਚੋਰਾਂ ਨੂੰ ਕਰੜਾ ਦੰਡ ਦਿੱਤਾ। ਇਕ ਚੋਰ ਤਾਂ ਥਾਂ ਹੀ ਮਾਰਿਆ ਗਿਆ। ਗਊਆਂ ਮੋੜ ਕੇ ਬ੍ਰਾਹਮਣ ਨੂੰ ਦਿਤੀਆਂ ਤੇ ਆਪ ਰਾਜ ਮਹਿਲ ਵਿਚ ਮੁੜ ਆਏ। ਰਾਜ ਮਹਿਲ ਵਿਚ ਖ਼ੁਸ਼ੀ ਦੀ ਥਾਂ ਉਦਾਸੀ ਸੀ, ਹਰ ਪਾਸੇ ਚੁੱਪ ਦਾ ਰਾਜ ਸੀ।

## ਅਰਜਨ ਨੂੰ ਬਾਰ੍ਹਾਂ ਸਾਲ ਦਾ ਬਨਵਾਸ

ਅਰਜਨ ਮਹਿਲਾਂ ਵਿਚ ਵੜਦਾ ਹੀ ਸਿਧਾ ਵਡੇ ਭਰਾ ਯੁਧਿਸ਼ਟਰ ਜੀ ਦੇ ਕੋਲ ਗਿਆ। ਹੱਥ ਜੋੜ ਕੇ ਬੇਨਤੀ ਕੀਤੀ—'ਮੈਨੂੰ ਬਾਰ੍ਹਾਂ ਸਾਲ ਦੇ ਬਨਵਾਸ ਵਲ ਤੋਰਿਆ ਜਾਵੇ। ਮੈਂ ਨਿਯਮ ਦੀ ਉਲੰਘਣਾ ਕੀਤੀ ਹੈ। ਸਤਯ ਆਸਰੇ ਚਲਣ ਬਦਲੇ ਮੇਰਾ ਬਨਵਾਸ ਜਾਣਾ ਜ਼ਰੂਰੀ ਹੈ।' ਅਰਜਨ ਦੀ ਜ਼ਬਾਨੋਂ ਇਹ ਬਚਨ ਸੁਣ ਕੇ ਦਰੋਪਤੀ ਤੇ ਯੁਧਿਸ਼ਟਰ ਦੇ ਦਿਲ ਦਿਮਾਗ ਤੋਂ ਗੁੱਸਾ ਤਾਂ ਦੂਰ ਹੋ ਗਿਆ ਪਰ ਉਦਾਸੀ ਆ ਗਈ, ਕਿਉਂਕਿ ਦੋਵੇਂ ਹੀ ਅਰਜਨ ਨੂੰ ਪਿਆਰ ਕਰਦੇ ਸਨ। ਯੁਧਿਸ਼ਟਰ ਦਾ ਵੀਰ ਸੀ ਤੇ ਦਰੋਪਤੀ ਦਾ ਪਤੀ, ਪਤੀ ਵੀ ਉਹ ਜਿਸ ਤੇ ਉਸ ਨੂੰ ਮਾਣ ਸੀ।

ਅਰਜਨ ਨੂੰ ਯੁਧਿਸ਼ਟਰ ਕਹਿਣ ਲੱਗਾ—'ਮੈਂ ਤੇਰਾ ਵੱਡਾ ਭਰਾ ਹਾਂ ਤੇ ਦਰੋਪਤੀ ਇਸ ਵੇਲੇ ਦੋ ਮਹੀਨੇ ਤੇ ਬਾਰ੍ਹਾਂ ਦਿਨ ਵਾਸਤੇ ਸਿਰਫ ਤੇਰੀ ਵੱਡੀ ਭਰਜਾਈ ਹੈ। ਜੇਕਰ ਤੂੰ ਇਕਾਂਤ ਵੇਲੇ ਮਜਬੂਰਨ ਸਾਡੇ ਕੋਲੋਂ ਦੀ ਲੰਘ ਵੀ ਗਿਆ ਤਾਂ ਕੋਈ ਅਧਰਮ ਨਹੀਂ, ਕਿਉਂਕਿ ਤੇਰੀ ਨੀਅਤ ਸਾਫ਼ ਸੀ। ਕਿਸੇ ਪਾਪ ਬਦਲੇ ਤੂੰ ਮਹਿਲ ਵਿਚ ਨਹੀਂ ਆਇਆ। ਇਸ ਵਾਸਤੇ ਬਾਰ੍ਹਾਂ ਸਾਲ ਬਨਵਾਸ ਦਾ ਵਿਚਾਰ ਛੱਡ ਦੇਹ। ਘਰ ਬੈਠਾ ਰਾਜ ਸੁਖਾਂ ਨੂੰ ਭੋਗ। ਤੇਰੇ ਜਿਹੇ ਵੀਰ ਨੂੰ ਬਨਵਾਸ ਨੂੰ ਤੋਰ ਕੇ ਅਸੀਂ ਕਿਵੇਂ ਸੁਖੀ ਰਹਿ ਸਕਦੇ ਹਾਂ?'

ਪਰ ਅਰਜਨ ਨਾ ਮੰਨਿਆ। ਉਸ ਨੇ ਕਿਹਾ—'ਮਹਾਰਾਜ! ਜੇ ਅੱਜ ਮੈਂ ਵੀ ਸਤਯ ਤੇ ਨਾ ਚਲਾਂ, ਨਿਯਮ ਦੀ ਉਲੰਘਣਾ ਨੂੰ ਮਾਮੂਲੀ ਕਰਮ ਸਮਝਾਂ, ਕੱਲ੍ਹ ਨੂੰ ਪਰਜਾ ਉਤੇ ਕੀ ਅਸਰ ਹੋਵੇਗਾ। ਮੈਂ ਜ਼ਰੂਰ ਬਨ ਨੂੰ ਜਾਵਾਂਗਾ। ਇਹ ਆਖ ਕੇ ਅਰਜਨ ਨੇ ਸ਼ਾਹੀ ਲਿਬਾਸ ਉਤਾਰ ਦਿਤਾ, ਬਨਵਾਸੀਆਂ ਵਾਲੇ ਬਸਤਰ ਤੇ ਸ਼ਸਤਰ ਅਸਤਰ ਪਹਿਨ ਲਏ। ਯੁਧਿਸ਼ਟਰ ਤੇ ਦਰੋਪਤੀ ਤੋਂ ਬਿਨਾਂ ਹੋਰ ਸਭ ਕੋਲੋਂ ਗੁਪਤ ਰੱਖ ਕੇ ਅਰਜਨ ਜੰਗਲ ਨੂੰ ਤੁਰ ਪਿਆ।

# ਅਰਜਨ ਦੀਆਂ ਬਹਾਦਰੀਆਂ ਤੇ ਦੇਵਤਿਆਂ ਦੀ ਪ੍ਰਸੰਨਤਾ

ਇੰਦਰ ਪ੍ਰਸਥ ਸ਼ਹਿਰ ਨੂੰ ਛੱਡ ਕੇ ਅਰਜਨ ਹਿਮਾਲਯਾ ਪਰਬਤ ਵਲ ਚਲ ਪਿਆ। ਉਸ ਦੀ ਸਲਾਹ ਇੰਦਰ ਲੋਕ ਦੇ ਦਰਸ਼ਨ ਕਰਨ ਦੀ ਹੋਈ। ਕੈਲਾਸ਼ ਪਰਬਤ ਤੋਂ ਉਰੇ ਹੀ ਆਪ ਦਾ ਟਾਕਰਾ ਮਹਾਂਦੇਵ ਨਾਲ ਹੋ ਗਿਆ। ਮਹਾਂਦੇਵ ਨੇ ਇਛਾ ਕੀਤੀ ਕਿ ਉਹ ਅਰਜਨ ਨਾਲ ਯੁਧ ਕਰੇ। ਦੋਵੇਂ ਯੁਧ ਕਰਨ ਲਗੇ ਪਰ ਉਨ੍ਹਾਂ ਲੜਦਿਆਂ ਨੂੰ ਦੇਖਣ ਤੇ ਜਿੱਤ ਹਾਰ ਦਾ ਨਿਰਣਾ ਕਰਨ ਵਾਲਾ ਕੋਈ ਨਹੀਂ ਸੀ। ਦੋਹਾਂ ਨੇ ਫ਼ੈਸਲਾ ਕੀਤਾ ਕਿ ਵਰਣ ਤੇ ਸੂਰਜ ਦੇਵ ਦੋਵੇਂ ਉਨ੍ਹਾਂ ਦੀ ਜਿੱਤ ਹਾਰ ਦਾ ਨਿਰਣਾ ਕਰਨਗੇ। ਦਸ ਰਾਤਾਂ ਤੇ ਦਸ ਦਿਨ ਦੋਵੇਂ ਯੁਧ ਕਰਦੇ ਰਹੇ। ਦੋਹਾਂ ਵਿਚੋਂ ਕੋਈ ਨਾ ਹਾਰਿਆ ਤੇ ਨਾ ਜਿੱਤਿਆ। ਅਖ਼ੀਰ ਮਹਾਂਦੇਵ ਜੀ ਪ੍ਰਸੰਨ ਹੋ ਗਏ। ਪ੍ਰਸੰਨ ਹੋ ਕੇ ਉਨ੍ਹਾਂ ਨੇ ਆਖਿਆ—'ਹੇ ਅਰਜਨ! ਮੈਂ ਸੁਣਿਆ ਸੀ ਕਿ ਅਰਜਨ ਬਹੁਤ ਬਲੀ ਹੈ ਤੇਰਾ ਬਲ ਦੇਖਣ ਵਾਸਤੇ ਮੈਂ ਇਹ ਯੁਧ ਕੀਤਾ ਹੈ। ਮੈਂ ਤੇਰੇ ਉਤੇ ਪ੍ਰਸੰਨ ਹਾਂ। ਜੋ ਇੱਛਾ ਹੋਈ ਸੋ ਮੰਗ ਲੈ।' ਮਹਾਂਦੇਵ ਦਾ ਇਹ ਬਚਨ ਸੁਣਦੇ ਸਾਰ ਅਰਜਨ ਨੂੰ ਚਾਅ ਚੜ੍ਹ ਗਿਆ। ਉਸ ਨੇ ਕਿਹਾ—'ਮਹਾਰਾਜ ਸ਼ਸਤ੍ਰ ਅਸਤਰਾਂ ਦੀ ਲੋੜ ਹੈ।' ਮਹਾਂਦੇਵ ਨੇ ਖ਼ੁਸ਼ੀ ਨਾਲ ਅਮੋਘ ਪਾਸੂਮਤ ਦੇ ਧਾਰਨ ਖੋਲ੍ਹਣ ਤੇ ਬਰਬਾਦ ਕਰਨ ਦਾ ਹੁਨਰ ਦਸਿਆ। ਇਸੀ ਗਿਆਨ ਨੂੰ ਹਾਸਲ ਕਰ ਕੇ ਅਰਜਨ ਜੀ ਮਹਾਂਦੇਵ ਦੇ ਨਾਲ ਹੀ ਦੇਵ ਲੋਕ ਨੂੰ ਤੁਰ ਗਏ। ਰਾਹ ਵਿਚ ਉਨ੍ਹਾਂ ਨੂੰ ਯਮ ਕਬੇਰ ਵਰਣ ਗਨਪਤ ਤੇ ਹੋਰ ਦੇਵਤੇ ਮਿਲੇ। ਉਨ੍ਹਾਂ ਨੇ ਵੀ ਆਪਣੀ ਯੋਗਤਾ ਅਨੁਸਾਰ ਕੋਈ ਨਾ ਕੋਈ ਚੀਜ਼ ਬਖ਼ਸ਼ੀ। ਜਿਨ੍ਹਾਂ ਚੀਜ਼ਾਂ (ਸ਼ਕਤੀਆਂ) ਆਸਰੇ ਅਰਜਨ ਦੇ ਇਕਬਾਲ ਵਿਚ ਬਹੁਤ ਵਾਧਾ ਹੋਇਆ।

ਇੰਦਰ ਦੇਵਤਾ ਨੇ ਜਦੋਂ ਦੇਖਿਆ ਕਿ ਅਰਜਨ ਉਸ ਦੇ ਰਾਜ ਵਲ ਆ ਰਿਹਾ ਹੈ ਤਾਂ ਉਸ ਨੇ ਅਗੋਂ ਹੀ ਆਪਣੇ ਸਿਆਣੇ ਕੋਚਵਾਨ ਮਾਤਿਲ ਨੂੰ ਰਥ ਦੇ ਕੇ ਭੇਜਿਆ। ਉਹ ਇਕ ਯੋਜਨ ਪਹਿਲਾਂ ਹੀ ਆ ਪੁੱਜਾ। ਉਸ ਰਥ ਉਤੇ ਸਵਾਰ ਹੋ ਕੇ ਅਰਜਨ ਜੀ ਇੰਦਰ ਲੋਕ ਵਿਚ ਪੁੱਜ ਗਏ। ਇੰਦਰ ਨੇ ਸਿੰਘਾਸਨ ਤੋਂ ਉਠ ਕੇ ਜੀ ਆਇਆਂ ਨੂੰ ਆਖਿਆ। ਸਵਾਗਤ ਵਿਚ ਅਨੇਕਾਂ ਪ੍ਰਕਾਰ

ਦੀਆਂ ਖ਼ੁਸ਼ੀਆਂ ਕੀਤੀਆਂ ।

ਪੰਜ ਸਾਲ ਤੋਂ ਉਪਰ ਸਮਾਂ ਅਰਜਨ ਸ੍ਵਰਗ ਵਿਚ ਰਿਹਾ । ਸ਼ਸਤ੍ਰ ਅਸਤ੍ਰ ਵਿਦਿਆ ਸਿਖਣ ਤੋਂ ਬਿਨਾਂ ਆਪ ਨੇ ਰਾਗ ਤੇ ਨਾਚ ਦੀ ਵਿਦਿਆ ਵੀ ਸਿਖੀ। ਇੰਦਰ ਲੋਕ ਵਿਚ ਆਪ ਦਾ ਬਹੁਤ ਸਤਿਕਾਰ ਸੀ ।

## ਉਰਵਸ਼ੀ ਅਪੱਛਰਾਂ ਤੇ ਬਲੀ ਅਰਜਨ

*ਸੁਖ ਸੀਗਾਰ ਬਿਖਿਆ ਕੇ ਫੀਕੇ ਤਜਿ ਛੋਡੇ ਮੇਰੀ ਮਾਇ ॥੪॥*
*ਕਾਮੁ ਕ੍ਰੋਧੁ ਲੋਭੁ ਤਜਿ ਗਏ ਪਿਆਰੇ ਸਤਿਗੁਰ ਚਰਨੀ ਪਾਇ ॥੫॥* (ਆਸਾ ਮ: ੫)

ਗ੍ਰੰਥ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇੰਦਰ ਸਦਾ ਰਿਸ਼ੀਆਂ ਮੁਨੀਆਂ ਤੇ ਯੋਗੀਆਂ ਦੇ ਭਜਨ ਅਤੇ ਤਪ ਦਾ ਨਾਸ ਕਰਨ ਵਾਸਤੇ ਅਪੱਛਰਾਂ ਕੋਲੋਂ ਸਹਾਇਤਾ ਲੈਂਦਾ ਰਿਹਾ ਹੈ । ਇਸਤਰੀ ਦੀ ਜੁਆਨੀ ਤੇ ਸੁੰਦਰਤਾ ਦੇਖ ਕੇ ਵਡੇ ਵਡੇ ਡੋਲ ਜਾਂਦੇ ਰਹੇ । ਬ੍ਰਹਮਾ ਤੇ ਇੰਦਰ ਖ਼ੁਦ ਇਸਤਰੀ ਰੂਪ ਦੇ ਸ਼ਿਕਾਰ ਹੋ ਕੇ ਤਨ ਮਨ ਉਤੇ ਕਸ਼ਟ ਉਠਾਂਦੇ ਰਹੇ । ਸਰਾਪ ਲੈ ਕੇ ਨਰਕ ਵਰਗੇ ਜੀਵਨ ਨੂੰ ਭੋਗਿਆ । ਅਰਜਨ ਦੇ ਧਰਮ ਸਤ ਤੇ ਨੇਮ ਕਰਮ ਅਤੇ ਉਸ ਦੇ ਭਗਤੀ ਭਾਵ ਨੂੰ ਵੇਖ ਕੇ ਇੰਦਰ ਦਾ ਮਨ ਬੇਈਮਾਨ ਹੋ ਗਿਆ । ਉਸ ਨੇ ਅਰਜਨ ਦੇ ਬਲ ਨੂੰ ਨਸ਼ਟ ਕਰਨ ਵਾਸਤੇ ਇਸਤਰੀ ਰੂਪ ਦੇ ਹਥਿਆਰ ਨੂੰ ਵਰਤਣ ਦੀ ਨੀਅਤ ਧਾਰੀ । ਇੰਦਰ ਸਦਾ ਰਾਗ ਤੇ ਨਾਚ ਵਿਚ ਮਸਤ ਰਹਿੰਦਾ ਸੀ । ਗੰਧਰਬ ਸਾਜ ਵਜਾਉਂਦੇ ਤੇ ਗਾਉਂਦੇ ਸਨ । ਅਪੱਛਰਾਂ ਨਾਚ ਕਰਦੀਆਂ ਸਨ । ਸਾਰੀਆਂ ਅਪੱਛਰਾਂ ਦੀ ਸਰਦਾਰ ਉਰਵਸ਼ੀ ਸੀ, ਜੋ ਸੁੰਦਰ ਤੇ ਜਵਾਨ ਪੁਜ ਕੇ ਸੀ। ਉਸ ਨੂੰ ਇਹ ਵਰ ਮਿਲਿਆ ਹੋਇਆ ਸੀ ਕਿ ਉਹ ਸਦੀਵ ਕਾਲ ਵਾਸਤੇ ਜਵਾਨ ਰਹੇਗੀ । ਉਸ ਦੇ ਉਤੇ ਬੁਢੇਪਾ ਤੇ ਕਮਜ਼ੋਰੀ ਅਸਰ ਨਹੀਂ ਕਰਨਗੀਆਂ । ਇਹੋ ਅਪੱਛਰਾਂ ਰਾਜੇ ਪਰੂਰਵਾ (ਪਰੂਰਵਸ) ਉਤੇ ਮੋਹਿਤ ਹੋ ਗਈ ਸੀ ਤੇ ਸਵਰਗਾਂ ਵਿਚੋਂ ਚੱਲ ਕੇ ਮਾਤ ਲੋਕ ਵਿਚ ਪਰੂਰਵਾ ਨੂੰ ਮਿਲਣ ਵਾਸਤੇ ਆਉਂਦੀ ਸੀ । ਇੰਦਰ ਨੇ ਉਰਵਸ਼ੀ ਨੂੰ ਇਕਾਂਤ ਵਿਚ ਸੱਦ ਕੇ ਆਖਿਆ—'ਉਰਵਸ਼ੀ ! ਅਰਜਨ ਬਹੁਤ ਹੰਕਾਰ ਕਰਦਾ ਹੈ ਕਿ ਉਹ ਪਰ ਇਸਤਰੀ ਦੇ ਨੇੜੇ ਨਹੀਂ ਜਾਂਦਾ। ਉਸ ਨੇ ਇੰਦਰੀਆਂ ਉਤੇ ਕਾਬੂ ਪਾਇਆ ਹੋਇਆ ਹੈ । ਉਸ ਦਾ ਇਹ ਹੰਕਾਰ ਤੋੜ । ਰਾਤ ਵੇਲੇ ਉਸ ਦੇ ਮਹਿਲ ਵਿਚ

ਇਕੱਲੀ ਜਾਹ। ਮਨ ਮੋਹਨੇ ਬਸਤਰ ਪਹਿਨ। ਹਾਵ ਭਾਵ ਨਖਰੇ ਨਾਚ ਨੈਣਾਂ ਦੇ ਤੀਰ ਮਾਰ ਕੇ ਉਸ ਦੇ ਮਨ ਨੂੰ ਮੋਹ ਲੈ। ਕਾਮ ਤੇ ਰੂਪ ਦੀ ਮਿੱਤਰਤਾ ਹੈ। ਤੇਰੇ ਸੁੰਦਰ ਤਨ ਨੂੰ ਦੇਖ ਕੇ ਉਹ ਜ਼ਰੂਰ ਕਾਮਾਤੁਰ ਹੋ ਜਾਵੇਗਾ। ਜੇ ਤੂੰ ਅਰਜਨ ਦਾ ਮਨ ਜਿੱਤ ਲਵੇਂ ਤਾਂ ਜੋ ਕੁਝ ਮੰਗੇਂਗੀ ਦੇਵਾਂਗਾ। ਇੰਦਰ ਲੋਕ ਵਿਚ ਆ ਕੇ ਜਿਵੇਂ ਕੋਈ ਰਾਜਾ ਮੁਨੀ ਤੇ ਯੋਗੀ ਅਪੱਛਰਾਂ ਭੋਗ ਬਿਲਾਸ ਬਿਨਾਂ ਨਹੀਂ ਗਿਆ ਤਿਵੇਂ ਅਰਜਨ ਨੂੰ ਵੀ ਨਹੀਂ ਜਾਣ ਦੇਣਾ ਚਾਹੀਦਾ। ਇਸ ਨੇ ਬਹੁਤ ਸ਼ਕਤੀਆਂ ਹਾਸਲ ਕੀਤੀਆਂ ਹਨ। ਜੇ ਉਹ ਐਵੇਂ ਮਾਤ ਲੋਕ ਵਿਚ ਚਲਿਆ ਗਿਆ ਤਾਂ ਜਰੂਰ ਇਕ ਦਿਨ ਮੇਰੇ ਰਾਜ ਵਲ ਅੱਖ ਉਠਾਏਗਾ।'

'ਜਿਵੇਂ ਆਪ ਦੀ ਆਗਿਆ ਮਹਾਰਾਜ!' ਉਰਵਸ਼ੀ ਨੇ ਉੱਤਰ ਦਿਤਾ। ਉਸੇ ਰਾਤ ਉਰਵਸ਼ੀ ਅਰਜਨ ਦੇ ਮਹਿਲ ਵਿਚ ਚਲੀ ਗਈ।

ਚੰਦ ਚਾਨਣੀ ਸੀਤ ਸੁਹਾਵਣੀ ਰਾਤ ਸੀ, ਅਰਜਨ ਪਲੰਘ ਉਤੇ ਲੇਟਿਆ ਹੋਇਆ ਪ੍ਰਭੂ ਦੀ ਲੀਲ੍ਹਾ ਦਾ ਵੀਚਾਰ ਕਰ ਰਿਹਾ ਸੀ ਕਿ ਉਰਵਸ਼ੀ ਉਸ ਦੇ ਸਾਹਮਣੇ ਆ ਖਲੋਤੀ। ਅਨਬੋਲੇ ਹੀ ਮੁਸਕਰਾਉਂਦੀ ਰਹੀ। ਉਸ ਮੁਸਕਰਾਹਟ ਨਿਰਾਲੀ ਨਾਲ ਨੈਣਾਂ ਦੇ ਤੀਰ ਮਾਰਨ ਦਾ ਯਤਨ ਕੀਤਾ ਪਰ ਬਲੀ ਅਰਜਨ ਨੇ ਅੱਖਾਂ ਨੀਵੀਆਂ ਕਰ ਲਈਆਂ। ਉਸ ਨੇ ਦਸ ਇੰਦਰੀਆਂ ਉਤੇ ਸਚਮੁਚ ਕਾਬੂ ਪਾਇਆ ਹੋਇਆ ਸੀ। ਉਰਵਸ਼ੀ ਦਾ ਰੂਪ ਤੇ ਜੋਬਨ ਉਸ ਦੇ ਤਨ ਵਿਚੋਂ ਕਾਮ ਨੂੰ ਨਾ ਜਗਾ ਸਕਿਆ।

ਅਰਜਨ ਜਾਣ ਗਿਆ ਕਿ ਉਹ ਕਿਉਂ ਆਈ ਹੈ। ਉਸ ਨੇ ਨਿਮਰਤਾ ਨਾਲ ਆਖਿਆ—'ਮਾਤਾ ਜੀ ਕਿਵੇਂ ਦਰਸ਼ਨ ਦਿਤੇ ਹਨ?' ਮਾਤਾ ਸ਼ਬਦ ਅਰਜਨ ਦੀ ਜ਼ਬਾਨੋਂ ਸੁਣ ਕੇ ਉਰਵਸ਼ੀ ਸਿਰ ਤੋਂ ਪੈਰਾਂ ਤੱਕ ਕੰਬ ਗਈ। ਉਸ ਦਾ ਨਰਮ ਕਾਲਜਾ ਧੜਕਣ ਲੱਗ ਪਿਆ। ਕੁਟਲਨੀਤੀ ਤੇ ਮੰਦ ਵਾਸ਼ਨਾ ਦਾ ਉਮਾਹ ਮੱਠਾ ਪੈ ਗਿਆ। ਫਿਰ ਵੀ ਹਠ ਨਾ ਛੱਡ ਕੇ ਉਰਵਸ਼ੀ ਨੇ ਹਾਸੀ ਹੱਸ ਕੇ ਉਤਰ ਦਿੱਤਾ—'ਇੰਦਰ ਜੀ ਮਹਾਰਾਜ ਦੇ ਹੁਕਮ ਨਾਲ ਸੇਵਾ ਕਰਨ ਵਾਸਤੇ ਆਈ ਹਾਂ। ਮੈਨੂੰ ਮਾਤਾ ਨਾ ਆਖੋ। ਮੈਂ ਤਾਂ ਆਪ ਦੇ ਗਲੇ ਦਾ ਹਾਰ ਬਣਨ ਲਈ ਹਾਜ਼ਰ ਹੋਈ ਹਾਂ। ਮੇਰਾ ਅੰਗ ਅੰਗ ਅੰਗੜਾਈਆਂ ਲੈ ਰਿਹਾ ਹੈ। ਹਿਰਦਾ ਤੜਫ ਰਿਹਾ ਹੈ। ਇਹ ਸੁਹਾਵਣੀ ਰਾਤ ਸੀਤਲ ਚੰਦ ਦੀ ਚਾਨਣੀ। ਰਤਾ ਅੱਖੀਆਂ ਉੱਚੀਆਂ ਕਰ ਕੇ ਮੇਰੇ ਵੱਲ ਦੇਖੋ ਤਾਂ ਸਹੀ ਮੇਰਾ ਜੋਬਨ।'

'ਮਾਤਾ ! ਮੈਨੂੰ ਪਾਪ ਵੱਲ ਨਾ ਪ੍ਰੇਰ । ਕਦੀ ਤੂੰ ਰਾਜਾ ਪਰੂਰਵਾ ਦੀ ਧਰਮ ਪਤਨੀ ਤੇ ਭਾਰਤ ਦੀ ਮਾਤਾ ਰਹੀ ਹੈਂ । ਮੈਂ ਆਪ ਨੂੰ ਮਾਤਾ ਸਮਝਣ ਤੋਂ ਬਿਨਾਂ ਹੋਰ ਕੁਝ ਸਮਝਣ ਦੀ ਸਮਰਥਾ ਨਹੀਂ ਰਖਦਾ । ਬਸ ਮੈਂ ਇਹ ਆਖਦਾ ਹਾਂ ਛੇਤੀ ਤੋਂ ਛੇਤੀ ਇਥੋਂ ਚਲੀ ਜਾਹ ਨਹੀਂ ਤੇ...'—ਇਹ ਆਖਦਾ ਹੋਇਆ ਅਰਜਨ ਕ੍ਰੋਧਵਾਨ ਹੋ ਕੇ ਪਲੰਘ ਤੋਂ ਉਠ ਬੈਠਾ । ਉਸ ਦੀਆਂ ਅੱਖਾਂ ਦੀ ਲਾਲੀ ਦੇਖ ਕੇ ਉਰਵਸ਼ੀ ਭੈ ਭੀਤ ਹੋ ਗਈ । ਉਹ ਜਿਹੜਾ ਸਬਕ ਪੜ੍ਹ ਕੇ ਆਈ ਸੀ ਉਹ ਭੁਲ ਗਈ । ਅਰਜਨ ਫਿਰ ਸ਼ੇਰ ਵਾਂਗ ਗਰਜ ਕੇ ਬੋਲਿਆ—'ਮਾਤਾ ! ਚਲੀ ਜਾਹ ਅੱਖਾਂ ਅਗੋਂ ਦੂਰ ਹੋ ਜਾਹ । ਬੱਸ ਮੇਰਾ ਕਹਿਣ ਅੰਤਮ ਕਹਿਣਾ ਹੈ ।'

ਉਰਵਸ਼ੀ ਤਾੜ ਗਈ ਕਿ ਹੁਣ ਅਰਜਨ ਜਾਂ ਤਾਂ ਉਸ ਨੂੰ ਸਰਾਪ ਦੇਵੇਗਾ ਤੇ ਜਾਂ ਬਲ ਨਾਲ ਮਾਰਨ ਦਾ ਯਤਨ ਕਰੇਗਾ । ਉਹ ਪਿਛੇ ਹਟੀ ਪਰ ਪਿਛੇ ਹਟਦੀ ਹੋਈ ਨੇ ਇਉਂ ਸਰਾਪ ਦੇ ਦਿਤਾ । ਅਰਜਨ ਇਕ ਦਿਨ ਐਸਾ ਆਵੇਗਾ ਜਦੋਂ ਤੂੰ ਇਸਤਰੀਆਂ ਵਾਂਗ ਕਿਸੇ ਰਾਜ ਦਰਬਾਰ ਵਿਚ ਨਾਚ ਕਰੇਂਗਾ, ਗੀਤ ਗਾਏਂਗਾ ਤੇ ਨਿਪੁੰਸਕ ਹੋ ਜਾਵੇਂਗਾ । ਇਹ ਸਰਾਪ ਦੇ ਕੇ ਉਰਵਸ਼ੀ ਅਰਜਨ ਦੇ ਮਹਿਲ ਵਿਚੋਂ ਚਲੀ ਗਈ ।

ਬਲੀ ਅਰਜਨ ਨੇ ਸਰਾਪ ਲੈ ਲਿਆ ਪਰ ਧਰਮ ਤੋਂ ਨਾ ਡਿਗਾ । ਪੰਜ ਸਾਲ ਸਵਰਗ ਵਿਚ ਰਹਿ ਕੇ ਆਪਣੇ ਰਾਜ ਵਲ ਤੁਰ ਪਿਆ ਕਿਉਂਕਿ ਬਨਵਾਸ ਦੇ ਬਾਰ੍ਹਾਂ ਸਾਲ ਖ਼ਤਮ ਹੋਣ ਤੇ ਆ ਗਏ ਸਨ । ਉਰਵਸ਼ੀ ਦਾ ਦਿਤਾ ਹੋਇਆ ਸਰਾਪ ਉਸ ਵੇਲੇ ਪੂਰਾ ਹੋਇਆ ਜਦੋਂ ਦੂਸਰੇ ਬਨਵਾਸ ਸਮੇਂ ਪੰਜ ਭਰਾਵਾਂ ਤੇ ਦਰੋਪਦੀ ਨੂੰ ਬਨਵਾਸ ਦੇ ਤੇਰ੍ਹਵੇਂ ਸਾਲ ਗੁਪਤ ਰੂਪ ਵਿਚ ਰਹਿਣਾ ਪਿਆ ਸੀ ਉਸ ਵੇਲੇ ਇਕ ਰਾਜੇ ਦੀ ਸਭਾ ਵਿਚ ਅਰਜਨ ਨਾਚ ਕਰਦਾ ਤੇ ਗਾਉਣਾ ਵਜਾਉਣਾ ਸਿਖਾਉਂਦਾ ਰਿਹਾ । ਸਾਲ ਭਰ ਨਿਪੁੰਸਕ ਰਿਹਾ ।

ਮਹਾਂਭਾਰਤ ਦੇ ਯੁਧ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ਗੀਤਾ ਰਾਹੀਂ ਉਪਦੇਸ਼ ਕੀਤਾ । ਉਪਦੇਸ਼ ਦੇ ਆਸਰੇ ਆਪ ਕੌਰਵਾਂ ਨਾਲ ਲੜੇ ਫ਼ਤਹਿ ਹਾਸਲ ਕੀਤੀ ਤੇ ਅੰਤ ਰਾਜ ਭਾਗ ਛੱਡ ਕੇ ਪੰਜਾਂ ਭਰਾਵਾਂ ਤੇ ਦਰੋਪਤੀ ਸਮੇਤ ਸਵਰਗਾਂ ਨੂੰ ਚਲੇ ਗਏ ।

# ੪੫. ਦੇਵਾ ਕਮਲਾ ਜੀ

ਇਕ ਵਾਰ ਦੇਵਤਿਆਂ ਤੇ ਦੈਤਾਂ ਨੇ ਮਹਾਂਸਾਗਰ (ਸਮੁੰਦਰ) ਨੂੰ ਰਿੜਕਿਆ। ਕਈ ਸਾਲ ਤਕ ਰਿੜਕਦੇ ਰਹੇ। ਉਨ੍ਹਾਂ ਕੋਲ ਪਰਬਤ ਦੀ ਮਧਾਣੀ ਤੇ ਸ਼ੇਸ਼ਨਾਗ ਦਾ ਰੱਸਾ। ਬਹੁਤ ਸਾਰਾ ਰਿੜਕਣ ਪਿਛੋਂ ਚੌਦਾਂ ਰਤਨ ਸ਼ਰਾਬ ਤੇ ਅੰਮ੍ਰਿਤ ਜਿਹੀਆਂ ਚੀਜ਼ਾਂ ਪ੍ਰਾਪਤ ਹੋਈਆਂ। ਦੈਂਤਾਂ ਨੂੰ ਸ਼ਰਾਬ ਦੇ ਦਿਤੀ। ਅੰਮ੍ਰਿਤ ਤੇ ਚੌਦਾਂ ਰਤਨ ਦੇਵਤਿਆਂ ਦੇ ਹੱਥ ਆ ਗਏ। ਉਨ੍ਹਾਂ ਚੌਦਾਂ ਰਤਨਾਂ 'ਚ ਇਕ ਸੁੰਦਰ ਇਸਤਰੀ ਨਿਕਲੀ ਜੋ ਰੰਗ ਦੀ ਗੋਰੀ (ਚਿੱਟੀ) ਤੇ ਸਰੀਰਕ ਅੰਗਾਂ ਦੀ ਬਹੁਤ ਕੋਮਲ ਸੀ। ਉਸ ਇਸਤਰੀ ਦਾ ਨਾਮ ਕਮਲਾ ਜਾਂ ਲਛਮੀ ਹੈ। ਇਹ ਵਿਸ਼ਨੂੰ ਭਗਵਾਨ ਨੇ ਸਾਂਭ ਕੇ ਆਪਣੀ ਧਰਮ ਪਤਨੀ ਬਣਾ ਲਈ। ਇਸੇ ਕਰਕੇ ਵਿਸ਼ਨੂੰ ਨੂੰ ਕਮਲਾ ਪਤੀ ਕਿਹਾ ਜਾਂਦਾ ਹੈ। ਕਮਲਾ ਵਿਚ ਇਹ ਸਿਫ਼ਤ ਹੈ ਕਿ ਉਹ ਸਦੀਵੀ ਕਾਲ ਵਾਸਤੇ ਯੁਵਤੀ (ਮੁਟਿਆਰ) ਰਹਿੰਦੀ ਹੈ। ਭਗਵਾਨ ਵਿਸ਼ਨੂੰ ਤੇ ਕਮਲਾ ਦਾ ਆਪੋ ਵਿਚ ਬਹੁਤ ਪਿਆਰ ਹੈ। ਕਮਲਾ ਵਿਸ਼ਨੂੰ ਦੇ ਚਰਨ ਹੀ ਘੁਟਦੀ ਰਹਿੰਦੀ ਹੈ। ਕਈਆਂ ਗ੍ਰੰਥਾਂ ਦਾ ਵਿਚਾਰ ਹੈ ਕਿ ਸਮੇਂ ਸਮੇਂ ਸਿਰ ਮੰਦ ਕਰਮੀਆਂ ਹੰਕਾਰੀਆਂ ਨੂੰ ਸੋਧਨ ਵਾਸਤੇ ਕਮਲਾ ਜੀ ਵੀ ਅਵਤਾਰ ਧਾਰਦੀ ਹੈ। ਰਾਵਣ ਦਾ ਅੰਤ ਕਰਨ ਵਾਸਤੇ ਕਮਲਾ ਨੇ ਹੀ ਸਤੀ ਸੀਤਾ ਜੀ ਦਾ ਅਵਤਾਰ ਧਾਰਿਆ ਸੀ।

# ੪੬. ਭੀਸ਼ਮ ਪਿਤਾਮਾ ਜੀ

## ਜਨਮ ਤੇ ਮਾਂ ਬਾਪ

*ਗੰਗੇਵ ਪਿਤਾਮਹ ਚਰਣ ਚਿਤ ਅੰਮ੍ਰਿਤ ਰਸਿਆ॥*

ਭਾਵ ਗੰਗਾ ਜੀ ਦਾ ਪੁੱਤਰ ਪਿਤਾਮਾ ਪ੍ਰਭੂ ਦਾ ਧਿਆਨ ਕਰ ਕੇ ਪ੍ਰਭੂ ਦੇ ਚਰਨ ਕਵਲਾਂ ਵਿਚ ਅਨੰਦ ਮਈ ਰਸ ਨੂੰ ਮਾਣਦਾ ਰਿਹਾ। ਪ੍ਰਭੂ ਭਗਤੀ ਦਾ ਫਲ ਅੰਮ੍ਰਿਤ ਸੀ ਜਿਸ ਅੰਮ੍ਰਿਤ ਆਸਰੇ ਉਹ ਕਈ ਦਿਨ ਤੀਰਾਂ ਦੀ ਸੇਜ

ਉਤੇ ਸੁੱਤਾ ਰਿਹਾ । ਭਗਤੀ ਦੇ ਕਾਰਨ ਉਸ ਨੇ ਆਪਣੀ ਮੌਤ ਦੇ ਸਮੇਂ ਨੂੰ ਵੀ ਅਗੇ ਪਿਛੇ ਕਰ ਦਿਤਾ । ਐਸਾ ਭਗਤ ਪਿਤਾਮਾ ਕੌਣ ਸੀ ? ਹੇ ਜਗਿਆਸੂ ਜਨੋਂ ਧਿਆਨ ਨਾਲ ਇਕ ਚਿਤ ਹੋ ਕੇ ਕਥਾ ਸੁਣੋ !

ਮਹਾਰਾਜ ਸ਼ਾਂਤਨੂੰ ਕੌਰਵਾਂ ਤੇ ਪਾਂਡਵਾਂ ਦੇ ਵਡੇ ਵਡੇਰੇ ਸਨ । ਬੜੇ ਬਲੀ ਸਨ। ਗੰਗਾ ਨਾਮ ਦੀ ਅਪੱਛਰਾਂ ਪਰ ਮੋਹਤ ਹੋ ਗਏ । ਜਦੋਂ ਉਨ੍ਹਾਂ ਨੂੰ ਬਿਰਹੋਂ ਰੋਗ ਸਤਾਉਣ ਲਗਾ ਤਾਂ ਉਨ੍ਹਾਂ ਨੇ ਗੰਗਾ ਨੂੰ ਵਿਆਹ ਕਰਨ ਵਾਸਤੇ ਆਖਿਆ। ਗੰਗਾ ਕਿਉਂਕਿ ਸ਼ਾਂਤਨੂੰ ਦੀ ਜਵਾਨੀ ਉਤੇ ਮੋਹਿਤ ਸੀ, ਇਸ ਵਾਸਤੇ ਉਸ ਨੇ ਸ਼ਾਂਤਨੂੰ ਦੇ ਕੋਲ ਰਹਿਣ ਵਾਸਤੇ ਹਾਂ ਤਾਂ ਕਰੀ ਲਈ, ਪਰ ਨਾਲ ਇਹ ਸ਼ਰਤ ਰਖੀ ਕਿ ਜਿਸ ਦਿਨ ਤੋਂ ਮਹਾਰਾਜ ਸ਼ਾਂਤਨੂੰ ਗੰਗਾ ਦੇ ਪੇਟੋਂ ਜਨਮੇ ਬਾਲਕ ਦਾ ਮੂੰਹ ਦੇਖ ਲਵੇਗਾ ਉਸ ਦਿਨ ਤੋਂ ਗੰਗਾ ਸ਼ਾਂਤਨੂੰ ਕੋਲੋਂ ਚਲੀ ਜਾਵੇਗੀ। ਮਹਾਰਾਜੇ ਨੇ ਇਹ ਸ਼ਰਤ ਮੰਨ ਲਈ। ਸ਼ਾਂਤਨੂੰ ਗੰਗਾ ਦੇਵੀ ਨੂੰ ਆਪਣੇ ਰਣਵਾਸ ਵਿਚ ਲੈ ਗਿਆ । ਕਈ ਸਾਲ ਵਹੁਟੀ ਭਰਤਾ ਬਣਕੇ ਗ੍ਰਿਹਸਤ ਭੋਗਦੇ ਰਹੇ। ਮਹਾਰਾਜ ਮਾਤ ਲੋਕ ਦਾ ਵਾਸੀ ਸੀ ਤੇ ਗੰਗਾ ਇੰਦਰ ਲੋਕ ਦੀ ਅਪੱਛਰਾਂ, ਦੋਹਾਂ ਦੇ ਸੁਭਾਅ ਤੇ ਕਰਮ ਤਾਂ ਮਿਲੇ ਪਰ ਅਪੱਛਰਾਂ ਦੇਵੀ ਗੁਣਾਂ ਦੇ ਕਾਰਨ ਸ਼ਾਂਤਨੂੰ ਨਾਲੋਂ ਚਲਾਕ ਸੀ । ਉਹ ਸੱਤਾਂ ਬੱਚਿਆਂ ਦੀ ਮਾਂ ਬਣੀ ਪਰ ਦੇਵੀ ਸ਼ਕਤੀ ਦੇ ਨਾਲ ਉਸ ਨੇ ਸ਼ਾਂਤਨੂੰ ਨੂੰ ਪਤਾ ਨਾ ਲਗਣ ਦਿਤਾ ਕਿ ਉਸ ਦੇ ਪੈਰ ਭਾਰੇ ਹਨ । ਉਹ ਜਿਸ ਬੱਚੇ ਨੂੰ ਜਨਮ ਦੇਂਦੀ ਉਸ ਨੂੰ ਗੰਗਾ ਜਲ ਵਿਚ ਰੋੜ੍ਹ ਦੇਂਦੀ ਰਹੀ । ਇਸ ਤਰ੍ਹਾਂ ਸੱਤ ਬੱਚੇ ਉਸ ਨੇ ਜਲ ਪ੍ਰਵਾਹ ਕਰ ਦਿਤੇ। ਪਰ ਅਠਵੇਂ ਬੱਚੇ ਵੇਲੇ ਸ਼ਾਂਤਨੂੰ ਨੂੰ ਪਤਾ ਲਗ ਗਿਆ ਕਿ ਗੰਗਾ ਬੱਚੇ ਦੀ ਮਾਂ ਬਣਨ ਵਾਲੀ ਹੈ । ਸ਼ਾਂਤਨੂੰ ਨੇ ਗੱਲੋ ਗੱਲੀ ਗੰਗਾ ਅਗੇ ਆਪਣੇ ਮਨ ਦੀ ਖ਼ੁਸ਼ੀ ਨੂੰ ਪ੍ਰਗਟ ਕਰ ਦਿਤਾ ਕਿ ਉਹ ਇਕ ਰਾਜਕੁਮਾਰ ਦਾ ਬਾਪ ਬਣ ਰਿਹਾ ਹੈ । ਕੀਤੇ ਪ੍ਰਣ ਅਨੁਸਾਰ ਗੰਗਾ ਬੱਚੇ ਨੂੰ ਜਨਮ ਦੇ ਕੇ ਇੰਦਰ ਲੋਕ ਚਲੀ ਗਈ ਪਰ ਮੁੜ ਕੇ ਰਾਜੇ ਸ਼ਾਂਤਨੂੰ ਦੇ ਕੋਲ ਨਹੀਂ ਆਈ । ਗੰਗਾ ਦੇ ਉਸ ਅਠਵੇਂ ਬੱਚੇ ਦਾ ਨਾਮ ਦੇਵਬ੍ਰਤ ਰਖਿਆ। ਦੇਵਬ੍ਰਤ ਜਵਾਨ ਹੋ ਗਿਆ। ਜਿਉਂ ਜਿਉਂ ਦੇਵਬ੍ਰਤ ਜੁਆਨ ਹੁੰਦਾ ਗਿਆ ਤਿਉਂ ਤਿਉਂ ਮਹਾਰਾਜ ਸ਼ਾਂਤਨੂੰ ਬੁਢੇਪੇ ਵਲ ਵਧਦਾ ਗਿਆ । ਬੁਢੇਪਾ ਆ ਗਿਆ ਪਰ ਮਹਾਰਾਜੇ ਸ਼ਾਂਤਨੂੰ ਦੇ ਹਿਰਦੇ ਤੇ ਲਹੂ ਵਿਚੋਂ ਇਸਤਰੀ ਭੋਗ ਦੀ ਵਾਸ਼ਨਾ ਨਾ ਮਿਟੀ । ਦਸਾਂ ਇੰਦਰੀਆਂ

ਉਤੇ ਕਾਬੂ ਨਾ ਪਾ ਸਕਿਆ। ਇੰਦਰੀਆਂ ਦਾ ਗੁਲਾਮ ਪੁਰਖ ਸਦਾ ਤਨ ਮਨ ਉਤੇ ਕਸ਼ਟ ਉਠਾਂਦਾ ਹੈ। ਕਈ ਵਾਰ ਮਰਨ ਦਾ ਭਾਗੀ ਬਣਦਾ ਹੈ। ਔਲਾਦ ਨੂੰ ਦੁਖੀ ਕਰਦਾ ਹੈ। ਜੇ ਰਾਜੇ ਦਸਰਥ ਨੂੰ ਇਸਤਰੀ ਭੋਗ ਦੀ ਭੁੱਖ ਨਾ ਹੁੰਦੀ ਤਾਂ ਰਾਮ ਚੰਦਰ ਜੀ ਨੂੰ ਬਨਵਾਸ ਕਿਉਂ ਮਿਲਦਾ? ਬੁਢੇਪੇ ਦੀ ਇਸ ਭੁੱਖ ਨੇ ਪਾਪਨ ਕੈਕਈ ਨੂੰ ਵਿਆਹਿਆ ਤੇ ਅਨਿਆਈ ਮੌਤੇ ਮਰਿਆ।

ਗੰਗਾ ਦੇ ਅਲੋਪ ਹੋ ਜਾਣ ਪਿਛੋਂ ਉਦਾਸ ਚਿਤ ਸ਼ਾਂਤਨੂੰ ਗੰਗਾ ਦਰਿਆ ਕਿਨਾਰੇ ਹਰ ਰੋਜ ਨੇਮ ਨਾਲ ਜਾਇਆ ਕਰਦਾ ਸੀ, ਗੰਗਾ ਇਸ਼ਨਾਨ ਕਰਨ ਵਿਚ ਉਸ ਨੂੰ ਸ਼ਾਂਤੀ ਮਿਲਦੀ ਸੀ। ਉਸ ਨੂੰ ਇੰਝ ਪ੍ਰਤੀਤ ਹੁੰਦਾ ਸੀ ਜਿਵੇਂ ਸਚਮੁਚ ਗੰਗਾ ਨੂੰ ਮਿਲ ਪਿਆ ਹੈ। ਗੰਗਾ ਦਰਿਆ ਦੇ ਉਸ ਘਾਟ ਉਤੇ ਮਲਾਹਾਂ ਦੇ ਘਰ ਸਨ। ਇਕ ਮਲਾਹ ਦੀ ਸੁੰਦਰ ਲੜਕੀ ਸਤਿਆਵਤੀ ਸੀ। ਉਸ ਕੰਵਲ ਨੈਨੀ ਸੁੰਦਰੀ ਨੂੰ ਦੇਖ ਕੇ ਸ਼ਾਂਤਨੂੰ ਦਾ ਦਿਲ ਹਥੋਂ ਜਾਂਦਾ ਰਿਹਾ। ਗ਼ਰੀਬ ਮਲਾਹ ਦੀ ਲੜਕੀ ਸਮਝ ਕੇ ਉਹ ਸਤਿਆਵਤੀ ਨੂੰ ਪੁੱਛਣ ਲਗਾ—'ਕੀ ਤੂੰ ਮੇਰੇ ਨਾਲ ਵਿਆਹ ਕਰੇਂਗੀ?' ਲਾਜਵੰਤੀ ਵਾਂਗ ਕੁਮਲਾਂਦੀ ਹੋਈ ਮਲਾਹ ਲੜਕੀ ਨੇ ਸਿਰਫ਼ ਇਹੋ ਉੱਤਰ ਦਿਤਾ—'ਮੈਂ ਕੀ ਕਹਿ ਸਕਦੀ ਹਾਂ ਮੇਰਾ ਪਿਤਾ ਜਾਣੇ।' ਇਹ ਸੁਣ ਕੇ ਰਾਜਾ ਮਲਾਹ ਕੋਲ ਗਿਆ। ਮਲਾਹ ਨੇ ਉਸ ਦੇ ਮਨ ਦੀ ਇੱਛਾ ਸੁਣ ਕੇ ਆਖਿਆ—'ਹੇ ਰਾਜਨ! ਮੈਂ ਆਪਣੀ ਲੜਕੀ ਤੁਸਾਂ ਦੇ ਨਾਲ ਵਿਆਹ ਦੇਂਦਾ ਹਾਂ ਪਰ ਸ਼ਰਤ ਇਹ ਹੋਵੇਗੀ ਕਿ ਜੋ ਬੱਚਾ ਵੀ ਇਸ ਦੇ ਪੇਟੋਂ ਜਨਮ ਲਵੇ ਉਹ ਯੁਵਰਾਜ ਰਾਜ ਤਖ਼ਤ ਦਾ ਮਾਲਕ ਹੋਵੇਗਾ। ਉਸ ਨੂੰ ਰਾਜ ਦੇਣਾ ਪਵੇਗਾ। ਜੇ ਇਹ ਸ਼ਰਤ ਪ੍ਰਵਾਨ ਹੈ ਤਾਂ ਸਵੇਰੇ ਲੜਕੀ ਦਾਨ ਕਰ ਦੇਂਦਾ ਹਾਂ।'

ਮਲਾਹ ਦੀ ਗੱਲ ਸੁਣ ਕੇ ਮਹਾਰਾਜੇ ਸ਼ਾਂਤਨੂੰ ਦਾ ਲਹੂ ਠੰਢਾ ਹੋ ਗਿਆ। ਇਸ ਦੇ ਕਾਰਨ ਸਨ ਇਕ ਤਾਂ ਇਹ ਕਿ ਉਸ ਦਾ ਪੁੱਤਰ ਦੇਵਬ੍ਰਤ ਬਹੁਤ ਬਲਵਾਨ ਤੇ ਸਿਆਣਾ ਸੀ ਦੂਸਰਾ ਗੰਗਾ ਦਾ ਪੁੱਤਰ ਸੀ, ਜਿਸ ਗੰਗਾ ਨਾਲ ਉਸ ਨੇ ਕਦੀ ਪਿਆਰ ਕੀਤਾ ਸੀ। ਸੋਚਾਂ ਵਿਚ ਗੋਤੇ ਖਾਂਦਾ ਹੋਇਆ ਸ਼ਾਂਤਨੂੰ ਰਣਵਾਸ ਨੂੰ ਆ ਗਿਆ। ਪਰ ਸਤਿਆਵਤੀ ਦਾ ਚਿੱਤਰ ਉਸ ਦੀਆਂ ਅੱਖਾਂ ਅਗੋਂ ਓਹਲੇ ਨਹੀਂ ਸੀ ਹੁੰਦਾ। ਉਹ ਬਿਰਹੋਂ ਰੋਗ ਨਾਲ ਤੜਫਨ ਲਗਾ। ਦੋ ਚਾਰ ਦਿਨ ਪਿਛੋਂ ਸਖ਼ਤ ਬੀਮਾਰ ਪੈ ਗਿਆ। ਆਪਣੇ ਤਨ ਮਨ ਦੇ ਰੋਗ

ਨੂੰ ਮਹਾਰਾਜੇ ਨੇ ਇਕ ਵਜੀਰ ਅਗੇ ਪ੍ਰਗਟ ਕਰ ਦਿਤਾ। ਇਹ ਭੇਤ ਦੇਵਬ੍ਰਤ ਦੇ ਕੰਨੀਂ ਵੀ ਜਾ ਪਿਆ। ਦੇਵਬ੍ਰਤ ਸਚਮੁਚ ਦੇਵਤਾ ਸੀ। ਉਹ ਆਪਣੇ ਬਾਪ ਨਾਲ ਬਹੁਤ ਹਿਤ ਕਰਦਾ ਸੀ। ਸਾਰੀ ਵਾਰਤਾ ਸੁਣ ਕੇ ਉਸ ਦਾ ਲਹੂ ਗਰਮ ਹੋ ਗਿਆ। ਉਸ ਨੇ ਆਪਣੇ ਬਾਪ ਦੇ ਤਨ ਮਨ ਨੂੰ ਲਗੇ ਮਹਾਂ ਭਿਆਨਕ ਰੋਗ ਨੂੰ ਦੂਰ ਕਰਨ ਦਾ ਹੀਆ ਕਰ ਲਿਆ।

## ਦੇਵਬ੍ਰਤ ਦੀ ਭੀਸ਼ਮ ਪ੍ਰਤਗਿਆ

ਆਪਣੇ ਰਾਜ ਮਹਿਲ ਵਿਚੋਂ ਨਿਕਲ ਕੇ ਇਕੱਲਾ ਦੇਵਬ੍ਰਤ ਮਲਾਹ ਤੇ ਮਲਾਹ ਦੀ ਲੜਕੀ ਸਤਿਆਵਤੀ ਕੋਲ ਪੁੱਜਾ। ਉਸ ਨੇ ਦੋਹਾਂ ਨੂੰ ਕੋਲ ਸੱਦ ਕੇ ਮਲਾਹ ਨੂੰ ਕਿਹਾ ਆਪ ਆਪਣੀ ਲੜਕੀ ਦਾ ਵਿਆਹ ਮੇਰੇ ਪਿਤਾ ਮਹਾਰਾਜ ਸ਼ਾਂਤਨੂੰ ਨਾਲ ਕਰ ਦੀਜੀਏ ਮੈਂ ਪ੍ਰਣ ਕਰਦਾ ਹਾਂ ਜਮੀਨ ਤੇ ਅਸਮਾਨ ਨੂੰ ਸਾਖੀ ਰੱਖ ਕੇ ਪ੍ਰਤਿਗਿਆ ਕਰਦਾ ਹਾਂ ਕਿ ਮੈਂ ਬਾਪ ਦੇ ਚਲਾਣੇ ਪਿਛੋਂ ਰਾਜਾ ਨਹੀਂ ਬਣਾਂਗਾ। ਇਹੋ ਹੀ ਨਹੀਂ ਸਗੋਂ ਸਾਰੀ ਉਮਰ ਵਿਆਹ ਨਹੀਂ ਕਰਾਂਗਾ। ਕਵਾਰਾ ਰਹਿ ਕੇ ਦਿਨ ਕਟਾਂਗਾ ਤਾਂ ਕਿ ਮੇਰੀ ਔਲਾਦ ਨਾ ਹੋਵੇ। ਤੇਰੀ ਬੇਟੀ ਨੂੰ ਮਾਤਾ ਸਮਝ ਕੇ ਇਸ ਦੀ ਸੇਵਾ ਕਰਾਂਗਾ। ਮਹਾਰਾਜ ਬੀਮਾਰ ਹੈ ਉਸ ਦੀ ਜਾਨ ਨੂੰ ਖ਼ਤਰਾ ਹੈ। ਇਸ ਵਾਸਤੇ ਮੇਰੀ ਬੇਨਤੀ ਪ੍ਰਵਾਨ ਕਰੀਏ। ਦੇਵਬ੍ਰਤ ਦੀ ਇਹ ਪ੍ਰਤਿਗਿਆ ਦੇਖ ਸੁਣ ਮਲਾਹ ਖ਼ੁਸ਼ ਹੋ ਗਿਆ। ਉਸ ਨੇ ਉੱਤਰ ਦਿਤਾ— 'ਮੈਂ ਅੱਜ ਹੀ ਸੁਨੇਹਾ ਭੇਜ ਦਿੰਦਾ ਹਾਂ।'

ਸਤਿਆਵਤੀ ਤੇ ਸ਼ਾਂਤਨੂੰ ਦਾ ਵਿਆਹ ਹੋ ਗਿਆ। ਵਿਆਹ ਪਿਛੋਂ ਸਾਰੇ ਰੋਗ ਦੂਰ ਹੋ ਗਏ। ਰਾਜਾ ਪ੍ਰਸੰਨਚਿਤ ਰਹਿਣ ਲਗਾ। ਖ਼ੁਸ਼ੀਆਂ ਦੀਆਂ ਘੜੀਆਂ ਵਿਚ ਉਸ ਨੂੰ ਪਤਾ ਲਗ ਗਿਆ ਕਿ ਉਸ ਦੇ ਪੁੱਤਰ ਦੇਵਬ੍ਰਤ ਨੇ ਉਸ ਦੀ ਖ਼ੁਸ਼ੀ ਬਦਲੇ ਆਪਣੀਆਂ ਖ਼ੁਸ਼ੀਆਂ ਦਾ ਬਲੀਦਾਨ ਕੀਤਾ ਹੈ। ਉਹ ਸਾਰੀ ਉਮਰ ਕਵਾਰਾ ਰਹੇਗਾ। ਇਹ ਸੁਣ ਕੇ ਸ਼ਾਂਤਨੂੰ ਖ਼ੁਸ਼ ਵੀ ਹੋਇਆ ਤੇ ਉਦਾਸ ਵੀ। ਦੇਵਬ੍ਰਤ ਨੂੰ ਕੋਲ ਸੱਦ ਕੇ ਬੜੇ ਸਤਿਕਾਰ ਨਾਲ ਕਹਿਣ ਲੱਗਾ—'ਬੇਟਾ ਦੇਵਬ੍ਰਤ! ਤੂੰ ਮੇਰੀ ਖ਼ੁਸ਼ੀ ਤੇ ਅਰੋਗਤਾ ਬਦਲੇ ਭੀਸ਼ਮ ਪ੍ਰਤਿਗਿਆ ਕੀਤੀ ਹੈ। ਇਸ ਤੋਂ ਤੇਰਾ ਨਾਮ ਭੀਸ਼ਮ ਪਿਤਾਮਾ ਹੋਵੇਗਾ। ਬਹੁਤ ਲੰਮੇਰੀ ਉਮਰ ਭੋਗੇਂਗਾ। ਜਾਹ ਤੇਰੀ ਮੌਤ ਤੇਰੀ ਮਰਜੀ ਨਾਲ ਹੋਵੇਗੀ। ਤੇਰੀ ਮਰਜੀ ਤੋਂ ਬਿਨਾਂ ਮੌਤ ਨਹੀਂ

ਆ ਸਕਦੀ । ਸੁਰਗ ਨੂੰ ਜਾਵੇਂਗਾ ।' ਬਾਪ ਦੇ ਇਨ੍ਹਾਂ ਬਚਨਾਂ ਅਗੇ ਦੇਵਬ੍ਰਤ ਨੇ ਸੀਸ ਨਿਵਾ ਦਿਤਾ । ਉਸ ਦਿਨ ਤੋਂ ਦੇਵਬ੍ਰਤ ਨੂੰ ਸਾਰੇ ਭੀਸ਼ਮ ਪਿਤਾਮਾ ਆਖਣ ਲੱਗੇ ਪਏ ।

## ਭੀਸ਼ਮ ਪਿਤਾਮਾ ਦਾ ਪਰਸਰਾਮ ਨਾਲ ਯੁੱਧ

ਭੀਸ਼ਮ ਪਿਤਾਮਾ (ਦੇਵਬ੍ਰਤ) ਵੇਲੇ ਪਰਸਰਾਮ ਦੀ ਗੁੱਡੀ ਚੜ੍ਹੀ ਹੋਈ ਸੀ। ਭੀਸ਼ਮ ਪਿਤਾਮਾ ਉਸ ਕੋਲ ਚਲਿਆ ਗਿਆ ਤੇ ਸ਼ਸਤ੍ਰ ਅਸਤ੍ਰ ਵਿਦਿਆ ਸਿੱਖਣ ਲੱਗਾ । ਉਹ ਤਿੰਨ ਸਾਲ ਪਰਸਰਾਮ ਕੋਲ ਰਿਹਾ । ਜਦੋਂ ਚੰਗੀ ਤਰ੍ਹਾਂ ਸਾਰੇ ਸ਼ਸਤ੍ਰ ਅਸਤ੍ਰ ਚਲਾਉਣੇ ਸਿਖ ਗਿਆ ਤਾਂ ਭੀਸ਼ਮ ਪਿਤਾਮਾ ਨੂੰ ਦਿਲ ਵਾਲਾ ਬਹਾਦਰ ਤੇ ਸੁੰਦਰ ਗਭਰੂ ਦੇਖ ਕੇ ਪਰਸਰਾਮ ਨੇ ਕਿਹਾ—'ਭੀਸ਼ਮ ਕਾਂਸ਼ੀ ਰਾਜ ਦੀ ਰਾਜ ਕੁਮਾਰੀ ਅੰਬਾ ਨਾਲ ਸ਼ਾਦੀ ਕਰ ਲੈ ।'

'ਹੇ ਗੁਰਦੇਵ! ਮੈਂ ਸ਼ਾਦੀ ਨਹੀਂ ਕਰਨੀ ਕਿਉਂਕਿ ਸ਼ਾਦੀ ਨਾ ਕਰਨ ਦਾ ਪ੍ਰਣ ਕਰ ਚੁੱਕਾ ਹਾਂ ।' ਇਹ ਆਖ ਕੇ ਭੀਸ਼ਮ ਪਿਤਾਮਾ ਨੇ ਪਰਸਰਾਮ ਨੂੰ ਸ਼ਾਂਤਨੂੰ ਤੇ ਸਤਿਆਵਤੀ ਦੇ ਪਿਆਰ ਦੀ ਕਥਾ ਸੁਣਾ ਦਿਤੀ । ਪਰ ਹੰਕਾਰੀ ਪਰਸਰਾਮ ਨੇ ਅਨਸੁਣੀ ਕਰ ਦਿਤੀ । ਅੰਤ ਵਿਚ ਬਹੁਤ ਹੰਕਾਰ ਨਾਲ ਬੋਲਿਆ—'ਭੀਸ਼ਮ ! ਤੂੰ ਮੈਨੂੰ ਗੁਰੂ ਧਾਰਨ ਕੀਤਾ ਹੈ । ਗੁਰੂ ਦੀ ਆਗਿਆ ਦਾ ਪਾਲਨ ਕਰਨਾ ਇਕ ਸ਼ਿਸ਼ ਵਾਸਤੇ ਬਹੁਤ ਜ਼ਰੂਰੀ ਹੈ । ਜਾਂ ਕਾਂਸ਼ੀ ਰਾਜ ਪੁੱਤਰੀ ਨਾਲ ਵਿਆਹ ਕਰ ਜਾਂ ਮੇਰੇ ਨਾਲ ਯੁੱਧ ਕਰ । ਤੈਨੂੰ ਉਸੇ ਤਰ੍ਹਾਂ ਹੀ ਮਾਰ ਦੇਣਾ ਚਾਹੁੰਦਾ ਹਾਂ ਜਿਵੇਂ ਅਗੇ ਮੈਂ ਖੱਤਰੀਆਂ ਦੇ ਆਹੂ ਲਾਹੇ ਹਨ । ਮੇਰੇ ਕੁਹਾੜੇ ਦੀ ਮਾਰ ਨੂੰ ਕੋਈ ਨਹੀਂ ਝੱਲ ਸਕਦਾ । ਇਕੀ ਵਾਰ ਖੱਤਰੀਆਂ ਨੂੰ ਮਾਰ ਚੁੱਕਾ ਹਾਂ।'

ਭੀਸ਼ਮ ਦੀ ਇੱਛਾ ਨਹੀਂ ਸੀ ਕਿ ਉਹ ਆਪਣੇ ਉਸਤਾਦ ਨਾਲ ਲੜਾਈ ਕਰੇ ਪਰ ਉਸ ਨੂੰ ਲੜਾਈ ਕਰਨੀ ਪਈ । ਕੌੜੇ ਬਚਨ ਬੋਲ ਬੋਲ ਕੇ ਪਰਸਰਾਮ ਨੇ ਭੀਸ਼ਮ ਨੂੰ ਵੀ ਕ੍ਰੋਧ ਚੜ੍ਹਾ ਦਿਤਾ । ਸ਼ਸਤ੍ਰ ਫੜ ਕੇ ਦੋਵੇਂ ਲੜਨ ਲਗੇ। ਪਰਸਰਾਮ ਨੂੰ ਵਰ ਮਿਲੇ ਹੋਏ ਸਨ । ਭੀਸ਼ਮ ਪਿਤਾਮਾ ਸੰਤਜ ਤੇ ਬ੍ਰਹਮਚਰਜ ਦਾ ਉਪਾਸ਼ਕ ਸੀ । ਦੋਵੇਂ ਸੂਰਮੇ ਇਕੋ ਜਿਹੇ ਬਲ ਵਾਲੇ ਹੋਣ ਕਰਕੇ ਧਰਤੀ ਡੋਲ ਗਈ । ਆਂਢ ਗੁਆਂਢ ਹਾ-ਹਾਕਾਰ ਮਚ ਗਈ ਕਿ ਦੋਹਾਂ ਦੀ ਲੜਾਈ ਦਾ ਅੰਤ ਸ਼ਾਇਦ ਮਾੜਾ ਨਿਕਲੇ । ਕਿਤੇ ਦੇਵਤੇ ਦੈਂਤਾਂ ਤੇ ਮਨੁਖਾਂ ਦਾ ਰਲਵਾਂ

ਯੁਧ ਹੀ ਨਾ ਹੋ ਜਾਵੇ ਜੋ ਖੂਹਨੀਆਂ ਗਾਲ ਸੁਟੇਗਾ। ੨੩ ਦਿਨ ਲੜਦਿਆਂ ਨੂੰ ਹੋ ਗਏ। ਜਿੱਤ ਹਾਰ ਕਿਸੇ ਦੀ ਨਾ ਹੋਈ। ਇਹ ਦੇਖ ਕੇ ਇੰਦਰ ਨਾਰਦ ਤੇ ਵਿਸ਼ਵਾਮਿਤ੍ਰ ਹੋਰ ਰਿਸ਼ੀਆਂ ਮੁਨੀਆਂ ਨੂੰ ਨਾਲ ਲੈ ਕੇ ਯੁਧ ਅਸਥਾਨ ਉਤੇ ਪੁਜੇ ਤੇ ਦੋਹਾਂ ਨੂੰ ਲੜਨੋਂ ਹਟਾ ਦਿਤਾ। ਸਾਰਿਆਂ ਨੇ ਪਰਸਰਾਮ ਨੂੰ ਸਮਝਾਇਆ ਕਿ ਭੀਸ਼ਮ ਦੀ ਪ੍ਰਤਿਗਿਆ ਕਾਇਮ ਰਹਿਣ ਦੇਣੀ ਚਾਹੀਦੀ ਹੈ। ਇਸ ਨੂੰ ਸ਼ਾਦੀ ਵਾਸਤੇ ਨਹੀਂ ਕਹਿਣਾ ਚਾਹੀਦਾ। ਧਰਮ ਦੀ ਪਾਲਨਾ ਦਾ ਸਵਾਲ ਹੈ। ਪਰਸਰਾਮ ਆਖੇ ਲਗ ਗਿਆ ਦੋਵੇਂ ਆਪੋ ਆਪਣੇ ਟਿਕਾਣੇ ਚਲੇ ਗਏ।

## ਸਤਿਆਵਤੀ ਦੇ ਪੁੱਤਰ ਤੇ ਉਹਨਾਂ ਦੀਆਂ ਮੌਤਾਂ

ਸਾਂਤਨੂੰ ਦੇ ਬੀਰਜ ਤੋਂ ਸਤਿਆਵਤੀ ਦੀ ਕੁਖੋਂ ਦੋ ਪੁੱਤਰ ਹੋਏ। ਇਕ ਦਾ ਨਾਮ ਚਿੱਤ੍ਰਾਂਗਦ ਤੇ ਦੂਸਰੇ ਦਾ ਨਾਂ ਬਚਿੱਤ੍ਰ ਬੀਰਜ ਸੀ। ਦੋਵੇਂ ਜਵਾਨ ਹੋਏ ਤਾਂ ਰਾਜਾ ਸ਼ਾਂਤਨੂੰ ਪ੍ਰਲੋਕ ਗਮਨ ਕਰ ਗਿਆ। ਸਤਿਆਵਤੀ ਰੰਡੀ ਹੋ ਗਈ। ਰਾਜ ਦੋਹਾਂ ਭਰਾਵਾਂ ਨੂੰ ਵੰਡਿਆ ਗਿਆ। ਭੀਸ਼ਮ ਪਿਤਾਮਾ ਨੇ ਕੋਈ ਦਖ਼ਲ ਨਹੀਂ ਦਿੱਤਾ। ਇਕ ਸਾਧੂ ਦੀ ਤਰ੍ਹਾਂ ਜੀਵਨ ਬਤੀਤ ਕਰਦੇ ਰਹੇ। ਵਿਧਾਤਾ ਨੇ ਸਤਿਆਵਤੀ ਦੇ ਪੁੱਤਰਾਂ ਦੀ ਉਮਰ ਬਹੁਤ ਘਟ ਲਿਖੀ ਸੀ। ਦੋਹਾਂ ਦੇ ਵਿਆਹ ਹੋਏ। ਵਿਆਹ ਦੇ ਥੋੜ੍ਹੇ ਦਿਨਾਂ ਪਿਛੋਂ ਦੋਵੇਂ ਹੀ (ਚਿੱਤ੍ਰਾਂਗਦ ਤੇ ਬਚਿਤ੍ਰ ਬੀਰਜ) ਪ੍ਰਲੋਕ ਗਮਨ ਕਰ ਗਏ। ਪੁੱਤਰਾਂ ਦੀ ਮੌਤ ਦਾ ਸੱਲ ਸਤਿਆਵਤੀ ਦੇ ਨਰਮ ਕਾਲਜੇ ਤੇ ਬਹੁਤ ਡੂੰਘਾ ਲੱਗਾ। ਕਈ ਦਿਨ ਗਸ਼ਾਂ ਖਾ ਖਾ ਬੇਸੁਰਤ ਹੁੰਦੀ ਰਹੀ। ਹੌਲੀ ਹੌਲੀ ਪੁੱਤਰਾਂ ਦੀਆਂ ਕੁਵੇਲੇ ਮੌਤਾਂ ਦਾ ਦੁਖ ਦੂਰ ਹੋਇਆ ਤਾਂ ਰਾਜ ਤਖ਼ਤ ਦੀ ਚਿੰਤਾ ਲੱਗ ਗਈ। ਰਾਜ ਹੁਣ ਕਿਸ ਦੇ ਹਵਾਲੇ ਕਰੇ? ਭਰਤ ਰਾਜ ਖ਼ਤਮ ਹੋ ਰਿਹਾ ਸੀ ਦੋ ਨੂੰਹਾਂ ਜਵਾਨ ਵਖ ਰੋ ਰਹੀਆਂ ਸਨ। ਉਨ੍ਹਾਂ ਨੇ ਦੁਨੀਆਂ ਦਾ ਕੋਈ ਸੁਖ ਨਹੀਂ ਸੀ ਦੇਖਿਆ। ਇਸ ਔਕੜ ਵੇਲੇ ਸਤਿਆਵਤੀ ਨੇ ਭੀਸ਼ਮ ਪਿਤਾਮਾ ਜੀ ਨੂੰ ਕੋਲ ਸੱਦਿਆ ਤੇ ਬੜੀ ਗੰਭੀਰਤਾ ਨਾਲ ਆਖਣ ਲੱਗੀ—'ਬੇਟਾ ਭੀਸ਼ਮ! ਭਗਵਾਨ ਨੂੰ ਪਤਾ ਨਹੀਂ ਕੀ ਭਾਉਂਦਾ ਹੈ ਉਸ ਨੇ ਮੇਰੇ ਸੁਖਾਂ ਦੇ ਖਿੜੇ ਚਮਨ ਨੂੰ ਬਰਬਾਦ ਕਰ ਦਿੱਤਾ। ਮੇਰਾ ਕੋਈ ਆਸਰਾ ਨਹੀਂ ਰਿਹਾ। ਸ਼ਾਇਦ ਮੇਰੇ ਹੰਕਾਰ ਦਾ ਫਲ ਮਿਲਿਆ ਹੈ। ਮੈਂ ਭੁੱਲ ਕੀਤੀ ਪੁੱਤਰ ਵਾਸਤੇ ਰਾਜ ਮੰਗਿਆ। ਪੁੱਤਰ ਹੋਏ ਤੇ ਨਾ ਰਹੇ। ਪਿਆਰੇ

ਪਤੀ ਦਾ ਰਾਜ ਖ਼ਤਮ ਹੋ ਰਿਹਾ ਹੈ ਇਸ ਵਾਸਤੇ ਆਪ ਕਿਰਪਾ ਕਰੋ। ਪ੍ਰਤਿਗਿਆ ਨੂੰ ਤੋੜੋ ਇਕ ਤਾਂ ਮੇਰੀਆਂ ਦੋਹਾਂ ਨੂੰਹਾਂ ਨੂੰ ਸੰਭਾਲੋ ਤੇ ਪੁੱਤਰਾਂ ਦੀਆਂ ਜੋੜੀਆਂ ਪੈਦਾ ਕਰੋ। ਕੋਈ ਅਧਰਮ ਨਹੀਂ ਤੇਰੀਆਂ ਭਰਜਾਈਆਂ ਹਨ, ਦੂਸਰਾ ਰਾਜ ਸਿੰਘਾਸਨ ਉਤੇ ਬਿਰਾਜਮਾਨ ਹੋਵੇ। ਭਰਤ ਰਾਜ ਕੁਲ ਕਾਇਮ ਰਖਣੀ ਚਾਹੀਦੀ ਹੈ।'

ਮਤ੍ਰੇਈ ਮਾਤਾ ਦੇ ਬਚਨ ਸੁਣ ਕੇ ਭੀਸ਼ਮ ਮੁਸਕ੍ਰਾ ਪਿਆ। ਮੁਸਕ੍ਰਾਹਟ ਦੇ ਪਿਛੋਂ ਬੋਲਿਆ—'ਹੇ ਮਾਤਾ! ਦੇਵਬ੍ਰਤ ਆਪਣੀ ਪ੍ਰਤਿਗਿਆ ਨਹੀਂ ਤੋੜ ਸਕਦਾ। ਸੂਰਜ ਚੰਦ ਤੇ ਤਾਰੇ ਬੇਸ਼ਕ ਆਪਣੇ ਅਸੂਲਾਂ ਨੂੰ ਛਡ ਜਾਣ, ਪਰ ਮੈਂ ਅਧਰਮ ਨਹੀਂ ਕਰਨਾ। ਨਾ ਰਾਜ ਦੀ ਇੱਛਾ ਹੈ ਨਾ ਭੋਗ ਦੀ। ਪ੍ਰਭੂ ਦਾ ਸਿਮਰਨ ਕਰ ਕੇ ਜੀਵਨ ਦੇ ਦਿਨ ਕੱਟੀ ਜਾ ਰਿਹਾ ਹਾਂ। ਹਿਰਦਾ ਸ਼ਾਂਤ ਤੇ ਸੁਖੀ ਹੈ।' ਇਹ ਉੱਤਰ ਦੇ ਕੇ ਰਾਜ ਮਹਿਲ ਵਿਚੋਂ ਖਿਸਕ ਆਇਆ। ਸਤਿਆਵਤੀ ਨੇ ਭੀਸ਼ਮ ਦੇ ਬਹੁਤ ਤਰਲੇ ਕੀਤੇ ਕਿ ਉਸ ਦੀਆਂ ਗੱਲਾਂ ਮੰਨ ਜਾਵੇ ਪਰ ਭੀਸ਼ਮ ਜੀ ਧਰਮੀ ਜੀਊੜੇ ਸਨ। ਧਰਮ ਦੀ ਖ਼ਾਤਰ ਸਾਰੇ ਸੁਖਾਂ ਦਾ ਤਿਆਗ ਕਰੀ ਬੈਠੇ ਸਨ।

ਜਦੋਂ ਭੀਸ਼ਮ ਜੀ ਸਤਿਆਵਤੀ ਦੇ ਆਖੇ ਨਾ ਲਗੇ ਤਾਂ ਉਸ ਨੇ ਬਿਆਸ ਜੀ ਨੂੰ ਵਿਧਵਾ ਰਾਣੀਆਂ ਦੇ ਬੱਚੇ ਪੈਦਾ ਕਰਨ ਲਈ ਆਖਿਆ। ਜਿਨ੍ਹਾਂ ਤੋਂ ਪਾਂਡਵ (ਪੰਜਾਂ ਪਾਂਡਵਾਂ ਦਾ ਬਾਪ) ਧ੍ਰਿਤਰਾਸ਼ਟਰ ਅੰਨ੍ਹਾਂ (ਕੌਰਵਾਂ ਦਾ ਬਾਪ) ਪੈਦਾ ਹੋਏ।

## ਭੀਸ਼ਮ ਪਿਤਾਮਾ ਸੈਨਾਪਤੀ ਤੀਰਾਂ ਦੀ ਸੇਜਾ

ਜਦੋਂ ਕੌਰਵ ਤੇ ਪਾਂਡੋ ਕੁਰਛੇਤ੍ਰ ਦੇ ਮੈਦਾਨ ਵਿਚ ਲੜਨ ਵਾਸਤੇ ਆਏ ਤਾਂ ਭੀਸ਼ਮ ਪਿਤਾਮਾ ਜੀ ਕੌਰਵਾਂ ਦੀ ਸੈਨਾ ਦੇ ਸੈਨਾਪਤੀ ਸਨ। ਭਾਵੇਂ ਬੁਢੇ ਸਨ, ਦਸ ਦਿਨ ਤਕ ਭਿਆਨਕ ਯੁਧ ਲੜਦੇ ਰਹੇ। ਅਰਜਨ ਨੇ ਭੀਸ਼ਮ ਦੇ ਸਰੀਰ ਨੂੰ ਤੀਰਾਂ ਨਾਲ ਵਿੰਨ੍ਹ ਸੁਟਿਆ। ਬਹੁਤੇ ਤੀਰ ਲਗ ਜਾਣ ਤੇ ਘਾਇਲ ਹੋ ਕੇ ਧਰਤੀ ਉਤੇ ਡਿਗ ਪਏ। ਜਦੋਂ ਭੀਸ਼ਮ ਜੀ ਧਰਤੀ ਉਤੇ ਡਿਗੇ ਤਾਂ ਉਨ੍ਹਾਂ ਦਾ ਸਰੀਰ ਧਰਤੀ ਨਾਲ ਨਾ ਲੱਗਾ, ਤੀਰਾਂ ਨੇ ਉਪਰ ਚੁਕ ਛਡਿਆ, ਉਨ੍ਹਾਂ ਨੂੰ ਡਿਗੇ ਦੇਖ ਕੇ ਹਾ-ਹਾਕਾਰ ਮੱਚ ਗਈ।

ਭੀਸ਼ਮ ਨੂੰ ਧਰਤੀ ਉਤੇ ਡਿੱਗਾ ਦੇਖ ਕੇ ਅਰਜਨ ਉਨ੍ਹਾਂ ਕੋਲ ਗਿਆ। ਅਰਜਨ ਨੂੰ ਦੇਖ ਕੇ ਭੀਸ਼ਮ ਜੀ ਨੇ ਆਖਿਆ—'ਬੇਟਾ! ਮੇਰਾ ਸਿਰ ਨੀਵਾਂ ਹੈ। ਇਹ ਉਚਾ ਰਹਿਣਾ ਚਾਹੀਏ। ਸਿਰਹਾਣੇ ਦੀ ਲੋੜ ਹੈ।' ਇਹ ਬਚਨ ਸੁਣਦੇ ਸਾਰ ਹੀ ਅਰਜਨ ਨੇ ਭੀਸ਼ਮ ਦੇ ਮਥੇ ਵਿਚ ਤਿੰਨ ਤੀਰ ਮਾਰੇ ਦੁਸਾਰ ਪਾਰ ਲੰਘ ਗਏ। ਸਿਰ ਉਚਾ ਹੋ ਗਿਆ। ਤੀਰ ਸੇਜਾ ਉਤੇ ਜ਼ਖ਼ਮੀ ਪਏ ਭੀਸ਼ਮ ਜੀ ਨੂੰ ਸਿਆਣੇ ਜਰਾਹੀ ਮਲ੍ਹਮ ਪੱਟੀ ਕਰਨ ਲਗੇ ਤਾਂ ਉਸ ਨੇ ਰੋਕ ਦਿਤਾ। ਰੋਕਦਿਆਂ ਹੋਇਆਂ ਬਚਨ ਕੀਤਾ—'ਮੇਰਾ ਜੀਵਨ ਮੁਕ ਚੁੱਕਾ ਹੈ। ਮੌਤ ਦੀਆਂ ਘੜੀਆਂ ਆ ਗਈਆਂ ਹਨ ਇਸ ਵਾਸਤੇ ਨਾ ਮੇਰੇ ਸਰੀਰ ਵਿਚੋਂ ਤੀਰ ਪੁਟੋ ਤੇ ਨਾ ਹੀ ਕੋਈ ਦਵਾਈ ਦੇਵੋ। ਪੰਜਾਂ ਚੌਹਾਂ ਦਿਨਾਂ ਨੂੰ *ਉਤਰਾਇਣ ਆਉਣ ਵਾਲੀ ਹੈ। ਮੈਂ ਉਤਰਾਇਣ ਵਿਚ ਪ੍ਰਲੋਕ ਗਮਨ ਕਰਾਂਗਾ।' ਭੀਸ਼ਮ ਜੀ ਦੇ ਅੰਤਮ ਦਰਸ਼ਨ ਕਰਨ ਵਾਸਤੇ ਧਰਮ ਪੁੱਤਰ ਯੁਧਿਸ਼ਟਰ ਜੀ ਸ੍ਰੀ ਕ੍ਰਿਸ਼ਨ ਜੀ ਸਮੇਤ ਆਏ। ਉਨ੍ਹਾਂ ਨਾਲ ਬਚਨ ਬਿਲਾਸ ਕਰਨ ਪਿਛੋਂ ਉਤਰਾਇਣ ਚੜ੍ਹਨ ਤੇ ਰੂਹ ਪੰਜ ਭੂਤਕ ਸਰੀਰ ਨੂੰ ਛੱਡ ਗਈ।

# ੪੭. ਗਰੁੜ ਦੀ ਕਥਾ

ਇਕ ਰਿਖੀ ਕਸ਼ਯਪ ਹੋਇਆ ਹੈ, ਉਸ ਦੀਆਂ ਦੋ ਇਸਤਰੀਆਂ ਸਨ, ਬਿਨਤਾ ਤੇ ਕਦਰ। ਕਦਰ ਦੇ ਗਰਭ ਵਿਚੋਂ ਸੱਪ ਪੈਦਾ ਹੁੰਦੇ ਸਨ, ਉਨ੍ਹਾਂ ਦੀ ਗਿਣਤੀ ਕੋਈ ਨਹੀਂ ਸੀ, ਪਰ ਬਿਨਤਾ ਦੇ ਕੋਈ ਪੁੱਤਰ ਪੈਦਾ ਨਹੀਂ ਸੀ ਹੁੰਦਾ। ਉਹ ਬਹੁਤ ਦੁਖੀ ਸੀ। ਉਸ ਨੇ ਆਪਣੇ ਪਤੀ ਅਗੇ ਦੁਖ ਪ੍ਰਗਟ ਕੀਤਾ। ਕਸ਼ਯਪ ਨੇ ਕਿਹਾ ਤੇਰੇ ਪੁੱਤਰ ਤਾਂ ਹੋ ਸਕਦਾ ਹੈ ਜੇ ਯਗ ਕੀਤਾ ਜਾਵੇ। ਬਿਨਤਾ ਨੇ ਕਿਹਾ ਫਿਰ ਯਗ ਕਰੋ। ਯਗ ਦਾ ਪ੍ਰਾਰੰਭ ਕੀਤਾ ਗਿਆ। ਇੰਦਰ ਜਹੇ ਦੇਵਤੇ ਯਗ ਉਤੇ ਆਏ। ਉਸ ਯਗ ਦੇ ਸਾਲ ਪਿਛੋਂ ਬਿਨਤਾ ਦੇ ਗਰਭ ਤੋਂ ਦੋ ਪੁੱਤਰ ਪੈਦਾ ਹੋਏ, ਜੋ ਅੱਗ ਤੇ ਸੂਰਜ ਸਮਾਨ ਤੇਜ ਵਾਲੇ ਸਨ। ਇਕ ਦਾ ਨਾਮ ਗਰੁੜ ਰਖਿਆ ਗਿਆ ਤੇ ਦੂਸਰੇ ਦਾ ਅਰੁਣ। ਜਦੋਂ ਜਵਾਨ ਹੋਏ ਤਾਂ

*ਦੇਵਤਿਆਂ ਦੇ ਛੇ ਮਹੀਨੇ ਦਾ ਇਕ ਦਿਨ। ਰਾਤ ਨੂੰ ਦਖਨਾਇਣ ਆਖਦੇ ਹਨ, ਦਖਨਾਇਣ ਵਿਚ ਮਰਨਾ ਚੰਗਾ ਨਹੀਂ ਸਮਝਿਆ ਜਾਂਦਾ।

ਗਰੁੜ ਨੂੰ ਵਿਸ਼ਨੂੰ ਜੀ ਨੇ ਆਪਣਾ ਘੋੜਾ ਬਣਾ ਲਿਆ। ਉਸ ਉਤੇ ਸਵਾਰੀ ਕਰਨ ਲਗੇ, ਗਰੁੜ ਸਾਰੇ ਪੰਛੀਆਂ ਨਾਲੋਂ ਬਹੁਤਾ ਦੌੜਦਾ (ਉਡਦਾ) ਹੈ। ਅਰੁਣ ਸੂਰਜ ਦਾ ਰਥਵਾਹੀ ਬਣ ਬੈਠਾ।

ਅਰੁਣ ਤੇ ਗਰੁੜ ਤੋਂ ਪਿਛੋਂ ਬਿਨਤਾ ਦੇ ਚਾਰ ਪੁੱਤਰ ਹੋਰ ਹੋਏ, ਜਿਨ੍ਹਾਂ ਦੇ ਨਾਮ ਇਹ ਹਨ—ਤਾਖਛਰਯਾ, ਅਰਿਸਟ, ਨੇਮਿ, ਆਰੁਨਿ ਅਤੇ ਵਾਰੁਣ। ਇਹ ਛੇ ਪੁੱਤਰ ਸਿਆਣੇ ਗੁਣੀ ਗਿਆਨੀ ਤੇ ਬਲੀ ਸਨ, ਪਰ ਸੱਪਾਂ ਕੋਲੋਂ ਇਨ੍ਹਾਂ ਨੂੰ ਖ਼ਤਰਾ ਰਹਿੰਦਾ ਸੀ। ਕਦਰੂ ਲੋਚਦੀ ਵੀ ਸੀ ਕਿ ਬਿਨਤਾ ਦੇ ਪੁੱਤਰ ਮਾਰ ਦਿਤੇ ਜਾਣ, ਪਰ ਉਸ ਨੂੰ ਕੋਈ ਬਹਾਨਾ ਤੇ ਸਮਾਂ ਹੱਥ ਨਹੀਂ ਸੀ ਆਉਂਦਾ। ਮਹਾਂ ਭਾਰਤ ਵਿਚ ਕਥਾ ਆਉਂਦੀ ਹੈ ਕਿ ਬਿਨਤਾ ਤੇ ਕਦਰੂ ਇਕ ਦਿਨ ਕਿਸੇ ਗੱਲੋਂ ਬਹਿਸ ਪਈਆਂ ਕਿ ਸੂਰਜ ਦਾ ਘੋੜਾ ਕਾਲਾ ਹੈ ਜਾਂ ਚਿੱਟਾ। ਕਦਰੂ ਕਹਿੰਦੀ ਸੀ ਕਾਲਾ ਤੇ ਬਿਨਤਾ ਕਹਿੰਦੀ ਸੀ ਚਿੱਟਾ। ਚਲਾਕੀ ਨਾਲ ਕਦਰੂ ਨੇ ਚਿੱਟੇ ਘੋੜੇ ਨੂੰ ਕਾਲਾ ਸਾਬਤ ਕਰ ਕੇ ਬਿਨਤਾ ਨੂੰ ਦਿਖਾ ਦਿੱਤਾ। ਸ਼ਰਤ ਅਨੁਸਾਰ ਬਿਨਤਾ ਪੁੱਤਰਾਂ ਸਮੇਤ ਸੌਂਕਣ ਦੀ ਗੁਲਾਮ ਹੋ ਕੇ ਚਲਣ ਲਗੀ, ਪ੍ਰਾਧੀਨ ਸੁਪਨੇ ਵਿਚ ਵੀ ਸੁਖ ਨਹੀਂ ਪਾਉਂਦਾ, ਫਿਰ ਸੌਂਕਣ ਦੀ ਪ੍ਰਧਾਨਗੀ ਤਾਂ ਵੈਸੇ ਹੀ ਮਾੜੀ ਹੁੰਦੀ ਹੈ। ਬਿਨਤਾ ਬਹੁਤ ਦੁਖੀ ਹੋਈ—ਬਿਨਤਾ ਨੇ ਕਦਰੂ ਨੂੰ ਪੁਛਿਆ ਕਿ ਕਿਸੇ ਤਰ੍ਹਾਂ ਮੈਂ ਸੁਤੰਤਰ ਵੀ ਹੋ ਸਕਦੀ ਹਾਂ। ਉਸ ਨੇ ਉਤਰ ਦਿਤਾ—'ਜੇ ਸਵਰਗਾਂ (ਇੰਦਰ ਲੋਕ) ਵਿਚੋਂ ਅੰਮ੍ਰਿਤ ਦਾ ਘੜਾ ਮੰਗਵਾ ਕੇ ਮੈਨੂੰ ਦੇ ਦੇਵੇਂ ਤਾਂ ਤੂੰ ਸੁਤੰਤਰ, ਤੇਰੇ ਪੁੱਤਰ ਵੀ ਸੁਤੰਤਰ ਹੋ ਜਾਣਗੇ, ਕਿਉਂਕਿ ਮੈਂ ਅੰਮ੍ਰਿਤ ਆਪਣੇ ਪੁੱਤਰਾਂ ਸੱਪਾਂ ਨੂੰ ਪਿਲਾ ਦਿਆਂਗੀ, ਉਹ ਅਮਰ ਹੋ ਜਾਣਗੇ, ਉਨ੍ਹਾਂ ਨੂੰ ਕੋਈ ਨਹੀਂ ਮਾਰ ਸਕੇਗਾ।'

ਸੌਂਕਣ ਦੀ ਇਸ ਮੰਗ ਨੂੰ ਬਿਨਤਾ ਨੇ ਆਪਣੇ ਪੁੱਤਰ ਗਰੁੜ ਅਗੇ ਪ੍ਰਗਟ ਕੀਤਾ। ਗਰੁੜ ਬਲੀ ਬੋਲੇ—'ਹੇ ਮਾਤਾ! ਤੇਰੇ ਸੁੱਖਾਂ ਬਦਲੇ ਮੈਂ ਜਾਨ ਕੁਰਬਾਨ ਕਰਨ ਨੂੰ ਤਿਆਰ ਹਾਂ। ਅੱਜ ਹੀ ਇੰਦ੍ਰ ਲੋਕ ਪੁਜਦਾ ਹਾਂ ਤੇ ਅੰਮ੍ਰਿਤ ਦਾ ਘੜਾ ਲੈ ਆਉਂਦਾ ਹਾਂ। ਇਹ ਕਿਹੜੀ ਔਖੀ ਗੱਲ ਹੈ।' ਇਉਂ ਮਾਤਾ ਨੂੰ ਤਸੱਲੀ ਦੇ ਕੇ ਗਰੁੜ ਇੰਦ੍ਰ ਲੋਕ ਨੂੰ ਚਲਿਆ ਗਿਆ। ਅੰਮ੍ਰਿਤ ਦੇ ਘੜੇ ਨੂੰ ਦੇਵਤੇ ਭਲਾ ਕਿਵੇਂ ਚੁੱਕਣ ਦੇਂਦੇ ਸਨ? ਗਰੁੜ ਤੇ ਇੰਦਰ ਦੀ ਲੜਾਈ ਹੋ ਪਈ। ਕਈ ਦਿਨ ਮਹਾਂ ਭਿਆਨਕ ਯੁਧ ਲੜਦੇ ਰਹੇ। ਅੰਤ ਇੰਦਰ ਹਾਰ

ਗਿਆ ਤੇ ਗਰੁੜ ਜਿੱਤ ਗਿਆ। ਗਰੁੜ ਦੀ ਬਹਾਦਰੀ ਦੇਖ ਕੇ ਇੰਦਰ ਗਰੁੜ ਤੇ ਖ਼ੁਸ਼ ਹੋ ਗਿਆ, ਖ਼ੁਸ਼ੀ ਵਿਚ ਆਖਣ ਲਗਾ—'ਕੋਈ ਵਰ ਮੰਗਣਾ ਹੈ ਤੇ ਮੰਗ ਲੈ।' ਉਸ ਵੇਲੇ ਗਰੁੜ ਨੇ ਇਹ ਵਰ ਮੰਗਿਆ, 'ਇਕ ਮੈਂ ਪ੍ਰਭੂ ਵਿਸ਼ਨੂੰ ਜੀ ਦੀ ਸੇਵਾ ਕਰਦਾ ਰਹਾਂ ਤੇ ਦੂਸਰਾ ਸੱਪ ਮੇਰੀ ਖ਼ੁਰਾਕ ਹੋ ਜਾਣ।' ਗਰੁੜ ਦੀਆਂ ਇਹ ਮੰਗਾਂ ਸੁਣ ਕੇ ਇੰਦਰ ਨੇ ਇਹੋ ਹੀ ਵਰ ਦੇ ਦਿਤੇ। ਵਰ ਦੇਣ ਪਿਛੋਂ ਪੁਛਿਆ—'ਇਕ ਪਾਸੇ ਤੂੰ ਸੱਪਾਂ ਨੂੰ ਅੰਮ੍ਰਿਤ ਦੇ ਕੇ ਅਮਰ ਕਰ ਰਿਹਾ ਹੈਂ, ਦੂਸਰੇ ਪਾਸੇ ਕਹਿੰਦਾ ਹੈਂ ਉਹ ਮੇਰੀ ਖ਼ੁਰਾਕ ਹੋ ਜਾਣ। ਇਹ ਕੀ ਮਾਮਲਾ ਹੈ।' ਗਰੁੜ ਬੋਲਿਆ—'ਮੈਂ ਅੰਮ੍ਰਿਤ ਦੇ ਕੇ ਮਾਤਾ ਦੇ ਬਚਨ ਨੂੰ ਪਾਲਨਾ ਤੇ ਉਨ੍ਹਾਂ ਨੂੰ ਸੌਂਕਣ ਕੋਲੋਂ ਸੁਤੰਤਰ ਕਰਵਾਉਣਾ ਹੈ। ਜਦੋਂ ਮੇਰਾ ਧਰਮ ਪੂਰਾ ਹੋ ਜਾਵੇਗਾ ਬੇਸ਼ਕ ਆਪ ਘੜਾ ਚੁਕਵਾ ਲਿਆਉਣਾ। ਮੈਂ ਇਸ ਨੂੰ ਕੀ ਕਰਨਾ ਹੈ! ਹਾਂ, ਇੰਜ ਕਰੋ! ਆਦਮੀ ਮੇਰੇ ਨਾਲ ਭੇਜੋ! ਜਦੋਂ ਮੇਰੀ ਮਾਤਾ ਇਹ ਅੰਮ੍ਰਿਤ ਦਾ ਘੜਾ ਮੇਰੀ ਮਤਰੇਈ ਮਾਤਾ ਕਦਰੂ ਦੇ ਹਵਾਲੇ ਕਰੇ ਤਾਂ ਉਸ ਵੇਲੇ ਉਹ ਜਿਥੇ ਰਖੇ ਓਥੋਂ ਉਠਾ ਕੇ ਨੱਸ ਆਉਣ।'

ਗਰੁੜ ਦੀ ਇਸ ਵਿਉਂਤ ਨੂੰ ਇੰਦਰ ਜੀ ਮੰਨ ਗਏ। ਉਨ੍ਹਾਂ ਨੇ ਉਸੇ ਵੇਲੇ ਚਾਰ ਦੂਤ ਗਰੁੜ ਦੇ ਪਿਛੇ ਮਾਤ ਲੋਕ ਨੂੰ ਭੇਜ ਦਿਤੇ। ਗਰੁੜ ਅੰਮ੍ਰਿਤ ਦਾ ਘੜਾ ਲੈ ਕੇ ਘਰ ਪੁੱਜਾ। ਆਪਣੀ ਮਾਂ ਦੇ ਹਵਾਲੇ ਕਰ ਕੇ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਬਿਨਤਾ ਨੇ ਓਹੋ ਘੜਾ ਜਾ ਕੇ ਕਦਰੂ ਦੇ ਹਵਾਲੇ ਕਰ ਦਿੱਤਾ ਤੇ ਕਦਰੂ ਨੇ ਘੜਾ ਇਕ ਥਾਂ ਰੱਖ ਕੇ ਬਿਨਤਾ ਨੂੰ ਸੁਤੰਤਰਤਾ ਬਖ਼ਸ਼ ਦਿਤੀ। ਉਧਰੋਂ ਸੱਪਾਂ ਦੇ ਘੜੇ ਦੇ ਕੋਲ ਪੁੱਜਣ ਤੋਂ ਪਹਿਲਾਂ ਪਹਿਲਾਂ ਹੀ ਘੜਾ ਇੰਦਰ ਦੇ ਦੂਤ ਚੁੱਕ ਕੇ ਤੀਰ ਹੋ ਗਏ। ਕਦਰੂ ਦੇ ਕਹਿਣ ਤੇ ਸੱਪ ਅੰਮ੍ਰਿਤ ਪੀਣ ਗਏ। ਉਨ੍ਹਾਂ ਨੂੰ ਘੜਾ ਤਾਂ ਨਾ ਲੱਭਾ ਪਰ ਜਿਸ ਥਾਂ ਘੜਾ ਰਖਿਆ ਸੀ ਉਸ ਥਾਂ ਨੂੰ ਜੀਭਾਂ ਨਾਲ ਚੱਟਣ ਲਗ ਪਏ। ਉਨ੍ਹਾਂ ਦੀਆਂ ਜੀਭਾਂ ਪਾਟ ਗਈਆਂ। ਉਸ ਦਿਨ ਤੋਂ ਸੱਪਾਂ ਦੀ ਨਸਲੀ ਤੌਰ ਉਤੇ ਜੀਭ ਪਾਟਣੀ ਸ਼ੁਰੂ ਹੋ ਗਈ।

ਰਮਾਇਣ ਵਿਚ ਲਿਖਿਆ ਹੈ ਕਿ ਜਦੋਂ ਸ੍ਰੀ ਰਾਮਚੰਦਰ ਜੀ ਮੇਘ ਨਾਥ ਨਾਲ ਯੁਧ ਕਰੇ ਰਹੇ ਸਨ ਤਾਂ ਮੇਘ ਨਾਥ ਨੇ ਦੈਵੀ ਸ਼ਕਤੀ ਦੇ ਬਲ ਨਾਲ ਸ੍ਰੀ ਰਾਮਚੰਦਰ ਨੂੰ ਸੈਨਾ ਸਮੇਤ ਨਾਗਾਂ ਦੀ ਫਾਹੀ ਨਾਲ ਧਰਤੀ ਉਤੇ ਸੁਟ ਲਿਆ। ਉਸ ਵੇਲੇ ਨਾਰਦ ਤੇ ਵਿਸ਼ਨੂੰ ਨੇ ਗਰੁੜ ਨੂੰ ਭੇਜਿਆ। ਇਸ ਨੇ ਜਾ ਕੇ ਸਾਰੇ ਨਾਗ

ਖਾ ਲਏ । ਸ੍ਰੀ ਰਾਮਚੰਦਰ ਜੀ ਨੂੰ ਸੈਨਾ ਸਮੇਤ ਮਰਨ ਤੋਂ ਬਚਾਇਆ।

ਹਿੰਦੂ ਗਰੁੜ ਨੂੰ ਭਗਵਾਨ ਰੂਪ ਵੀ ਮੰਨਦੇ ਹਨ । ਇਹ ਪੰਛੀਆਂ ਦਾ ਰਾਜਾ ਤੇ ਵਿਸ਼ਨੂੰ ਦਾ ਸੇਵਾਦਾਰ ਹੈ । ਇਸ ਦੇ ਦਰਸ਼ਨ ਕਰਨੇ ਬਹੁਤ ਚੰਗੇ ਹਨ।

# ੪੮. ਦੇਵਾ ਪੰਡਾ ਦੀ ਅਰਦਾਸ

*ਦੇਵਾ ਪਾਹਨ ਤਾਰੀਅਲੇ॥ ਰਾਮ ਕਹਤ ਜਨ ਕਸ ਨ ਤਰੇ॥ (ਨਾਮਦੇਵ ਜੀ)*

ਭਗਤ ਨਾਮਦੇਵ ਜੀ ਆਖਦੇ ਹਨ ਕਿ 'ਜੇ ਦੇਵਾ ਨੂੰ ਪੱਥਰਾਂ ਨੇ ਤਾਰ ਦਿਤਾ ਸੀ ਤਾਂ ਹੇ ਬੰਦੇ! ਜੋ ਤੂੰ ਰਾਮ ਨਾਮ ਦਾ ਸਿਮਰਨ ਕਰਦਾ ਹੈਂ ਤਾਂ ਤੂੰ ਭਲਾ ਕਿਉਂ ਨਾ ਤਰੇਂਗਾ ?' ਦੇਵਾ ਕੌਣ ਸੀ ? ਪੱਥਰ ਨੇ ਉਸ ਨੂੰ ਕਿਵੇਂ ਤਾਰਿਆ ? ਇਹ ਸਾਰੀ ਕਥਾ ਧਿਆਨ ਨਾਲ ਸੁਣੋ । ਦੇਵਾ ਇਕ ਪੁਜਾਰੀ ਸੀ । ਉਸ ਨੂੰ ਦੇਵਾ ਪੰਡਾ ਆਖਦੇ ਸਨ । ਉਦੈਪੁਰ ਰਾਜ ਦੇ ਸ਼ਾਹੀ ਮੰਦਰ ਦਾ ਉਹ ਪੁਜਾਰੀ ਸੀ । ਉਹ ਮੰਦਰ ਚਤੁਰਭੁਜ ਸਵਾਮੀ ਦਾ ਸੀ । ਰੋਜ ਸਵੇਰੇ ਉਠ ਕੇ ਮੂਰਤੀ ਨੂੰ ਇਸ਼ਨਾਨ ਕਰਾ ਕੇ ਗਹਿਣੇ ਤੇ ਬਸਤਰ ਪਹਿਨਾ ਕੇ ਮੂਰਤੀ ਨੂੰ ਬਿਰਾਜਮਾਨ ਕਰਾਉਂਦਾ । ਉਦੈਪੁਰ ਦਾ ਰਾਜਾ ਰੋਜ਼ ਮੰਦਰ ਵਿਚ ਆਉਂਦਾ, ਪੂਜਾ ਪਾਠ ਕਰਾਉਂਦਾ ਤੇ ਪ੍ਰਸ਼ਾਦ ਚੜ੍ਹਾਉਂਦਾ ਸੀ । ਰਾਜਾ ਨੇਮ ਨਾਲ ਰੋਜ਼ ਮੰਦਰ ਵਿਚ ਆਇਆ ਕਰਦਾ ਸੀ । ਚਤੁਰਭੁਜੀ ਸਵਾਮੀ ਦੀ ਮੂਰਤੀ ਦੇ ਦਰਸ਼ਨ ਕੀਤੇ ਬਿਨਾਂ ਭੋਜਨ ਨਹੀਂ ਸੀ ਛਕਦਾ ।

ਦੇਵਨੇਤ ਨਾਲ ਇਕ ਦਿਨ ਰਾਜਾ ਵੇਲੇ ਸਿਰ ਮੰਦਰ ਨਾ ਪੁਜ ਸਕਿਆ ਪੰਡੇ ਨੇ ਇਹ ਸੋਚ ਕੇ ਹੁਣ ਰਾਜਾ ਨਹੀਂ ਆਵੇਗਾ, ਦੇਵ ਮੂਰਤੀ ਅਗੇ ਰੱਖੀ ਸਮਗਰੀ ਨੂੰ ਸਮੇਟਿਆ ਤੇ ਜੋ ਸਜਰੇ ਫੁੱਲਾਂ ਦੀ ਮਾਲਾ ਚਤੁਰਭੁਜ ਦੇ ਗਲ ਪਾਈ ਹੋਈ ਸੀ ਤੇ ਜਿਸ ਨੂੰ ਰਾਜੇ ਦੇ ਗਲ ਪਾਇਆ ਜਾਂਦਾ ਸੀ, ਉਸ ਮਾਲਾ ਨੂੰ ਦੇਵਾ ਪੰਡੇ ਨੇ ਆਪਣੇ ਗਲ ਪਾ ਲਿਆ । ਫੁੱਲ ਮਾਲਾ ਪਾ ਕੇ ਮੰਦਰ ਵਿਚੋਂ ਬਾਹਰ ਨਿਕਲਿਆ, ਅਜੇ ਮੰਦਰ ਦਾ ਬੂਹਾ ਢੋ ਹੀ ਰਿਹਾ ਸੀ ਕਿ ਰਾਜੇ ਦੇ ਰਥ ਦੇ ਆਉਣ ਦਾ ਖੜਕਾ ਕੰਨੀਂ ਪਿਆ । ਦੇਵਾ ਪੰਡਾ ਘਾਬਰ ਗਿਆ, ਹੈਂ ਆ ਗਏ! ਆਖ ਕੇ ਫਿਰ ਪਿਛੇ ਨੂੰ ਮੁੜਿਆ । ਮੰਦਰ ਦਾ ਬੂਹਾ ਖੋਲ੍ਹਿਆ,

ਸਾਰੀ ਸਮਗਰੀ ਥਾਂ ਸਿਰ ਰੱਖੀ। ਜੇ ਕੋਈ ਚੀਜ਼ ਘਟ ਵਧ ਸੀ, ਉਸ ਨੂੰ ਤਰਤੀਬਵਾਰ ਕੀਤਾ। ਫੁੱਲਾਂ ਦੀ ਮਾਲਾ ਜੋ ਆਪਣੇ ਗਲ ਪਾ ਲਈ ਸੀ, ਉਸ ਨੂੰ ਗਲੋਂ ਉਤਾਰ ਕੇ ਮੁੜ ਕੇ ਦੇਵਤੇ ਚਤੁਰਭੁਜ ਦੇ ਗਲ ਪਾ ਦਿਤੀ। ਏਨੇ ਚਿਰ ਨੂੰ ਰਾਜਾ ਜੀ ਅੰਦਰ ਆ ਗਏ। ਰਾਜਾ ਜੀ ਨੇ ਆਉਂਦਿਆਂ ਹੀ ਸ਼ਰਧਾ ਭਗਤੀ ਪ੍ਰੇਮ ਤੇ ਦਿਲੀ ਉਮਾਹ ਨਾਲ ਚਤੁਰਭੁਜ ਸਵਾਮੀ ਨੂੰ ਡੰਡਵਤ ਹੋ ਕੇ ਮੱਥਾ ਟੇਕਿਆ। ਪੂਜਾ ਦੀ ਸਮਗਰੀ ਚੜ੍ਹਾਈ, ਦੇਵਾ ਪੰਡਾ ਨੇ ਵੇਦ ਮੰਤਰ ਪੜ੍ਹ ਕੇ ਪੂਜਾ ਕੀਤੀ ਤੇ ਰਾਜੇ ਨੂੰ ਅਸ਼ੀਰਵਾਦ ਦਿੱਤਾ, ਅੰਤ ਵਿਚ ਸਵਾਮੀ ਚਤੁਰਭੁਜ ਜੀ ਦੇ ਗਲੋਂ ਮਾਲਾ ਉਤਾਰ ਕੇ ਰਾਜਾ ਜੀ ਦੇ ਗਲ ਪਾ ਦਿੱਤੀ। ਉਸ ਫੁੱਲਾਂ ਦੀ ਮਾਲਾ ਦੇ ਨਾਲ ਦੋ ਵਾਲ ਚਿਟੇ ਦਾਹੜੇ ਦੇ ਲਗੇ ਸਨ, ਜਿਹੋ ਜਿਹਾ ਦਾਹੜਾ ਪੰਡਾ ਜੀ ਦਾ ਸੀ, ਰਾਜੇ ਨੂੰ ਸ਼ੱਕ ਗੁਜਰਿਆ ਕਿ ਸ਼ਾਇਦ ਇਹ ਫੁਲ ਮਾਲਾ ਦੇਵਤਾ ਦੇ ਗਲ ਪਾਉਣ ਤੋਂ ਪਹਿਲਾਂ ਦੇਵਾ ਪੰਡਾ ਨੇ ਆਪ ਗਲ ਪਾਈ ਹੈ। ਇਹ ਅਨੁਭਵ ਕਰ ਕੇ ਰਾਜੇ ਨੇ ਸਰਸਰੀ ਤੌਰ ਤੇ ਪੁਛਿਆ—'ਪੰਡਾ ਜੀ! ਕੀ ਪ੍ਰਭੂ ਬੁਢੇ ਹੋ ਗਏ ਹਨ? ਉਨ੍ਹਾਂ ਦਾ ਦਾਹੜਾ ਸਫ਼ੈਦ ਹੋ ਗਿਆ ਹੈ?'

'ਹਾਂ ਅੰਨ ਦਾਤਾ! ਭਗਵਾਨ ਸਦਾ ਬੁਢੇ ਰਹਿੰਦੇ ਹਨ?' ਪੰਡਾ ਜੀ ਦਾ ਉੱਤਰ ਸੀ।

'ਮੈਂ ਤਾਂ ਸਮਝਦਾ ਸਾਂ ਭਗਵਾਨ ਤੇ ਕਾਲ ਦਾ ਅਸਰ ਨਹੀਂ ਹੁੰਦਾ, ਉਹ ਸਦਾ ਜਵਾਨ ਰਹਿੰਦੇ ਹਨ, ਜਵਾਨੀ ਨਹੀਂ ਸਗੋਂ ਮਾਸੂਮ ਬਾਲਕ ਦੀ ਤਰ੍ਹਾਂ ਉਨ੍ਹਾਂ ਨੂੰ ਦਾਹੜੀ ਆਉਂਦੀ ਨਹੀਂ, ਜਿਵੇਂ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਦੇ ਚਿੱਤਰ ਵੇਖਣ ਵਿਚ ਆਉਂਦੇ ਹਨ, ਇਹ ਸੰਸਾ ਲਗ ਗਿਆ।'

'ਇਹ ਸਵਾਮੀ ਚਤੁਰਭੁਜ ਜੀ ਜਦੋਂ ਸਵੇਰੇ ਦਰਸ਼ਨ ਦਿੰਦੇ ਹਨ ਤਾਂ ਉਸ ਵੇਲੇ ਇਕ ਰਿਖੀ ਦੀ ਤਰ੍ਹਾਂ ਬਢੇਪੇ ਦੇ ਰੂਪ ਵਿਚ ਹੁੰਦੇ ਹਨ। ਦੁੱਧ ਚਿੱਟਾ ਸਫ਼ੈਦ ਦਾਹੜਾ ਹੁੰਦਾ ਹੈ। ਮੈਂ ਰੋਜ਼ ਦਰਸ਼ਨ ਕਰਦਾ ਹਾਂ।' ਪੰਡਾ ਜੀ ਨੇ ਰਾਜੇ ਅਗੇ ਝੂਠ ਬੋਲਿਆ। ਉਸ ਨੂੰ ਦਰਸ਼ਨ ਕਦੀ ਨਹੀਂ ਸਨ ਹੋਏ। ਆਪਣੀ ਇਕ ਗਲਤੀ ਉਤੇ ਪੜਦਾ ਪਾਉਣ ਵਾਸਤੇ ਝੂਠ ਬੋਲੀ ਜਾ ਰਿਹਾ ਸੀ। ਰਾਜਾ ਤਾੜ ਗਿਆ, ਪਰ ਉਸ ਨੇ ਇਹ ਕਿਹਾ—'ਹੱਛਾ! ਕਲ੍ਹ ਮੈਂ ਦਾਹੜੀ ਸਮੇਤ ਸਵਾਮੀ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ। ਤੁਸਾਂ ਉਨ੍ਹਾਂ ਅਗੇ ਬਿਨੈ ਕਰਨੀ ਉਹ ਮੈਨੂੰ ਦਰਸ਼ਨ ਦੇਣ। ਮੈਂ ਧੰਨਵਾਦੀ ਹੋਵਾਂਗਾ।'

'ਬਹੁਤ ਹੱਛਾ ਜੀ, ਇਸ ਤਰ੍ਹਾਂ ਹੀ ਹੋ ਜਾਵੇਗਾ।' ਪੰਡਾ ਜੀ ਦਾ ਉੱਤਰ ਸੀ।

ਰਾਜਾ ਚਲਿਆ ਗਿਆ। ਪਰ ਰਾਜੇ ਦੇ ਮਨ ਵਿਚ ਸੰਸਾ ਤੇ ਕ੍ਰੋਧ ਸੀ। ਉਹ ਅਸ਼ਾਂਤ ਮਨ ਨਾਲ ਗਿਆ। ਮਨ ਹੀ ਮਨ ਵਿਚ ਫ਼ੈਸਲਾ ਕਰ ਬੈਠਾ ਕਿ ਜੇ ਸਵੇਰੇ ਸਵਾਮੀ ਜੀ ਦੇ ਦਾਹੜਾ ਨਾ ਹੋਇਆ ਤਾਂ ਉਹ ਪੰਡਾ ਨੂੰ ਸਜਾਏ ਮੌਤ ਦੇਵੇਗਾ।

ਉਧਰ ਪੰਡਾ ਜੀ ਘਬਰਾ ਗਏ, ਉਹ ਸੋਚਣ ਲਗੇ ਹੁਣ ਕੀ ਬਣੇ। ਝੂਠ ਬੋਲ ਤਾਂ ਲਿਆ, ਝੂਠ ਬੋਲਣਾ ਬਹੁਤ ਸੌਖਾ ਹੈ ਪਰ ਇਸ ਉਤੇ ਪੜਦਾ ਪਾਉਣਾ ਮਹਾਂ ਕਠਨ ਹੈ। ਇਕ ਦਿਨ ਝੂਠ ਜਰੂਰ ਨੰਗਾ ਹੋ ਜਾਂਦਾ ਹੈ। ਸੱਚ ਸਦਾ ਸੱਚਾ ਰਹਿੰਦਾ ਹੈ। ਉਸ ਦਾ ਹਿਰਦਾ ਕੰਬ ਉਠਿਆ। ਸਰੀਰ ਦਾ ਲਹੂ ਜੰਮ ਗਿਆ। ਜੀਵਨ ਦੀ ਥਾਂ ਮੌਤ ਨੇੜੇ ਆਈ ਦਿਸਣ ਲਗੀ। ਰਾਜਾ ਜੀ ਦੀ ਨੰਗੀ ਤੇ ਲਿਸ਼ਕਦੀ ਤਲਵਾਰ ਉਸ ਦੀਆਂ ਅੱਖਾਂ ਦੇ ਅਗੋਂ ਨਹੀਂ ਸੀ ਹਟਦੀ।

ਮੌਤ ਡੰਨ ਦੇ ਡਰ ਨਾਲ ਭੈਭੀਤ ਹੋ ਕੇ ਚਤੁਰਭੁਜ ਸਵਾਮੀ ਜੀ ਦੀ ਮੂਰਤੀ ਅਗੇ ਚੌਂਕੜਾ ਮਾਰ ਕੇ ਬੈਠ ਗਿਆ। ਸ਼ੁਧ ਹਿਰਦੇ ਨਾਲ ਕਮਲਾਪਤਿ ਦਾ ਧਿਆਨ ਧਰ ਕੇ ਅਰਦਾਸ ਬੇਨਤੀ ਕਰਨ ਲੱਗਾ—'ਹੇ ਪ੍ਰਭੂ! ਮੈਂ ਭੁਲਿਆ ਮੈਥੋਂ ਭੁਲ ਹੋਈ। ਮੇਰੇ ਪਾਪੀ ਦਾ ਉਧਾਰ ਕਰੋ। ਮੈਂ ਰਾਜਾ ਜੀ ਅਗੇ ਝੂਠ ਬੋਲ ਬੈਠਾ। ਆਪ ਜਗਤ ਕਰਤਾ ਹਰਤਾ ਹੋ, ਜਿਥੇ ਅਗੇ ਐਨੇ ਅਵਤਾਰ ਧਾਰੇ ਹਨ ਉਥੇ ਇਕ ਵਾਰ ਚਿੱਟੀ ਦਾੜ੍ਹੀ ਵਾਲੇ ਬਣ ਕੇ ਅਵਤਾਰ ਧਾਰ ਲਵੋ! ਮੈਂ ਰਾਜਾ ਜੀ ਵਲੋਂ ਸੱਚਾ ਹੋ ਜਾਵਾਂ। ਗ਼ਰੀਬ ਬ੍ਰਾਹਮਣ ਦੀ ਮੌਤ ਹੋ ਗਈ ਤਾਂ ਕਿੰਨਾ ਦੋਸ਼ ਹੋਵੇਗਾ। ਹੇ ਪ੍ਰਭੂ! ਲੋਕ ਆਪ ਦੀ ਭਗਤੀ ਕਰਨੋਂ ਹਟ ਜਾਣਗੇ। ਨਾਸਤਕਤਾ ਜਗਤ ਵਿਚ ਪ੍ਰਧਾਨਤਾ ਪ੍ਰਾਪਤ ਕਰ ਲਵੇਗੀ। ਹੇ ਦਿਆਲੂ! ਕ੍ਰਿਪਾਲੂ! ਦਇਆ ਕਰੋ। ਮਿਹਰ ਕਰੋ ਮੈਨੂੰ ਡੁਬਦੇ ਨੂੰ ਤਾਰ ਦਿਓ। ਰਖ ਲਉ। ਚਾਲ੍ਹੀ ਸਾਲ ਤੇਰੀ ਸੇਵਾ ਕੀਤੀ ਹੈ। ਚਾਲ੍ਹੀਆਂ ਸਾਲਾਂ ਵਿਚ ਇਕ ਸਵਾਲ ਪਾਇਆ ਹੈ। ਮੱਤ ਚੱਕ੍ਰ ਖਾ ਗਈ। ਭੁਲ ਹੋ ਗਈ। ਸੁਭਾਵਕ ਹੀ ਕੋਈ ਗਿਣ ਮਿਥ ਕੇ ਪਾਪ ਨਹੀਂ ਕੀਤਾ।' ਇਸ ਤਰ੍ਹਾਂ ਦੇਵਾ ਪੰਡਾ ਸਾਰੀ ਰਾਤ ਅਰਦਾਸ ਬੇਨਤੀ ਕਰਦਾ ਰਿਹਾ। ਉਸ ਨੇ ਨਾ ਕੁਝ ਖਾਧਾ ਨਾ ਪੀਤਾ ਜਾਂ ਅਗਲੇ ਦਿਨ ਦਾ ਤੜਕਸਾਰ ਹੋਇਆ ਤਾਂ ਕੀ ਦੇਖਦਾ ਹੈ, ਸਚਮੁਚ ਚਿੱਟਾ ਦਾਹੜਾ ਚਤੁਰਭੁਜ

ਦੀ ਮੂਰਤੀ ਦੇ ਮੁਖ ਉਤੇ ਆ ਗਿਆ। ਸੁੰਦਰ ਰੇਸ਼ਮ ਵਰਗੇ ਦੁੱਧ ਚਿਟੇ ਵਾਲ ਸਨ। ਖ਼ੁਸ਼ੀ ਨਾਲ ਉਛਲ ਪਿਆ। ਡੰਡਵਤ ਹੋ ਕੇ ਕਈ ਵਾਰ ਪ੍ਰਣਾਮ ਕੀਤਾ। ਵੇਦ ਮੰਤਰਾਂ ਨੂੰ ਪੜ੍ਹ ਕੇ ਉਸਤਤ ਕੀਤੀ। ਮੰਦਰ ਦੇ ਟਲ ਵਜਾਏ। ਆਰਤੀ ਕੀਤੀ ਭਗਵਾਨ ਦੇ ਪ੍ਰਤੱਖ ਦਰਸ਼ਨ ਹੋ ਗਏ।

ਸਵੇਰੇ ਰਾਜਾ ਆਇਆ। ਜਦੋਂ ਉਸ ਨੇ ਆਉਂਦਿਆਂ ਹੀ ਲੰਮਾ ਚਿੱਟਾ ਦਾਹੜਾ ਵੇਖਿਆ ਤਾਂ ਉਸ ਨੂੰ ਸ਼ੰਕਾ ਹੋਈ ਕਿ ਬ੍ਰਾਹਮਣ ਨੇ ਉਸ ਨਾਲ ਚਲਾਕੀ ਖੇਡੀ ਹੈ, ਫ਼ਰਜ਼ੀ ਵਾਲ ਗੂੰਦ ਜਾਂ ਕਿਸੇ ਹੋਰ ਚੀਜ਼ ਨਾਲ ਚਮੜਾਏ ਹਨ। ਸ਼ੰਕੇ ਨੂੰ ਦੂਰ ਕਰਨ ਬਦਲੇ ਰਾਜਾ ਅਗੇ ਹੋਇਆ। ਵਾਲ ਫੜ ਕੇ ਖਿਚੇ। ਜਦੋਂ ਦਾਹੜੇ ਦੇ ਵਾਲ ਖਿਚੇ ਤਾਂ ਚਤੁਰਭੁਜ ਦੀ ਪੱਥਰ ਦੀ ਮੂਰਤ ਮਨੁਖ ਦੇਹ (ਲਹੂ ਮਾਸ) ਵਿਚ ਪਲਟ ਗਈ। ਵਾਲਾਂ ਦੀ ਖਿੱਚ ਦੀ ਪੀੜਾ ਨੂੰ ਮਹਿਸੂਸ ਕੀਤਾ, ਮੂਰਤੀ ਨੇ ਨੱਕ ਚੜ੍ਹਾਇਆ। ਰਾਜੇ ਨੇ ਵਾਲ ਹੋਰ ਜੋਰ ਨਾਲ ਖਿਚੇ ਕੁਝ ਵਾਲ ਪੁਟੇ ਗਏ। ਜਿਸ ਥਾਂ ਤੋਂ ਵਾਲ ਪੁਟੇ ਗਏ ਉਸ ਥਾਂ ਤੋਂ ਲਹੂ ਦੀ ਧਾਰਾ ਨਿਕਲ ਕੇ ਰਾਜੇ ਦੇ ਚਿੱਟੇ ਕਪੜਿਆਂ ਉਤੇ ਪੈ ਗਈ। ਕਪੜੇ ਰੰਗੇ ਗਏ। ਰਾਜਾ ਸ਼ਰਮਿੰਦਾ ਤੇ ਭੈਭੀਤ ਹੋ ਕੇ ਤ੍ਰਬਕ ਕੇ ਪਿਛਲੇ ਭਾਰ ਡਿਗ ਪਿਆ। ਹੋਸ਼ ਆਉਣ ਤੇ ਆਪਣੀ ਭੁਲ ਬਖ਼ਸ਼ਾਉਣ ਵਾਸਤੇ ਤਰਲੇ ਭਰੀਆਂ ਅਰਦਾਸਾਂ ਬੇਨਤੀਆਂ ਕਰਨ ਲੱਗਾ। ਅਗੋਂ ਚਤੁਰਭੁਜ ਮੂਰਤੀ ਨੇ ਆਖਿਆ—'ਹੇ ਰਾਜਨ! ਅੱਜ ਤੋਂ ਉਦੈਪੁਰ ਦਾ ਰਾਜਾ ਮੇਰੇ ਦਰਸ਼ਨ ਨਹੀਂ ਕਰ ਸਕਦਾ। ਜਿੰਨਾ ਚਿਰ ਰਾਜ ਕੁਮਾਰ ਰਹੇ ਦਰਸ਼ਨਾਂ ਨੂੰ ਆਵੇ। ਰਾਜ ਤਿਲਕ ਤੋਂ ਪਿਛੋਂ ਜੋ ਦਰਸ਼ਨ ਕਰਨ ਆਵੇਗਾ ਉਹ ਜਿਊਂਦਾ ਨਹੀਂ ਰਹੇਗਾ।' ਇਹ ਕਹਿਣ ਪਿਛੋਂ ਮੂਰਤੀ ਦੇ ਚਿਹਰੇ ਤੋਂ ਦਾਹੜੀ ਅਲੋਪ ਹੋ ਗਈ। ਜੈਸੀ ਪੱਥਰ ਦੀ ਮੂਰਤੀ ਪਹਿਲਾਂ ਸੀ ਵੈਸੀ ਹੀ ਰਹਿ ਗਈ। ਇਸ ਮਹਾਨ ਘਟਨਾ ਵੱਲ ਇਸ਼ਾਰਾ ਕਰ ਕੇ ਮਨੁਖ ਨੂੰ ਪ੍ਰਭੂ ਭਗਤੀ ਕਰਨ ਤੇ ਝੂਠ ਛੱਡਣ ਵੱਲ ਪ੍ਰੇਰਿਆ ਹੈ।

# ੪੯. ਭਾਈ ਪਤੰਗ ਜੀ ਦਾ ਪ੍ਰਸੰਗ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸੱਚ ਝੂਠ ਦੇ ਨਿਤਾਰੇ ਦੀ ਕਥਾ ਹੈ। ਭਾਈ ਪਤੰਗ ਜੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ । ਇਹ ਲਾਹੌਰ ਵਿਚ ਰਿਹਾ ਕਰਦੇ ਸਨ । ਦੁਕਾਨ ਕਰਦੇ ਸਨ, ਦੁਕਾਨ ਤੋਂ ਬਿਨਾਂ ਲੋਕਾਂ ਦੀਆਂ ਅਮਾਨਤਾਂ ਵੀ ਰਖਦੇ ਸਨ ਕਿਉਂਕਿ ਉਹ ਸਤਯ ਵਾਲੇ ਬੰਦੇ ਸਨ । ਨਾ ਝੂਠ ਬੋਲਦੇ ਤੇ ਨਾ ਕਿਸੇ ਦੇ ਧਨ ਨੂੰ ਹਜ਼ਮ ਕਰਦੇ । ਧਰਮ ਕਿਰਤ ਵਿਚੋਂ ਜੋ ਸਰਦਾ ਬਣਦਾ ਉਹ ਗੁਰੂ ਦੇ ਨਮਿੱਤ ਸੰਤਾਂ ਸਾਧੂਆਂ ਗ਼ਰੀਬਾਂ ਗੁਰੂ ਦੇ ਪਿਆਰਿਆਂ ਨੂੰ ਛਕਾ ਛਡਦੇ, ਗੁਰੂ ਅਰਜਨ ਦੇਵ ਜੀ ਪਾਸ ਜਦੋਂ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਆਉਂਦੇ ਤਾਂ ਆਪਣੀ ਧਰਮ ਕਿਰਤ ਦੇ ਨਫ਼ੇ ਵਿਚੋਂ ਕੁਝ ਨਾ ਕੁਝ ਗੁਰੂ ਜੀ ਦੀ ਭੇਟ ਕਰ ਜਾਂਦੇ । ਸਾਰੇ ਲਾਹੌਰ ਸ਼ਹਿਰ ਵਿਚ ਸੱਚੇ ਪੁਰਖ ਮੰਨੇ ਹੋਏ ਸਨ । ਲਾਹੌਰ ਦਾ ਮੁਸਲਮਾਨ ਸੂਬੇਦਾਰ ਵੀ ਭਾਈ ਜੀ ਉਤੇ ਭਰੋਸਾ ਰਖਦਾ ਸੀ ।

ਲਾਹੌਰ ਦੇ ਸੂਬੇਦਾਰ ਦਾ ਦਰਬਾਰੀ ਜਮਾਲ ਖਾਂ ਇਕ ਦਿਨ ਕਿਤੇ ਜਾਣ ਲੱਗਾ ਦੋ ਸੌ ਮੋਹਰ (ਸੋਨੇ) ਦੀ ਥੈਲੀ ਭਾਈ ਜੀ ਦੀ ਹੱਟੀ ਬਤੌਰ ਅਮਾਨਤ ਰਖ ਗਿਆ । ਕੰਮਾਂ ਵਿਚ ਰੁਝਣ ਕਰਕੇ ਭਾਈ ਜੀ ਨੇ ਇਹ ਥੈਲੀ ਦੁਕਾਨ ਵਿਚ ਪਏ ਇਕ ਵਿਹਲੇ ਕੁਜੇ ਵਿਚ ਰਖ ਦਿਤੀ । ਅਮਾਨਤ ਵਾਲੇ ਖਾਨੇ ਵਿਚ ਰਖਣ ਦਾ ਖ਼ਿਆਲ ਨਾ ਰਿਹਾ ਤੇ ਨਾ ਹੀ ਅਮਾਨਤ ਖਾਤੇ ਉਹ ਰਕਮ ਲਿਖੀ ਗਈ। ਭਾਈ ਜੀ ਨੂੰ ਉਕਾ ਹੀ ਚੇਤਾ ਭੁਲ ਗਿਆ ।

ਕੁਝ ਸਮਾਂ ਪਾ ਕੇ ਜਮਾਲ ਖਾਂ ਭਾਈ ਪਤੰਗ ਜੀ ਕੋਲ ਆਇਆ ਤੇ ਅਮਾਨਤ ਰਖੀ ਆਪਣੀ ਦੋ ਸੌ ਮੋਹਰ ਮੰਗਣ ਲੱਗਾ । ਭਾਈ ਜੀ ਨੇ ਅਮਾਨਤ ਖਾਤਾ ਜਮਾਨਤ ਖ਼ਜ਼ਾਨਾ ਫੋਲ ਸੁਟਿਆ ਪਰ ਕਿਤੇ ਜਮਾਲ ਖਾਂ ਦਾ ਨਾਮ ਨਾ ਮਿਲਿਆ। ਹੱਟੀ ਵਿਚ ਉਹ ਥਾਵਾਂ ਦੇਖੀਆਂ ਜਿਥੇ ਆਮ ਅਮਾਨਤਾਂ ਰਖੀਆਂ ਜਾਂਦੀਆਂ ਸਨ । ਆਪਣੀ ਧਰਮ ਪਤਨੀ ਨੂੰ ਪੁਛਿਆ, ਉਸ ਵੀ ਉੱਤਰ ਦਿਤਾ—'ਸਵਾਮੀ ਜੀ ! ਆਪ ਨੇ ਕਦੀ ਕੋਈ ਦੋ ਸੌ ਮੋਹਰਾਂ ਦੀ ਥੈਲੀ ਮੈਨੂੰ ਨਹੀਂ ਫੜਾਈ, ਸ਼ਾਇਦ

ਕਿਤੇ ਹੋਰ ਥਾਂ ਤੇ ਰੱਖ ਲਈ ਹੋਵੇ।' ਸਾਰੀ ਪੜਤਾਲ ਕਰਨ ਪਿਛੋਂ ਉਨ੍ਹਾਂ ਨੇ ਜਮਾਲ ਖਾਂ ਨੂੰ ਉੱਤਰ ਦਿਤਾ ਕਿ—'ਹੇ ਖ਼ੁਦਾ ਦੇ ਬੰਦੇ! ਮੈਨੂੰ ਤਾਂ ਕੁਝ ਚੇਤਾ ਨਹੀਂ ਆਉਂਦਾ ਤੇ ਨਾ ਕਿਸੇ ਖਾਤੇ ਵਿਚੋਂ ਤੇਰੀ ਥੈਲੀ ਲੱਭਦੀ ਹੈ, ਮੈਂ ਕੀ ਦਸਾਂ ਮੇਰੇ ਕੋਲ ਰੱਖ ਗਿਆ ਹੈਂ ਕਿ ਨਹੀਂ। ਕਿਸੇ ਹੋਰ ਕੋਲ ਨਾ ਰੱਖ ਗਿਆ ਹੋਵੇਂ।'

ਜਮਾਲ ਖਾਂ ਦੇ ਪੈਰਾਂ ਹੇਠੋਂ ਮਿੱਟੀ ਨਿਕਲ ਗਈ, ਉਸ ਨੇ ਉਹ ਦੋ ਸੌ ਮੋਹਰ ਪੇਟ ਕੱਟ ਕੇ ਜੋੜੀ ਸੀ। ਉਹ ਔਖੇ ਸੁਖਾਲੇ ਵੇਲੇ ਵਾਸਤੇ ਉਸ ਦੀ ਜੀਵਨ ਪੂੰਜੀ ਸੀ। ਕੁਝ ਹੈਰਾਨੀ ਤੇ ਕ੍ਰੋਧ ਨਾਲ ਜਮਾਲ ਖਾਂ ਨੇ ਭਾਈ ਪਤੰਗ ਨੂੰ ਆਖਿਆ- 'ਓ ਭਾਈ! ਮੈਂ ਤਾਂ ਖ਼ੁਦਾ ਨੂੰ ਹਾਜਰ ਜਾਣ ਕੇ ਆਖਦਾ ਹਾਂ ਕਿ ਤੇਰੀ ਦੁਕਾਨ ਉਤੇ ਦੋ ਸੌ ਮੋਹਰ ਦੀ ਥੈਲੀ ਰੱਖ ਗਿਆ ਹਾਂ। ਮੇਰੇ ਗ਼ਰੀਬ ਨਾਲ ਜ਼ੁਲਮ ਨਾ ਕਰ ਮੇਰੀ ਮੋਹਰ ਮੋੜ ਦੇ। ਮੈਂ ਸੂਬੇ ਕੋਲ ਫ਼ਰਿਆਦ ਕਰਾਂਗਾ।'

'ਮੇਰੇ ਵੀਰ! ਮੇਰੇ ਕੋਲ ਤੇਰੀ ਅਮਾਨਤ ਨਹੀਂ, ਮੈਂ ਤੇਰੀ ਪੂਰੀ ਪੜਤਾਲ ਕਰ ਚੁੱਕਾ ਹਾਂ। ਸੂਬੇ ਅਗੇ ਫ਼ਰਿਆਦ ਕਰ ਜਾਂ ਨਾ ਕਰ, ਪਰ ਮੈਨੂੰ ਚੇਤਾ ਨਹੀਂ ਆਉਂਦਾ। ਨਾ ਕਾਗਜ਼ਾਂ ਵਿਚ ਲਿਖਿਆ ਹੈ।' ਭਾਈ ਪਤੰਗ ਜੀ ਨੇ ਜਮਾਲ ਖਾਂ ਨੂੰ ਉੱਤਰ ਦਿੱਤਾ।

ਉਦਾਸ ਚਿਤ ਜਮਾਲ ਖਾਂ ਸਿੱਧਾ ਸੂਬੇਦਾਰ ਦੀ ਕਚਹਿਰੀ ਵਿਚ ਪਹੁੰਚਾ ਸੂਬੇਦਾਰ ਦੇ ਸਾਹਮਣੇ ਹੋ ਕੇ ਫ਼ਰਿਆਦੀ ਹੋਇਆ ਕਿ ਉਸ ਨੂੰ ਭਾਈ ਪਤੰਗ ਨੇ ਦਿਨ ਦਿਹਾੜੇ ਲੁੱਟ ਲਿਆ ਹੈ। ਦੋ ਸੌ ਮੋਹਰ ਅਮਾਨਤ ਰੱਖੀ ਸੀ, ਉਹ ਹਜ਼ਮ ਕਰ ਗਿਆ ਤੇ ਕੋਰਾ ਜਵਾਬ ਦੇ ਦਿੱਤਾ ਹੈ।

ਸੂਬੇਦਾਰ ਲਾਹੌਰ ਉਸ ਸਮੇਂ ਬਾਦਸ਼ਾਹ ਵਰਗਾ ਦਰਜਾ ਰੱਖਦਾ ਸੀ। ਉਸ ਨੇ ਉਸ ਵੇਲੇ ਉਮਰਾਉ (ਦਰਬਾਰੀ) ਨੂੰ ਭੇਜ ਕੇ ਭਾਈ ਸਾਹਿਬ ਨੂੰ ਬੁਲਾ ਲਿਆ, ਅਕਾਲ ਪੁਰਖ ਉਤੇ ਭਰੋਸਾ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਯਾਦ ਕਰ ਕੇ ਸੂਬੇਦਾਰ ਦੇ ਦੀਵਾਨ ਖਾਨੇ ਖ਼ਾਸ ਵਿਚ ਹਾਜਰ ਹੋ ਗਏ। ਅਗੇ ਦਰਬਾਰ ਲੱਗਾ ਹੋਇਆ ਸੀ। ਬਹੁਤ ਸਾਰੇ ਮੌਲਵੀ ਤੇ ਸਿਆਣੇ ਦਰਬਾਰੀ ਪੁਰਸ਼ ਬੈਠੇ ਸਨ। ਜਦੋਂ ਭਾਈ ਪਤੰਗ ਜੀ ਸੂਬੇਦਾਰ ਦੇ ਨੇੜੇ ਪੁੱਜੇ ਤਾਂ ਬਾਦਸ਼ਾਹ ਨੇ ਉਨ੍ਹਾਂ ਨੂੰ ਦਬਕੇ ਨਾਲ ਆਖਿਆ—'ਭਾਈ ਪਤੰਗ ਜੀ! ਜਮਾਲ ਖਾਂ ਨੇ ਤੁਸਾਂ ਵਿਰੁੱਧ ਮੁਕੱਦਮਾ ਕੀਤਾ ਹੈ ਕਿ ਤੁਸੀਂ ਇਨ੍ਹਾਂ ਦੀ ਦੋ ਸੌ ਮੋਹਰ ਦੀ ਥੈਲੀ ਜੋ ਅਮਾਨਤ ਰੱਖੀ ਸੀ, ਉਹ ਹੁਣ ਵਾਪਸ ਨਹੀਂ ਕਰ ਰਹੇ। ਮਾਮਲਾ ਕੀ ਹੈ, ਮੈਂ ਤਾਂ ਆਪ

ਨੂੰ ਸੱਚਾ ਖ਼ੁਦਾ ਦਾ ਬੰਦਾ ਸਮਝਦਾ ਹਾਂ, ਪਰ ਜਮਾਲ ਖਾਂ ਨੂੰ ਵੀ ਝੂਠਾ ਨਹੀਂ ਕਰ ਸਕਦਾ ਕਿਉਂਕਿ ਹੁਣ ਤਕ ਉਸ ਨੇ ਕੋਈ ਫ਼ਰੇਬ ਨਹੀਂ ਕੀਤਾ। ਮੈਂ ਕਿਸ ਤਰ੍ਹਾਂ ਫ਼ੈਸਲਾ ਕਰਾਂ।'

ਗੁਰੂ ਜੀ ਦਾ ਸ਼ਰਧਾਲੂ ਸਿੱਖ ਭਾਈ ਪਤੰਗ ਜੀ ਬੋਲਿਆ—'ਹੇ ਬਾਦਸ਼ਾਹ ਸਲਾਮਤ! ਮੈਂ ਆਪ ਹੈਰਾਨ ਹਾਂ। ਵੀਰ ਜਮਾਲ ਖਾਂ ਝੂਠ ਬੋਲਣ ਵਾਲਾ ਨਹੀਂ, ਪਰ ਮੇਰੇ ਘਰੋਂ ਉਹ ਚੀਜ਼ ਮਿਲ ਵੀ ਨਹੀਂ ਰਹੀ। ਨਾ ਚੇਤਾ ਆਉਂਦਾ ਹੈ ਕਿ ਇਹ ਸਚਮੁਚ ਦੇ ਗਿਆ ਹੈ ਤਾਂ ਮੈਂ ਕਿਥੇ ਰਖ ਬੈਠਾ। ਜੇ ਆਖਦੇ ਹੋ ਤਾਂ ਮੈਂ ਦੋ ਸੌ ਮੋਹਰ ਪਲਿਓਂ ਭਰ ਦੇਂਦਾ ਹਾਂ ਤਾਂ ਕਿ ਇਸ ਦੀ ਆਤਮਾ ਦੁਖੀ ਨਾ ਹੋਵੇ। ਜੇ ਇਕ ਨੇਕ ਪੁਰਸ਼ ਦੀ ਆਤਮਾ ਦੁਖੀ ਹੋਈ ਤਾਂ ਮੇਰਾ ਕਰਤਾਰ ਮੇਰੇ ਨਾਲ ਗੁੱਸੇ ਹੋ ਜਾਵੇਗਾ।'

'ਭਾਈ ਪਤੰਗ ਇਹ ਨਹੀਂ ਹੋ ਸਕਦਾ। ਨਿਆਏ ਕੀਤੇ ਬਿਨਾਂ ਮੋਹਰਾਂ ਕਿਵੇਂ ਭਰੇ? ਹਾਂ ਇਕ ਵਿਉਂਤ ਹੈ ਕਿ ਤੇਲ ਦਾ ਕੜਾਹਿਆ ਗਰਮ ਕੀਤਾ ਜਾਂਦਾ ਹੈ, ਉਸ ਵਿਚ ਤਾਂਬੇ ਦੇ ਪੈਸੇ ਸੁਟੇ ਜਾਂਦੇ ਹਨ, ਤੁਸਾਂ ਦੋਨਾਂ ਨੂੰ ਕੜਾਹੇ ਵਿਚੋਂ ਵਾਰੀ ਵਾਰੀ ਪੈਸੇ ਕੱਢਣੇ ਪੈਣਗੇ। ਜੋ ਝੂਠਾ ਹੋਵੇਗਾ ਉਸ ਦਾ ਹੱਥ ਸੜੇਗਾ ਕਿਉਂਕਿ ਖ਼ੁਦਾ ਸਭ ਦੇ ਕਰਮਾਂ ਨੂੰ ਦੇਖਦਾ ਹੈ। ਮੈਂ ਗੁਪਤ ਰਖੀ ਚੀਜ਼ ਦਾ ਕੀ ਨਿਆਏ ਕਰ ਸਕਦਾ ਹਾਂ।'

ਭਾਈ ਪਤੰਗ—'ਬਹੁਤ ਹੱਛਾ! ਬਾਦਸ਼ਾਹ ਸਲਾਮਤ! ਇਸ ਤਰ੍ਹਾਂ ਹੀ ਕੀਤਾ ਜਾਵੇ।'

ਭੱਠੀ ਬਣਾ ਕੇ ਅੱਗ ਬਾਲੀ ਗਈ, ਦਸ ਸੇਰ ਤੇਲ ਪਾ ਕੇ ਕੜਾਹੇ ਵਿਚ ਭੱਠੀ ਦੇ ਉਪਰ ਰਖ ਦਿੱਤਾ ਗਿਆ, ਜਦੋਂ ਤੇਲ ਰਿਝਣ ਲੱਗ ਪਿਆ ਤੇ ਉਬਾਲੇ ਤੇ ਉਬਾਲਾ ਆਉਣ ਲਗਾ ਤਾਂ ਬਾਦਸ਼ਾਹ ਨੇ ਭਾਈ ਪਤੰਗ ਨੂੰ ਹੁਕਮ ਕੀਤਾ, ਉਹ ਹੱਥ ਕੜਾਹੇ ਵਿਚ ਪਾ ਕੇ ਤਾਂਬੇ ਦਾ ਪੈਸਾ ਵਿਚੋਂ ਕੱਢਣ। ਭਾਈ ਸਾਹਿਬ ਨੇ ਅਕਾਲ ਪੁਰਖ ਦਾ ਆਸਰਾ ਲਿਆ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਚੇਤੇ ਕੀਤਾਂ ਤੇ ਨਿਰਭਉ ਉਬਲਦੇ ਤੇਲ ਵਿਚ ਹੱਥ ਪਾ ਕੇ ਪੈਸਾ ਬਾਹਰ ਕੱਢ ਦਿਤਾ। ਉਨ੍ਹਾਂ ਦੇ ਹੱਥ ਨੂੰ ਤੱਤੀ ਵਾ ਨਾ ਲਗੀ। ਸਾਰੇ ਦਰਬਾਰੀ ਆਖਣ ਲਗ ਪਏ। ਭਾਈ ਪਤੰਗ ਸੱਚਾ ਹੈ ਇਹ ਨੇਕ ਪੁਰਸ਼ ਹੈ ਤੇ ਭਾਈ ਪਤੰਗ ਨੇ ਗੁਰੂ ਜੀ ਦਾ ਧੰਨਵਾਦ ਕੀਤਾ।

ਦੂਸਰੇ ਪਾਸੇ ਡੋਲਦੇ ਮਨ ਨਾਲ ਜਮਾਲ ਖਾਂ ਨੇ ਕੜਾਹੇ ਵਿਚ ਹੱਥ ਪਾਇਆ। ਉਹ ਪੈਸਾ ਨਾ ਕੱਢ ਸਕਿਆ ਉਸ ਦਾ ਹੱਥ ਸੜ ਗਿਆ। ਸੜਨ ਦੀ ਪੀੜਾ ਨਾਲ ਬੇਸੁਰਤ ਹੋ ਕੇ ਕੜਾਹੇ ਦੇ ਲਾਗੇ ਪਿਛਲੀ ਪੈਰੀਂ ਧਰਤੀ ਉਤੇ ਡਿਗ ਪਿਆ। ਦਰਬਾਰੀਆਂ ਨੇ ਉਸ ਨੂੰ ਚੁਕਿਆ ਤੇ ਸ਼ਾਹੀ ਸ਼ਫਾ ਖਾਨੇ ਵਿਚ ਭੇਜ ਦਿਤਾ, ਜਿਥੇ ਉਸ ਦੇ ਹੱਥ ਤੇ ਉਸ ਦੀ ਬਾਂਹ ਦਾ ਇਲਾਜ ਹੋਣ ਲੱਗਾ।

ਉਧਰ ਭਾਈ ਪਤੰਗ ਜੀ ਜਦੋਂ ਖ਼ੁਸ਼ੀ ਖ਼ੁਸ਼ੀ ਹੱਟੀ ਤੇ ਆਏ ਤਾਂ ਵਾਹਿਗੁਰੂ ਨੇ ਹੋਰ ਹੀ ਭਾਣਾ ਵਰਤਾ ਦਿਤਾ। ਇਕ ਗਾਹਕ ਆਇਆ ਉਸ ਨੇ ਇਕ ਚੀਜ਼ ਮੰਗੀ, ਉਸ ਨੂੰ ਲਭਨ ਗਿਆਂ ਭਾਈ ਸਾਹਿਬ ਨੇ ਜਾਂ ਪਹਿਲੇ ਕੁਜੇ ਵਿਚ ਹੱਥ ਪਾਇਆ ਤਾਂ ਉਨ੍ਹਾਂ ਨੂੰ ਦੋ ਸੌ ਮੋਹਰਾਂ ਵਾਲੀ ਥੈਲੀ ਲੱਭ ਪਈ। ਥੈਲੀ ਨੂੰ ਦੇਖ ਕੇ ਖ਼ੁਸ਼ੀ ਨਾਲ ਐਨੇ ਉਛਲੇ ਕਿ ਗਾਹਕ ਨੂੰ ਸੌਦਾ ਦੇਣਾ ਵੀ ਭੁੱਲ ਗਏ। ਜਮਾਲ ਖਾਂ ਵਲ ਨੱਸ ਉਠੇ, 'ਜਮਾਲ ਤੂੰ ਸੱਚਾ ਸੀ, ਜਮਾਲ ਤੂੰ ਸੱਚਾ ਸੀ।' ਜ਼ਬਾਨੋਂ ਆਖੀ ਜਾਂਦੇ ਸਨ।

ਜਮਾਲ ਖਾਂ ਸ਼ਾਹੀ ਸ਼ਫਾਖਾਨੇ ਵਿਚ ਮੰਜੇ ਉਤੇ ਲੇਟਿਆ ਸੀ। ਉਸ ਨੂੰ ਪੀੜ ਤਾਂ ਚੋਖੀ ਹੁੰਦੀ ਸੀ ਪਰ ਉਹ ਹੋਸ਼ ਵਿਚ ਸੀ। ਭਾਈ ਪਤੰਗ ਨੇ ਉਸ ਦੇ ਕੋਲ ਜਾ ਕੇ ਬੇਨਤੀ ਕੀਤੀ—'ਭਾਈ ਜਮਾਲ ਖਾਂ! ਇਹ ਤੇਰੀ ਦੋ ਸੌ ਮੋਹਰ ਦੀ ਥੈਲੀ ਲੱਭ ਪਈ। ਤੂੰ ਸੱਚਾ ਸੀ! ਸੰਭਾਲ ਲੈ! ਤੂੰ ਸੱਚਾ ਸੀ।' ਮੋਹਰਾਂ ਦੀ ਥੈਲੀ ਦੇਖ ਕੇ ਜਮਾਲ ਖਾਂ ਦਰਦ ਭੁਲ ਗਿਆ, ਪਰ ਉਹ ਹੈਰਾਨ ਸੀ ਕਿ ਉਹ ਸੱਚਾ ਹੁੰਦਿਆਂ ਵੀ ਝੂਠਾ ਹੋ ਗਿਆ। ਉਸ ਡਡੋਲਿਕੇ ਹੋ ਕੇ ਆਖਿਆ—'ਮੈਂ ਮੋਹਰਾਂ ਨਹੀਂ ਲੈਂਦਾ। ਮੈਨੂੰ ਆਪਣੇ ਗੁਰੂ ਕੋਲ ਲੈ ਚਲ। ਉਸ ਗੁਰੂ ਦੇ ਮੈਂ ਦਰਸ਼ਨ ਕਰਨਾ ਚਾਹੁੰਦਾ ਹਾਂ, ਜਿਸ ਨੇ ਤੇਰੀ ਸਹਾਇਤਾ ਕੀਤੀ ਹੈ।'

ਜਮਾਲ ਖਾਂ ਨੇ ਥੈਲੀ ਨਾ ਲਈ। ਦੁਖਦੇ ਹੱਥ ਹੀ ਭਾਈ ਪਤੰਗ ਜੀ ਦੇ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਪੁੱਜ ਗਿਆ। ਅੰਤਰਜਾਮੀ ਜਾਣ ਗਏ ਤੇ ਜਮਾਲ ਖਾਂ ਨੂੰ ਸ਼ਾਂਤੀ ਬਖ਼ਸ਼ੀ। ਉਸ ਦਾ ਹੱਥ ਰਾਜੀ ਕੀਤਾ ਤੇ ਉਪਦੇਸ਼ ਦਿਤਾ—'ਤੇਰਾ ਹੱਥ ਨਹੀਂ ਸੀ ਸੜਨਾ ਜੇ ਤੂੰ ਵਾਹਿਗੁਰੂ ਦਾ ਭਾਣਾ ਮੰਨ ਲੈਂਦੋਂ। ਤੂੰ ਸ਼ੱਕ ਕੀਤਾ, ਜੇ ਭਾਣਾ ਮੰਨ ਕੇ ਘਰ ਚਲਿਆ ਜਾਂਦੋਂ ਤਾਂ ਤੇਰੀ ਮਾਇਆ ਤੈਨੂੰ ਮਿਲ ਜਾਣੀ ਸੀ। ਇਸ (ਭਾਈ ਪਤੰਗ) ਨੂੰ ਚੇਤਾ ਭੁਲ ਗਿਆ ਸੀ, ਚੇਤਾ ਭੁਲਣਾ ਅਧਰਮ ਨਹੀਂ ਹੈ।

ਦੋ ਸੌ ਮੋਹਰਾਂ ਵਾਪਸ ਲੈ ਲੈ ।'

ਗੁਰੂ ਜੀ ਦੇ ਇਹ ਬਚਨ ਸੁਣ ਕੇ ਜਮਾਲ ਖਾਂ ਨੇ ਦੋ ਸੌ ਮੋਹਰਾਂ ਭਾਈ ਪਤੰਗ ਜੀ ਦੇ ਹੱਥੋਂ ਫੜ ਲਈਆਂ ਤੇ ਗੁਰੂ ਜੀ ਦੇ ਚਰਨਾਂ ਉਤੇ ਰੱਖ ਕੇ ਮੱਥਾ ਟੇਕ ਦਿਤਾ । ਪੰਜਵੇਂ ਪਾਤਸ਼ਾਹ ਨੇ ਦੋਹਾਂ ਸਿੱਖਾਂ ਪ੍ਰਥਾਏ ਇਹ ਸਲੋਕ ਉਚਾਰੇ—

*ਲਖ ਘਾਟੀਂ ਊਚੌ ਘਨੋ ਚੰਚਲ ਚੀਤ ਬਿਹਾਲ ॥ ਨੀਚ ਕੀਚ ਨਿਮ੍ਰਿਤ ਘਨੀ ਕਰਨੀ ਕਮਲ ਜਮਾਲ ॥੯॥ ਕਮਲ ਨੈਨ ਅੰਜਨ ਸਿਆਮ ਚੰਦ੍ਰ ਬਦਨ ਚਿਤ ਚਾਰ ॥ ਮੂਸਨ ਮਗਨ ਮਰੰਮ ਸਿਉ ਖੰਡ ਖੰਡ ਕਰਿ ਹਾਰ ॥੧੦॥ ਮਗਨੁ ਭਇਓ ਪ੍ਰਿਅ ਪ੍ਰੇਮ ਸਿਉ ਸੂਧ ਨ ਸਿਮਰਤ ਅੰਗ ॥ ਪ੍ਰਗਟਿ ਭਇਓ ਸਭ ਲੋਅ ਮਹਿ ਨਾਨਕ ਅਧਮ ਪਤੰਗ ॥੧੧॥*

*(ਚਉਬੋਲੇ ਮ: ੫)*

# ੫੦. ਜਮਦਗਨਿ

ਜਮਦਗਨਿ ਨੇ ਖੱਤਰੀਆਂ ਦੀ ਵੰਸ਼ 'ਚ ਜਨਮ ਲਿਆ । ਇਹ ਬ੍ਰਾਹਮਣ ਵਡਗੁਣਾਂ ਵਾਲਾ ਸੀ । ਇਹ ਸਤਯਵਤੀ ਦੀ ਕੁਖੋਂ ਰਚੀਕ ਦੇ ਬੀਰਜ ਤੋਂ ਪੈਦਾ ਹੋਇਆ, ਜਦੋਂ ਜਵਾਨ ਹੋਇਆ ਤਾਂ ਰਾਜੇ ਪ੍ਰਸੇਨ ਦੀ ਕੰਨਿਆਂ ਰੇਣਕਾ ਨਾਲ ਇਸ ਦਾ ਵਿਆਹ ਹੋ ਗਿਆ । ਇਹਨਾਂ ਦੇ ਘਰ ਪੰਜ ਪੁੱਤਰ ਹੋਏ—ਰੁਮਨਵਾਨ, ਸੁਖੇਣ ਬਹੁ, ਵਿਸ਼ਵਾਬਹੁ ਅਤੇ ਪਰਸਰਾਮ।

ਜਮਦਗਨਿ ਆਪਣੀ ਇਸਤਰੀ ਰੇਣਕਾ ਨਾਲ ਲੜ ਪਿਆ । ਗੁੱਸੇ ਵਿਚ ਆ ਕੇ ਇਸ ਨੇ ਆਪਣੇ ਪੁੱਤਰ ਪਰਸਰਾਮ ਨੂੰ ਆਖਿਆ—'ਪੁੱਤਰ ਪਰਸਰਾਮ ਆਪਣੀ ਮਾਂ ਤੇ ਚੌਂਹ ਭਰਾਵਾਂ ਨੂੰ ਮਾਰ ਦੇਹ, ਇਹ ਪਾਪੀ ਜੀਉਣ ਯੋਗ ਨਹੀਂ ।' ਬਾਪ ਦਾ ਹੁਕਮ ਮੰਨ ਕੇ ਪਰਸ ਰਾਮ ਨੇ ਰੇਣਕਾ ਤੇ ਚੌਂਹ ਭਰਾਵਾਂ ਦੇ ਸਿਰ ਵੱਢ ਸੁਟੇ ।

ਰਾਜਾ ਕਾਰਤਿ ਵੀਰ਼ਜ (ਸਹਸਰ ਬਾਹੂ) ਨੇ ਜਮਦਗਨਿ ਨੂੰ ਮਾਰਿਆ ਸੀ, ਉਸ ਦੇ ਹਜ਼ਾਰਾਂ ਹੱਥ ਸਨ, ਪਰਸ ਰਾਮ ਨੇ ਇਸ ਦਾ ਪਿੱਛਾ ਕੀਤਾ ਤੇ ਉਸ ਰਾਜੇ ਨੂੰ ਮਾਰ ਕੇ ਆਪਣੇ ਬਾਪ ਦਾ ਬਦਲਾ ਲਿਆ । ਭਾਈ ਗੁਰਦਾਸ ਜੀ ਨੇ ਇਨ੍ਹਾਂ ਪ੍ਰਥਾਇ ਲਿਖਿਆ ਹੈ—

*ਸਹਸ ਬਾਹੁ ਜਮਦਗਨਿ ਘਰਿ ਹੋਇ ਪਰਾਹੁਣਚਾਰੀ ਆਇਆ ॥*
*ਕਾਮਧੇਣੁ ਲੋਭਾਇਕੈ ਜਮਦਗਨੈ ਦਾ ਸਿਰੁ ਵਢਵਾਇਆ ॥* (ਵਾਰ ੨੩/੭)

ਭਾਵ—ਹਜ਼ਾਰਾਂ ਬਾਹੀਂ ਵਾਲਾ ਰਾਜਾ ਜਮਦਗਨਿ ਦੇ ਘਰ ਪ੍ਰਾਹੁਣਾ ਬਣ ਕੇ ਆਇਆ। ਜਮਦਗਨਿ ਦੀ ਕਾਮਧੇਨ ਗਊ ਦੇਖ ਕੇ ਲਾਲਚ ਵਿਚ ਆ ਗਿਆ। ਉਸ ਨੇ ਜਮਦਗਨਿ ਨੂੰ ਮਾਰ ਦਿੱਤਾ। ਇਸੇ ਗੁੱਸੇ ਕਰਕੇ ਪਰਸਰਾਮ ਨੇ ਇੱਕੀ ਵਾਰੀ ਖੱਤਰੀਆਂ ਦਾ ਖ਼ੂਨ ਕੀਤਾ ਸੀ।

# ੫੧. ਮਾਤਾ ਦੇਵਕੀ ਜੀ

ਮਾਤਾ ਦੇਵਕੀ ਜੀ ਸ੍ਰੀ ਕ੍ਰਿਸ਼ਨ ਭਗਵਾਨ ਨੂੰ ਜਨਮ ਦੇਣ ਵਾਲੀ ਸੀ, ਇਹ ਰਾਜੇ ਦੇਵਕੀ ਦੀ ਲੜਕੀ ਸੀ ਪਰ ਇਸ ਦੇ ਤਾਏ ਰਾਜੇ ਉਗਰਸੈਨ ਨੇ ਇਸ ਨੂੰ ਪਾਲਿਆ ਸੀ। ਉਗਰਸੈਨ ਦਾ ਪੁੱਤਰ ਕੰਸ ਸੀ। ਜਦੋਂ ਦੇਵਕੀ ਦਾ ਵਿਆਹ ਹੋਇਆ ਤਾਂ ਕੰਸ ਨੂੰ ਪਤਾ ਲਗ ਗਿਆ ਕਿ ਦੇਵਕੀ ਦਾ ਜੋ ਅੱਠਵਾਂ ਪੁੱਤਰ ਹੋਵੇਗਾ, ਉਹ ਕੰਸ ਨੂੰ ਮਾਰੇਗਾ ਤਾਂ ਕੰਸ ਨੇ ਦੇਵਕੀ ਤੇ ਉਸ ਦੇ ਪਤੀ ਵਾਸਦੇਵ ਨੂੰ ਕੈਦ ਕਰ ਲਿਆ। ਦੇਵਕੀ ਦੇ ਛੇ ਪੁੱਤਰ ਮਾਰ ਦਿਤੇ ਗਏ, ਸਤਵਾਂ ਤੇ ਅਠਵਾਂ ਪੁੱਤਰ ਬਚ ਗਏ। ਅਠਵੇਂ ਬੇਟੇ ਦਾ ਨਾਮ ਸ੍ਰੀ ਕ੍ਰਿਸ਼ਨ ਸੀ, ਤਦੇ ਹੀ ਭਗਤ ਨਾਮਦੇਵ ਜੀ ਉਚਾਰਦੇ ਹਨ—

ਧਨਿ ਧਨਿ ਤੂ ਮਾਤਾ ਦੇਵਕੀ ॥ ਜਿਹ ਗ੍ਰਿਹ ਰਮਈਆ ਕਵਲਾਪਤੀ ॥੨॥

'ਹੇ ਮਾਤਾ ਦੇਵਕੀ! ਤੂੰ ਧੰਨ ਹੈਂ, ਜਿਸ ਦੇ ਘਰ ਭਗਵਾਨ ਨੇ ਅਵਤਾਰ ਧਾਰਿਆ।'

# ੫੨. ਧਰਮਰਾਇ

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ 'ਧਰਮਰਾਇ' ਨਾਮ ਬਹੁਤ ਆਉਂਦਾ ਹੈ, ਜਿਵੇਂ—

ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥
ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥

ਹਿੰਦੂ ਗ੍ਰੰਥਾਂ ਤੇ ਮਾਰਕੰਡਯ ਪੁਰਾਨ ਦੇ ਕਥਨ ਅਨੁਸਾਰ ਵਿਸ਼ੂਕਰਮਾ ਦੀ

ਪੁੱਤਰੀ ਸੰਗਯਾ ਸੂਰਜ ਨਾਲ ਵਿਆਹੀ ਗਈ। ਸੰਗਯਾ ਦੀ ਕੁਖੋਂ ਇਕ ਲੜਕੇ ਤੇ ਇਕ ਲੜਕੀ ਨੇ ਜਨਮ ਲਿਆ, ਲੜਕੇ ਦਾ ਨਾਮ ਯਮ ਤੇ ਲੜਕੀ ਦਾ ਨਾਮ ਯਖਣੀ ਰਖਿਆ। ਇਸੇ ਹੀ ਯਮ ਦਾ ਨਾਮ ਧਰਮਰਾਇ ਹੈ। ਭਗਵਾਨ (ਅਕਾਲ ਪੁਰਖ) ਨੇ ਇਨ੍ਹਾਂ ਨੂੰ ਜੀਵਾਂ ਦੇ ਮੰਦੇ ਚੰਗੇ ਕਰਮਾਂ ਦੀ ਪੜਤਾਲ ਕਰਨ ਵਾਸਤੇ ਮੁਕੱਰਰ ਕੀਤਾ। ਜਿਥੇ ਇਨ੍ਹਾਂ ਦਾ ਦਫ਼ਤਰ ਹੈ ਉਸ ਨੂੰ ਜਮਪੁਰੀ ਆਖਿਆ ਜਾਂਦਾ ਹੈ। ਜਦੋਂ ਪੁਰਸ਼ ਦੀ ਮੌਤ ਹੁੰਦੀ ਹੈ ਤਾਂ ਯਮ ਦੇ ਆਦਮੀ 'ਯਮਦੂਤ' ਜੀਅ ਨੂੰ ਇਸ ਦੇ ਦਰਬਾਰ ਵਿਚ ਹਾਜ਼ਰ ਕਰਦੇ ਹਨ। ਹਿਸਾਬ ਹੁੰਦਾ ਹੈ। ਯਮ ਨਿਆਏ ਪੂਰਾ ਕਰਦਾ ਹੈ। ਜਿੰਨਾ ਕਿਸੇ ਨੇ ਧਰਮ ਪੁੰਨ, ਪਾਠ ਭਗਤੀ ਕੀਤੀ ਹੁੰਦੀ ਹੈ ਉਸ ਦਾ ਓਨਾ ਫਲ ਅੱਡ ਮਿਲਦਾ ਹੈ ਤੇ ਜਿਸ ਨੇ ਜਿੰਨੇ ਮੰਦੇ ਕਰਮ ਕੀਤੇ ਹੋਏ ਹੁੰਦੇ ਨੇ, ਓਨਾ ਮੰਦੇ ਕੰਮਾਂ ਦਾ ਦੰਡ ਮਿਲਦਾ ਹੈ, ਜਿਵੇਂ ਲਿਖਿਆ ਹੈ—

*ਮੰਦੇ ਅਮਲ ਕਰੇਂਦਿਆ ਏਹ ਸਜਾਇ ਤਿਨਾਹ ॥੪੯॥*

# ੫੩. ਬ੍ਰਹਮਾ ਜੀ ਦੀ ਜੀਵਨ ਕਥਾ

*ਨਾਭਿ ਕਮਲ ਤੇ ਬ੍ਰਹਮਾ ਉਪਜੇ ਬੇਦ ਪੜਹਿ ਮੁਖਿ ਕੰਠਿ ਸਵਾਰਿ ॥*
*ਤਾ ਕੋ ਅੰਤੁ ਨ ਜਾਈ ਲਖਣਾ ਆਵਤ ਜਾਤ ਰਹੈ ਗੁਬਾਰਿ ॥* (ਗੂਜਰੀ ਮਹਲਾ ੧)

ਆਖਦੇ ਹਨ ਪਹਿਲਾਂ ਹਨੇਰਾ ਹੀ ਹਨੇਰਾ ਸੀ। ਉਸ ਹਨੇਰੇ ਦੇ ਵਿਚ ਸਾਗਰ ਠਾਠਾਂ ਮਾਰਦਾ ਫਿਰਦਾ ਸੀ। ਸ੍ਰਿਸ਼ਟੀ ਦੀ ਰਚਨਾ ਅਜੇ ਨਹੀਂ ਸੀ ਹੋਈ ਪਰ ਸਰਬ ਸ਼ਕਤੀਵਾਨ ਭਗਵਾਨ ਜਿਸ ਨੂੰ 'ਨਾਰਾਇਣ' ਆਖਿਆ ਜਾਂਦਾ ਹੈ, ਇਕੱਲਾ ਸਾਗਰ ਦੀ ਸਤਹ ਉਤੇ ਬੈਠਦਾ ਰਹਿੰਦਾ। ਨਾਰਾਇਣ ਦੇ ਨਾਲ ਉਸ ਦੀ ਜੀਵਨ ਸਾਥਨ ਕਮਲਾ ਹੁੰਦੀ ਜੋ ਸਦਾ ਚਰਨ ਘੁਟਦੀ ਰਹਿੰਦੀ।

ਆਖਦੇ ਨੇ ਇਕ ਦਿਨ ਨਰਾਇਣ ਜੀ ਸਾਗਰ ਦੀ ਸਤਹ ਉਪਰ ਬਿਰਾਜੇ ਹੋਏ ਸਨ। ਲੱਤ ਉਪਰ ਲੱਤ ਰਖੀ ਹੋਈ ਸੀ। ਕਮਲਾ (ਲਛਮੀ) ਉਹਨਾਂ ਦੇ ਚਰਨਾਂ ਨੂੰ ਪ੍ਰੀਤ ਤੇ ਸ਼ਰਧਾ ਨਾਲ ਘੁਟ ਰਹੀ ਸੀ, ਉਸ ਸਮੇਂ ਨਰਾਇਣ ਨੂੰ ਫੁਰਨਾ ਫੁਰਿਆ ਕਿ ਇਸ ਸਾਗਰ ਤੇ ਹੁਣ ਕੋਈ ਹੋਰ ਖੇਡ ਕਰਨੀ ਚਾਹੀਏ ਜਿਸ ਨਾਲ ਰੌਣਕ ਬਣੀ ਰਹੇ। ਦਿਲ ਪਰਚਾਵਾ ਹੁੰਦਾ ਰਹੇ ਇਕੱਲਿਆਂ ਦਾ

ਜੀਵਨ ਕੀ ਹੈ। 'ਇਕ ਤੋਂ ਅਨੇਕ ਹੋ' ਦਾ ਫੁਰਨਾ ਸੀ। ਉਸ ਵੇਲੇ ਨਰਾਇਣ ਦੀ ਧੁੰਨੀਂ ਵਿਚੋਂ ਕਮਲ ਫੁਲ ਉਤਪੰਨ ਹੋਇਆ। ਉਹ ਕਮਲ ਜਾਂ ਖਿੜਿਆ ਤਾਂ ਬ੍ਰਹਮਾ ਪੈਦਾ ਹੋ ਗਿਆ। ਕਮਲਾ ਇਹ ਖੇਡ ਦੇਖ ਕੇ ਖ਼ੁਸ਼ ਹੁੰਦੀ ਗਈ। ਬ੍ਰਹਮਾ ਨੇ ਅੱਖਾਂ ਖੋਲ੍ਹੀਆਂ ਆਪਣੇ ਚੌਗਿਰਦ ਜਲ ਹੀ ਜਲ ਦੇਖ ਕੇ ਹੈਰਾਨ ਹੋਇਆ। ਸੋਚਾਂ ਵਿਚ ਪੈ ਗਿਆ ਕਿ ਮੈਨੂੰ ਜਨਮ ਕਿਸ ਦਿੱਤਾ ਹੈ? ਮੇਰਾ ਬਾਪ ਕੌਣ ਹੈ? ਉਸ ਦੇ ਇਨ੍ਹਾਂ ਵਿਚਾਰਾਂ ਨੂੰ ਨਰਾਇਣ ਹੇਠਾਂ ਲੇਟੇ ਹੋਏ ਸੁਣੀ ਜਾਂਦੇ ਸਨ, ਪਰ ਮਾਇਆ ਦੇ ਬਲ ਨਾਲ ਬ੍ਰਹਮਾ ਨੂੰ ਨਹੀਂ ਸਨ ਦਿਸਦੇ। ਗੁਪਤ ਬੈਠੇ ਮੁਸਕਰਾਈ ਗਏ। ਬ੍ਰਹਮਾ ਸੋਚੀ ਗਿਆ—'ਮੈਂ ਕਿਉਂ ਰਚਿਆ ਗਿਆ ਹਾਂ? ਮੈਂ ਕੀ ਕੰਮ ਕਰਨੇ ਹੋਣਗੇ? ਮੇਰਾ ਸਾਥੀ ਕੌਣ ਹੋਵੇਗਾ?' ਹੁਣ ਉਹ ਕਮਲ ਫੁਲ ਉਪਰ ਬੈਠਾ ਸੀ। ਉਸ ਨੂੰ ਖ਼ਿਆਲ ਆਇਆ ਸ਼ਾਇਦ ਮੈਂ ਇਸ ਵਿਚੋਂ ਪ੍ਰਗਟ ਹੋਇਆ ਹਾਂ। ਹੇਠਾਂ ਜਾ ਕੇ ਦੇਖਾਂ ਤਾਂ ਸਹੀ। ਉਹ ਕਮਲ ਦੀ ਨਾੜ ਵਿਚ ਵੜ ਗਿਆ ਤੇ ਹੇਠਾਂ ਹੇਠਾਂ ਤੁਰਿਆ ਗਿਆ। ਕਈ ਯੁਗ ਬੀਤ ਗਏ, ਪਰ ਉਸ ਨੂੰ ਹਾਥ ਨਾ ਆਈ। ਨਾ ਸ੍ਰਿਸ਼ਟੀ ਲੱਭੀ ਨਾ ਮਾਈ ਬਾਪ। ਬਸ ਉਹ ਇਕੱਲਾ ਹੀ ਹਨੇਰੇ ਨਾਲ ਘੁਲਦਾ ਫਿਰਦਾ ਸੀ। ਕਈ ਚਿਰ ਫਿਰਨ ਪਿਛੋਂ ਮੁੜ ਕਮਲ ਦੀ ਨਾੜ ਰਾਹੀਂ ਉਪਰ ਆਇਆ। ਕਮਲ ਫੁਲ ਉਤੇ ਪਦਮਾਸਨ ਬੈਠ ਕੇ ਤਪ ਕਰਨ ਲੱਗਾ। ਤਪ ਕਰਦੇ ਨੂੰ ਕਈ ਸਾਲ ਬੀਤ ਗਏ।

# ੫੪. ਰਾਜਾ ਬਲਿ ਦੀ ਕਥਾ

ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗਿ ਕਰਾਵੈ।
ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।
ਰਾਜੇ ਅੰਦਰਿ ਸਦਿਆ ਮੰਗੁ ਸੁਆਮੀ ਜੋ ਤੁਧੁ ਭਾਵੈ।
ਅਛਲੁ ਛਲਣਿ ਤੁਧੁ ਆਇਆ ਸੁਕ੍ਰ ਪੁਰੋਹਿਤੁ ਕਹਿ ਸਮਝਾਵੈ।
ਕਰੌਂ ਅਢਾਈ ਧਰਤਿ ਮੰਗਿ ਪਿਛਹੁ ਦੇ ਤ੍ਰਿਹੁ ਲੋਅ ਨ ਮਾਵੈ।
ਦੁਇ ਕਰਵਾਂ ਕਰਿ ਤਿੰਨ ਲੋਅ ਬਲਿ ਰਾਜਾ ਲੈ ਮਗਰੁ ਮਿਣਾਵੈ।
ਬਲਿ ਛਲਿ ਆਪੁ ਛਲਾਇਅਨੁ ਹੋਇ ਦਇਆਲੁ ਮਿਲੈ ਗਲਿ ਲਾਵੈ।
ਦਿਤਾ ਰਾਜੁ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।
ਹੋਇ ਦਰਵਾਨ ਮਹਾ ਸੁਖ ਪਾਵੈ ॥੩॥

(ਭਾਈ ਗੁਰਦਾਸ ਜੀ, ਵਾਰ ੧੦)

ਭਗਤ ਪ੍ਰਹਿਲਾਦ ਦਾ ਪੋਤਰਾ ਰਾਜਾ ਬਲਿ ਹੋਇਆ ਹੈ । ਇਸ ਦੇ ਪਿਤਾ ਦਾ ਨਾਮ ਵਿਰੋਚਨ ਸੀ । ਪੰਜਾਬ ਵਿਚ ਰਾਜ ਕਰਦੇ ਸਨ । ਮੁਲਤਾਨ ਸ਼ਹਿਰ ਰਾਜਧਾਨੀ ਸੀ। ਬਲਿ ਰਾਜਾ ਬੜਾ ਬਲੀ ਤੇ ਧਰਮਾਤਮਾ ਹੋਇਆ ਹੈ । ਭਾਈ ਗੁਰਦਾਸ ਜੀ ਲਿਖਦੇ ਹਨ ਕਿ ਉਹ ਆਪਣੇ ਘਰ (ਰਾਜਧਾਨੀ) ਵਿਚ ਬੈਠਾ ਹੋਇਆ ਬਹੁਤ ਯੱਗ ਕਰਦਾ ਤੇ ਦਾਨ ਦੇ ਰਿਹਾ ਸੀ । ਉਸ ਨੂੰ ਹੰਕਾਰ ਹੋ ਗਿਆ ਸੀ ਕਿ ਉਸ ਦੇ ਵਰਗਾ ਦਾਨੀ ਤੇ ਧਰਮੀ ਹੋਰ ਕੋਈ ਚੱਕ੍ਰਵਰਤੀ ਰਾਜਾ ਨਹੀਂ । ਉਸ ਦੇ ਹੰਕਾਰ ਨੂੰ ਤੋੜਨ ਵਾਸਤੇ ਪ੍ਰਮਾਤਮਾ ਨੇ ਬਾਵਨ (ਵੌਣਾ ਜਾਂ ਮਧਰਾ ਬ੍ਰਾਹਮਣ) ਦਾ ਰੂਪ ਧਾਰਨ ਕੀਤਾ ਤੇ ਉਹ ਬਾਵਨ (ਗਿਠ ਮੁਠੀਆ) ਚਾਰੇ ਵੇਦਾਂ ਦਾ ਸਾਰਾ ਪਾਠ ਜ਼ਬਾਨੀ ਕਰ ਲੈਂਦਾ ਸੀ । ਬ੍ਰਾਹਮਣ ਰੂਪ ਬਾਵਨ ਨੇ ਜਾ ਕੇ ਬਲਿ ਦੇ ਦਰਬਾਰ ਅਗੇ ਖਲੋ ਕੇ ਚੌਂਹ ਵੇਦਾਂ ਦਾ ਪਾਠ ਕੀਤਾ। ਇਹ ਦੇਖ ਕੇ ਬਲਿ ਨੇ ਅੰਦਰ ਸੱਦਿਆ ਕਿ ਗਿਠ ਮੁਠੀਆ ਬ੍ਰਾਹਮਣ ਕਿੰਨਾ ਵਿਦਵਾਨ ਹੈ। ਵਿਦਵਾਨ ਹੋ ਕੇ ਰਾਜੇ ਬਲਿ ਦੇ ਦਰ ਤੋਂ ਖ਼ਾਲੀ ਕਿਉਂ ਜਾਵੇ। ਅੰਦਰ ਸੱਦ ਕੇ ਰਾਜੇ ਨੇ ਆਖਿਆ—ਹੇ ਸਵਾਮੀ ਜੀ! ਜੋ ਇੱਛਾ ਜੇ ਮੰਗ ਲਵੋ। ਬੱਤੀਆਂ ਦੰਦਾਂ ਵਿਚੋਂ ਜੋ ਚੀਜ਼ ਮੰਗੋਗੇ ਸੋ ਮਿਲੇਗੀ ।'

ਬਾਵਨ ਬੋਲਿਆ—'ਹੇ ਰਾਜਨ! ਮੈਂ ਗਰੀਬ ਬ੍ਰਾਹਮਣ ਹਾਂ, ਮੈਂ ਨਿਥਾਵਾਂ ਹਾਂ, ਨਿਆਸਰਾ ਹਾਂ! ਜੇ ਕ੍ਰਿਪਾ ਕਰੋ ਤਾਂ ਢਾਈ ਕਰਮਾਂ ਮੇਰੀਆਂ ਬੂਹੇ ਅਗੇ ਧਰਤੀ ਬਖ਼ਸ਼ ਦੇਵੋ ਤਾਂ ਕਿ ਮੈਂ ਆਪ ਦੇ ਦਰਵਾਜ਼ੇ ਅਗੇ ਬੈਠਾ ਦਿਨ ਕੱਟ ਲਵਾਂ ਹੋਰ ਤਾਂ ਕੋਈ ਚੀਜ਼ ਦੀ ਤ੍ਰਿਸ਼ਨਾ ਨਹੀਂ।'

ਬਾਵਨ ਦੀ ਇਹ ਗੱਲ ਸੁਣ ਕੇ ਬਲਿ ਰਾਜਾ ਖਿੜ ਖਿੜਾ ਕੇ ਹੱਸ ਪਿਆ। ਹੱਸ ਕੇ ਕਹਿਣ ਲੱਗਾ—'ਪੰਡਤ ਜੀ! ਬਲਿ ਰਾਜੇ ਨੂੰ ਮਖੌਲ ਕੀਤਾ ਜੇ! ਤੇਰੀਆਂ ਢਾਈ ਕਰਮਾਂ ਧਰਤੀ ਵੀ ਤੈਨੂੰ ਆਸ਼ਰਮ ਬਨਾਉਣ ਵਾਸਤੇ ਨਹੀਂ ਮਿਲਦੀ। ਜੇ ਤੂੰ ਮੰਗਣਾ ਸੀ ਤਾਂ ਕੋਈ ਹੀਰੇ ਮੋਤੀ, ਜਵਾਹਰਾਤ, ਅੰਨ, ਬਸਤਰ ਮੰਗਦੋਂ, ਇਹ ਕੀ ਮੰਗ ਮੰਗੀ ਹੈ । ਇਹ ਮੰਗ ਤਾਂ ਰਾਜੇ ਦੇ ਸੈਂਕੜੇ ਸੇਵਕ ਹੀ ਪੂਰੀ ਕਰ ਸਕਦੇ ਹਨ।'

ਬਲਿ ਰਾਜੇ ਦੇ ਦਰਬਾਰ ਵਿਚ ਇਕ ਬ੍ਰਾਹਮਣ ਰਾਜ ਮੰਤਰੀ ਬਹੁਤ ਸਿਆਣਾ ਤੇ ਜੋਤਸ਼ੀ ਸੀ । ਉਹ ਬਾਵਨ ਦੇ ਗੁਪਤ ਰੂਪ ਨੂੰ ਤਾੜ ਗਿਆ । ਉਹ ਕਹਿਣ ਲਗਾ—'ਹੇ ਰਾਜਨ! ਇਸ ਨੂੰ ਗ਼ਰੀਬ ਬ੍ਰਾਹਮਣ ਨਾ ਜਾਣੋ ਇਹ ਤਾਂ ਵਿਸ਼ਨੂੰ

ਅਵਤਾਰ ਪ੍ਰਤੀਤ ਹੁੰਦਾ ਹੈ । ਤੈਨੂੰ ਛਲਣ ਵਾਸਤੇ ਆਇਆ ਪ੍ਰਤੀਤ ਹੋ ਰਿਹਾ ਹੈ, ਧੋਖਾ ਨਾ ਖਾ ਜਾਵੀਂ ।'

ਬਲਿ ਹੰਕਾਰੀ ਸੀ । ਹੰਕਾਰੀ ਪੁਰਸ਼ ਕਿਸੇ ਦੀ ਸਿਆਣੀ ਗੱਲ ਨਹੀਂ ਸੁਣਦਾ, ਕਿਉਂਕਿ ਉਸ ਦੀ ਬੁਧੀ ਭ੍ਰਿਸ਼ਟ ਹੋ ਚੁਕੀ ਹੁੰਦੀ ਹੈ । ਇਸ ਵਾਸਤੇ ਉਸ ਨੇ ਮੰਤਰੀ ਦੀ ਸਲਾਹ ਨੂੰ ਅਨਸੁਨੀ ਕਰ ਦਿਤਾ । ਮਾਣ ਨਾਲ ਬਾਵਨ ਨੂੰ ਕਹਿਣ ਲੱਗਾ—'ਜਿੰਨੀ ਧਰਤੀ ਜੀਅ ਕਰਦਾ ਹੈ ਸਾਂਭ ਲਵੋ ! ਜਿਸ ਥਾਂ ਚਾਹੋ ।'

ਇਹ ਸੁਣ ਕੇ ਬਾਵਨ ਦਰਬਾਰ ਵਿਚੋਂ ਨਿਕਲ ਗਿਆ । ਉਸ ਦੇਹ ਨੂੰ ਐਨਾ ਵਧਾਇਆ ਕਿ ਉਸ ਦੇ ਰਾਜ ਦੀ ਧਰਤੀ ਨੂੰ ਦੋ ਕਰਮਾਂ ਰਾਹੀਂ ਮਿਣ ਗਿਆ । ਬਾਕੀ ਅੱਧੀ ਕਰਮ ਮਿਨਣ ਵਾਸਤੇ ਬਾਵਨ ਜੀ ਨੇ ਬਲਿ ਰਾਜੇ ਦੇ ਸਿਰ ਉਪਰ ਪੈਰ ਰੱਖ ਦਿਤਾ । ਪੈਰ ਦੇ ਬਲ ਨਾਲ ਰਾਜੇ ਨੂੰ ਪਤਾਲ ਪੁਰੀ ਵਿਚ ਭੇਜ ਦਿਤਾ ਤੇ ਕਿਹਾ—'ਹੁਣ ਪਤਾਲ ਦਾ ਰਾਜ ਕਰੋ ।' ਇਹ ਆਖ ਕੇ ਬਾਵਨ ਰੂਪ ਬ੍ਰਾਹਮਣ ਜਦੋਂ ਉਪਰ ਆਉਣ ਲਗੇ ਤਾਂ ਬਲਿ ਰਾਜਾ ਨੇ ਬਚਨ ਦਿਤਾ ਯਾਦ ਕਰਾਇਆ—'ਹੇ ਪ੍ਰਭੂ!ਆਪ ਨੇ ਦਰਵਾਜ਼ੇ ਅਗੇ ਰਹਿਣ ਦਾ ਬਚਨ ਦਿਤਾ ਹੈ । ਇਸ ਵਾਸਤੇ ਆਪ ਹੀ ਮੇਰੇ ਬੂਹੇ ਅਗੇ ਬੈਠੋ ।' ਪ੍ਰਭੂ ਬਲਿ ਨੂੰ ਛਲਨ ਆਇਆ ਆਪ ਛਲਿਆ ਗਿਆ । ਭਗਵਾਨ ਨੂੰ ਆਪ ਦਰਬਾਨ ਬਣ ਕੇ ਬਲਿ ਰਾਜੇ ਦੇ ਪਤਾਲਪੁਰੀ ਦੇ ਦਰਬਾਰ ਅਗੇ ਬੈਠਣਾ ਪਿਆ ਜੋ ਅਜੇ ਤਕ ਬੈਠਾ ਹੋਇਆ ਬਚਨ ਦਾ ਬਧਾ ਸੁਖ ਪਾ ਰਿਹਾ ਹੈ ।

ਇਹਨਾਂ ਭਗਤਾਂ ਦੇ ਨਾਮ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਉਂਦੇ ਹਨ—

## ੧. ਰਾਜਾ ਪ੍ਰੀਛਤ

ਅਰਜਨ (ਪਾਂਡਵ) ਦਾ ਪੋਤਰਾ ਤੇ ਅਭਮੰਨੂ ਦਾ ਪੁੱਤਰ ਸੀ । ਮਹਾਂਭਾਰਤ ਦੀ ਲੜਾਈ ਪਿਛੋਂ ਇਹ ਰਾਜਾ ਹੋਇਆ । ਕਲਜੁਗ ਨਾਲ ਇਸ ਦੀ ਚਰਚਾ ਹੋਈ । ਪਾਂਡਵਾਂ ਦੀ ਔਲਾਦ ਦਾ ਇਹ ਸਤਾਇਆ ਸੀ । ਹਸਤਨਾਪੁਰ ਦੇ ਰਾਜ ਸਿੰਘਾਸਨ ਉਪਰ ਬੈਠ ਕੇ ਪੰਜੇ ਪਾਂਡਵ ਦ੍ਰੋਪਤੀ ਸਮੇਤ ਹਿਮਾਲਯਾ ਪਰਬਤ ਨੂੰ ਤੁਰ ਗਏ । ਇਹ ਕਈ ਸਾਲ ਰਾਜ ਕਰਦਾ ਰਿਹਾ ।

# ੨. ਪਾਰਥ

(ਅਰਜਨ ਦਾ ਧਰਮ ਹੱਠ)

ਗੁਰੁ ਅਰਜੁਨੁ ਪੁਰਖੁ ਪ੍ਰਮਾਣੁ ਪਾਰਥਉ ਚਾਲੈ ਨਾਹੀ॥
ਨੇਜਾ ਨਾਮੁ ਨੀਸਾਣੁ ਸਤਿਗੁਰ ਸਬਦਿ ਸਵਾਰਿਅਉ॥੧॥

# ੩. ਪਰੂਰਵਾ

ਦੂਰਬਾ ਪਰੂਰਉ ਅੰਗਰੈ ਗੁਰ ਨਾਨਕ ਜਸੁ ਗਾਇਓ॥

ਇਕ ਰਾਜਾ ਹੋਇਆ ਹੈ। ਇਹ ਉਰਵਸ਼ੀ ਅਪੱਛਰਾ ਉਤੇ ਮੋਹਿਤ ਹੋ ਗਿਆ। 'ਏਲ' ਦਾ ਪੁੱਤਰ ਸੀ। ਉਰਵਸ਼ੀ ਦੇ ਵਿਛੋੜੇ ਵਿਚ ਤੜਪਦਾ ਫਿਰਦਾ ਰਿਹਾ। ਇਸ ਨੇ ਪ੍ਰਭੂ ਭਗਤੀ ਵੀ ਕੀਤੀ ਹੈ। ਇਨ੍ਹਾਂ ਦੇ ਬੀਰਜ ਤੋਂ ਉਰਵਸ਼ੀ ਨੇ ਇਨ੍ਹਾਂ ਰਾਜਕੁਮਾਰਾਂ ਨੂੰ ਜਨਮ ਦਿਤਾ ਸੀ, ਆਯੂ, ਅਮਾਵਸੁ, ਵਿਸ਼ਵਾਯੁ, ਸ਼ੁਤਾਯੁ, ਦ੍ਰਿਢਾਯੁ, ਬਨਾਯੁ ਅਤੇ ਸ਼ਨਾਯੁ।

# ੪. ਭਗੀਰਥ

ਇਹ ਰਾਜਾ ਦਲੀਪ ਦਾ ਪੁੱਤਰ ਤੇ ਰਾਜੇ ਅੰਸ਼ਮਾਨ ਦਾ ਪੋਤਰਾ ਸੀ। ਰਾਜੇ ਅੰਸ਼ਮਾਨ ਤੇ ਰਾਜਾ ਦਲੀਪ ਨੇ ਅਰਸ਼ਾਂ ਤੋਂ ਗੰਗਾ ਨੂੰ ਲਿਆਉਣ ਵਾਸਤੇ ਬਹੁਤ ਤਪੱਸਿਆ ਕੀਤੀ ਸੀ ਪਰ ਉਹ ਅਧਵਾਟੇ ਹੀ ਮਰ ਗਏ। ਭਗੀਰਥ ਨੇ ਘੋਰ ਤਪ ਕਰ ਕੇ ਗੰਗਾ ਨੂੰ ਅਰਸ਼ਾਂ ਤੋਂ ਧਰਤੀ ਉਤੇ ਲਿਆਂਦਾ। ਸ਼ਿਵਜੀ ਦੀਆਂ ਜਟਾਂ ਦਾ ਆਸਰਾ ਲੈ ਕੇ ਗੰਗਾ ਆਈ। ਗੰਗਾ ਨੇ ਜਾਹਨੁਵ ਰਿਖੀ ਦਾ ਆਸ਼ਰਮ ਤੇ ਪੂਜਾ ਦੀ ਸਮੱਗਰੀ ਰੋੜ੍ਹ ਦਿਤੀ ਸੀ। ਉਸ ਨੇ ਗੁਸੇ ਹੋ ਕੇ ਗੰਗਾ ਨੂੰ ਪੀ ਲਿਆ ਸੀ। ਸ਼ਿਵ ਜੀ ਤੇ ਭਗੀਰਥ ਨੇ ਫਿਰ ਜਹਾਨੁਵ ਰਿਖੀ ਨੂੰ ਮਨਾਇਆ।

# ੫. ਮਾਨਧਾਤਾ

ਸੂਰਜਵੰਸ਼ੀ ਰਾਜਾ ਯੁਵਨਾਸ਼ਵ ਦਾ ਪੁੱਤਰ ਸੀ, ਪਰ ਇਸ ਨੇ ਇਸਤਰੀ ਦੇ ਪੇਟੋਂ ਜਨਮ ਨਹੀਂ ਲਿਆ ਸਗੋਂ ਰਾਜੇ ਦੇ ਪੇਟੋਂ (ਮਰਦ ਦੇ ਪੇਟ ਵਿਚੋਂ) ਜਨਮਿਆ ਸੀ, ਉਹ ਕਥਾ ਸੰਖੇਪ ਤੌਰ ਤੇ ਇਉਂ ਹੈ—ਰਾਜੇ ਯੁਵਨਾਸ਼ਵ ਦੇ ਕੋਈ ਧੀ ਪੁੱਤਰ ਨਹੀਂ ਸੀ। ਉਸ ਨੇ ਰਿਸ਼ੀ ਮੁਨੀ ਇਕੱਠੇ ਕਰ ਕੇ ਇਕ ਰਿਖੀ ਦੇ ਆਸ਼ਰਮ

ਵਿਚ ਮਹਾਨ ਯਗ ਕਰਵਾਇਆ, ਯਗ ਪਿਛੋਂ ਮਹਾਂ ਰਿਖੀਆਂ ਨੇ ਪਾਣੀ ਦਾ ਘੜਾ ਮੰਤ੍ਰ ਕੇ ਰਖਿਆ। ਜਿਸ ਦਾ ਜਲ ਯੁਵਨਾਸ਼ਵ ਦੀ ਰਾਣੀ ਨੂੰ ਪੀਣ ਵਾਸਤੇ ਦਿੱਤਾ ਜਾਣਾ ਸੀ। ਰਾਤ ਪਈ ਸਾਰੇ ਸੌਂ ਗਏ। ਰਿਖੀ ਮੁਨੀ ਵੀ ਸੌਂ ਗਏ ਤਾਂ ਰਾਜੇ ਯੁਵਨਾਸ਼ਵ ਨੂੰ ਪਿਆਸ ਲਗੀ। ਉਸ ਨੇ ਉਸ ਮੰਤਰੇ ਹੋਏ ਘੜੇ ਵਿਚੋਂ ਪਾਣੀ ਪੀ ਲਿਆ। ਉਸ ਮੰਤਰੇ ਜਲ ਦੇ ਕਾਰਨ ਰਾਜੇ ਦੇ ਪੇਟ ਵਿਚ ਬੱਚਾ ਬਣ ਗਿਆ। ਪੇਟ ਪਾੜ ਕੇ ਬੱਚੇ ਨੂੰ ਬਾਹਰ ਕੱਢਿਆ ਗਿਆ। ਉਸੇ ਬੱਚੇ ਦਾ ਨਾਮ ਮਾਨਧਾਤਾ ਸੀ। ਮਾਨਧਾਤਾ ਨੇ ਇੰਦਰ ਮਤੀ ਨਾਲ ਵਿਆਹ ਕੀਤਾ, ਤਿੰਨ ਪੁੱਤਰ ਤੇ ਪੰਜਾਹ ਕੰਨਿਆਂ ਪੈਦਾ ਹੋਈਆਂ। ਪਿਛਲੀ ਉਮਰ ਵਿਚ ਇਸ ਨੇ ਪ੍ਰਭੂ ਭਗਤੀ ਬਹੁਤ ਕੀਤੀ ਸੀ। ਜਿਸ ਕਰਕੇ ਇਸ ਦੀ ਸੋਭਾ ਹੋਈ।

## ੬. ਰੁਕਮਾਂਗਦ

*ਰੁਕਮਾਂਗਦ ਕਰਤੂਤਿ ਰਾਮੁ ਜੰਪਹੁ ਨਿਤ ਭਾਈ ॥*

ਇਹ ਰਾਜਾ ਇਕਾਦਸ਼ੀ ਦਾ ਵਰਤ ਰਖਣ ਵਾਲਾ ਹੋਇਆ ਹੈ। ਕਹਿੰਦੇ ਹਨ ਇਹ ਇਸਤਰੀ ਬ੍ਰਤਾ ਸੀ। ਕਦੀ ਸੁਪਨੇ ਵਿਚ ਵੀ ਪਰ ਇਸਤਰੀ ਦੇ ਨੇੜੇ ਨਹੀਂ ਸੀ ਗਿਆ। ਇਕ ਵਾਰ ਇਕ ਅਪੱਛਰਾ ਇਸ ਉਤੇ ਮੋਹਤ ਹੋ ਗਈ। ਪਰ ਇਸ ਧਰਮੀ ਰਾਜੇ ਨੇ ਉਸ ਦੇ ਪਿਆਰ ਤੇ ਹੁਸਨ ਨੂੰ ਠੁਕਰਾ ਦਿੱਤਾ, ਇਕਾਦਸ਼ੀ ਦੇ ਵਰਤ ਦਾ ਮਹਾਤਮ ਦੇ ਕੇ ਅਪੱਛਰਾਂ ਨੂੰ ਅਰਸ਼ਾਂ ਨੂੰ ਭੇਜਿਆ ਸੀ। ਉਸ ਦਿਨ ਤੋਂ ਇਕਾਦਸ਼ੀ ਦਾ ਵਰਤ ਸ਼ੁਰੂ ਹੋ ਗਿਆ। ਰਾਜਾ ਸਾਰੀ ਉਮਰ ਇਕਾਦਸ਼ੀ ਦਾ ਵਰਤ ਰਖਦਾ ਰਿਹਾ।

## ੭. ਰਾਵਨ

*ਇਕ ਲਖੁ ਪੂਤ ਸਵਾ ਲਖ ਨਾਤੀ॥*
*ਤਿਹ ਰਾਵਨ ਘਰ ਦੀਆ ਨ ਬਾਤੀ॥੨॥*

ਰਾਵਨ ਲੰਕਾ ਦਾ ਦੈਂਤ ਰਾਜਾ ਸੀ। ਇਸ ਦੀ ਮਾਤਾ ਦਾ ਨਾਮ ਕੈਕ ਸੀ ਤੇ ਬਾਪ ਦਾ ਨਾਮ ਪੁਲਸਤਯ ਸੀ। ਇਹ ਤਿੰਨ ਭਰਾ ਸਨ। ਦੂਸਰੇ ਦੋ ਭਰਾ ਕੁੰਭਕਰਨ ਤੇ ਭਭੀਖਨ ਸਨ। ਰਾਵਨ ਸੀਤਾ ਨੂੰ ਚੁੱਕ ਕੇ ਲੰਕਾ ਵਿਚ ਲੈ ਗਿਆ। ਰਾਮਚੰਦਰ ਨੇ ਚੜ੍ਹਾਈ ਕੀਤੀ, ਯੁਧ ਹੋਇਆ ਤੇ ਰਾਵਨ ਮਾਰਿਆ ਗਿਆ। ਰਾਵਨ ਦੇ ਦਸ ਸਿਰ ਸਨ ਇਹ ਬਲੀ ਤੇ ਵਿਦਵਾਨ ਸੀ। ਇਸ ਨੇ ਚਾਰ

ਵੇਦਾਂ ਦਾ ਟੀਕਾ ਕੀਤਾ । ਇਸ ਦੇ ਲਖ ਪੁੱਤਰ ਤੇ ਸਵਾ ਲਖ ਨੂੰਹਾਂ ਸਨ, ਪਰ ਇਕ ਪਾਪ ਦੇ ਕਾਰਨ ਸੋਨੇ ਦੀ ਲੰਕਾ, ਉਸ ਦਾ ਆਪਣਾ ਆਪ ਤੇ ਧੀਆਂ ਪੁੱਤਰ ਸਭ ਖ਼ਤਮ ਹੋ ਗਏ । ਜੇ ਸੀਤਾ ਨੂੰ ਨਾ ਚੁਕਦਾ ਤਾਂ ਬਰਬਾਦ ਕਿਉਂ ਹੁੰਦਾ ?

## ੮. ਅਜੈ ਰਾਜਾ

*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥ (ਮ: ੧)*

ਰਾਜਾ ਅਜੈ ਦਸਰਥ ਦਾ ਬਾਪ ਤੇ ਸ੍ਰੀ ਰਾਮਚੰਦਰ ਜੀ ਦਾ ਬਾਬਾ ਸੀ । ਇਸ ਨੇ ਇਕ ਸਾਧੂ ਨੂੰ ਘੋੜਿਆਂ ਦੀ ਲਿੱਦ ਦਾ ਬੁਕ ਦਾਨ ਕੀਤਾ ਸੀ । ਉਹ ਲਿੱਦ ਸਾਧੂ ਸਰਾਪ ਕਰਕੇ ਕਰੋੜ ਗੁਣਾ ਰੋਜ ਵਧਦੀ ਸੀ । ਕਹਿੰਦੇ ਨੇ ਉਹ ਲਿੱਦ ਦਾ ਦਿਤਾ ਦਾਨ ਉਸ ਨੂੰ ਖਾਣਾ ਪਿਆ ਜਦੋਂ ਉਹ ਲਿੱਦ ਖਾਇਆ ਕਰਦਾ ਸੀ ਤਦੋਂ ਰੋਇਆ ਕਰਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ ਕਿ ਅਜੈ ਰਾਜੇ ਨੂੰ ਜਦੋਂ ਲਿੱਦ ਖਾਣੀ ਪੈਂਦੀ ਤਦੋਂ ਰੋਂਦਾ ਸੀ ।

## ੯. ਬਾਬਾ ਆਦਮ

ਭਗਤ ਕਬੀਰ ਜੀ ਨੇ ਭੈਰਉ ਰਾਗ ਵਿਚ ਬਾਬਾ ਆਦਮ ਜੀ ਦਾ ਜ਼ਿਕਰ ਕੀਤਾ ਹੈ—

*ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ ॥*
*ਉਨਿ ਭੀ ਭਿਸਤਿ ਘਨੇਰੀ ਪਾਈ ॥*

ਈਸਾਈ ਧਰਮ ਦੀ ਪੁਰਾਣੀ ਪੁਸਤਕ ਅੰਜੀਲ ਦੇ ਬਾਬਾ ਆਦਮ ਜੀ ਮੁੱਖ ਪਾਤਰ ਹਨ। ਅੰਜੀਲ ਅਨੁਸਾਰ ਬਾਬਾ ਆਦਮ ਜੀ ਦੀ ਕਥਾ ਹੈ—ਖ਼ੁਦਾ ਨੇ ਪਹਿਲਾਂ ਮਨੁਖ ਬਣਾਇਆ ਸੀ । ਖ਼ੁਦਾ ਪਹਿਲਾਂ ਸ਼ੈਤਾਨ ਨੂੰ ਵੀ ਬਣਾ ਬੈਠਾ ਸੀ । ਮਨੁਖ ਬਣਾ ਕੇ ਖ਼ੁਦਾ ਨੇ ਸਾਰੇ ਫ਼ਰਿਸ਼ਤਿਆਂ (ਦੇਵਤਿਆਂ) ਨੂੰ ਆਖਿਆ ਕਿ ਆਦਮ ਨੂੰ ਸਲਾਮ ਕਰੋ ਪਰ ਸ਼ੈਤਾਨ ਨੇ ਸਲਾਮ ਨਾ ਕੀਤੀ, ਅਦਨ 'ਚ ਸਵਰਗ ਬਣਾ ਕੇ ਆਦਮ ਨੇ ਉਸ ਦੀ ਜੀਵਨ ਸਾਥਨ ਪਹਿਲੀ ਇਸਤਰੀ ਮਾਈ ਹਵਾ ਨੂੰ ਅਦਨ ਦੇ ਸਵਰਗ ਬਾਗ 'ਚ ਭੇਜ ਦਿੱਤਾ । ਖ਼ੁਦਾ ਨੇ ਗਿਆਨ ਫਲ 'ਕਣਕ' ਖਾਣ ਤੋਂ, ਆਦਮ ਤੇ ਹਵਾ ਨੂੰ ਰੋਕਿਆ ਪਰ ਸ਼ੈਤਾਨ ਨੇ ਇਕ ਦਿਨ ਆਦਮ ਦੀ ਗ਼ੈਰ ਹਾਜਰੀ ਵਿਚ ਇਕੱਲੀ ਹਵਾ ਨੂੰ ਉਕਸਾਇਆ । ਭੁਲੇਖੇ ਦਾ

ਸ਼ਿਕਾਰ ਬਣਾ ਕੇ ਕਿਹਾ ਕਿ ਖ਼ੁਦਾ ਨੇ ਜੋ ਕੰਮ ਦੀ ਚੀਜ਼ ਹੈ ਖਾਣ ਵਾਲੀ ਉਸ ਤੋਂ ਤਾਂ ਰੋਕ ਦਿੱਤਾ ਹੈ। ਗਿਆਨ ਫਲ ਖਾ ਕੇ ਦੇਖੋ, ਚਾਰ ਕੂੰਟ ਦੀ ਸੋਝੀ ਹੋ ਜਾਵੇਗੀ। ਜ਼ਰੂਰ ਆਦਮ ਨੂੰ ਕਹਿਣਾ ਤੇ ਖਾਣ ਵਾਸਤੇ ਪ੍ਰੇਰਨਾ। ਇਹ ਆਖ ਕੇ ਸ਼ੈਤਾਨ ਅਲੋਪ ਹੋ ਗਿਆ, ਹਵਾ ਦੇ ਦਿਲ ਵਿਚ ਧੁਖਧੁਖੀ ਤੇ ਇਛਾ ਪੈਦਾ ਹੋ ਗਈ ਕਿ ਉਹ ਗਿਆਨ ਫਲ ਨੂੰ ਖਾ ਕੇ ਦੇਖਣ। ਜਦੋਂ ਆਦਮ ਮਿਲਿਆ ਤਾਂ ਹਵਾ ਨੇ ਗਿਆਨ ਫਲ ਖਾਣ ਵਾਸਤੇ ਪ੍ਰੇਰ ਲਿਆ। ਆਦਮ ਤੇ ਹਵਾ ਨੇ ਕਣਕ ਖਾ ਲਈ ਤਾਂ ਉਨ੍ਹਾਂ ਨੂੰ ਇਸਤਰੀ ਪੁਰਸ਼ ਤੇ ਕਾਮ, ਮੋਹ ਲਾਲਚ ਤੇ ਸ਼ਰਮ ਆਦਿ ਦਾ ਗਿਆਨ ਹੋ ਗਿਆ। ਉਨ੍ਹਾਂ ਨੂੰ ਆਪਣੇ ਨੰਗੇ ਤਨ ਦੀ ਸੂਝ ਪਈ। ਸ਼ਰਮ ਦੇ ਮਾਰੇ ਇਕ ਦੂਸਰੇ ਕੋਲੋਂ ਦੂਰ ਹੋ ਕੇ ਲੁਕ ਗਏ, ਮਥੇ ਨਾ ਲਗਣ, ਇਸ ਗੱਲ ਦਾ ਖ਼ੁਦਾ ਨੂੰ ਪਤਾ ਲਗ ਗਿਆ। ਖ਼ੁਦਾ ਆਪ ਆਇਆ ਤੇ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਕਰ ਕੇ ਸਮਝਾਇਆ। ਸ਼ੈਤਾਨ ਦੇ ਆਖੇ ਲਗੇ ਜੇ। ਭੁਲ ਕੀਤੀ ਜੇ, ਜਾਓ ਹੁਣ ਸਵਰਗ ਵਿਚ ਨਹੀਂ ਰਹਿ ਸਕਦੇ। ਇਸਤਰੀ ਪੁਰਸ਼ ਬਣਕੇ ਰਹੋ ਤੇ ਔਲਾਦ ਪੈਦਾ ਕਰੋ। ਸ਼ੈਤਾਨ ਨੂੰ ਸਰਪ ਜੂਨੀ ਦਾ ਸਰਾਪ ਦਿੱਤਾ। ਆਦਮ ਤੇ ਹਵਾ ਦੇ ਹਜ਼ਾਰਾਂ ਪੁੱਤਰ ਹੋਏ ਜਿਨ੍ਹਾਂ ਤੋਂ ਸੰਸਾਰ ਦੀ ਮਨੁਖ ਗਿਣਤੀ ਵਧੀ। ਖ਼ੁਦਾ ਦਾ ਆਖਾ ਨਾ ਮੰਨਣ ਦੇ ਕਾਰਨ ਆਦਮ ਗੁਨਾਹਗਾਰਹ ਸੀ। ਇਸ ਵਾਸਤੇ ਉਸ ਦੀ ਔਲਾਦ ਗੁਨਾਹਗਾਰ ਹੈ। ਇਸ ਦਾ ਉਧਾਰ ਸੱਚ ਤੇ ਸਿਮਰਨ ਆਸਰੇ ਹੋ ਸਕਦਾ ਹੈ।

## ੧੦. ਅਰੁਣ ਪਿੰਗਲਾ

ਅਰੁਣ, ਗਰੜ ਭਗਵਾਨ ਦਾ ਭਰਾ ਹੈ, ਸੂਰਜ ਦਾ ਰਥਵਾਹੀ ਬਣਿਆ ਹੋਇਆ ਹੈ, ਪਰ ਇਹ ਪਿੰਗਲਾ ਹੈ, ਪਿੰਗਲਾ ਹੋਣ ਦਾ ਕਾਰਨ ਇਸ ਦੇ ਜਨਮ ਦਾ ਅਧੂਰਾਪਨ ਹੈ। ਬਿਨਤਾ ਦੇ ਦੋ ਆਂਡੇ ਹੋਏ। ਬਿਨਤਾ ਦੇ ਪਤੀ ਨੇ ਕਿਹਾ ਹਰ ਅੰਡਾ ਹਜ਼ਾਰ ਸਾਲ ਤੋਂ ਪਹਿਲਾਂ ਨਾ ਤੋੜੀਂ ਪਰ ਬਿਨਤਾ ਨੇ ਅੰਡਾ ਪੰਜ ਸੌ ਸਾਲ ਪਿਛੋਂ ਤੋੜ ਦਿਤਾ। ਇਸ ਕਰਕੇ ਅਰੁਣ ਦਾ ਸਰੀਰ ਪੂਰਾ ਨਹੀਂ ਸੀ ਭਰਿਆ ਪਰ ਗਰੜ ਦਾ ਆਂਡਾ ਹਜਾਰ ਸਾਲ ਪਿਛੋਂ ਆਪਣੇ ਆਪ ਟੁਟਿਆ ਸੀ। ਉਹ ਪੂਰਾ ਪੰਛੀ ਬਣਿਆ। ਪਿਛਲੇ ਜਨਮ ਦੇ ਸਰਾਪ ਕਾਰਨ ਸੂਰਜ ਤੇ ਗਰੜ ਉਸ ਦੀ ਕੋਈ ਸਹਾਇਤਾ ਨਹੀਂ ਕਰ ਸਕਦੇ ਸਨ।

# ੧੧. ਇੰਦਰ ਰੋ ਪਿਆ

(ਸਹੰਸਰ ਦਾਨ ਦੇ ਇੰਦ੍ਰ ਰੋਆਇਆ)

ਇੰਦਰ ਦੇਵਤਿਆਂ ਦਾ ਵੱਡਾ ਰਾਜਾ ਸੀ, ਪਰ ਅਹਿਲਿਆ ਨਾਲ ਮੰਦ ਕਰਮ ਕਰਨ ਦੇ ਕਾਰਨ ਉਸ ਦੇ ਸਰੀਰ ਉਤੇ ਹਜ਼ਾਰ ਭਗ ਹੋ ਗਈ ਸੀ। ਉਸ ਕਸ਼ਟ ਦੇ ਕਾਰਨ ਉਹ ਰੋਂਦਾ ਰਿਹਾ ਸੀ। ਹਜ਼ਾਰ ਭਗ ਦਾ ਸਰਾਪ ਉਸ ਨੂੰ ਅਹਿਲਿਆ ਦੇ ਪਤੀ ਗੌਤਮ ਨੇ ਦਿਤਾ ਸੀ।

# ੧੨. ਬ੍ਰਹਮਾ ਤੇ ਉਸ ਦੀ ਲੜਕੀ ਸੁਰਸਵਤੀ

ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ॥
ਲੋਕਾਂ ਨੋ ਸਮਝਾਇੰਦਾ ਵੇਖਿ ਸੁਰਸਤੀ ਰੂਪ ਲੋਭਾਣਾ॥ (ਵਾਰ ੧੨/੭)

ਭਾਈ ਗੁਰਦਾਸ ਜੀ ਲਿਖਦੇ ਹਨ ਕਿ ਚਾਰ ਵੇਦਾਂ ਨੂੰ ਉਚਾਰਨ ਵਾਲਾ (ਬ੍ਰਹਮਾ) ਬਹੁਤ ਸਿਆਣਾ ਸੀ। ਲੋਕਾਂ ਨੂੰ ਸਮਝਾਉਂਦਾ ਸੀ ਪਰ ਆਪਣੀ ਲੜਕੀ ਦੀ ਜਵਾਨੀ ਤੇ ਸੁੰਦਰਤਾ ਦੇਖ ਕੇ ਲੁਭਾਇਮਾਨ ਹੋ ਗਿਆ।

ਬ੍ਰਹਮਾ ਦੀ ਸਪੁੱਤਰੀ ਸੁਰਸਵਤੀ ਸੀ, ਸੁਰਸਵਤੀ ਬਹੁਤ ਸੁੰਦਰ ਤੇ ਜਵਾਨ ਸੀ, ਇਕ ਦਿਨ ਸਵੇਰੇ ਸੁਰਸਵਤੀ ਨਦੀ ਤੋਂ ਇਸ਼ਨਾਨ ਕਰ ਕੇ ਆਈ। ਸੂਰਜ ਦੀਆਂ ਸੁਨਹਿਰੀ ਕਿਰਨਾਂ ਨੇ ਉਸ ਦੇ ਕੰਵਾਰੇ ਗੁਲਾਬੀ ਚਿਹਰੇ ਨੂੰ ਚਮਕਾਇਆ ਹੋਇਆ ਸੀ, ਬ੍ਰਹਮਾ ਜੀ ਖਲੋਤੇ ਖਲੋਤੇ ਉਸ ਦੇ ਵਲ ਵੇਖਣ ਲੱਗ ਪਏ। ਉਨ੍ਹਾਂ ਦਾ ਦਿਲ ਚਲਾਇਮਾਨ ਹੋ ਗਿਆ, ਉਨ੍ਹਾਂ ਦੇ ਦਿਲ ਦੀ ਕਮਜ਼ੋਰੀ ਨੂੰ ਸਿਆਣੀ ਸੁਰਸਵਤੀ ਜਾਣ ਗਈ। ਉਸ ਨੇ ਮੂੰਹ ਦੂਸਰੇ ਪਾਸੇ ਕਰ ਲਿਆ, ਬ੍ਰਹਮਾ ਨੇ ਉਸੇ ਪਾਸੇ ਮੂੰਹ ਲਾ ਲਿਆ। ਇਸ ਤਰ੍ਹਾਂ ਚਾਰੇ ਪਾਸੇ ਸੁਰਸਵਤੀ ਫਿਰੀ ਬ੍ਰਹਮਾ ਦੇ ਚਾਰ ਮੂੰਹ ਹੋ ਗਏ। ਸੁਰਸਵਤੀ ਉਪਰ ਉਡ ਗਈ ਤਾਂ ਬ੍ਰਹਮਾ ਨੇ ਯੋਗ ਬਲ ਨਾਲ ਤਾਲੂ 'ਚ ਅੱਖਾਂ ਲਾ ਲਈਆਂ। ਉਹ ਕਿਸੇ ਕੀਮਤ ਤੇ ਸੁਰਸਵਤੀ ਨੂੰ ਅਖੋਂ ਓਹਲੇ ਨਹੀਂ ਸੀ ਹੋਣ ਦੇਣਾ ਚਾਹੁੰਦਾ। ਇਹ ਕਾਰਾ ਵੇਖ ਕੇ ਸ਼ਿਵ ਜੀ ਮਹਾਰਾਜ ਬਹੁਤ ਦੁਖੀ ਹੋਏ। ਉਨ੍ਹਾਂ ਨੇ ਅਗੇ ਵਧ ਕੇ ਬ੍ਰਹਮਾ ਦਾ ਪੰਜਵਾਂ ਸਿਰ (ਜੋ ਤਾਲੂ ਵਿਚ ਸੀ) ਧੜ ਨਾਲੋਂ ਲਾਹ ਸੁਟਿਆ। ਬ੍ਰਹਮਾ ਨੂੰ ਪੁੱਤਰੀ ਭੋਗ ਪਾਪ ਤੋਂ ਬਚਾਇਆ।

# ੧੩. ਕਰਨ ਦੀ ਕਥਾ

ਕਰਨ ਅਸਲ ਵਿਚ ਪੰਜਾਂ ਪਾਂਡਵਾਂ ਦੀ ਮਾਤਾ ਕੁੰਤੀ ਵਲੋਂ ਸਕਾ ਭਰਾ ਸੀ, ਪਰ ਮਾਇਆ ਦੇ ਚਕ੍ਰ ਨਾਲ ਪਾਂਡਵਾਂ ਨੂੰ ਇਸ ਦਾ ਗਿਆਨ ਨਹੀਂ ਸੀ ਕਿਉਂਕਿ ਜਦੋਂ ਕਰਨ ਦਾ ਜਨਮ ਹੋਇਆ ਸੀ, ਤਦੋਂ ਕੁੰਤੀ ਅਜੇ ਕੁਆਰੀ ਸੀ। ਕਰਨ ਦੇ ਜਨਮ ਦੀ ਕਥਾ ਇਹ ਦੱਸੀ ਜਾਂਦੀ ਹੈ, ਕੁੰਤੀ ਮਾਂ ਬਾਪ ਦੇ ਘਰ ਸੀ ਤਾਂ ਇਸ ਨੇ ਦੁਰਬਾਸ਼ਾ ਰਿਖੀ ਦੀ ਸੇਵਾ ਕੀਤੀ। ਰਿਖੀ ਨੇ ਇਸ ਨੂੰ ਕੁਝ ਮੰਤ੍ਰ (ਅਵਾਹਨ) ਦਸੇ ਤੇ ਕਿਹਾ ਕਿ ਕੋਈ ਮੰਤ੍ਰ ਪੜ੍ਹ ਕੇ ਜਿਸ ਇੱਛਾ ਦੀ ਪੂਰਤੀ ਦੀ ਲੋਚਨਾ ਕਰੇਂ ਉਹ ਹੋ ਜਾਵੇਗੀ। ਇਕ ਦਿਨ ਕੁੰਤੀ ਸੂਰਜ ਦੇਵਤਾ ਦੇ ਦਰਸ਼ਨ ਕਰਨ ਵਾਸਤੇ ਰਾਜ ਮਹਿਲ ਦੀ ਉਪਰਲੀ ਛੱਤ ਉਤੇ ਪਹੁੰਚੀ। ਸੂਰਜ ਚੜ੍ਹਿਆ, ਉਸ ਦੀਆਂ ਸੁਨਹਿਰੀ ਕਿਰਨਾਂ ਤੇ ਸੂਰਜ ਦਾ ਬਲ ਪ੍ਰਤਾਪ ਦੇਖ ਕੇ ਉਸ ਦੇ ਮਨ ਵਿਚ ਆਇਆ ਕਿ ਜੇ ਸੂਰਜ ਦੇਵਤਾ ਮੇਰੇ ਕੋਲ ਮਨੁਖ ਬਣ ਕੇ ਆਉਣ ਤਾਂ ਦੇਖਾਂ ਉਹ ਕਿੰਨੇ ਬਲਵਾਨ ਤੇ ਸੁੰਦਰ ਹਨ। ਇਹ ਵਿਚਾਰ ਕੇ ਉਸ ਨੇ ਦੁਰਬਾਸ਼ਾ ਦੇ ਦਸੇ ਹੋਏ ਮੰਤਰਾਂ ਵਿਚੋਂ ਇਕ ਮੰਤਰ ਨੂੰ ਪੜ੍ਹਿਆ। ਸੂਰਜ ਸੁੰਦਰ ਗਭਰੂ ਰੂਪ ਵਿਚ ਕੁੰਤੀ ਦੇ ਕੋਲ ਆ ਖਲੋਤਾ। ਇਹ ਦੇਖ ਕੇ ਕੁੰਤੀ ਤ੍ਰਬਕ ਗਈ। ਭੈ ਭੀਤ ਹੋਈ ਨੇ ਪ੍ਰਾਰਥਨਾ ਕੀਤੀ ਕਿ ਸੂਰਜ ਵਾਪਸ ਚਲੇ ਜਾਣ ਪਰ ਸੂਰਜ ਵਾਪਸ ਨਾ ਗਿਆ। ਉਸ ਨੇ ਕੁੰਤੀ ਨਾਲ ਭੋਗ ਕੀਤਾ, ਕੰਵਾਰੀ ਕੁੰਤੀ ਗਰਭਵਤੀ ਹੋ ਗਈ। ਪਰ ਦੂਸਰੇ ਮੰਤਰ ਪੜ੍ਹਨ ਦੇ ਯੋਗ ਨਾਲ ਉਸ ਦਾ ਗਰਭ ਪ੍ਰਗਟ ਨਾ ਹੋਇਆ। ਜਦੋਂ ਬਾਲਕ ਨੇ ਜਨਮ ਲਿਆ ਤਾਂ ਉਹ ਬਾਲਕ ਕੁੰਤੀ ਨੇ ਨਦੀ ਵਿਚ ਰੋੜ੍ਹ ਦਿਤਾ। ਉਹ ਰੁੜ੍ਹਿਆ ਜਾਂਦਾ ਬਾਲਕ ਕੌਰਵਾਂ ਦੇ ਰਥਵਾਹੀ ਹੱਥ ਆ ਗਿਆ। ਉਸ ਨੇ ਪਾਲਿਆ ਤੇ ਜੁਆਨ ਕੀਤਾ। ਜੋ ਕਰਨ ਦੇ ਨਾਮ ਨਾਲ ਮਸ਼ਹੂਰ ਹੋਇਆ। ਮਹਾਂਭਾਰਤ ਵਿਚ ਇਸ ਨੇ ਕੌਰਵਾਂ ਦਾ ਸਾਥ ਦਿੱਤਾ ਅਤੇ ਆਪਣੇ ਭਾਈ ਅਰਜਨ ਦੇ ਹੱਥੋਂ ਮਾਰਿਆ ਗਿਆ, ਜਦੋਂ ਮਰ ਗਿਆ ਤਾਂ ਕੁੰਤੀ ਨੇ ਪਾਂਡਵਾਂ ਨੂੰ ਦਸਿਆ ਕਿ ਕਰਨ ਤੁਹਾਡਾ ਭਰਾ ਹੈ।

# ੧੪. ਸਮੁੰਦਰ ਦੇ ਖਾਰੇ ਹੋਣ ਦੀ ਕਥਾ

ਇਹ ਆਮ ਸਵਾਲ ਹੈ ਕਿ ਜਿਸ ਸਮੁੰਦਰ ਵਿਚੋਂ ਅੰਮ੍ਰਿਤ, ਕਾਮਧੇਨ, ਲਛਮੀ,

ਕਲਪ ਬ੍ਰਿਛ, ਧਨੰਤਰ ਵੈਦ ਆਦਿਕ ਕਈ ਤਰ੍ਹਾਂ ਦੇ ਬਹੁਮੁਲੇ ਪਦਾਰਥ ਨਿਕਲੇ ਉਹ ਖਾਰਾ ਕਿਉਂ ਹੈ ? ਆਖਦੇ ਨੇ ਅਗਸਤ ਮੁਨੀ ਨੇ ਕ੍ਰੋਧਵਾਨ ਹੋ ਕੇ ਇਕ ਵਾਰ ਸਾਰੇ ਸਾਗਰ ਦੇ ਪਾਣੀ ਨੂੰ ਢਾਈਆਂ ਚੁਲੀਆਂ ਰਾਹੀਂ ਪੀ ਲਿਆ। ਜਦੋਂ ਜਲ ਪੀਤਾ ਗਿਆ ਤਾਂ ਜਿੰਨੇ ਜਲ ਜੀਵ ਸਨ ਉਹ ਤੜਫਨ ਤੇ ਪੁਕਾਰਨ ਲਗੇ ਕਿ ਕੀ ਹੋਇਆ ਉਹ ਕਾਹਦੇ ਆਸਰੇ ਜੀਵਨਗੇ। ਪ੍ਰਭੂ ਨੇ ਤਦੋਂ ਅਗਸਤ ਨੂੰ ਪ੍ਰੇਰਨਾ ਕੀਤੀ ਕਿ ਪੇਟ ਵਿਚ ਕੈਦ ਕੀਤੇ ਸਾਗਰ ਨੂੰ ਮੁੜ ਪਹਿਲੀ ਤਰ੍ਹਾਂ ਸੁਤੰਤਰ ਕਰ ਦੇਵੋ। ਭਗਵਾਨ ਦੇ ਆਖਣ ਤੇ ਅਗਸਤ ਨੇ ਪਿਸ਼ਾਬ ਕੀਤਾ, ਸਾਗਰ ਫਿਰ ਭਰ ਗਿਆ। ਪਿਸ਼ਾਬ ਦੇ ਕਾਰਨ ਸਾਗਰ ਦਾ ਜਲ ਖਾਰਾ ਹੈ।

## ੧੫. ਕੇਸੀ ਦੈਂਤ

*ਕੇਸੀ ਕੰਸ ਮਥਨੁ ਜਿਨਿ ਕੀਆ ॥ (ਗੋਂਡ ਨਾਮਦੇਵ ਜੀ)*

ਕੇਸੀ ਦੈਂਤ ਰਾਜਾ ਕੰਸ ਦੇ ਵੰਸ਼ ਦਾ ਸੀ। ਪਾਪੀ ਕੰਸ ਨੇ ਜਿਥੇ ਸ੍ਰੀ ਕ੍ਰਿਸ਼ਨ ਨੂੰ ਮਾਰਨ ਦੇ ਹੋਰ ਅਨੇਕਾਂ ਵਸੀਲੇ ਕੀਤੇ, ਉਸ ਕੇਸੀ ਦੈਂਤ ਨੂੰ ਵੀ ਘੋੜਾ ਬਣਾ ਕੇ ਗੋਕਲ ਭੇਜਿਆ ਪਰ ਸ੍ਰੀ ਕ੍ਰਿਸ਼ਨ ਜੀ ਨੇ ਆਪਣੇ ਯੋਗ ਬਲ ਨਾਲ ਕੇਸੀ ਦੈਂਤ ਨੂੰ ਮਾਰ ਦਿੱਤਾ। ਇਥੇ ਭਗਤ ਨਾਮਦੇਵ ਜੀ ਇਸ਼ਾਰਾ ਕਰਦੇ ਹਨ ਉਹ ਹਰਿ ਰੂਪ ਸ੍ਰੀ ਕ੍ਰਿਸ਼ਨ ਜੀ ਨੇ ਕੇਸੀ ਤੇ ਕੰਸ ਨੂੰ (ਮਥਨ) ਰਿੜਕ ਰਿੜਕ ਅਥਵਾ ਕੋਹ ਕੋਹ ਕੇ ਮਾਰਿਆ ਸੀ।

## ੧੬. ਕਾਲੀ ਸੱਪ

ਗੋਕਲ ਦੇ ਨੇੜੇ ਹੀ ਜਮਨਾ ਵਿਚ ਇਕ ਕੁੰਡ ਸੀ। ਉਸ ਕੁੰਡ ਵਿਚ ਇਕ ਸੌ ਫਨ ਵਾਲਾ ਸਰਪ ਰਹਿੰਦਾ ਸੀ। ਉਸ ਨੂੰ 'ਕਾਲੀ' ਨਾਗ ਵੀ ਆਖਿਆ ਜਾਂਦਾ ਸੀ। ਗਰੜ ਭਗਵਾਨ ਤੋਂ ਡਰਦਾ ਹੋਇਆ ਉਹ ਇਸ ਕੁੰਡ ਵਿਚ ਆ ਲੁਕਿਆ ਸੀ। ਉਹ ਜ਼ਹਿਰੀਲਾ ਬਹੁਤ ਸੀ। ਜਦੋਂ ਉਹ ਫੁਨਕਾਰਾ ਮਾਰਦਾ ਜਾਂ ਸਾਹ ਲੈਂਦਾ ਸੀ ਤਾਂ ਕੁੰਡ ਦਾ ਪਾਣੀ ਰਿਝਣ ਲਗ ਪੈਂਦਾ ਸੀ। ਇਸੇ ਕਾਰਨ ਉਸ ਕੁੰਡ ਦਾ ਨਾਮ 'ਕਾਲੀ ਕੁੰਡ' ਪੈ ਗਿਆ ਸੀ। ਉਸ ਦਾ ਸਾਰਾ ਜਲ ਖ਼ਰਾਬ ਹੋ ਗਿਆ ਸੀ। ਸ੍ਰੀ ਕ੍ਰਿਸ਼ਨ ਜੀ ਨੇ ਇਕ ਦਿਨ ਜਾਣ ਬੁਝ ਕੇ ਕਾਲੀ ਕੁੰਡ ਵਿਚ ਛਾਲ ਮਾਰ ਦਿੱਤੀ। ਨਾਗ ਨਾਲ ਲੜਾਈ ਹੋਈ, ਉਸ ਦੇ ਇਕ ਸੌ ਫਨ

ਨੂੰ ਪੈਰਾਂ ਨਾਲ ਮਲ ਸੁਟਿਆ। ਕਾਲੀ ਸੱਪ ਬੇਸੁਰਤ ਹੋ ਕੇ ਹਾਰ ਗਿਆ। ਸ੍ਰੀ ਕ੍ਰਿਸ਼ਨ ਜੀ ਨੇ ਉਸ ਨੂੰ ਕਿਹਾ ਕਿ ਜਮਨਾ ਕੁੰਡ ਛੱਡ ਕੇ ਕਿਤੇ ਹੋਰ ਥਾਂ ਤੁਰ ਜਾ। ਕਾਲੀ ਸੱਪ ਕੁੰਡ ਨੂੰ ਛੱਡ ਕੇ ਤੁਰ ਗਿਆ।

## ੧੭. ਦੁਰਬਾਸ਼ਾ ਰਿਸ਼ੀ

ਅਤ੍ਰੇ ਮੁਨੀ ਦੇ ਬੇਟੇ ਸਨ। ਇਨ੍ਹਾਂ ਨੂੰ ਸ਼ਿਵ ਦਾ ਅਵਤਾਰ ਮੰਨਿਆ ਜਾਂਦਾ ਹੈ ਜਦੋਂ ਜਵਾਨ ਹੋਏ ਤਾਂ ਗੌਰਵ ਮੁਨੀ ਦੀ ਸਪੁੱਤਰੀ ਕੰਦਲ ਨਾਲ ਦੁਰਬਾਸ਼ਾ ਦਾ ਵਿਆਹ ਹੋ ਗਿਆ। ਇਨ੍ਹਾਂ ਵਿਚ ਤਮੋ ਗੁਣ ਬਹੁਤ ਸੀ। ਇਸ ਕਰਕੇ ਕ੍ਰੋਧੀ ਬਹੁਤ ਸਨ। ਇਨ੍ਹਾਂ ਨੇ ਅਨੇਕਾਂ ਨੂੰ ਵਰ ਦਿਤੇ ਤੇ ਹਜ਼ਾਰਾਂ ਨੂੰ ਸਰਾਪ ਦਿਤੇ। ਸ਼ਕੁੰਤਲਾ ਨੂੰ ਇਨ੍ਹਾਂ ਹੀ ਸਰਾਪ ਦਿਤਾ ਸੀ ਕਿ ਦੁਖਯੰਤ ਤੈਨੂੰ ਭੁਲ ਜਾਵੇ। ਦਰੋਪਦੀ ਨੂੰ ਵਰ ਦਿਤਾ ਸੀ ਕਿ ਤੇਰੇ ਪੜਦੇ ਕੱਜੇ ਰਹਿਣ। ਹੋਰ ਵੀ ਅਨੇਕਾਂ ਕਥਾ ਕਹਾਣੀਆਂ ਹਨ।

ਦੁਰਬਾਸ਼ਾ ਨੇ ਜਦੋਂ ਵਿਆਹ ਕਰਵਾਇਆ ਸੀ ਤਦੋਂ ਇਸ ਨੇ ਪ੍ਰਤਿਗਿਆ ਕੀਤੀ ਸੀ ਆਪਣੀ ਘਰ ਵਾਲੀ ਦੀਆਂ ਸੌ ਭੁਲਾਂ ਬਖ਼ਸ਼ ਦੇਣਗੇ। ਜਦੋਂ ਸੌ ਤੋਂ ਉਪਰ ਭੁਲਾਂ ਹੋਈਆਂ ਤਾਂ ਕ੍ਰੋਧਵਾਨ ਹੋ ਕੇ ਕੰਦਲੀ ਨੂੰ ਭਸਮ ਕਰ ਦਿੱਤਾ। ਗੌਰਵ ਮੁਨੀ ਨੇ ਸਰਾਪ ਦੇ ਦਿਤਾ। ਇਕ ਵਾਰ ਪਿੰਡਾਰਕ ਤੀਰਥ ਉਤੇ ਤਪ ਕਰਨ ਚਲੇ ਗਏ ਤਾਂ ਉਥੇ ਯਾਦਵ ਬਾਲ ਖੇਡਨ ਆਇਆ ਕਰਦੇ ਸਨ। ਉਹ ਬਹੁਤ ਮਖੌਲੀਏ ਸਨ। ਉਨ੍ਹਾਂ ਇਕ ਦਿਨ ਦੁਰਬਾਸ਼ਾ ਨੂੰ ਮਖੌਲ ਕੀਤਾ। ਉਹ ਮਖੌਲ ਇਉਂ ਸੀ ਕਿ ਲਾਜਵੰਤੀ ਦੇ ਪੁੱਤਰ ਸਾਂਬ ਦੇ ਪੇਟ ਉਤੇ ਲੋਹੇ ਦੀ ਬਾਟੀ ਬੰਨ੍ਹੀ। ਇਸਤਰੀਆਂ ਵਰਗੇ ਬਸਤ੍ਰ ਪਹਿਨਾ ਕੇ ਘੁੰਡ ਕਢਵਾਇਆ ਤੇ ਦੁਰਬਾਸ਼ਾ ਕੋਲ ਲੈ ਗਏ। ਦੁਰਬਾਸ਼ਾ ਨੂੰ ਪੁਛਣ ਲਗੇ—'ਹੇ ਰਿਖੀ ਜੀ! ਦਸੋ ਇਸ ਨੂੰ ਲੜਕੀ ਹੋਵੇਗੀ ਜਾਂ ਲੜਕਾ?'

ਦੁਰਬਾਸ਼ਾ ਤਾੜ ਗਿਆ ਕਿ ਇਹ ਮੇਰੇ ਨਾਲ ਮਖੌਲ ਕਰ ਰਹੇ ਨੇ। ਉਸ ਨੇ ਸਹਿਜ ਸੁਭਾ ਹੀ ਉੱਤਰ ਦਿਤਾ—'ਲੋਹੇ ਦਾ ਮੂਸਲ ਜੰਮੇਗਾ ਜੋ ਯਾਦਵਾਂ ਦੀ ਕੁਲ ਦਾ ਨਾਸ ਕਰੇਗਾ!' ਯਾਦਵਾਂ ਨੂੰ ਸਰਾਪ ਦੇ ਦਿਤਾ, ਉਸ ਵਲ ਇਸ਼ਾਰਾ ਹੈ—

*ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ॥*

ਦੁਰਬਾਸ਼ਾ ਦੇ ਸਰਾਪ ਨਾਲ ਯਾਦਵ ਕੁਲ ਨਾਸ ਹੋ ਗਈ।

# ੧੮. ਅਠਾਰਾਂ ਪੁਰਾਣ

ਗੁਰਬਾਣੀ ਤੇ ਗੁਰਮਤਿ ਸਾਹਿਤ ਵਿਚ 'ਅਠ ਦਸ' ਜਾਂ ਅਠਾਰਾਂ ਪੁਰਾਣਾਂ ਦਾ ਨਾਮ ਬਹੁਤ ਵਾਰ ਆਉਂਦਾ ਹੈ। ਜਗਿਆਸੂਆਂ ਦੇ ਗਿਆਨ ਹਿਤ ਅਠਾਰਾਂ ਪੁਰਾਣਾਂ ਦੀ ਸੂਚੀ ਪੱਤਰ ਅਗੇ ਦਿਤੀ ਜਾਂਦੀ ਹੈ।

੧. ਬ੍ਰਹਮ ਪੁਰਾਣ, ੨. ਵਿਸ਼ਨੂੰ ਪੁਰਾਣ, ੩. ਵਾਯੂ ਪੁਰਾਣ, ੪. ਲਿੰਗ ਪੁਰਾਣ, ੫. ਪਦਮ ਪੁਰਾਣ, ੬. ਸਕੰਦ ਪੁਰਾਣ, ੭. ਬਾਵਨ ਪੁਰਾਣ, ੮. ਮਸਤਾਨਾ ਪੁਰਾਣ, ੯. ਬਰਾਹ ਪੁਰਾਣ, ੧੦. ਅਗਨਿ ਪੁਰਾਣ, ੧੧. ਭੂਰਮ ਪੁਰਾਣ, ੧੨. ਗਰੁੜ ਪੁਰਾਣ, ੧੩. ਨਾਰਦੀਯ ਪੁਰਾਣ, ੧੪. ਭਵਿਸ਼ਤ ਪੁਰਾਣ, ੧੫. ਬ੍ਰਹਮ ਵੈਵਰਤ ਪੁਰਾਣ, ੧੬. ਮਾਰਕੰਡੇਯ ਪੁਰਾਣ, ੧੭. ਬ੍ਰਹਮਾਂਡ ਪੁਰਾਣ, ੧੮. ਸ੍ਰੀ ਮਦ ਭਾਗਵਤ ਪੁਰਾਣ।

# ੧੯. ਸਹਸ ਬਾਹੂ ਤੇ ਰਾਵਨ

ਸਹਸ ਬਾਹੂ ਦਾ ਅਸਲ ਨਾਮ ਕਾਰਤ ਵੀਰਯਾਰਜਨ ਸੀ। ਇਹ ਕ੍ਰਿਤ ਵੀਰਜ ਦਾ ਪੁੱਤਰ ਦੀ। ਇਸ ਦੀਆਂ ਹਜਾਰਾਂ ਬਾਹੀਂ ਸਨ। ਇਸ ਕਰਕੇ ਸਹਸ ਬਾਹੂ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ—

> *ਸਹਸਬਾਹੁ ਮਧੁ ਕੀਟ ਮਹਿਖਾਸਾ॥ ਹਰਣਾਖਸੁ ਲੇ ਨਖਹੁ ਬਿਧਾਸਾ॥*
> *ਦੈਤ ਸੰਘਾਰੇ ਬਿਨੁ ਭਗਤਿ ਅਭਿਆਸਾ॥੬॥* (ਗਉੜੀ ਮ: ੧)

ਸਹਸ ਬਾਹੂ ਦਾ ਰਾਜ ਨਰਬਦਾ ਨਦੀ ਦੇ ਦੋਹੀਂ ਪਾਸੀਂ ਸੀ। ਇਕ ਦਿਨ ਕਹਿੰਦੇ ਨੇ ਸਹਸ ਬਾਹੂ ਨਦੀ ਦੇ ਵਿਚ ਇਸ਼ਨਾਨ ਕਰ ਰਿਹਾ ਸੀ ਕਿ ਹਜਾਰਾਂ ਬਾਹਾਂ ਫੈਲਾ ਕੇ ਇਸ ਨਦੀ ਦੇ ਜਲ ਨੂੰ ਰੋਕ ਲਿਆ। ਜਲ ਇਕੱਠਾ ਹੋ ਕੇ ਉਚਾ ਹੋਣ ਲੱਗਾ। ਪਾਣੀ ਉਚਾ ਹੋ ਕੇ ਨਦੀ ਕਿਨਾਰੇ ਦੇ ਖੇਤਾਂ ਤੇ ਜੰਗਲਾਂ ਵਿਚ ਖਿਲਰਨ ਲੱਗਾ। ਇਕ ਬਨ ਵਿਚ ਰਾਂਵਨ ਭਗਤੀ ਕਰਦਾ ਸੀ, ਪਾਣੀ ਉਸ ਦੇ ਹੇਠਾਂ ਚਲਿਆ ਗਿਆ। ਉਹ ਕ੍ਰੋਧਵਾਨ ਹੋ ਕੇ ਉਠਿਆ ਤੇ ਸਹਸ ਬਾਹੂ ਨਾਲ ਯੁਧ ਕਰਨ ਲੱਗ ਪਿਆ। ਸਹਸ ਬਾਹੂ ਨੇ ਉਸ ਨੂੰ ਜੂੜ ਕੇ ਕੈਦੀ ਬਣਾ ਲਿਆ। ਇਸੇ ਸਹਸ ਬਾਹੂ ਨੇ ਜਮਦਗਨਿ ਨੂੰ ਮਾਰਿਆ ਸੀ।

## ੨੦. ਰਕਤ ਬੀਜ

ਇਕ ਐਸਾ ਦੈਂਤ ਸੀ ਕਿ ਇਸ ਦੇ ਲਹੂ ਦੀਆਂ ਜਿੰਨੀਆਂ ਬੂੰਦਾਂ ਧਰਤੀ ਉਤੇ ਡਿਗਣ ਓਨੇ ਹੀ ਦੈਂਤ ਉਤਪੰਨ ਹੋ ਜਾਂਦੇ ਸਨ । ਆਖਦੇ ਨੇ ਦੈਂਤ ਰਾਜ ਨਿਸੁੰਭ ਦੀ ਲੜਾਈ ਦੁਰਗਾ ਨਾਲ ਹੋਈ ਤੇ ਰਕਤ ਬੀਜ ਉਸ ਵੇਲੇ ਸੁੰਭ ਨਿਸੁੰਭ ਵਲੋਂ ਸੈਨਾਪਤੀ ਸੀ । ਕਾਲੀ ਨੇ ਇਹਦੇ ਲਹੂ ਨੂੰ ਪੀ ਕੇ ਇਸ ਦੀ ਮੌਤ ਕੀਤੀ।

## ੨੧. ਮਧੂ ਕੀਟਮ

ਇਹ ਦੋ ਦੈਂਤ ਸਨ । ਵਿਸ਼ਨੂੰ ਭਗਵਾਨ ਨੇ ਇਹਨਾਂ ਨੂੰ ਆਪਣੇ ਕੰਨਾਂ ਦੀ ਮੈਲ ਤੋਂ ਉਤਪੰਨ ਕੀਤਾ ਸੀ ਤੇ ਜਵਾਨ ਹੋ ਕੇ ਦੈਂਤ ਬ੍ਰਹਮਾ ਜੀ ਨੂੰ ਖਾ ਜਾਣ ਲਗੇ । ਬ੍ਰਹਮਾ ਨੇ ਜਾਨ ਬਚਾਉਣ ਵਾਸਤੇ ਵਿਸ਼ਨੂੰ ਦੀ ਉਸਤਤ ਕੀਤੀ ਤੇ ਉਸ ਸੁਤੇ ਨੂੰ ਜਗਾਇਆ । ਵਿਸ਼ਨੂੰ ਕਈ ਹਜ਼ਾਰ ਸਾਲ ਤੋਂ ਸੁੱਤਾ ਪਿਆ ਸੀ । ਬ੍ਰਹਮਾ ਦੇ ਉਸਤਤ ਕਰਨ ਉਤੇ ਸੁਤਾ ਜਾਗਿਆ । ਮਧੂ ਤੇ ਕੀਟਮ ਨਾਲ ਪੰਜ ਹਜਾਰ ਸਾਲ ਵਿਸ਼ਨੂੰ ਦਾ ਘੋਰ ਯੁਧ ਹੋਇਆ, ਨਾ ਵਿਸ਼ਨੂੰ ਹਾਰਿਆ ਤੇ ਨਾ ਮਧੂ ਕੀਟਮ ਨੇ ਹੀ ਦਮ ਛਡਿਆ । ਆਖ਼ਰ ਮਹਾਂ ਮਾਇਆ ਨੇ ਦਖ਼ਲ ਦਿਤਾ । ਮੋਹਨੀ ਰੂਪ ਹੋ ਕੇ ਉਸ ਨੇ ਮਧੂ ਤੇ ਕੀਟਮ ਨੂੰ ਭਰਮਾ ਲਿਆ ਤੇ ਉਹ ਨਰਮ ਹੋ ਗਏ । ਉਨ੍ਹਾਂ ਨੇ ਲੜਨਾ ਛੱਡ ਦਿਤਾ । ਉਨ੍ਹਾਂ ਨੇ ਕਿਹਾ ਸਾਡੇ ਨਾਲ ਬਹਾਦਰੀ ਨਾਲ ਲੜਦਾ ਰਿਹਾ ਹੈਂ, ਇਸ ਵਾਸਤੇ ਜੋ ਚਾਹੋ ਅਸਾਂ ਕੋਲੋਂ ਵਰ ਮੰਗ ਲੈ ।

ਮੈਨੂੰ ਆਪਣੇ ਸਿਰ ਦੇ ਦਿਓ ਇਹ ਮੰਗ ਵਿਸ਼ਨੂੰ ਨੇ ਮਧੂ ਤੇ ਕੀਟਮ ਕੋਲੋਂ ਮੰਗੀ । ਕੀਤੇ ਬਚਨ ਅਨੁਸਾਰ ਦੈਂਤਾਂ ਨੂੰ ਸਿਰ ਦੇਣੇ ਪਏ । ਵਿਸ਼ਨੂੰ ਨੇ ਆਪਣੇ ਪੇਟ ਉਤੇ ਦੈਂਤਾਂ ਦੇ ਸਿਰ ਵੱਢ ਸੁਟੇ । ਦੈਂਤਾਂ ਦੇ ਸਿਰ ਵਢਣ ਉਤੇ ਜੋ ਰਤ (ਲਹੂ) ਨਿਕਲੀ ਉਹ ਸਮੁੰਦਰ ਦੇ ਪਾਣੀ ਉਤੇ ਜੰਮ ਕੇ ਧਰਤੀ ਬਣ ਗਈ। ਇਹ ਧਰਤੀ ਦੀ ਜਨਮ ਕਥਾ ਵੀ ਹੈ ।

## ੨੨. ਮਹਾਂਦੇਵ ਨੇ ਲੜਕਾ ਮਾਰਨਾ

*ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥*
*ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥ (ਗੋਂਡ)*

ਨਾਮਦੇਵ ਜੀ ਪੰਡਤ ਨੂੰ ਮਖੌਲ ਕਰਦੇ ਹਨ ਕਿ—'ਹੇ ਪਾਂਡੇ ! ਤੁਹਾਡਾ ਮਹਾਂਦੇਵ ਜੀ ਦੇਖਿਆ ਉਹ ਚਿਟੇ ਬਲਦ ਉਤੇ ਸਵਾਰ ਸੀ, ਉਸ ਮਹਾਂਦੇਵ ਨੇ ਆਪਣਾ ਲੜਕਾ ਹੀ ਮਾਰ ਸੁਟਿਆ ਸੀ।' ਲੜਕੇ ਮਾਰਨ ਦੀ ਵਾਰਤਾ ਇਸ ਤਰ੍ਹਾਂ ਹੈ— ਇਕ ਦਿਨ ਪਾਰਬਤੀ ਸ਼ਿਵਜੀ ਮਹਾਰਾਜ ਦੀ ਇਸਤਰੀ ਇਸ਼ਨਾਨ ਕਰਨ ਲੱਗੀ ਤਾਂ ਉਸ ਨੇ ਆਪਣੇ ਲੜਕੇ ਨੂੰ ਆਖਿਆ—'ਬੇਟਾ ! ਦਰਵਾਜੇ ਅਗੇ ਬੈਠ, ਮੈਂ ਇਸ਼ਨਾਨ ਕਰ ਲਵਾਂ ਕੋਈ ਅੰਦਰ ਨਾ ਆਵੇ ।' ਲੜਕਾ ਆਪਣੀ ਮਾਤਾ ਦਾ ਇਹ ਹੁਕਮ ਸੁਣ ਕੇ ਬਾਹਰਲੇ ਬੂਹੇ ਅਗੇ ਬੈਠ ਗਿਆ । ਪਾਰਬਤੀ ਇਸ਼ਨਾਨ ਕਰਨ ਲਗ ਪਈ । ਅਜੇ ਇਸ਼ਨਾਨ ਪੂਰਾ ਨਹੀਂ ਸੀ ਕੀਤਾ ਕਿ ਸ਼ਿਵ ਜੀ ਮਹਾਰਾਜ ਬਾਹਰੋਂ ਆ ਗਏ । ਉਸ ਦਿਨ ਉਨ੍ਹਾਂ ਨੇ ਭੰਗ ਤੇ ਧਤੂਰਾ ਵਗੈਰਾ ਨਸ਼ਾ ਰੱਜ ਕੇ ਕੀਤਾ ਹੋਇਆ ਸੀ । ਆਪ ਨੂੰ ਆਪ ਦੀ ਸੋਝੀ ਕੋਈ ਨਹੀਂ ਸੀ । ਜਦੋਂ ਅੰਦਰ ਲੰਘਣ ਲਗੇ ਤਾਂ ਲੜਕੇ ਨੇ ਰੋਕਿਆ—'ਅੰਦਰ ਨਾ ਜਾਓ ਮਾਤਾ ਜੀ ਇਸ਼ਨਾਨ ਕਰ ਰਹੇ ਹਨ ।' ਪਰ ਘਰ ਦਾ ਮਾਲਕ ਸ਼ਿਵ ਜੀ ਨਾ ਰੁਕਿਆ । ਲੜਕੇ ਨੇ ਬੜਾ ਰੋਕਿਆ ਪਰ ਨਸ਼ੇ ਦੇ ਲੋਰ ਵਿਚ ਸ਼ਿਵ ਜੀ ਨੂੰ ਖ਼ਿਆਲ ਨਾ ਰਿਹਾ ਕਿ ਇਹ ਉਸ ਦਾ ਲੜਕਾ ਹੈ । ਇਸ ਕਰਕੇ ਉਸ ਨੇ ਕ੍ਰੋਧਵਾਨ ਹੋ ਕੇ ਤ੍ਰਿਸ਼ੂਲ ਨਾਲ ਲੜਕੇ ਦਾ ਸਿਰ ਵੱਢ ਦਿਤਾ । ਸਿਰ ਤਾਂ ਸ਼ਿਵ ਜੀ ਦੀ ਰੁੰਡ ਮਾਲਾ ਵਿਚ ਪ੍ਰੋਤਾ ਗਿਆ ਤੇ ਧੜ ਧਰਤੀ ਉਤੇ ਡਿਗ ਪਿਆ। ਸ਼ਿਵਜੀ ਮਹਾਰਾਜ ਅੰਦਰ ਲੰਘ ਗਏ ਅਗੇ ਪਾਰਬਤੀ ਨੇ ਅਜੇ ਇਸ਼ਨਾਨ ਨਹੀਂ ਸੀ ਕੀਤਾ। ਉਹ ਛੇਤੀ ਨਾਲ ਉਠ ਕੇ ਬਸਤ੍ਰ ਪਾਉਣ ਲਗੀ। ਬਸਤਰ ਓੜਦੀ ਹੋਈ ਨੇ ਸ਼ਿਵਾ ਕੋਲੋਂ ਪੁਛਿਆ, 'ਤੁਹਾਨੂੰ ਕਿਸੇ ਨੇ ਰੋਕਿਆ ਨਹੀਂ ?'

'ਮੈਨੂੰ ਕਿਸ ਰੋਕਣਾ ਸੀ ? ਸ਼ਿਵ ਜੀ ਨੂੰ ਕੋਈ ਰੋਕਣ ਵਾਲਾ ਹੈ ? ਇਕ ਲੜਕੇ ਨੇ ਰੋਕਿਆ ਸੀ ਮੈਂ ਉਸ ਦਾ ਸਿਰ ਵੱਢ ਸੁਟਿਆ ।' ਭੰਗ ਦੇ ਨਸ਼ੇ ਦੇ ਲੋਰ ਵਿਚ ਬੜੇ ਹੰਕਾਰ ਨਾਲ ਸ਼ਿਵਜੀ ਨੇ ਪਾਰਬਤੀ ਨੂੰ ਉੱਤਰ ਦਿੱਤਾ।

'ਪਾਪ ! ਮਹਾਂ ਪਾਪ ! ਉਹ ਤਾਂ ਆਪਣਾ ਲੜਕਾ ਸੀ । ਹਾਇ ਮੇਰਾ ਪੁੱਤਰ !' ਆਖਦੀ ਹੋਈ ਪਾਰਬਤੀ ਰੋਣ ਲਗ ਪਈ। ਪਾਰਬਤੀ ਦਾ ਰੋਣਾ ਸੁਣ ਕੇ ਸ਼ਿਵਜੀ ਦਾ ਨਸ਼ਾ ਉਤਰ ਗਿਆ, ਕਿਉਂਕਿ ਉਹ ਪਾਰਬਤੀ ਨਾਲ ਬਹੁਤ ਪ੍ਰੀਤ ਕਰਦੇ ਸਨ । ਪਾਰਬਤੀ ਨੇ ਉਨ੍ਹਾਂ ਨੂੰ ਕਿਹਾ ਜਿਵੇਂ ਵੀ ਹੋਵੇ ਉਸ ਦਾ ਲੜਕਾ ਜੀਉਂਦਾ ਹੋਣਾ ਚਾਹੀਦਾ ਹੈ ਨਹੀਂ ਤੇ ਉਹ ਮਰ ਜਾਵੇਗੀ। ਇਹ ਸੁਣ ਕੇ ਸ਼ਿਵਜੀ ਮਹਾਰਾਜ

ਤ੍ਰਿਸ਼ੂਲ ਫੜ ਕੇ ਭੁਖੇ ਭਾਣੇ ਹੀ ਮੁੜ ਘਰੋਂ ਬਾਹਰ ਨਿਕਲ ਗਏ। ਦੂਰ ਪਰਬਤਾਂ ਵਿਚ ਫਿਰਦੇ ਰਹੇ ਕਿ ਹੁਣ ਉਹ ਕਿਸ ਪੁਰਸ਼ ਦਾ ਸਿਰ ਕੱਟ ਕੇ ਲੜਕੇ ਨੂੰ ਜੀਉਂਦਾ ਕਰਨ, ਕਿਉਂਕਿ ਜੋ ਸਿਰ ਸ਼ਿਵਾਂ ਦੀ ਰੁੰਡ ਮਾਲਾ ਵਿਚ ਪਹੁੰਚ ਜਾਂਦਾ ਸੀ, ਉਹ ਮੁੜ ਧੜ ਨਾਲ ਨਹੀਂ ਸੀ ਜੁੜਦਾ। ਢੂੰਡਦਿਆਂ ਢੂੰਡਦਿਆਂ ਇਕ ਹਾਥੀ ਦਾ ਬੱਚਾ ਉਨ੍ਹਾਂ (ਸ਼ਿਵਾਂ) ਨੂੰ ਮਿਲ ਗਿਆ। ਉਸ ਦਾ ਸਿਰ ਵੱਢ ਕੇ ਘਰ ਲੈ ਆਏ। ਘਰ ਲਿਆ ਕੇ ਲੜਕੇ ਦੇ ਧੜ ਨਾਲ ਜੋੜ ਕੇ ਲੜਕੇ ਨੂੰ ਸੁਰਜੀਤ ਕਰ ਦਿੱਤਾ। ਉਸ ਲੜਕੇ ਦਾ ਨਾਮ ਫਿਰ 'ਗਣੇਸ਼' (ਗੁਣ ਏਸ) ਗੁਣਾਂ ਦਾ ਰਾਜਾ ਰਖਿਆ। ਭਗਤ ਜੀ ਪੰਡਤ ਨੂੰ ਇਸ ਕਥਾ ਵਲ ਇਸ਼ਾਰਾ ਕਰ ਕੇ ਸਮਝਾਉਂਦੇ ਹਨ ਕਿ ਜਿਹੜਾ ਸ਼ਿਵ ਜੀ ਭੰਗ ਤੇ ਧਤੂਰਾ ਪੀ ਕੇ ਆਪਣੇ ਲੜਕੇ ਨੂੰ ਮਾਰ ਸਕਦਾ ਹੈ ਤੇ ਹਾਥੀ ਦਾ ਮੂੰਹ ਦੇ ਕੇ ਸ਼ਕਲੋਂ ਬੇ-ਸ਼ਕਲ ਕਰਦਾ ਹੈ ਉਹ ਤੇਰਾ ਕੀ ਭਲਾ ਕਰੇਗਾ। ਕਿਤੇ ਤੈਨੂੰ ਵੀ ਮਾਰ ਦੇਵੇਗਾ, ਉਸ ਦੀ ਪੂਜਾ ਨਾ ਕਰ ਸਗੋਂ ਸਤਿ ਕਰਤਾਰ ਦਾ ਸਿਮਰਨ ਕਰ।

## ੨੩. ਬਿੰਦ੍ਰਾਬਨ

ਜਮਨਾ ਦੇ ਕਿਨਾਰੇ ਇਕ ਇਲਾਕਾ ਹੈ ਜੋ ਕਦੀ ਹਰਿਆ ਭਰਿਆ ਤੇ ਭਾਗਾਂ ਵਾਲਾ ਜੰਗਲ ਸੀ, ਇਥੇ ਸ੍ਰੀ ਕ੍ਰਿਸ਼ਨ ਜੀ ਨੇ ਗਊਆਂ ਚਾਰੀਆਂ ਤੇ ਗੋਪੀਆਂ ਨਾਲ ਅਨੇਕ ਤਰ੍ਹਾਂ ਦੇ ਪ੍ਰੀਤ ਖੇਲ ਕੀਤੇ ਸਨ। ਇਸ ਬਨ ਦਾ ਨਾਮ ਬਿੰਦ੍ਰਾਬਨ ਕਿਉਂ ਸੀ, ਉਹ ਵਾਰਤਾ ਇਉਂ ਹੈ, ਕਿ ਬਿੰਦ੍ਰਾਬਨ ਨਾਮ ਦੀ ਇਕ ਰਾਜ ਕੰਨਿਆਂ ਸੀ, ਕੰਵਾਰੀ ਉਮਰ ਵਿਚ ਉਸ ਨੇ ਇਸ ਬਨ ਵਿਚ ਘੋਰ ਤਪਸਿਆ ਕੀਤੀ। ਉਸ ਤਪਸਿਆ ਨੂੰ ਦੇਖ ਕੇ ਭਗਵਾਨ ਮੇਹਰਬਾਨ ਹੋਏ ਤੇ ਪ੍ਰਗਟ ਹੋ ਕੇ ਉਸ ਦੇ ਸਾਹਮਣੇ ਆ ਖਲੋਤੇ। ਭਗਵਾਨ ਨੇ ਪੁਛਿਆ—'ਦੇਵੀ! ਕਿਹੜੀ ਇੱਛਾ ਵਾਸਤੇ ਤਪ ਹੋ ਰਿਹਾ ਹੈ? ਵਰ ਮੰਗ।' ਬਿੰਦ੍ਰਾ ਨੇ ਇਹ ਸੁਣ ਕੇ ਕਿਹਾ- 'ਮੇਰੀ ਇਹੋ ਇੱਛਾ ਹੈ ਕਿ ਪ੍ਰਭੂ ਮੇਰੇ ਪਤੀ ਬਣਨ ਮੈਂ ਚਰਨਦਾਸੀ ਬਣ ਕੇ ਸੇਵਾ ਕਰੀ ਜਾਵਾਂ!' ਭਗਵਾਨ ਨੇ ਇਸੇ ਤਰ੍ਹਾਂ ਹੀ ਕੀਤਾ। ਬਿੰਦ੍ਰਾ ਨੂੰ ਨਾਲ ਹੀ ਸਵਰਗ ਨੂੰ ਲੈ ਗਏ, ਉਸ ਦਿਨ ਤੋਂ ਇਸ ਬਨ ਦਾ ਨਾਮ ਬਿੰਦ੍ਰਾਬਨ ਹੋ ਗਿਆ।

# ੫੪. ਪਾਰਜਾਤ

ਪਾਰਜਾਤ ਗੋਪੀ ਲੈ ਆਇਆ

ਪਾਰਜਾਤ ਦਾ ਅਰਥ ਹੈ ਕਲਪ ਬ੍ਰਿਛ, ਜੋ ਸਵਰਗ ਲੋਕ ਵਿਚ ਹੁੰਦਾ ਹੈ। ਇੰਦ੍ਰ ਦੇ ਬਾਗ ਵਿਚ ਇਹ ਬ੍ਰਿਛ ਬਹੁਤ ਸੀ। ਰੁਕਮਨੀ ਦੇ ਆਖਣ ਉਤੇ ਕਿ ਕਲਪ ਬ੍ਰਿਛ ਉਨ੍ਹਾਂ ਦੇ ਰਾਜ ਮਹਿਲ ਦੇ ਬਾਗ ਵਿਚ ਹੋਣਾ ਚਾਹੀਦਾ ਹੈ, ਕ੍ਰਿਸ਼ਨ ਜੀ ਨੇ ਇਹ ਬ੍ਰਿਛ ਇੰਦਰ ਨਾਲ ਘੋਰ ਯੁਧ ਕਰ ਕੇ ਇੰਦਰ ਲੋਕ ਵਿਚੋਂ ਪੁੱਟ ਕੇ ਦਵਾਰਕਾ ਨਗਰੀ ਵਿਚ ਆਪਣੀ ਪਿਆਰੀ ਰੁਕਮਣੀ ਦੇ ਬਾਗ ਵਿਚ ਲਾਇਆ ਸੀ।

# ੫੫. ਸ੍ਰੀ ਧਰੂਅ ਭਗਤ ਜੀ

ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।
ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।
ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ?
ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹੀਤਾ।
ਕਿਸੁ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸਭਿ ਹੋਵਨਿ ਮੀਤਾ?
ਪਰਮੇਸਰੁ ਆਰਾਧੀਐ ਜਿਦੂ ਹੋਈਐ ਪਤਿਤ ਪੁਨੀਤਾ।
ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।
ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ।
ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।
ਹਾਰਿ ਚਲੇ ਗੁਰਮੁਖਿ ਜਗ ਜੀਤਾ॥੧॥ (ਭਾਈ ਗੁਰਦਾਸ ਜੀ, ਵਾਰ ੧੦)

ਧਰੂਅ ਸਤਿਜੁਗ ਦੇ ਭਗਤਾਂ ਵਿਚੋਂ ਇਕ ਵੱਡਾ ਭਗਤ ਹੈ। ਭਾਰਤ ਦੀਆਂ ਅਨਪੜ੍ਹ ਮਾਵਾਂ ਵੀ ਤਰਕਾਲਾਂ ਨੂੰ ਆਪਣੇ ਬੱਚਿਆਂ ਨੂੰ ਕੋਲ ਬੈਠਾ ਕੇ ਆਖਦੀਆਂ ਹਨ, 'ਪੁਤ ਉਹ ਵੇਖ ਧਰੂਅ ਤਾਰਾ ਇਹ ਇਕ ਥਾਂ ਖਲੋਤਾ ਰਹਿੰਦਾ ਹੈ। ਬਾਕੀ ਸਾਰੇ ਤਾਰੇ ਇਸ ਦੀ ਪ੍ਰਕਰਮਾ ਲਿਆਉਂਦੇ ਹਨ। ਇਹ ਵੱਡਾ ਤਾਰਾ ਹੈ।' ਪਰ ਜਦੋਂ ਸਿਆਣਾ ਬੱਚਾ ਮੋੜ ਕੇ ਸਵਾਲ ਕਰਦਾ ਹੈ—'ਮਾਂ ਇਹ ਧਰੂਅ ਕੌਣ ਹੈ?' ਤਾਂ ਮਾਂ ਬੜੇ ਉਤਸ਼ਾਹ ਨਾਲ ਧਰੂਅ ਦੀ ਸਾਖੀ ਆਪਣੇ ਲਾਲ ਨੂੰ ਸੁਣਾਉਂਦੀ

ਹੈ । ਭਗਤੀ ਮਾਰਗ ਵਿਚ ਤੁਰਨ ਵਾਲੇ ਜਗਿਆਸੂ ਵੀ ਪਹਿਲਾਂ ਧਰੂਅ ਦੀ ਜੀਵਨ ਸਾਖੀ ਸੁਣਦੇ ਹਨ, ਕਿਉਂਕਿ ਧਰੂਅ ਦੀ ਜੀਵਨ ਕਥਾ ਡੋਲਦੇ ਮਨ ਵਾਸਤੇ ਚਾਨਣ ਮੁਨਾਰੇ ਦਾ ਕੰਮ ਦਿੰਦੀ ਹੈ। ਭਵਸਾਗਰ ਨੂੰ ਪਾਰ ਕਰਨ ਵਾਸਤੇ ਹੌਸਲਾ ਬਖ਼ਸ਼ਦੀ ਹੈ ।

ਭਾਈ ਗੁਰਦਾਸ ਜੀ ਨੇ ਧਰੂਅ ਦੀ ਉਚ ਭਗਤੀ ਦਾ ਖ਼ਿਆਲ ਕਰ ਕੇ ਹੀ ਉਨ੍ਹਾਂ ਦੀ ਕਥਾ ਦੱਸਣ ਦਾ ਯਤਨ ਕੀਤਾ ਹੈ । ਭਾਈ ਸਾਹਿਬ ਆਖਦੇ ਹਨ 'ਧਰੂਅ ਹਸਦਾ ਘਰਿ ਆਇਆ' ਅਗੇ ਉਸ ਦਾ ਬਾਪ ਬੈਠਾ ਸੀ ਉਸ ਨੇ ਪਿਆਰ ਕਰਨ ਖ਼ਾਤਰ ਫੜਕੇ ਗੋਦ ਵਿਚ ਬੈਠਾ ਲਿਆ । ਧਰੂਅ ਦੀ ਮਤ੍ਰੇਈ ਮਾਂ ਨੇ ਗੁੱਸਾ ਕੀਤਾ ਕਿ ਮੇਰੀ ਸੌਂਕਣ ਦੇ ਪੁੱਤਰ ਨਾਲ ਰਾਜਾ ਪਿਆਰ ਕਿਉਂ ਕਰਦਾ ਹੈ ? ਕ੍ਰੋਧ ਨਾਲ ਲਾਲ ਪੀਲੀ ਹੋ ਕੇ ਉਸ ਨੇ ਧਰੂਅ ਨੂੰ ਬਾਹੋਂ ਫੜਿਆ ਤੇ ਰਾਜੇ ਦੀ ਗੋਦ ਵਿਚੋਂ ਉਠਾ ਦਿੱਤਾ । ਧਰੂਅ ਰੋਂਦਾ ਹੋਇਆ ਆਪਣੀ ਮਾਂ ਕੋਲ ਆਇਆ ਤੇ ਉਸ ਨੇ ਮਾਂ ਨੂੰ ਪੁਛਿਆ—'ਮਾਂ ਸੱਚ ਦੱਸ ਤੂੰ ਰਾਣੀ ਹੈਂ ਜਾਂ ਦਾਸੀ ?' ਮਾਂ ਨੇ ਹੌਕਾ ਭਰਕੇ ਅਗੋਂ ਜਵਾਬ ਦਿਤਾ—'ਮੈਂ ਜਨਮ ਦੇ ਸਬੰਧ ਨਾਲ ਤਾਂ ਰਾਣੀ ਹਾਂ ਪਰੰਤੂ ਪ੍ਰਮਾਤਮਾ ਦੀ ਭਗਤੀ ਨਹੀਂ ਕੀਤੀ ਇਸ ਵਾਸਤੇ ਮੇਰੀ ਭੈੜੀ ਦਸ਼ਾ ਹੈ ।' ਧਰੂਅ ਨੇ ਫਿਰ ਸਵਾਲ ਕੀਤਾ, 'ਹੱਛਾ ਮਾਂ ! ਇਹ ਦੱਸ ਕਿਹੜਾ ਕਰਮ ਕਰਾਂ ਜਿਸ ਨਾਲ ਮੈਨੂੰ ਰਾਜ ਮਿਲ ਜਾਵੇ ਤੇ ਸਾਰੇ ਵੈਰੀ ਮਿੱਤਰ ਬਣ ਜਾਣ ।' ਮਾਂ ਨੇ ਜਵਾਬ ਦਿੱਤਾ—'ਪੁੱਤਰ ! ਪ੍ਰਮਾਤਮਾ ਦੀ ਭਗਤੀ ਕਰੀਏ । ਉਹ ਪਾਪੀਆਂ ਦੇ ਪਾਪ ਖੰਡਦਾ ਹੈ ਤੇ ਉਹ ਹੀ ਰਾਜ ਦੇਂਦਾ ਹੈ।' ਇਹ ਸੁਣ ਕੇ ਧਰੂਅ ਬੈਰਾਗੀ ਹੋ ਗਿਆ । ਤਪ ਕਰਨ ਵਾਸਤੇ ਜੰਗਲ ਨੂੰ ਗਿਆ ਅਗੋਂ ਨਾਰਦ ਮੁਨੀ ਜੀ ਮਿਲੇ ਉਨ੍ਹਾਂ ਨੇ ਉਪਦੇਸ਼ ਦਿੱਤਾ । ਧਰੂਅ ਨਾਮ ਰੂਪੀ ਖ਼ਜ਼ਾਨੇ ਦਾ ਮਾਲਕ ਬਣ ਗਿਆ । ਜਦੋਂ ਰਾਜੇ ਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਜੰਗਲ ਨੂੰ ਤੁਰ ਗਿਆ ਹੈ ਤਾਂ ਉਹ ਪਿਛੇ ਆਇਆ ਤੇ ਆਖਿਆ—'ਘਰ ਚਲ ਤੇ ਰਾਜ ਤਖ਼ਤ ਉਤੇ ਬੈਠ ਜਾਹ । ਜੋ ਗੁਰਮੁਖ ਹਾਰ ਕੇ ਚਲਦੇ ਨੇ ਤਾਂ ਪ੍ਰਮਾਤਮਾ ਦੀ ਸਹਾਇਤਾ ਨਾਲ ਉਹਨਾਂ ਦੀ ਫ਼ਤਹ ਹੁੰਦੀ ਹੈ।'

ਹੇ ਜਗਿਆਸੂਓ ! ਵਾਹਿਗੁਰੂ ਦੇ ਪ੍ਰੇਮੀਓ ਧਰੂਅ ਜੀ ਦੀ ਸਾਖੀ ਧਿਆਨ ਨਾਲ ਸੁਣੋ । ਭਗਤਾਂ ਦੀਆਂ ਸਾਖੀਆਂ ਸੁਣਨ ਨਾਲ ਕਲਿਆਣ ਹੋ ਜਾਂਦਾ ਹੈ।

ਸਤਿਜੁਗ ਦੇ ਵਿਚ ਰਾਜਾ ਉਤਾਨਪਾਦ ਹੋਇਆ ਹੈ । ਉਹ ਬੜਾ ਧਰਮੀ

ਦਲੇਰ ਤੇ ਨਿਆਇਕਾਰੀ ਰਾਜਾ ਸੀ। ਉਸ ਦੀਆਂ ਦੋ ਰਾਣੀਆਂ ਸਨ, ਵੱਡੀ ਰਾਣੀ ਦਾ ਨਾਮ ਸੁਨੀਤੀ ਸੀ ਤੇ ਛੋਟੀ ਸੁਰਿਚੀ। ਵੱਡੀ ਰਾਣੀ ਸੁਨੀਤੀ ਦੇ ਪੁੱਤਰ ਧਰੂਅ ਅਤੇ ਸੁਰਿਚੀ ਦੇ ਪੁੱਤਰ ਦਾ ਨਾਮ ਉੱਤਮ ਸੀ। ਦੋਵੇਂ ਬਾਲਕ ਇਕ ਹੀ ਆਯੂ ਦੇ ਸਨ। ਜਨਮ ਵਿਚ ਥੋਹੜੇ ਦਿਨਾਂ ਦਾ ਅੱਗਾ ਪਿੱਛਾ ਸੀ।

ਸੁਨੀਤੀ ਗੁਣਵੰਤੀ, ਪਤੀਬ੍ਰਤਾ, ਪ੍ਰਮਾਤਮਾ ਦੇ ਭੈ ਵਾਲੀ ਸਾਧਾਰਨ ਇਸਤਰੀ ਸੀ। ਉਸ ਵਿਚ ਸਾਰੇ ਹੀ ਚੰਗੇ ਗੁਣ ਸਨ। ਰਾਜੇ ਉਤਾਨਪਾਦ ਨਾਲ ਬਹੁਤ ਪਿਆਰ ਕਰਦੀ ਸੀ ਪਰ ਪਿਆਰ ਦਾ ਵਿਖਾਵਾ ਨਹੀਂ ਸੀ ਕਰ ਸਕਦੀ। ਕਿਉਂਕਿ ਉਸ ਨੂੰ ਚਲਾਕ ਇਸਤਰੀਆਂ ਵਰਗੇ ਨਖਰੇ ਚਲਿਤ੍ਰ ਤੇ ਸਾਂਗ ਕਰਨੇ ਨਹੀਂ ਸਨ ਆਉਂਦੇ ਪਰ ਦੂਸਰੀ ਸੁਰਿਚੀ ਬੜੀ ਚਾਲਾਕ ਸੀ। ਉਸ ਵਿਚ ਚਾਰ ਸੌ ਚਲਿਤ੍ਰ ਸਨ। ਉਹ ਜਵਾਨੀ ਤੇ ਸੁੰਦਰਤਾ ਨੂੰ ਨਿਖਾਰ ਕੇ ਰਾਜੇ ਦਾ ਮਨ ਵਾਸ਼ਨਾ ਭੋਗ ਵਲ ਪ੍ਰੇਰਦੀ ਰਹਿੰਦੀ। ਕਾਮ ਕਲਾ ਇਸਤਰੀ ਮਰਦ ਦਾ ਧਰਮ ਤੇ ਉਚ ਕਰਮ ਖੋਹ ਲੈਂਦੀ ਹੈ। ਉਹ ਰਾਤ ਦਿਨ ਅਗੇ ਪਿਛੇ ਫਿਰਦੀ ਰਹਿੰਦੀ, ਨਚਦੀ ਗਾਉਂਦੀ ਸ਼ਿੰਗਾਰ ਕਰਦੀ ਤੇ ਰਾਜੇ ਦੇ ਮਨ ਨੂੰ ਨਚਾਉਂਦੀ। ਹੌਲੀ ਹੌਲੀ ਰਾਜਾ ਉਸ ਦਾ ਦਾਸ ਹੋ ਗਿਆ। ਉਹ ਜੇ ਦਿਨ ਨੂੰ ਰਾਤ ਆਖਦੀ ਤਾਂ ਰਾਜਾ ਰਾਤ ਹੀ ਆਖਦਾ। ਚੰਦਰੀ ਸੁਰਿਚੀ ਨੇ ਰਾਜੇ ਨੂੰ ਚੁਕ ਕੇ ਮਾੜੀਆਂ ਚੰਗੀਆਂ ਝੂਠੀਆਂ ਗੱਲਾਂ ਦੱਸ ਕੇ ਰਾਣੀ ਸੁਨੀਤੀ ਨੂੰ ਰਾਜੇ ਦੇ ਦਿਲੋਂ ਲਾਹ ਦਿਤਾ। ਉਹ ਕਈ ਕਈ ਮਹੀਨੇ ਮਥੇ ਨਾ ਲਗਦਾ, ਜਦੋਂ ਰਾਜੇ ਨੇ ਆਦਰ ਨਾ ਕੀਤਾ ਤਾਂ ਦਾਸ ਦਾਸੀਆਂ ਵੀ ਸੁਨੀਤੀ ਦਾ ਹੁਕਮ ਮੰਨਣ ਤੋਂ ਕੰਨੀ ਕਤਰਾਉਣ ਲਗੀਆਂ, ਉਹ ਪਟਰਾਣੀ ਹੁੰਦੀ ਹੋਈ ਵੀ ਦਾਸੀਆਂ ਵਾਂਗ ਰਹਿਣ ਲਗੀ। ਮਹੱਲ ਦੇ ਇਕ ਹਿੱਸੇ ਵਿਚ ਬਹਿ ਰਹਿੰਦੀ ਉਸ ਦੇ ਹੱਸਣ ਜਾਂ ਖ਼ੁਸ਼ ਹੋਣ ਦਾ ਜੋ ਕੋਈ ਵਸੀਲਾ ਸੀ ਤਾਂ ਉਹ ਉਸ ਦਾ ਪਿਆਰਾ ਬੇਟਾ ਧਰੂਅ ਸੀ। ਉਸ ਵੇਲੇ ਧਰੂਅ ਦੀ ਉਮਰ ਮਸਾਂ ਸਤ ਅਠ ਸਾਲ ਦੀ ਸੀ। ਉਮਰ ਭਾਵੇਂ ਛੋਟੀ ਸੀ ਪਰ ਸੂਝ ਬੂਝ ਬਹੁਤ ਸੀ।

ਸੁਨੀਤੀ ਧਰੂਅ ਨੂੰ ਕੋਲ ਹੀ ਰਖਿਆ ਕਰਦੀ ਸੀ। ਸਬੱਬ ਨਾਲ ਇਕ ਦਿਨ ਹੋਰ ਬਾਲਕਾਂ ਨਾਲ ਖੇਡਦਾ ਹੋਇਆ ਧਰੂਅ ਆਪਣੇ ਬਾਪ ਦੇ ਮਹਿਲ ਵਿਚ ਚਲਿਆ ਗਿਆ। ਅਗੇ ਰਾਜਾ ਬੈਠਾ ਸੀ, ਉਸ ਨੇ ਜਦੋਂ ਦੇਖਿਆ ਕਿ ਉਸ ਦਾ ਪੁੱਤਰ ਧਰੂਅ ਆਇਆ ਹੈ, ਉਹ ਭੋਲੀ ਤੇ ਸੁੰਦਰ ਸੂਰਤ ਵਾਲਾ ਬਾਲਕ

ਉਸ ਨੂੰ ਆਪਣੀ ਵਲ ਖਿਚ ਰਿਹਾ ਹੈ ਤਾਂ ਰਾਜੇ ਨੇ ਉਠ ਕੇ ਛੇਤੀ ਨਾਲ ਧਰੂਅ ਨੂੰ ਫੜ ਲਿਆ। ਚੁੱਕ ਕੇ ਛਾਤੀ ਨਾਲ ਲਾਇਆ, ਉਸ ਦੇ ਮੁਖੜੇ ਨੂੰ ਚੁੰਮਿਆ ਤੇ ਗੋਦੀ ਲੈ ਕੇ ਬੈਠ ਗਿਆ। ਅਜੇ ਬਚੇ ਨਾਲ ਗੱਲਾਂ ਕਰਨ ਹੀ ਲੱਗਾ ਸੀ ਕਿ ਅਚਾਨਕ ਹੀ ਸੁਰਿਚੀ ਆ ਗਈ, ਉਹ ਬਿਜਲੀ ਤੇ ਹੋਣੀ ਰੂਪ ਸੀ, ਮੋਟੇ ਨੈਣਾਂ ਵਿਚ ਕੱਜਲ ਪਾਇਆ ਹੋਇਆ ਸੀ। ਕਾਲੀ ਘਟਾ ਵਰਗੇ ਕੇਸ ਖੁਲ੍ਹੇ ਛਡੇ ਹੋਏ ਸੀ, ਵਾਸ਼ਨਾ ਦੀ ਪਾਗਲ ਕੀਤੀ ਹੋਈ ਉਹ ਜਦੋਂ ਰਾਜੇ ਦੇ ਕੋਲ ਆਈ ਤੇ ਧਰੂਅ ਨੂੰ ਗੋਦ ਵਿਚ ਬੈਠੇ ਦੇਖਿਆ ਤਾਂ ਸੜ ਬਲ ਕੇ ਕੋਲਾ ਹੋ ਗਈ, ਅਨਬੋਲੇ ਹੀ ਬੱਚੇ ਧਰੂਅ ਦੀ ਬਾਂਹ ਫੜ ਕੇ ਉਸ ਨੂੰ ਰਾਜੇ ਦੀ ਗੋਦ ਵਿਚੋਂ ਖਿੱਚ ਲਿਆ। ਬਾਹਰ ਖਿੱਚ ਕੇ ਦੋ ਪਟੋਕੀਆਂ ਮਾਰੀਆਂ ਤੇ ਕੜਕ ਕੇ ਕਿਹਾ, 'ਮੁੜ ਕੇ ਇਸ ਮਹੱਲ ਵਿਚ ਨਾ ਆਈਂ, ਆਪਣੀ ਮਾਂ ਕੋਲ ਹੀ ਰਿਹਾ ਕਰ।' ਮਾਸੂਮ ਬੱਚਾ ਰੋਂਦਾ ਹੋਇਆ ਰਾਜੇ ਕੋਲੋਂ ਦੂਰ ਚਲਿਆ ਗਿਆ।

ਰਾਜਾ ਉਤਾਨਪਾਦ ਸੁਰਿਚੀ ਵਲ ਵੇਖਦਾ ਹੀ ਰਹਿ ਗਿਆ। ਉਸ ਨੂੰ ਇਕ ਸ਼ਬਦ ਵੀ ਮਾੜਾ ਚੰਗਾ ਨਾ ਆਖਿਆ। ਧਰੂਅ ਨੂੰ ਰਾਜੇ ਦੀਆਂ ਅੱਖਾਂ ਅਗੋਂ ਦੂਰ ਕਰ ਕੇ ਚਾਲਾਕ ਤੇ ਕਾਮ ਕਲਾ ਸੁਰਿਚੀ ਰਾਜੇ ਦੇ ਗਲ ਬਾਹੀਂ ਦਾ ਹਾਰ ਪਾ ਕੇ ਉਸ ਨਾਲ ਝੂਠਾ ਪਿਆਰ ਕਰਨ ਲਗ ਪਈ ਤੇ ਉਸ ਦੇ ਕੋਮਲ ਤਨ ਦੀ ਛੋਹ ਪ੍ਰਾਪਤ ਕਰ ਕੇ ਰਾਜਾ ਪੁੱਤਰ ਨੂੰ ਭੁਲ ਗਿਆ।

ਦੂਸਰੇ ਹੱਥ ਨਿਸਕਪਟ ਮਾਸੂਮ ਤੇ ਨਿਰਮਲ ਆਤਮਾ ਵਾਲਾ ਬਾਲਕ ਧਰੂਅ ਮਨ ਹੀ ਮਨ ਕਈ ਤਰ੍ਹਾਂ ਦੇ ਵਿਚਾਰ ਕਰਦਾ ਹੋਇਆ ਤੇ ਰੋਂਦਾ ਆਪਣੀ ਮਾਂ ਸੁਨਿਤੀ ਕੋਲ ਪੁਜਿਆ। ਬੱਚੇ ਨੂੰ ਰੋਂਦਾ ਦੇਖ ਕੇ ਸੁਨੀਤੀ ਦੇ ਹਿਰਦੇ ਵਿਚ ਮੁੱਕੀ ਵੱਜੀ। ਉਸ ਦਾ ਦਿਲ ਦਹਿਲ ਗਿਆ, ਕਿਉਂਕਿ ਧਰੂਅ ਕਦੀ ਰੋਂਦਾ ਉਸ ਦੇ ਕੋਲ ਨਹੀਂ ਸੀ ਆਇਆ। ਨੱਸ ਕੇ ਅਗੋਂ ਧਰੂਅ ਨੂੰ ਚੁਕ ਕੇ ਧੜਕਦੇ ਸੀਨੇ ਨਾਲ ਲਾਇਆ। ਸਿਰ ਤੇ ਪਿਆਰ ਦੇਂਦਿਆਂ ਹੋਇਆਂ ਪੁਛਿਆ, 'ਮਾਂ ਮਰੇ! ਮੇਰੇ ਲਾਲ ਨੂੰ ਕੀ ਹੋਇਆ? ਕੀ ਕਿਸੇ ਨੇ ਮਾਰਿਆ ਹੈ?'

ਧਰੂਅ—(ਹੌਕੇ ਲੈਂਦਾ ਹੋਇਆ) 'ਮਾਂ! ਮੈਨੂੰ ਇਕ ਗੱਲ ਸੱਚੀ ਦਸ।'

ਸੁਨੀਤੀ—(ਹੈਰਾਨ ਹੋ ਕੇ) 'ਕਿਹੜੀ ਗੱਲ ਪੁੱਤਰ?'

ਧਰੂਅ—'ਕੀ ਮਾਂ ਤੂੰ ਰਾਜੇ ਦੀ ਰਾਣੀ ਹੈਂ ਕਿ ਦਾਸੀ?'

ਪੁੱਤਰ ਦੀ ਇਹ ਗੱਲ ਸੁਣ ਕੇ ਸੁਨੀਤੀ ਸੋਚੀਂ ਪੈ ਗਈ, ਉਸ ਦਾ ਸਿਰ

ਚਕਰਾਉਣ ਲੱਗ ਪਿਆ। ਉਹ ਸੋਚਣ ਲਗੀ ਕਿ ਹੋ ਸਕਦਾ ਹੈ ਕਿਸੇ ਬਾਲਕ ਨੇ ਇਹਨੂੰ ਤਾਹਨਾ ਮਾਰਿਆ ਹੋਵੇ। ਉਹ ਕੀ ਉੱਤਰ ਦੇਵੇ ? ਉਸ ਦੇ ਦਿਲ ਦੀ ਧੜਕਣ ਵਧ ਗਈ। ਅੱਖਾਂ ਵਿਚ ਅਥਰੂ ਆ ਗਏ। ਨੈਣਾਂ ਵਿਚੋਂ ਮੋਟੇ ਅਥਰੂ ਕਿਰਕੇ ਧਰੂਅ ਦੇ ਮੂੰਹ ਉਤੇ ਡਿਗ ਪਏ। ਉਨ੍ਹਾਂ ਅਥਰੂਆਂ ਦੀ ਗਰਮਾਈ ਨੇ ਧਰੂਅ ਨੂੰ ਸਾਰਾ ਗਿਆਨ ਕਰਾ ਦਿੱਤਾ, ਫਿਰ ਬਾਲਕ ਨੇ ਦਿਲ ਦੀ ਤਸੱਲੀ ਵਾਸਤੇ ਮਾਂ ਨੂੰ ਪੁਛਿਆ।

'ਤੂੰ ਰੋਣ ਲੱਗ ਪਈ ? ਸੱਚ ਦਸ ਕੀ ਤੂੰ ਦਾਸੀ ਹੈਂ ?'

ਸੁਨੀਤੀ—'ਪੁੱਤਰ ! ਮੈਂ ਦਾਸੀ ਨਹੀਂ, ਪਟਰਾਣੀ ਹਾਂ, ਰਾਜੇ ਨੇ ਮੈਨੂੰ ਵਿਆਹ ਕੇ ਲਿਆਂਦਾ ਹੋਇਆ ਹੈ। ਤੇਰੇ ਨਾਨਕੇ ਰਾਜੇ ਹਨ ਪਰ ਕਰਮਾਂ ਦੀ ਗੱਲ ਹੈ। ਮੇਰਾ ਜਨਮ ਤਾਂ ਰਾਜ ਮਹਿਲਾਂ ਵਿਚ ਹੋ ਗਿਆ। ਵਿਆਹੀ ਰਾਜ ਮਹਿਲਾਂ ਵਿਚ ਆਈ ਪਰ ਪ੍ਰਮਾਤਮਾ ਦੀ ਭਗਤੀ ਦੀ ਘਾਟ ਹੈ ਕਿ ਮੇਰਾ ਸਤਿਕਾਰ ਨਹੀਂ। ਮੇਰੀ ਸੌਂਕਣ ਸੁਰਿਚੀ ਨੇ ਤੇਰੇ ਬਾਪ ਉਤੇ ਨਖਰੇ ਦਾ ਜਾਦੂ ਕੀਤਾ ਹੈ, ਉਹ ਮਰਦ ਹੈ, ਇਸਤਰੀ ਦਾ ਦਾਸ ਬਣ ਗਿਆ। ਹੁਣ ਤਾਂ ਪੁੱਤਰ ਤੇਨੂੰ ਵੀ ਰਾਜ ਨਹੀਂ ਮਿਲੇਗਾ। ਸੁਰਿਚੀ ਰਾਜ ਉਤਮ ਨੂੰ ਦਿਵਾਵੇਗੀ। ਭਗਤੀ ਨਾ ਕਰਨ ਦੇ ਕਾਰਨ ਮੈਂ ਦਾਸੀਆਂ ਵਾਂਗ ਰਹਿੰਦੀ ਹਾਂ।'

ਧਰੂਅ—'ਹੱਛਾ ਮਾਂ ! ਹੁਣ ਰੋ ਨਾ। ਮੈਨੂੰ ਤੂੰ ਦੱਸ ਕਿ ਰਾਜ ਕਿਵੇਂ ਮਿਲ ਸਕਦਾ ਹੈ ?'

ਸੁਨੀਤੀ—'ਪ੍ਰਮਾਤਮਾ ਦੀ ਭਗਤੀ ਕੀਤਿਆਂ, ਉਸ ਦੇ ਕੋਲੋਂ ਵਰ ਲਿਆਂ।'

ਧਰੂਅ—'ਬਸ ਰਹਿਣ ਦੇ ਸਭ ਗੱਲਾਂ, ਮੈਂ ਅੱਜ ਤੋਂ ਭਗਤੀ ਕਰਾਂਗਾ, ਜੰਗਲਾਂ ਵਿਚ ਜਾ ਕੇ ਕਠਿਨ ਤਪਸਿਆ ਕਰਾਂਗਾ। ਭਗਵਾਨ ਨੂੰ ਮਿਲਾਂਗਾ। ਉਸ ਕੋਲੋਂ ਰਾਜ ਦੀ ਭਿਖਿਆ ਮੰਗਾਂਗਾ। ਹੁਣ ਨਾ ਰੋ, ਰੋਣ ਦਾ ਕੁਝ ਲਾਭ ਨਹੀਂ।'

ਬਸ ਧਰੂਅ ਵੈਰਾਗੀ ਹੋ ਗਿਆ, ਅਜੇ ਬਾਲਕ ਸੀ। ਇਹ ਵੀ ਨਹੀਂ ਸੀ ਪਤਾ ਕਿ ਪਰਮਾਤਮਾ ਨੂੰ ਕਿਸ ਨਾਮ ਨਾਲ ਪੁਕਾਰੇ। ਕਿਸ ਸ਼ਬਦ ਦਾ ਜਾਪ ਕਰੇ। ਸਾਰਾ ਦਿਨ ਸੋਚਦਾ ਰਿਹਾ ਕਿ ਉਹ ਕਿਧਰ ਜਾਵੇ ? ਕਿੰਨਾ ਚਿਰ ਭਗਤੀ ਕਰੇ। ਮਾਂ ਨੂੰ ਦੱਸ ਕੇ ਜਾਵੇ ਜਾਂ ਚੋਰੀ। ਇਹ ਸੋਚਦੇ ਨੂੰ ਸ਼ਾਮਾਂ ਪੈ ਗਈਆਂ, ਰਾਤ ਹੋ ਗਈ, ਸਾਰਾ ਸ਼ਹਿਰ ਸੌਂ ਗਿਆ। ਉਸ ਦੀ ਮਾਂ ਦੀਆਂ ਅੱਖਾਂ ਵੀ ਨੀਂਦ ਨੇ ਮੀਟ ਦਿਤੀਆਂ, ਪਰ ਉਹ ਨਾ ਸੁੱਤਾ। ਉਸ ਦੇ ਦਿਲੋਂ ਅਵਾਜ਼ ਉਠ

ਰਹੀ ਸੀ, ਧਰੂਅ ਚਲ ਜੰਗਲ ਨੂੰ, ਲੱਭ ਭਗਵਾਨ ਨੂੰ।

ਪਿਆਰੀ ਮਾਂ ਨੂੰ ਸੁੱਤੀ ਛੱਡ ਕੇ ਬਾਲਕ ਧਰੂਅ ਰਾਜ ਮਹਿਲਾਂ 'ਚੋਂ ਨਿਕਲਿਆ, ਪੈਰਾਂ ਦਾ ਖੜਕਾ ਵੀ ਨਹੀਂ ਹੋਣ ਦਿੱਤਾ। ਪ੍ਰਮਾਤਮਾ ਦੀ ਲੀਲ੍ਹਾ ਕਿਸੇ ਸੰਤਰੀ ਕਿਸੇ ਰਾਖੇ ਦਾਸ ਦਾਸੀ ਨੇ ਵੀ ਉਸ ਨੂੰ ਨਹੀਂ ਦੇਖਿਆ। ਉਹ ਰਾਜ ਮਹਿਲਾਂ ਦੇ ਹਾਤੇ ਵਿਚੋਂ ਬਾਹਰ ਆ ਗਿਆ। ਸ਼ਹਿਰ ਸੁੱਤਾ ਸੀ। ਬਾਜ਼ਾਰ ਸੁੰਞੇ ਸਨ। ਨਿਡਰ ਬਾਲਕ ਤੁਰਿਆ ਗਿਆ। ਥੋੜ੍ਹੀ ਦੂਰ ਜਾ ਕੇ ਭੱਜ ਉਠਿਆ। ਸ਼ਹਿਰ ਦੀ ਬਾਹਰਲੀ ਦੀਵਾਰ ਵੀ ਪਿਛੇ ਰਹਿ ਗਈ, ਸੁੰਞੀ ਡਰਾਉਣੀ ਤੇ ਹਨੇਰੀ ਉਜਾੜ ਆ ਗਈ। ਨੰਗੇ ਪੈਰੀਂ ਰਾਜਕੁਮਾਰ ਧਰੂਅ ਨਸਿਆ ਗਿਆ। ਕਿਧਰ ਜਾਣਾ ਸੀ? ਇਹ ਕੁਝ ਪਤਾ ਨਹੀਂ ਸੀ। ਭਗਵਾਨ ਕਿਥੇ ਰਹਿੰਦਾ ਹੈ, ਇਹ ਕਿਸੇ ਨੇ ਕੁਝ ਦਸਿਆ ਨਹੀਂ ਸੀ। ਉਹ ਨੱਸਾ ਜਾਂਦਾ ਇਹੋ ਆਖੀ ਗਿਆ, ਭਗਵਾਨ ਮੈਂ ਆ ਰਿਹਾ ਹਾਂ, ਤੇਰੀ ਭਗਤੀ ਕਰਾਂਗਾ। ਹਨੇਰੀ ਰਾਤ 'ਚ ਬਿਜਲੀ ਚਮਕੀ, ਬੱਦਲ ਗੱਜਿਆ, ਸ਼ੇਰ ਤੇ ਚੀਤੇ ਬੋਲੇ। ਸੱਪ ਨੇ ਫੁਨਕਾਰੇ ਮਾਰੇ, ਉਜਾੜ ਨੇ 'ਸ਼ਾਂ-ਸ਼ਾਂ' ਦੀ ਡਰਾਉਣੀ ਅਵਾਜ਼ ਪੈਦਾ ਕੀਤੀ ਪਰ ਧਰੂਅ ਨਾ ਰੁਕਿਆ ਨਾ ਡਰਿਆ। ਉਸ ਦਾ ਮਨ ਅਤੇ ਅੱਖਾਂ ਅਣਡਿਠੇ ਭਗਵਾਨ ਵਲ ਜੁੜ ਗਈਆਂ ਸਨ, ਡਰ ਵਾਲੀਆਂ ਚੀਜ਼ਾਂ ਦਾ ਗਿਆਨ ਨਹੀਂ ਸੀ ਰਿਹਾ, ਨਿਕੇ ਨਿਕੇ ਕੋਮਲ ਪੈਰ ਜਿਹੜੇ ਕਦੀ ਸੰਗਮਰਮਰ ਤੇ ਤੁਰਦੇ ਹੋਏ ਵੀ ਦੁਖਦੇ ਸਨ, ਅੱਜ ਕੰਡਿਆਂ, ਰੋੜਾਂ ਤੇ ਕਰੜੀ ਮਿੱਟੀ ਉਤੇ ਨੱਸੇ ਜਾਂਦੇ ਵੀ ਨਹੀਂ ਸਨ ਥਕਦੇ ਤੇ ਦੁਖਦੇ।

ਕਾਲੀ ਰਾਤ ਬੀਤ ਗਈ। ਸਵੇਰ ਹੋਈ ਸੂਰਜ ਭਗਵਾਨ ਨੇ ਦਰਸ਼ਨ ਦਿਤੇ। ਕਾਲੀ ਰਾਤ ਨੇ ਆਪਣਾ ਪੜਦਾ ਗੋਲ ਕਰ ਲਿਆ। ਜੰਗਲ ਦੀ ਸਾਰੀ ਬਨਾਸਪਤੀ ਖਿੜ ਗਈ, ਕੰਵਲ ਫੁੱਲ ਖੇੜੇ ਵਿਚ ਆਏ। ਹਰ ਪਾਸੇ ਕੁਦਰਤ ਮਨਮੋਹਣੀ ਸੀ, ਜੰਗਲ ਦੇ ਜਾਨਵਰ ਹਿਰਨ, ਸ਼ੇਰ, ਗਿੱਦੜ, ਰਿਛ, ਹਾਥੀ ਆਦਿਕ ਪੰਛੀ ਤੇ ਸੱਪ ਠੂੰਹੇਂ ਤੁਰਦੇ ਫਿਰਦੇ ਦਿਖਾਈ ਦੇਂਦੇ ਸਨ। ਉਨ੍ਹਾਂ ਨਾ ਧਰੂਅ ਨੂੰ ਡਰਾਇਆ ਤੇ ਨਾ ਧਰੂਅ ਡਰਿਆ। ਇਕ ਸੁੰਦਰ ਝੀਲ ਦੇ ਕਿਨਾਰੇ ਖਲੋ ਕੇ ਸੋਚਣ ਲਗਾ ਹੁਣ ਕਿਧਰ ਜਾਵਾਂ ਭਗਵਾਨ ਕਿਥੇ ਹੋਵੇਗਾ?

ਝੀਲ ਦਾ ਨਿਰਮਲ ਜਲ ਸੀ, ਉਸ ਵਿਚ ਸੈਂਕੜੇ ਰੰਗ ਬਿਰੰਗੇ ਕੰਵਲ ਫੁਲ ਖਿੜੇ ਹੋਏ ਸਨ, ਮਛਲੀਆਂ ਕਲੋਲ ਕਰ ਰਹੀਆਂ ਸਨ, ਮੱਛੀ ਤੇ ਕੰਵਲ ਫੁਲ ਨਾਲ ਬਚਿਆਂ ਦਾ ਬਹੁਤ ਪਿਆਰ ਹੁੰਦਾ ਹੈ ਪਰ ਧਰੂਅ ਦੀਆਂ ਅੱਖਾਂ ਨੂੰ ਇਹ

ਕੁਦਰਤੀ ਨਜ਼ਾਰੇ ਚੰਗੇ ਨਹੀਂ ਲਗਦੇ ਸਨ, ਉਹ ਤਾਂ ਕਿਸੇ ਨੂੰ ਢੂੰਡ ਰਿਹਾ ਸੀ। ਢੂੰਡ ਵੀ ਉਸ ਨੂੰ ਰਿਹਾ ਸੀ ਜਿਸ ਦੀ ਉਹ ਨਾ ਸੂਰਤ ਦਾ ਜਾਣੂ ਸੀ ਨਾ ਉਸ ਦੇ ਟਿਕਾਣੇਂ ਦਾ। 'ਓ ਭਗਵਾਨ! ਤੂੰ ਕਿਥੇ ਹੈਂ ਦੱਸ ਮੈਨੂੰ।'

ਧਰੂਅ ਨੇ ਇਉਂ ਅਵਾਜ਼ ਦਿਤੀ। ਅਵਾਜ਼ ਅਜੇ ਪੂਰੀ ਨਹੀਂ ਸੀ ਹੋਈ ਕਿ ਧਰੂਅ ਦੇ ਸਾਹਮਣੇ ਨਾਰਦ ਮੁਨੀ ਜੀ ਆ ਖਲੋਤੇ। ਨਾਰਦ ਮੁਨੀ ਨੂੰ ਦੇਖ ਕੇ ਧਰੂਅ ਹੈਰਾਨ ਹੋਇਆ। ਉਹ ਅਜੇ ਕੁਝ ਪੁਛਣ ਹੀ ਲੱਗਾ ਸੀ ਕਿ ਨਾਰਦ ਨੇ ਸਵਾਲ ਕਰ ਦਿੱਤਾ, 'ਬਾਲਕ ਕਿਥੇ ਜਾ ਰਿਹਾ ਹੈਂ?'

ਧਰੂਅ—'ਪ੍ਰਮਾਤਮਾ ਦੀ ਭਗਤੀ ਕਰਨ ਵਾਸਤੇ ਤਪੋ ਬਨ ਨੂੰ! ਭਗਵਾਨ ਉਥੇ ਹੀ ਰਹਿੰਦਾ ਹੈ ਨਾ?'

ਨਾਰਦ—'ਘਰ ਨੂੰ ਮੁੜ ਚਲ! ਚਲ ਮੈਂ ਤੈਨੂੰ ਚੁਕ ਕੇ ਛਡ ਆਵਾਂ। ਤੇਰੇ ਕੋਲੋਂ ਭਗਤੀ ਨਹੀਂ ਹੋਵੇਗੀ। ਤਪੋ ਬਨ ਬਹੁਤ ਦੂਰ ਹੈ। ਰਾਹ ਵਿਚ ਹਜਾਰਾਂ ਬਲਾਈਂ ਹਨ, ਜੋ ਤੇਰੇ ਕੋਮਲ ਸਰੀਰ ਨੂੰ ਖਾ ਜਾਣਗੀਆਂ। ਨਾ ਤੈਥੋਂ ਪੈਂਡਾ ਹੋਣਾ ਹੈ ਨਾ ਭੁੱਖ ਸਹੀ ਜਾਣੀ ਹੈ। ਕਿਸੇ ਰਾਜੇ ਦਾ ਪੁੱਤਰ ਮਾਲੂਮ ਹੁੰਦਾ ਹੈਂ। ਉਮਰ ਬਹੁਤ ਛੋਟੀ ਹੈ, ਮੁੜ ਚਲ ਪਿਛੇ।'

ਧਰੂਅ—(ਬੜਾ ਕ੍ਰੋਧਵਾਨ ਹੋ ਕੇ) 'ਦੇਖੋ ਜੀ, ਤੁਸੀਂ ਕੌਣ ਜੇ, ਇਹ ਤਾਂ ਮੈਨੂੰ ਪਤਾ ਨਹੀਂ, ਪਰ ਮੈਨੂੰ ਭਗਤੀ ਵਲੋਂ ਨਾ ਰੋਕੋ। ਜੇ ਰੋਕੋਗੇ ਤਾਂ ਮੇਰੇ ਦੁਸ਼ਮਨ ਹੋਵੋਗੇ। ਮੈਂ ਤਪੋ ਬਨ ਜਰੂਰ ਪੁਜਾਂਗਾ। ਭਗਵਾਨ ਦੇ ਦਰਸ਼ਨ ਜਰੂਰ ਕਰਾਂਗਾ। ਜੇ ਆਪ ਰਾਹ ਨਹੀਂ ਦਸ ਸਕਦੇ ਤਾਂ ਖ਼ਰਾਬ ਵੀ ਨਾ ਕਰੋ। ਜਾਓ ਆਪਣੇ ਰਾਹ ਪਵੋ।'

ਧਰੂਅ ਦੇ ਇਹ ਦਲੇਰੀ ਭਰੇ ਬਚਨ ਸੁਣ ਕੇ ਨਾਰਦ ਹੈਰਾਨ ਹੋ ਗਿਆ। ਉਸ ਨੇ ਮਨ ਹੀ ਮਨ ਸੋਚਿਆ ਕਿ ਬਾਲਕ ਹਠ ਨਹੀਂ ਛਡੇਗਾ। ਇਸ ਵਾਸਤੇ ਇਸ ਨੂੰ ਭਗਤੀ ਮਾਰਗ ਦੱਸਣਾ ਚਾਹੀਏ। ਨਾਰਦ ਧਰੂਅ ਨੂੰ ਸੰਬੋਧਨ ਕਰ ਕੇ ਤੇ ਉਸ ਦੇ ਸਿਰ ਉਤੇ ਹੱਥ ਰਖ ਕੇ ਆਖਣ ਲੱਗਾ—'ਬਾਲਕ! ਮੈਨੂੰ ਪਤਾ ਹੈ ਕਿ ਤੇਰਾ ਨਾਮ ਧਰੂਅ ਹੈ।'

ਤੂੰ ਰਾਜੇ ਉਤਾਨਪਾਦ ਦਾ ਲੜਕਾ ਹੈਂ, ਤੇਰੀ ਮਾਂ ਸੁਨੀਤੀ ਹੈ, ਮਤ੍ਰੇਈ ਮਾਂ ਦੀ ਈਰਖਾ ਕਰਨ ਦੇ ਕਾਰਨ ਤਪ ਕਰਨ ਵਾਸਤੇ ਆਇਆ ਹੈਂ। ਰਾਜ ਭਾਗ ਹਾਸਲ ਕਰਨ ਦੀ ਇੱਛਾ ਹੈ। ਜਾਹ! ਬੇਟਾ ਤੇਰੀ ਇੱਛਾ ਪੂਰੀ ਹੋਵੇਗੀ। ਉਸ

ਭਗਵਾਨ ਦਾ ਨਾਮ ਜਪਣਾ ਈ ਤਾਂ ਇਹ ਮੰਤਰ ਯਾਦ ਕਰ ਲੈ 'ਓਨਮੋ ਭਗਵਤੇ ਵਾਸਦੇਵਾਯ' ਇਸ ਨੂੰ ਜ਼ਬਾਨੋਂ ਰਟਣਾ। ਅੱਖਾਂ ਤੇ ਮਨ ਵਿਚ 'ਕੇਸ਼ਵ ਕਲੇਸ਼ ਹਰਿ' ਦਾ ਧਿਆਨ ਧਰਨਾ। ਤਪੋ ਬਨ ਜਾਣ ਦੀ ਲੋੜ ਨਹੀਂ। ਇਸੇ ਝੀਲ ਦੇ ਕਿਨਾਰੇ ਹੀ ਬੈਠ ਜਾਹ। ਇਹ ਆਖ ਕੇ ਨਾਰਦ ਨੇ ਧਰੂਅ ਨੂੰ ਸਮਾਧੀ ਲਾਉਣ ਦੇ ਢੰਗ ਦੱਸੇ। ਸਾਰੀਆਂ ਯੁਕਤੀਆਂ ਦੱਸ ਕੇ ਦੈਵੀ ਸ਼ਕਤੀ ਨਾਲ ਨਾਰਦ ਅਲੋਪ ਹੋ ਗਿਆ। ਨਾਰਦ ਦਾ ਇਕ ਦਮ ਅਲੋਪ ਹੋਣਾ ਦੇਖ ਕੇ ਧਰੂਅ ਦੇ ਮਨ ਉਤੇ ਬੜਾ ਚੰਗਾ ਅਸਰ ਪਿਆ। ਉਸ ਨੇ ਸਮਝਿਆ ਇਹੋ ਹੀ ਭਗਵਾਨ ਹੈ। ਜੋ ਮੈਨੂੰ ਸੱਚ ਤਾਂ ਨਹੀਂ ਦੱਸ ਗਿਆ ਪਰ ਭਗਤੀ ਕਰਨ ਦਾ ਢੰਗ ਦੱਸਣ ਆ ਗਿਆ। ਨਾਰਦ ਦੇ ਦੱਸਣ ਅਨੁਸਾਰ ਧਰੂਅ ਸਮਾਧੀ ਲਾ ਕੇ ਬੈਠ ਗਿਆ। 'ੳ ਨਮੋ ਭਗਵਤੇ ਵਾਸਦੇਵਾਯ' ਦਾ ਜਾਪ ਕਰਦਾ ਹੋਇਆ ਤਪ ਕਰਨ ਲਗਾ। ਇਸ ਤਪ ਨੂੰ 'ਉਗਰ ਤਪ' ਆਖਿਆ ਜਾਂਦਾ ਹੈ।

ਅੱਧੀ ਰਾਤ ਨੂੰ ਸੁਨੀਤੀ ਦੀ ਨੀਂਦ ਖੁਲ੍ਹੀ ਤਾਂ ਉਸ ਨੂੰ ਧਰੂਅ ਨਾਲ ਸੁੱਤਾ ਹੋਇਆ ਨਾ ਦਿਸਿਆ। ਧਰੂਅ ਨੂੰ ਅਵਾਜ਼ਾਂ ਦਿਤੀਆਂ। ਦਾਸੀਆਂ ਨੂੰ ਸੱਦ ਕੇ ਪੁਛਿਆ। ਸਾਰਾ ਰਾਜ ਮਹਿਲ ਛਾਣ ਮਾਰਿਆ ਪਰ ਧਰੂਅ ਦਾ ਕੁਝ ਪਤਾ ਨਾ ਲਗਾ, ਉਹ ਕਿਧਰ ਗਿਆ, ਸੁਨੀਤੀ ਵਿਰਲਾਪ ਕਰਨ ਲਗੀ। ਉਸ ਦੇ ਹਿਰਦੇ ਵਿਚ ਸੰਸਾ ਫੁਟਿਆ ਕਿ ਕਿਤੇ ਉਸ ਦੀ ਸੌਂਕਣ ਨੇ ਧਰੂਅ ਨੂੰ ਚੁਕ ਕੇ ਮਰਵਾ ਨਾ ਦਿਤਾ ਹੋਵੇ। ਰਾਜੇ ਨੂੰ ਵੀ ਪਤਾ ਲਗਾ ਧਰੂਅ ਗੁੰਮ ਹੋ ਗਿਆ ਹੈ। ਸਾਰੇ ਰਾਜ ਕਰਮਚਾਰੀ ਟੋਲਣ ਲਗੇ। ਸ਼ਹਿਰ ਵਿਚ ਵੀ ਖ਼ਬਰ ਖਿਲਰ ਗਈ। ਹਰ ਪਾਸੇ ਸੋਗ ਦੀ ਸਫ਼ਾ ਵਿਛ ਗਈ। ਦਿਨ ਚੜ੍ਹੇ ਸਾਰੇ ਹੈਰਾਨ ਤੇ ਉਦਾਸ ਬੈਠੇ ਸਨ ਕਿ ਨਾਰਦਮੁਨੀ ਨੇ ਆ 'ਹਰਿ ਨਾਰਾਇਣ' ਆਖਿਆ। ਰਾਜੇ ਉਤਾਨਪਾਦ ਨੂੰ ਉਦਾਸ ਦੇਖ ਕੇ ਨਾਰਦ ਨੇ ਪੁਛਿਆ, 'ਹੇ ਰਾਜਨ! ਉਦਾਸ ਚਿਤ ਕਿਉਂ ਬੈਠਾ ਹੈਂ?'

ਉਤਾਨਪਾਦ—'ਮਹਾਰਾਜ! ਮੇਰਾ ਇਕ ਬਾਲਕ ਧਰੂਅ ਜਿਸ ਦੀ ਉਮਰ ਅਜੇ ਮਸਾਂ ਪੰਜ ਸਾਲ ਦੀ ਹੈ, ਰਾਤ ਦਾ ਗੁੰਮ ਹੈ। ਸਾਰੇ ਲੱਭ ਥਕੇ ਹਾਂ ਉਹ ਲਭਦਾ ਨਹੀਂ।'

ਨਾਰਦ—'ਹਰਿ ਨਰਾਇਣ! ਰਾਜਨ! ਉਸ ਦੀ ਚਿੰਤਾ ਕਿਉਂ ਕਰਦਾ ਹੈਂ ਤੇਰਾ ਪੁੱਤਰ ਉੱਤਮ ਜੋ ਤੇਰੇ ਕੋਲ ਹੈ।'

ਉਤਾਨਪਾਦ—'ਮਹਾਰਾਜ! ਭਾਵੇਂ ਪੁੱਤਰ ਉੱਤਮ ਮੇਰੇ ਕੋਲ ਹੈ, ਫਿਰ ਵੀ ਧਰੂਅ ਮੇਰਾ ਵੱਡਾ ਪੁੱਤਰ ਹੈ, ਉਸ ਨਾਲ ਮੇਰਾ ਪਿਆਰ ਹੈ।'

ਨਾਰਦ—'ਇਹ ਝੂਠ ਹੈ ਰਾਜਨ! ਜਦੋਂ ਬੁਧੀ ਭ੍ਰਿਸ਼ਟ ਜਾਵੇ ਤਦੋਂ ਜ਼ਬਾਨ ਉਤੇ ਝੂਠ ਆ ਜਾਂਦਾ ਹੈ। ਤੇਰਾ ਪਿਆਰ ਧਰੂਅ ਨਾਲ ਨਹੀਂ ਸਗੋਂ ਸੁਰਿਚੀ ਦੀ ਗੋਰੀ ਚਮੜੀ ਨਾਲ ਹੈ। ਤੂੰ ਭੋਗ ਦਾ ਭੁੱਖਾ ਹੈਂ। ਪੁੱਤਰ ਦੀ ਕਦਰ ਨਹੀਂ ਤੈਨੂੰ ਰਾਜਨ! ਜੇ ਪੁੱਤਰ ਦੀ ਕਦਰ ਹੁੰਦੀ, ਜੇ ਪੁੱਤਰ ਨਾਲ ਪਿਆਰ ਹੁੰਦਾ ਤਾਂ ਸੁਰਿਚੀ ਤੇਰੇ ਪੁੱਤਰ ਦੀ ਨਿਰਾਦਰੀ ਨਾ ਕਰਦੀ। ਇਸਤਰੀ ਦਾ ਕੀ ਹੱਕ ਹੈ ਕਿ ਇਕ ਮਾਸੂਮ ਬੱਚੇ ਨੂੰ ਉਸ ਦੇ ਬਾਪ ਦੀ ਗੋਦੀ ਵਿਚੋਂ ਉਠਾਲ ਦੇਵੇ? ਬੱਚਾ ਬਾਪ ਦੇ ਕੋਲ ਆਵੇ ਤਾਂ ਉਸ ਨੂੰ ਝਿੜਕੇ ਤੇ ਦੁਰਕਾਰੇ? ਇਹ ਨਾਟਕ ਉਸ ਥਾਂ ਹੀ ਖੇਡਿਆ ਜਾਂਦਾ ਹੈ, ਜਿਥੇ ਪੁਰਸ਼ ਕਾਮ ਤੇ ਚਿੱਟੀ ਚਮੜੀ ਦਾ ਪੁਜਾਰੀ ਹੋਵੇ। ਰਾਜਨ! ਤੇਰਾ ਪੁੱਤਰ ਧਰੂਅ ਘੋਰ ਤਪ ਕਰਨ ਵਾਸਤੇ ਜੰਗਲ ਨੂੰ ਚਲਿਆ ਗਿਆ ਹੈ। ਉਹ ਤੈਨੂੰ ਨਹੀਂ ਮਿਲੇਗਾ। ਘੋਰ ਤਪ ਕਰ ਕੇ ਰਾਜ ਹਾਸਲ ਕਰੇਗਾ। ਤੇਰੀਆਂ ਭੁੱਲਾਂ ਦਾ ਫਲ ਤੈਨੂੰ ਚਖਾਵੇਗਾ, ਉਹ ਨਹੀਂ ਲੱਭ ਸਕਦਾ।'

ਉਤਾਨਪਾਦ—(ਹੈਰਾਨ ਹੋ ਕੇ) 'ਹੈਂ! ਮੇਰਾ ਧਰੂਅ ਤਪੋ ਬਨ ਚਲਿਆ ਗਿਆ? ਘੋਰ ਤਪ ਕਰੇਗਾ। ਮੇਰੇ ਕਰਮਾਂ ਦਾ ਫਲ। ਮੁਨੀ ਜੀ! ਇਹ ਕੀ ਆਖਦੇ ਜੇ?'

ਨਾਰਦ—'ਮੈਂ ਓਹੋ ਕੁਝ ਆਖਦਾ ਹਾਂ ਜੋ ਕੁਝ ਹੋ ਰਿਹਾ ਹੈ। ਨਾਰਦ ਕਦੀ ਝੂਠ ਨਹੀਂ ਬੋਲਦਾ।'

ਉਤਾਨਪਾਦ—'ਹੁਣ ਮੈਂ ਕੀ ਕਰਾਂ? ਕੀ ਮੇਰਾ ਪੁੱਤਰ ਮੋੜਿਆਂ ਮੁੜ ਆਵੇਗਾ? ਜੇ ਉਸ ਨੇ ਰਾਜ ਲੈਣਾ ਹੈ ਤਾਂ ਅੱਧਾ ਰਾਜ ਮੈਂ ਪਹਿਲਾਂ ਦੇ ਦੇਂਦਾ ਹਾਂ। ਉਹ ਘਰ ਆ ਜਾਵੇ।'

ਨਾਰਦ—'ਮੋੜ ਦੇਖੋ! ਪਰ ਉਹ ਨਹੀਂ ਮੁੜੇਗਾ। ਦਿਤਿਆਂ ਰਾਜ ਨਹੀਂ ਲਵੇਗਾ। ਘੋਰ ਤਪ ਦੇ ਬਲ ਨਾਲ ਰਾਜ ਹਾਸਲ ਕਰੇਗਾ। ਉਹ ਬਾਲਕ ਹਠੀ ਹੈ।'

ਨਾਰਦ ਕੋਲੋਂ ਪਤਾ ਪੁਛ ਕੇ ਉਤਾਨਪਾਦ ਇਕੱਲਾ ਰਥ ਲੈ ਕੇ ਪੁੱਤਰ ਪਿਛੇ ਗਿਆ। ਆਖ਼ਰ ਉਸ ਅਸਥਾਨ ਉਤੇ ਪੁਜਾ ਜਿਥੇ ਸਮਾਧੀ ਲਾ ਕੇ ਧਰੂਅ ਬੈਠਾ ਸੀ, ਜਾ ਕੇ ਰਾਜਾ ਨੇ ਬਹੁਤ ਤਰਲੇ ਪਾਏ ਕਿ ਧਰੂਅ ਭਗਤੀ ਛੱਡ ਦੇਵੇ।

ਘਰ ਚਲਾ ਚਲੋ ਪਰ ਧਰੂਅ ਸਗੋਂ ਪੱਕਾ ਹੋ ਕੇ ਬੋਲਿਆ, 'ਨਹੀਂ ਮੈਂ ਘਰ ਨਹੀਂ ਜਾਣਾ, ਭਗਤੀ ਕਰਾਂਗਾ। ਜੇ ਭਗਵਾਨ ਦੀ ਭਗਤੀ ਕਰਨ ਲਗਿਆਂ ਹੀ ਅੱਧਾ ਰਾਜ ਮਿਲਦਾ ਹੈ ਤਾਂ ਪੂਰੀ ਭਗਤੀ ਕੀਤਿਆਂ ਕਿਉਂ ਨਾ ਪੂਰਾ ਰਾਜ ਮਿਲੇਗਾ। ਐਸੀ ਭਗਤੀ ਪ੍ਰਤਾਪ ਵਾਲੀ ਹੈ।'

ਰਾਜਾ ਨਿਰਾਸ ਹੋ ਕੇ ਵਾਪਸ ਆਪਣੇ ਸ਼ਹਿਰ ਮੁੜ ਆਇਆ ਪਰ ਧਰੂਅ ਦੀ ਮੁਲਾਕਾਤ ਨੇ ਉਸ ਦੇ ਜੀਵਨ ਨੂੰ ਪਲਟਾ ਦਿੱਤਾ। ਉਹ ਸੰਜਮ ਨਾਲ ਜੀਵਨ ਦੇ ਦਿਨ ਕੱਟਣ ਲੱਗਾ।

ਓਧਰ ਧਰੂਅ ਨਿਰਾ ਅਹਾਰ ਰਹਿ ਕੇ ਘੋਰ ਤਪ ਕਰਨ ਲਗਾ। ਤਪ ਕਰਦੇ ਨੂੰ ਕਾਫ਼ੀ ਚਿਰ ਹੋ ਗਿਆ ਤਾਂ ਭਗਤਾਂ ਦੇ ਦੁਸ਼ਮਨ ਇੰਦਰ ਨੂੰ ਵਖਤ ਪਿਆ, ਉਸ ਨੇ ਜਾਤਾ ਧਰੂਅ ਘੋਰ ਤਪ ਕਰ ਕੇ ਕਿਤੇ ਮੇਰਾ ਰਾਜ ਹੀ ਨਾ ਖੋਹ ਲਵੇ, ਰਾਜ ਖੁਸ ਗਿਆ ਤਾਂ ਬਹੁਤ ਕਸ਼ਟ ਉਠਾਉਣੇ ਪੈਣਗੇ। ਇਸ ਵਾਸਤੇ ਉਸ ਨੇ ਧਰੂਅ ਦਾ ਤਪ ਭੰਗ ਕਰਨ ਵਾਸਤੇ ਆਪਣੀ ਦੈਵੀ ਸ਼ਕਤੀ ਕੋਲੋਂ ਕੰਮ ਲੈਣਾ ਚਾਹਿਆ। ਉਸਨੇ ਪਹਿਲਾਂ ਤਾਂ ਮਾਇਆ ਰੂਪ ਇਸਤਰੀ ਨੂੰ ਧਰੂਅ ਦਾ ਤਪ ਭੰਗ ਕਰਨ ਵਾਸਤੇ ਭੇਜਿਆ। ਇਸਤਰੀ ਨੇ ਧਰੂਅ ਅਗੇ ਨਾਚ ਕੀਤਾ, ਗੀਤ ਗਾਏ ਪਰ ਧਰੂਅ ਦੀਆਂ ਅੱਖਾਂ ਨਾ ਖੁਲ੍ਹੀਆਂ। ਉਹ ਸਮਾਧੀ ਵਿਚ ਅਡੋਲ ਰਿਹਾ। ਇਸਤਰੀ ਹਾਰ ਕੇ ਚਲੀ ਗਈ ਤਾਂ 'ਮਯਾਮਯ' ਨਾਮ ਦੇ ਆਪਣੇ ਪਰਖੇ ਹੋਏ ਦੈਂਤ ਬੀਰ ਨੂੰ ਭੇਜਿਆ। ਉਸ ਨੇ ਆ ਕੇ ਕਈ ਹਨੇਰੀਆਂ ਚਲਾਈਆਂ। ਪਹਾੜਾਂ ਨੂੰ ਡੇਗਿਆ ਤੇ ਧਰੂਅ ਦੇ ਲਾਗੇ ਦੇ ਦਰਖ਼ਤ ਜੜ੍ਹਾਂ ਤੋਂ ਪੁੱਟ ਕੇ ਉਸ ਦੇ ਅਗੇ ਸੁਟੇ ਪਰ ਧਰੂਅ ਦੀ ਸਮਾਧੀ ਨਾ ਖੁਲ੍ਹੀ, ਉਹ ਨੈਣ ਮੁੰਦ ਕੇ ਨਿਰਭਉ ਬੈਠਾ ਰਿਹਾ। ਦੈਂਤ ਵੀ ਹਾਰ ਕੇ ਤੁਰ ਗਿਆ। ਉਸ ਨੇ ਜਾ ਕੇ ਇੰਦਰ ਨੂੰ ਕਿਹਾ 'ਉਹ ਬਾਲਕ ਤਪ ਪੂਰਾ ਕਰੇਗਾ। ਕੋਈ ਪੇਸ਼ ਨਹੀਂ ਜਾਂਦੀ ਖਿਮਾਂ ਕਰੋ।'

ਇਹ ਸੁਣ ਕੇ ਇੰਦਰ ਘਾਬਰ ਗਿਆ। ਉਹ ਆਸਣ ਛੱਡ ਕੇ ਵਿਸ਼ਨੂੰ ਭਗਵਾਨ ਵਲ ਨੱਸ ਗਿਆ, ਵਿਸ਼ਨੂੰ ਭਗਵਾਨ ਅਗੇ ਉਸ ਨੇ ਬੇਨਤੀ ਕੀਤੀ ਕਿ ਮੇਰੇ ਰਾਜ ਨੂੰ ਬਚਾਉਣਾ। ਮੈਂ ਅਗਿਆਨੀ ਪੁਰਸ਼ ਹਾਂ। ਵਿਸ਼ਨੂੰ ਭਗਵਾਨ ਨੇ ਇੰਦਰ ਨੂੰ ਤਸੱਲੀ ਦਿੱਤੀ—'ਕੋਈ ਫ਼ਿਕਰ ਨਾ ਕਰ ਉਹ ਤੇਰਾ ਰਾਜ ਨਹੀਂ ਖੋਹੇਗਾ। ਉਹ ਆਪਣੇ ਬਾਪ ਦੇ ਰਾਜ ਬਦਲੇ ਤਪ ਕਰ ਰਿਹਾ ਹੈ।'

ਇੰਦਰ ਨੂੰ ਤਸੱਲੀ ਦੇ ਕੇ ਵਿਸ਼ਨੂੰ ਭਗਵਾਨ ਸਿਧੇ ਉਸ ਅਸਥਾਨ ਤੇ ਪੁਜੇ

ਜਿਥੇ ਧਰੂਅ ਤਪਸਿਆ ਕਰ ਰਿਹਾ ਸੀ। ਬਾਲਕ ਭਗਤ ਦਾ ਦ੍ਰਿੜ ਵਿਸ਼ਵਾਸ ਦੇਖ ਕੇ ਵਿਸ਼ਨੂੰ ਭਗਵਾਨ ਨੂੰ ਤਰਸ ਆ ਗਿਆ। ਧਰੂਅ ਨੂੰ ਦਰਸ਼ਨ ਦੇਣ ਦੀ ਸਲਾਹ ਕਰ ਲਈ। ਜੋ ਸਰੂਪ ਧਾਰਨ ਕਰ ਕੇ ਵਿਸ਼ਨੂੰ ਜੀ ਨੂੰ ਧਰੂਅ ਨੇ ਧਿਆਨ ਵਿਚ ਰਖਿਆ ਹੋਇਆ ਸੀ, ਵੈਸਾ ਸਰੂਪ ਧਾਰਨ ਕਰ ਕੇ ਵਿਸ਼ਨੂੰ ਜੀ ਧਰੂਅ ਦੇ ਸਨਮੁਖ ਖਲੋ ਗਏ। ਆਪਣੀ ਸ਼ਕਤੀ ਨਾਲ ਧਰੂਅ ਦੀ ਸਮਾਧੀ ਤੋੜੀ। ਜਦੋਂ ਧਰੂਅ ਦੇ ਨੈਣ ਖੁਲ੍ਹੇ ਤਾਂ ਭਗਵਾਨ ਨੂੰ ਸਨਮੁਖ ਖਲੋਤਾ ਦੇਖ ਕੇ ਬਹੁਤ ਪ੍ਰਸੰਨ ਹੋਇਆ। ਚੰਗੇ ਚੰਗੇ ਸ਼ਬਦਾਂ ਨਾਲ ਉਸ ਦੀ ਉਸਤਤ ਕੀਤੀ। ਸ੍ਰੀ ਵਿਸ਼ਨੂੰ ਖ਼ੁਸ਼ ਹੋ ਗਏ। ਖ਼ੁਸ਼ੀ ਨਾਲ ਕਹਿਣ ਲਗੇ—'ਹੇ ਬਾਲਕ ਧਰੂਅ! ਤੇਰੀ ਇੱਛਾ ਹੈ ਕਿ ਤੈਨੂੰ ਰਾਜ ਮਿਲੇ। ਘੋਰ ਤਪ ਕਰ ਕੇ ਤੂੰ ਮੈਨੂੰ ਮੋਹ ਲਿਆ ਹੈ। ਜਾਹ ੩੬ ਹਜ਼ਾਰ ਸਾਲ ਤੂੰ ਰਾਜ ਕਰੇਂਗਾ। ਇਸ ਦੇ ਪਿਛੋਂ ਸਦੀਵੀ ਕਾਲ ਵਾਸਤੇ ਮੇਰੇ ਕੋਲ ਰਹੇਂਗਾ।' ਇਨ੍ਹਾਂ ਬਚਨਾਂ ਦੀ ਸਮਾਪਤੀ ਉਤੇ ਸ੍ਰੀ ਵਿਸ਼ਨੂੰ ਜੀ ਅਲੋਪ ਹੋ ਗਏ।

ਉਧਰ ਨਾਰਦ ਜੀ ਨੇ ਰਾਜੇ ਉਤਾਨਪਾਦ ਨੂੰ ਆਖਿਆ—'ਰਾਜਨ! ਤੇਰੇ ਧਰੂਅ ਦਾ ਤਪ ਸੰਪੂਰਨ ਹੋ ਗਿਆ ਹੈ ਉਸ ਨੂੰ ਬਨ ਵਿਚੋਂ ਲੈ ਆ।'

ਰਾਜਾ ਬਹੁਤ ਖ਼ੁਸ਼ ਹੋਇਆ। ਅਨੇਕਾਂ ਪ੍ਰਕਾਰ ਦੀਆਂ ਖ਼ੁਸ਼ੀਆਂ ਕਰਦਾ ਹੋਇਆ ਰਥ ਤੇ ਚੜ੍ਹ ਕੇ ਪੁੱਤਰ ਧਰੂਅ ਨੂੰ ਅਗੋਂ ਲੈਣ ਵਾਸਤੇ ਗਿਆ। ਰਥ 'ਚ ਬੈਠ ਕੇ ਜਦ ਧਰੂਅ ਸ਼ਹਿਰ ਵਿਚ ਆਇਆ ਤਾਂ ਪਰਜਾ ਨੇ ਸੁਨੀਤੀ ਨੂੰ ਵਧਾਈਆਂ ਦਿਤੀਆਂ। ਉੜਾਨਪਾਦ ਨੇ ਰਾਜ ਛੱਡ ਦਿਤਾ। ਧਰੂਅ ਰਾਜ ਤਖ਼ਤ ਉਤੇ ਬੈਠਾ ਤੇ ਰਾਜ ਕਰਨ ਲੱਗਾ। ਛੱਤੀ ਹਜ਼ਾਰ ਬਰਸ ਰਾਜ ਕਰ ਕੇ ਪ੍ਰਲੋਕ ਗਿਆ। ਜਿਥੇ ਹੁਣ ਤਕ ਭਗਵਾਨ ਦੇ ਕੋਲ ਰਹਿੰਦਾ ਹੈ। ਲੋਕ ਉਸ ਨੂੰ ਧਰੂਅ ਤਾਰੇ ਦੇ ਨਾਮ ਨਾਲ ਯਾਦ ਕਰਦੇ ਹਨ। ਸੋ ਜਗਿਆਸੂ ਜਨੋ! ਜੋ ਭਗਵਾਨ ਦਾ ਸਿਮਰਨ ਕਰਦਾ ਹੈ ਉਸ ਦੀਆਂ ਸਭ ਇਛਾ ਪੂਰੀਆਂ ਹੁੰਦੀਆਂ ਹਨ ਤੇ ਉਹ ਚੁਰਾਸੀ ਦੇ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। 'ਸਤਿਨਾਮ ਵਾਹਿਗੁਰੂ'।

# ੫੬. ਸਾਖੀ ਰੈਬਾਂ ਨਾਮੀ ਰਾਜੇ ਦੀ ਲੜਕੀ ਦੀ

ਰੂਮ ਦੇਸ਼ ਬਸਰੇ ਸ਼ਹਿਰ ਵਿਖੇ ਰਹਿਣ ਵਾਲੀ ਇਕ ਰੈਬਾਂ ਨਾਮੀ ਰਾਜੇ ਦੀ ਲੜਕੀ ਸੀ। ਜਿਸ ਦੀ ਕਿਸਮਤ ਵਿਚ ਮਾਪਿਆਂ ਦਾ ਕੋਈ ਸੁਖ ਨਹੀਂ ਸੀ, ਜਿਸ ਵੇਲੇ ਉਹ ਜੰਮੀ ਸੀ ਤਾਂ ਥੋੜੇ ਸਮੇਂ ਪਿਛੋਂ ਕਿਸੇ ਦੂਜੇ ਬਾਦਸ਼ਾਹ ਨੇ ਰੂਮ ਦੇਸ਼ ਦੇ ਰਾਜੇ ਉਤੇ ਚੜ੍ਹਾਈ ਕਰ ਦਿੱਤੀ। ਉਸ ਜੰਗ ਵਿਚ ਇਸ ਲੜਕੀ ਦਾ ਮਾਂ ਪਿਉ ਵਗੈਰਾ ਸਾਰਾ ਪਰਿਵਾਰ ਹੀ ਕਤਲ ਹੋ ਗਿਆ।

ਰੈਬਾਂ ਨੂੰ ਪਾਲਣ ਵਾਲੀ ਜੋ ਦਾਸੀ ਸੀ ਉਹ ਕਿਸੇ ਤਰੀਕੇ ਨਾਲ ਦੂਜੇ ਬਾਦਸ਼ਾਹ ਦੀ ਅੱਖ ਚੁਰਾ ਕੇ ਇਸ ਨੂੰ ਲੈ ਕੇ ਬਾਹਰ ਨਿਕਲ ਗਈ। ਹੋਰ ਕੋਈ ਟਿਕਾਣਾ ਨਾ ਮਿਲਿਆ ਪਰ ਇਕ ਫ਼ਕੀਰਾਂ ਦਾ ਅਸਥਾਨ ਸੀ ਉਥੇ ਲਿਜਾ ਕੇ ਉਨ੍ਹਾਂ ਨੂੰ ਆਪਣੀ ਹਾਲਤ ਦੱਸ ਕੇ ਰਹਿਣ ਲਗ ਪਈ। ਉਥੇ ਹੀ ਇਸ ਬੱਚੀ ਦੀ ਪਾਲਨਾ ਕਰਦੀ ਰਹੀ। ਫ਼ਕੀਰਾਂ ਦੀ ਗੁੜ੍ਹਤੀ ਨਾਲ ਬਾਲ ਅਵਸਥਾ ਵਿਚ ਹੀ ਬੱਚੀ ਦੀ ਲਿਵ ਪ੍ਰਮਾਤਮਾ ਨਾਲ ਜੁੜਨ ਲਗ ਪਈ। ਬਾਲ ਅਵਸਥਾ ਵਿਚ ਜੋ ਬੱਚਿਆਂ ਨੂੰ ਖੇਡ ਪਿਆਰੀ ਹੁੰਦੀ ਹੈ, ਉਹ ਤਾਂ ਇਸ ਦੇ ਨਜ਼ਦੀਕ ਹੀ ਨਹੀਂ ਆਈ। ਜੋਬਨ ਵਿਚ ਜੋ ਕਈ ਤਰ੍ਹਾਂ ਦੇ ਵਿਕਾਰ ਉਠਦੇ ਹਨ ਉਹ ਵੀ ਉਸ ਦੇ ਨਵਿਰਤ ਹੋ ਗਏ।

ਇਕ ਦਿਨ ਦਾਸੀ ਇਸ ਨੂੰ ਲੈ ਕੇ ਕਿਧਰੇ ਜਾ ਰਹੀ ਸੀ, ਰਾਹ ਵਿਚ ਵੇਸਵਾ ਨੇ ਦੇਖ ਲਿਆ। ਹੈ ਸੀ ਬੜੀ ਸੁੰਦਰ ਸਰੂਪ ਵਾਲੀ, ਵੇਸਵਾ ਨੇ ਉਥੇ ਖਲੋ ਕੇ ਦਾਸੀ ਨੂੰ ਮਾਇਆ ਦਾ ਲਾਲਚ ਦੇ ਕੇ ਚਿਤ ਭਰਮਾ ਲਿਆ। ਪੰਜ ਹਜ਼ਾਰ ਰੁਪਿਆ ਲੈ ਕੇ ਦਾਸੀ ਨੇ ਉਸ ਨੂੰ ਵੇਸਵਾ ਪਾਸ ਮੁਲ ਵੇਚ ਦਿੱਤਾ, ਵੇਸਵਾ ਨੇ ਆਪਣੇ ਪਾਸ ਲਿਆ ਕੇ ਉਸ ਰਾਜ ਲੜਕੀ ਨੂੰ ਆਪਣੀ ਦੁਕਾਨ ਦੇ ਉਪਰ ਚੁਬਾਰੇ ਵਿਚ ਬਿਠਾ ਦਿਤਾ। ਜਿਸ ਵੇਲੇ ਵੇਸਵਾ ਪਾਸ ਇਕ ਸ਼ਾਹੂਕਾਰ ਆਇਆ ਤਾਂ ਉਸ ਨੇ ਉਸ ਪਾਸੋਂ ਪੈਸੇ ਲੈ ਕੇ ਉਪਰ ਭੇਜ ਦਿਤਾ।

ਉਹ ਸ਼ਾਹੂਕਾਰ ਚਿਤ ਵਿਖੇ ਵਿਭਚਾਰ ਭਾਵਨਾ ਲੈ ਕੇ ਉਪਰ ਗਿਆ। ਪਰ ਅਜੇ ਦਰਵਾਜੇ ਅੰਦਰ ਪੈਰ ਪਾਇਆ ਹੀ ਸੀ ਤਾਂ ਰੈਬਾਂ ਨੂੰ ਦੇਖਦਿਆਂ ਸਾਰ

ਹੀ ਉਸ ਦੇ ਸਰੀਰ ਵਿਚ ਵਿਆਕੁਲਤਾ ਆ ਗਈ, ਮੂਰਛਾ ਜਿਹਾ ਹੋ ਗਿਆ, ਨੇਤਰਾਂ ਤੋਂ ਅੰਨ੍ਹਾ ਹੋ ਗਿਆ, ਦਿਲ ਫੇਲ੍ਹ ਹੁੰਦਾ ਵੇਖ ਕੇ ਉਥੇ ਹੀ ਡਿਗ ਪਿਆ। ਰੈਬਾਂ ਦੇ ਪਾਸ ਪਹੁੰਚ ਹੀ ਨਾ ਸਕਿਆ। ਜੇਕਰ ਪਿਛੇ ਨੂੰ ਮੁੜਦਾ ਹੈ ਤਾਂ ਠੀਕ ਹੋ ਜਾਂਦਾ ਹੈ।

ਇਸ ਨੇ ਰੈਬਾਂ ਦੇ ਪਾਸ ਪਹੁੰਚਣ ਦੇ ਕਈ ਹੀਲੇ ਕੀਤੇ, ਪਰ ਜਦ ਸਾਰੇ ਯਤਨ ਵਿਅਰਥ ਚਲੇ ਗਏ ਤਾਂ ਆਖ਼ਿਰ ਇਸ ਦੇ ਮਨ ਵਿਚ ਇਹ ਵਿਚਾਰ ਆਈ ਕਿ ਇਹ ਲੜਕੀ ਕੋਈ ਸ਼ਕਤੀਵਾਨ ਰੱਬ ਦੀ ਪਿਆਰੀ ਅਤੇ ਭਗਤੀ ਵਾਲੀ ਪ੍ਰਤੀਤ ਹੁੰਦੀ ਹੈ, ਤਾਂ ਤੇ ਇਸ ਪਾਸੋਂ ਕੋਈ ਲਾਭ ਪ੍ਰਾਪਤ ਕਰੀਏ। ਉਸ ਵੇਲੇ ਮਨ ਵਿਚ ਸ਼ੁਧ ਭਾਵਨਾ ਧਾਰ ਕੇ ਬੇਨਤੀ ਕੀਤੀ ਕਿ—'ਅੱਜ ਤੋਂ ਤੂੰ ਮੇਰੀ ਧਰਮ ਮਾਤਾ ਹੈਂ। ਮੈਂ ਤੇਰਾ ਪੁੱਤਰ ਹਾਂ ਮੇਰੀ ਵਿਸ਼ੇ ਭਾਵਨਾ ਵਾਲੀ ਕੀਤੀ ਹੋਈ ਗੁਸਤਾਖੀ ਨੂੰ ਮਾਫ਼ ਕਰ ਦੇ।'

ਇਸ ਦੀ ਸ਼ੁਧ ਭਾਵਨਾ ਨੂੰ ਦੇਖ ਕੇ ਰੈਬਾਂ ਨੇ ਕਿਹਾ ਪ੍ਰਮਾਤਮਾ ਤੈਨੂੰ ਬਖ਼ਸ਼ੇਗਾ।

ਫਿਰ ਰੈਬਾਂ ਦੇ ਚਰਨਾਂ ਪਰ ਆ ਕੇ ਮੱਥਾ ਟੇਕਿਆ ਤੇ ਬੇਨਤੀ ਕੀਤੀ, 'ਹੇ ਮਾਤਾ! ਜੇ ਤੇਰਾ ਸੰਕਲਪ ਹੋਵੇ ਤਾਂ ਇਸ ਵੇਸਵਾ ਦੀ ਕੈਦ ਤੋਂ ਛੁਡਾ ਕੇ ਲੈ ਜਾਵਾਂ।'

ਰੈਬਾਂ ਨੇ ਕਿਹਾ—'ਮੈਂ ਹੋਰ ਕੀ ਚਾਹੁੰਦੀ ਹਾਂ, ਤੂੰ ਕਿਰਪਾ ਕਰ ਕੇ ਇਸ ਨਰਕ 'ਚੋਂ ਕੱਢ ਕੇ ਲੈ ਚਲ।'

ਉਸ ਵੇਲੇ ਉਸ ਸ਼ਾਹੂਕਾਰ ਕੋਲੋਂ ਜਿਤਨਾ ਰੁਪਇਆ ਵੇਸਵਾ ਨੇ ਮੰਗਿਆ ਉਤਨਾ ਹੀ ਦੇ ਦਿਤਾ ਤੇ ਰੈਬਾਂ ਨੂੰ ਆਪਣੇ ਘਰ ਲੈ ਗਿਆ ਅਤੇ ਕਿਹਾ, ਇਹ ਘਰ ਬਾਰ ਸਾਰਾ ਤੇਰਾ ਹੀ ਹੈ। ਤੂੰ ਮਾਂ ਤੇ ਮੈਂ ਤੇਰਾ ਪੁੱਤਰ ਹਾਂ। ਜੋ ਤੂੰ ਆਗਿਆ ਕਰੇਂਗੀ ਮੈਂ ਮੰਨਾਂਗਾ। ਖ਼ੁਦਾ ਦੇ ਹੁਕਮ ਅੰਦਰ ਉਸ ਰਾਜ ਲੜਕੀ ਨੇ ਉਸ ਜਗ੍ਹਾ ਅੰਦਰ ਸੋਹਣੇ ਦਿਨ ਬਤੀਤ ਕੀਤੇ। ਜੋ ਕਹੇ ਉਹ ਲੜਕਾ ਆਗਿਆ ਮੰਨੀ ਜਾਵੇ ਤੇ ਰੈਬਾਂ ਦੇ ਕਰਤਬ ਨੂੰ ਦੇਖ ਕੇ ਉਹ ਸ਼ਾਹੂਕਾਰ ਵੀ ਸਵੇਰੇ ਉਠ ਕੇ ਭਜਨ ਕਰਿਆ ਕਰੇ, ਕਰਦਿਆਂ ਕਰਦਿਆਂ ਇਸ ਦਾ ਮਨ ਵੀ ਜੁੜ ਗਿਆ।

ਇਕ ਦਿਨ ਲੜਕੇ ਨੇ ਪੁਛਿਆ—'ਮਾਤਾ! ਕਿਸੇ ਗੱਲੋਂ ਤਕਲੀਫ਼ ਤਾਂ ਨਹੀਂ?'

ਰਾਜ ਕੰਨਿਆਂ ਨੇ ਕਿਹਾ—'ਪੁੱਤਰ! ਤੂੰ ਸਾਰੇ ਸੁਖ ਦਿਤੇ ਹਨ, ਖ਼ੁਦਾ ਤੇਰਾ

ਭਲਾ ਕਰੇ । ਪਰ ਇਸ ਵਕਤ ਮੇਰਾ ਦਿਲ ਮੱਕੇ ਜਾਣ ਨੂੰ ਕਰਦਾ ਹੈ । ਜੇ ਤੂੰ ਛੁਟੀ ਦੇਵੇਂ ਤਾਂ ਮੈਂ ਹੋ ਆਵਾਂ ।' ਲੜਕੇ ਨੇ ਕਿਹਾ—'ਹਾਂ ਮਾਂ! ਜੇ ਤੇਰੇ ਦਿਲ ਵਿਚ ਸੰਕਲਪ ਉਠਿਆ ਹੈ ਤਾਂ ਜ਼ਰੂਰ ਹੋ ਆ, ਮੇਰੇ ਵਲੋਂ ਕੋਈ ਇਨਕਾਰ ਨਹੀਂ ਹੈ । ਤੈਨੂੰ ਜਿਸ ਚੀਜ਼ ਦੀ ਲੋੜ ਹੈ ਉਹ ਤੂੰ ਲੈ ਲੈ।'

ਉਸ ਵੇਲੇ ਰਾਜ ਲੜਕੀ ਨੂੰ ਜੋ ਚਾਹੀਦਾ ਸੀ ਉਹ ਮੰਗ ਲਿਆ ਤੇ ਤਿਆਰ ਹੋ ਕੇ ਜਦ ਸ਼ਹਿਰੋਂ ਬਾਹਰ ਨਿਕਲੀ ਤਾਂ ਅਗੋਂ ਇਕ ਹਾਜੀਆਂ ਦਾ ਕਾਫ਼ਲਾ ਮਿਲਿਆ । ਉਨ੍ਹਾਂ ਨੂੰ ਪੁਛਿਆ—'ਤੁਸੀਂ ਕਿਥੇ ਜਾ ਰਹੇ ਹੋ ?' ਉਨ੍ਹਾਂ ਆਖਿਆ- 'ਮੱਕੇ ਦੀ ਯਾਤਰਾ ਕਰਨ ਜਾ ਰਹੇ ਹਾਂ।' ਉਸ ਆਖਿਆ—'ਮੈਨੂੰ ਵੀ ਨਾਲ ਲਈ ਜਾਓ ।' ਉਨ੍ਹਾਂ ਕਿਹਾ—'ਚੰਗਾ, ਇਹ ਗੱਲ ਕਹਿ ਕੇ ਨਾਲ ਤੁਰ ਪਈ।'

ਤੁਰਦਿਆਂ ਤੁਰਦਿਆਂ ਜਿਸ ਵੇਲੇ ੬੦ ਕੋਹ ਮੱਕਾ ਰਹਿ ਗਿਆ ਤਾਂ ਉਸ ਜਗ੍ਹਾ ਇਕ ਖੂਹ ਸੀ, ਰੈਬਾਂ ਨੇ ਆਪਣੇ ਸਾਥੀ ਨੂੰ ਕਿਹਾ ਤੁਸੀਂ ਚਲੋ ਮੈਂ ਇਥੇ ਨਿਮਾਜ ਪੜ੍ਹ ਕੇ ਤੁਹਾਡੇ ਨਾਲ ਰਲ ਜਾਵਾਂਗੀ । ਉਹ ਸਾਥ ਤੁਰ ਪਿਆ ਤੇ ਇਸ ਨੇ ਜਦ ਖੂਹ ਪਰ ਖਲੋ ਕੇ ਨਿਮਾਜ਼ ਪੜ੍ਹਨੀ ਸ਼ੁਰੂ ਕੀਤੀ ਤਾਂ ਇਕ ਕੁੱਤੀ ਜਿਸ ਨੇ ਬੱਚੇ ਦਿਤੇ ਹੋਏ ਸਨ ਉਹ ਆ ਕੇ ਕਤੂਰਿਆਂ ਸਮੇਤ ਵਿਰਲਾਪ ਕਰਨ ਲਗ ਪਈ । ਉਸ ਵੇਲੇ ਉਸ ਦੇ ਵਿਰਲਾਪ ਨੂੰ ਸੁਣ ਕੇ ਉਹ ਰਾਜ ਕੰਨਿਆਂ ਨਾ ਸਹਾਰ ਸਕੀ, ਉਸ ਖੂਹ ਤੇ ਲੱਜ ਡੋਲ ਦਾ ਕੋਈ ਪ੍ਰਬੰਧ ਨਹੀਂ ਸੀ। ਬਥੇਰਾ ਇਧਰ ਉਧਰ ਦੇਖਿਆ ਆਖ਼ਿਰ ਉਸ ਵੇਲੇ ਇਸ ਨੇ ਆਪਣੇ ਸਿਰ ਦੇ ਵਾਲ ਪੁਟ ਕੇ ਵਟ ਚਾੜ੍ਹ ਕੇ ਰਸੀ ਵੱਟੀ ਤੇ ਆਪਣੇ ਸਿਰ ਦਾ ਕੱਪੜਾ ਬੰਨ੍ਹ ਕੇ ਖੂਹ ਵਿਚ ਲਮਕਾਇਆ । ਜਿਸ ਵੇਲੇ ਉਹ ਭਿਜ ਗਿਆ ਤਾਂ ਬਾਹਰ ਖਿਚ ਕੇ ਪਾਣੀ ਨਿਚੋੜ ਕੇ ਉਹ ਕੁੱਤੀ ਨੂੰ ਪਿਲਾਇਆ ਤੇ ਕਤੂਰਿਆਂ ਦੇ ਮੂੰਹ ਵਿਚ ਵੀ ਪਾਇਆ, ਪੀਂਦਿਆਂ ਸਾਰ ਉਨ੍ਹਾਂ ਨੂੰ ਠੰਢ ਪੈ ਗਈ । ਇਸ ਦੇ ਬਦਲੇ ਖ਼ੁਦਾ ਨੇ ਉਸ ਦੇ ਪਾਸ ਮੱਕਾ ਲੈ ਆਂਦਾ ਤੇ ਇਸ ਤਰ੍ਹਾਂ ਕਿਹਾ,'ਹੇ ਰੈਬਾਂ! ਤੂੰ ਮੱਕੇ ਦੀ ਜ਼ਿਆਰਤ ਕਰਨ ਜਾ ਰਹੀ ਸੀ ਪਰ ਇਸ ਦਇਆ ਕਰਨ ਨਾਲ ਹੁਣ ਮੱਕਾ ਤੇਰੀ ਜ਼ਿਆਰਤ ਕਰਨ ਆ ਗਿਆ ਹੈ, ਤੂੰ ਇਸ ਦਾ ਦਰਸ਼ਨ ਕਰ ਲੈ । ਤੇਰਾ ਕਰਮ ਥਾਂ ਪਿਆ ਹੈ । ਇਸੇ ਤਰ੍ਹਾਂ ਜੀਵਾਂ ਪਰ ਦਇਆ ਕੀਤੀ ਕਰ।'

*ਯਥਾ—ਸਿਰ ਕੀ ਸੋਭ ਉਤਾਰ ਕੇ ਚੀਨਯੋ ਆਤਮ ਰਾਮ॥*
*ਸਾਠ ਕੋਸ ਮਕਾ ਮਿਲਿਆ ਦੇਖ ਦਇਆ ਕੇ ਕਾਮ॥*

ਦਇਆ ਕਰ ਕੇ ਸਾਰੇ ਸ਼ੁਭ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਭਗਤ ਕਬੀਰ ਜੀ ਨੇ ਕਿਹਾ ਹੈ—

*ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ॥*
*ਤਥਾ—ਦਇਆ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ॥*
*ਤੁਲਸੀ ਦਇਆ ਨ ਛੋਡੀਐ ਜਬ ਲਗ ਘਟ ਮਹਿ ਪ੍ਰਾਨ॥*

ਇਕ ਹੋਰ ਖ਼ੂਬੀ ਦੀ ਗੱਲ ਹੈ ਕਿ ਇਸ ਦੇ ਅੰਦਰ ਜਦ ਇਕ ਸਮਾਨਤਾ ਵਾਲਾ, ਬ੍ਰਹਮ ਦ੍ਰਿਸ਼ਟੀ ਵਾਲਾ ਸੁਭਾਅ ਆ ਗਿਆ ਤਾਂ ਜਿਤਨੇ ਕੁ ਵਿਰੋਧੀ ਜਾਨਵਰ ਸਨ, ਉਹ ਵੀ ਦੁਬਿਧਾ ਛਡ ਕੇ ਇਸ ਦੇ ਇਰਦ ਗਿਰਦ ਆ ਬੈਠੇ।

ਓਧਰ ਮੱਕੇ ਦੀ ਯਾਤਰਾ ਕਰਨ ਵਾਸਤੇ ਇਬਰਾਹੀਮ ਪੈਗੰਬਰ ਮੁਰੀਦਾਂ ਨੂੰ ਆਪਣੇ ਨਾਲ ਲੈ ਕੇ ਮੱਕੇ ਪਹੁੰਚਿਆ ਤਾਂ ਕਾਬੇ ਨੂੰ ਆਪਣੀ ਅਸਲੀ ਥਾਂ ਪਰ ਨਾ ਵੇਖ ਕੇ ਪੁਛਦਾ ਹੈ ਕਿ—'ਅਜ ਕਲ੍ਹ ਕਾਬਾ ਕਿਥੇ ਗਿਆ ਹੈ?' ਦੱਸਣ ਵਾਲਿਆਂ ਨੇ ਦੱਸਿਆ ਕਿ—'ਇਕ ਖ਼ੁਦਾ ਦੇ ਪਿਆਰ ਵਾਲੀ ਪੂਰਨ ਭਗਤੀ ਕਰਨ ਵਾਲੀ ਲੜਕੀ ਹੈ ਉਸ ਨੂੰ ਦਰਸ਼ਨ ਦੇਣ ਲਈ ੬੦ ਕੋਹ ਪਰ ਗਿਆ ਹੈ।'

ਇਹ ਗੱਲ ਸੁਣ ਕੇ ਇਬਰਾਹੀਮ ਉਸੇ ਤਰਫ਼ ਚਲਾ ਗਿਆ ਕਿ ਜਾ ਕੇ ਪੁਛਾਂਗੇ ਕਿ ਤੁਸੀਂ ਕੀ ਸਾਧਨ ਕੀਤਾ ਹੈ ਜਿਸ ਲਈ ਕਾਬਾ ਤੇਰੇ ਪਾਸ ਆਇਆ ਹੈ। ਰਾਹ ਵਿਚ ਇਕ ਤਕੀਆ ਸੀ, ਰਾਤ ਸਾਰੇ ਉਥੇ ਠਹਿਰੇ ਖਾਣਾ ਵੀ ਉਥੇ ਖਾਧਾ ਗੋਸ਼ਤ ਵਗੈਰਾ। ਸਵੇਰੇ ਉਠ ਕੇ ਜਦ ਰੈਬਾਂ ਪਾਸ ਪਹੁੰਚੇ ਤਾਂ ਕੀ ਦੇਖਿਆ ਜਿਤਨੇ ਕੁ ਵਧੇਰੇ ਜਾਨਵਰ ਸਨ ਉਹ ਸਾਰੇ ਰੈਬਾਂ ਦੇ ਚੁਫੇਰੇ ਬੈਠੇ ਹਨ। ਜਿਸ ਵੇਲੇ ਉਨ੍ਹਾਂ ਨੇ ਇਬਰਾਹੀਮ ਨੂੰ ਦੇਖਿਆ ਤਾਂ ਸਾਰੇ ਉਠ ਕੇ ਚਲੇ ਗਏ। ਇਬਰਾਹੀਮ ਬਹੁਤ ਹੈਰਾਨ ਹੋ ਕੇ ਪੁਛਦਾ ਹੈ, 'ਹੇ ਬੀਬੀ! ਅਗੇ ਮੈਨੂੰ ਇਕ ਸੰਸਾ ਸੀ ਹੁਣ ਦੋ ਸੰਸੇ ਹੋ ਗਏ ਹਨ। ਇਕ ਸੰਸਾ ਇਹ ਹੈ ਕਿ ਤੂੰ ਕਿਹੜਾ ਸਾਧਨ ਕੀਤਾ ਹੈ ਜਿਸ ਕਰਕੇ ਮੱਕਾ ਤੇਰੇ ਪਾਸ ਆਇਆ ਹੈ। ਦੂਜਾ ਸੰਸਾ ਇਹ ਹੈ ਕਿ ਇਹ ਜਾਨਵਰ ਤੇਰੇ ਚੌਫੇਰੇ ਬੈਠੇ ਸਨ ਮੇਰੇ ਆਇਆਂ ਕਿਉਂ ਚਲੇ ਗਏ ਹਨ?'

ਰੈਬਾਂ ਕਿਹਾ, 'ਤੂੰ ਰਾਤੀਂ ਤਕੀਏ ਵਿਚ ਕੀ ਖਾਧਾ ਸੀ?'

ਇਬਰਾਹੀਮ ਨੇ ਕਿਹਾ, 'ਮਾਸ ਦਾ ਖਾਣਾ ਖਾਧਾ ਸੀ।'

ਰੈਬਾਂ ਨੇ ਕਿਹਾ, ਇਸੇ ਕਰਕੇ ਇਹ ਜਾਨਵਰ ਤੈਨੂੰ ਦੇਖ ਕੇ ਦੌੜ ਗਏ ਹਨ,

ਕਿਉਂਕਿ ਤੂੰ ਇਨ੍ਹਾਂ ਦਾ ਵਿਰੋਧੀ ਹੈਂ ਮਾਸ ਭਖੀ ਹੋਣ ਕਰਕੇ । ਮੇਰੇ ਪਾਸ ਮੱਕਾ ਇਸ ਵਾਸਤੇ ਆਇਆ ਹੈ, ਮੈਂ ਤਿਹਾਈ ਕੁੱਤੀ ਨੂੰ ਕਤੂਰਿਆਂ ਸਮੇਤ ਪਾਣੀ ਪਿਲਾ ਕੇ ਉਨ੍ਹਾਂ ਦੇ ਦੁਖ ਨੂੰ ਦੂਰ ਕੀਤਾ ਹੈ, ਜੇ ਤੈਨੂੰ ਵੀ ਇਛਾ ਹੈ ਤਾਂ ਤੂੰ ਵੀ ਦਇਆ ਕਰਿਆ ਕਰ ।

# ੫੭. ਸਾਖੀ ਗੁਜਰੀ ਦੀ

ਇਕ ਗੁਜਰੀ ਆਪਣੇ ਪਿੰਡ 'ਚੋਂ ਦੁਧ ਲੈ ਕੇ ਸ਼ਹਿਰ ਵਿਖੇ ਪਹੁੰਚਾਂਵਦੀ ਸੀ । ਇਕ ਦਿਨ ਦੁਧ ਦੇਣ ਆਈ, ਦੁਧ ਦੇ ਕੇ ਵਾਪਸ ਜਾ ਰਹੀ ਸੀ ਕਿ ਵਰਖਾ ਬਹੁਤ ਹੋਈ ਤਾਂ ਇਕ ਮਕਾਨ ਦੇ ਹੇਠਾਂ ਖਲੋ ਗਈ ।

ਕਿਸੇ ਨੇ ਕਿਹਾ, 'ਮਾਈ ਹੇਠਾਂ ਕਿਉਂ ਖਲੋਤੀ ਹੈਂ, ਉਪਰ ਚਲੀ ਜਾਹ, ਕਥਾ ਹੋ ਰਹੀ ਹੈ । ਤੂੰ ਵੀ ਜਾ ਕੇ ਸੁਣ ਲੈ ।' ਜਦ ਉਸ ਨੇ ਉਪਰ ਜਾ ਕੇ ਕਥਾ ਸੁਣੀ ਤਾਂ ਉਸ ਨੂੰ ਬੜਾ ਅਨੰਦ ਆਇਆ, ਫਿਰ ਤਾਂ ਉਹ ਰੋਜ਼ ਹੀ ਦੁਧ ਦੇ ਕੇ ਕਥਾ ਸੁਣਨ ਲਗ ਗਈ । ਜਿਉਂ ਜਿਉਂ ਕਥਾ ਸੁਣੀ ਤਿਉਂ ਤਿਉਂ ਉਸ ਦੇ ਮਨ ਨੂੰ ਰੰਗਤ ਚੜ੍ਹਦੀ ਗਈ । ਆਖਿਰਕਾਰ ਉਸ ਨੂੰ ਪ੍ਰਭੂ ਦੇ ਨਾਮ ਉਤੇ ਦ੍ਰਿੜ ਵਿਸ਼ਵਾਸ ਹੋ ਗਿਆ ।

ਜਦ ਉਸ ਨੇ ਨਾਮ ਦੀ ਮਹਿਮਾ ਸੁਣੀ ਕਿ ਪ੍ਰਭੂ ਦਾ ਨਾਮ ਸੰਸਾਰ ਸਾਗਰ ਤੋਂ ਜੀਵ ਨੂੰ ਪਾਰ ਕਰ ਦੇਂਦਾ ਹੈ । ਤਦ ਉਸ ਨੇ ਕਿਹਾ—'ਮਨ ! ਰਾਹ ਵਿਚੋਂ ਜੋ ਛੋਟਾ ਜਿਹਾ ਦਰਿਆ ਹੈ ਕੀ ਇਸ ਤੋਂ ਪਾਰ ਨਾ ਕਰੇਂਗਾ ? ਜਰੂਰ ਕਰੇਂਗਾ।'

ਅਗੇ ਤਾਂ ਉਹ ਪੁਲ ਥਾਣੀ ਆਇਆ ਜਾਇਆ ਕਰਦੀ ਸੀ ਹੁਣ ਉਹ ਰਾਮ ਨਾਮ ਕਹਿੰਦੀ ਹੋਈ ਸਿੱਧੀ ਜਲ ਦੇ ਵਿਚੋਂ ਲੰਘ ਕੇ ਪਾਰ ਹੁੰਦੀ ਹੈ ।

ਇਕ ਦਿਨ ਉਸ ਨੇ ਪੰਡਤ ਜੀ ਅਗੇ ਹੱਥ ਜੋੜ ਕੇ ਨਿਉਤਾ ਮਨਾਇਆ ਕਿ ਆਪ ਜੀ ਨੇ ਮੇਰੇ ਉਤੇ ਬੜਾ ਪਰਉਪਕਾਰ ਕੀਤਾ ਹੈ, ਆਪ ਧੰਨਤਾ ਦੇ ਯੋਗ ਹੋ, ਆਪ ਮੇਰੇ ਘਰ ਚਰਨ ਪਾਓ ।

ਪੰਡਤ ਜੀ ਨਿਉਤਾ ਮੰਨ ਕੇ ਉਸ ਦੇ ਨਾਲ ਚਲ ਪਏ । ਉਹ ਗੁਜਰੀ ਰਾਮ ਨਾਮ ਕਹਿੰਦੀ ਹੋਈ ਦਰਿਆ ਵਿਚ ਪ੍ਰਵੇਸ਼ ਕਰ ਗਈ ਤੇ ਪੰਡਤ ਜੀ ਨੂੰ ਕਿਹਾ ਤੁਸੀਂ ਵੀ ਮਗਰ ਚਲੇ ਆਓ ।

ਤਾਂ ਪੰਡਤ ਜੀ ਨੇ ਕਿਹਾ—'ਝੱਲੀਏ! ਇਹ ਦਰਿਆ ਹੈ ਇਸ ਵਿਚ ਡੁਬ ਜਾਵਾਂਗਾ, ਤੂੰ ਪੁਲ ਥਾਣੀਂ ਚਲ।'

ਗੁਜਰੀ ਨੇ ਕਿਹਾ—'ਮਹਾਰਾਜ ਆਪ ਤਾਂ ਹਰ ਵੇਲੇ ਏਹੀ ਉਪਦੇਸ਼ ਕਰਦੇ ਹੋ ਕਿ ਪ੍ਰਭੂ ਦਾ ਨਾਮ ਸੰਸਾਰ ਸਾਗਰ ਤੋਂ ਪਾਰ ਕਰਨ ਵਾਲਾ ਹੈ, ਮੈਂ ਤਾਂ ਉਸ ਪਰ ਨਿਸਚਾ ਕਰ ਕੇ ਇਸ ਦਰਿਆ ਤੋਂ ਰੋਜ਼ ਪਾਰ ਜਾਂਦੀ ਤੇ ਆਉਂਦੀ ਹਾਂ ਤੇ ਤੁਸੀਂ ਵੀ ਰਾਮ ਨਾਮ ਕਹਿੰਦੇ ਤੁਰੇ ਆਓ।'

ਪਰੰਤੂ ਪੰਡਤ ਜੀ ਦਾ ਹੀਆ ਨਾ ਪਿਆ, ਉਹ ਤਾਂ ਉਥੇ ਹੀ ਕਿਨਾਰੇ ਪਰ ਖੜੇ ਰਹੇ। ਉਸ ਵੇਲੇ ਦਾ ਕਥਨ ਇਹ ਸਲੋਕ ਹੈ—

*ਰਾਮ ਨਾਮ ਕੋ ਕਹਿਤ ਹੀ ਭਇਓ ਗੁਜਰੀ ਪਾਰ।*
*ਬਹੁਤ ਕਥਾ ਪੰਡਿਤ ਕਰੀ ਤਊ ਰਹਿਓ ਉਰਵਾਰ।*

ਪੰਡਤ ਨੂੰ ਉਰੇ ਖੜੇ ਦੇਖ ਕੇ ਗੁਜਰੀ ਨੇ ਇਹ ਸਲੋਕ ਕਿਹਾ—

*ਪੜ੍ਹਦਾ ਪੜ੍ਹਦਾ ਪੜ੍ਹ ਗਿਆ, ਪੜ੍ਹ ਗਿਆ ਚਾਰੇ ਵੇਦ।*
*ਨਿਸਚਾ ਰਿਦੇ ਨ ਆਇਓ ਰਹਿਆ ਢੇਢ ਕਾ ਢੇਢ।*

# ੫੯. ਸਾਖੀ ਭਾਈ ਭਿਖਾਰੀ ਜੀ

ਇਕ ਸਮੇਂ ਭਾਈ ਗੁਰਮੁਖ ਨਾਮ ਕਰਕੇ ਸਿੱਖ ਨੇ ਸ੍ਰੀ ਅੰਮ੍ਰਿਤਸਰ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿਚ ਆ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ 'ਹੇ ਪ੍ਰਭੂ! ਜਿਹੜੇ ਸਿੱਖ ਸਤਿਗੁਰਾਂ ਦੇ ਸਨਮੁਖ ਹੋ ਕੇ ਅਠੇ ਪਹਿਰ ਭਾਣਾ ਮੰਨਦੇ ਹਨ, ਤਿਨ੍ਹਾਂ ਦਾ ਦਰਸ਼ਨ ਕਰਵਾਓ, ਜਿਸ ਕਰਕੇ ਸਾਰੇ ਦੁਖ ਨਾਸ ਹੋ ਜਾਣ।'

ਉਸ ਦੀ ਬੇਨਤੀ ਨੂੰ ਸੁਣ ਕੇ ਸਤਿਗੁਰਾਂ ਨੇ ਕਿਹਾ—'ਜ਼ਿਲ੍ਹਾ ਗੁਜਰਾਤ ਵਿਖੇ ਭਾਈ ਭਿਖਾਰੀ ਨਾਮ ਕਰਕੇ ਇਕ ਸਿੱਖ ਭਾਣੇ ਦੇ ਮੰਨਣ ਵਾਲਾ ਰਹਿੰਦਾ ਹੈ, ਤਿਸਦਾ ਜਾ ਕੇ ਦਰਸ਼ਨ ਕਰ।'

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੁਕਮ ਮੰਨ ਕੇ ਭਾਈ ਗੁਰਮੁਖ ਉਸੇ ਵੇਲੇ ਚਲ ਪਿਆ। ਰਸਤੇ ਵਿਚ ਵਿਚਾਰਦਾ ਚਲਾ ਜਾ ਰਿਹਾ ਹੈ ਕਿ ਸਤਿਗੁਰਾਂ ਨੇ ਆਪ ਦਸਿਆ ਹੈ ਇਸ ਤੇ ਕੋਈ ਬੜਾ ਚੰਗਾ ਸਿੱਖ ਹੋਵੇਗਾ।

ਮਨ ਵਿਚਾਰਦਾ ਹੈ ਕਿ ਪ੍ਰਭੂ ਦਾ ਭਾਣਾ ਕੈਸੇ ਮੰਨਦਾ ਹੋਵੇਗਾ ਤੇ ਕਿਰਤ ਵਿਰਤ ਕਿਸ ਤਰ੍ਹਾਂ ਕਰਦਾ ਹੋਵੇਗਾ।

ਜਦੋਂ ਸਾਰਾ ਰਸਤਾ ਲੰਘ ਗੁਜਰਾਤ ਪਹੁੰਚ ਗਿਆ ਤਾਂ ਪੁਛਦਾ ਪੁਛਦਾ ਭਾਈ ਭਿਖਾਰੀ ਦੇ ਘਰ ਚਲਾ ਗਿਆ, ਜਾ ਕੇ ਕੀ ਵੇਖਦਾ ਹੈ ਕਿ ਬਹੁਤ ਹੀ ਖ਼ੁਸ਼ੀਆਂ ਹੋ ਰਹੀਆਂ ਹਨ ਅਤੇ ਭਾਈ ਭਿਖਾਰੀ ਦੇ ਪੁੱਤਰ ਦਾ ਵਿਆਹ ਦਾ ਦਿਨ ਜਾਣ ਕੇ ਇਸਤਰੀਆਂ ਗੀਤ ਗਾਉਂਦੀਆਂ ਪਈਆਂ ਹਨ ਅਤੇ ਭਾਈ ਸਾਹਿਬ ਜੀ ਇਕ ਪੁਰਾਣੀ ਜਿਹੀ ਦਰੀ ਸੀਂਵਦੇ ਪਏ ਹਨ। ਗੁਰਮੁਖ ਸਿੱਖ ਪੈਰੀ ਪਾਉਣਾ ਕਹਿ ਕੇ ਬੈਠ ਗਿਆ ਤੇ ਕਿਹਾ ਮੈਨੂੰ—'ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੁਹਾਡੇ ਵਲ ਭੇਜਿਆ ਹੈ।'

ਐਸਾ ਸੁਣ ਕੇ ਭਾਈ ਭਿਖਾਰੀ ਨੇ ਉਠ ਕੇ ਬੜਾ ਸਨਮਾਨ ਕੀਤਾ, ਮੱਥਾ ਟੇਕ ਕੇ ਆਪਣੇ ਪਾਸ ਬਿਠਾਲਿਆ। ਜਿਸ ਕੰਮ ਕਰਨ ਵਿਚ ਭਾਈ ਭਿਖਾਰੀ ਲੱਗਾ ਹੋਇਆ ਹੈ ਉਸ ਨੂੰ ਦੇਖ ਦੇਖ ਕੇ ਗੁਰਮੁਖ ਬੜਾ ਅਸਚਰਜ ਹੋਣ ਲੱਗ ਪਿਆ ਕਿ ਇਹ ਪੁੱਤਰ ਦੇ ਕਪੜੇ ਸਵਾਏ ਹਨ, ਇਹ ਸੁਨਿਆਰਾ ਗਹਿਣਾ ਘੜ ਰਿਹਾ ਹੈ। ਉਥੇ ਬਹੁਤ ਮਠਿਆਈਆਂ ਪਈਆਂ ਹਨ, ਅਗੇ ਇਕ ਪਾਸੇ ਮ੍ਰਿਤਕ ਦੇ ਵਾਸਤੇ ਫੱਟਾ ਤੇ ਖੱਫਨ ਤਿਆਰ ਹੋਇਆ ਪਿਆ ਹੈ।

ਗੁਰਮੁਖ ਇਹ ਦੇਖ ਕੇ ਬੜਾ ਹੈਰਾਨ ਹੋ ਕੇ ਪੁਛਣ ਲਗਾ ਕਿ—'ਇਹ ਮ੍ਰਿਤਕ ਦਾ ਸਾਮਾਨ ਕਿਸ ਵਾਸਤੇ ਰਖਿਆ ਹੋਇਆ ਹੈ?'

ਭਾਈ ਭਿਖਾਰੀ ਨੇ ਕਿਹਾ, 'ਤੈਨੂੰ ਫਿਰ ਦੱਸਾਂਗਾ, ਜਿਸ ਵੇਲੇ ਇਹ ਸਾਮਾਨ ਕੰਮ ਆਵੇਗਾ।' ਇਸ ਪ੍ਰਕਾਰ ਸਾਰੀ ਸਮੱਗਰੀ ਦਿਖਾ ਕੇ ਪਹਿਲੇ ਅਸਥਾਨ ਤੇ ਆ ਗਏ, ਜਿਥੇ ਭਾਈ ਭਿਖਾਰੀ ਪਾਟੀ ਹੋਈ ਦਰੀ ਸਿਉਂ ਰਿਹਾ ਸੀ।

ਗੁਰਮੁਖ ਦਿਲ ਵਿਚ ਬੜਾ ਅਸਚਰਜ ਹੁੰਦਾ ਹੈ ਤੇ ਮਨ ਇਹ ਵਿਚਾਰਦਾ ਹੈ ਕਿ ਸਤਿਗੁਰਾਂ ਨੇ ਭਾਈ ਭਿਖਾਰੀ ਦੀ ਬੜੀ ਉਪਮਾ ਕੀਤੀ ਹੈ ਪਰ ਇਹ ਤਾਂ ਘਰ ਦੇ ਜੰਜਾਲਾਂ ਵਿਚ ਹੀ ਖਚਤ ਹੋਇਆ ਹੋਇਆ ਹੈ। ਇਹ ਪ੍ਰਭੂ ਦੀ ਭਗਤੀ ਕਿਸ ਵੇਲੇ ਕਰਦਾ ਹੋਵੇਗਾ ਤੇ ਭਾਣਾ ਕਿਸ ਤਰ੍ਹਾਂ ਮੰਨਦਾ ਹੋਵੇਗਾ।

ਜਦ ਰਾਤ ਹੋਈ ਤਾਂ ਭਾਈ ਭਿਖਾਰੀ ਨੇ ਗੁਰਮੁਖ ਸਿੱਖ ਨੂੰ ਬੜੇ ਪ੍ਰੇਮ ਨਾਲ ਭੋਜਨ ਛਕਾ ਕੇ ਸੁੰਦਰ ਪਲੰਘ ਉਤੇ ਸਵਾਇਆ।

ਦੂਜੇ ਦਿਨ ਸਾਰਾ ਕਬੀਲਾ ਆ ਢੁਕਿਆ ਤੇ ਪੁੱਤਰ ਨੂੰ ਘੋੜੀ ਚੜ੍ਹਾ ਕੇ ਜਨੇਤ ਸਹਿਤ ਗਿਆ, ਅਗੋਂ ਕੁੜਮਾਂ ਨੇ ਬੜਾ ਸੁਆਗਤ ਕੀਤਾ। ਪੁੱਤਰ ਨੂੰ ਨੂੰਹ ਸਮੇਤ ਘਰ ਲਿਆਂਦਾ, ਬਹੁਤ ਸਾਰੇ ਵਾਜੇ ਵਜੇ ਤੇ ਮੰਗਲਾਚਾਰ ਹੋਏ।

ਜਦ ਘਰ ਆ ਕੇ ਦੋ ਕੁ ਦਿਨ ਬੀਤੇ ਤਿਸ ਵੇਲੇ ਭਾਈ ਭਿਖਾਰੀ ਦੇ ਪੁੱਤਰ ਦੇ ਪੇਟ ਵਿਚ ਸੂਲ ਉਠਿਆ ਤੇ ਮ੍ਰਿਤੂ ਹੋ ਗਈ। ਉਸੀ ਵੇਲੇ ਜੋ ਇਸਤਰੀਆਂ ਗੀਤ ਗਾ ਰਹੀਆਂ ਸਨ ਸੋ ਰੋਣ ਲਗ ਪਈਆਂ, ਪਰੰਤੂ ਭਾਈ ਭਿਖਾਰੀ ਦੇ ਮਨ 'ਚ ਪੁੱਤਰ ਦੇ ਮਰਨੇ ਦਾ ਨਾਂ-ਮਾਤਰ ਵੀ ਸ਼ੋਕ ਨਾ ਹੋਇਆ, ਪ੍ਰਸੰਨਤਾ ਨਾਲ ਉਸੀ ਸੀੜ੍ਹੀ ਪਰ ਪੁੱਤਰ ਨੂੰ ਪਾ ਕੇ ਉਤੇ ਕਫਨ ਪਾ ਕੇ ਕੀਰਤਨ ਕਰਦਾ ਹੋਇਆ ਆਪਣੇ ਪੁੱਤਰ ਨੂੰ ਸਾੜ ਕੇ ਯਥਾ ਯੋਗ ਪ੍ਰਸਾਦ ਕਰਕੇ ਤੇ ਵਰਤਾ ਕੇ ਘਰ ਵਾਪਸ ਆ ਗਿਆ। ਜੋ ਦਰੀ ਪੁਰਾਣੀ ਸੀਤੀ ਸੀ, ਉਹ ਵਿਛਾ ਕੇ ਬੈਠ ਗਿਆ ਤੇ ਸਾਰੇ ਹੋਰ ਲੋਕ ਵੀ ਪਰਚਾਵਣੀ ਵਾਸਤੇ ਆਏ। ਭਾਈ ਗੁਰਮੁਖ ਇਸ ਕੌਤਕ ਨੂੰ ਦੇਖ ਕੇ ਬੜਾ ਅਸਚਰਜ ਹੋਇਆ ਤੇ ਰਾਤ ਨੂੰ ਭਾਈ ਭਿਖਾਰੀ ਨੂੰ ਇਕਾਂਤ ਦੇਖ ਕੇ ਕਿਹਾ—'ਜੇ ਤੂੰ ਜਾਣਦਾ ਸੀ ਕਿ ਤੇਰੇ ਪੁੱਤਰ ਨੇ ਮਰ ਜਾਣਾ ਹੈ ਤਾਂ ਨੂੰਹ ਨੂੰ ਵਿਆਹ ਕੇ ਘਰ ਵਿਖੇ ਕਿਉਂ ਲਿਆਂਦਾ ਹੈ ਅਤੇ ਇਤਨਾ ਧਨ ਕਿਉਂ ਖ਼ਰਚਿਆ ਹੈ। ਜੇਕਰ ਪੁੱਤਰ ਦੀ ਉਮਰ ਵਧਾਵਣੇ ਦੀ ਤੇਰੇ ਵਿਚ ਸ਼ਕਤੀ ਨਹੀਂ ਸੀ ਤਾਂ ਸਤਿਗੁਰਾਂ ਪਾਸੋਂ ਬੇਨਤੀ ਕਰ ਕੇ ਉਮਰ ਮੰਗ ਲੈਣੀ ਸੀ। ਉਹ ਤੇਰੇ ਪੁੱਤਰ ਦੀ ਉਮਰ ਵਧਾ ਦੇਂਦੇ ਜਿਸ ਤੇ ਤੇਰੇ ਘਰ ਇਤਨਾ ਇਸਤਰੀਆਂ ਦੇ ਰੋਣ ਦਾ ਕਸ਼ਟ ਨਾ ਹੁੰਦਾ। ਇਕ ਇਹ ਸੰਸਾ ਮੇਰੇ ਮਨ ਵਿਚ ਪਿਆ ਹੈ ਜੋ ਤੂੰ ਸ਼ਕਤੀ ਦੇ ਹੁੰਦਿਆਂ ਹੋਇਆਂ ਬੜਾ ਭਿਆਨਕ ਕਸ਼ਟ ਸਹਾਰਿਆ ਹੈ।'

ਇਸ ਤਰ੍ਹਾਂ ਦੇ ਬਚਨ ਗੁਰਮੁਖ ਸਿੱਖ ਦੇ ਸੁਣ ਕੇ ਭਾਈ ਭਿਖਾਰੀ ਜੀ ਨੇ ਕਿਹਾ ਕਿ—'ਹੇ ਭਾਈ! ਜੋ ਪ੍ਰਭੂ ਦੇ ਕੀਤੇ ਹੋਏ ਤੇ ਕਿੰਤੂ ਪ੍ਰੰਤੂ ਕਰਦੇ ਹਨ ਉਹ ਮਨਮੁਖ ਹਨ ਅਤੇ ਜੋ ਮਨੁਖ ਭਾਵੀ ਦੇ ਮੇਟਨੇ ਦਾ ਯਤਨ ਕਰਦੇ ਹਨ, ਤਿਨ੍ਹਾਂ ਮਨਮੁਖਾਂ ਦਾ ਪ੍ਰਭੂ ਦੇ ਸਾਥ ਕਦੇ ਵੀ ਮਿਲਾਪ ਨਹੀਂ ਹੁੰਦਾ। ਜਿਸ ਤਰ੍ਹਾਂ ਪ੍ਰਮਾਤਮਾ ਆਪਣੀ ਇਛਾ ਅਨੁਸਾਰ ਦੁਖ ਦੇਵੇ ਚਾਹੇ ਸੁਖ ਦੇਵੇ ਤਿਸ ਦੇ ਵਿਚ ਪ੍ਰਸੰਨ ਰਹੇ। ਉਹ ਪ੍ਰਮਾਤਮਾ ਕਿਸੇ ਨੂੰ ਵੈਰ ਕਰ ਕੇ ਦੁਖ ਨਹੀਂ ਦੇਂਦਾ ਅਤੇ ਪ੍ਰੀਤਿ ਕਰਕੇ ਸੁਖ ਨਹੀਂ ਦੇਂਦਾ ਉਹ ਪ੍ਰਭੂ ਜਿਵੇਂ ਪੁਰਸ਼ ਦਾ ਕਰਮ ਦੇਖਦਾ ਹੈ ਤੈਸਾ ਹੀ ਫਲ ਦੇਂਦਾ ਹੈ।'

ਜਿਹੜਾ ਕੋਈ ਪੁਰਸ਼ ਆਪਣੀ ਸ਼ਕਤੀ ਨਾਲ ਆਪਣੇ ਸਰੀਰ ਦਾ ਰੋਗ ਦੂਰ ਕਰਦਾ ਹੈ ਉਹ ਪਾਪਾਂ ਦਾ ਭਾਗੀ ਹੈ। ਉਹ ਜਰੂਰ ਹੀ ਦੁਖ ਭੋਗਦਾ ਹੈ। ਜਿਹੜਾ

ਕੋਈ ਦੂਸਰੇ ਨੂੰ ਸੁਖੀ ਦੇਖ ਕੇ ਆਪਣੀ ਸ਼ਕਤੀ ਨਾਲ ਜਾਂ ਸਰਾਪ ਨਾਲ ਦੁਖ ਦੇਂਦਾ ਹੈ ਉਹ ਮਨੁਖ ਵੀ ਪ੍ਰਭੂ ਦੀ ਦਰਗਹ ਵਿਚ ਆਦਰ ਨਹੀਂ ਪਾਂਦਾ ।

ਫੇਰ ਭਾਈ ਭਿਖਾਰੀ ਨੇ ਕਿਹਾ—'ਹੇ ਭਾਈ ਗੁਰਮੁਖ! ਝੂਠੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਸਤਿਗੁਰਾਂ ਤੋਂ ਕੀ ਮੰਗਣਾ ਹੈ, ਜੇ ਮੰਗਣਾ ਵੀ ਹੋਵੇ ਤਾਂ ਸੱਚਾ ਨਾਮ ਮੰਗੀਏ ਜੋ ਲੋਕ ਪ੍ਰਲੋਕ ਵਿਖੇ ਨਾਲ ਨਿਭਣ ਵਾਲਾ ਹੈ।'

'ਹੇ ਭਾਈ! ਇਸ ਪ੍ਰਕਾਰ ਦੀ ਵਿਚਾਰ ਜਿਸ ਦੇ ਮਨ ਵਿਖੇ ਹੁੰਦੀ ਹੈ, ਤੇ ਪ੍ਰਭੂ ਦੀ ਕੀਤੀ ਹੋਈ ਤੇ ਸਦਾ ਅਨੰਦ ਰਹਿੰਦਾ ਹੈ । ਤਿਨ੍ਹਾਂ ਨੂੰ ਸੰਤ ਮਹਾਤਮਾ ਸਨਮੁਖ ਕਹਿੰਦੇ ਹਨ ਤੇ ਜਿਹੜੇ ਪ੍ਰਭੂ ਉਪਰ ਕੁਤਰਕਾਂ ਕਰਦੇ ਹਨ ਉਨ੍ਹਾਂ ਨੂੰ ਮਨਮੁਖ ਕਹਿੰਦੇ ਹਨ।'

# ੫੯. ਗਨਿਕਾ

ਸੂਆ ਪੜਾਵਤ ਗਨਿਕਾ ਤਰੀ॥ ਸੋ ਹਰਿ ਨੈਨਹੁ ਕੀ ਪੂਤਰੀ॥੨॥ (ਗੋਂਡ)

ਸਿਆਲ ਦੇ ਦਿਨ ਸਨ । ਸਾਰੀ ਰਾਤ ਮੀਂਹ ਸਮੇਤ ਠੱਕਾ ਵਗਦਾ ਰਿਹਾ। ਠੱਕੇ ਮੀਂਹ ਨਾਲ ਠੰਢ ਬਹੁਤ ਹੋ ਗਈ । ਗ੍ਰਿਹਸਤੀ ਆਪਣੇ ਬਾਲ ਬਚਿਆਂ ਨੂੰ ਲੀੜਿਆਂ ਤੇ ਗੋਦਾਂ 'ਚ ਸੰਭਾਲੀ ਬੈਠੇ ਸਨ । ਗ਼ਰੀਬਾਂ ਦੀਆਂ ਬਾਹੀਂ ਹਿੱਕਾਂ ਨਾਲ ਚੰਮੜੀਆਂ ਸਨ । ਅਮੀਰ ਅੱਗ ਤੇ ਸ਼ਰਾਬ ਨਾਲ ਨਿਘ ਹਾਸਲ ਕਰ ਰਹੇ ਸਨ । ਪੰਛੀਆਂ ਦਰਵੇਸ਼ਾਂ ਸਾਧੂ ਫ਼ਕੀਰਾਂ ਅਤੇ ਮਿਹਨਤੀ ਲੋਕਾਂ ਦਾ ਬਹੁਤ ਬੁਰਾ ਹਾਲ ਸੀ । ਉਹ ਪ੍ਰਮਾਤਮਾ ਦੇ ਆਸਰੇ ਠਰੂ ਠਰੂ ਕਰਦੇ ਤੁਰੇ ਫਿਰਦੇ ਸਨ । ਸੰਤ ਜੀਵਨ ਪ੍ਰਕਾਸ਼ ਸ਼ਹਿਰੋਂ ਬਾਹਰ ਕੱਖਾਂ ਦੀ ਕੁਲੀ ਵਿਚ ਰਹਿੰਦਾ ਸੀ। ਬਾਰਸ਼ ਐਨੀ ਹੋਈ ਸੁਣੀ ਕਿ ਝੁਗੀ ਸੰਤ ਜੀ ਨੂੰ ਭਿਜਣੋਂ ਨਹੀਂ ਬਚਾ ਸਕੀ । ਉਸ ਦੇ ਅੰਦਰ ਤਿੰਨ ਤਿੰਨ ਫੁਟ ਪਾਣੀ ਚੜ੍ਹ ਗਿਆ । ਸੰਤ ਕੋਲ ਸਾਮਾਨ ਕੋਟੀ ਨਹੀਂ ਸੀ । ਉਦਾਲੇ ਦੇ ਬਸਤ੍ਰ ਅਤੇ ਇਕ ਤੋਤੇ ਦਾ ਪਿੰਜਰਾ ਸੀ । ਉਸ ਤੋਤੇ ਨੂੰ ਉਹ ਜਾਨ ਨਾਲੋਂ ਵੀ ਪਿਆਰਾ ਰਖਦਾ ਸੀ । ਪਿੰਜਰੇ ਨੂੰ ਉਠਾ ਕੇ ਉਸ ਨੇ ਤੋਤੇ ਨੂੰ ਕਿਹਾ ਚਲ ਗੰਗਾ ਰਾਮ ਇਹ ਅਸਥਾਨ ਛਡਣਾ ਹੀ ਪਿਆ । ਸ਼ਹਿਰ ਕਿਤੇ ਆਸਰਾ ਲਭੀਏ ।

ਤੋਤੇ ਦੇ ਪਿੰਜਰੇ ਨੂੰ ਹੱਥ ਵਿਚ ਫੜੀ ਸਾਧੂ ਸ਼ਹਿਰ ਨੂੰ ਤੁਰ ਆਇਆ, ਮੋਹਲੇ ਧਾਰ ਬਾਰਸ਼ ਹੋ ਰਹੀ ਸੀ। ਠੱਕਾਂ ਠੰਢਾਂ ਨੂੰ ਚੀਰੀ ਜਾਂਦਾ ਸੀ। ਕੰਬਦਾ ਸੁੰਗੜਦਾ ਹੋਇਆ ਸੰਤ ਉਸ ਬਜ਼ਾਰ ਵਿਚ ਪੁੱਜਾ ਜਿਸ ਨੂੰ ਸ਼ਹਿਰ ਵਾਲੇ ਪਾਪ ਬਾਜ਼ਾਰ ਆਖਦੇ ਸਨ। ਉਸ ਬਜ਼ਾਰ ਦੇ ਵਸਨੀਕਾਂ ਵਾਸਤੇ ਕੁਦਰਤੀ ਸੀਤ ਇਸ ਮੌਜ ਮੇਲੇ ਦਾ ਸਾਧਨ ਸੀ ਕਿਉਂਕਿ ਉਨ੍ਹਾਂ ਸੜਦੇ ਹਿਰਦਿਆਂ ਵਾਸਤੇ ਠੰਢ ਇਕ ਚੰਗਾ ਇਲਾਜ ਸੀ।

ਉਸ ਬਜ਼ਾਰ ਦੀ ਮੁਖੀ ਚੰਦ੍ਰਮਣੀ ਵੇਸਵਾ ਸੀ। ਸਬੱਬ ਨਾਲ ਸੰਤ ਜੀਵਨ ਪ੍ਰਕਾਸ਼ ਉਸ ਦੀ ਬੈਠਕ ਦੀਆਂ ਪੌੜੀਆਂ ਵਿਚ ਬੈਠ ਗਿਆ। ਸੰਤ ਨੂੰ ਇਹ ਕੋਈ ਗਿਆਨ ਨਹੀਂ ਸੀ ਕਿ ਇਹ ਘਰ ਕਿਸ ਦਾ ਹੈ। ਇਸ ਘਰ ਜਾਂ ਬਜ਼ਾਰ ਵਿਚ ਕਿਸ ਤਰ੍ਹਾਂ ਦੇ ਪੁਰਸ਼ ਆਉਂਦੇ ਹਨ ਅਤੇ ਕੀ ਪਾਪ ਹੁੰਦੇ ਹਨ। ਉਹ ਤਾਂ ਠੱਕੇ ਤੋਂ ਬਚਣ ਵਾਸਤੇ ਪੌੜੀਆਂ ਵਿਚ ਹੀ ਬੈਠ ਗਿਆ। ਸੰਤ ਤੇ ਤੋਤਾ ਨਿਰੇ ਭਿਜੇ ਹੋਏ ਨਹੀਂ ਸਨ ਸਗੋਂ ਉਹ ਢਿਡੋਂ ਵੀ ਭੁਖੇ ਸਨ, ਈਸ਼ਵਰ ਨੇ ਐਸਾ ਢੋ ਨਹੀਂ ਸੀ ਬਣਾਇਆ ਕਿ ਉਹ ਭੋਜਨ ਕਰ ਸਕਣ। ਪਰ ਉਨ੍ਹਾਂ ਨੂੰ ਪ੍ਰਮਾਤਮਾ ਉਤੇ ਭਰੋਸਾ ਸੀ। ਭਰੋਸੇ ਆਸਰੇ ਹੀ ਜਗਤ ਵਿਚ ਵਿਚਰ ਰਹੇ ਸਨ।

ਚੰਦ੍ਰਮਣੀ ਵੇਸਵਾ ਸੀ, ਵੇਸਵਾ ਵੀ ਉਹ ਜਿਸ ਕੋਲ ਜਵਾਨੀ ਤੇ ਸੁੰਦਰਤਾ ਸੀ। ਆਪਣਾ ਤਨ ਵੇਚਦਿਆਂ ਹੋਇਆਂ ਉਸ ਨੂੰ ੧੨ ਸਾਲ ਬੀਤ ਗਏ ਸਨ। ਉਨ੍ਹਾਂ ੧੨ ਸਾਲਾਂ ਵਿਚ ਸੈਂਕੜੇ ਉਸ ਦੇ ਪ੍ਰੇਮੀ ਆਏ ਤੇ ਗਏ ਸਨ। ਪਾਪ ਕਰਦੀ ਹੋਈ ਉਹ ਪਾਪ ਬਣ ਚੁਕੀ ਸੀ। ਸ਼ਰਮ ਤੇ ਸੰਗ ਉਸ ਵਾਸਤੇ ਇਕ ਖਿਡੌਣਾ ਸੀ। ਜੋ ਧਨ ਕਮਾਉਂਦੀ ਉਹ ਖ਼ੁਰਾਕ, ਲਿਬਾਸ ਤੇ ਸ਼ਰਾਬ ਵਿਚ ਖ਼ਰਾਬ ਹੋ ਜਾਂਦਾ ਸੀ, ਬਸ ਖਾਣ ਪੀਣ, ਭੋਗ ਕਰਨ ਤੇ ਮਰਦਾਂ ਨਾਲ ਲਾਡ ਪਿਆਰ ਵਿਚ ਦਿਨ ਦੇ ੨੪ ਘੰਟੇ ਬੀਤ ਜਾਂਦੇ ਸਨ, ਨੇਕੀ ਤੇ ਧਰਮ ਵਾਸਤੇ ਉਸ ਕੋਲ ਇਕ ਪਲ ਦਾ ਸਮਾਂ ਵੀ ਨਹੀਂ ਸੀ। ੨੭ ਸਾਲ ਦੀ ਉਮਰ ਵਿਚ ਉਸ ਨੇ ਇਕ ਦਿਨ ਵੀ ਨਾ ਸੋਚਿਆ ਕਿ ਜੋ ਕਰਮ ਉਹ ਕਰ ਰਹੀ ਹੈ ਉਹ ਮਾੜਾ ਹੈ ਕਿ ਚੰਗਾ ਹੈ। ਪਾਪ ਕਰਦਾ ਪੁਰਸ਼ ਪਾਪ ਨੂੰ ਪਾਪ ਨਹੀਂ ਸਮਝਦਾ। ਉਹ ਜੀਵਨ ਸਵਾਦ ਵਿਚ ਰੁਝ ਜਾਂਦਾ ਹੈ। ਜਿਵੇਂ ਮਾਸ ਦੇ ਲਾਲਚ ਤੇ ਸਵਾਦ ਦੇ ਭੁਸ ਬਦਲੇ ਕੁੱਤਾ ਹੱਡੀਆਂ ਨੂੰ ਚੱਬੀ ਜਾਂਦਾ ਹੈ। ਤਿਵੇਂ ਪਾਪੀ ਪੁਰਸ਼ ਪਾਪ ਵਲ ਵਧਦਾ ਹੀ ਜਾਂਦਾ ਹੈ, ਭਾਵੇਂ ਉਸਦੇ ਜੀਵਨ ਦਾ ਖ਼ਾਤਮਾ ਕਿਉਂ ਨਾ ਹੋ

ਜਾਵੇ। ਇਹ ਗੱਲ ਚੰਦ੍ਰਮਣੀ ਗਨਿਕਾ ਦੀ ਸੀ। ਵਾਸ਼ਨਾ ਦੇ ਅਧੀਨ ਹੋ ਕੇ ਉਹ ਆਪਣੀ ਸੁੰਦਰਤਾ ਤੇ ਜਵਾਨੀ ਨੂੰ ਭੰਗ ਦੇ ਭਾੜੇ ਗਵਾਈ ਜਾਂਦੀ ਸੀ।

ਸੰਤ ਜੀਵਨ ਪ੍ਰਕਾਸ਼ ਤੇ ਤੋਤੇ ਨੂੰ ਪਾਲੇ ਮਰਦਿਆਂ ਹੋਇਆਂ ਚੰਦ੍ਰਮਣੀ ਨੇ ਦੇਖ ਲਿਆ, ਕਿੰਨਾ ਚਿਰ ਸੰਤ ਵਲ ਵੇਖਦੀ ਰਹੀ। ਦੇਖਣ ਪਿਛੋਂ ਪਿਛੇ ਨਾ ਮੁੜ ਸਕੀ, ਅਗੇ ਹੋ ਕੇ ਉਸ ਸੰਤ ਜੀ ਨੂੰ ਆਖਿਆ—'ਮਹਾਰਾਜ! ਉਪਰ ਚਲੋ, ਇਥੇ ਬੈਠੇ ਆਪ ਠੰਢ ਨਾਲ ਕਸ਼ਟ ਉਠਾ ਰਹੇ ਹੋ ਉਪਰ ਚਲੋ ਮੈਂ ਆਪ ਨੂੰ ਨਿਘ ਦਿਆਂ।'

ਸੰਤ ਜੀ ਉਠੇ ਤੇ ਤੋਤੇ ਦਾ ਪਿੰਜਰਾ ਚੁੱਕ ਕੇ ਉਪਰ ਲੈ ਗਏ। ਚੰਦ੍ਰਮਣੀ ਦਾ ਘਰ ਰਹਿਣੀ ਬਹਿਣੀ ਤੇ ਹਾਵ ਭਾਵ ਦੇਖ ਕੇ ਸੰਤ ਜੀ ਸਮਝ ਗਏ ਕਿ ਉਹ ਕਿਸ ਤਰ੍ਹਾਂ ਦੀ ਇਸਤਰੀ ਦੇ ਘਰ ਆਏ ਹਨ ਪਰ ਜੋ ਸਚੇ ਸੰਤ ਨੇ ਉਹ ਪਾਪ ਦੇ ਬਜ਼ਾਰ ਫਿਰਦੇ ਹੋਏ ਪਾਪਾਂ ਵਿਚ ਨਹੀਂ ਭਿਜਦੇ, ਜਿਵੇਂ ਪਾਣੀ ਵਿਚ ਪੈਦਾ ਹੋਇਆ ਕੰਵਲ ਪਾਣੀ ਤੋਂ ਉਪਰ ਰਹਿੰਦਾ ਹੈ। ਉਧਰ ਤਪ ਕਰ ਕੇ ਸੰਤ ਜੀਵਨ ਪ੍ਰਕਾਸ਼ ਜੀ ਨੇ ਇੰਦ੍ਰੀਆਂ ਉਤੇ ਕਾਬੂ ਪਾਇਆ ਹੋਇਆ ਸੀ, ਉਹ ਇੰਦ੍ਰੀਆਂ ਦੇ ਅਧੀਨ ਨਹੀਂ ਸੀ, ਇੰਦਰੇ ਉਸ ਦੀ ਆਤਮਾ ਦੇ ਅਧੀਨ ਸਨ।

ਚੰਦ੍ਰਮਣੀ ਨੇ ਸੰਤਾਂ ਦੇ ਬਸਤਰ ਉਤਰਵਾਏ, ਨਵੇਂ ਬਸਤਰ ਦਿਤੇ। ਅੱਗ ਬਾਲ ਕੇ ਸੇਕਣ ਵਾਸਤੇ ਆਖਿਆ ਅਤੇ ਰੱਜ ਕੇ ਭੋਜਨ ਛਕਾਇਆ। ਸੰਤ ਜੀ ਪ੍ਰਸੰਨ ਹੋ ਗਏ। ਉਹਨਾਂ ਦਾ ਤੋਤਾ ਖ਼ੁਸ਼ ਹੋ ਗਿਆ। ਬਾਰਸ਼ ਥੰਮ੍ਹ ਗਈ। ਚੰਗਾ ਫਰਕਾ ਲਗ ਗਿਆ। ਫਰਕੇ ਵਲ ਦੇਖ ਕੇ ਸੰਤ ਨੇ ਆਖਿਆ—'ਪੁੱਤਰ! ਅਸੀਂ ਹੁਣ ਜਾਂਦੇ ਹਾਂ। ਭਗਵਾਨ ਤੈਨੂੰ ਸੁਮਤਿ ਬਖ਼ਸ਼ੇ, ਸੁਖੀ ਹੋਵੇਂ।'

ਚੰਦ੍ਰਮਣੀ ਦਾ ਕੰਮ ਸੀ, ਮਰਦਾਂ ਨੂੰ ਮੋਹ ਕੇ ਉਨ੍ਹਾਂ ਕੋਲੋਂ ਮਾਇਆ ਲੁਟਣਾ। ਪਰ ਉਹ ਅੱਜ ਆਪ ਲੁਟੀ ਜਾਣ ਵਾਸਤੇ ਤਰਲਾ ਕਰਨ ਲਗੀ, ਉਸ ਨੇ ਦੋਵੇਂ ਹੱਥ ਜੋੜ ਕੇ ਆਖਿਆ, 'ਹੇ ਗੁਰਦੇਵ! ਮੈਂ ਪਾਪਣ ਹਾਂ, ਮੈਨੂੰ ਗਨਿਕਾ ਆਖਦੇ ਹਨ। ਕਈ ਸਾਲ ਪਾਪ ਕਮਾਉਂਦੀ ਨੂੰ ਹੋ ਗਏ ਹਨ। ਲੋਕੀਂ ਆਖਦੇ ਹਨ ਇਸਤਰੀ ਦਾ ਧਰਮ ਹੈ ਪਤੀ ਦੀ ਸੇਵਾ ਕਰਨਾ। ਮੈਂ ਮਰਦ ਦੀ ਸੇਵਾ ਕੀਤੀ ਹੈ, ਪਰ ਪਾਪ ਤੇ ਲੁਟਣ ਦੇ ਵਿਚਾਰ ਨਾਲ। ਸੈਂਕੜੇ ਮਰਦ ਮੇਰੇ ਕੋਲ ਆਏ। ਸੈਂਕੜਿਆਂ ਨੂੰ ਆਪਣਾ ਕਿਹਾ ਤੇ ਉਨ੍ਹਾਂ ਮੈਨੂੰ ਪਿਆਰੀ ਆਖਿਆ। ਪਰ ਨਾ ਉਹ ਮੇਰੇ ਸਨ ਤੇ ਨਾ ਮੈਂ ਉਨ੍ਹਾਂ ਦੀ ਸਾਂ। ਉਹ ਮੇਰੀ ਜਵਾਨੀ ਤੇ ਮੇਰੀ ਸੁੰਦਰਤਾ

ਦੇ ਭੁਖੇ ਸਨ ਤੇ ਮੈਂ ਉਨ੍ਹਾਂ ਦੀ ਦੌਲਤ ਦੀ ਭੁੱਖੀ ਸਾਂ। ਉਨ੍ਹਾਂ ਕੋਲੋਂ ਜਦੋਂ ਦੌਲਤ ਮੁਕ ਜਾਂਦੀ ਹੈ ਤਾਂ ਮੈਂ ਉਨ੍ਹਾਂ ਨੂੰ ਆਪਣੀ ਬੈਠਕ ਦੀਆਂ ਪਉੜੀਆਂ ਵੀ ਚੜ੍ਹਨ ਨਾ ਦੇਂਦੀ। ਮੈਂ ਮਹਾਂ ਪਾਪਣ ਹਾਂ। ਜਦੋਂ ਮੈਂ ਇਸਤਰੀ ਹੋ ਕੇ ਇਕ ਪਤੀ ਦੀ ਸੇਵਾ ਨਹੀਂ ਕੀਤੀ। ਕੋਈ ਨੇਕ ਕਰਮ ਨਹੀਂ ਕੀਤਾ। ਰਾਮ ਨਾਮ ਦਾ ਸਿਮਰਨ ਨਹੀਂ ਕੀਤਾ ਤਾਂ ਮੈਂ ਪੁਛਦੀ ਹਾਂ ਮੇਰਾ ਉਧਾਰ ਕਿਵੇਂ ਹੋਵੇਗਾ?'

ਮਹਾਤਮਾ ਲੋਕ ਕਿਸੇ ਦੀ ਨੇਕੀ ਕੀਤੀ ਨਹੀਂ ਭੁਲਦੇ। ਉਹ ਨੇਕੀ ਦਾ ਫਲ ਜਰੂਰ ਦੇਂਦੇ ਹਨ। ਗਨਿਕਾ ਚੰਦਰਮਣੀ ਨੇ ਮਹਾਤਮਾ ਤੇ ਤੋਤੇ ਦੀ ਜਾਨ ਬਚਾਈ ਸੀ, ਉਨ੍ਹਾਂ ਨੂੰ ਦੋ ਪਹਿਰ ਸੁਖ ਤੇ ਭੋਜਨ ਦਿਤਾ ਸੀ। ਉਹ ਹੁਣ ਭਲਾ ਉਸ ਦੇ ਸਵਾਲ ਨੂੰ ਕਿਉਂ ਨਾ ਸੁਣਦੇ। ਮਹਾਤਮਾ ਸੋਚੀਂ ਪੈ ਗਏ। ਚੋਖਾ ਚਿਰ ਸੋਚਣ ਪਿਛੋਂ ਕਹਿਣ ਲਗੇ—'ਪੁੱਤਰੀ! ਇਸ ਮਾਇਆਵਾਦੀ ਸੰਸਾਰ ਵਿਚ ਰਹਿੰਦਿਆਂ ਹੋਇਆਂ ਜੀਵ ਕੋਲੋਂ ਪਾਪ ਜਰੂਰ ਹੋ ਜਾਂਦੇ ਹਨ ਪਰ ਜੇ ਉਹ ਪਾਪਾਂ ਨੂੰ ਪਾਪ ਸਮਝ ਲਵੇ ਤਾਂ ਉਹਦੇ ਉਧਾਰ ਦਾ ਕੋਈ ਵਸੀਲਾ ਜਰੂਰ ਮਿਲ ਜਾਂਦਾ ਹੈ, ਕਿਉਂਕਿ ਤੇਰੀ ਸੁਤੀ ਆਤਮਾ ਜਾਗ ਪਈ ਹੈ, ਹੁਣ ਤੂੰ ਪਾਪਾਂ ਦੀ ਮੈਲ ਧੋ ਸਕਦੀ ਹੈਂ। ਇਹ ਪਾਪਾਂ ਦੀ ਮੈਲ ਨਾਮ ਰੂਪੀ ਸਾਬਣ ਨਾਲ ਧੁਪਦੀ ਹੈ। ਇਸ ਵਾਸਤੇ ਮੈਂ ਤੈਨੂੰ ਇਹ ਤੋਤਾ ਦੇ ਜਾਂਦਾ ਹਾਂ। ਇਸ ਤੋਤੇ ਨੂੰ ਮੈਂ ਰਾਮ ਨਾਮ ਦੀ ਪੱਟੀ ਪੜ੍ਹਾਇਆ ਕਰਦਾ ਹਾਂ। ਰੋਜ਼ ਸਵੇਰੇ ਉਠ ਕੇ ਤੂੰ ਰਾਮ ਨਾਮ ਦੀ ਪੱਟੀ ਪੜ੍ਹਾਇਆ ਕਰਨੀ ਤੇ ਚੂਰੀ ਖਾਣ ਵਾਸਤੇ ਦਿਆ ਕਰਨੀ। ਤੇਰੇ ਸਾਰੇ ਪਾਪ ਖੰਡਨ ਹੋ ਜਾਣਗੇ, ਅਮਰ ਹੋ ਜਾਵੇਂਗੀ।'

ਇਹ ਆਖ ਕੇ ਮਹਾਤਮਾ ਨੇ ਤੋਤੇ ਦਾ ਪਿੰਜਰਾ ਚੰਦ੍ਰਮਣੀ ਦੇ ਹੱਥ ਫੜਾ ਦਿੱਤਾ। ਸੰਤ ਚਲਿਆ ਗਿਆ। ਚੰਦ੍ਰਮਣੀ ਤੋਤੇ ਨੂੰ ਚੂਰੀ ਖਵਾਉਣ ਤੋਂ ਪਹਿਲਾਂ ਆਖਣ ਲਗੀ—'ਗੰਗਾ ਰਾਮ ਬੋਲ ਰਾਮ ਰਾਮ!' ਤੋਤਾ ਵੀ ਅਗੋਂ ਆਖਦਾ—'ਗੰਗਾ ਰਾਮ ਬੋਲ ਰਾਮ ਰਾਮ!'

ਪਾਪ ਪੁੰਨ ਕਰਨ ਵਾਲਾ ਮਨ ਹੈ। ਜਿਧਰ ਲੱਗ ਜਾਵੇ ਉਧਰ ਦੇ ਬੇੜੇ ਤਾਰ ਦੇਂਦਾ ਹੈ, ਮਨ ਉਲਟ ਗਿਆ। ਮਨ ਦੇ ਉਲਟਣ ਨਾਲ ਕਰਮ ਵੀ ਉਲਟ ਗਿਆ। ਸਵੇਰੇ ਉਠ ਕੇ ਚੰਦ੍ਰਮਣੀ ਇਸ਼ਨਾਨ ਕਰਦੀ ਇਸ਼ਨਾਨ ਕਰ ਕੇ ਚੋਖਾ ਚਿਰ ਤੋਤੇ ਨੂੰ ਰਾਮ ਨਾਮ ਦੀ ਪੱਟੀ ਪੜ੍ਹਾਉਂਦੀ ਰਹਿੰਦੀ। ਹੌਲੀ ਹੌਲੀ ਉਸ ਦਾ ਮਨ ਤੋਤੇ ਨਾਲ ਭਿੱਜ ਗਿਆ। ਜਦੋਂ ਵਿਹਲ ਮਿਲਦੀ ਤਦੋਂ ਹੀ

ਤੋਤੇ ਕੋਲ ਆ ਬੈਠਦੀ। 'ਗੰਗਾ ਰਾਮ ਬੋਲ ਰਾਮ ਰਾਮ! ਗੰਗਾ ਰਾਮ ਬੋਲ ਰਾਮ ਰਾਮ!' ਇਸ ਧੁਨ ਵਿਚ ਮਗਨ ਹੋ ਜਾਂਦੀ। ਮਗਨ ਵੀ ਐਸੀ ਹੁੰਦੀ ਕਿ ਖਾਣਾ ਪੀਣਾ ਤੇ ਸ਼ਿੰਗਾਰ ਕਰਨਾ ਵੀ ਭੁਲ ਜਾਂਦੀ। ਹੌਲੀ ਹੌਲੀ ਉਹ ਸਮਾਂ ਆ ਗਿਆ ਜਦੋਂ ਗਨਿਕਾ ਆਪਣੇ ਗਾਹਕ ਦੇ ਸਮੇਂ ਵੀ ਤੋਤੇ ਨੂੰ ਹੀ 'ਰਾਮ-ਰਾਮ' ਜਪਾਉਣ ਵਿਚ ਰੁਝੀ ਰਹਿੰਦੀ। ਪਾਪ ਕਰਮ ਘਟਦਾ ਘਟਦਾ ਸਦਾ ਵਾਸਤੇ ਘਟ ਗਿਆ। ਪਾਪ ਕਰਮ ਵਿਚ ਸਹਾਇਤਾ ਕਰਨ ਵਾਲੀਆਂ ਦਾਸੀਆਂ ਨੂੰ ਵਿਦਾ ਕਰ ਦਿਤਾ। ਹਾਰ ਸ਼ਿੰਗਾਰ ਦੇ ਸਾਮਾਨ ਨੂੰ ਉਕਾ ਖ਼ਰੀਦਿਆ ਹੀ ਨਹੀਂ ਸਧਾਰਨ ਇਸਤਰੀਆਂ ਵਾਂਗ ਸਾਦਗੀ ਵਿਚ ਜੀਵਨ ਬਤੀਤ ਕਰਨ ਲਗੀ। ਗਾਹਕ ਆਉਣੇ ਬੰਦ ਹੋ ਗਏ। ਰਾਤ ਦਿਨੇ ਇਕੋ ਹੀ ਲਗਨ ਲਗੀ ਰਹਿੰਦੀ, 'ਬੋਲ ਗੰਗਾ ਰਾਮ, ਰਾਮ ਰਾਮ!' ਆਪ ਸਮਾਧੀ ਲਾ ਕੇ 'ਰਾਮ! ਰਾਮ! ਰਾਮ! ਰਾਮ!' ਦਾ ਜਾਪ ਹੀ ਕਰਨ ਲੱਗ ਪਈ। ਉਸ ਦੇ ਸਵਾਸ ਸਵਾਸ ਨਾਲ 'ਰਾਮ ਰਾਮ' ਦੀ ਧੁਨ ਉਪਜਣ ਲਗੀ। ਰਾਮ ਨਾਮ ਨੇ ਉਸ ਦੇ ਮਨ ਦੀ ਮੈਲ ਨੂੰ ਧੋ ਕੇ ਮਨ ਸ਼ੀਸ਼ੇ ਵਾਂਗ ਨਿਰਮਲ ਕਰ ਦਿੱਤਾ।

ਜਦੋਂ ਭਗਵਾਨ ਨੇ ਸਮਝਿਆ ਕਿ ਹੁਣ ਚੰਦ੍ਰਮਣੀ ਗਨਿਕਾ ਨਹੀਂ ਰਹੀ ਉਹ ਸਚਮੁਚ ਚੰਦ੍ਰਮਣੀ ਬਣ ਗਈ ਹੈ ਤਾਂ ਉਸ (ਭਗਵਾਨ) ਨੇ ਆਪਣੇ ਦਰਬਾਰ ਵਿਚ ਚੰਦ੍ਰਮਣੀ ਨੂੰ ਲਿਜਾਣ ਵਾਸਤੇ ਖੇਲ ਰਚ ਲਿਆ। ਉਹ ਖੇਲ ਇਹ ਸੀ ਕਿ ਇਕ ਰਾਤ ਨੂੰ ਸੱਪ ਦਾ ਰੂਪ ਧਾਰ ਕੇ ਭਗਵਾਨ ਦਾ ਦੂਤ ਆਇਆ। ਪਹਿਲਾਂ ਉਸ ਨੇ ਤੋਤੇ ਨੂੰ ਮਾਰ ਕੇ ਉਸ ਦੀ ਰੂਹ ਨੂੰ ਪੰਜ ਭੂਤਕ ਸਰੀਰ ਵਿਚੋਂ ਅਜ਼ਾਦ ਕੀਤਾ। ਦੂਰ ਨਹੀਂ ਗਿਆ ਪਿੰਜਰੇ ਵਿਚ ਹੀ ਬੈਠਾ ਰਿਹਾ। ਚੰਦ੍ਰਮਣੀ ਨਿਤਨੇਮ ਅਨੁਸਾਰ ਤੜਕੇ ਉਠੀ। ਇਸ਼ਨਾਨ ਕਰਵਾਉਣ ਵਾਸਤੇ ਤੋਤੇ ਨੂੰ ਪੁਚਕਾਰਿਆ ਆਖਿਆ—'ਗੰਗਾ ਰਾਮ ਬੋਲ ਰਾਮ ਰਾਮ।' ਪਰ ਅਗੋਂ ਕੋਈ ਉੱਤਰ ਨਾ ਆਇਆ। ਚਾਰ ਪੰਜ ਵਾਰ ਬੁਲਾਉਣ ਤੇ ਵੀ ਕੋਈ ਨਾ ਬੋਲਿਆ। ਦੇਖਿਆ ਤਾਂ ਪਿੰਜਰੇ ਦਾ ਬੂਹਾ ਖੁਲ੍ਹਾ ਸੀ। ਹੱਥ ਅਗੇ ਵਧਾ ਕੇ ਸੁਤੇ ਨੂੰ ਥਾਪੜ ਕੇ ਜਗਾਉਣ ਦਾ ਯਤਨ ਕਰਨ ਲਗੀ। ਅਜੇ ਪਹਿਲੀ ਪਟੋਕੀ ਮਾਰੀ ਸੀ ਕਿ ਸੱਪ ਰੂਪ ਦੂਤ ਨੇ ਡੰਗ ਮਾਰ ਦਿਤਾ। ਜਿਉਂ ਹੀ ਡੰਗ ਵੱਜਾ ਤਿਉਂ ਹੀ ਉਸ ਦੀ ਜ਼ਬਾਨੋਂ ਨਿਕਲਿਆ—'ਰਾਮ! ਰਾਮ! ਰਾਮ!' ਇਉਂ ਰਾਮ ਰਾਮ ਕਰਦੀ ਨੇ ਦਮ ਤੋੜ ਦਿੱਤਾ। ਰੂਹ ਸਰੀਰ ਵਿਚੋਂ ਅੱਡ ਹੋ ਗਈ। ਬਸ ਅੱਡ ਹੋਣ

ਦੀ ਦੇਰ ਸੀ ਕਿ ਉਸ ਵੇਲੇ ਭਗਵਾਨ ਵਲੋਂ ਬਿਬਾਨ ਆ ਗਿਆ। ਗੁਲਾਬ ਤੇ ਕਲੀਆਂ ਦੇ ਫੁੱਲਾਂ ਦੀਆਂ ਪੱਤੀਆਂ ਵਾਲੇ ਆਸਣ ਉਤੇ ਬੈਠ ਕੇ ਚੰਦ੍ਰਮਣੀ ਦੀ ਆਤਮਾ ਨੂੰ ਦੇਵਤੇ ਭਗਵਾਨ ਦੇ ਚਰਨਾਂ ਵਿਚ ਲੈ ਗਏ। ਉਸ ਦਾ ਜਨਮ ਮਰਨ ਦਾ ਗੇੜ ਕਟਿਆ ਗਿਆ। ਸਦੀਵ ਕਾਲ ਵਾਸਤੇ ਅਮਰ ਹੋ ਕੇ ਉਹ ਸਵਰਗਾਂ ਵਿਚ ਰਹਿਣ ਲਗੀ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ 'ਚ ਲਿਖਿਆ ਹੈ—

ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।
ਅੰਤਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।
ਗਈ ਬੈਕੁੰਠਿ ਬਿਬਾਣਿ ਚੜ੍ਹਿ ਨਾਉਂ ਨਰਾਇਣੁ ਛੋਤਿ ਅਛੋਤਾ।
ਥਾਉਂ ਨਿਥਾਵੇਂ ਮਾਣੁ ਮਣੋਤਾ॥੨੧॥ (ਭਾਈ ਗੁਰਦਾਸ ਜੀ, ਵਾਰ ੧੦)

# ੯੦. ਅਜਾਮਲ ਜੀ ਦੀ ਕਥਾ

ਅਜਾਮਲੁ ਉਧਰਿਆ ਕਹਿ ਏਕ ਬਾਰ॥ (ਮਹਲਾ ੫)
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ (ਰਵਿਦਾਸ ਜੀ)
ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥
ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮ ਕੰਕਰ ਮਾਰਿ ਬਿਦਾਰੇ॥੨॥ (ਨਟ ਮਹਲਾ ੪)
ਪਤਿਤੁ ਅਜਾਮਲ ਪਾਪੁ ਕਰਿ ਜਾਇ ਕਲਾਵਤਣੀ ਦੇ ਰਹਿਆ।
ਗੁਰੁ ਤੇ ਬੇਮੁਖ ਹੋਇ ਕੈ ਪਾਪ ਕਮਾਵੈ ਦੁਰਮਤਿ ਦਹਿਆ।
ਬਿਰਥਾ ਜਨਮੁ ਗਵਾਇਆ ਭਵਜਲ ਅੰਦਰਿ ਫਿਰਦਾ ਵਹਿਆ।
ਛਿਅ ਪੁਤ ਜਾਏ ਵੇਸੁਆ ਪਾਪਾ ਦੇ ਫਲ ਇਛੇ ਲਹਿਆ।
ਪੁਤੁ ਉਪੰਨਾ ਸਤਵਾਂ ਨਾਉ ਧਰਣ ਨੋ ਚਿਤਿ ਉਮਹਿਆ।
ਗੁਰੂ ਦੁਆਰੈ ਜਾਇ ਕੈ ਗੁਰਮੁਖਿ ਨਾਉ ਨਰਾਇਣੁ ਕਹਿਆ।
ਅੰਤਕਾਲ ਜਮਦੂਤ ਵੇਖਿ ਪੁਤ ਨਾਰਾਇਣੁ ਬੋਲੈ ਛਹਿਆ।
ਜਮਗਣ ਮਾਰੇ ਹਰਿ ਜਨਾਂ ਗਇਆ ਸੁਰਗ ਜਮੁ ਡੰਡੁ ਨ ਸਹਿਆ।
ਨਾਇ ਲਏ ਦੁਖੁ ਡੇਰਾ ਢਹਿਆ॥੨੦॥ (ਭਾਈ ਗੁਰਦਾਸ ਜੀ, ਵਾਰ ੧੦)

## ਅਜਾਮਲ ਦਾ ਪਹਿਲਾ ਜੀਵਨ - ਰਾਜ ਪੰਡਤ

ਗੁਰਬਾਣੀ ਤੇ ਗੁਰਮਤਿ ਸਾਹਿਤ ਵਿਚ ਅਜਾਮਲ ਦਾ ਨਾਮ ਬਹੁਤ ਆਉਂਦਾ ਹੈ। ਉਪਰੋਕਤ ਥੋੜੀਆਂ ਜਿਹੀਆਂ ਤੁਕਾਂ ਨਮੂਨੇ ਵਜੋਂ ਲਿਖੀਆਂ ਗਈਆਂ ਹਨ।

ਅਜਾਮਲ ਪਾਪੀ ਕਿਵੇਂ ਤਰਿਆ ? ਉਹ ਕੌਣ ਸੀ ਤੇ ਉਸ ਨੇ ਕੀ ਕੀਤਾ ? ਹੇ ਭਗਤੋ ! ਇਹ ਸਭ ਕੁਝ ਵਿਸਥਾਰ ਨਾਲ ਸੁਣੋ । ਇਸ ਕਥਾ ਦੇ ਸੁਣਨ ਨਾਲ ਮਹਾਂ ਪਾਪੀ ਵੀ ਭਵਸਾਗਰ ਤੋਂ ਤਰ ਜਾਂਦੇ ਹਨ । ਗੁਰੂ ਸਾਹਿਬ ਜੀ ਫ਼ੁਰਮਾਉਂਦੇ ਹਨ—'ਅਜਾਮਲ ਪਾਪੀ ਜਗ ਜਾਨੇ ਨਿਮਖ ਮਾਹਿ ਨਿਸਤਾਰਾ' ਭਗਤ ਜਨੋ ! ਉਹ ਪਲ ਵਿਚ ਹੀ ਤਾਰ ਦੇਂਦਾ ਹੈ । ਜੇ ਤੁਸੀਂ ਕਲਜੁਗ ਵਿਚ ਸਿਮਰਨ ਕਰੋ ਤਾਂ ਜਰੂਰ ਤਰ ਜਾਵੋਗੇ।

ਅਜਾਮਲ ਇਕ ਬ੍ਰਾਹਮਣ ਦਾ ਲੜਕਾ ਸੀ। ਉਸ ਸਮੇਂ ਬ੍ਰਾਹਮਣਾਂ ਦੇ ਲੜਕਿਆਂ ਨੂੰ ਬਚਪਨ ਤੋਂ ਜਵਾਨੀ ਤਕ ਵਿਦਿਆ ਪੜ੍ਹਨੀ ਪੈਂਦੀ ਸੀ, ਕਿਉਂਕਿ ਬ੍ਰਾਹਮਣਾਂ ਤੋਂ ਬਿਨਾਂ ਉਚੀ ਵੇਦ ਵਿਦਿਆ ਕੋਈ ਨਹੀਂ ਸੀ ਪੜ੍ਹਦਾ।

ਅਜਾਮਲ ਮਾਮੂਲੀ ਬ੍ਰਾਹਮਣ ਦਾ ਪੁੱਤਰ ਨਹੀਂ ਸੀ । ਸਗੋਂ ਉਸ ਦਾ ਬਾਪ ਵੇਦ ਗਿਆਨ ਦਾ ਪੰਡਤ ਸੀ । ਉਹ ਰਾਜੇ ਦੇ ਦਰਬਾਰ ਵਿਚ ਰੋਜ ਕਥਾ ਕਰਿਆ ਕਰਦਾ ਸੀ । ਰਾਜੇ ਨੇ ਉਹਦੀ ਉਚ ਵਿਦਿਆ ਦੀ ਕਦਰ ਕਰਦਿਆਂ ਹੋਇਆਂ ਉਸ ਨੂੰ ਮੁਖ ਰਾਜ ਪੰਡਤ ਦੀ ਪਦਵੀ ਬਖ਼ਸ਼ੀ ਹੋਈ ਸੀ । ਅਜਾਮਲ ਦੀ ਉਮਰ ਪੂਰੀ ਪੰਜ ਸਾਲ ਵੀ ਨਹੀਂ ਸੀ ਹੋਈ ਕਿ ਉਸ ਨੂੰ ਇਕ ਵਿਦਵਾਨ ਗੁਰੂ ਕੋਲ ਪੜ੍ਹਨ ਬੈਠਾ ਦਿਤਾ ਗਿਆ। ਗੁਰੂ ਬੜਾ ਭਲਾ ਲੋਕ ਸੀ। ਉਹ ਪਿਆਰ ਉਤਸ਼ਾਹ ਨਾਲ ਵਿਦਿਆ ਪੜ੍ਹਾਉਂਦਾ ਰਿਹਾ । ਅਜਾਮਲ ਦੀ ਬੁਧੀ ਤੀਖਣ ਸੀ, ਦਸਾਂ ਸਾਲਾਂ ਦੀ ਓਨੀ ਵਿਦਿਆ ਪੜ੍ਹ ਗਿਆ ਜਿੰਨੀ ਇਕ ਵਿਦਿਆਰਥੀ ਵੀਹਾਂ ਵਰ੍ਹਿਆਂ ਵਿਚ ਪੜ੍ਹਦਾ ਹੈ । ਉਹ ਗ੍ਰੰਥਾਂ ਦੀ ਕਥਾ ਕਰਨ ਦੇ ਯੋਗ ਹੋ ਗਿਆ ।

ਜੇ ਬ੍ਰਹਮਾ ਦੀ ਕ੍ਰਿਪਾ ਨਾਲ ਸੁਰਸਤੀ ਉਹਦੀ ਜਬਾਨ ਉਤੇ ਬੈਠੀ ਸੀ ਤਾਂ ਅਰੋਗਤਾ ਵੀ ਉਸ ਉਤੇ ਦਇਆਵਾਨ ਸੀ । ਉਸਦਾ ਸਰੀਰ ਬਹੁਤ ਅਰੋਗ ਜੁਆਨ ਤੇ ਸੁੰਦਰ ਨਿਕਲਿਆ । ਉਸ ਦੀ ਜਵਾਨੀ ਵਲ ਦੇਖ ਕੇ ਉਸ ਦੇ ਗੁਰੂ ਨੇ ਆਖਿਆ, 'ਅਜਾਮਲ ! ਜਦੋਂ ਮੇਰੇ ਵਲ ਆਇਆ ਜਾਇਆ ਕਰੇਂ ਜਾਂ ਘਰ ਜਾਵੇਂ ਤਾਂ ਸ਼ਹਿਰ ਵਿਚੋਂ ਦੀ ਨਾ ਆਇਆ ਜਾਇਆ ਕਰ । ਬਾਹਰ ਬਾਹਰ ਗਿਆ ਤੇ ਬਾਹਰ ਬਾਹਰ ਆਇਆ । ਇਹ ਸਿਖਿਆ ਜਦੋਂ ਦਿਤੀ ਸੀ ਤਦੋਂ ਅਜਾਮਲ ਦੀ ਉਮਰ ੧੪ ਸਾਲ ਦੀ ਸੀ । ਅਜਾਮਲ ਨੇ ਗੁਰੂ ਜੀ ਦਾ ਹੁਕਮ ਸਿਰ ਮਥੇ ਉਤੇ ਮੰਨਿਆ । ਚਾਰ ਸਾਲ ਸ਼ਹਿਰ ਵਿਚ ਨਹੀਂ ਵੜਿਆ, ਕਈ ਵਾਰ ਸੋਚਣ ਵੀ ਬੈਠਾ ਕਿ ਆਖ਼ਰ ਗੁਰੂ ਜੀ ਨੇ ਉਹਦੇ ਉਤੇ ਇਹ ਪਾਬੰਦੀ

ਕਿਉਂ ਲਾਈ ਹੈ ? ਐਸੀ ਕਿਹੜੀ ਚੀਜ਼ ਹੈ, ਜੋ ਗੁਰੂ ਜੀ ਮੈਨੂੰ ਦੇਖਣ ਨਹੀਂ ਦੇਣਾ ਚਾਹੁੰਦੇ ? ਮਨ ਵਿਚ ਫੁਰਨੇ ਫੁਰਦੇ ਰਹੇ ਪਰ ਗੁਰੂ ਦੀ ਆਗਿਆ ਉਲੰਘਣ ਕਰਨ ਦੀ ਹਿੰਮਤ ਨਾ ਪਈ ।

ਵੀਹਵੇਂ ਸਾਲ ਵਿਦਿਆ ਪੜ੍ਹਨ ਦੀ ਸਮਾਪਤੀ ਕੀਤੀ ਜਾਣੀ ਸੀ । ਚਾਰ ਵੇਦ ਤੇ ਉਪਨਿਸ਼ਦਾਂ ਦੀ ਕਥਾ ਦਾ ਭੋਗ ਪੈਣ ਵਾਲਾ ਸੀ । ਇਕ ਦਿਨ ਅਜਾਮਲ ਨੇ ਗੁਰੂ ਜੀ ਦੀ ਆਗਿਆ ਭੰਗ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ । ਉਸ ਦੇ ਅੰਦਰ ਜਵਾਨੀ ਠਾਠਾਂ ਮਾਰਦੀ ਸੀ । ਜੁਆਨੀ ਮਸਤਾਨੀ ਹੁੰਦੀ ਹੈ। ਇਹ ਕਿਸੇ ਦੀ ਪ੍ਰਵਾਹ ਨਹੀਂ ਕਰਦੀ । ਗੁਰੂ ਕੋਲੋਂ ਉਠ ਕੇ ਸਿੱਧਾ ਬਜਾਰ ਨੂੰ ਹੋ ਗਿਆ । ਹਾਲਾਂ ਕਿ ਤੁਰਨ ਵੇਲੇ ਗੁਰੂ ਜੀ ਨੇ ਉਸ ਨੂੰ ਆਖਿਆ ਸੀ ਕਿ ਅਜਾਮਲ ਸ਼ਹਿਰੋਂ ਬਾਹਰ ਜਾਈਂ ਤੇ ਆਈਂ।

ਜਿਸ ਦਰਵਾਜੇ ਦੇ ਬਾਹਰ ਅਜਾਮਲ ਦੇ ਗੁਰੂ ਦਾ ਆਸ਼ਰਮ ਸੀ ਉਸ ਦਰਵਾਜੇ ਦੇ ਅੰਦਰ ਹੀ ਕੰਜਰਾਂ (ਵੇਸਵਾਵਾਂ) ਦਾ ਡੇਰਾ ਸੀ, ਪਾਪਣ ਇਸਤਰੀਆਂ ਦੁਨਿਆਵੀ ਭੋਗਾਂ ਦੀਆਂ ਗੁਲਾਮ ਹੋ ਕੇ ਆਪਣੇ ਰੂਪ ਤੇ ਜੋਬਨ ਨੂੰ ਵੇਚ ਰਹੀਆਂ ਸਨ। ਕਈ ਉਨ੍ਹਾਂ ਵਿਚ ਅਧਖੜ ਉਮਰ ਦੀਆਂ ਸਨ ਤੇ ਕਈ ਅਜੇ ਮੁਟਿਆਰਾਂ ਸਨ, ਉਨ੍ਹਾਂ ਨੇ ਕੁਦਰਤੀ ਸੁੰਦਰਤਾ ਤੋਂ ਬਿਨਾਂ ਬਨਾਵਟ ਬਹੁਤ ਕੀਤੀ ਹੋਈ ਸੀ । ਉਹ ਮਰਦ ਦੇ ਮਨ ਨੂੰ ਮੋਹਨ ਵਾਸਤੇ ਬੈਠੀਆਂ ਸਨ । ਕਾਮੀ ਪੁਰਸ਼ ਆਉਂਦੇ ਤੇ ਉਨ੍ਹਾਂ ਕੋਲੋਂ ਆਪਣੇ ਸਰਬ ਨਾਸ ਕਰਾ ਕੇ ਤੁਰ ਜਾਂਦੇ। ਉਹ ਕਲਜੋਗਣਾਂ ਮਰਦਾਂ ਦਾ ਲਹੂ ਪੀਣ ਵਾਸਤੇ ਬੈਠੀਆਂ ਸਨ । ਜੋ ਕੋਈ ਉਨ੍ਹਾਂ ਦੇ ਦਰਸ਼ਨ ਜਾਂ ਸੰਗ ਕਰਦਾ ਓਹੋ ਨਰਕਾਂ ਦਾ ਭਾਗੀ ਹੁੰਦਾ । ਕਿਉਂਕਿ ਗ੍ਰੰਥਾਂ ਵਿਚ ਵੀ ਲਿਖਿਆ ਹੈ ਕਿ ਸਤੀ ਇਸਤਰੀ ਸੰਸਾਰ ਵਿਚ ਇਕ ਮਰਦ ਨੂੰ ਪਤੀ ਬਣਾਵੇ ਤੇ ਉਸ ਦੀ ਸੇਵਾ ਕਰਦੀ ਹੋਈ ਜੀਵਨ ਬਤੀਤ ਕਰ ਜਾਵੇ। ਉਹ ਧਰਮ ਸਮਾਜ ਤੇ ਦੇਸ਼ ਵਿਚ ਸਤਿਕਾਰੀ ਜਾਂਦੀ ਹੈ । ਪਰ ਜੋ ਨਾਰੀ ਮੰਦੀ ਵਾਸ਼ਨਾ ਦਾ ਸ਼ਿਕਾਰ ਹੋ ਕੇ ਮਾਇਆ ਤੇ ਜ਼ਬਾਨ ਦੇ ਚਸਕੇ ਬਦਲੇ ਆਪਣੇ ਤਨ ਨੂੰ ਕਈਆਂ ਮਰਦਾਂ ਕੋਲ ਵੇਚਦੀ ਫਿਰਦੀ ਹੈ ਉਹ ਕਦੀ ਸੁਖ ਨਹੀਂ ਪਾ ਸਕਦੀ, ਅੰਤਕਾਲ ਨਰਕ ਦੀ ਭਾਗੀ ਹੁੰਦੀ ਹੈ ।

ਅਜਾਮਲ ਜਵਾਨ ਸੀ, ਪੂਰਾ ਜਵਾਨ ਬ੍ਰਾਹਮਣਾਂ ਦਾ ਸੁੰਦਰ ਪੁੱਤਰ । ਅਮੀਰ ਮਾਂ ਬਾਪ ਦਾ ਜਾਇਆ, ਉਹ ਜਦੋਂ ਵੇਸਵਾ ਬਜ਼ਾਰ ਵਿਚ ਦਾਖ਼ਲ ਹੋਇਆ ਤਾਂ

ਸੁੰਦਰ ਤੇ ਜਵਾਨ ਲੜਕੀਆਂ ਨੂੰ ਦੇਖਕੇ ਉਸ ਦਾ ਮਨ ਹਥੋਂ ਨਿਕਲ ਗਿਆ। ਉਹ ਬਜਾਰ ਚੰਗਾ ਲਗਾ। ਰੂਪ ਨੂੰ ਦੇਖ ਕੇ ਅੱਖਾਂ ਖਿਚੀਆਂ ਗਈਆਂ। ਭੌਰ ਭੌਰਾ ਹੋ ਕੇ ਇਕ ਦੂਸਰੀ ਵਲ ਦੇਖਦਾ ਹੋਇਆ ਅਗੇ ਪਿਛੇ ਤੁਰਿਆ ਫਿਰਦਾ ਰਿਹਾ। ਬਜਾਰ ਦੇਖ ਕੇ ਘਰ ਗਿਆ। ਘਰ ਜਾ ਕੇ ਨਾ ਗ੍ਰੰਥ ਪੜ੍ਹਨ ਨੂੰ ਚਿਤ ਕੀਤਾ ਨਾ ਭੋਜਨ ਛਕਣ ਨੂੰ। ਉਸ ਦੀਆਂ ਅੱਖਾਂ ਅਗੇ ਉਨ੍ਹਾਂ ਬਜਾਰੀ ਵੇਸਵਾਵਾਂ ਦੇ ਹੀ ਚਿਹਰੇ ਸਨ। ਸਵੇਰੇ ਉਠਿਆ, ਸ਼ਹਿਰੋਂ ਬਾਹਰ ਜਾਣ ਦੀ ਥਾਂ ਸ਼ਹਿਰ ਵਿਚਲੇ ਰਸਤੇ ਗਿਆ। ਗੁਰੂ ਜੀ ਦੀ ਆਗਿਆ ਦੀ ਉਲੰਘਣਾ ਕਰਦਿਆਂ ਹੋਇਆਂ ਉਸ ਦਾ ਹਿਰਦਾ ਨਾ ਕੰਬਿਆ। ਜਦੋਂ ਗੁਰੂ ਜੀ ਨੇ ਪੁਛਿਆ— 'ਕਿਸ ਰਾਹ ਆਇਆ ਹੈਂ ?' ਤਾਂ ਝੂਠ ਬੋਲ ਕੇ ਉੱਤਰ ਦਿਤਾ, 'ਸ਼ਹਿਰੋਂ ਬਾਹਰ ਗੁਰਦੇਵ !'

ਦਸ ਬਾਰਾਂ ਦਿਨ ਹੇਠ ਉਤੇ ਜਾਣ ਤੇ ਇਸਤਰੀਆਂ ਤਾੜ ਗਈਆਂ ਕਿ ਇਹ ਕੋਈ ਸ਼ਿਕਾਰ ਹੈ। ਇਸ ਨੂੰ ਖਾ ਜਾਵੇ। ਇਕ ਕਾਮ ਕੰਦਲਾ ਨੇ ਅਗੇ ਹੋ ਕੇ ਅਜਾਮਲ ਨੂੰ ਹੱਥ ਪਾ ਲਿਆ। ਉਸ ਨੂੰ ਆਪਣੀ ਸੇਜ ਉਤੇ ਲੈ ਗਈ। ਭੋਗ ਤੇ ਪਾਪ ਦੇ ਮਾਰਗ ਵਲ ਤੋਰ ਦਿਤਾ। ਜਿਸ ਤਰ੍ਹਾਂ ਤੇਲੀ ਦਾ ਬੈਲ ਖੋਪੇ ਦਿਤਿਆਂ ਕੋਹਲੂ ਚੌਗਿਰਦੇ ਆਪੇ ਘੁੰਮਦਾ ਰਹਿੰਦਾ ਹੈ ਤਿਵੇਂ ਵਿਖਾਵੇ ਦੇ ਪਿਆਰ ਅਤੇ ਮੰਦ ਵਾਸ਼ਨਾ ਦੇ ਖੋਪੇ ਲਾ ਕੇ ਵੇਸਵਾ ਨੇ ਉਸ ਨੂੰ ਪਾਪਾਂ ਦਾ ਭਾਰ ਚੁਕਾ ਕੇ ਕਾਮ ਦੇ ਉਦਾਲੇ ਘੁੰਮਣ ਵਾਸਤੇ ਤਿਆਰ ਕਰ ਲਿਆ। ਘਰ ਜਾਂਦਾ ਤੇ ਘਰੋਂ ਆਉਂਦਾ ਹੋਇਆ ਅਜਾਮਲ ਜਰੂਰ ਉਸ ਬਜਾਰ ਵਿਚ ਜਾਂਦਾ। ਗੁਰੂ ਕੋਲ ਝੂਠ ਬੋਲਣ ਲਗਾ। ਵੇਸਵਾ ਦੀ ਜੂਠ ਖਾਣ ਲਗਾ। ਜੂਠ ਤੇ ਝੂਠ ਆਖਦੇ ਨੇ ਬੁਧੀ ਨੂੰ ਭ੍ਰਿਸ਼ਟ ਕਰ ਦਿੰਦੇ ਹਨ। ਜੇ ਇਨ੍ਹਾਂ ਦੋਨਾਂ ਮਹਾਨ ਰੋਗਾਂ ਦੇ ਨਾਲ ਤੀਸਰਾ ਰੋਗ ਇਸਤਰੀ ਭੋਗ ਹੋਵੇ ਤਾਂ ਸਮਝੋ ਬੁਧੀ ਉਕੀ ਹੀ ਨਹੀਂ ਰਹਿੰਦੀ। ਉਸ ਦਾ ਖ਼ਾਤਮਾ ਹੀ ਹੋ ਜਾਂਦਾ ਹੈ। ਅਜਾਮਲ ਦੀ ਬੁਧੀ ਵਿਚ ਉਹ ਬਲ ਨਾ ਰਿਹਾ ਜਿਹੜਾ ਪਹਿਲਾਂ ਸੀ, ਉਹ ਪੜ੍ਹਨ ਤੋਂ ਕੰਨੀ ਕਤਰਾਉਣ ਲੱਗਾ। ਟਾਲ ਮਟੋਲ ਕਰ ਕੇ ਗੁਰੂ ਨੂੰ ਛਲਣ ਦਾ ਯਤਨ ਕਰਦਾ। ਆਖ਼ਰ ਗੁਰੂ ਜੀ ਅਨੁਭਵ ਕਰ ਗਏ ਕਿ ਅਜਾਮਲ ਓਹ ਕੁਝ ਨਹੀਂ ਰਿਹਾ ਜੋ ਕੁਝ ਪਹਿਲਾਂ ਸੀ। ਉਸ ਨੂੰ ਵਿਦਿਆ ਪੜ੍ਹਾਉਣ ਤੋਂ ਜਵਾਬ ਦੇ ਦਿਤਾ ਤੇ ਨਾਲ ਹੀ ਉਸ ਦੇ ਪਿਤਾ ਨੂੰ ਆਖ ਦਿਤਾ ਕਿ ਅਜਾਮਲ ਦਾ ਵਿਆਹ ਕਰ ਦੇਹ।

ਅਜਾਮਲ ਦਾ ਪਿਤਾ ਰਾਜ ਪੰਡਤ ਸੀ। ਅਜਾਮਲ ਵਾਸਤੇ ਕਿਸੇ ਕੰਨਿਆਂ

ਦਾ ਰਿਸ਼ਤਾ ਲਭਣਾ ਔਖਾ ਨਹੀਂ ਸੀ । ਨਾਂ ਲੈਣ ਦੀ ਢਿੱਲ ਹੀ ਹੋਈ ਕਿ ਓਸੇ ਸ਼ਹਿਰ ਦੇ ਇਕ ਪੰਡਤ ਨੇ ਆਪਣੀ ਸੁੰਦਰ ਸੁਸ਼ੀਲ ਗੁਣਵੰਤੀ ਮੁਟਿਆਰ ਲੜਕੀ ਦਾ ਰਿਸ਼ਤਾ ਦੇ ਦਿਤਾ, ਵਿਆਹ ਹੋ ਗਿਆ । ਅਜਾਮਲ ਵਹੁਟੀ ਘਰ ਲੈ ਆਇਆ, ਮੁਟਿਆਰ ਸੁੰਦਰ ਤੇ ਗੁਣਵੰਤੀ ਇਸਤਰੀ ਵਿਚ ਵੀ ਉਸ ਦਾ ਪਾਪੀ ਮਨ ਨਾ ਭਿੱਜਾ । ਉਹ ਵੇਸਵਾ ਦੇ ਜਰੂਰ ਜਾਂਦਾ । ਉਸ ਦੇਵੀ ਨੂੰ ਪਤਾ ਲਗ ਗਿਆ ਕਿ ਉਸ ਦਾ ਪਤੀ ਵੇਸਵਾ ਦੇ ਦਰ ਉਤੇ ਜਾਂਦਾ ਹੈ । ਉਸ ਨੇ ਕਈ ਯਤਨ ਕੀਤੇ ਕਿ ਉਸ ਦਾ ਪਤੀ ਵੇਸਵਾ ਦੇ ਦਰ ਤੇ ਨਾ ਜਾਵੇ। ਵੇਸਵਾ ਕੋਲ ਜਾ ਕੇ ਜੀਵਨ ਬਰਬਾਦ ਕਰੇਗਾ, ਪਰ ਅਜਾਮਲ ਨਾ ਟਲਿਆ।

ਦੇਵਨਤ ਨਾਲ ਅਜਾਮਲ ਦਾ ਪਿਤਾ ਪ੍ਰਲੋਕ ਸਿਧਾਰ ਗਿਆ । ਰਾਜੇ ਨੇ ਅਜਾਮਲ ਨੂੰ ਰਾਜ ਪੰਡਤ ਬਣਾ ਲਿਆ ਤੇ ਉਸ ਕੋਲੋਂ ਗ੍ਰੰਥ ਦੀ ਕਥਾ ਸੁਣਣ ਲੱਗਾ । ਅਜਾਮਲ ਰਾਜ ਪੰਡਤ ਬਣਨ ਤੇ ਵੀ ਵੇਸਵਾ ਦੇ ਦਰ ਤੇ ਜਾਣੋਂ ਨਾ ਹਟਿਆ । ਹੁਣ ਆਜ਼ਾਦ ਸੀ । ਧਨ ਦੀ ਕਮੀ ਨਹੀਂ ਸੀ ਇਸ ਵਾਸਤੇ ਕਲਾਵੰਤੀ ਨਾਮ ਦੀ ਵੇਸਵਾ ਨੂੰ ਬਚਨ ਦੇ ਦਿਤਾ ਕਿ ਉਹ ਉਸ ਦਾ ਪਤੀ ਬਣ ਕੇ ਰਹੇਗਾ। ਕਿਸੇ ਕੀਮਤ ਤੇ ਵੀ ਉਹ ਕਲਾਵੰਤੀ ਨੂੰ ਨਹੀਂ ਛਡੇਗਾ ।

ਸਿਆਣੇ ਆਖਦੇ ਹਨ ਇਸ਼ਕ ਤੇ ਮੁਸ਼ਕ ਛੁਪਾਇਆਂ ਛਿਪਦੇ ਨਹੀਂ ਉਹ ਪ੍ਰਗਟ ਹੋ ਜਾਂਦੇ ਹਨ । ਸਾਰੇ ਸ਼ਹਿਰ ਵਿਚ ਤਾਂ ਅਗੇ ਹੀ ਚਰਚਾ ਸੀ ਕਿ ਅਜਾਮਲ ਵੇਸਵਾ ਗਾਮੀ ਹੈ। ਰਾਜੇ ਨੂੰ ਇਸ ਦੇ ਪਾਪ ਦਾ ਪਤਾ ਲੱਗ ਗਿਆ । ਰਾਜੇ ਨੇ ਇਕ ਦਿਨ ਦਰਬਾਰ ਵਿਚ ਉਸ ਨੂੰ ਪੁਛਿਆ—'ਰਾਜ ਪੰਡਤ ! ਕੀ ਇਹ ਠੀਕ ਹੈ ਕਿ ਆਪ ਕਲਾਵੰਤੀ ਦੇ ਕੋਲ ਜਾਂਦੇ ਜੇ ? ਉਸ ਨਾਲ ਮੰਦ ਕਰਮ ਕਰਦੇ ਜੇ ?'

ਅਜਾਮਲ—(ਨਿਰਲੱਜਤਾ ਨਾਲ) 'ਹਾਂ ਮਹਾਰਾਜ, ਜੋ ਕੁਝ ਤੁਸੀਂ ਸੁਣਿਆ ਹੈ ਇਹ ਸਭ ਕੁਝ ਠੀਕ ਹੈ ?'

ਰਾਜਾ—'ਇਕ ਰਾਜ ਪੰਡਤ ਵਾਸਤੇ ਵੇਸਵਾ ਦੇ ਘਰ ਜਾਣਾ ਅਯੋਗ ਹੈ। ਕਿਉਂਕਿ ਰਾਜ ਪੰਡਤ ਰਾਜ ਦੇ ਧਰਮ ਤੇ ਸਮਾਜ ਦਾ ਮੁਖੀ ਹੁੰਦਾ ਹੈ । ਜੇ ਮੁਖੀ ਪਾਪ ਕਰੇ ਤਾਂ ਆਮ ਲੋਕ ਤਾਂ ਪਾਪ ਦੇ ਅੰਨ੍ਹੇ ਖੂਹ ਵਿਚ ਡਿੱਗ ਕੇ ਮਰ ਹੀ ਜਾਂਦੇ ਹਨ । ਵੇਸਵਾ ਗਮਨ ਮਹਾਂ ਪਾਪ ਹੈ।'

ਅਜਾਮਲ—'ਮਹਾਰਾਜ, ਕਲਾਵੰਤੀ ਕਦੀ ਵੇਸਵਾ ਸੀ । ਹੁਣ ਉਹ ਮੈਥੋਂ

ਬਿਨਾਂ ਕਿਸੇ ਪਰਾਏ ਪੁਰਖ ਦੇ ਨੇੜੇ ਨਹੀਂ ਜਾਂਦੀ। ਉਹ ਮੇਰੀ ਇਸਤਰੀ ਬਣ ਕੇ ਰਹਿ ਰਹੀ ਹੈ।'

ਰਾਜਾ—'ਵੇਸਵਾ ਇਕ ਮਰਦ ਆਸਰੇ ਰਹੇ ਇਹ ਅਸੰਭਵ ਹੈ। ਜੇ ਉਹ ਹੈ ਵੀ ਤਾਂ ਉਸ ਨਾਲ ਵਿਆਹ ਕਰ ਕੇ ਘਰ ਲੈ ਆ।'

ਅਜਾਮਲ—'ਵਿਆਹ ਕਰ ਕੇ ਘਰ ਲੈ ਆਵਾਂ ਤਾਂ ਭਾਈਚਾਰਾ ਛੇਕ ਦੇਵੇਗਾ। ਉਹ ਜਿਥੇ ਹੈ ਉਥੇ ਹੀ ਰਹੇ ਤਾਂ ਚੰਗਾ ਹੈ।'

ਰਾਜਾ—(ਕ੍ਰੋਧ ਨਾਲ) 'ਦੇਖੋ ਰਾਜ ਪੰਡਤ! ਸਿੱਧੀ ਬਾਤ ਹੈ ਜਾਂ ਵੇਸਵਾ ਦਾ ਤਿਆਗ ਕਰੋ ਜਾਂ ਰਾਜ ਦਰਬਾਰ ਦਾ। ਵੇਸਵਾ ਗਾਮੀ ਮਹਾਂ ਪਾਪੀ ਹੁੰਦਾ ਹੈ, ਮਹਾਂ ਪਾਪੀ ਪੁਰਸ਼ ਰਾਜ ਪੰਡਤ ਬਨਣ ਦਾ ਅਧਿਕਾਰੀ ਨਹੀਂ ਹੋ ਸਕਦਾ। ਮੈਂ ਹੁਣ ਪੁਛਦਾ ਹਾਂ ਕਿ ਵੇਸਵਾ ਕਲਾਵੰਤੀ ਛਡੋਗੇ ਕਿ ਨਹੀਂ?'

ਅਜਾਮਲ—(ਸੋਚ ਕੇ) 'ਮਹਾਰਾਜ ਖਿਮਾਂ ਕਰਨਾ! ਮੈਂ ਕਲ੍ਹ ਦਰਬਾਰ ਵਿਚ ਨਹੀਂ ਆਵਾਂਗਾ।'

ਰਾਜਾ—(ਹੈਰਾਨ ਹੋ ਕੇ) 'ਇਸ ਦਾ ਮਤਲਬ ਇਹ ਹੋਇਆ ਕਿ ਤੁਸੀਂ ਵੇਸਵਾ ਕਲਾਵੰਤੀ ਨੂੰ ਨਹੀਂ ਛਡ ਸਕਦੇ।'

ਅਜਾਮਲ—'ਨਹੀਂ!'

ਰਾਜਾ—'ਪੰਡਤ ਸੋਚ! ਕੀਤੇ ਫ਼ੈਸਲੇ ਉਤੇ ਮੁੜ ਸੋਚ! ਇਹ ਫ਼ੈਸਲਾ ਤੈਨੂੰ ਬਹੁਤ ਮਹਿੰਗਾ ਪਵੇਗਾ।'

ਅਜਾਮਲ—'ਕੁਝ ਵੀ ਹੋਵੇ ਕਲਾਵੰਤੀ ਬਦਲੇ ਮੈਂ ਜਾਨ ਦੇਣ ਨੂੰ ਤਿਆਰ ਹਾਂ।'

ਰਾਜਾ ਬੜਾ ਧਰਮੀ ਬੰਦਾ ਤੇ ਉਚੇ ਤੇ ਸੁਚੇ ਇਖ਼ਲਾਕ ਵਾਲਾ ਸੀ। ਉਸਨੇ ਜਦੋਂ ਅਜਾਮਲ ਦੀ ਜਿਦ ਦੇਖੀ ਤਾਂ ਕ੍ਰੋਧਵਾਨ ਹੋ ਕੇ ਬੋਲਿਆ, 'ਅਜਾਮਲ ਅੱਜ ਤੋਂ ਤੂੰ ਰਾਜ ਪੰਡਤ ਦੀ ਪਦਵੀ ਤੋਂ ਉਤਾਰਿਆ ਗਿਆ ਹੈਂ, ਤੇਰੀ ਸਾਰੀ ਜਾਇਦਾਦ ਜ਼ਬਤ ਕਰਕੇ ਤੇਰੀ ਵਿਆਹੁਤਾ ਇਸਤਰੀ ਨੂੰ ਦਿਤੀ ਜਾਂਦੀ ਹੈ। ਤੈਨੂੰ ਤੇ ਤੇਰੀ ਵੇਸਵਾ ਨੂੰ ਸ਼ਹਿਰੋਂ ਦੇਸ਼ ਨਿਕਾਲਾ। ਸ਼ਹਿਰ ਦੀ ਲਾਲ ਲਕੀਰ ਦੇ ਅੰਦਰ ਨਹੀਂ ਰਹਿ ਸਕਦੇ। ਜਾਓ ਦਰਬਾਰ ਵਿਚੋਂ ਨਿਕਲ ਜਾਓ।'

ਰਾਜੇ ਦਾ ਇਹ ਹੁਕਮ ਸੁਣ ਕੇ ਰਾਜੇ ਦੇ ਦੂਤਾਂ ਨੇ ਅਜਾਮਲ ਨੂੰ ਧਕੇ ਮਾਰ ਦੇ ਨਿਰਾਦਰੀ ਕਰਕੇ ਦਰਬਾਰ ਵਿਚੋਂ ਕੱਢ ਦਿਤਾ।

# ਦੂਸਰਾ ਜੀਵਨ ਚਿੜੀ ਮਾਰ

ਕਰਮਾਂ ਦੀ ਗਤੀ ਨਿਆਰੀ ਹੈ । ਰਾਜ ਦਰਬਾਰ ਦਾ ਮੁਖੀ ਪੰਡਤ ਸ਼ਹਿਰੋਂ ਬਾਹਰ ਕੱਢ ਦਿੱਤਾ ਗਿਆ । ਕਲਾਵੰਤੀ ਵੇਸਵਾ ਨੂੰ ਵੀ ਹੁਕਮ ਹੋਇਆ ਕਿ ਸ਼ਹਿਰੋਂ ਬਾਹਰ ਹੋ ਜਾਵੇ । ਕਲਾਵੰਤੀ ਤੇ ਅਜਾਮਲ ਵੇਸਵਾ ਦਾ ਸਾਮਾਨ ਚੁਕ ਕੇ ਸ਼ਹਿਰੋਂ ਬਾਹਰ ਚਲੇ ਗਏ । ਅਜਾਮਲ ਦਾ ਦਿਤਾ ਹੋਇਆ ਥੋੜਾ ਜਿਹਾ ਧਨ ਕਲਾਵੰਤੀ ਕੋਲ ਸੀ । ਕਲਾਵੰਤੀ ਜਬਾਨ ਦੀ ਪਟੀ ਹੋਈ ਸੀ । ਜੇ ਖਾਣ ਹੰਡਾਉਣ ਰਾਹੀਂ ਨਾ ਧਨ ਗਵਾਉਂਦੀ ਤਾਂ ਜਿੰਨਾ ਧਨ ਉਸ ਨੂੰ ਅਜਾਮਲ ਨੇ ਦਿੱਤਾ ਸੀ, ਉਨ੍ਹਾਂ ਕੋਲੋਂ ਤਿੰਨ ਪੀੜ੍ਹੀਆਂ ਨਹੀਂ ਸੀ ਮੁਕਦਾ ਪਰ ਸਿਆਣੇ ਆਖਦੇ ਹਨ ਪਾਪ ਦੀ ਖੱਟੀ ਬਹੁਤਾ ਚਿਰ ਨਹੀਂ ਰਹਿੰਦੀ । ਜਿਵੇਂ ਆਉਂਦੀ ਹੈ ਤਿਵੇਂ ਹੀ ਚਲੀ ਜਾਂਦੀ ਹੈ ।

ਸ਼ਹਿਰੋਂ ਬਾਹਰ ਦੌਲਤ ਤੇ ਗ਼ਰੀਬ ਜਾਤੀਆਂ ਦੀਆਂ ਛੰਨਾਂ ਕੋਲ ਅਜਾਮਲ ਨੇ ਕੱਖਾਂ ਦੀਆਂ ਦੋ ਕੁਲੀਆਂ ਪਾ ਲਈਆਂ । ਅਗੇ ਛੋਟਾ ਜਿਹਾ ਵਿਹੜਾ ਵਲ ਦੇ ਦੋਵੇਂ ਰਹਿਣ ਲਗੇ । ਭੋਗ ਦੀ ਖ਼ਾਤਰ ਉਜੜੇ ਸਨ । ਇਕੱਲੇ ਰਹਿਣ ਨਾਲ ਲਿੰਗ ਵਾਸ਼ਨਾ ਬਹੁਤ ਵਧ ਗਈ ਸੀ । ਰਾਤ ਦਿਨੇ ਮੰਦ ਕਰਮ ਹੀ ਕਰਦੇ ਰਹਿੰਦੇ ਜਿਸ ਦਾ ਇਹ ਫਲ ਹੋਇਆ ਕਿ ਜੋ ਧਨ ਪੱਲੇ ਸੀ, ਉਹ ਤਾਂ ਖਾ ਲਿਆ, ਇੱਕੜ ਦੁਕੜ ਚਾਰ ਬਾਲ ਹੋ ਗਏ, ਪਾਪਾਂ ਦੇ ਕਾਰਨ ਦੋਹਾਂ ਦੇ ਸਰੀਰ ਰੋਗੀ ਹੋ ਗਏ । ਬਦਨਾਮੀ ਅਗੇ ਬਹੁਤ ਸੀ, ਤੰਗੀ ਆ ਬਣੀ। ਪੇਟ ਦਾ ਸੰਸਾ ਲਗਾ । ਵਿਦਿਆ ਪੜ੍ਹੀ ਤੇ ਕਥਾ ਕੀਤੀ ਸੀ । ਹੱਥੀਂ ਮਿਹਨਤ ਵਾਲਾ ਕੰਮ ਕੋਈ ਨਹੀਂ ਸੀ ਕੀਤਾ ਇਸ ਵਾਸਤੇ ਕਰੇ ਤਾਂ ਕੀ ਕਰੇ ? ਉਦਾਲੇ ਲੀੜਾ ਵੀ ਕੋਈ ਨਹੀਂ ਸੀ । ਗ਼ਰੀਬਾਂ ਵਾਂਗ ਧੋਤੀ ਦਾ ਪੁਰਾਣਾ ਪਟਕਾ ਤੇੜ ਵਲੀ ਫਿਰਦਾ। ਸ਼ਹਿਰ ਵਿਚ ਉਸ ਨੂੰ ਵੜਨ ਦੀ ਉਕੀ ਆਗਿਆ ਨਹੀਂ ਸੀ । ਜਦੋਂ ਭੁੱਖ ਨਾਲ ਬਹੁਤ ਹੀ ਲਾਚਾਰ ਹੋਣ ਲਗੇ, ਬੱਚੇ ਰੋ ਰੋ ਕੇ ਖਾਣ ਨੂੰ ਮੰਗਣ ਲਗੇ ਤਾਂ ਚਿੜੀ ਮਾਰਾਂ ਦਾ ਰੂਪ ਧਾਰ ਲਿਆ । ਜਾਲ ਤੇ ਫਾਹੀ ਚੁਕ ਕੇ ਜੰਗਲ ਨੂੰ ਜਾਂਦਾ । ਚਿੜੀਆਂ ਕਬੂਤਰ ਜੋ ਮਿਲਦੇ ਉਨ੍ਹਾਂ ਨੂੰ ਫੜ ਕੇ ਲੈ ਆਉਂਦਾ। ਉਨ੍ਹਾਂ ਪੰਛੀਆਂ ਨੂੰ ਕਦੀ ਲੂਣ ਲਾਂ ਕੇ ਤੇ ਕਦੀ ਅਲੂਣੇ ਹੀ ਭੁੰਨ ਕੇ ਖਾ ਜਾਂਦੇ। ਇਸ ਤਰ੍ਹਾਂ ਜੀਵ ਹੱਤਿਆ ਕਰ ਕੇ ਝਟ ਲੰਘਾਉਂਦਿਆਂ ਨੂੰ ਕੁਝ ਸਮਾਂ ਬੀਤ

ਗਿਆ । ਕਲਾਵੰਤੀ ਦੀ ਕੁਖੋਂ ਇਕ ਹੋਰ ਬਾਲਕ ਜੰਮ ਪਿਆ । ਭਗਵਾਨ ਖ਼ਬਰੇ ਉਨ੍ਹਾਂ ਨੂੰ ਤੰਗ ਕਰ ਕੇ ਸਿਖਿਆ ਦੇਣਾ ਚਾਹੁੰਦਾ ਸੀ । ਇਕ ਖਾਣ ਨੂੰ ਕੋਲ ਨਾ ਦੂਸਰਾ ਬਾਲਾਂ ਦਾ ਬਹੁਤ ਹੋਣਾ ਅਜਾਮਲ ਵਾਸਤੇ ਮੁਸੀਬਤ ਦਾ ਇਕੱਠ ਸੀ । ਇਹ ਲੋਕ ਉਸ ਨੂੰ ਪਾਪੀ ਅਜਾਮਲ, ਪਾਪੀ ਅਜਾਮਲ, ਆਖਕੇ ਭੰਡਦੇ ਤੇ ਛੇੜਦੇ ਹਨ । ਉਹ ਅਨਪੜ੍ਹ ਤੇ ਮੂਰਖ ਪੁਰਸ਼ ਦੀ ਤਰ੍ਹਾਂ ਨੀਮ ਪਾਗਲ ਜਿਹਾ ਹੋ ਗਿਆ ਸੀ । ਖਿਝ ਖਿਝ ਕੇ ਲੋਕਾਂ ਤੇ ਬਾਲਾਂ ਦੇ ਗਲ ਪੈਂਦਾ । ਦੇਹੀ ਫਟ ਗਈ । ਲੱਤਾਂ ਬਾਹਾਂ ਉਤੇ ਜ਼ਖ਼ਮ ਰਹਿੰਦੇ । ਸਾਰੇ ਉਸ ਨਾਲ ਘ੍ਰਿਣਾ ਕਰਦੇ ਸਨ । ਕਲਾਵੰਤੀ ਵੀ ਕਈ ਵਾਰ ਮੰਦੇ ਬੋਲ ਬੋਲਣ ਲੱਗ ਪੈਂਦੀ ਸੀ । ਪਿਆਰ ਦੁਸ਼ਮਣ ਬਣ ਚੁਕਾ ਸੀ । ਭਗਵਾਨ ਦੀ ਲੀਲ੍ਹਾ ਨਿਆਰੀ ਹੈ । ਉਹ ਕਈ ਵਾਰ ਅਸਚਰਜ ਗੱਲਾਂ ਕਰ ਦੇਂਦਾ ਹੈ। ਪਾਪੀਆਂ ਤੇ ਕੋਹੜੀਆਂ ਦੇ ਉਧਾਰ ਵਾਸਤੇ ਕਿਸੇ ਨ ਕਿਸੇ ਨੇਕ ਪੁਰਖ ਨੂੰ ਉਨ੍ਹਾਂ ਵਲ ਘਲ ਦੇਂਦਾ ਹੈ । ਇਕ ਦਿਨ ਅਜਾਮਲ ਸ਼ਿਕਾਰ ਖੇਡਣ ਗਿਆ ਸੀ ਸ਼ਾਮ ਨੂੰ ਦਸ ਚਿੜੀਆਂ ਤੇ ਚਾਰ ਕੁ ਬਟੇਰੇ ਅਤੇ ਦੋ ਭਾਰੇ ਪੰਛੀ ਹੋਰ ਮਾਰ ਕੇ ਲਿਆਇਆ ਤੇ ਚੋਖੇ ਹਨੇਰੇ ਘਰ ਆਇਆ । ਜਦੋਂ ਘਰ ਪੁਜਾ ਤਾਂ ਸ਼ਿਕਾਰ ਅੰਦਰ ਸੁਟ ਕੇ ਕਲਾਵੰਤੀ ਨੂੰ ਆਖਣ ਲਗਾ ਕਿ—'ਇਸ ਨੂੰ ਭੁੰਨ।' ਕਲਾਵੰਤੀ ਨੇ ਕਿਹਾ, 'ਅੱਜ ਦੋ ਸਾਧੂ ਸਾਡੇ ਘਰ ਪ੍ਰਾਹੁਣੇ ਆਏ ਹਨ, ਉਹ ਵੈਸ਼ਨੋ ਸੰਨਿਆਸੀ ਹਨ ਜੇ ਮਾਸ ਭੁੰਨਿਆਂ ਤਾਂ ਉਹ ਘਰੋਂ ਤੁਰ ਜਾਣਗੇ। ਸਾਧੂਆਂ ਨੂੰ ਨਰਾਜ਼ ਨਹੀਂ ਕਰਨਾ ਚਾਹੀਦਾ । ਇਹ ਰੱਬ ਰੂਪ ਹਨ । ਅਗੇ ਕੀ ਪਤਾ ਕਿਹੜੇ ਪਾਪਾਂ ਦਾ ਫਲ ਭੋਗ ਰਹੇ ਹਾਂ । ਇਸ ਵਾਸਤੇ ਅੱਜ ਪੰਛੀ ਨਾ ਭੁੰਨੀਏ। ਛੋਲਿਆਂ ਦੇ ਦਾਣੇ ਹਨ, ਉਹ ਮੈਂ ਭੁੰਨਦੀ ਹਾਂ ਉਨ੍ਹਾਂ ਨੂੰ ਨਾਲੇ ਆਪ ਚੱਬ ਲਵਾਂਗੇ ਨਾਲੇ ਸਾਧੂਆਂ ਨੂੰ ਚਬਾ ਦੇਵਾਂਗੇ।' ਜਿਵੇਂ ਇਸਤਰੀ ਨੇ ਕਿਹਾ ਤਿਵੇਂ ਅਜਾਮਲ ਨੇ ਮੰਨ ਲਿਆ । ਕਲਾਵੰਤੀ ਨੇ ਛੋਲੇ ਭੁੰਨੇ, ਜਦੋਂ ਪੂਰੇ ਭੁਜ ਗਏ ਤਾਂ ਅਜਾਮਲ ਝੋਲੀ ਵਿਚ ਪਾ ਕੇ ਨਾਲ ਦੀ ਛੰਨ 'ਚ ਬੈਠੇ ਸਾਧੂਆਂ ਕੋਲ ਚਲਿਆ ਗਿਆ, ਛੋਲੇ ਉਨ੍ਹਾਂ ਅਗੇ ਰੱਖ ਕੇ ਪ੍ਰਾਰਥਨਾ ਕਰਨ ਲਗਾ, 'ਮਹਾਂ ਪੁਰਖੋ ! ਇਹ ਕੁਛ ਹੀ ਮੇਥੋਂ ਸਰਦਾ ਹੈ, ਮੈਂ ਮਹਾਂ ਕੰਗਾਲ ਮਹਾਂ ਪਾਪੀ ਤੇ ਮਹਾਂ ਮੂਰਖ ਹਾਂ, ਸਾਰਾ ਜੀਵਨ ਮੰਦ ਕਰਮਾਂ ਵਿਚ ਬਤੀਤ ਕਰ ਲਿਆ, ਹੁਣ ਪਿਛਲੀ ਉਮਰ ਹੈ, ਮੌਤ ਨੇੜੇ ਆਈ ਜਾਪਦੀ ਹੈ । ਗ਼ਰੀਬੀ ਪਿੱਛਾ ਨਹੀਂ ਛੱਡਦੀ । ਬਦਨਾਮੀ ਤੇ ਲੋਕ ਨਿੰਦਾ ਲਹੂ ਪੀਂਦੀ ਜਾਂਦੀ ਹੈ । ਮੈਂ

ਅਤਿਅੰਤ ਦੁਖੀ ਹਾਂ। ਮੇਰੇ ਦੁਖ ਨਵਿਰਤ ਕਰੋ, ਨਾਲੇ ਇਹ ਦਸੋ ਦਰਗਾਹੇ ਮੇਰਾ ਕੀ ਬਣੇਗਾ। ਨਰਕਾਂ ਦੀ ਭਿਆਨਕ ਜਵਾਲਾ ਕੋਲੋਂ ਡਰ ਲੱਗਦਾ ਹੈ। ਭਗਵਾਨ ਦਾ ਰੂਪ ਸਾਧੂ ਜੇ, ਆਪ ਕਿਰਪਾ ਕਰੋ! ਦਇਆ ਕਰੋ!'

ਭਗਵਾਨ ਪਿਆਰੇ ਸਾਧੂਆਂ ਨੂੰ ਅਜਾਮਲ ਉਤੇ ਤਰਸ ਆ ਗਿਆ। ਉਨ੍ਹਾਂ ਵਿਚੋਂ ਇਕ ਨੇ ਬਚਨ ਕੀਤਾ, 'ਤੇਰੇ ਦਿਨ ਭਲੇ ਆਉਣਗੇ। ਹੁਣ ਜਿਹੜਾ ਬੱਚਾ ਤੇਰੇ ਘਰ ਹੋਵੇਗਾ ਉਸ ਦਾ ਨਾਮ ਨਰਾਇਣ ਰਖੀਂ। ਬਸ ਉਹ ਪੁੱਤਰ ਤੇਰੇ ਦੁਖੜੇ ਦੂਰ ਕਰ ਦੇਵੇਗਾ।'

ਸਾਧੂ ਚਲੇ ਗਏ। ਉਸ ਦਿਨ ਤੋਂ ਹੀ ਉਹਨਾਂ ਦੀ ਮਾਲੀ ਤੰਗੀ ਦੂਰ ਹੋ ਗਈ। ਜਿੰਨਾ ਸ਼ਿਕਾਰ ਲਿਆਉਂਦਾ ਸੀ ਵਿਕ ਜਾਂਦਾ, ਕੁਝ ਖਾਣ ਲਈ ਬਚਾ ਲੈਂਦੇ। ਕਲਾਵੰਤੀ ਦੇ ਛੇਵਾਂ ਪੁੱਤਰ ਹੋਇਆ ਉਹ ਬਾਲਕ ਸੁੰਦਰ ਸੀ। ਸੰਤਾਂ ਦੇ ਹੁਕਮ ਅਨੁਸਾਰ ਉਸ ਦਾ ਨਾਮ ਨਰਾਇਣ ਰਖਿਆ। ਉਸ ਬੱਚੇ ਨਾਲ ਅਜਾਮਲ ਬਹੁਤ ਪਿਆਰ ਕਰਦਾ ਸੀ। ਉਸ ਨੂੰ ਕੁਛੜ ਚੁਕੀ ਫਿਰਦਾ ਅਤੇ 'ਨਰਾਇਣ ਨਰਾਇਣ' ਆਖ ਕੇ ਉਸ ਨੂੰ ਬੁਲਾਉਂਦਾ ਰਹਿੰਦਾ।

ਜਿੰਨੀ ਆਯੂ ਧੁਰੋਂ ਲਿਖਵਾਈ ਸੀ ਓਨੀ ਭੋਗ ਲਈ ਅਜਾਮਲ ਬੀਮਾਰ ਪੈ ਗਿਆ। ਬੀਮਾਰੀ ਵਿਚ ਨਰਾਇਣ ਪੁੱਤਰ ਨੂੰ ਹੀ ਕੋਲ ਸੱਦਣ ਤੇ ਆਵਾਜ਼ਾਂ ਦੇਂਦਾ ਰਹਿੰਦਾ। ਮਿਥੇ ਵਕਤ ਉਤੇ ਧਰਮ ਰਾਜ ਨੇ ਦੂਤ ਭੇਜੇ, ਜਮ ਆਏ ਉਨ੍ਹਾਂ ਦੀਆਂ ਡਰਾਉਣੀਆਂ ਸ਼ਕਲਾਂ ਦੇਖ ਦੇਖ ਕੇ ਅਜਾਮਲ ਡਰਨ ਲੱਗਾ, ਜਦੋਂ ਗੁਰਜਾਂ ਨੂੰ ਪਕੜਕੇ ਜਮਦੂਤ ਨੇੜੇ ਹੋਏ ਤਾਂ ਅਜਾਮਲ ਦੀਆਂ ਚੀਕਾਂ ਨਿਕਲ ਗਈਆਂ। ਕਾਹਲ ਵਿਚ ਉਹ 'ਪੁਤਰ' ਸ਼ਬਦ ਤਾਂ ਭੁਲ ਗਿਆ ਨਿਰਾ 'ਨਰਾਇਣ ਮੈਨੂੰ ਬਚਾ! ਹੇ ਨਰਾਇਣ ਮੈਨੂੰ ਜਮਾਂ ਕੋਲੋਂ ਬਚਾ! ਛੇਤੀ ਬਚਾ! ਨਰਾਇਣ ਮੈਨੂੰ ਲੈ ਚਲੇ ਈ! ਬਚਾ!

'ਹੇ ਨਰਾਇਣ ਆ!' ਇਹ ਆਖਦਿਆਂ ਹੋਇਆਂ ਉਸ ਦੇ ਦਮ ਟੁਟ ਗਏ। ਲੋਕ ਬੋਲੀ ਵਿਚ ਉਹ ਮਰ ਗਿਆ। ਜਦੋਂ ਆਤਮਾ ਧੜ ਨਾਲੋਂ ਵੱਖਰੀ ਹੋਈ ਤਾਂ ਉਸ ਵੇਲੇ ਦੇਵਗਣ ਛੇਤੀ ਨਾਲ ਬਿਬਾਨ ਲੈ ਕੇ ਪੁਜੇ। ਜਮਦੂਤ ਪਿਛੇ ਹੋ ਗਏ। ਨਰਕਾਂ ਨੂੰ ਜਾਂਦਾ ਜਾਂਦਾ ਅਜਾਮਲ ਬਿਬਾਨ ਵਿਚ ਬੈਠ ਕੇ ਬੈਕੁੰਠ ਧਾਮ ਨੂੰ ਤੁਰ ਗਿਆ। ਇਕ ਪਲ ਨਰਾਇਣ ਕਹਿਣ ਦਾ ਉਸ ਨੂੰ ਫਲ ਮਿਲਿਆ। ਗੁਰੂ ਜੀ ਫ਼ੁਰਮਾਉਂਦੇ ਹਨ, ਜਿਹੜਾ ਅੰਤ ਵੇਲੇ ਨਰਾਇਣ ਨੂੰ ਸਿਮਰਦਾ ਹੈ,

ਉਹ ਜੋਗੀਆਂ ਵਾਲੀ ਪਦਵੀ ਪਾਉਂਦਾ ਹੈ, ਉਸ ਗਤੀ ਨੂੰ ਰਿਸ਼ੀ ਮੁਨੀ ਨਹੀਂ ਪੁਜਦੇ ਜਿਸ ਨੂੰ ਉਹ ਪੁਜ ਜਾਂਦਾ ਹੈ।

ਇਸ ਕਥਾ ਦਾ ਮੁਖ ਉਪਦੇਸ਼ ਹੈ ਕਿ ਮਹਾਂ ਪਾਪੀਆਂ ਦੇ ਉਧਾਰ ਵਾਸਤੇ ਸੰਤ ਕੋਈ ਨਾ ਕੋਈ ਰਾਹ ਲਭ ਹੀ ਲੈਂਦੇ ਹਨ। ਇਸ ਕਰਕੇ ਹਰ ਪੁਰਸ਼ ਨੂੰ ਕਿਸੇ ਨਾ ਕਿਸੇ ਸੰਤ, ਮਹਾਂਪੁਰਸ਼ ਦੀ ਸੰਗਤ ਕਰਨੀ ਚਾਹੀਦੀ ਹੈ। ਜੇ ਅਜਾਮਲ ਇਕ ਪਲ ਨਾਮ 'ਨਰਾਇਣ' ਸਿਮਰਨ ਨਾਲ ਬੈਕੁੰਠ ਧਾਮ ਨੂੰ ਗਿਆ ਹੈ ਤਾਂ ਜੋ ਪੁਰਸ਼ ਸਾਰੀ ਆਯੂ ਨਰਾਇਣ ਨੂੰ ਚੇਤੇ ਰਖੇ ਤਾਂ ਜਰੂਰ ਸੁਖ ਪਾਵੇਗਾ।

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥੨॥*

*(ਰਾਮਕਲੀ ਮਹਲਾ ੯)*

# ੯੧. ਪਿੰਗਲਾ ਵੇਸਵਾ

ਧਰਮੀ ਰਾਜਾ ਜਨਕ ਦੀ ਨਗਰੀ ਦੇ ਇਕ ਸਰੋਵਰ ਕਿਨਾਰੇ ਇਕ ਮਹਾਤਮਾ ਉਪਦੇਸ਼ ਕਰ ਰਿਹਾ ਸੀ। ਸ਼ਾਮ ਦਾ ਵੇਲਾ ਤੇ ਬਸੰਤ ਰੁਤ ਦੇ ਦਿਨ ਸਨ। ਜਗਿਆਸੂ ਉਸ ਦੇ ਚੌਗਿਰਦੇ ਬੈਠੇ ਹੋਏ ਗਿਆਨ ਸੁਣ ਰਹੇ ਸਨ। ਸਬੱਬ ਨਾਲ ਵਾਰਤਾ ਚਲ ਰਹੀ ਸੀ ਕਿ ਗ੍ਰਿਹਸਤ ਵਿਚ ਰਹਿੰਦੀ ਹੋਈ ਇਕ ਪਤੀਬ੍ਰਤਾ ਇਸਤਰੀ ਵੀ ਭਗਤ ਨਿਆਈਂ ਹੈ। ਜਿਵੇਂ ਉਹ ਇਸਤਰੀ ਸੰਸਾਰ ਦੇ ਸਾਰੇ ਸੁਖਾਂ ਤੇ ਮਰਦ ਦਾ ਤਿਆਗ ਕਰ ਕੇ ਆਪਣੇ ਪਤੀ ਪਰਮੇਸ਼ਰ ਦੀ ਸੇਵਾ ਕਰੀ ਜਾਂਦੀ ਹੈ, ਜੋ ਕੁਝ ਪਤੀ ਖਾਣ ਜਾਂ ਪਹਿਨਣ ਵਾਸਤੇ ਦੇਂਦਾ ਹੈ ਉਸੇ ਨੂੰ ਖਾ ਪਹਿਨ ਕੇ ਸ਼ੁਕਰ ਗੁਜ਼ਾਰਦੀ ਹੈ। ਅਮੀਰਾਂ ਦੀਆਂ ਸੂਰਤਾਂ, ਦੌਲਤਾਂ ਤੇ ਖ਼ੁਸ਼ੀਆਂ ਦੇਖ ਕੇ ਮਨ ਨਹੀਂ ਡੁਲੌਂਦੀ ਅਤੇ ਭਗਵਾਨ ਦੇ ਦਰਬਾਰ ਵਿਚ ਪ੍ਰਵਾਨ ਹੁੰਦੀ ਹੈ ਤਿਵੇਂ ਜਗਿਆਸੂ ਜਾਂ ਭਗਤ ਲੋਕ ਦਸਾਂ ਇੰਦ੍ਰੀਆਂ ਨੂੰ ਕਾਬੂ ਰੱਖ ਕੇ ਸੰਜਮ ਵਿਚ ਜੀਵਨ ਬਿਤਾਉਂਦੇ ਹੋਏ ਪ੍ਰਮਾਤਮਾ ਪਤੀ ਨੂੰ ਖ਼ੁਸ਼ ਰਖਦੇ ਹਨ—ਪ੍ਰਮਾਤਮਾ ਦਾ ਸਿਮਰਨ ਕਰਦੇ ਤੇ ਉਹਦੇ ਭਾਣੇ ਤੇ ਹੁਕਮ ਅੰਦਰ ਰਹਿੰਦੇ ਹਨ। ਉਨ੍ਹਾਂ ਨੂੰ ਪਤੀ ਪ੍ਰਮਾਤਮਾ ਬਹੁਤ ਚੰਗਾ ਜਾਣਦਾ ਹੈ। ਉਹ ਇਥੇ ਸੁਖੀ ਤੇ ਅਗੇ ਸਤਿਕਾਰ ਪਾਉਂਦੇ ਹਨ। ਜਗਤ ਦੇ ਮਹਾਨ ਰੋਗ ਕਾਮ, ਕ੍ਰੋਧ, ਲਾਲਚ, ਹੰਕਾਰ, ਈਰਖਾ, ਵੈਰ ਵਿਰੋਧ ਆਦਿ ਉਸ ਦੇ ਤਨ ਮਨ ਨੂੰ ਰੋਗੀ ਨਹੀਂ ਕਰਦੇ। ਇਹ ਜੀਵਨ

ਚਾਰ ਦਿਹਾੜੇ ਹੈ । ਜਿਵੇਂ ਰੁਤਾਂ ਥਿਤਾਂ ਤੇ ਮੱਸਿਆ ਪੁੰਨਿਆਂ ਦੀਆਂ ਰਾਤਾਂ ਬਦਲਦੀਆਂ ਰਹਿੰਦੀਆਂ ਹਨ ਤਿਵੇਂ ਜੀਵਨ ਦੀਆਂ ਹਾਲਤਾਂ ਬਦਲਦੀਆਂ ਨੇ। ਸਮਾਂ ਦੌੜਿਆ ਜਾਂਦਾ ਹੈ । ਉਹ ਕਿਸੇ ਦੀ ਉਡੀਕ ਨਹੀਂ ਕਰਦਾ, ਜੋ ਕਲ੍ਹ ਕਰਨਾ ਹੈ, ਉਸ ਨੂੰ ਅੱਜ ਕਰਨਾ ਹੀ ਯੋਗ ਹੈ ।

ਜਦੋਂ ਮਹਾਤਮਾ ਇਹ ਉਪਦੇਸ਼ ਕਰ ਰਿਹਾ ਸੀ ਤਾਂ ਸਬੱਬ ਨਾਲ ਉਸ ਸ਼ਹਿਰ ਦੀ ਪ੍ਰਸਿੱਧ ਨਾਚੀ ਤੇ ਵੇਸਵਾ ਪਿੰਗਲਾ ਉਸ ਰਾਹੇ ਆ ਨਿਕਲੀ । ਉਸ ਵੇਲੇ ਪਿੰਗਲਾ ਦੀ ਉਮਰ ਮਸਾਂ ਪੰਝੀ ਛੱਬੀ ਸਾਲ ਦੇ ਲਗਭਗ ਸੀ । ਤੇਰਾਂ ਸਾਲ ਦੀ ਉਮਰ ਵਿਚ ਉਹ ਨੱਚਣ ਲਗੀ ਸੀ, ਗਾਉਣ ਵਾਸਤੇ ਉਸ ਦਾ ਗਲਾ ਬਹੁਤਾ ਰਸੀਲਾ ਸੀ । ਬਸ ਉਹ ਉਸੇ ਦੀ ਗਾਹਕ ਸੀ, ਜਿਸ ਕੋਲ ਪੈਸੇ ਹੋਣ। ਨਿਰਧਨ ਵਲ ਦੇਖਦੀ ਹੀ ਨਹੀਂ ਸੀ, ਥੋੜ੍ਹੇ ਜਿਹੇ ਸਾਲਾਂ ਵਿਚ ਹੀ ਉਸ ਨੇ ਕਈਆਂ ਮਰਦਾਂ ਨੂੰ ਖਾਕਸ਼ਾਹ ਕਰ ਦਿੱਤਾ ਸੀ । ਪਾਪ ਕਮਾਉਂਦੀ ਹੋਈ ਪਾਪ ਰੂਪ ਬਣੀ ਹੋਈ ਸੀ, ਸ਼ਰਮ ਹਯਾ ਉਸ ਨੇ ਵੇਚ ਕੇ ਖਾ ਲਈ ਸੀ, ਰਾਤ ਦਿਨੇ ਸ਼ਰਾਬ ਪੀਂਦੀ ਤੇ ਪ੍ਰੇਮੀਆਂ ਨਾਲ ਰੰਗ ਰਲੀਆਂ ਮਾਣਿਆ ਕਰਦੀ, ਮਰਨਾ ਉਸ ਨੂੰ ਭੁਲਿਆ ਹੋਇਆ ਸੀ, ਦੌਲਤ ਦੇ ਬਦਲੇ ਚਾਰ ਪੰਜ ਜੁਆਨਾਂ ਨੂੰ ਮਰਵਾ ਵੀ ਚੁੱਕੀ ਸੀ, ਉਸ ਦੇ ਹੱਥ ਲਹੂ ਨਾਲ ਰੰਗੇ ਸਨ । ਉਹ ਪੁੱਜ ਕੇ ਪਾਪਣ ਸੀ, ਜਦੋਂ ਦੀ ਅਸੀਂ ਗੱਲ ਕਰਦੇ ਹਾਂ ਤਦੋਂ ਉਹ ਆਪਣੇ ਇਕ ਅਮੀਰ ਮਿੱਤਰ ਦੇ ਘਰੋਂ ਆ ਰਹੀ ਸੀ । ਸਾਰੀ ਰਾਤ ਤੇ ਸਾਰਾ ਦਿਨ ਪਾਪ ਕਰਦਿਆਂ ਸ਼ਰਾਬ ਪੀਂਦਿਆਂ ਤੇ ਨੱਚਦੇ ਗਾਉਂਦੇ ਸਮਾਂ ਬਤੀਤ ਕੀਤਾ ਸੀ । ਥੱਕ ਟੁਟ ਕੇ ਤੇ ਸੋਨੇ ਦੀਆਂ ਮੋਹਰਾਂ ਨਾਲ ਝੋਲੀ ਭਰੀ, ਉਹ ਆਪਣੇ ਡੇਰੇ ਨੂੰ ਵਾਪਸ ਮੁੜ ਰਹੀ ਸੀ। ਭਾਵੇਂ ਨਸ਼ੇ ਦੀ ਤੋਟ ਤੇ ਸਰੀਰ ਦੀ ਥਕਾਵਟ ਉਸ ਨੂੰ ਤੰਗ ਕਰ ਰਹੀ ਸੀ ਫਿਰ ਵੀ ਉਹ ਮਹਾਤਮਾ ਦੇ ਸਤਿਸੰਗ ਕੋਲ ਖਲੋ ਗਈ । ਉਸ ਨੇ ਉਪ੍ਰੋਕਤ ਪਤੀਬ੍ਰਤਾ ਦਾ ਉਪਦੇਸ਼ ਸੁਣਿਆ । ਭਗਵਾਨ ਦੀ ਲੀਲ੍ਹਾ ਉਸ ਦੇ ਮਨ ਉਤੇ ਚੋਟ ਲੱਗੀ, ਉਸ ਦੇ ਪਾਪਾਂ ਨੇ ਉਸ ਨੂੰ ਕੰਬਾਇਆ । ਅਗੇ ਜਾਣ ਦੀ ਥਾਂ ਉਹ ਮਹਾਤਮਾ ਕੋਲ ਬੈਠ ਗਈ । ਦੋਵੇਂ ਹੱਥ ਜੋੜ ਕੇ ਉਸ ਨੇ ਬੇਨਤੀ ਕੀਤੀ—

'ਮਹਾਂ ਪੁਰਸ਼ੋ ! ਮੈਂ ਇਕ ਵੇਸਵਾ ਹਾਂ । ਤਨ ਨੂੰ ਮਰਦ ਦੇ ਹਵਾਲੇ ਕਰ ਕੇ ਦੌਲਤ ਕਮਾਉਂਦੀ ਹਾਂ । ਮੇਰਾ ਪਤੀ ਕੋਈ ਨਹੀਂ ਕਿਉਂਕਿ ਮੈਂ ਕਿਸੇ ਮਰਦ ਨਾਲ ਪਿਆਰ ਨਹੀਂ ਕਰਦੀ, ਸਗੋਂ ਸੋਨੇ ਚਾਂਦੀ ਨਾਲ ਪ੍ਰੀਤ ਕਰਦੀ ਹਾਂ । ਇਸ ਵਾਸਤੇ

ਮੈਨੂੰ ਦਸੋ ਕਿ ਮੇਰਾ ਉਧਾਰ ਕਿਵੇਂ ਹੋਵੇਗਾ, ਜਦੋਂ ਮੇਰਾ ਪਤੀ ਨਹੀਂ।'

ਮਹਾਤਮਾ ਸੋਚੀਂ ਪੈ ਗਿਆ, ਅਨੁਭਵੀ ਗਿਆਨ ਨਾਲ ਉਸ ਨੇ ਪਿੰਗਲਾ ਦੇ ਬੀਤੇ ਤੇ ਭਵਿਖਤ ਜੀਵਨ ਉਤੇ ਝਾਤ ਮਾਰੀ, ਪਿੰਗਲਾ ਦੇ ਦਿਲ ਦੀ ਤਸਵੀਰ ਨੂੰ ਦੇਖਿਆ। ਉਸ ਨੂੰ ਕੁਝ ਆਸ ਹੋਈ ਕਿ ਉਹ ਸੁਧਰ ਸਕਦੀ ਹੈ, ਪਰ ਹੌਲੀ ਹੌਲੀ। ਇਸ ਦੇ ਮਨ ਉਤੇ ਜੋ ਮੈਲ ਲੱਗੀ ਹੈ, ਉਹ ਛੇਤੀ ਲੱਥਣ ਵਾਲੀ ਨਹੀਂ, ਮਨੂਰ ਹੋ ਚੁੱਕੀ ਹੈ। ਮਹਾਤਮਾ ਨੇ ਸੋਚ ਸੋਚ ਕੇ ਆਖਿਆ, 'ਦੇਵੀ! ਤੇਰਾ ਭਲਾ ਹੋਵੇਗਾ, ਜ਼ਰੂਰ ਹੋਵੇਗਾ, ਪਰ ਤੈਨੂੰ ਇਕ ਕਠਿਨ ਤਪੱਸਿਆ ਕਰਨੀ ਪਵੇਗੀ।'

ਪਿੰਗਲਾ—'ਉਹ ਕਿਹੜੀ ਤਪੱਸਿਆ ਮਹਾਂਪੁਰਖੋ?'

ਮਹਾਤਮਾ—'ਹੋਰ ਤੂੰ ਕੁਝ ਨਹੀਂ ਕਰ ਸਕਦੀ। ਪਾਪ ਕਰਨ ਤੋਂ ਪੱਲਾ ਛੁਡਾਉਣਾ ਤੇਰਾ ਔਖਾ ਹੈ। ਹਾਂ ਇਹ ਕਰ ਸਕਦੀ ਹੈਂ ਕਿ ਤਰਕਾਲਾਂ ਨੂੰ ਜੋ ਕੋਈ ਮਰਦ ਤੇਰੀ ਬੈਠਕ ਤੇ ਪਹਿਲਾਂ ਆ ਜਾਵੇ ਉਸ ਨੂੰ ਤੂੰ ਪਤੀ ਸਮਝ ਕੇ ਉਸ ਦੀ ਸੇਵਾ ਕਰੇਂ। ਉਸ ਰਾਤ ਹੋਰ ਕਿਸੇ ਮਰਦ ਨਾਲ ਬਾਤ ਨਾ ਕਰੇਂ ਭਾਵੇਂ ਉਹ ਪਾਤਸ਼ਾਹ ਕਿਉਂ ਨਾ ਹੋਵੇ। ਜੇ ਤੂੰ ਇਹ ਪ੍ਰਣ ਨਿਭਾ ਲਿਆ ਤਾਂ ਤੇਰੇ ਪਾਪ ਖੰਡਨ ਹੋ ਜਾਣਗੇ। ਇਕ ਸਮਾਂ ਆਵੇਗਾ ਜਦੋਂ ਭਗਵਾਨ ਤੇਰੇ ਤੇ ਮਿਹਰ ਕਰੇਗਾ।'

ਪਿੰਗਲਾ ਨੇ ਮਹਾਤਮਾ ਦੇ ਚਰਨਾਂ ਉਤੇ ਮੱਥਾ ਟੇਕਿਆ। ਜੋ ਧਨ ਆਪਣੇ ਪ੍ਰੇਮੀ ਕੋਲੋਂ ਲਿਆਈ ਸੀ ਉਹ ਸੰਤਾਂ ਦੇ ਚਰਨਾਂ ਵਿਚ ਢੇਰੀ ਕਰ ਦਿਤਾ, ਢੇਰੀ ਕਰ ਕੇ ਆਖਿਆ, 'ਇਹ ਧਨ ਕਿਸੇ ਸੇਵਾ 'ਚ ਖ਼ਰਚ ਕਰ ਦਿਓ।'

ਮਹਾਤਮਾ—'ਇਹ ਧਨ ਤੇਰੇ ਕੋਲ ਹੀ ਸੋਭਦਾ ਹੈ। ਇਸ ਪਾਪ ਦੀ ਖੱਟੀ ਨੂੰ ਹੋਰ ਕੋਈ ਨਹੀਂ ਖਾ ਖ਼ਰਚ ਸਕਦਾ, ਇਸ ਨੂੰ ਤੂੰ ਹੀ ਖ਼ਰਚੀਂ, ਲੈ ਜਾ ਉਠਾ ਕੇ, ਤੇਰੇ ਕਈ ਦਿਨ ਲੰਘ ਜਾਣਗੇ।' ਪਿੰਗਲਾ ਨੇ ਬਹੁਤ ਯਤਨ ਕੀਤਾ ਕਿ ਮਹਾਤਮਾ ਉਸ ਕੋਲੋਂ ਉਹ ਸੋਨੇ ਦੀਆਂ ਮੋਹਰਾਂ ਰਖ ਲੈਂਦੇ, ਪਰ ਮਹਾਤਮਾ ਨਾ ਮੰਨੇ। ਪਿੰਗਲਾ ਮੋਹਰਾਂ ਚੁੱਕ ਕੇ ਡੇਰੇ ਵਲ ਨੂੰ ਆਈ, ਰਾਹ ਵਿਚ ਗ਼ਰੀਬ ਮੰਗਤੇ ਬੈਠੇ ਸਨ, ਉਹ ਮੋਹਰਾਂ ਉਨ੍ਹਾਂ ਦੇ ਹਵਾਲੇ ਕਰ ਦਿੱਤੀਆਂ, ਆਪ ਖ਼ਾਲੀ ਹੱਥ ਆਪਣੀ ਬੈਠਕ ਉਤੇ ਪਹੁੰਚ ਗਈ।

ਪਿੰਗਲਾ ਆਪਣੀ ਬੈਠਕ ਵਿਚ ਆਈ, ਆ ਕੇ ਇਸ਼ਨਾਨ ਕੀਤਾ। ਲੀੜੇ

ਨਵੇਂ ਤੇ ਕੋਰੇ ਪਾਏ। ਆਪਣੀ ਸੇਜ ਦਾ ਬਿਸਤਰਾ ਵੀ ਬਦਲ ਦਿਤਾ, ਬੈਠਕ ਤੇ ਉਸ ਦੇ ਨਾਲ ਦੇ ਕਮਰੇ ਧੋਤੇ, ਧਿਆਨ ਨਾਲ ਸਫ਼ਾਈ ਕੀਤੀ, ਜਿਵੇਂ ਕਿਸੇ ਛੂਤ ਰੋਗ ਕੋਲੋਂ ਬਚੀਦਾ ਹੈ। ਉਸ ਕੋਲ ਦੋ ਦਾਸੀਆਂ ਸਨ। ਉਨ੍ਹਾਂ ਨੂੰ ਆਖਿਆ, 'ਦੇਖੋ! ਅੱਜ ਤੋਂ ਨੌਕਰੀ ਤੋਂ ਜਵਾਬ! ਕਿਸੇ ਹੋਰ ਥਾਂ ਜਾ ਕੇ ਨੌਕਰੀ ਕਰ ਲਵੋ।'

ਦਾਸੀਆਂ ਨੇ ਹੈਰਾਨ ਹੋ ਕੇ ਪੁਛਿਆ, 'ਬਾਈ ਜੀ! ਅਸਾਂ ਦੀ ਲੋੜ ਕਿਉਂ ਨਹੀਂ? ਅਸੀਂ ਕੀ ਭੁੱਲ ਕੀਤੀ ਹੈ।' ਪਿੰਗਲਾ ਨੇ ਉਨ੍ਹਾਂ ਨੂੰ ਉੱਤਰ ਦਿਤਾ—'ਤੁਸਾਂ ਕੋਈ ਭੁੱਲ ਨਹੀਂ ਕੀਤੀ। ਮੈਂ ਇਸ ਪੇਸ਼ੇ ਨੂੰ ਹੁਣ ਨਹੀਂ ਕਰਨਾ, ਮੈਨੂੰ ਦਾਸੀਆਂ ਦੀ ਲੋੜ ਨਹੀਂ। ਹੁਣ ਬਹੁਤ ਕਮਾਈ ਨਹੀਂ ਆਵੇਗੀ, ਜਿਸ ਨਾਲ ਮੈਂ ਤੁਹਾਨੂੰ ਤਨਖ਼ਾਹ ਦੇ ਸਕਾਂ, ਜਾਓ!'

ਦਾਸੀਆਂ ਡਰ ਗਈਆਂ। ਉਸ ਨੇ ਆਪ ਆਪਣੀ ਰੋਟੀ ਪਕਾਈ। ਰੋਟੀ ਖਾ ਕੇ ਬਣ ਠਣ ਕੇ ਬੈਠ ਗਈ। ਉਸ ਨੇ ਪੱਕਾ ਫ਼ੈਸਲਾ ਕਰ ਲਿਆ ਕਿ ਜਿਹੜਾ ਪਹਿਲਾ ਮਰਦ ਆਏਗਾ, ਉਸ ਨਾਲ ਭੋਗ ਬਿਲਾਸ ਕਰੇਗੀ ਤੇ ਉਸ ਨੂੰ ਪਤੀ ਸਮਝੇਗੀ। ਭਾਵੇਂ ਉਹ ਗ਼ਰੀਬ ਹੋਵੇ ਜਾਂ ਅਮੀਰ। ਇਤਨੇ ਨੂੰ ਇਕ ਮਰਦ ਆ ਗਿਆ। ਉਸ ਨੂੰ ਅੰਦਰ ਬੈਠਾ ਕੇ ਬੈਠਕ ਦਾ ਬੂਹਾ ਬੰਦ ਕਰ ਦਿੱਤਾ। ਕਈ ਹੋਰ ਗਾਹਕ ਆਏ ਉਨ੍ਹਾਂ ਆਵਾਜ਼ਾਂ ਮਾਰੀਆਂ, ਬੈਠਕ ਦਾ ਬੂਹਾ ਭੰਨਿਆ, ਪਰ ਉਸ ਨੇ ਆਵਾਜ਼ ਨਾ ਦਿਤੀ, ਨਾ ਬੂਹਾ ਖੋਲ੍ਹਿਆ। ਸਾਰੀ ਰਾਤ ਉਸੇ ਮਰਦ ਦੀ ਸੇਵਾ ਕਰਦੀ ਰਹੀ। ਇਸ ਤਰ੍ਹਾਂ ਹਰ ਰੋਜ਼ ਨੇਮ ਧਾਰ ਲਿਆ। ਬਾਰ੍ਹਾਂ ਸਾਲ ਲੰਘ ਗਏ। ਉਹ ਇਕ ਮਰਦ ਦੀ ਸੇਵਾ ਕਰਦੀ ਰਹੀ। ਬਾਰ੍ਹਾਂ ਸਾਲ ਦੀਆਂ ਰਾਤਾਂ ਵਿਚ ਜਿੰਨੇ ਵੀ ਮਰਦ ਉਸ ਕੋਲ ਆਏ, ਉਸ ਨੇ ਸਭ ਨੂੰ ਆਖਿਆ ਕਿ—'ਕੋਈ ਉਸ ਨਾਲ ਜੇ ਸ਼ਾਦੀ ਕਰ ਲਵੇ ਤਾਂ ਉਹ ਉਸ ਦੀ ਹੋ ਕੇ ਰਹੇਗੀ।' ਪਰ ਸ਼ਾਦੀ ਵਾਸਤੇ ਕਿਸੇ ਹਾਂ ਨਾ ਕੀਤੀ।

ਇਕ ਦਿਨ ਵਿਸ਼ਨੂੰ ਜੀ ਪਿੰਗਲਾ ਦਾ ਇਮਤਿਹਾਨ ਲੈਣ ਵਾਸਤੇ ਆ ਗਏ। ਵਿਸ਼ਨੂੰ ਜੀ ਨੇ ਬੁਢੇ ਬ੍ਰਾਹਮਣ ਦਾ ਰੂਪ ਧਾਰਨ ਕਰ ਲਿਆ। ਤ੍ਰਿਕਾਲਾਂ ਹੁੰਦੇ ਸਾਰ ਹੀ ਪਿੰਗਲਾ ਦੀ ਬੈਠਕ ਦੀਆਂ ਪਉੜੀਆਂ ਜਾ ਚੜ੍ਹੇ। ਪਿੰਗਲਾ ਨੇ ਜੀ ਆਇਆਂ ਨੂੰ ਆਖਿਆ, ਗਰਮ ਪਾਣੀ ਨਾਲ ਚਰਨ ਧੋਤੇ, ਪੈਰ ਘੁਟੇ। ਜਲ ਪਾਣੀ ਤੇ ਭੋਜਨ ਛਕਣ ਵਾਸਤੇ ਪ੍ਰਾਰਥਨਾ ਕੀਤੀ। ਪਰ ਬ੍ਰਾਹਮਣ (ਵਿਸ਼ਨੂੰ) ਨੇ ਕਿਹਾ—'ਕੋਈ ਤ੍ਰਿਸ਼ਨਾ ਨਹੀਂ।' ਜਦੋਂ ਪਿੰਗਲਾ ਨੇ ਉਸ ਨੂੰ ਸੇਜ ਉਤੇ

ਖੜਿਆ ਤਾਂ ਉਹ ਬੀਮਾਰ ਹੋ ਗਿਆ। ਬੀਮਾਰ ਵੀ ਐਸਾ ਕਿ ਜਿਸ ਦੀ ਸੇਵਾ ਕੋਈ ਇਸਤਰੀ ਮੁਸ਼ਕਲ ਨਾਲ ਕਰਦੀ ਹੈ। ਪਲ ਪਲ ਪਿਛੋਂ ਦਸਤ ਆਉਂਦੇ। ਪਿੰਗਲਾ ਸਾਰੀ ਰਾਤ ਬਿਸਤਰੇ ਬਦਲਦੀ ਰਹੀ। ਗੰਦ ਸੁਟਦੀ ਤੇ ਹੱਥ ਧੁਵਾਉਂਦੀ ਰਹੀ। ਜਾਂ ਦਿਨ ਚੜ੍ਹਿਆ ਤਾਂ ਉਹ ਫ਼ਰਜ਼ੀ ਬ੍ਰਾਹਮਣ ਮਰ ਗਿਆ। ਪਿੰਗਲਾ ਉਸੇ ਤਰ੍ਹਾਂ ਰੋਣ ਪਿੱਟਣ ਲਗ ਪਈ ਜਿਵੇਂ ਇਕ ਪਤੀਬ੍ਰਤਾ ਇਸਤਰੀ ਆਪਣੇ ਪਤੀ ਦੇ ਚਲਾਣੇ ਉਤੇ ਦੁਖ ਤੇ ਵਿਛੋੜਾ ਪ੍ਰਤੀਤ ਕਰਦੀ ਹੋਈ ਰੋਂਦੀ ਪਿੱਟਦੀ ਹੈ। ਉਸ ਦਾ ਰੋਣਾ ਸੁਣ ਕੇ ਹੋਰ ਵੇਸਵਾਵਾਂ ਇਕੱਠੀਆਂ ਹੋ ਗਈਆਂ। ਸਾਰੀਆਂ ਨੇ ਉਸ ਦਾ ਮਖੌਲ ਉਡਾਇਆ ਕਿ—'ਇਕ ਕੰਗਾਲ ਤੇ ਬੁਢੜੇ ਗਾਹਕ ਬਦਲੇ ਕਿਉਂ ਰੋ ਰੋ ਕੇ ਫਾਵੀ ਹੁੰਦੀ ਹੈਂ, ਪਰ ਪਿੰਗਲਾ ਕਹਿੰਦੀ ਇਹ ਮੇਰਾ ਪਤੀ ਮਰਿਆ ਹੈ। ਮੈਂ ਇਸ ਨਾਲ ਸਤੀ ਹੋਵਾਂਗੀ, ਸੜ ਮਰਾਂਗੀ।'

ਮਰੇ ਬ੍ਰਾਹਮਣ ਦੀ ਚਿਖਾ ਚਿਣ ਲਈ, ਲੋਕ ਹੈਰਾਨ ਸਨ। ਸਚਮੁਚ ਪਿੰਗਲਾ ਹਾਰ ਸ਼ਿੰਗਾਰ ਲਾਹ ਕੇ ਹੱਥ ਵਿਚ ਸਧੌਰਾ ਫੜ ਕੇ ਸੜਨ ਮਰਨ ਵਾਸਤੇ ਤਿਆਰ ਹੋ ਗਈ। ਉਸ ਦੇ ਨਵੇਂ ਤੇ ਪੁਰਾਣੇ ਪ੍ਰੇਮੀਆਂ ਨੇ ਰੋਕਿਆ, ਪਰ ਉਸ ਨੇ ਹਠ ਨਾ ਛਡਿਆ। ਵਿਸ਼ਨੂੰ ਜੀ ਨੇ ਜਾਂ ਦੇਖਿਆ ਕਿ ਉਹ ਹਠ ਨਹੀਂ ਛਡਦੀ, ਜਰੂਰ ਸੜ ਮਰੇਗੀ ਤਾਂ ਬ੍ਰਾਹਮਣ ਰੂਪ ਵਿਸ਼ਨੂੰ ਜੀ ਚਿਖਾ ਉਤੋਂ ਉਠ ਕੇ ਬੈਠ ਗਏ। ਆਪਣਾ ਅਸਲੀ ਰੂਪ ਧਾਰਨ ਕਰ ਕੇ ਪਿੰਗਲਾ ਨੂੰ ਦਰਸ਼ਨ ਦਿਤਾ ਤੇ ਆਖਣ ਲਗੇ ਜੋ ਕੁਝ ਮੰਗਣਾ ਈ ਮੰਗ।

ਪਿੰਗਲਾ ਨੇ ਨਿਮਰਤਾ ਨਾਲ ਆਖਿਆ—'ਹੇ ਕੈਲਾਸ਼ ਪਤੀ ਜੀ! ਜਦੋਂ ਆਪ ਮੇਰੇ ਪਤੀ ਬਣ ਗਏ ਤਾਂ ਮੈਂ ਹੋਰ ਕੀ ਮੰਗਾਂ। ਮੈਨੂੰ ਕਿਸੇ ਵਰ ਦੀ ਇੱਛਾ ਨਹੀਂ। ਚਰਨਾਂ ਵਿਚ ਰਖੋ ਮੈਂ ਪਾਪਣ ਆਪਣਾ ਉਧਾਰ ਚਾਹੁੰਦੀ ਹਾਂ।'

'ਤੇਰਾ ਕਲਿਆਣ ਹੋਵੇਗਾ!' ਆਖ ਕੇ ਵਿਸ਼ਨੂੰ ਜੀ ਅਲੋਪ ਹੋ ਗਏ। ਪਿੰਗਲਾ ਆਪਣੇ ਘਰ ਆ ਗਈ। ਰਹਿੰਦਾ ਜੀਵਨ ਉਸ ਨੇ ਭਗਤੀ ਤੇ ਪਵਿਤਰਤਾ ਵਿਚ ਬਤੀਤ ਕੀਤਾ। ਮੰਦ ਕਰਮ ਦੇ ਨੇੜੇ ਨਾ ਗਈ। ਜਦੋਂ ਮਰੀ ਤਾਂ ਉਸ ਦੀ ਆਤਮਾ ਨੂੰ ਬਿਬਾਨ ਵਿਚ ਬਿਠਾ ਕੇ ਦੇਵਤੇ ਬੈਕੁੰਠ ਧਾਮ ਨੂੰ ਲੈ ਗਏ। ਪਿੰਗਲਾ ਤਰੀ, ਜਿਸ ਬਾਰੇ ਭਗਤ ਰਵਿਦਾਸ ਜੀ ਆਖਦੇ ਨੇ—

*ਅਜਾਮਲੁ, ਪਿੰਗੁਲਾ, ਲੁਭਤ ਕੁੰਚਰੁ ਗਏ ਹਰਿ ਕੈ ਪਾਸਿ॥*

ਭਾਵ—ਅਜਾਮਲ, ਪਿੰਗਲਾ, ਲੁਭਤ ਅਤੇ ਹਾਥੀ ਹਰੀ ਦਾ ਸਿਮਰਨ ਕਰਨ

ਦੇ ਕਾਰਨ ਹਰੀ ਦੇ ਪਾਸ ਪਹੁੰਚ ਗਏ । ਉਨ੍ਹਾਂ ਦੀ ਕਲਿਆਣ ਹੋ ਗਈ । ਇਸ ਸਾਖੀ ਦਾ ਭਾਵ ਹੈ ਕਿ ਮੰਦਕਰਮਾਂ ਵਿਚ ਡੁਬਿਆ ਹੋਇਆ ਪੁਰਸ਼ ਵੀ ਜੇ ਕਿਸੇ ਮਹਾਂਪੁਰਸ਼ ਦੇ ਆਖੇ ਲੱਗ ਕੇ ਜੀਵਨ ਸੁਧਾਰ ਵੱਲ ਮੁੜੇ ਤਾਂ ਉਸ ਦਾ ਜੀਵਨ ਸੁਧਰ ਸਕਦਾ ਹੈ, ਮਨ ਨੂੰ ਸੰਜਮ ਦੀ ਪੱਧਰਤਾ ਉਤੇ ਲਿਆਉਣ ਦੀ ਲੋੜ ਹੈ ।

# ੬੨. ਗਜਿੰਦਰ (ਹਾਥੀ) ਦੀ ਕਥਾ

*ਜਿਉ ਕੁੰਚਰੁ ਤਦੂਐ ਪਕਰਿ ਚਲਾਇਓ ਉਪਰੁ ਕਢਿ ਨਿਸਤਾਰੇ ॥* (ਨਟ ਮ: ੪)

ਭਾਵ—ਜਿਵੇਂ ਹਾਥੀ ਨੂੰ ਫੜ ਕੇ ਤੰਦੂਆ ਹੇਠਾਂ ਨੂੰ ਲੈ ਚਲਿਆ ਤਾਂ ਪ੍ਰਮਾਤਮਾ ਨੇ ਉਸ ਨੂੰ ਉਪਰ ਖਿਚ ਕੇ ਬਚਾਇਆ । ਹਾਥੀ ਦਾ ਉਧਾਰ ਕੀਤਾ ।

*ਏਕ ਨਿਮਖ ਮਨ ਮਾਹਿ ਅਰਾਧਿਓ ਗਜਪਤਿ ਪਾਰਿ ਉਤਾਰੇ ॥੨॥* (ਮਾਰੂ ਮਹਲਾ ੫)

ਹਾਥੀ ਨੇ ਇਕ ਪਲ ਭਗਵਾਨ ਦਾ ਸਿਮਰਨ ਕੀਤਾ ਤਾਂ ਉਸ ਨੂੰ ਭਗਵਾਨ ਨੇ ਦੁਖਾਂ ਦੇ ਬੰਧਨਾਂ ਤੋਂ ਸੁਤੰਤਰ ਕਰਾਇਆ ।

ਹੇ ਭਗਤ ਜਨੋਂ ! ਵਾਹਿਗੁਰੂ ਦਾ ਜਾਪ ਕਰੋ । ਰਾਤ ਦਿਨੇ ਸਿਮਰਨ ਕਰਨ ਨਾਲ ਜ਼ਰੂਰ ਭਗਸਾਗਰ ਤੋਂ ਪਾਰ ਹੋਵੋਗੇ ਕਿਉਂਕਿ ਗੁਰੂ ਜੀ ਫ਼ੁਰਮਾਉਂਦੇ ਨੇ ਮਨੁਖ ਤਾਂ ਇਕ ਪਾਸੇ ਰਿਹਾ । ਪਸ਼ੂ ਵੀ ਭਗਵਾਨ ਦਾ ਸਿਮਰਨ ਕਰਨ ਤੇ ਦੁਖਾਂ ਤੋਂ ਛੁਟਕਾਰਾ ਪਾਉਂਦੇ ਰਹੇ । ਜਿਸ ਹਾਥੀ ਨੂੰ ਭਗਵਾਨ ਨੇ ਤੰਦੂਏ ਕੋਲੋਂ ਛੁਡਵਾਇਆ ਸੀ, ਉਸ ਦੀ ਕਥਾ ਪੁਰਾਤਨ ਹਿੰਦੂ ਮਤ ਗ੍ਰੰਥਾਂ (ਮਹਾਂਭਾਰਤ) ਵਿਚ ਇਉਂ ਲਿਖੀ ਹੈ, ਹੋਤਾ ਤੇ ਬ੍ਰਹਮਾ ਦੋ ਭਰਾ ਹੋਏ ਹਨ, ਦੋਵੇਂ ਭਗਵਤ ਦੇ ਭਗਤ ਸਨ । ਇਕ ਦਿਨ ਦੋਵੇਂ ਇਕ ਰਾਜੇ ਦੇ ਪਾਸ ਗਏ । ਰਾਜੇ ਨੇ ਦੋਹਾਂ ਭਰਾਵਾਂ ਨੂੰ ਦੱਖਣਾ ਦਿਤੀ । ਹੋਤਾ ਨੂੰ ਦੱਖਣਾ ਬਹੁਤ ਮਿਲੀ ਤੇ ਬ੍ਰਹਮਾ ਨੂੰ ਘੱਟ । ਬ੍ਰਹਮਾ ਸਮਝਦਾਰ ਤੇ ਚਲਾਕ ਸੀ । ਉਸ ਨੇ ਦੋਵੇਂ ਦੱਖਣਾ ਇਕੱਠੀਆਂ ਕਰ ਕੇ ਮੁੜ ਇਕੋ ਜਿਹੇ ਦੋ ਹਿੱਸੇ ਕਰ ਦਿਤੇ । ਹੋਤਾ ਨੂੰ ਇਹ ਗੱਲ ਨਾ ਭਾਈ । ਉਸ ਨੇ ਕਿਹਾ—'ਮੈਂ ਤਾਂ ਓਨੀ ਦੱਖਣਾ ਲਵਾਂਗਾ ਜਿੰਨੀ ਰਾਜੇ ਨੇ ਮੈਨੂੰ ਦਿੱਤੀ ਹੈ ।'

ਭਰਾ ਦੀ ਇਹ ਲਾਲਚ ਤੇ ਈਰਖਾ ਵਾਲੀ ਵਿਚਾਰ ਸੁਣ ਕੇ ਬ੍ਰਹਮਾ ਗੁਸੇ

ਨਾਲ ਲਾਲ ਪੀਲਾ ਹੋ ਗਿਆ। ਉਸ ਨੇ ਹੋਤਾ ਨੂੰ ਸਰਾਪ ਦਿੱਤਾ—'ਜਾਹ ਪਾਪੀ! ਤੂੰ ਗੰਡਕੀ ਨਦੀ ਵਿਚ ਤੰਦੂਆ ਬਣੇ।' ਹੋਤੀ ਨੇ ਭਗਤੀ ਕਰ ਕੇ ਵਰ ਲਏ ਹੋਏ ਸਨ, ਉਹ ਵੀ ਅਗੋਂ ਕ੍ਰੋਧ ਨਾਲ ਬੋਲਿਆ—'ਹੱਛਾ! ਜੇ ਮੈਂ ਤੰਦੂਆ ਬਣਨਾ ਹੈ ਤਾਂ ਜਾਹ ਤੂੰ ਮਸਤ ਹਾਥੀ ਹੋਵੇਂ ਤੇ ਉਸੇ ਨਦੀ ਵਿਚ ਪਾਣੀ ਪੀਣ ਵਾਸਤੇ ਆਵੇਂ। ਮੈਂ ਤੈਨੂੰ ਪਾਣੀ ਵਿਚ ਘਸੀਟਾਂ ਤੇ ਗੋਤੇ ਦੇ ਦੇ ਕੇ ਮਾਰਾਂ। ਜੇ ਮੈਨੂੰ ਸਰਾਪ ਦਿਤਾ ਈ ਤਾਂ ਸੁਖ ਤੂੰ ਵੀ ਨਹੀਂ ਪਾਵੇਂਗਾ।'

ਮੂਰਖ ਬ੍ਰਾਹਮਣਾਂ ਨੇ ਮਾਇਆ ਪਿਛੇ ਆਪਣਾ ਤੇ ਆਪਣੀ ਕੁੱਲ ਦਾ ਨਾਸ ਕਰ ਲਿਆ। ਲਾਲਚ ਕਾਰਨ ਦੇਹ ਨੂੰ ਮਹਾਨ ਰੋਗ ਲਾਉਣਾ ਹੈ, ਕਿਉਂਕਿ ਲਾਲਚ ਬੁਧੀ ਨੂੰ ਭ੍ਰਿਸ਼ਟ ਕਰ ਦੇਂਦਾ ਹੈ। ਆਪਣੇ ਵੀ ਦੁਸ਼ਮਨ ਪ੍ਰਤੀਤ ਹੁੰਦੇ ਹਨ। ਦੋਵੇਂ ਬ੍ਰਾਹਮਣ ਪੁੱਤਰ ਮਰ ਗਏ। ਮਰ ਕੇ ਅਗਲੇ ਜਨਮ ਵਿਚ ਇਕ ਤੰਦੂਆ ਬਣਿਆ ਤੇ ਦੂਸਰਾ ਹਾਥੀ। ਦਿਨ ਪਾ ਕੇ ਦੋਵੇਂ ਜਵਾਨ ਹੋਏ। ਜਿਹੜਾ ਹਾਥੀ ਬਣਿਆ ਉਹ ਬਹੁਤ ਬਲ ਵਾਲਾ ਤੇ ਮਸਤ ਸੀ। ਸਾਰੇ ਜੰਗਲ ਦਾ ਬਾਦਸ਼ਾਹ ਸੀ। ਉਸ ਨਾਲ ਕੋਈ ਨੌਂ ਤੇਰਾਂ ਨਾ ਕਰਦਾ। ਹਾਥੀਆਂ ਤੇ ਹਥਣੀਆਂ ਦਾ ਤਕੜਾ ਝੁੰਡ ਉਸ ਦੇ ਨਾਲ ਰਹਿੰਦਾ। ਇਕ ਦਿਨ ਹਾਥੀਆਂ ਦਾ ਉਹ ਝੁੰਡ ਫਿਰਦਾ ਫਿਰਾਂਦਾ ਗੰਡਕੀ ਨਦੀ ਕਿਨਾਰੇ ਆ ਗਿਆ। ਉਹ ਹਾਥੀ (ਜੋ ਬ੍ਰਹਮਾ ਸੀ) ਅਗੇ ਹੋ ਕੇ ਪਾਣੀ ਪੀਣ ਵਾਸਤੇ ਨਦੀ ਵਿਚ ਵੜਿਆ। ਨਦੀ ਦਾ ਸੀਤਲ ਜਲ ਸੀ। ਪਾਣੀ ਪੀਂਦਾ ਪੀਂਦਾ ਅਗੇ ਹੋ ਗਿਆ। ਦੇਵਨੇਤ ਨਾਲ ਅਗੇ ਉਥੇ ਉਸ ਦਾ ਭਰਾ ਹੋਤਾ, (ਤੰਦੂਏ ਦੇ ਰੂਪ ਵਿਚ ਸੀ) ਉਸ ਨੇ ਬਦਲਾ ਲੈਣ ਖ਼ਾਤਰ ਬ੍ਰਹਮਾ (ਹਾਥੀ) ਦੀਆਂ ਲੱਤਾਂ ਫੜ ਲਈਆਂ। ਲੱਤਾਂ ਫੜ ਕੇ ਡੂੰਘੇ ਪਾਣੀ ਵਿਚ ਖਿੱਚਣ ਲੱਗਾ। ਪਹਿਲਾਂ ਤਾਂ ਹਾਥੀ ਨੇ ਆਪਣਾ ਪੂਰਾ ਟਿਲ ਲਾਇਆ ਕਿ ਜਿਸ ਬਲਾ ਨੇ ਉਸ ਨੂੰ ਫੜਿਆ ਹੈ, ਉਸ ਕੋਲੋਂ ਉਸ ਦਾ ਛੁਟਕਾਰਾ ਕਰਾਵੇ, ਪਰ ਛੇਤੀ ਹੀ ਉਸ ਨੂੰ ਪਤਾ ਲੱਗ ਗਿਆ ਕਿ ਉਸ ਨੂੰ ਫੜਨ ਵਾਲਾ ਉਸਦੇ ਨਾਲੋਂ ਬਲਵਾਨ ਹੈ।

ਹਾਥੀ ਨੇ ਚੀਕਾਂ ਮਾਰੀਆਂ। ਬਾਕੀ ਦੇ ਹਾਥੀ ਉਸ ਦੀ ਸਹਾਇਤਾ ਵਾਸਤੇ ਪੁੱਜੇ, ਪਰ ਸਹਾਇਤਾ ਕਰਨ ਕਿਵੇਂ। ਅਗੇ ਚੀਜ਼ ਉਨ੍ਹਾਂ ਨੂੰ ਕੋਈ ਦਿਸੇ ਨਾ। ਤੰਦੂਆ ਤਾਂ ਪਾਣੀ ਹੇਠ ਹੀ ਲੁਕਿਆ ਹੋਇਆ ਸੀ। ਪਰ ਉਨ੍ਹਾਂ ਨੂੰ ਬਹੁਤ ਦੁਖ ਸੀ, ਕਿਉਂਕਿ ਉਨ੍ਹਾਂ ਦਾ ਸਰਦਾਰ ਬਿਪਤਾ ਵਿਚ ਫਸ ਗਿਆ। ਗੁੰਥਾਂ

ਵਿਚ ਲਿਖਿਆ ਹੈ ਕਿ ਤੰਦੂਏ ਤੇ ਹਾਥੀ 'ਚ ਲੜਾਈ ਤੁਲਵੀਂ ਹੋ ਗਈ। ਪੂਰੇ ਤਾਨ ਨਾਲ ਇਕ ਵਾਰ ਤਾਂ ਹਾਥੀ ਤੰਦੂਏ ਨੂੰ ਉਪਰ ਖਿਚ ਲਵੇ। ਦੂਸਰੀ ਵਾਰ ਤੰਦੂਆ ਹਾਥੀ ਨੂੰ ਹੇਠਾਂ ਲੈ ਜਾਵੇ। ਕਈ ਰਾਤਾਂ ਤੇ ਕਈ ਦਿਨ ਇਉਂ ਲੰਘ ਗਏ। ਦੋਹਾਂ ਵਿਚੋਂ ਨਾ ਕੋਈ ਹਾਰਿਆ ਤੇ ਨਾ ਜਿਤਿਆ। ਤੰਦੂਏ ਦੀ ਖ਼ੁਰਾਕ ਜਲ ਵਿਚ ਸੀ। ਪਰ ਹਾਥੀ ਦੀ ਖ਼ੁਰਾਕ ਧਰਤੀ ਉਤੇ ਜੰਗਲਾਂ ਤੇ ਖੇਤਾਂ ਵਿਚ ਸੀ, ਦੋਹਾਂ ਦਾ ਮੇਲ ਕਿਵੇਂ ਹੋਵੇ। ਹਾਥੀ ਭੁੱਖਾ ਵੀ ਮਰਨ ਲੱਗਾ, ਦੂਸਰੇ ਹਾਥੀ ਤੇ ਹਥਣੀਆਂ ਉਸ ਦੀ ਭੁੱਖ ਨੂੰ ਅਨੁਭਵ ਕਰ ਕੇ ਜੰਗਲਾਂ ਵਿਚੋਂ ਬ੍ਰਿਛਾਂ ਦੀਆਂ ਟਾਹਣੀਆਂ ਤੋੜਕੇ ਉਸ ਦੇ ਵਲ ਸੁਟਦੇ ਰਹੇ ਪਰ ਉਨ੍ਹਾਂ ਟਾਹਣੀਆਂ ਦੇ ਪੱਤੇ ਵੀ ਉਹ ਬਹੁਤੇ ਨਾ ਖਾ ਸਕਦਾ। ਕਿਉਂਕਿ ਤੰਦੂਏ ਨੇ ਉਸ ਦੀ ਜਾਨ ਸ਼ਕੰਜੇ ਵਿਚ ਕੱਸੀ ਹੋਈ ਸੀ। ਕੁਝ ਸਮਾਂ ਪਾ ਕੇ ਹਾਥੀ ਤੇ ਹਥਣੀਆਂ ਸਾਥ ਛੱਡ ਗਏ। ਉਹ ਜੰਗਲਾਂ ਵਿਚ ਪੁੱਜ ਕੇ ਹਰੀਆਂ ਚੁਗਣ ਲਗੇ। (ਬ੍ਰਹਮਾ) ਭਰਾ ਨਾਲ ਘੁਲਦਾ ਰਿਹਾ। ਇਕ ਹਜ਼ਾਰ ਸਾਲ ਖਿਚੋਤਾਣ ਵਿਚ ਲੰਘ ਗਏ। ਨਾ ਕੋਈ ਹਾਰਿਆ ਤੇ ਨਾ ਜਿਤਿਆ। ਇਸ ਲੰਮੇ ਅਰਸੇ ਵਿਚ ਹਾਥੀ ਕਮਜੋਰ ਹੋ ਗਿਆ ਕਿਉਂਕਿ ਪਾਣੀ ਵਿਚ ਲੜਦਾ ਇਕ ਥਕ ਗਿਆ ਤੇ ਦੂਸਰਾ ਉਸ ਨੂੰ ਖਾਣ ਵਾਸਤੇ ਕੁਝ ਨਾ ਮਿਲਿਆ। ਖ਼ੂਨ ਸੁਕ ਗਿਆ ਤੇ ਚਰਬੀ ਘਟਣ ਲਗੀ।

ਆਖ਼ਰ ਇਕ ਦਿਨ ਤੰਦੂਏ ਦਾ ਜ਼ੋਰ ਭਰ ਗਿਆ। ਉਹ ਹਾਥੀ ਨੂੰ ਪਾਣੀ ਵਿਚ ਘਸੀਟ ਤੁਰਿਆ। ਹਾਥੀ ਦਾ ਸਾਰਾ ਧੜ ਪਾਣੀ ਵਿਚ ਡੁਬ ਗਿਆ। ਸਿਰਫ਼ ਸੁੰਡ ਹੀ ਉਪਰ ਰਹਿ ਗਈ ਜੋ ਉਪਰ ਚੁਕੀ ਹੋਈ ਸੀ। ਉਸ ਵੇਲੇ ਹਾਥੀ ਨੇ ਤਾੜਿਆ ਕਿ ਹੁਣ ਉਹ ਨਹੀਂ ਬਚੇਗਾ, ਜਰੂਰ ਉਸ ਦੀ ਮੌਤ ਹੋ ਜਾਵੇਗੀ, ਉਸ ਵੇਲੇ ਹਾਥੀ ਨੇ ਸਚੇ ਦਿਲੋਂ ਇਕ ਮਨ ਹੋ ਕੇ ਪ੍ਰਮਾਤਮਾ ਨੂੰ ਚੇਤੇ ਕੀਤਾ, ਸਹਾਇਤਾ ਵਾਸਤੇ ਬੇਨਤੀ ਕੀਤੀ। ਦੇਵਨੇਤ ਨਾਲ ਉਸ ਵੇਲੇ ਇਕ ਕੰਵਲ ਫੁੱਲ ਨਦੀ 'ਚ ਰੁੜਦਾ ਹੋਇਆ ਉਪਰੋਂ ਆ ਗਿਆ। ਹਾਥੀ ਨੇ ਉਸ ਫੁੱਲ ਨੂੰ ਸੁੰਡ ਵਿਚ ਫੜ ਕੇ ਜੀਵਨ ਵਾਸਤੇ ਅਰਦਾਸ ਕੀਤੀ, ਉਸ ਨੇ ਆਖਿਆ— 'ਹੇ ਭਗਵਾਨ! ਅਗੇ ਮਾਇਆ ਦੇ ਲਾਲਚ ਕਰਕੇ ਹਾਥੀ ਜੂਨ ਪਾਈ, ਹੁਣ ਜੇ ਪਾਣੀ ਵਿਚ ਡੁਬ ਕੇ ਮਰ ਗਿਆ ਤਾਂ ਜਰੂਰ ਕਿਸੇ ਮਾੜੀ ਜੂਨ ਵਿਚ ਜਨਮ ਹੋਵੇਗਾ। ਹੇ ਦਾਤਾ! ਮੇਰੀ ਬੇਨਤੀ ਸੁਣ। ਮੈਂ ਪਲ ਦਾ ਪ੍ਰਾਹੁਣਾ ਹਾਂ।'

ਭਗਵਾਨ ਨੇ ਜਦੋਂ ਬੇਨਤੀ ਸੁਣੀ ਤਾਂ ਸਿੰਘਾਸਨ ਤੋਂ ਉਠ ਕੇ ਨੰਗੀ ਪੈਰੀਂ

ਹੀ ਨੱਠ ਉਠੇ । ਨਦੀ ਕਿਨਾਰੇ ਆ ਕੇ ਸੁਦਰਸ਼ਨ ਚੱਕਰ ਸੁਟਿਆ । ਸੁਦਰਸ਼ਨ ਚੱਕਰ ਨੇ ਤੰਦੂਏ ਦਾ ਮੂੰਹ ਪਾੜ ਸੁਟਿਆ । ਮੂੰਹ ਪਾੜਨ ਦੇ ਨਾਲ ਉਸ ਦੀਆਂ ਤਾਰਾਂ ਵੀ ਕੱਟ ਸੁਟੀਆਂ । ਜਦੋਂ ਤਾਰਾਂ ਕੱਟੀਆਂ ਗਈਆਂ ਤਾਂ ਹਾਥੀ ਉਪਰ ਨੂੰ ਆ ਗਿਆ । ਹੌਲੀ ਹੌਲੀ ਜਦ ਉਪਰ ਆ ਕੇ ਕਿਨਾਰੇ ਲਗਾ । ਅਗੇ ਭਗਵਾਨ ਖਲੋਤੇ ਸਨ । ਅਗਲੇ ਦੋਵੇਂ ਗੋਡੇ ਨਿਵਾ ਕੇ ਹਾਥੀ ਨੇ ਪ੍ਰਣਾਮ ਕੀਤਾ ਤੇ ਬੇਨਤੀ ਕੀਤੀ—'ਹੇ ਦਾਤਾ! ਹੁਣ ਇਸ ਪਸ਼ੂ ਜੂਨ ਵਿਚੋਂ ਵੀ ਸੁਤੰਤਰ ਕਰੋ ।' ਭਗਵਾਨ ਨੇ ਉਸੇ ਵੇਲੇ ਉਸ ਦਾ ਸਰੂਪ ਬਦਲ ਦਿਤਾ । ਤੰਦੂਆ ਵੀ ਪ੍ਰਲੋਕ ਨੂੰ ਚਲਿਆ ਗਿਆ ਤੇ ਹਾਥੀ ਵੀ ਪ੍ਰਮਾਤਮਾ ਕੋਲ ਪੁਜ ਗਿਆ । ਦੋਹਾਂ ਦੀ ਕਲਿਆਣ ਹੋਈ । ਉਹ ਅਜੇ ਤੱਕ ਭਗਵਾਨ ਦੇ ਦਰਬਾਰ ਵਿਚ ਹਨ । 'ਵਾਹਿਗੁਰੂ ! ਸਤਨਾਮ !'

# ੬੩. ਭਗਤ ਪ੍ਰਹਿਲਾਦ ਜੀ

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ ।*
*ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ ।*
*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ ।*
*ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ ।*
*ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ ।*
*ਜਲ ਅਗਨੀ ਵਿਚਿ ਘਤਿਆ ਜਲੈ ਨਾ ਡੁਬੈ ਗੁਰ ਪਰਸਾਦਿ ।*
*ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ ।*
*ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ ।*
*ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ ।*
*ਜੈ ਜੈ ਕਾਰ ਕਰਨਿ ਬ੍ਰਹਮਾਦਿ ॥੨॥*　　*(ਭਾਈ ਗੁਰਦਾਸ ਜੀ, ਵਾਰ ੧੦)*

ਇਸਦਾ ਪ੍ਰਮਾਰਥ ਸਾਖੀ ਸਮੇਤ ਇਉਂ ਸੁਣੀਏਂ—ਕਸ਼ਿਪ ਰਿਖੀ ਜੰਗਲ ਵਿਚ ਤਪਸਿਆ ਕਰਦਾ ਸੀ । ਕੁਝ ਚਿਰ ਉਗ੍ਰ ਤਪ ਕਰਨ ਪਿਛੋਂ ਉਹ ਸੁੰਵਾ ਜੰਗਲ ਛੱਡ ਕੇ ਮਨੁਖ ਵਸੋਂ ਵੱਲ ਆ ਗਿਆ । ਦਿਤਿ ਨਾਮ ਦੀ ਇਕ ਸੁੰਦਰ ਮੁਟਿਆਰ ਕੰਨਿਆਂ ਨਾਲ ਉਸਦਾ ਮੇਲ ਹੋ ਗਿਆ । ਰਿਖੀ ਦਾ ਦਿਲ ਡੋਲ ਗਿਆ । ਉਸਨੇ ਉਸ ਜੋਬਨ ਮਤੀ ਕੰਨਿਆਂ ਨੂੰ ਆਪਣੀ ਇਸਤ੍ਰੀ ਬਣਾ ਲਿਆ । ਸਮਾਂ

ਪਾ ਕੇ ਦਿਤਿ ਦੇ ਪੇਟੋਂ ਦੋ ਬਾਲਕ ਹੋਏ। ਜਿਨ੍ਹਾਂ ਦਾ ਨਾਮ ਹਿਰਨਕਸ਼ਿਪ ਤੇ ਹਰਨਾਕਸ਼ ਰਖੇ। ਦੋਵੇਂ ਬਾਲਕ ਬੜੇ ਦਲੇਰ ਤੇ ਬਹਾਦਰ ਨਿਕਲੇ ਪਰ ਅਕਲ ਹੌਲੀ ਸੀ। ਦੋਹਾਂ ਭਰਾਵਾਂ ਨੇ ਜਵਾਨ ਹੋ ਕੇ ਮੁਲਤਾਨ ਤੇ ਉਸ ਦੇ ਚੌਗਿਰਦੇ ਦੀ ਧਰਤੀ ਦਾ ਰਾਜ ਸੰਭਾਲ ਲਿਆ, ਰਾਜ ਕਰਨ ਲਗੇ। ਇਕ ਦਿਨ ਹਿਰਨਕਸ਼ਿਪ ਦਾ ਟਾਕਰਾ ਵਰਾਹ ਭਗਵਾਨ ਨਾਲ ਹੋ ਗਿਆ। ਡਟ ਕੇ ਲੜਾਈ ਹੋਈ ਹਿਰਨਕਸ਼ਿਪ ਮਾਰਿਆ ਗਿਆ। ਹਿਰਨਕਸ਼ਿਪ ਦੀ ਮੌਤ ਸੁਣਕੇ ਹਰਨਾਕਸ਼ ਨੂੰ ਕ੍ਰੋਧ ਆਇਆ, ਪਰ ਉਹ ਵਰਾਹ ਦਾ ਕੁਝ ਕਰ ਨਹੀਂ ਸੀ ਸਕਦਾ, ਦੇਵਤਿਆਂ ਕੋਲੋਂ ਭਰਾ ਦੇ ਖ਼ੂਨ ਦਾ ਬਦਲਾ ਲੈਣ ਖ਼ਾਤਰ ਉਸ ਨੇ ਉਗ੍ਰ ਤਪ ਕਰਨ ਦੀ ਨੀਤ ਧਾਰੀ। ਉਸਦੀ ਵਿਉਂਤ ਸੀ ਕਿ ਓਹ ਤਪ ਕਰਕੇ ਭਗਵਾਨ ਨੂੰ ਖ਼ੁਸ਼ ਕਰਕੇ ਐਸੇ ਵਰ ਮੰਗੇਗਾ ਜਿਨ੍ਹਾਂ ਕਰਕੇ ਉਹ ਕਿਸੇ ਕੋਲੋਂ ਵੀ ਨਾ ਮਰੇ।

ਦੇਵਤਿਆਂ ਦੇ ਆਗੂ ਇੰਦ੍ਰ ਨੇ ਜਦੋਂ ਦੇਖਿਆ ਕਿ ਹਰਨਾਕਸ਼ ਉਗ੍ਰ ਤਪ ਕਰਨ ਵਾਸਤੇ ਚਲਿਆ ਹੈ ਤੇ ਉਸਦਾ ਰਾਜ ਸੁੰਞਾ ਹੈ। ਇੰਦਰ ਨੇ ਮੁਲਤਾਨ ਉਤੇ ਚੜ੍ਹਾਈ ਕਰ ਦਿਤੀ। ਸ਼ਹਿਰ ਨੂੰ ਲੁਟਿਆ ਤੇ ਸੁਆਹ ਕਰ ਕੀਤਾ। ਓਸ ਦੇ ਰਾਜ ਦੀਆਂ ਸਾਰੀਆਂ ਨਿਸ਼ਾਨੀਆਂ ਮਿਟਾ ਕੇ ਉਹਦੀ ਗਰਭਵਤੀ ਇਸਤ੍ਰੀ ਕਿਆਧੂ ਨੂੰ ਫੜ ਕੇ ਆਪਣੀ ਰਾਜਧਾਨੀ ਵਲ ਲੈ ਤੁਰਿਆ।

ਰਾਹ ਵਿਚ ਚਕ੍ਰਵਰਤੀ ਤੇ ਅਮਰ ਰਿਖੀ ਨਾਰਦ ਜੀ ਇੰਦਰ ਨੂੰ ਮਿਲ ਪਏ। ਕਿਆਧੂ ਵਿਰਲਾਪ ਕਰਦੀ ਜਾਂਦੀ ਸੀ। ਨਾਰਦ ਨੇ ਅਨੁਭਵੀ ਪ੍ਰਕਾਸ਼ ਨਾਲ ਦੇਖਿਆ ਕਿ ਦੈਂਤ ਰਾਣੀ ਕਿਆਧੂ ਦੀ ਕੁਖ ਵਿਚ ਜੋ ਬਾਲਕ ਹੈ ਉਹ ਚੰਗੇ ਸਿਤਾਰੇ ਵਾਲਾ ਹੈ। ਇੰਦਰ ਕਿਆਧੂ ਨੂੰ ਮਰਵਾ ਨਾ ਦੇਵੇ ਇਸ ਕਰ ਕੇ ਇੰਦਰ ਨੂੰ ਆਖਿਆ ਕਿ ਉਹ ਕਿਆਧੂ ਛਡ ਜਾਵੇ। ਇੰਦਰ ਨਾਰਦ ਕੋਲੋਂ ਸਦਾ ਡਰਦਾ ਰਿਹਾ ਹੈ। ਨਾਰਦ ਦਾ ਆਖਾ ਨਾ ਮੋੜ ਸਕਿਆ। ਕਿਆਧੂ ਨੂੰ ਨਾਰਦ ਦੇ ਆਸ਼ਰਮ ਵਿਚ ਛੱਡ ਗਿਆ।

ਨਾਰਦ ਜੀ ਕਿਆਧੂ ਨਾਲ ਧੀਆਂ ਵਰਗਾ ਪਿਆਰ ਕਰਦੇ ਰਹੇ। ਉਸ ਨੂੰ ਕਿਸੇ ਤਰ੍ਹਾਂ ਕਸ਼ਟ ਨਾ ਹੋਣ ਦਿਤਾ। ਵੇਲੇ ਕੁਵੇਲੇ ਸਗੋਂ ਹਰੀ ਭਜਨ ਸੁਣਾਉਂਦੇ ਅਤੇ ਪ੍ਰਮੇਸ਼ਰ ਭਗਤਾਂ ਦੀਆਂ ਸਾਖੀਆਂ ਵੀ ਸੁਣਾਇਆ ਕਰਦੇ। ਜਿੰਨਾਂ ਵੀ ਸਤ ਦਾ ਉਪਦੇਸ਼ ਨਾਰਦ ਜੀ ਕਿਆਧੂ ਨੂੰ ਕਰਦੇ ਉਹ ਸਾਰਾ ਉਪਦੇਸ਼ ਮਾਂ ਦੇ ਗਿਆਨ ਇੰਦ੍ਰਿਆਂ ਰਾਹੀਂ ਬਾਲਕ ਗਰਭ ਦੇ ਹਨੇਰੇ ਵਿਚ ਹੀ ਸੁਣੀ ਜਾਂਦਾ

ਰਿਹਾ । ਇਕ ਦਿਨ ਉਹ ਘੜੀ ਆ ਗਈ ਜਦੋਂ ਬਚੇ ਨੇ ਜਨਮ ਲਿਆ ਜਿਸ ਨੂੰ ਭਾਈ ਗੁਰਦਾਸ ਜੀ ਲਿਖਦੇ ਹਨ-

*ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ ॥*

ਭਾਵ—ਹਰਨਾਕਸ਼ ਦੈਂਤ ਦੇ ਘਰ ਪੁਤ੍ਰ ਪ੍ਰਹਿਲਾਦ ਨੇ ਜਨਮ ਲਿਆ ਜੋ ਕਲਰ (ਸੜੀ ਹੋਈ ਧਰਤੀ) ਦੇ ਵਿਚ ਕੰਵਲ ਫੁੱਲ ਦੇ ਹੋਣ ਦੇ ਸਮਾਨ ਸੀ। ਦੈਂਤਾਂ ਦੇ ਘਰ ਭਗਤ ਦਾ ਜਨਮ ਹੋਣਾ ਅਨਹੋਣੀ ਗੱਲ ਸੀ । ਨਾਰਦ ਨੇ ਉਸ ਦਾ ਨਾਮ ਪ੍ਰਹਿਲਾਦ ਰੱਖ ਦਿਤਾ, ਨਾਰਦ ਦੇ ਆਸ਼ਰਮ ਵਿਚ ਹੀ ਕੁਝ ਦਿਨ ਪ੍ਰਹਿਲਾਦ ਪਲਦਾ ਰਿਹਾ ।

ਹੇ ਜਗਿਆਸੂ ਜਨੋ ! ਉਧਰ ਹਰਨਾਕਸ਼ ਦੀ ਕਥਾ ਸੁਣੀਏ—ਉਹ ਪਹਾੜਾਂ ਦੀਆਂ ਕੰਧਰਾਂ ਤੇ ਜੰਗਲਾਂ ਦੇ ਹਨੇਰਿਆਂ ਵਿਚ ਕਈਆਂ ਢੰਗਾਂ ਨਾਲ ਕਠਨ ਤਪੱਸਿਆ ਕਰਦਾ ਰਿਹਾ । ਉਹਦਾ ਸਿਦਕ ਤੇ ਤਪ ਦੇਖ ਬ੍ਰਹਮਾ ਜੀ ਦਾ ਮਨ ਪਿਘਲ ਗਿਆ । ਹਰਨਾਕਸ਼ ਦੀ ਭਗਤੀ ਦਾ ਖਿਚਿਆ ਹੋਇਆ ਬ੍ਰਹਮਾ ਹਰਨਾਕਸ਼ ਕੋਲ ਅਪੜਿਆ। ਉਹਦੇ ਨੇੜੇ ਹੋ ਕੇ ਬ੍ਰਹਮਾ ਨੇ ਆਖਿਆ ਹਰਨਾਕਸ਼ ਜੋ ਕੁਝ ਮੰਗਣਾ ਈ ਮੰਗ ਤੇਰੀ ਤਪੱਸਿਆ ਪ੍ਰਵਾਨ ਹੋ ਗਈ ।

ਹਰਨਾਕਸ਼—'ਦਿਆਲੂ ! ਕ੍ਰਿਪਾਲੂ ! ਜਗਤ ਦੇ ਕਰਤਾ ਧਰਤਾ ! ਮੇਰੀ ਮੰਗ ਇਹ ਹੈ ਕਿ ਮੈਨੂੰ ਕੋਈ ਮਾਰ ਨਾ ਸਕੇ, ਨਾ ਮੈਂ ਅੰਦਰ ਮਰਾਂ, ਨਾ ਬਾਹਰ, ਨਾ ਧਰਤੀ ਉਤੇ, ਨਾ ਆਕਾਸ਼ ਵਿਚ । ਸਾਰੇ ਜਗਤ ਉਤੇ ਮੇਰਾ ਹੀ ਰਾਜ ਹੋਵੇ । ਕੋਈ ਚੀਜ਼ ਮੈਨੂੰ ਮਾਰ ਸਾੜ ਨਾ ਸਕੇ । ਭਾਵ ਸਦੀਵੀ ਕਾਲ ਵਾਸਤੇ ਅਮਰ ਰਹਾਂ । ਜੇ ਵਰ ਦੇਣਾ ਜੇ ਤਾਂ ਇਹ ਵਰ ਦੀਜੀਏ । ਨਹੀਂ ਤੇ ਰਸਤਾ ਅਗੇ ਲੀਜੀਏ।'

ਬ੍ਰਹਮਾ—'ਅਗੇ ਤੇਰੀ ਦੈਂਤ ਜੂਨ ਹੈ । ਹੁਣ ਫਿਰ ਐਸੀ ਮੰਗ ਮੰਗਦਾ ਹੈਂ ਜਿਸ ਨਾਲ ਨੇਕ ਕੰਮ ਕਰਨ ਦੀ ਥਾਂ ਪਾਪ ਹੀ ਕਰੇਂਗਾ । ਜੇ ਤੂੰ ਆਪ ਨਹੀਂ ਮਰਿਆ ਤਾਂ ਦੂਸਰਿਆਂ ਨੂੰ ਜਰੂਰ ਮਾਰੇਂਗਾ । ਤੈਨੂੰ ਚਾਹੀਦਾ ਹੈ ਭਗਤੀ ਮੁਕਤੀ ਮੰਗੇਂ ਦੇਵਤਿਆਂ ਦੇ ਰਾਜ ਵਿਚ ਸ਼ਾਂਤੀ ਨਾਲ ਰਹੇਂ।'

ਹਰਨਾਕਸ਼—'ਮੈਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ ਮੈਂ ਤਾਂ ਆਖਦਾ ਹਾਂ ਪਸ਼ੂ, ਪੰਛੀ, ਮਨੁਖ, ਲੋਹਾ, ਲਕੜ ਕੋਈ ਚੀਜ਼ ਮੇਰੀ ਮੌਤ ਦਾ ਕਾਰਨ ਨਾ ਬਣੇ। ਮੈਂ ਅਮਰ ਰਹਾਂ। ਹਜਾਰਾਂ ਸਾਲ ਰਾਜ ਕਰਾਂ।'

'ਤਥਾ ਅਸਤੂ' (ਇਸ ਤਰ੍ਹਾਂ ਹੀ ਹੋਵੇਗਾ) ਆਖ ਕੇ ਬ੍ਰਹਮਾ ਚਲਿਆ ਗਿਆ। ਹਰਨਾਕਸ਼ ਤਪ ਆਸਨ ਤੋਂ ਉਠਿਆ ਅਤੇ ਆਪਣੇ ਸ਼ਹਿਰ ਆ ਪੁੱਜਾ। ਸ਼ਹਿਰ ਦੀ ਮੰਦੀ ਦਸ਼ਾ ਦੇਖ ਕੇ ਉਸ ਦੀਆਂ ਧਾਹੀਂ ਨਿਕਲ ਗਈਆਂ। ਸੜੇ ਹੋਏ ਕਿਲ੍ਹੇ ਤੇ ਰਾਜ ਮਹਿਲ ਦੇ ਉਪਰ ਖਲੋਕੇ ਉਹ ਸੋਚ ਰਿਹਾ ਸੀ ਕਿ ਕੀ ਕਰੇ? ਸ਼ਹਿਰ ਨੂੰ ਸਾੜਨ ਵਾਲੇ ਨਾਲ ਕਿਹੋ ਜਿਹਾ ਵਰਤਾਓ ਹੋਣਾ ਚਾਹੀਦਾ ਹੈ। ਅਜੇ ਉਹ ਉਥੋਂ ਹਿਲਿਆ ਨਹੀਂ ਸੀ ਕਿ ਨਾਰਦ ਨੇ ਉਸਦੀ ਇਸਤ੍ਰੀ ਕਿਆਧੂ ਤੇ ਬਚੇ ਪ੍ਰਹਿਲਾਦ ਨੂੰ ਆ ਹਾਜਰ ਕੀਤਾ। ਸਾਹਮਣੇ ਹੋਕੇ ਨਾਰਦ ਨੇ ਕਿਹਾ—'ਹਰਨਾਕਸ਼! ਇਹ ਤੇਰੀ ਇਸਤ੍ਰੀ ਤੇ ਬੱਚਾ ਮੇਰੇ ਕੋਲ ਤੇਰੀ ਅਮਾਨਤ ਸਨ ਇਹ ਸਾਂਭ ਲੈ।' ਰਾਣੀ ਤੇ ਬਚੇ ਨੂੰ ਦੇਖ ਕੇ ਹਰਨਾਕਸ਼ ਬਹੁਤ ਖ਼ੁਸ਼ ਹੋਇਆ ਉਹਨੇ ਨਾਰਦ ਮੁਨੀ ਦਾ ਧੰਨਵਾਦ ਕੀਤਾ।

ਨਾਰਦ ਮੁਨੀ ਦੇ ਜਾਣ ਪਿਛੋਂ ਹਰਨਾਕਸ਼ ਨੇ ਏਧਰ ਓਧਰ ਲੁਕੇ ਛਿਪੇ ਦੈਂਤਾਂ ਨੂੰ ਇਕੱਠਿਆਂ ਕੀਤਾ, ਉਨ੍ਹਾਂ ਨੂੰ ਆਪਣੇ ਤਪ ਦੀ ਕਥਾ ਸੁਣਾਈ, ਦੈਂਤਾਂ ਨੇ ਜਦੋਂ ਸੁਣਿਆ ਕਿ ਉਹਨਾਂ ਦਾ ਰਾਜਾ ਨਾ ਮਰਨ ਦਾ ਵਰ ਹਾਸਲ ਕਰ ਲਿਆਇਆ ਹੈ, ਤਾਂ ਉਹਨਾਂ ਬਹੁਤ ਖ਼ੁਸ਼ੀ ਮਨਾਈ। ਹਰਨਾਕਸ਼ ਨੇ ਦੇਵਤਿਆਂ ਨਾਲ ਯੁੱਧ ਕਰਨ ਦਾ ਫ਼ੈਸਲਾ ਕਰ ਲਿਆ।

ਦੈਂਤਾਂ ਦੀ ਸੈਨਾ ਨੂੰ ਇਕੱਤ੍ਰ ਕਰਕੇ ਹਰਨਾਕਸ਼ ਸੈਨਾਪਤੀ ਬਣ ਗਿਆ। ਇੰਦਰ ਕੋਲੋਂ ਬਦਲਾ ਲੈਣ ਵਾਸਤੇ ਇੰਦਰਪੁਰੀ ਉਤੇ ਚੜ੍ਹਾਈ ਕਰ ਦਿਤੀ। ਇੰਦਰਪੁਰੀ ਵਿਚ ਵੜ ਕੇ ਦੇਵਤਿਆਂ ਦੇ ਆਹੂ ਲਾਹੇ ਜਿਵੇਂ ਤਰਖਾਣ ਰੁਖ ਨੂੰ ਛਾਂਗਦਾ ਹੈ, ਇਸ ਤਰ੍ਹਾਂ ਦੇਵਤਿਆਂ ਗੰਧਰਬਾਂ ਅਤੇ ਇੰਦਰ ਦੀਆਂ ਪਰੀਆਂ ਦੇ ਅੰਗ ਵੱਢ ਸੁਟੇ। ਕਿਸੇ ਦੀਆਂ ਬਾਹੀਂ ਵਢੀਆਂ ਕਿਸੇ ਦਾ ਸਿਰ ਕਟਿਆ। ਸਾਰੀ ਇੰਦਰਪੁਰੀ ਵਿਚ ਹਾਹਾਕਾਰ ਮਚ ਗਈ। ਇੰਦਰ ਸਮੇਤ ਰਾਣੀਆਂ ਦੇ ਸ਼ਹਿਰ ਛੱਡ ਕੇ ਨੱਸ ਗਿਆ, ਸ਼ਹਿਰ ਚੀ ਵਸੋਂ ਤੇ ਇੰਦਰ ਦੀ ਫ਼ੌਜ ਮਾਰ ਸੁੱਟੀ। ਸ਼ਹਿਰ ਨੂੰ ਲੁੱਟ ਕੇ ਵਾਪਸ ਮੁਲਤਾਨ ਆ ਗਿਆ। ਸ਼ਹਿਰ ਵਿਚ ਆ ਕੇ ਢੰਡੋਰਾ ਫਿਰਾ ਦਿਤਾ ਕਿ ਕੋਈ ਪੁਰਸ਼ ਇਸਤ੍ਰੀ ਮਰਦ ਅਤੇ ਬੱਚਾ ਦੇਵਤਿਆਂ ਦੇ ਮਿਥੇ ਹੋਏ ਸ਼ਬਦਾਂ ਹਰੀ ਹਰੇ ਰਾਮ ਕ੍ਰਿਸ਼ਨ ਵਾਸਦੇਵ ਆਦਿਕ ਦਾ ਜ਼ੁਬਾਨੋ ਉਚਾਰਨ ਨਾ ਕਰੇ। ਕਿਸੇ ਦੇਵੀ ਸ਼ਕਤੀ ਦਾ ਸਿਮਰਨ ਨਹੀਂ ਹੋਵੇਗਾ। ਸਾਰੇ ਮੇਰਾ ਨਾਮ ਜਪਣ ਮੈਂ ਹੀ ਪ੍ਰਮਾਤਮਾ ਹਾਂ। ਸਾਰੇ ਕਹਿਣ ਹਰਨਾਕਸ਼ ਦੀ ਜੈ! ਮੌਤ ਦਾ

ਭੈ ਬੁਰੀ ਚੀਜ਼ ਹੈ। ਸਭ ਨੇ ਦੇਵਤਿਆਂ ਦੇ ਨਾਂ ਲੈਣੇ ਛਡ ਦਿਤੇ, ਦੇਵਤੇ ਭਗਵਾਨ ਦੀ ਪੂਜਾ ਤੇ ਭਗਤੀ ਉਕੀ ਬੰਦ ਹੋ ਗਈ। ਸਵੇਰੇ ਤੇ ਸ਼ਾਮ ਨੂੰ ਪਰਜਾ ਜਲ ਹੈ ਥਲ ਹੈ, ਹਰਨਾਕਸ਼ ਸਤ ਹੈ ਹਰਨਾਕਸ਼ ਜਸ ਹੈ, ਹਰਨਾਕਸ਼ ਹੈ ਹਰਨਾਕਸ਼ ਸ੍ਰੀ ਹਰਨਾਕਸ਼ ਦਾ ਜਾਪ ਕਰਨ ਲਗੀ।

## ਦੇਵਤਿਆਂ ਦੀ ਵਿਸ਼ਨੂੰ ਅਗੇ ਪੁਕਾਰ

ਇੰਦਰ ਸਮੇਤ ਸਾਰੇ ਦੇਵਤੇ ਇਕੱਠੇ ਹੋ ਕੇ ਬ੍ਰਹਮਾ ਕੋਲ ਪੁਜੇ ਸਭ ਨੇ ਰੋ ਰੋ ਕੇ ਆਪਣੀ ਬਰਬਾਦੀ ਦੀ ਕਹਾਣੀ ਸੁਣਾਈ। ਨਾਲ ਹੀ ਇਹ ਪੁਕਾਰ ਕੀਤੀ ਕਿ ਦੈਂਤ ਨੇ ਆਪਣਾ ਨਾਮ ਜਪਾਉਣਾ ਸ਼ੁਰੂ ਕਰ ਦਿਤਾ ਹੈ। ਉਹਨਾਂ ਦੀ ਹਾਲ ਪੁਕਾਰ ਸੁਣ ਕੇ ਬ੍ਰਹਮਾ ਨੇ ਉੱਤਰ ਦਿਤਾ—'ਦੇਵਜਨੋ! ਮੈਂ ਇਸ ਮਾਮਲੇ ਵਿਚ ਕੁਝ ਨਹੀਂ ਕਰ ਸਕਦਾ ਕਿਉਂਕਿ ਮੈਂ ਹੀ ਉਸ ਨੂੰ ਵਰ ਦਿਤਾ ਹੈ। ਤਪ ਕਰਕੇ ਉਸਨੇ ਮੈਨੂੰ ਠਗ ਲਿਆ। ਹਾਂ ਵਿਸ਼ਨੂੰ ਕੋਲ ਚਲੀਏ। ਦੈਂਤ ਦੇ ਅੰਤ ਦਾ ਓਹ ਕੋਈ ਢੰਗ ਸ਼ਾਇਦ ਸੋਚ ਲੈਣ।'

ਸਾਰੇ ਦੇਵਤੇ—'ਮਹਾਰਾਜ! ਮੇਹਰ ਕਰੀਏ, ਉਠੀਏ। ਹੁਣ ਅਸਾਡੇ ਨਾਲ ਵਿਸ਼ਨੂੰ ਮਹਾਰਾਜ ਕੋਲ ਚਲੀਏ। ਅਸੀਂ ਜੋ ਥੋੜੇ ਬਹੁਤ ਬਚੇ ਹਾਂ, ਸ਼ਾਇਦ ਉਹ ਵੀ ਮਰ ਜਾਈਏ। ਦੈਂਤ ਨੇ ਸਾਰੇ ਦੇਵ ਲੋਕਾਂ ਦਾ ਅੰਤ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ ਹੈ।'

ਬ੍ਰਹਮਾ ਆਪਣੇ ਆਸਨ ਤੋਂ ਉਠਿਆ। ਦੇਵਤਿਆਂ ਦੇ ਅੱਗੇ ਲੱਗ ਕੇ ਵਿਸ਼ਨੂੰ ਭਗਵਾਨ ਦੇ ਦਰਬਾਰ ਵਿਚ ਜਾ ਪੁੱਜਾ। ਵਿਸ਼ਨੂੰ ਨੇ ਜਦੋਂ ਸਾਰੀ ਵਾਰਤਾ ਸੁਣੀ ਤਾਂ ਉਸਨੇ ਬ੍ਰਹਮਾ ਤੇ ਦੇਵਤਿਆਂ ਨੂੰ ਹੌਂਸਲਾ ਦੇਂਦਿਆਂ ਹੋਇਆਂ ਆਖਿਆ—'ਦੇਵ ਜਨੋ! ਭੈ-ਭੀਤ ਨਾ ਹੋਵੋ ਸਭ ਕੁਝ ਠੀਕ ਹੋ ਜਾਵੇਗਾ। ਦੈਂਤ ਸ਼ਕਤੀ ਦਾ ਕਦੇ ਰਾਜ ਨਹੀਂ ਹੋ ਸਕਦਾ। ਜਦ ਵੀ ਰਾਜ ਕਰੇਗੀ, ਧਰਮ ਤੇ ਦੈਵੀ ਸ਼ਕਤੀ ਰਾਜ ਕਰੇਗੀ। ਹਰਨਾਕਸ਼ ਦੇ ਘਰ ਪੁਤ੍ਰ ਹੋਇਆ ਹੈ ਓਹ ਮੇਰਾ ਭਗਤ ਹੈ। ਮੈਂ ਓਸ ਦੀ ਰੂਹ ਨੂੰ ਪ੍ਰੇਰਦਾ ਹਾਂ ਕਿ ਉਹ ਰਾਮ ਨਾਮ ਦਾ ਜਾਪ ਕਰੇ। ਹਰਨਾਕਸ਼ ਓਸਨੂੰ ਤੰਗ ਕਰੇਗਾ, ਮੈਂ ਇਸ ਬਹਾਨੇ ਨਰ ਸਿੰਘ ਅਵਤਾਰ ਧਾਰ ਕੇ ਹਰਨਾਕਸ਼ ਦਾ ਅੰਤ ਕਰ ਦੇਵਾਂਗਾ। ਜਾਓ ਆਪੋ ਆਪਣੇ ਅਸਥਾਨ ਉਤੇ ਬੈਠੋ, ਉਜੜੇ ਘਰ ਮੁੜ ਵਸਾਓ। ਚਿੰਤਾ ਨਾ ਕਰੋ।'

ਵਿਸ਼ਨੂੰ ਦਾ ਇਹ ਬਚਨ ਸੁਣ ਕੇ ਦੇਵਗਣ ਆਪੋ ਆਪਣੇ ਅਸਥਾਨਾਂ ਵਲ ਮੁੜ ਗਏ ।

## ਪ੍ਰਹਿਲਾਦ ਦਾ ਰਾਮ ਕਹਿਣਾ

*ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ।*
*ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।*
*ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ।*

ਪ੍ਰਹਿਲਾਦ ਦੀ ਉਮਰ ਛੇ ਸਾਲ ਦੀ ਹੋ ਗਈ ਤਾਂ ਹਰਨਾਕਸ਼ ਤੇ ਰਾਜ ਪੰਡਤ ਸੰਡੇ ਮਰਕੇ ਦੀ ਪਾਠਸ਼ਾਲਾ ਵਿਚ ਪ੍ਰਹਿਲਾਦ ਨੂੰ ਪੜ੍ਹਨ ਵਾਸਤੇ ਭੇਜਿਆ ਓਥੇ ਹੋਰ ਵੀ ਲੜਕੇ ਪੜ੍ਹਦੇ ਸਨ । ਭਾਈ ਗੁਰਦਾਸ ਜੀ ਆਖਦੇ ਨੇ ਜਦੋਂ ਪ੍ਰਹਿਲਾਦ ਪਾਠਸ਼ਾਲਾ ਵਿਚ ਪੜ੍ਹਨ ਵਾਸਤੇ ਆਇਆ ਤਾਂ ਪੰਡਤ ਇਹ ਦੇਖ ਕੇ ਬਹੁਤ ਖ਼ੁਸ਼ ਹੋਇਆ ਰਾਜ ਪੁੱਤਰ ਉਸਦੀ ਪਾਠਸ਼ਾਲਾ ਪੜ੍ਹਨ ਆਇਆ ਹੈ। ਪਾਠਸ਼ਾਲਾ ਦੀ ਸੋਭਾ ਵਧ ਜਾਏਗੀ । ਸੰਡਾ ਪ੍ਰਹਿਲਾਦ ਨੂੰ ਅਖਰ ਗਿਆਨ ਕਰਾਉਣ ਦੇ ਨਾਲ 'ਹਰਨਾਕਸ਼' ਨਾਮ ਦਾ ਜਾਪ ਵੀ ਦਸਣ ਲਗਾ, ਪਰ ਪ੍ਰਹਿਲਾਦ ਓਹਦੇ ਉਲਟ 'ਰਾਮ ਨਾਮ' ਦਾ ਜਾਪ ਕਰਨ ਲਗਾ । ਮਾਮੂਲੀ ਜਾਪ ਨਹੀਂ ਸਗੋਂ ਇਕ ਰਸ ਲਿਵ ਲਾ ਕੇ ਮਸਤੀ ਵਿਚ ਰਾਮ ! ਰਾਮ ! ਰਾਮ ! ਦੀ ਧੁਨ ਉਚਾਰਨ ਲਗਾ। ਉਸਨੂੰ ਰਾਮ ਨਾਮ ਦਾ ਜਾਪ ਕਰਦਾ ਦੇਖ ਕੇ ਬਾਕੀ ਦੇ ਵਿਦਿਆਰਥੀ ਵੀ 'ਰਾਮ ਰਾਮ' ਆਖਣ ਲਗ ਪਏ ਹਰਨਾਕਸ਼ ਦਾ ਜਾਪ ਉਨ੍ਹਾਂ ਭੁਲਾ ਹੀ ਦਿਤਾ। ਇਹ ਦੇਖ ਕੇ ਸੰਡਾ ਮਰਕਾ ਬਹੁਤ ਹੈਰਾਨ ਹੋਇਆ।

ਉਸਨੇ ਉਠ ਕੇ ਵਿਦਿਆਰਥੀਆਂ ਨੂੰ ਡਾਂਟਿਆ । ਪ੍ਰਹਿਲਾਦ ਤੋਂ ਬਿਨਾਂ ਸਾਰੇ ਵਿਦਿਆਰਥੀ ਚੁਪ ਹੋ ਗਏ ਪਰ ਪ੍ਰਹਿਲਾਦ 'ਰਾਮ ਰਾਮ' ਦਾ ਹੀ ਉਚਾਰਨ ਕਰਦਾ ਰਿਹਾ। ਸੰਡਾ ਮਰਕਾ ਓਸਨੂੰ ਕੁਝ ਨਾ ਆਖ ਸਕਿਆ ਕਿਉਂਕਿ ਉਹ ਰਾਜ ਪੁਤ੍ਰ ਸੀ । ਨਾਲ ਹੀ ਦਾਸੀਆਂ ਰਾਹੀਂ ਰਾਣੀ ਵਲੋਂ ਤਾੜਨਾ ਆਈ ਹੋਈ ਸੀ ਕਿ ਜੇ ਪ੍ਰਹਿਲਾਦ ਨੂੰ ਕੁਝ ਆਖਿਆ ਤਾਂ ਉਸਦੀ ਸੁਖ ਨਹੀਂ । ਇਕ ਪਾਸੇ ਰਾਣੀ ਦਾ ਹੁਕਮ ਦੂਸਰੇ ਪਾਸੇ ਹਰਨਾਕਸ਼ ਦਾ ਡਰ । ਕਈ ਦਿਨ ਉਹ ਇਹਨਾਂ ਵਿਚਾਰਾਂ ਵਿਚ ਹੀ ਡੁਬਾ ਰਿਹਾ ਕਿ ਕੀ ਕਰੇ ਕੀ ਨਾ ਕਰੇ ? ਆਖ਼ਰ ਉਸਨੇ ਫ਼ੈਸਲਾ ਕਰ ਲਿਆ ਕਿ ਉਹ ਰਾਜੇ ਹਰਨਾਕਸ਼ ਕੋਲ ਜਾ ਕੇ ਜਰੂਰ ਦਸ ਦੇਵੇਗਾ ਜੇ ਉਹਦੇ ਦਸਣ ਤੋ ਪਹਿਲਾਂ ਹਰਨਾਕਸ਼ ਨੂੰ ਪਤਾ ਲਗ ਗਿਆ ਤਾਂ ਉਹਦਾ

ਘਾਣ ਬੱਚਾ ਪੀੜ ਸੁਟੇਗਾ ।

*ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ ।*

ਪਾਂਧਾ ਨਾ ਟਲਿਆ, ਉਹ ਜਾ ਕੇ ਹਰਨਾਕਸ਼ ਕੋਲ ਧਾਹੀਂ ਮਾਰ ਕੇ ਦਸਣ ਲਗਾ, 'ਹੇ ਰਾਜਨ, ਮੈਂ ਕੀ ਕਰਾਂ ਤੇਰਾ ਪੁਤਰ ਹੀ ਤੇਰੇ ਹੁਕਮ ਦੇ ਵਿਰੁਧ ਚਲਨ ਲਗਾ ਹੈ। ਉਹ 'ਰਾਮ ਨਾਮ' ਸਿਮਰਨ ਦਾ ਜਾਪ ਕਰਦਾ ਹੈ ਤੇ ਹੋਰਨਾਂ ਵਿਦਿਆਰਥੀਆਂ ਨੂੰ ਕਹਿੰਦਾ ਹੈ 'ਰਾਮ ਨਾਮ ਕਹੋ' ਅਖੋਂ ਪਰੋਖੇ ਲੜਕੇ ਰਾਮ ਰਾਮ ਕਹਿੰਦੇ ਨੇ, ਪਰ ਪ੍ਰਹਿਲਾਦ ਉਕਾ ਨਹੀਂ ਡਰਦਾ। ਹੇ ਰਾਜਨ! ਮੇਰਾ ਕੋਈ ਦੋਸ਼ ਨਹੀਂ ਮੈਂ ਵੇਲੇ ਸਿਰ ਆਪ ਨੂੰ ਆ ਦਸਿਆ। ਆਪਣੇ ਪੁਤ੍ਰ ਨੂੰ ਜਾਂ ਆਪ ਸਮਝਾ ਲਵੋ ਜਾਂ ਮੈਨੂੰ ਹੁਕਮ ਕਰੋ ।'

ਇਹ ਸੁਣਕੇ ਦੈਂਤ ਨੂੰ ਕ੍ਰੋਧ ਆ ਗਿਆ, ਉਸਨੇ ਝਗੜਾ ਵਧਾ ਦਿਤਾ ਉਸਨੇ ਮਨ ਹੀ ਮਨ ਫ਼ੈਸਲਾ ਕਰ ਲਿਆ ਕਿ ਪ੍ਰਹਿਲਾਦ ਰਾਮ ਨਾਮ ਨਾ ਛਡੇ ਤਾਂ ਉਸਨੂੰ ਜਾਨੋ ਮਾਰ ਦੇਵੇਗਾ । ਉਸ ਵੇਲੇ ਹੀ ਪ੍ਰਹਿਲਾਦ ਨੂੰ ਪਾਠਸ਼ਾਲਾ ਵਿਚੋਂ ਦਰਬਾਰ ਵਿਚ ਮੰਗਵਾ ਲਿਆ ।

## ਪ੍ਰਹਿਲਾਦ ਨੂੰ ਮਾਰਨ ਦੇ ਯਤਨ ਕਰਨੇ

*ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।*

ਦੈਂਤ ਬਾਪ ਨੇ ਪ੍ਰਹਿਲਾਦ ਨੂੰ ਸਦਿਆ । ਪ੍ਰਹਿਲਾਦ ਹਾਜਰ ਹੋਇਆ । ਹਰਨਾਕਸ਼ ਕ੍ਰੋਧਵਾਨ ਹੋ ਕੇ ਪੁਛਨ ਲਗਾ—'ਕਿਉਂ ਪ੍ਰਹਿਲਾਦ! ਜੋ ਕੁਝ ਪੰਡਤ ਆਖਦਾ ਹੈ ਕੀ ਉਹ ਸੱਚ ਹੈ?'

'ਹਾਂ ਪਿਤਾ ਜੀ! ਮੈਂ ਰਾਮ ਰਾਮ ਆਖਦਾ ਹਾਂ। ਇਹ ਮੈਨੂੰ ਰੋਕਦਾ ਤੇ ਮਾਰਦਾ ਹੈ ਪਰ ਮੈਂ ਆਖਦਾ ਹਾਂ ਰਾਮ ਰਾਮ ਆਖਣਾ ਚੰਗਾ ਹੈ ਕਿਉਂਕਿ ਰਾਮ ਸਭ ਦਾ ਕਰਤਾ ਤੇ ਹਰਤਾ ਹੈ ਉਹ ਸੁਖ ਦੇਂਦਾ ਹੈ ।'

ਛੇ ਸਤ ਸਾਲ ਦੇ ਬੱਚੇ ਦੀ ਜਬਾਨੋਂ ਇਉਂ ਨਿਰਭੈਤਾ, ਸੰਜੀਦਗੀ ਤੇ ਉਚੇਰੀ ਸੂਝ ਬੂਝ ਵਾਲੇ ਵਾਕ ਸੁਣ ਕੇ ਹਰਨਾਕਸ਼ ਦੈਂਤ ਸੜ ਬਲ ਕੇ ਕੋਲਾ ਹੋ ਗਿਆ। ਦੰਦੀਆਂ ਕਰੀਚਦਾ ਤੇ ਵਰਾਛਾਂ ਫੁਲਾਉਂਦਾ ਹੋਇਆ ਕ੍ਰੋਧ ਨਾਲ ਮੁੜ ਬੋਲਿਆ—'ਮੇਰਾ ਨਾਮ ਜਪ । ਮੇਰੇ ਰਾਜ ਵਿਚ ਹੋਰ ਕਿਸੇ ਦਾ ਨਾਮ ਨਹੀਂ ਜਪਿਆ ਜਾ ਸਕਦਾ । ਜਗਤ ਦੀ ਮੌਤ ਮੇਰੇ ਹੱਥ ਹੈ । ਮੈਂ ਨਹੀਂ ਮਰਨਾ ਜੇ ਨਾ ਟਲੇਂਗਾ

ਤਾਂ ਤੈਨੂੰ ਦਰਿਆ ਵਿਚ ਸੁੱਟ ਕੇ ਮਰਵਾ ਦਿਆਂਗਾ। ਮਰਨਾ ਈ ਕਿ ਜੀਊਣਾ ਈ ?'

ਮੂਰਖ ਦੈਂਤ ਪ੍ਰਹਿਲਾਦ ਨੂੰ ਮਾਸੂਮ ਬਾਲ ਤੇ ਆਪਣਾ ਪੁਤ੍ਰ ਸਮਝਦਾ ਸੀ ਅਸਲ ਵਿਚ ਹਰਨਾਕਸ਼ ਦਾ ਕਾਲ ਸੀ ਵਿਸ਼ਨੂੰ ਭਗਵਾਨ ਆਪ ਖੇਲ ਰਚਾ ਰਿਹਾ ਸੀ, ਪ੍ਰਹਿਲਾਦ ਨੂੰ ਜਿੰਨਾਂ ਹਰਨਾਕਸ਼ ਨੇ ਡਰਾਇਆ ਓਨਾ ਹੀ ਉਹ ਦਲੇਰ ਹੋ ਕੇ ਬੋਲਿਆ, 'ਪਿਤਾ ਜੀ! ਮਾਰੋ ਜਾਂ ਛਡੋ ਰਾਮ ਨਾਮ ਨਹੀਂ ਜੇ ਛਡਣਾ। ਇਹ ਸੰਥਾ ਨਾਰਦ ਮੁਨੀ ਨੇ ਉਸ ਵੇਲੇ ਪੜ੍ਹਾਈ ਸੀ ਜਦੋਂ ਮੈਂ ਗਰਭ ਵਿਚ ਮੁਨੀ ਦੇ ਆਸ਼੍ਰਮ ਵਿਚ ਰਹਿੰਦਾ ਸਾਂ। ਜੋ ਜੀਅ ਕਰੇ ਕਰੋ। ਮੈਂ ਰਾਮ ਦਾ ਹਾਂ ਰਾਮ ਮੇਰਾ ਹੈ।'

ਲੈ ਜਾਉ ਇਸ ਨੂੰ ਦਰਿਆ ਕਿਨਾਰੇ ਪਾਣੀ ਵਿਚ ਡੋਬ ਕੇ ਮਾਰ ਦਿਓ ਐਸਾ ਪੁਰਸ਼ ਜੀਉਂਦਾ ਨਹੀਂ ਰਹਿਣਾ ਚਾਹੀਏ ਜੋ ਬਾਪ ਦੇ ਉਲਟ ਚਲੇ। ਇਹ ਰਾਜ ਧਰੋਹੀ ਹੈ। ਨੀਤੀ ਰਾਜ ਧਰੋਹੀ ਦਾ ਡੰਨ ਮੌਤ ਆਖਦੀ ਹੈ।'

ਦੈਂਤ ਹਰਨਾਕਸ਼ ਦਾ ਹੁਕਮ ਪਾ ਕੇ ਦੂਤ ਪ੍ਰਹਿਲਾਦ ਨੂੰ ਫੜ ਤੁਰੇ। ਪ੍ਰਹਿਲਾਦ ਰੋਇਆ ਨਹੀਂ, ਉਦਾਸ ਨਹੀ ਹੋਇਆ, ਮੁਸਕ੍ਰਾਉਦਾ ਤੇ ਹੱਸਦਾ ਹੋਇਆ ਜ਼ਬਾਨੋਂ ਆਖੀ ਜਾਂਦਾ ਸੀ—'ਰਾਮ ਰਾਮ ਬੋਲੋ ਲੋਕੋ ਰਾਮ ਰਾਮ। ਸਭ ਦੇ ਕਾਰਜ ਕਰਦਾ ਆਪੇ ਐਸਾ ਰਾਮ।' ਦੈਂਤ ਓਸਨੂੰ ਨਦੀ ਕਿਨਾਰੇ ਲੈ ਗਏ। ਨਦੀ ਦਾ ਜਲ ਬੜੇ ਤੇਜ਼ ਵੇਗ ਵਿਚ ਵਗ ਰਿਹਾ ਸੀ। ਦੂਤਾਂ ਨੇ ਪ੍ਰਹਿਲਾਦ ਨੂੰ ਚੁਕ ਨਦੀ ਵਿਚ ਇੰਝ ਸੁੱਟ ਦਿਤਾ ਜਿਵੇਂ ਪੱਥਰ ਸੁਟੀਦਾ ਹੈ। ਉਨ੍ਹਾਂ ਹੱਥ ਪੈਰ ਇਸ ਕਰਕੇ ਨਾ ਬੰਨ੍ਹੇ ਕਿ ਹੈ ਤਾਂ ਬਾਲਕ ਹੀ, ਕਿਹੜਾ ਨਦੀ ਵਿਚੋਂ ਤਰ ਕੇ ਬਾਹਰ ਆ ਜਾਵੇਗਾ। ਪਰ ਪ੍ਰਹਿਲਾਦ ਦਾ ਰਾਮ ਪਹਿਲਾਂ ਨਦੀ ਵਿਚ ਪੁਜਾ ਸੀ। ਓਸ ਨੇ ਫੁਲਾਂ ਵਾਂਗ ਹੱਥ ਉਤੇ ਬੋਚ ਲਿਆ। ਦਸਾਂ ਕੁ ਕਦਮਾਂ ਉਤੇ ਦੂਰ ਜਾ ਕੇ ਕਿਨਾਰੇ ਲਾ ਦਿੱਤਾ। ਪ੍ਰਹਿਲਾਦ ਰਾਮ ਰਾਮ ਆਖਦਾ ਹੋਇਆ ਨਦੀ ਵਿਚੋਂ ਬਾਹਰ ਆ ਗਿਆ, ਦੂਤਾਂ ਨੇ ਫਿਰ ਫੜ ਲਿਆ, ਹੱਥ ਪੈਰ ਬੰਨ੍ਹ ਦਿਤੇ। ਨਾਲ ਪੱਥਰ ਬੰਨ੍ਹਿਆ ਚੁੱਕ ਕੇ ਫਿਰ ਪਾਣੀ ਵਿਚ ਸੁਟ ਦਿਤਾ ਪ੍ਰਹਿਲਾਦ ਫਿਰ ਵੀ ਨਾ ਡੁਬਿਆ ਪੱਥਰ ਟੁੱਟ ਕੇ ਵੱਖਰਾ ਡੁੱਬ ਗਿਆ। ਹੱਥ ਪੈਰ ਆਪਣੇ ਆਪ ਖੁਲ੍ਹ ਗਏ। ਦੂਤਾਂ ਦੇ ਦੇਖਦਿਆਂ-ਦੇਖਦਿਆਂ ਪ੍ਰਹਿਲਾਦ ਨਦੀ ਵਿਚੋਂ ਨਿਕਲਿਆ ਤੇ ਸ਼ਹਿਰ ਨੂੰ ਆ ਗਿਆ। ਜਲਾਦ ਪਿਛੇ ਲੱਗ ਕੇ ਫੜਨ ਦਾ ਯਤਨ ਕਰਦੇ ਰਹੇ ਪਰ

ਓਹ ਹੱਥ ਨਾ ਆਇਆ। ਉਹ ਰਾਜ ਦਰਬਾਰ ਵਿਚ ਚਲਾ ਗਿਆ। ਹਰਨਾਕਸ਼ ਉਸ ਨੂੰ ਦੇਖਦੇ ਸਾਰ ਕ੍ਰੋਧਵਾਨ ਹੋ ਗਿਆ, ਜਲਾਦਾਂ ਨੇ ਉਹਦੇ ਨਾ ਡੁਬਣ ਦੀ ਵਾਰਤਾ ਜਾ ਸੁਣਾਈ।

ਹਰਨਾਕਸ਼ ਨੇ ਇਕ ਵਾਰ ਫਿਰ ਪ੍ਰਹਿਲਾਦ ਨੂੰ ਆਖਿਆ—'ਅਜੇ ਵੀ ਵੇਲਾ ਹੈ ਸਮਝ ਜਾ, ਛਡ ਦੇ ਓਹ (ਰਾਮ) ਨਾਮ, ਨਹੀਂ ਤਾਂ ਕਿਸੇ ਨ ਕਿਸੇ ਹੀਲੇ ਮਰਵਾ ਦੇਵਾਂਗਾ।'

ਪ੍ਰਹਿਲਾਦ ਹੱਸ ਕੇ ਬੋਲਿਆ—'ਜਿਵੇਂ ਜੀ ਕਰਦਾ ਜੇ ਕਰੋ। ਨਹੀਂ ਛੱਡਾਂਗਾ ਰਾਮ ਨਾਮ! ਹਰ ਥਾਂ ਉਹ ਵਸਦਾ ਹੈ, ਮੇਰੀ ਰਾਖੀ ਕਰੇਗਾ।'

ਜਲਾਦਾਂ ਰਾਹੀਂ ਹਰਨਾਕਸ਼ ਨੇ ਪ੍ਰਹਿਲਾਦ ਨੂੰ ਮਰਵਾਉਣ ਲਈ ਕਈ ਯਤਨ ਕੀਤੇ ਪਰ ਪ੍ਰਹਿਲਾਦ ਦਾ ਵਾਲ ਵਿੰਗਾ ਨਾ ਹੋਇਆ। ਸਾਰੇ ਰਾਜ ਵਿਚ ਇਸ ਗੱਲ ਦੀ ਚਰਚਾ ਖਿਲਰ ਗਈ ਕਿ ਹਰਨਾਕਸ਼ ਪੁਤ੍ਰ ਨੂੰ ਮਾਰਦਾ ਹੈ ਓਹ ਮਰਦਾ ਨਹੀਂ। ਪਰਜਾ ਹੈਰਾਨ ਸੀ। ਰਾਮ ਦੀ ਧਰਮ ਸ਼ਕਤੀ ਦੀ ਜੈ ਜੈ ਕਾਰ ਹੋ ਰਹੀ ਸੀ। ਹਰਨਾਕਸ਼ ਦੀ ਭੈਣ ਹੋਲਕਾ ਸੀ, ਉਸ ਨੂੰ ਵਰ ਸੀ ਕਿ ਉਹ ਅੱਗ ਵਿਚ ਬੈਠ ਜਾਵੇ ਤਾਂ ਸੜੇਗੀ ਨਹੀਂ ਹਰਨਾਕਸ਼ ਨੇ ਪ੍ਰਹਿਲਾਦ ਨੂੰ ਹੋਲਕਾ ਦੀ ਗੋਦ ਵਿਚ ਬੈਠਾ ਕੇ ਸਾੜਨ ਦਾ ਯਤਨ ਕੀਤਾ। ਬਹੁਤ ਵਡਾ ਲੱਕੜਾਂ ਦਾ ਢੇਰ ਲਾਇਆ ਗਿਆ। ਪ੍ਰਹਿਲਾਦ ਨੂੰ ਗੋਦ ਵਿਚ ਘੁੱਟ ਕੇ ਹੋਲਕਾ ਉਸ ਢੇਰ ਉਤੇ ਬੈਠ ਗਈ। ਜਲਾਦਾਂ ਨੇ ਅੱਗ ਲਾਈ, ਅੱਗ ਦੇ ਭਾਂਬੜ ਮਚੇ। ਦੇਖਣ ਵਾਲੇ ਫ਼ਰਜ਼ੀ ਹਾਸਾ ਹੱਸ ਰਹੇ ਸਨ ਕਿਉਂਕਿ ਹਰਨਾਕਸ਼ ਦਾ ਹੁਕਮ ਸੀ ਜੋ ਕੋਈ ਪ੍ਰਹਿਲਾਦ ਨੂੰ ਸੜਦਾ ਵੇਖੇ ਉਹ ਜਰੂਰ ਹੱਸੇ ਪਰ ਉਹਨਾਂ ਦੇ ਦਿਲ ਹਰਨਾਕਸ਼ ਨੂੰ ਗਾਲ੍ਹਾਂ ਕੱਢ ਰਹੇ ਸਨ। ਹੌਲੀ-ਹੌਲੀ ਅੱਗ ਉਪਰ ਤਕ ਚਲੀ ਗਈ। ਹੋਲਕਾ ਸੜ ਗਈ ਉਹਦੀ ਹੱਡੀ ਪਸਲੀ ਨਾ ਲੱਭੀ ਤੇ ਪ੍ਰਹਿਲਾਦ ਜਿਉਂ ਦਾ ਤਿਉਂ ਰਾਮ ਰਾਮ ਆਖਦਾ ਹੋਇਆ ਚਿਖਾ 'ਚੋਂ ਬਾਹਰ ਆ ਗਿਆ। ਫਿਰ ਵੀ ਕਸਾਈ ਹਰਨਾਕਸ਼ ਨੂੰ ਹੋਸ਼ ਨਾ ਆਈ। ਕਾਲ ਉਹਦੇ ਸਿਰ ਉਤੇ ਕੂਕ ਰਿਹਾ ਸੀ। ਉਸ ਨੇ ਹੁਕਮ ਦਿਤਾ—'ਹੱਛਾ! ਲੋਹੇ ਦਾ ਥੰਮ੍ਹ ਤੱਤਾ ਕਰੋ। ਉਸ ਨਾਲ ਬੰਨ੍ਹ ਕੇ ਮਾਰ ਦਿਤਾ ਜਾਵੇਗਾ।' ਲੋਹੇ ਦਾ ਭਾਰੀ ਥੰਮ੍ਹ ਤਾਅ ਦਿਤਾ। ਉਸ ਨਾਲ ਜੱਫੀ ਪਾ ਕੇ ਵੀ ਪ੍ਰਹਿਲਾਦ ਦੁਖੀ ਨਾ ਹੋਇਆ ਤਾਂ ਹਰਨਾਕਸ਼ ਨੇ ਉਥੇ ਖਲੋਤਿਆਂ ਹੀ ਫ਼ੈਸਲਾ ਕਰ ਲਿਆ ਕਿ ਉਹ ਪ੍ਰਹਿਲਾਦ ਦਾ ਸਿਰ ਤਲਵਾਰ ਨਾਲ ਵੱਢ

ਸੁਟੇਗਾ, ਹਰਨਾਕਸ਼ ਨੇ ਤਲਵਾਰ ਮਿਆਨ ਵਿਚੋਂ ਖਿਚੀ ਤਲਵਾਰ ਅਜੇ ਮੋਢੇ ਨਾਲੋਂ ਉਚੀ ਕੀਤੀ ਸੀ ਕਿ ਇਕ ਦਮ ਲੋਹੇ ਦਾ ਥੰਮ੍ਹ ਪਾਟ ਗਿਆ। ਆਪਣੇ ਦਿਤੇ ਬਚਨ ਅਨੁਸਾਰ ਵਿਸ਼ਨੂੰ ਨਰਸਿੰਘ ਅਵਤਾਰ ਧਾਰ ਕੇ ਪ੍ਰਗਟ ਹੋਇਆ। ਉਸ ਵੇਲੇ ਦਿਨ ਅੰਦਰ ਬਾਹਰ ਸੀ, ਨਾ ਰਾਤ ਸੀ ਨਾ ਦਿਨ । ਨਰਸਿੰਘ ਨੇ ਹਰਨਾਕਸ਼ ਨੂੰ ਚੁਕ ਕੇ ਬਰੂਹਾਂ ਵਿਚ ਰਖ ਲਿਆ । ਧਰਤੀ ਉਤੇ ਨਹੀਂ ਲਗਣ ਦਿਤਾ । ਉਸਦਾ ਪੇਟ ਚੀਰ ਕੇ ਓਹਦਾ ਅੰਤ ਕਰ ਦਿਤਾ । ਪੇਟ ਵੀ ਨੌਹਾਂ ਨਾਲ ਚੀਰਿਆ ਸੀ, ਦੈਂਤ ਦਾ ਅੰਤ ਹੋ ਗਿਆ। ਧਰਮ ਦੀ ਜੈ ਹੋਈ। ਪ੍ਰਹਿਲਾਦ ਨੇ ਹੱਥ ਜੋੜ ਕੇ ਅਰਜ਼ ਕੀਤੀ—'ਹੇ ਮਹਾਰਾਜ ! ਆਪ ਆਪਣੇ ਅਸਲ ਰੂਪ ਵਿਚ ਦਿਖਾਈ ਦੇਵੋ ਇਹ ਡਰਾਉਣੀ ਸ਼ਕਲ ਦੇਖ ਕੇ ਲੋਕ ਭੈ ਭੀਤ ਹੋ ਰਹੇ ਹਨ।'

ਉਸ ਵੇਲੇ ਵਿਸ਼ਨੂੰ ਨੇ ਆਪਣਾ ਅਸਲੀ ਰੂਪ ਧਾਰਨ ਕਰ ਲਿਆ। ਪ੍ਰਹਿਲਾਦ ਨੂੰ ਨਿਹਾਲ ਕਰਕੇ ਰਾਜ ਤਖ਼ਤ ਉਤੇ ਬੈਠਾਇਆ । ਦੈਂਤ ਦੇ ਪਾਪ ਰਾਜ ਦਾ ਅੰਤ ਕੀਤਾ ਤੇ ਧਰਮ ਦਾ ਰਾਜ ਸ਼ੁਰੂ ਕੀਤਾ। ਪਰਜਾ ਖ਼ੁਸ਼ੀਆਂ ਮਨਾਉਣ ਲੱਗੀ। ਰਾਮ ਨਾਮ ਦੀ ਧੁਨ ਮੰਦਰਾਂ ਵਿਚੋਂ ਗੂੰਜਣ ਲਗੀ।

ਇਸ ਸਾਖੀ ਤੋਂ ਵੱਡੀਆਂ ਸਿਖਿਆ ਮਿਲਦੀਆਂ ਹਨ, ਇਕ ਤਾਂ ਇਹ ਕਿ ਮਨੁੱਖ ਨੂੰ ਕੋਈ ਸ਼ਕਤੀ ਹਾਸਲ ਕਰਕੇ ਹੰਕਾਰ ਨਹੀਂ ਕਰਨਾ ਚਾਹੀਦਾ। ਕਿਉਂਕਿ ਪ੍ਰਮਾਤਮਾ ਜੋ ਇਕ ਸ਼ਕਤੀ ਦੇਂਦਾ ਹੈ ਤਾਂ ਦੂਸਰੀ ਹੰਕਾਰ ਤੋੜਨ ਵਾਸਤੇ ਕੋਲ ਰਖ ਲੈਂਦਾ ਹੈ। ਦੂਸਰਾ ਜੋ ਸੱਚੇ ਦਿਲੋਂ ਪ੍ਰਮਾਤਮਾ ਦੀ ਭਗਤੀ ਕਰਦਾ ਹੈ, ਉਸ ਨੂੰ ਦੁਸ਼ਮਨਾਂ ਵਲੋਂ ਤੱਤੀ ਵਾ ਨਹੀਂ ਲਗਦੀ । 'ਸਤਿਨਾਮ ਵਾਹਿਗੁਰੂ।'

# ੬੪. ਭਗਤ ਸੁਦਾਮਾ

ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ । ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ । ਚਲਿਆ ਗਣਦਾ ਗਟੀਆਂ ਕਿਉ ਕਰਿ ਜਾਈਐ ਕਉਣੁ ਮਿਲਾਏ। ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਏ । ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ। ਪਹਿਲੇ ਦੇ ਪਰਦਖਣਾ ਪੈਰੀ ਪੈਕੇ ਲੈ ਗਲਿ ਲਾਏ । ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ। ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ । ਲੈਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ । ਚਾਰਿ ਪਦਾਰਥ ਸਕੁਚਿ ਪਠਾਏ ॥੯॥ (ਵਾਰ ਭਾਈ ਗੁਰਦਾਸ ਜੀ, ਵਾਰ ੧੦)

ਸੁਦਾਮਾ ਜੀ ਗੋਕਲ ਦੇ ਬ੍ਰਾਹਮਣ ਸਨ। ਛੋਟੀ ਉਮਰ ਵਿਚ ਇਹ ਸੰਪੀਦਨ ਗੁਰੂ ਪਾਸ ਪੜ੍ਹਿਆ ਕਰਦੇ ਸਨ। ਓਸੇ ਗੁਰੂ ਪਾਸ ਸ੍ਰੀ ਕ੍ਰਿਸ਼ਨ ਜੀ ਪੜ੍ਹਦੇ ਸਨ। ਇਕ ਗੁਰੂ ਦੇ ਕੋਲ ਪੜ੍ਹਨ ਕਰਕੇ ਗੁਰਭਾਈ ਸਨ। ਦੋਹਾਂ ਦਾ ਇਕ ਦੂਸਰੇ ਨਾਲ ਪਿਆਰ ਸੀ। ਜਦੋਂ ਕਦੀ ਗੁਰੂ ਇਹਨਾਂ ਨੂੰ ਕਿਸੇ ਕੰਮ ਭੇਜਦਾ ਤਾਂ ਜੋਟੀ ਬਣਾ ਕੇ ਇਹ ਦੋਵੇਂ ਇਕੱਠੇ ਜਾਂਦੇ। ਇਕ ਦਿਨ ਦੀ ਕਥਾ ਹੈ ਗੁਰੂ ਨੇ ਇਹਨਾਂ ਨੂੰ ਬਨ ਵਿਚੋਂ ਲੱਕੜੀਆਂ ਲਿਆਉਣ ਵਾਸਤੇ ਭੇਜਿਆ, ਜਦੋਂ ਦੋਵੇਂ ਸੁਕੀਆਂ ਲੱਕੜੀਆਂ ਚੁਨ ਰਹੇ ਸਨ ਤਾਂ ਬਾਰਸ਼ ਆ ਗਈ। ਬਾਰਸ਼ ਤੋਂ ਬਚਣ ਵਾਸਤੇ ਇਕ ਰੁੱਖ ਥੱਲੇ ਦੋਵੇਂ ਬੈਠ ਗਏ।

ਓਸ ਦਿਨ ਜਦੋਂ ਸੁਦਾਮਾ ਘਰੋਂ ਤੁਰਿਆ ਸੀ ਤਾਂ ਉਸ ਦੀ ਮਾਤਾ ਨੇ ਭੁਜੇ ਹੋਏ ਛੋਲੇ ਚਬਣ ਵਾਸਤੇ ਦਿਤੇ ਸਨ। ਉਹ ਛੋਲੇ ਸੁਦਾਮੇ ਨੇ ਧੋਤੀ ਦੀ ਕੰਨੀਂ ਬੰਨ੍ਹੇ ਹੋਏ ਸਨ। ਕੰਮ ਦੀ ਬਹੁਲਤਾ ਕਰਕੇ ਇਹਨਾਂ ਨੂੰ ਅਜੇ ਚਬਿਆ ਨਹੀਂ ਸੀ। ਪਾਲੇ ਤੋਂ ਡਰਦੇ ਹੋਏ ਜਦੋਂ ਝੁੰਬ ਮਾਰ ਕੇ ਬੈਠੇ ਤਾਂ ਬੁਕਲ ਵਿਚ ਮੂੰਹ ਪਾ ਕੇ ਸੁਦਾਮਾ ਛੋਲੇ ਚੱਬਣ ਲੱਗਾ। ਸ੍ਰੀ ਕ੍ਰਿਸ਼ਨ ਜੀ ਨੇ ਜਦੋਂ ਛੋਲੇ ਚੱਬਣ ਦੀ ਆਵਾਜ ਸੁਣੀ ਤਾਂ ਉਸ ਨੇ ਆਪਣੇ ਮਿੱਤਰ ਸੁਦਾਮੇ ਨੂੰ ਪੁਛਿਆ, 'ਹੇ ਸਖੇ! ਬੁੱਕਲ ਵਿਚ ਮੂੰਹ ਪਾ ਕੇ ਕੀ ਚੱਬ ਰਿਹਾ ਹੈ?' ਕਿਉਂਕਿ ਸੁਦਾਮਾ ਆਪਣੇ ਮਿੱਤਰ ਕੋਲੋਂ ਚੋਰੀ ਛੋਲੇ ਚੱਬ ਰਿਹਾ ਸੀ, ਇਸ ਕਰਕੇ ਉਸ ਨੂੰ ਸੱਚ ਬੋਲਣ ਦਾ ਹੌਸਲਾ ਨਾ ਪਿਆ। ਉਸ ਨੇ ਉੱਤਰ ਦਿਤਾ, 'ਮਿੱਤਰਾ! ਚੱਬਣਾ ਕੀ ਠੰਡ ਨਾਲ ਦੰਦੋੜਿਕੇ ਵੱਜ ਰਹੇ ਸਨ।'

ਸ੍ਰੀ ਕ੍ਰਿਸ਼ਨ ਜੀ ਭਾਵੇਂ ਅਜੇ ਬਾਲ ਅਵਸਥਾ ਵਿਚ ਸਨ ਫਿਰ ਵੀ ਉਹ ਬੜੇ ਤੀਖਣ ਬੁਧੀ ਵਾਲੇ ਅੰਤਰਜਾਮੀ ਘਟ-ਘਟ ਦੀ ਜਾਨਣ ਵਾਲੇ ਸਨ। ਸ੍ਰੀ ਕ੍ਰਿਸ਼ਨ ਜੀ ਨੇ ਆਖਿਆ—'ਓ ਕੰਗਾਲ! ਮਾਮੂਲੀ ਛੋਲਿਆਂ ਬਦਲੇ ਝੂਠ ਬੋਲਣ ਦਾ ਕੀ ਲਾਭ ਹੈ?'

ਵਿਦਿਆ ਪੜ੍ਹਨ ਦਾ ਸਮਾਂ ਮੁੱਕ ਗਿਆ। ਸਾਰੇ ਵਿਦਿਆਰਥੀ ਇਕ ਦੂਸਰੇ ਕੋਲੋਂ ਵਿਛੜ ਗਏ। ਕ੍ਰਿਸ਼ਨ ਸੁਦਾਮੇ ਨੂੰ ਵੀ ਸਮੇਂ ਨੇ ਵਿਛੋੜ ਦਿਤਾ, ਸੁਦਾਮੇ ਦਾ ਵਿਆਹ ਹੋ ਗਿਆ। ਵਹੁਟੀ ਘਰ ਆ ਗਈ। ਪਰ ਮਾਂ ਬਾਪ ਚਲਾਣਾ ਕਰ ਗਏ, ਸੁਦਾਮੇ ਦੇ ਮਾਂ-ਬਾਪ ਚਲਾਣਾ ਕਰਨ ਦੀ ਢਿੱਲ ਸੀ ਘਰੋਂ ਰਿਜਕ ਇਸ ਤਰ੍ਹਾਂ ਚਲਿਆ ਗਿਆ ਜਿਵੇਂ ਨੀਵੀਂ ਥਾਂ ਵਲ ਪਾਣੀ ਰਿੜ੍ਹ ਜਾਂਦਾ ਹੈ।

ਸੁਦਾਮਾ ਕੰਗਾਲ ਹੋ ਗਿਆ, ਧਨ ਕਮਾਉਣ ਵਾਸਤੇ ਉਹ ਬੜੇ ਉਪਰਾਲੇ ਕਰਦਾ ਪਰ ਉਸਦੀ ਕਮਾਈ ਵਿਚ ਬਰਕਤ ਨਾ ਪੈਂਦੀ। ਸੋਨੇ ਨੂੰ ਹੱਥ ਲਾਉਂਦਾ ਤਾਂ ਉਹ ਮਿੱਟੀ ਹੋ ਜਾਂਦਾ, ਗ਼ਰੀਬੀ ਨਾਲ ਘੁਲਦਿਆਂ ਹੋਇਆਂ ਚੋਖਾ ਸਮਾਂ ਬੀਤ ਗਿਆ। ਬਾਲ ਬੱਚੇ ਹੋਏ, ਉਹ ਵੀ ਅਧੇ ਪੇਟ ਭੁਖੇ ਹੀ ਦਿਹਾੜੇ ਕੱਟਣ ਲਗੇ।

ਦੂਸਰੇ ਪਾਸੇ ਸ੍ਰੀ ਕ੍ਰਿਸ਼ਨ ਜੀ ਗੋਕਲ ਨੂੰ ਛੱਡ ਕੇ ਮਥਰਾ ਪੁਜੇ ਤੇ ਮਥਰਾ ਤੋ ਦਵਾਰਕਾ ਜਾ ਕੇ ਮਹਾਰਾਜ ਬਣ ਗਏ। ਉਨ੍ਹਾਂ ਦੀ ਪ੍ਰਭਤਾ ਬਹੁਤ ਵਧ ਗਈ ਅੱਠ ਵਿਆਹ ਕਰ ਲਏ ਅਤੇ ਕਈਆਂ ਰਾਜਿਆਂ ਨਾਲ ਯੁੱਧ ਕਰਕੇ ਉਹਨਾਂ ਦੀਆਂ ਰਾਣੀਆਂ ਤੇ ਧਨ ਸੰਪਦਾ ਨੂੰ ਆਪਣੇ ਬਣਾ ਬੈਠੇ ਸਨ। ਜਦੋਂ ਦਵਾਰਕਾ 'ਚ ਰਾਜ ਕਰ ਰਹੇ ਸਨ ਤਾਂ ਇਕ ਦਿਨ ਸੁਦਾਮੇ ਦੀ ਵਹੁਟੀ ਸੁਸ਼ੀਲਾ ਨੂੰ ਕਿਸੇ ਬ੍ਰਾਹਮਣੀ ਨੇ ਤਾਨ੍ਹਾਂ ਮਾਰ ਕੇ ਆਖਿਆ—'ਨੀ ਸੁਸ਼ੀਲਾ! ਭੁਖੇ ਜੁ ਮਰ ਰਹੇ ਜੇ, ਤੇਰੇ ਪਤੀ ਦਾ ਮਿੱਤਰ ਸ੍ਰੀ ਕ੍ਰਿਸ਼ਨ ਦਵਾਰਕਾ ਦਾ ਮਹਾਰਾਜਾ ਹੈ। ਉਸ ਕੋਲ ਪਤੀ ਨੂੰ ਭੇਜ ਕੇ ਕੁਝ ਸਹਾਇਤਾ ਕਿਉਂ ਨਹੀ ਲੈ ਲੈਂਦੀ? ਇਕ ਬ੍ਰਾਹਮਣ ਨੂੰ ਮਹਾਰਾਜੇ ਦੇ ਦਰਬਾਰ ਵਿੱਚ ਜਾਂਦਿਆਂ ਸ਼ਰਮ ਕਾਹਦੀ ਹੈ, ਨਾਲੇ ਕ੍ਰਿਸ਼ਨ ਤਾਂ ਬੜਾ ਧਰਮੀ ਅਤੇ ਦਇਅਵਾਨ ਅਤੇ ਦਾਨੀ ਪੁਰਸ਼ ਹੈ ਤੇਰਾ ਪਤੀ ਕੋਈ ਅਨਪੜ੍ਹ ਤੇ ਮੂਰਖ ਨਹੀਂ, ਉਚ ਕੋਟੀ ਦਾ ਵਿਦਵਾਨ ਹੈ। ਇਸ ਨੂੰ ਘਰ ਬੈਠਿਆਂ ਤਾਂ ਕਿਸੇ ਨੇ ਕੁਝ ਦੇ ਨਹੀਂ ਜਾਣਾ।' ਗੁਵਾਂਢਣ ਦੇ ਇਹ ਬਚਨ ਸੁਸ਼ੀਲਾ ਦੇ ਮਨ ਨੂੰ ਚੰਗੇ ਲਗੇ, ਉਸਨੇ ਮਨ ਨਾਲ ਫ਼ੈਸਲਾ ਕਰ ਲਿਆ ਕਿ ਜਦੋਂ ਰਾਤ ਨੂੰ ਉਸ ਦਾ ਪਤੀ ਘਰ ਆਵੇਗਾ ਤਾਂ ਉਹ ਜਰੂਰ ਦਵਾਰਕਾ ਕ੍ਰਿਸ਼ਨ ਕੋਲ ਜਾਣ ਨੂੰ ਕਹੇਗੀ।

ਕੰਗਾਲ ਸੁਦਾਮਾ ਸਾਰਾ ਦਿਨ ਭੌਂਦਾ ਹੋਇਆ ਖ਼ਾਲੀ ਹੱਥ ਰਾਤ ਨੂੰ ਘਰ ਮੁੜਿਆ, ਉਹ ਦਿਨ ਸੁਸ਼ੀਲਾ ਨੇ ਭੀ ਚੁਲੇ ਅੱਗ ਨਹੀਂ ਸੀ ਬਾਲੀ ਕਿਉਂਕਿ ਰਿੰਨ੍ਹਣ ਤੇ ਪਕਾਉਣ ਵਾਸਤੇ ਘਰ ਕੁਝ ਨਹੀਂ ਸੀ। ਸੁਦਾਮਾ ਘਰ ਪੁੱਜਾ ਤੇ ਬੇ-ਹੌਸਲਾ ਜਿਹਾ ਹੋਇਆ ਮੰਜੀ ਉਤੇ ਲੇਟ ਗਿਆ। ਉਸ ਨੂੰ ਭੁੱਖ ਲਗੀ ਹੋਈ ਸੀ, ਪਰ ਕੁਝ ਖਾਣ ਨੂੰ ਮੰਗਣ ਵਾਸਤੇ ਹੀਆ ਨਹੀਂ ਸੀ ਪੈਂਦਾ। ਸੁਸ਼ੀਲਾ ਨੇ ਉਸ ਦੇ ਨੇੜੇ ਹੋ ਕੇ ਆਖਿਆ—'ਸੁਆਮੀ ਜੀ! ਇਸ ਤਰ੍ਹਾਂ ਟੁਟੇ ਦਿਲ ਮੰਜੀ ਉਤੇ ਲੇਟੇ ਰਹਿਣ ਨਾਲ ਤਾਂ ਪੇਟ ਦਾ ਝੁਲਕਾ ਨਹੀਂ ਆ ਜਾਣਾ। ਉਤੇ ਤੇੜ ਤੇ ਪੇਟ ਵਾਸਤੇ ਤਾਂ ਜਰੂਰ ਕੋਈ ਉਪਰਾਲਾ ਕਰਨਾ ਪਵੇਗਾ।'

ਸੁਦਾਮਾ—'ਮੈਨੂੰ ਤਾਂ ਕੁਝ ਨਹੀਂ ਸੁਝਦਾ, ਅਕਲ ਮਾਰੀ ਗਈ, ਬੁਧੀ ਭ੍ਰਿਸ਼ਟ ਹੋ ਗਈ, ਛੋਟੇ ਬਾਲ ਵੀ ਮਖੌਲ ਕਰਦੇ ਹਨ। ਜਿਧਰ ਜਾਂਦਾ ਹਾਂ ਹਨੇਰਾ ਹੀ ਹਨੇਰਾ ਦਿਸਦਾ ਹੈ। ਮੇਰੇ ਭਾਗ ਵਿਚ ਨਾ ਰਿਜਕ ਹੈ ਨਾ ਸੋਨਾ ਚਾਂਦੀ। ਫ਼ਿਕਰ, ਦੁੱਖ, ਭੁੱਖ, ਨੰਗ, ਝਿੜਕਾਂ-ਮਿਹਣੇ। ਇਸ ਬਾਰਸ਼ ਨਾਲ ਇਹ ਕੱਖਾਂ ਦੀ ਕੁਲੀ ਵੀ ਖ਼ਤਮ ਹੋ ਜਾਵੇਗੀ। ਰਾਤ ਕੱਟਣ ਦਾ ਆਸਰਾ ਵੀ ਨਹੀਂ ਰਹੇਗਾ। ਤਾਰਿਆਂ ਦੀ ਛਾਵੇਂ ਲੇਟਣਾ ਹੋਵੇਗਾ। ਪਤਾ ਨਹੀਂ ਭਗਵਾਨ ਦੀ ਕੀ ਕ੍ਰੋਪੀ ਹੈ?'

ਸੁਸ਼ੀਲਾ—'ਸੁਆਮੀ ਜੀ! ਹੌਂਸਲਾ ਨਾ ਹਾਰੋ। ਭਗਵਾਨ ਨੇ ਜਿੰਨੀ ਅਸਾਡੀ ਪ੍ਰੀਖਿਆ ਕਰਨੀ ਸੀ ਸੋ ਕਰ ਲਈ। ਜੀਵਨ ਦਾ ਕਾਲਾ ਹਿੱਸਾ ਖ਼ਤਮ ਹੋਣ ਵਾਲਾ ਹੈ। ਉਠੋ, ਮੈਂ ਇਕ ਵਿਉਂਤ ਦਸਦੀ ਹਾਂ, ਜਰੂਰ ਭਾਗਾਂ ਦਾ ਚੱਕਰ ਸਿੱਧਾ ਚਲੇਗਾ।'

ਸੁਦਾਮਾ—'ਉਹ ਕਿਵੇਂ?'

ਸੁਸ਼ੀਲਾ—(ਨਿੰਮ੍ਰਤਾ ਨਾਲ) 'ਜੀ ਮੈਂ ਸੁਣਿਆ ਹੈ ਸ੍ਰੀ ਕ੍ਰਿਸ਼ਨ ਜੀ ਤੁਸਾਂ ਦੇ ਬਾਲ ਸਖਾ (ਬਚਪਨ ਦੇ ਮਿਤ੍ਰ) ਹਨ, ਉਹ ਬੜੇ ਧਰਮੀ, ਦਇਆਵਾਨ ਤੇ ਦਾਨੀ ਹਨ ਉਨ੍ਹਾਂ ਕੋਲ ਜਾਵੋ। ਉਹ ਦਵਾਰਕਾ ਦੇ ਮਹਾਰਾਜੇ ਨੇ। ਜ਼ਰੂਰ ਤੁਸਾਂ ਦੀ ਸਹਾਇਤਾ ਕਰਨਗੇ।'

ਸੁਦਾਮਾ—(ਸੋਚ ਕੇ) 'ਮਿਤ੍ਰ ਤਾਂ ਉਹ ਜ਼ਰੂਰ ਹਨ ਪਰ ਕੀ ਅਮੀਰ ਮਿਤ੍ਰ ਕੋਲੋਂ ਜਾ ਕੇ ਮੰਗਾਂ। ਤਲੀ ਅੱਡ ਕੇ ਕਿਸੇ ਮੰਗਣ ਨਾਲੋਂ ਤਾਂ ਮੈਂ ਮਰ ਜਾਣਾ ਚੰਗਾ ਹੈ। ਹੋਰ ਚਾਰ ਦਿਨਾਂ ਨੂੰ ਮਰ ਜਾਵਾਂਗੇ। ਮਰਨਾ ਸੌਖਾ ਤੇ ਮੰਗਣਾ ਔਖਾ।'

ਸੁਸ਼ੀਲਾ—'ਇਸ ਤਰ੍ਹਾਂ ਆਲਸ ਨਾਲ ਭੁਖਿਆਂ ਮਰਨਾ ਆਤਮਘਾਤ ਕਰਨਾ ਹੈ। ਨਾਲ ਹੀ ਮੇਰੀ ਤੇ ਤਿੰਨਾਂ ਬਚਿਆਂ ਦੀ ਮੌਤ ਦੀ ਹੱਤਿਆ ਦਾ ਪਾਪ ਵੀ ਤੁਸਾਂ ਨੂੰ ਲਗੇਗਾ, ਨਰਕਾਂ ਦੇ ਭਾਗੀ ਹੋਵੋਗੇ।'

ਸੁਦਾਮਾ—'ਜਦੋਂ ਮੈਂ ਇਥੇ ਨਰਕ ਭੋਗ ਰਿਹਾ ਹਾਂ ਤਾਂ ਅਗਲੇ ਨਰਕ ਕੋਲੋਂ ਮੈਨੂੰ ਕੀ ਡਰ?'

ਸੁਸ਼ੀਲਾ—'ਮੈਂ ਆਖਦੀ ਹਾਂ ਇਨ੍ਹਾਂ ਵਹਿਮਾਂ ਨੂੰ ਛੱਡੋ। ਤਿਆਰੀ ਕਰੋ ਦਵਾਰਕਾ ਜਾਣ ਦੀ। ਇਕ ਹੰਭਲਾ ਜ਼ਰੂਰ ਮਾਰੋ। ਸ਼ਾਇਦ ਦਿਨ ਫਿਰ ਜਾਣ।'

ਸੁਦਾਮਾ—'ਦਿਨ ਫਿਰ ਗਏ ਨੇ। ਆਪਾਂ ਸਾਰੇ ਮਰ ਕੇ ਪ੍ਰਲੋਕ ਜਾਣ ਵਾਲੇ

ਹਾਂ।'

ਸੁਸ਼ੀਲਾ—'ਅਸਾਂ ਨਹੀਂ ਮਰਨਾ, ਸਵੇਰੇ ਜਾਉ। ਚਿੱਟੀ ਮੇਰੀ ਧੋਤੀ ਜੋ ਹੈ ਓਹ ਤੇੜ ਬੰਨ੍ਹ ਜਾਓ। ਜਦੋਂ ਗ਼ਰੀਬ ਹੋਏ ਫਿਰ ਸ਼ਰਮ ਕਾਹਦੀ ? ਦੂਸਰੇ ਬ੍ਰਾਹਮਣ ਹਾਂ, ਗ਼ਰੀਬ ਬ੍ਰਾਹਮਣ ਨੂੰ ਰਾਜ ਦਰਬਾਰ ਵਿਚ ਜਾਂਦਿਆਂ ਕੋਈ ਝਿਜਕ ਨਹੀਂ ਹੋਣੀ ਚਾਹੀਦੀ।'

ਸੁਦਾਮਾ—'ਮਿਤ੍ਰ ਕੋਲ ਜਾਵਾਂ ! ਇਸ ਹਾਲਤ ਵਿਚ। ਪੈਰਾਂ ਤੋ ਨੰਗਾ ਸਿਰੋਂ ਨੰਗਾ, ਕੰਨੀਓਂ ਖ਼ਾਲੀ, ਪੇਟੋਂ ਭੁੱਖਾ।'

ਸੁਸ਼ੀਲਾ—'ਹਾਂ, ਏਸੇ ਤਰ੍ਹਾਂ। ਆਖੋ ਤਾਂ ਮੈਂ ਨਾਲ ਚੱਲਦੀ ਹਾਂ। ਉਹ ਤੁਸਾਂ ਦੇ ਗੁਰਭਾਈ ਤੇ ਮੇਰੇ ਦੇਵਰ ਹਨ। ਮੈਂ ਆਪ ਜਾ ਕੇ ਤਰਲਾ ਕਰਦੀ ਹਾਂ।'

ਸੁਦਾਮਾ—'ਸ਼ੀਹ, ਤੂੰ ਜਾਵੇਂ, ਅਕਲ ਕਰ। ਘਰ ਬੈਠੀ ਮਰ ਜਾ। ਪਰ ਤੂੰ ਕਿਤੇ ਜਾ ਨਹੀਂ ਸਕਦੀ।'

ਕਿੰਨੀ ਰਾਤ ਗਈ ਤਕ ਇਉਂ ਦੋਹਾਂ ਜੀਆਂ ਵਿਚ ਝਗੜਾ ਹੁੰਦਾ ਰਿਹਾ। ਆਖ਼ਰ ਸੁਸ਼ੀਲਾ ਨੇ ਸੁਦਾਮੇ ਨੂੰ ਮਨਾ ਲਿਆ। ਰਾਤ ਫ਼ੈਸਲਾ ਕਰ ਕੇ ਸੁਤੇ ਕਿ ਸਵੇਰੇ ਸੁਦਾਮਾ ਸ੍ਰੀ ਕ੍ਰਿਸ਼ਨ ਜੀ ਨੂੰ ਮਿਲਣ ਵਾਸਤੇ ਜਾਵੇਗਾ। ਕਿਸੇ ਦੇ ਘਰ ਲੜਕੀ ਦਾ ਵਿਆਹ ਸੀ ਉਸ ਘਰੋਂ ਰੋਟੀ ਆਈ, ਓਹ ਖਵਾ ਕੇ ਸੁਦਾਮੇ ਨੂੰ ਪ੍ਰਸੰਨ ਕੀਤਾ ਥੋੜਾ ਜਿਹਾ ਕੜਾਹ ਤੇ ਚਾਰ ਫੁਲਕੇ ਸਵੇਰ ਵਾਸਤੇ ਰੱਖ ਛਡੇ। ਓਹੋ ਕੰਨੀ ਬੰਨ੍ਹਕੇ ਸਵੇਰੇ ਤੋਰ ਦਿਤਾ ਜਾਵੇਗਾ। ਭਾਈ ਗੁਰਦਾਸ ਜੀ ਲਿਖਦੇ ਹਨ—

*ਬਿਪ੍ਰੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।*
*ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।*
*ਚਲਿਆ ਗਣਦਾ ਗਟੀਆਂ ਕਿਉ ਕਰਿ ਜਾਈਐ ਕਉਣੁ ਮਿਲਾਏ।*

ਪ੍ਰਮਾਰਥ—ਬ੍ਰਾਹਮਣ ਸੁਦਾਮਾ ਕੰਗਾਲ ਸੀ ਪਰ ਓਹ ਸ੍ਰੀ ਕ੍ਰਿਸ਼ਨ ਜੀ ਦਾ ਬਚਪਨ ਦਾ ਮਿਤ੍ਰ ਸੀ। ਬ੍ਰਾਹਮਣੀ (ਉਸਦੀ ਵਹੁਟੀ) ਆਖਣ ਲਗੀ ਕਿ ਜਗਤ ਦੇ ਵਾਲੀ (ਸ੍ਰੀ ਕ੍ਰਿਸ਼ਨ) ਨੂੰ ਮਿਲ ਤੇਰੀ ਕੰਗਾਲੀ ਦੂਰ ਹੋਵੇ। ਵਹੁਟੀ ਦੇ ਆਖੇ ਲਗ ਕੇ ਗਿਟੀਆਂ ਗਿਣਦਾ ਤੁਰਿਆ ਗਿਆ। ਰਾਹ ਵਿਚ ਉਹ ਸੋਚਦਾ ਜਾਂਦਾ ਸੀ, ਮੈਂ ਸੁਸ਼ੀਲਾ ਦੇ ਆਖੇ ਤੁਰ ਤਾਂ ਪਿਆ ਹਾਂ। ਇਕ ਦੂਜੇ ਨਾਲੋਂ ਵਿਛੜਿਆਂ ਕਈ ਸਾਲ ਹੋ ਗਏ। ਕੀ ਪਤਾ ਉਹ ਪਛਾਣੇ ਕਿ ਨਾ ਪਛਾਣੇ। ਓਹ ਤਾਂ ਬਣ

ਗਿਆ ਵੱਡਾ ਮਹਾਰਾਜਾ। ਮਹਾਰਾਜਿਆਂ ਨੂੰ ਤਾਂ ਵੈਸੇ ਹੀ ਕਿਸੇ ਦੀ ਪਹਿਚਾਣ ਨਹੀਂ ਰਹਿੰਦੀ। ਮੈਂ ਐਸਾ ਕਿਹੜਾ ਵਕੀਲ ਮਿਥਾਂ ਜੋ ਮੇਰੀ ਜਾਣ ਪਛਾਣ ਕਰਾਵੇ। ਮੇਰੀ ਇਸ ਹਾਲਤ ਨੂੰ ਦੇਖ ਕੇ ਕਿਸੇ ਨੇ ਮੈਨੂੰ ਰਾਜ ਦਰਬਾਰ ਦੇ ਨੇੜੇ ਵੀ ਨਹੀਂ ਢੁਕਣ ਦੇਣਾ। ਇਉਂ ਸੋਚਾਂ ਵਿਚ ਮਗਨ ਸੁਦਾਮਾ ਦਵਾਰਕਾ ਨਗਰੀ ਦੇ ਨੇੜੇ ਪਹੁੰਚ ਗਿਆ। ਦਵਾਰਕਾ ਨਗਰੀ ਸਵਰਗ ਦਾ ਨਮੂਨਾ ਸੀ। ਉਸ ਨੂੰ ਦੇਖ ਕੇ ਓਹਦਾ ਮਨ ਪ੍ਰਸੰਨ ਤਾਂ ਹੋਇਆ ਪਰ ਉਸ ਨੂੰ ਆਪਣੇ ਆਪ ਉਤੇ ਅਫ਼ਸੋਸ ਸੀ ਓਹਦੇ ਨੰਗੇ ਪੈਰ ਬਿਆਈਆਂ ਨਾਲ ਪਾਟੇ ਹੋਏ ਸਨ। ਪੈਰਾਂ ਦੇ ਉਪਰਲੇ ਛਪਰਾਂ ਉਤੇ ਐਨੀ ਮੈਲ ਸੀ ਜੋ ਕੋਈ ਯਤਨ ਕਰਨ ਤੇ ਵੀ ਨਹੀਂ ਸੀ ਲੱਥਦੀ। ਪਾਟੀ ਹੋਈ ਧੋਤੀ ਦੀ ਕੰਨੀਂ ਥੋੜੀ ਜਿਹੀ ਤਰਚੌਲੀ (ਤਿਲ ਤੇ ਚੌਲ) ਉਹ ਤ੍ਰਿਚੌਲੀ ਮਹਾਰਾਜ ਕ੍ਰਿਸ਼ਨ ਜੀ ਨੂੰ ਭੇਟ ਚੜ੍ਹਾਉਣੀ ਸੀ। ਜਿਸ ਭੇਟਾ ਨੂੰ ਦੇਖ ਕੇ ਖ਼ੁਦ ਸੁਦਾਮਾ ਸ਼ਰਮਿੰਦਾ ਹੋ ਰਿਹਾ ਸੀ। ਖ਼ੈਰ ਹੌਲੀ-ਹੌਲੀ ਓਹ ਸ੍ਰੀ ਕ੍ਰਿਸ਼ਨ ਜੀ ਦੇ ਰਾਜ ਮਹਿਲਾਂ ਕੋਲ ਪੁੱਜਾ। ਅਗੇ ਦੁਆਰਪਾਲ ਖਲੋਤੇ ਸਨ। ਉਨ੍ਹਾਂ ਦੇ ਤਨ ਦੀ ਫਬਤ ਨੂੰ ਦੇਖ ਕੇ ਓਹ ਘਬਰਾ ਗਿਆ। ਦੁਆਰਪਾਲਾਂ ਦੇ ਲੀੜੇ ਐਸੇ ਸਨ ਜਿਨ੍ਹਾਂ ਦੀ ਕੀਮਤ ਦਾ ਅੱਟਾ ਸੱਟਾ ਗ਼ਰੀਬ ਬ੍ਰਾਹਮਣ ਨਹੀਂ ਸੀ ਲਾ ਸਕਦਾ। ਮੱਹਲ ਦੇ ਸਿੰਘ ਪੌੜ ਉਤੇ ਪੁੱਜ ਕੇ ਅਜੇ ਹੈਰਾਨੀ ਨਾਲ ਏਧਰ ਓਧਰ ਦੇਖ ਰਿਹਾ ਸੀ ਕਿ ਦੁਆਰਪਾਲ ਨੇ ਅਗੇ ਹੋ ਕੇ ਸਤਿਕਾਰ ਨਾਲ ਪੁਛਿਆ—'ਹੇ ਪੁਰਸ਼ੋ! ਕਿਸ ਨੂੰ ਮਿਲਣਾ ਹੈ? ਕਿਥੋਂ ਆਏ ਹੋ?'

ਸੁਦਾਮੇ ਨੇ ਘਬਰਾਹਟ ਨੂੰ ਦੂਰ ਕਰਦਿਆਂ ਹੋਇਆਂ ਅਟਕ-ਅਟਕ ਕੇ ਆਖਿਆ—'ਜੀ! ਮੈਂ ਮਹਾਰਾਜ ਕ੍ਰਿਸ਼ਨ ਜੀ ਨੂੰ ਮਿਲਣਾ ਹੈ। ਓਹ ਮੇਰੇ ਮਿੱਤਰ ਹਨ।'

ਦੁਆਰਪਾਲ ਸੁਦਾਮੇ ਦਾ ਇਹ ਉੱਤਰ ਸੁਣ ਕੇ ਹੈਰਾਨ ਹੋ ਗਿਆ। ਉਹ ਅਸਚਰਜਤਾ ਨਾਲ ਓਹਦੇ ਸਿਰ ਤੋਂ ਪੈਰਾਂ ਤਕ ਉਸ ਨੂੰ ਦੇਖਣ ਲੱਗਾ ਪਰ ਉਸ ਨੂੰ ਹੁਕਮ ਸੀ ਕਿ ਬਾਦਸ਼ਾਹ ਜਾਂ ਕੰਗਾਲ ਕੋਈ ਵੀ ਕ੍ਰਿਸ਼ਨ ਜੀ ਦਾ ਨਾਮ ਪੁਛ ਕੇ ਮਿਲਣ ਆਵੇ ਉਸ ਨੂੰ ਰੋਕਣਾ ਨਹੀਂ, ਗੁੱਸੇ ਹੋ ਕੇ ਮੋੜਨਾ ਨਹੀਂ, ਨਾ ਕਿਸੇ ਉਤੇ ਮਾੜਾ ਸ਼ੱਕ ਕਰਨਾ ਹੈ। ਮਾਲਕ ਦੀ ਆਗਿਆ ਦਾ ਪਾਲਣ ਕਰਨ ਵਾਸਤੇ ਦੁਆਰਪਾਲ ਸੁਦਾਮੇ ਨੂੰ ਇਕ ਥਾਂ ਬੈਠਾ ਕੇ ਆਪ ਅੰਦਰ ਗਿਆ। ਉਸ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਜਾ ਕੇ ਆਖਿਆ—'ਹੇ ਪ੍ਰਭੂ! ਇਕ ਨਿਰਾਲਾ

ਹੀ ਪੁਰਸ਼ ਆਪ ਨੂੰ ਮਿਲਣ ਵਾਸਤੇ ਆਇਆ ਹੈ। ਨਾ ਉਸਦੇ ਗਲ ਦਾ ਕੁੜਤਾ ਹੈ ਨਾ ਸਿਰ ਪੱਗ, ਪਾਟੀ ਹੋਈ ਧੋਤੀ ਨਾਲ ਨੰਗੇਜ ਕੱਜਿਆ ਹੈ। ਜੁੱਤੀ ਤਾਂ ਪੈਰੀਂ ਸ਼ਾਇਦ ਉਸ ਨੇ ਸਾਰੀ ਉਮਰ ਹੀ ਨਹੀਂ ਪਾਈ। ਓਹ ਆਖਦਾ ਹੈ ਮੈਂ ਭਗਵਾਨ ਦਾ ਮਿੱਤਰ ਸੁਦਾਮਾ ਹਾਂ ਉਹ ਬਾਹਰ ਬੈਠਾ ਹੈ।'

ਸੁਦਾਮੇ ਦਾ ਨਾਮ ਸੁਣ ਕੇ ਭਗਵਾਨ ਕ੍ਰਿਸ਼ਨ ਜੀ ਨੂੰ ਐਨੀ ਖ਼ੁਸ਼ੀ ਹੋਈ ਜਿੰਨੀ ਸ਼ਾਇਦ ਉਨ੍ਹਾਂ ਨੂੰ ਰਾਜ ਮਿਲਣ ਨਾਲ ਨਹੀਂ ਸੀ ਹੋਈ। ਮੇਰਾ ਮਿਤ੍ਰ ਸੁਦਾਮਾ ਆਇਆ। ਸੁਦਾਮਾ ਬਾਲ ਸਖਾ ਸੁਦਾਮਾ ਆਖਦੇ ਹੋਏ ਭਗਵਾਨ ਜੀ ਜਿਸ ਹਾਲਤ ਵਿਚ ਖਲੋਤੇ ਸਨ, ਓਸੇ ਹਾਲਤ ਵਿਚ ਹੀ ਬਾਹਰ ਨੂੰ ਨੱਠ ਉਠੇ। ਉਨ੍ਹਾਂ ਪੈਰੀਂ ਜੁਤੀ ਨਾ ਪਾਈ। ਦੁਆਰਪਾਲ ਨਾਲੋਂ ਬਹੁਤਾ ਨੱਸ ਕੇ ਸਿੰਘ ਪੌੜ ਵਾਲੀ ਡਿਉੜੀ ਵਿਚ ਆ ਗਏ, ਜਿਥੇ ਪ੍ਰਾਹੁਣਿਆਂ ਨੂੰ ਬੈਠਾਇਆ ਜਾਂਦਾ ਸੀ। ਸ੍ਰੀ ਕ੍ਰਿਸ਼ਨ ਜੀ ਨੂੰ ਆਉਂਦਾ ਦੇਖ ਸੁਦਾਮਾ ਉਠ ਕੇ ਖਲੋ ਗਿਆ। ਖਲੋਤੇ ਸੁਦਾਮੇ ਨੂੰ 'ਆ ਮਿਤਰ! ਆਖ ਕੇ ਭਗਵਾਨ ਨੇ ਜੱਫੀ ਪਾਈ। ਸੁਦਾਮੇ ਨੂੰ ਬਾਹੀਂ ਵਿਚ ਘੁੱਟ ਲਿਆ। ਉਸ ਘੁਟਣ ਨੇ ਸੁਦਾਮੇ ਦੇ ਸਾਰੇ ਦੁਖ ਦੂਰ ਕਰ ਦਿਤੇ। ਓਹਦੀ ਗ਼ਰੀਬੀ ਨੂੰ ਦੂਰ ਕਰ ਦਿਤਾ। ਮਿੱਤਰ ਨੂੰ ਘੁੱਟ ਕੇ ਹਿਰਦੇ ਤੇ ਗਲ ਨਾਲ ਲਾਇਆ। ਮਥਾ ਚੁੰਮਿਆ ਤੇ ਜੱਫੀ ਵਿਚ ਲੈ ਕੇ ਹੀ ਆਪਣੇ ਮਹੱਲ ਨੂੰ ਖਿੱਚ ਤੁਰੇ। ਰਾਜ ਮਹੱਲ ਵਿਚ ਪੁਜ ਕੇ ਆਸਣ ਉਤੇ ਬੈਠਾ ਦਿਤਾ। ਭਾਰਤ ਦੀ ਸਭਿਅਤਾ ਦੇ ਅਨੁਸਾਰ ਸ੍ਰੀ ਕ੍ਰਿਸ਼ਨ ਦੀ ਧਰਮ ਪਤਨੀ ਰੁਕਮਣੀ ਜੀ ਨੇ ਕੁੰਗੂ ਜਲ ਨਾਲ ਸੁਦਾਮੇ ਦੇ ਪੈਰ ਧੋਤੇ। ਸ੍ਰੀ ਭਗਵਾਨ ਜੀ ਆਖਦੇ ਨਹੀਂ ਥੱਕਦੇ ਅੱਜ ਭਾਗ ਜਾਗੇ ਹਨ। ਮੇਰਾ ਮਿੱਤਰ ਮੇਰੇ ਘਰ ਆਇਆ।

ਚਿਰਾਂ ਦੇ ਵਿਛੜੇ ਮਿੱਤਰ ਮਿਲੇ ਬਚਪਨ ਦੀਆਂ ਯਾਦਾਂ ਸੱਜਰੀਆਂ ਹੋ ਗਈਆਂ। ਗੁਰੂ ਜੀ ਕੋਲ ਪੜ੍ਹਨਾ, ਖੇਡਣਾ, ਹੋਮ ਵਾਸਤੇ ਲੱਕੜੀਆਂ ਚੁਗਣ ਜਾਣਾ ਆਦਿਕ ਘਟਨਾਵਾਂ ਚਿਤਰ ਬਣ-ਬਣ ਕੇ ਉਹਨਾਂ ਦੀਆਂ ਅੱਖਾਂ ਦੇ ਅਗੋਂ ਦੀ ਲੰਘੀਆਂ। ਜਿੰਨੀਆਂ ਯਾਦਾਂ ਸੱਜਰੀਆਂ ਹੁੰਦੀਆਂ ਜਾਂਦੀਆਂ, ਉਨੇ ਇਕ ਦੂਸਰੇ ਦੇ ਨੇੜੇ ਹੁੰਦੇ ਜਾਂਦੇ। ਸੁਖ ਸਾਂਦ ਪੁੱਛਣ ਤੇ ਹੋਰ ਗੱਲ-ਬਾਤ ਦੇ ਪਿਛੋਂ ਭਗਵਾਨ ਨੇ ਪੁਛਿਆ—'ਵੀਰ ਜੀ! ਚਿਰਾਂ ਪਿਛੋਂ ਆਏ ਜੇ, ਤੁਰਨ ਵੇਲੇ ਮੇਰੀ ਭਾਬੀ ਜੀ ਨੇ ਕੀ ਸੁਗਾਤ ਮੇਰੇ ਵਾਸਤੇ ਭੇਜੀ ਹੈ?'

ਰੁਕਮਣੀ ਦੇ ਹੁੰਦਿਆਂ ਸੁਦਾਮੇ ਨੂੰ ਹੌਂਸਲਾ ਨਾ ਪਿਆ ਕਿ ਉਹ ਧੋਤੀ ਕੰਨੀਓਂ

ਬੱਝੇ ਹੋਏ ਚਾਵਲ ਖੋਲ੍ਹ ਕੇ ਜਗਤ ਵਾਲੀ ਭਗਵਾਨ ਨੂੰ ਆਖੇ ਕਿ ਇਹ ਸੁਗਾਤ ਤੇਰੀ ਭਰਜਾਈ ਨੇ ਭੇਜੀ ਹੈ। ਉਹ ਚੁਪ ਰਹੇ, ਸੁਦਾਮਾ ਜੀ ਨੂੰ ਚੁਪ ਵੇਖ ਕੇ ਅੰਤਰਯਾਮੀ ਦਿਲਾਂ ਦੀ ਜਾਨਣਹਾਰੇ ਸ੍ਰੀ ਭਗਵਾਨ ਕ੍ਰਿਸ਼ਨ ਜੀ ਨੇ ਆਪ ਧੋਤੀ ਦੇ ਪਲਿਓਂ ਤ੍ਰਿਚੌਲੀ ਖੋਲ੍ਹ ਲਈ, ਤ੍ਰਿਚੌਲੀ ਖੋਲ੍ਹ ਕੇ ਨਾਲੇ ਤਾਂ ਚਬਦੇ ਗਏ, ਨਾਲੇ ਹੱਸਦੇ ਹੋਏ ਸੁਦਾਮੇ ਦੀ ਕੰਗਾਲਤਾ ਦੂਰ ਕਰੀ ਗਏ। 'ਵਾਹ ਓਏ ਚੰਗੇ ਮਿੱਤਰਾ! ਮੇਰੀ ਭਾਬੀ ਦੀ ਸੁਗਾਤ ਦੱਸੀ ਨਹੀਂ। ਆਹ! ਇਹ ਤਾਂ ਮਠਿਆਈਆਂ ਨਾਲੋਂ ਚੰਗੀ ਹੈ। ਐਸੀ ਚੰਗੀ ਵਸਤੂ ਮੈਂ ਕਦੀ ਨਹੀਂ ਦੇਖੀ। ਧੰਨ ਮੇਰੀ ਭਾਬੀ!' ਇਉਂ ਆਖਦੇ ਹੋਏ ਵਰ ਦੇਂਦੇ ਰਹੇ। ਧਨ ਦਾਸ ਦਾਸੀਆਂ ਮਹੱਲ ਲੀੜੇ ਤੇ ਸਤਿਕਾਰ ਬਖ਼ਸ਼ ਚੁਕੇ ਤਾਂ ਅਗੇ ਹੋ ਕੇ ਰੁਕਮਣੀ ਨੇ ਆਖਿਆ, 'ਪ੍ਰਭੂ ਬਸ! ਆਪ ਨੇ ਤਾਂ ਆਪਣੇ ਮਿੱਤਰ ਨੂੰ ਸਭ ਕੁਝ ਦੇ ਦਿਤਾ ਹੈ।' ਪ੍ਰਭੂ ਨੇ ਰੁਕਮਣੀ ਦਾ ਇਹ ਬਚਨ ਸੁਣ ਕੇ ਤ੍ਰਿਚੌਲੀ ਦਾ ਅੰਤਮ ਫੱਕਾ ਮਾਰਿਆ ਤੇ ਆਖਿਆ— 'ਮੇਰਾ ਮਿੱਤਰ ਮੇਰੇ ਵਰਗਾ ਹੈ। ਇਸ ਤੇ ਮੇਰੇ ਵਿਚ ਕੋਈ ਭੇਦ ਨਹੀਂ।'

ਸੁਦਾਮਾ ਬਹੁਤ ਪ੍ਰਸੰਨ ਹੋਇਆ। ਭਗਵਾਨ ਦੇ ਰਾਜ ਮਹੱਲ ਤੇ ਦਰਬਾਰ ਵਿਚ ਉਸ ਦਾ ਬਹੁਤ ਸਤਿਕਾਰ ਹੋਇਆ। ਪੂਰਾ ਮਹੀਨਾ ਭਗਵਾਨ ਦੇ ਕੋਲ ਰਹੇ। ਸੁਸ਼ੀਲਾ ਦੇ ਆਖਣ ਉਤੇ ਭਗਵਾਨ ਨੂੰ ਮਿਲਣ ਆਏ ਪਰ ਭਗਵਾਨ ਨੂੰ ਇਹ ਕਹਿਣ ਦਾ ਹੀਆ ਨਾ ਪਿਆ ਕਿ ਭਗਵਾਨ ਉਹਦੀ ਕੰਗਾਲਤਾ ਦਾ ਅੰਤ ਕਰਨ। ਆਪਣੇ ਮਿੱਤਰ—ਭਗਵਾਨ ਕ੍ਰਿਸ਼ਨ ਕੋਲੋਂ ਆਗਿਆ ਮੰਗੀ। ਘਰ ਨੂੰ ਵਾਪਸ ਮੁੜਿਆ। ਰਾਹ ਵਿਚ ਇਹ ਖ਼ਿਆਲ ਹੀ ਨਹੀਂ ਆਇਆ ਕਿ ਉਸਨੇ ਧਨ ਕਿਉਂ ਨਹੀ ਮੰਗਿਆ ਅਤੇ ਕ੍ਰਿਸ਼ਨ ਜੀ ਨੇ ਆਪ ਧਨ ਕਿਉਂ ਨਹੀਂ ਦਿਤਾ। ਭਗਵਾਨ ਨੇ ਉਸਦੀ ਆਤਮਾ ਨੂੰ ਤਕੜਾ ਕਰ ਦਿੱਤਾ। ਕਈ ਕੋਹ ਦਾ ਪੰਧ ਦੋ ਦਿਨਾਂ ਵਿਚ ਮੁਕ ਗਿਆ। ਆਪਣੇ ਘਰ ਦੇ ਨੇੜੇ ਆਇਆ, ਅੱਖਾਂ ਮਲਣ ਲੱਗ ਪਿਆ। ਅੱਖਾਂ ਮਲਦਾ ਹੋਇਆ ਆਪ ਮੁਹਾਰਾ ਬੋਲਿਆ— 'ਹੈਂ! ਮੈਂ ਭੁੱਲ ਕੇ ਕਿਹੜੇ ਸ਼ਹਿਰ ਆ ਵੜਿਆ ਮੇਰਾ ਪਿੰਡ ਇਹ ਤਾਂ ਨਹੀਂ। ਭਗਵਾਨ ਦੀ ਮਾਇਆ ਡਾਢੀ ਹੈ। ਖ਼ੁਸ਼ੀ ਦੇ ਨਸ਼ੇ ਵਿਚ ਰਾਹ ਹੀ ਭੁਲ ਗਿਆ। ਇਹ ਤਾਂ ਕਿਸੇ ਰਾਜੇ ਦੀ ਨਗਰੀ ਹੈ। ਬਾਗ, ਤਲਾਬ, ਸੁੰਦਰ ਮੰਦਰ। ਉਹ ਹੋਰ ਅਗੇ ਹੋਇਆ, ਉਸ ਦੀ ਹੈਰਾਨੀ ਦੀ ਹੱਦ ਕੋਈ ਨਾ ਰਹੀ ਜਦੋਂ ਉਸਨੇ ਦੇਖਿਆ ਕਿ ਤਿੰਨ ਛੱਤਾ ਮਕਾਨ ਹੈ ਜਿਸਦੇ ਸ਼ੀਸ਼ੇ ਤੇ ਰੰਗ ਰੋਗਨ ਕੀਤੀਆਂ

ਬਾਰੀਆਂ ਅੱਖਾਂ ਚੁੰਧਿਉਂਦੀਆਂ ਸਨ । ਅਜੇ ਉਹ ਸੋਚਾਂ ਵਿਚ ਹੀ ਸੀ ਕਿ ਸੁਦਾਮੇ ਦਾ ਵੱਡਾ ਲੜਕਾ ਉਥੇ ਆ ਨਿਕਲਿਆ, ਉਸ ਨੇ ਸੁਦਾਮੇ ਦੀਆਂ ਲੱਤਾਂ ਨੂੰ ਜੱਫੀ ਪਾ ਲਈ । ਪਿਤਾ ਜੀ ਆ ਗਏ । ਬਹੁਤ ਦਿਨ ਲਾ ਆਏ । ਮਾਤਾ ਜੀ ਉਡੀਕਦੇ ਰਹਿੰਦੇ ਨੇ ਚਲੋ ਛੇਤੀ ।

ਸੁਦਾਮਾ ਆਪਣੇ ਲੜਕੇ ਬਲਦੇਵ ਚੰਦਰ ਨੂੰ ਦੇਖ ਕੇ ਹੋਰ ਅਸਚਰਜ ਹੋਇਆ। ਬਲਦੇਵ ਚੰਦਰ ਨੇ ਰੇਸ਼ਮੀ ਲੀੜੇ ਪਾਏ ਹੋਏ ਸਨ । ਉਸ ਦੇ ਕੋਲੋਂ ਗੁਲਾਬ ਦੀ ਸੁਗੰਧੀ ਆ ਰਹੀ ਸੀ । ਸੁਦਾਮੇ ਨੇ ਉਸਨੂੰ ਪੁਛਿਆ, 'ਅਰੇ ਬਲਦੇਵ ! ਇਹ ਕਿਹੜਾ ਸ਼ਹਿਰ ਹੈ ਕਿਸ ਦੇ ਪਿੰਡ ਆ ਗਏ ਜੇ ? ਇਹ ਮਕਾਨ ਕਿਸਦੇ ਹਨ ?'

ਪਿਤਾ ਜੀ ਮਕਾਨ ਆਪਣੇ ਹਨ । ਆਪਣੇ ਪਿੰਡ ਹਾਂ । ਤੁਸਾਂ ਜੋ ਰੁਪਏ ਤੇ ਆਦਮੀ ਭੇਜੇ ਸੀ ਓਹ ਮਕਾਨ ਬਣਾ ਗਏ ਬਹੁਤ ਛੇਤੀ । ਬਹੁਤ ਚੰਗੇ ਲੋਕ ਸਨ ।

ਸੁਦਾਮਾ ਅਜੇ ਬਲਦੇਵ ਚੰਦਰ ਕੋਲੋਂ ਪੁਛ ਪੜਤਾਲ ਹੀ ਕਰ ਰਿਹਾ ਸੀ ਕਿ ਸੁਦਾਮੇ ਦੇ ਆਂਢੀ ਗੁਆਂਢੀ ਆ ਗਏ । ਸੁਦਾਮਿਆਂ ਤੂੰ ਭਾਗਾਂ ਵਾਲਾ ਪੁਰਸ਼ ਹੈਂ, ਮਹਾਰਾਜ ਕ੍ਰਿਸ਼ਨ ਨੂੰ ਮਿਲਿਓਂ ਤੇਰੇ ਸਾਰੇ ਦੁਖ ਦੂਰ ਹੋ ਗਏ । ਕੰਗਾਲੀ ਤੇਰੇ ਘਰੋਂ ਨੱਸ ਗਈ। ਸਾਰਿਆਂ ਨੇ ਇਕ ਜੁਬਾਨ ਹੋ ਕੇ ਆਖਿਆ। ਉਹ ਸੁਦਾਮੇ ਨੂੰ ਖਿੱਚ ਕੇ ਸੁਸ਼ੀਲਾ ਕੋਲ ਲੈ ਗਏ । ਸੁਸ਼ੀਲਾ ਨੇ ਸੁਦਾਮੇ ਦੇ ਚਰਨਾਂ ਉਤੇ ਮੱਥਾ ਟੇਕਿਆ ।

ਸੁਦਾਮੇ ਨੂੰ ਪਤਾ ਲੱਗ ਗਿਆ ਕਿ ਇਹ ਪ੍ਰਭੂ ਸ੍ਰੀ ਕ੍ਰਿਸ਼ਨ ਜੀ ਦੀ ਮਾਇਆ ਹੈ। ਓਸਨੇ ਪ੍ਰਭੂ ਦਾ ਧੰਨਵਾਦ ਕੀਤਾ। ਇਸ ਸਾਖੀ ਤੋਂ ਦੋ ਸਿਖਿਆ ਮਿਲਦੀਆਂ ਹਨ । ਇਕ ਤਾਂ ਇਹ ਕਿ ਮਿੱਤਰ ਜੇ ਅਮੀਰ ਹੋ ਜਾਵੇ ਤਾਂ ਉਸ ਨੂੰ ਗ਼ਰੀਬ ਮਿੱਤਰ ਭੁਲਣਾ ਨਹੀਂ ਚਾਹੀਦਾ। ਉਸ ਦੀ ਸਹਾਇਤਾ ਕਰਨੀ ਚਾਹੀਦੀ ਹੈ। ਦੂਸਰਾ ਪ੍ਰਭੂ ਦੀ ਭਗਤੀ ਕਰਨ ਦਾ ਫਲ ਮਿਲਦਾ ਹੈ । ਤੀਸਰੀ ਸਿਖਿਆ ਇਹ ਕਿ ਚੰਗੇ ਮਿੱਤਰ ਕੋਲੋਂ ਲੁਕਾ ਕੇ ਕੋਈ ਚੀਜ਼ ਨਹੀਂ ਖਾਣੀ ਚਾਹੀਦੀ। ਜੇ ਸੁਦਾਮਾ ਸ੍ਰੀ ਕ੍ਰਿਸ਼ਨ ਕੋਲੋਂ ਲੁਕੋ ਕੇ ਛੋਲੇ ਚੱਬਦਾ ਤਾਂ ਗ਼ਰੀਬੀ ਦਾ ਸਰਾਪ ਕਿਉਂ ਲੈਂਦਾ।

# ੬੫. ਲਛਮਨ ਜਤੀ

*ਸੀਤਾ ਲੈ ਗਇਆ ਦਹਸਿਰੋ ਲਛਮਣ ਮੂਓ ਸਰਾਪਿ ॥*

*(ਸਲੋਕ ਮ: ੧)*

ਸ੍ਰੀ ਰਾਮ ਚੰਦਰ ਦੇ ਭਰਾਤਾ ਸ੍ਰੀ ਲਛਮਨ ਜੀ ਸਨ। ਇਹਨਾਂ ਦੀ ਮਾਤਾ ਦਾ ਨਾਂ ਸਮਿਤ੍ਰਾ ਸੀ। ਸ੍ਰੀ ਰਾਮਚੰਦਰ ਇਨ੍ਹਾਂ ਨਾਲ ਬਹੁਤ ਪਿਆਰ ਕਰਦੇ ਸਨ। ਇਕੱਠੇ ਖੇਡਦੇ ਇਕੱਠੇ ਰੋਟੀ ਖਾਂਦੇ ਅਤੇ ਇਕੱਠੇ ਮਹੱਲ ਵਿਚ ਰਾਤ ਕੱਟਦੇ ਸਨ। ਜਿਸ ਵੇਲੇ ਚੰਦਰੀ ਕਕੇਈ ਦੇ ਆਖੇ ਲੱਗ ਕੇ ਰਾਜੇ ਦਸਰਥ ਨੇ ਆਪਣੇ ਵੱਡੇ ਪੁਤ੍ਰ ਨੂੰ ਬਨਵਾਸ ਦਾ ਹੁਕਮ ਦਿਤਾ। ਤਾਂ ਲਛਮਨ ਨੂੰ ਸਭ ਤੋਂ ਬਹੁਤਾ ਦੁਖ ਹੋਇਆ, ਜਦੋਂ ਸ੍ਰੀ ਰਾਮ ਚੰਦਰ ਤੇ ਸੀਤਾ ਜੀ ਸ਼ਾਹੀ ਲਿਬਾਸ ਉਤਾਰ ਕੇ ਅਤੇ ਸੰਨਿਆਸੀਆਂ ਵਾਲੇ ਹਲਕੇ ਬਸਤ੍ਰ ਪਹਿਨ ਕੇ ਬਾਰ੍ਹਾਂ ਸਾਲ ਬਨਵਾਸ ਕੱਟਣ ਵਾਸਤੇ ਘਰੋਂ ਨਿਕਲੇ ਤਾਂ ਲਛਮਨ ਜੀ ਨੂੰ ਘਰ ਰਹਿਣ ਦਾ ਹੌਂਸਲਾ ਨਾ ਪਿਆ। ਉਸ ਸਮੇਂ ਓਹੋ ਜਹੇ ਬਸਤ੍ਰ ਪਹਿਨ ਕੇ ਝੱਟ ਤਿਆਰ ਹੋ ਪਏ ਅਤੇ ਮਾਤਾ ਸੁਮਿਤ੍ਰਾ ਦੇ ਰੋਕਣ ਤੇ ਵੀ ਨਾ ਰੁਕੇ ਤੇ ਸ੍ਰੀ ਰਾਮਚੰਦਰ ਦੇ ਨਾਲ ਤੁਰ ਪਏ।

ਦਸਰਥ ਰਾਜੇ ਦੀ ਹੱਦੋਂ ਪਾਰ ਹੋ ਕੇ ਜਦੋਂ ਰਾਮਚੰਦਰ ਜੀ ਜੰਗਲਾਂ ਵਿਚ ਵਿਚਰਨ ਲਗੇ ਤਾਂ ਸ੍ਰੀ ਲਛਮਨ ਜੀ ਆਪਣੇ ਭਰਾ ਭਰਜਾਈ ਦੀ ਇਸ ਤਰ੍ਹਾਂ ਸੇਵਾ ਕਰਨ ਲਗੇ। ਜੰਗਲ ਵਿਚ ਜਾ ਕੇ ਫਲ ਤੇ ਕੰਦ ਮੂਲ ਹੋਰ ਖਾਣ ਯੋਗ ਵਸਤੂ ਲਿਆਉਂਦੇ, ਉਨ੍ਹਾਂ ਵਸਤੂਆਂ ਨੂੰ ਸੁੱਚੀਆਂ ਦੀਆਂ ਸੁੱਚੀਆਂ ਰੱਖ ਕੇ ਸੀਤਾ ਮਾਤਾ ਜੀ ਦੀ ਝੋਲੀ ਪਾ ਦੇਂਦੇ। ਓਨਾ ਚਿਰ ਆਪ ਭੋਜਨ ਨਾ ਕਰਦੇ ਜਿੰਨਾਂ ਚਿਰ ਸੀਤਾ ਮਾਤਾ ਉਨ੍ਹਾਂ ਨੂੰ ਆਪਣੀ ਹੱਥੀਂ ਫਲ ਜਾ ਕੰਦਮੂਲ ਖਾਣ ਵਾਸਤੇ ਨਾ ਦੇਂਦੀ। ਰਾਤ ਪੈਣ ਤੇ ਸ੍ਰੀ ਰਾਮਚੰਦਰ ਜੀ ਤੇ ਸੀਤਾ ਘਾਹ ਦੱਭ ਦੇ ਵਿਛੌਣੇ ਉਤੇ ਆਰਾਮ ਕਰਨ ਵਾਸਤੇ ਲੇਟ ਜਾਂਦੇ, ਪਰ ਸ੍ਰੀ ਲਛਮਨ ਜੀ ਧਨੁਖ ਬਾਣ ਫੜ ਕੇ ਸਾਰੀ ਰਾਤ ਜਾਗਦੇ ਹੋਏ ਪਹਿਰਾ ਦੇਂਦੇ ਰਹਿੰਦੇ। ਆਖਦੇ ਨੇ ਆਪ ਬਾਲ ਬ੍ਰਹਮਚਾਰੀ ਤੇ ਸਤਿਆਵਾਦੀ ਸਨ। ਪੂਰੇ ਬਾਰਾਂ ਸਾਲ ਦਿਨ ਰਾਤ ਸੁਤੇ

ਨਹੀਂ ।

ਸ੍ਰੀ ਲਛਮਨ ਜੀ ਭਾਰਤ ਦੇ ਮਹਾਂ ਜਤੀਆਂ ਦੇ ਅਵਤਾਰ ਹਨ ਆਪ ਦੇ ਉਚੇ ਤੇ ਸੁਚੇ ਇਖ਼ਲਾਕ (ਜਤ) ਦਾ ਨਮੂਨਾ ਇਨ੍ਹਾਂ ਦੋਹਾਂ ਘਟਨਾਵਾਂ ਤੋਂ ਦੇਖਿਆ ਜਾ ਸਕਦਾ ਹੈ ।

## ਸ੍ਰੀ ਲਛਮਨ ਜੀ ਦਾ ਸਰੂਪ ਨਖਾ ਨੂੰ ਦੁਰਕਾਰਨਾ

ਜਿਸ ਵੇਲੇ ਸ੍ਰੀ ਰਾਮ ਲਛਮਨ ਪੰਚ ਵਟੀ (ਨਾਸਿਕ ਦੇ ਜੰਗਲਾਂ) ਵਿਚ ਰਹਿੰਦੇ ਸਨ। ਤਦੋਂ ਲੰਕਾ ਦੇ ਰਾਜੇ ਰਾਵਨ ਦੀ ਭੈਣ ਸਰੂਪਨਖਾ, ਜੋ ਅਜੇ ਕਵਾਰੀ ਸੀ ਫਿਰਦੀ ਫਿਰਾਂਦੀ ਪੰਚਵਟੀ ਆ ਨਿਕਲੀ । ਸ੍ਰੀ ਰਾਮ ਚੰਦਰ ਨੂੰ ਦੇਖਦੇ ਸਾਰ ਸਰੂਪਨਖਾ ਦਾ ਮਨ ਡੋਲ ਗਿਆ । ਉਸ ਨੇ ਅਗੇ ਹੋ ਕੇ ਭਗਵਾਨ ਰਾਮਚੰਦਰ ਜੀ ਕੋਲ ਪ੍ਰਾਰਥਨਾ ਕੀਤੀ ਕਿ—'ਉਸ ਨੂੰ ਪਤਨੀ ਰੂਪ ਵਿਚ ਕਬੂਲਣ ਦਾ ਯਤਨ ਕਰਨ ।' ਤਾਂ ਸ੍ਰੀ ਰਾਮ ਚੰਦਰ ਜੀ ਨੇ ਉਸ ਨੂੰ ਕਿਹਾ ਮੈਂ ਤਾਂ ਵਿਆਹਿਆ ਹੋਇਆ ਹਾਂ ਮੈਂ ਹੋਰ ਕਿਸੇ ਪਰ ਇਸਤ੍ਰੀ ਨੂੰ ਪਤਨੀ ਨਹੀਂ ਬਣਾ ਸਕਦਾ ਤਾਂ ਸਰੂਪ ਨਖਾ ਸ੍ਰੀ ਰਾਮਚੰਦਰ ਵਲੋਂ ਮੂੰਹ ਮੋੜ ਕੇ ਸ੍ਰੀ ਲਛਮਨ ਜੀ ਵਲ ਵਧੀ ਤਾਂ ਜਤੀ ਲਛਮਨ ਨੇ ਓਹਦੇ ਨੈਨਾਂ ਵਲ ਨਹੀਂ ਦੇਖਿਆ, ਸਗੋਂ ਉਹਦੇ ਭਾਰੇ ਪੈਰਾਂ ਵਲ ਦੇਖਦੇ ਰਹੇ । ਸਰੂਪਨਖਾ ਜਦੋਂ ਬਹੁਤ ਨੇੜੇ ਹੋ ਕੇ ਸ੍ਰੀ ਲਛਮਨ ਨੂੰ ਛੂਹਣ ਲੱਗੀ ਤਾਂ ਉਸ ਨੇ ਦੋ ਕਦਮ ਪਰੇ ਹੋ ਕੇ ਦੁਰਕਾਰਿਆ, ਮੇਰੇ ਕੋਲੋਂ ਪਰੇ ਚਲੀ ਜਾ । ਮੈਂ ਨਹੀਂ ਜਾਣਦਾ ਤੂੰ ਕੌਣ ਹੈ? ਆਖ਼ਰ ਸਰੂਪਨਖਾ ਦੀ ਜਿੱਦ ਤੇ ਬੇਸ਼ਰਮੀ ਦੇਖ ਕੇ ਸ੍ਰੀ ਲਛਮਨ ਜੀ ਨੇ ਉਸ ਦਾ ਨੱਕ ਵੱਢ ਸੁਟਿਆ ਤੇ ਉਹ ਚੀਕਾਂ ਮਾਰਦੀ ਹੋਈ ਜਿਧਰੋਂ ਆਈ ਸੀ ਉਧਰੇ ਨੱਸ ਉਠੀ।

## ਸੀਤਾ ਜੀ ਦੇ ਗਹਿਣੇ ਤੇ ਬਸਤ੍ਰ ਪਛਾਣਨੇ

ਪੰਚਵਟੀ ਵਿਚੋਂ ਰਾਵਣ ਸੀਤਾ ਨੂੰ ਛਲ ਕੇ ਲੈ ਗਿਆ । ਸ੍ਰੀ ਰਾਮਚੰਦਰ ਜੀ ਤੇ ਸ੍ਰੀ ਲਛਮਨ ਜੀ ਦੋਵੇਂ ਭਾਈ ਦਖਣ ਦੇ ਜੰਗਲਾਂ ਵਿਚ ਸੀਤਾ ਜੀ ਦੀ ਭਾਲ ਕਰਦੇ ਫਿਰਦੇ ਸਨ, ਤਦੋਂ ਉਨ੍ਹਾਂ ਨੂੰ ਸੁਗਰੀਵ ਮਿਲਿਆ । ਸੁਗਰੀਵ ਨੇ ਸੀਤਾ ਦੇ ਗਹਿਣੇ ਤੇ ਕਪੜੇ ਦੋਹਾਂ ਦੇ ਅਗੇ ਰੱਖ ਕੇ ਆਖਿਆ—'ਇਕ ਇਸਤਰੀ ਨੂੰ ਬਿਬਾਨ ਉਤੇ ਚੜ੍ਹਾਈ ਕੋਈ ਧੱਕੇ ਨਾਲ ਲਈ ਜਾਂਦਾ ਸੀ । ਓਹ 'ਰਾਮ !

ਰਾਮ!' ਪੁਕਾਰਦੀ ਜਾਂਦੀ ਸੀ। ਉਸ ਨੇ ਇਹ ਚੀਜ਼ਾਂ ਸੁਟੀਆਂ ਹਨ ਪਛਾਨ ਲਵੋ!' ਤਾਂ ਸ੍ਰੀ ਰਾਮਚੰਦਰ ਜੀ ਨੇ ਲਛਮਨ ਜੀ ਨੂੰ ਆਖਿਆ 'ਵੀਰਾ ਪਛਾਣ ਖਾਂ ਭਲਾ! ਇਹ ਗਹਿਣੇ ਬਸਤ੍ਰ ਤੇਰੀ ਭਰਜਾਈ ਦੇ ਹਨ?' ਉਸ ਵੇਲੇ ਸ੍ਰੀ ਲਛਮਨ ਜੀ ਨੇ ਉੱਤਰ ਦਿਤਾ, 'ਮੈਂ ਭਰਜਾਈ ਦੇ ਪੈਰਾਂ ਦਾ ਗਹਿਣਾ ਪਛਾਣ ਸਕਦਾ ਹਾਂ ਓਹ ਠੀਕ ਹੈਂ। ਮੈਂ ਪੈਰਾਂ ਵਲ ਦੇਖਣ ਤੋਂ ਬਿਨਾਂ ਕਦੀ ਉਹਨਾਂ ਦੇ ਚਿਹਰੇ ਵਲ ਨਹੀਂ ਸੀ ਦੇਖਿਆ।'

## ਮੇਘਨਾਥ ਨੂੰ ਮਾਰਨਾ

ਮੇਘਨਾਥ ਨੇ ਕਦੀ ਘੋਰ ਤਪੱਸਿਆ ਕਰਕੇ ਬ੍ਰਹਮਾ ਕੋਲੋਂ ਵਰ ਲਿਆ ਸੀ ਕਿ ਓਹ ਕਿਸੇ ਕੋਲੋਂ ਨਾ ਮਰੇ, ਜੇ ਮਰੇ ਤਾਂ ਉਸ ਆਦਮੀ ਕੋਲੋਂ ਮਰੇ ਜੋ ਜਤੀ ਤੇ ਬਾਰਾਂ ਸਾਲ ਜਾਗਦਾ ਰਿਹਾ ਹੋਵੇ, ਇਹ ਦੋਵੇਂ ਗੁਣ ਲਛਮਨ ਜੀ ਵਿਚ ਸਨ।

ਸ੍ਰੀ ਸੀਤਾ ਜੀ ਨੂੰ ਰਾਵਣ ਦੀ ਕੈਦ ਵਿਚੋਂ ਛੁਡਾਉਣ ਵਾਸਤੇ ਜਦੋਂ ਸ੍ਰੀ ਰਾਮ ਚੰਦਰ ਜੀ ਸੈਨਾ ਸਮੇਤ ਲੰਕਾ ਵਿਚ ਪੁੱਜੇ ਤਾਂ ਰਾਵਣ ਦੀ ਸੈਨਾ ਨਾਲ ਲੜਾਈ ਕਰਨੀ ਪਈ ਉਸ ਲੜਾਈ ਵਿਚ ਲਛਮਨ ਜੀ ਨੇ ਮੇਘਨਾਥ ਨੂੰ ਮਾਰਿਆ। ਮੇਘਨਾਥ ਦੇ ਮਰਨ ਦੇ ਕਾਰਨ ਰਾਵਣ ਸੈਨਾ ਡਰ ਗਈ ਤੇ ਫ਼ਤਹ ਰਾਮ ਚੰਦਰ ਜੀ ਦੇ ਹੱਥ ਵਿਚ ਰਹੀ।

ਏਸੇ ਲੜਾਈ ਵਿਚ ਸ੍ਰੀ ਲਛਮਨ ਜੀ ਜ਼ਖਮੀ ਹੋ ਕੇ ਧਰਤੀ ਉਤੇ ਡਿੱਗ ਪਏ। ਜੀਵਨ ਦੀ ਕੋਈ ਆਸ ਨਾ ਰਹੀ ਓਸੇ ਵੇਲੇ ਕਿਹਾ ਗਿਆ ਕਿ ਸੰਜੀਵਨੀ ਬੂਟੀ ਲਿਆਂਦੀ ਜਾਵੇ ਤਾਂ ਇਨ੍ਹਾਂ ਦੀ ਜਾਨ ਬਚ ਸਕਦੀ ਹੈ। ਹਨੂੰਮਾਨ ਜੀ ਸੰਜੀਵਨੀ ਬੂਟੀ ਵਾਲਾ ਪਰਬਤ ਚੁੱਕ ਕੇ ਲੈ ਆਏ ਪਰ ਉਹ ਸੰਜੀਵਨੀ ਬੂਟੀ ਕੀ ਸੀ? ਲਛਮਨ ਜੀ ਜ਼ਖ਼ਮੀ ਕਿਉਂ ਹੋਏ, ਇਹ ਵੀ ਇਕ ਕਥਾ ਹੈ। ਉਹ ਕਥਾ ਇਹ ਕਿ ਭੀਲਨੀ ਨੇ ਜਦੋਂ ਪਿਆਰ ਵਿਚ ਪ੍ਰਸੰਨ ਹੋ ਕੇ ਸ੍ਰੀ ਰਾਮਚੰਦਰ ਤੇ ਲਛਮਨ ਜੀ ਦੀ ਭੇਟਾ ਜੂਠੇ ਬੇਰ ਕੀਤੇ ਤਾਂ ਉਹ ਜੂਠੇ ਬੇਰ ਸਮਝਕੇ ਸ੍ਰੀ ਲਛਮਨ ਜੀ ਨੇ ਸਿਰ ਉਪਰ ਦੀ ਸੁਟ ਦਿਤੇ ਸੀ, ਓਹ ਬੇਰ ਉਹਦੀ ਜਾਨ ਬਚਾਉਣ ਵਾਸਤੇ ਸੰਜੀਵਨੀ ਬੂਟੀ ਦੇ ਬੀਜ ਬਣੇ। ਜੇ ਸ੍ਰੀ ਲਛਮਨ ਜੀ ਉਨ੍ਹਾਂ ਬੇਰਾਂ ਨੂੰ ਖਾ ਲੈਂਦੇ ਤਾਂ ਉਨ੍ਹਾਂ ਜ਼ਖ਼ਮੀ ਹੋ ਕੇ ਮੂਰਛਾ ਨਹੀਂ ਸੀ ਹੋਣਾ। ਆਖ਼ਰ ਪ੍ਰੇਮ

ਦੇ ਬੇਰ ਨੇ ਬਚਾਇਆ ਇਹ ਹਨ ਲਛਮਨ ਜਤੀ ਦੀਆਂ ਕਥਾਵਾਂ ਉਪਰਲੀ ਗੁਰਬਾਣੀ ਦੀ ਤੁਕ ਦੇ ਭਾਵ ਅਰਥ ਦਾ ਇਸ਼ਾਰਾ ਏਸੇ ਕਥਾ ਵਲ ਹੈ ਕਿ ਦਹਿਸਿਰ ਰਾਵਣ ਸੀਤਾ ਨੂੰ ਚੁਕ ਕੇ ਲੈ ਗਿਆ ਤੇ ਲਛਮਨ ਮਰ ਗਿਆ ਭਾਵ ਜੇ ਸੀਤਾ ਨਾ ਜਾਂਦੀ ਤੇ ਨਾ ਭੀਲਨੀ ਦੇ ਬੇਰ ਖਾਣ ਦਾ ਸਵਾਲ ਪੈਦਾ ਹੁੰਦਾ ਤੇ ਨਾ ਲਛਮਨ ਫਟੜ ਹੁੰਦਾ ਜੇ ਬੇਰ ਖਾ ਲੈਂਦਾ ਤਾਂ ਵੀ ਫਟੜ ਨਹੀਂ ਸੀ ਹੋਣਾ। ਭੀਲਨੀ ਦੇ ਸਚੇ ਪ੍ਰੇਮ ਨੇ ਇਹ ਖੇਲ ਕੀਤਾ।

# ੬੬. ਸੁੰਨਤ ਦੀ ਰਸਮ

ਸ੍ਰੀ ਭਗਤ ਕਬੀਰ ਜੀ ਫ਼ੁਰਮਾਂਦੇ ਹਨ—

*ਸਕਤਿ ਸਨੇਹੁ ਕਰਿ ਸੁੰਨਤਿ ਕਰੀਐ ਮੈ ਨ ਬਦਉਗਾ ਭਾਈ ॥ ਜਉ ਰੇ ਖੁਦਾਇ ਮੋਹਿ ਤੁਰਕੁ ਕਰੈਗਾ ਆਪਨ ਹੀ ਕਟਿ ਜਾਈ ॥੨॥ ਸੁੰਨਤਿ ਕੀਏ ਤੁਰਕੁ ਜੇ ਹੋਇਗਾ ਅਉਰਤ ਕਾ ਕਿਆ ਕਰੀਐ ॥ ਅਰਧ ਸਰੀਰੀ ਨਾਰਿ ਨ ਛੋਡੈ ਤਾ ਤੇ ਹਿੰਦੂ ਹੀ ਰਹੀਐ ॥੩॥*

(ਆਸਾ ਕਬੀਰ ਜੀ)

ਸੁੰਨਤ ਮੁਸਲਮਾਨਾਂ ਦੀ ਇਕ ਧਾਰਮਿਕ ਰਸਮ ਹੈ। ਕਈ ਮੁਸਲਮਾਨ ਦੇਸ਼ਾਂ ਵਿਚ ਇਸਤ੍ਰੀ ਦੀ ਸੁੰਨਤ ਵੀ ਕੀਤੀ ਜਾਂਦੀ ਹੈ, ਪਰ ਆਮ ਸੁੰਨਤ ਮਰਦਾਂ ਦੀ ਕੀਤੀ ਜਾਂਦੀ ਹੈ। ਮੁਸਲਮਾਨ ਦੇ ਘਰ ਜਦੋਂ ਬੱਚਾ ਪੈਦਾ ਹੋ ਕੇ ਪੰਜ ਛੇ ਸਾਲ ਦਾ ਹੋ ਜਾਂਦਾ ਹੈ ਤਾਂ ਭਾਈਚਾਰੇ, ਸਾਕ ਸੰਬੰਧੀਆਂ ਨੂੰ ਸੱਦ ਕੇ ਇਹ ਰਸਮ ਕੀਤੀ ਜਾਂਦੀ ਹੈ। ਮੌਲਵੀ ਕਲਮਾਂ ਪੜ੍ਹਕੇ ਇਹ ਰਸਮ ਪੂਰੀ ਕਰਦਾ ਹੈ। ਰਸਮ ਹੈ ਇੰਦ੍ਰੀ (ਲਿੰਗ) ਦੇ ਅਗੋਂ ਮਾਸ ਕੱਟਣਾ। ਜਿਵੇਂ ਕਬੀਰ ਜੀ ਦੀ ਕਥਾ ਵਿਚ ਦਸਿਆ ਹੈ ਇਹ ਰਸਮ ਕੋਈ ਰੱਬੀ ਨਹੀਂ ਪਰ ਇਸਦੀ ਕਹਾਣੀ ਦੀਆਂ ਜੜ੍ਹਾਂ ਵਲ ਪੁਜੀਏ ਤਾਂ ਇਖ਼ਲਾਕ ਦੀ ਨਿਸ਼ਾਨੀ ਹੈ। ਪਰ ਨਾਰੀ ਤੇ ਪਰ ਪੁਰਸ਼ ਦੇ ਮੇਲ ਤੋਂ ਇਕ ਦੂਜੇ ਨੂੰ ਰੋਕਣ ਦੀ ਰਸਮ ਹੈ।

ਸੁੰਨਤ ਕਰਨ ਦੇ ਬਾਵਜੂਦ ਵੀ ਮੁਸਲਮਾਨ ਸੈਂਕੜੇ ਇਸਤ੍ਰੀਆਂ ਰਖਣ ਦੇ ਹੱਕ ਵਿਚ ਹਨ। ਜਿਵੇਂ ਨਵਾਬ ਤੇ ਕਈ ਜਗੀਰਦਾਰ ਮੁਸਲਮਾਨ ਅਜ ਵੀ ਦਸ ਤੋਂ ਪੰਜਾਹ ਪੰਜਾਹ ਇਸਤ੍ਰੀਆਂ ਘਰੀਂ ਵਸਾਈ ਬੈਠੇ ਹਨ ਹਜਰਤ ਮੁਹੰਮਦ ਸਾਹਿਬ ਜੋ ਇਸਲਾਮ ਦੇ ਬਾਨੀ ਹਨ ਜਿਨ੍ਹਾਂ ਨੇ ਪੁਰਾਣੇ ਯਹੂਦੀ ਮਤ ਵਿਚੋਂ

ਸੁੰਨਤ ਦੀ ਰਸਮ ਚਲਾਈ ਹੈ ਉਨ੍ਹਾਂ ਨੇ ਖ਼ੁਦ ਕਈਆਂ ਇਸਤ੍ਰੀਆਂ ਨਾਲ ਨਿਕਾਹ ਕੀਤਾ ਸੀ। ਏਥੋਂ ਤਕ ਕਿ ਬਾਰਾਂ ਸਾਲ ਦੀ ਨਬਾਲਗ ਲੜਕੀ ਨੂੰ ਇਸਤ੍ਰੀ ਬਣਾ ਕੇ ਉਸ ਨਾਲ ਭੋਗ ਕਰਨ ਦਾ ਯਤਨ ਕੀਤਾ ਸੀ ਜੋ ਇਕ ਬਹੁਤ ਬੁਰਾ ਕਰਮ ਹੈ।

ਪੁਰਾਣੀ ਅੰਜੀਲ (ਈਸਾਈ ਮਤ ਪੁਸਤਕ) ਵਿਚ ਲਿਖਿਆ ਹੈ ਕਿ ਇਕ ਇਬਰਾਹੀਮ ਨਾਮ ਦਾ ਪੈਗੰਬਰ ਹੋਇਆ ਹੈ। ਏਸੇ ਇਬਰਾਹੀਮ ਨੂੰ ਪੁੱਤਰ ਦੀ ਬਲੀ ਦੇਣ ਦਾ ਹੁਕਮ ਹੋਇਆ ਸੀ ਪਰ ਇਹ ਖੁਲ੍ਹੀ ਅਖੀਂ ਪੁਤ੍ਰ ਦੀ ਬਲੀ ਨਹੀਂ ਸੀ ਦੇ ਸਕਿਆ। ਪੁੱਤਰ ਦੀ ਥਾਂ ਬਕਰੇ ਦੀ ਕੁਰਬਾਨੀ ਦਿਤੀ ਸੀ ਜੋ ਈਦ ਵਾਲੇ ਦਿਨ ਅੱਜ ਵੀ ਕੁਰਬਾਨੀ ਦਿਤੀ ਜਾਂਦੀ ਹੈ। ਇਬਰਾਹੀਮ ਦੀਆਂ ਕਈ ਇਸਤ੍ਰੀਆਂ ਸਨ। ਇਕ ਇਸਤ੍ਰੀ ਬਹੁਤ ਸੁੰਦਰ ਤੇ ਪਿਆਰੀ ਸੀ। ਇਬਰਾਹੀਮ ਨੇ ਉਸ ਨੂੰ ਬਚਨ ਦਿਤਾ ਸੀ ਕਿ ਅੱਜ ਤੋਂ ਓਹ ਕਿਸੇ ਹੋਰ ਇਸਤਰੀ ਨਾਲ ਭੋਗ ਨਹੀਂ ਕਰੇਗਾ ਜੇ ਉਹ ਪਰ ਇਸਤਰੀ ਕੋਲ ਜਾਵੇ ਬੇਗਮ ਬੇਸ਼ਕ ਉਸਦੀ ਇੰਦ੍ਰੀ ਕਟ ਸੁਟੇ। ਇਸ ਇਕਰਾਰ ਦੇ ਸਾਲ ਕੁ ਪਿਛੋਂ ਪੈਗੰਬਰ ਸਾਹਿਬ ਸ਼ਿਕਾਰ ਨੂੰ ਚਲੇ ਗਏ। ਸ਼ਿਕਾਰ ਖੇਡਦਿਆਂ ਹੋਇਆਂ ਜੰਗਲ ਵਿਚ ਉਹਨਾਂ ਨੂੰ ਇਕ ਅਤਿਅੰਤ ਸੁੰਦਰ ਤੇ ਅਨਛੋਹ ਕਵਾਰੀ ਕੰਨਿਆ ਮਿਲ ਗਈ। ਉਸ ਕੰਨਿਆ ਦੇ ਜੋਬਨ, ਉਹਦੇ ਮਦ ਭਰੇ ਅੱਧ ਮੀਟੇ ਨੈਨਾਂ ਓਹਦੇ ਲਾਲ ਬੁਲ੍ਹਾਂ ਦੀ ਮੁਸਕਰਾਹਟ ਤੇ ਪਤਲੀ ਕਮਰ ਵਾਲੇ ਕੱਦ ਨੇ ਪੈਗੰਬਰ ਦੇ ਮਨ ਨੂੰ ਕਾਬੂ ਵਿਚ ਨਾ ਰਹਿਣ ਦਿਤਾ। ਘੋੜੇ ਉਤੋਂ ਉਤਰ ਕੇ ਉਸ ਸੁੰਦਰੀ ਦੇ ਅਗੇ ਝੁਕ ਗਏ। ਕਾਮ ਦੇ ਵੇਗ ਨੇ ਉਨ੍ਹਾਂ ਦੀ ਬੁਧੀ ਨੂੰ ਐਸਾ ਭੁਲਾਇਆ ਕਿ ਉਹ ਆਪਣੀ ਇਸਤ੍ਰੀ ਨਾਲ ਕੀਤੇ ਬਚਨ ਨੂੰ ਭੁਲ ਗਏ। ਨਵੀਂ ਸੁੰਦਰੀ ਅਗੇ ਹੱਥ ਜੋੜ ਕੇ ਪਿਆਰ ਦੀ ਭਿਖਿਆ ਮੰਗਣ ਲਗੇ।

ਜੋਬਨ ਮਤੀ ਬਾਲਕਾ ਇਬਰਾਹੀਮ ਦੇ ਫੰਧੇ ਵਿਚ ਫਸ ਗਈ। ਜੰਗਲ ਵਿਚ ਹੀ ਇਬਰਾਹੀਮ ਨੇ ਉਸ ਨਾਲ ਭੋਗ ਕਰ ਲਿਆ। ਆਪਣੇ ਬੁਲ੍ਹਾਂ ਨਾਲ ਉਸਦੇ ਬੁਲ੍ਹ ਚੁੰਮੇਂ, ਘਰ ਨੂੰ ਵਾਪਸ ਮੁੜਦਾ ਹੋਇਆ ਪੈਗੰਬਰ ਉਸ ਸੁੰਦਰੀ ਨੂੰ ਨਾਲ ਹੀ ਘਰ ਲੈ ਆਇਆ।

ਜਦੋਂ ਪਹਿਲੀ ਬੇਗਮ ਨੂੰ ਪਤਾ ਲਗਾ ਕਿ ਉਸ ਦੇ ਪਤੀ ਹਜ਼ਰਤ ਇਬਰਾਹੀਮ

ਸਾਹਿਬ ਨਵੀਂ ਇਸਤ੍ਰੀ ਅਨਨਿਕਾਹੀ ਘਰ ਲੈ ਆਏ ਨੇ ਉਸ ਨਾਲ ਭੋਗ ਕਰਕੇ ਮੇਰੇ ਨਾਲ ਕੀਤੇ ਇਕਰਾਰ ਨੂੰ ਵੀ ਭੰਗ ਕੀਤਾ ਹੈ, ਉਹ ਕ੍ਰੋਧ ਨਾਲ ਕੰਬ ਉਠੀ। ਉਸ ਨੇ ਉਸੇ ਵੇਲੇ ਗੋਲੀ ਭੇਜ ਕੇ ਹਜ਼ਰਤ ਸਾਹਿਬ ਨੂੰ ਕੋਲ ਬੁਲਾਇਆ। ਆਪਣੀ ਬੇਗਮ ਦੇ ਸਾਹਮਣੇ ਪਹੁੰਚ ਕੇ ਇਬਰਾਹੀਮ ਸਾਹਿਬ ਸ਼ਰਮ ਨਾਲ ਅੱਖ ਉਚੀ ਨਾ ਕਰ ਸਕੇ। ਕੀਤੀ ਭੁਲ ਦਾ ਇਕਬਾਲ ਕਰ ਲਿਆ। ਸ਼ਰਮਸਾਰ ਜਹੇ ਹੋ ਕੇ ਬੋਲੇ—'ਬੇਗਮ ਸਾਹਿਬਾ! ਮੈਂ ਕੀਤੇ ਬਚਨ ਦੀ ਉਲੰਘਣਾ ਕੀਤੀ ਹੈ। ਜੋ ਸ਼ਰਤ ਰਖੀ ਸੀ ਉਹ ਪੂਰੀ ਕਰ ਲਵੋ। ਮੈਂ ਤਿਆਰ ਹਾਂ, ਮੈਨੂੰ ਮਰਨ ਤੋਂ ਵੀ ਝਿਜਕ ਨਹੀਂ।'

ਬੇਗਮ ਨੂੰ ਗੁੱਸਾ ਸੀ ਕਿਉਂਕਿ ਉਹ ਪਤੀਬ੍ਰਤਾ ਇਸਤ੍ਰੀ ਸੀ ਓਹ ਨਹੀਂ ਸੀ ਚਾਹੁੰਦੀ ਕਿ ਉਸਦਾ ਪਤੀ ਪਰ ਇਸਤ੍ਰੀਆਂ ਪਿਛੇ ਫਿਰ ਕੇ ਆਪਣੇ ਜੀਵਨ ਨੂੰ ਬਰਬਾਦ ਕਰੇ, ਕਿਉਂਕਿ ਲਿੰਗ ਵਾਸ਼ਨਾ ਦਾ ਪ੍ਰਬਲ ਹੋ ਕੇ ਵਧ ਤੁਰਨਾ ਮਨੁਖ ਦੇ ਸਾਰੇ ਗੁਣਾਂ ਦਾ ਅੰਤ ਕਰਦਾ ਤੇ ਉਸ ਦੇ ਸਰੀਰ ਦਾ ਸਤਿਆਨਾਸ ਕਰਦਾ ਹੈ। ਉਸਨੇ ਫ਼ੈਸਲਾ ਕੀਤਾ ਕਿ ਓਹ ਹਜ਼ਰਤ ਸਾਹਿਬ ਨੂੰ ਜ਼ਰੂਰ ਡੰਨ ਦੇਵੇਗੀ, ਤੇਜ਼ ਉਸਤਰਾ ਫੜ ਕੇ ਪੂਰੀ ਸ਼ਰਤ ਕਰਨ ਵਾਸਤੇ ਤਿਆਰ ਹੋਈ ਤਾਂ ਉਸਦੇ ਹਿਰਦੇ ਨੇ ਉਸਨੂੰ ਆਵਾਜ ਦਿਤੀ—'ਬੇਗਮ! ਕੀ ਤੂੰ ਭੁਲ ਨਹੀਂ ਕਰ ਰਹੀ? ਤੂੰ ਸਤਵੰਤੀ ਹੈਂ? ਜੇ ਹਜ਼ਰਤ ਸਾਹਿਬ ਇਬਰਾਹੀਮ ਦਾ ਲਿੰਗ ਕੱਟ ਦਿਤਾ ਤਾਂ ਇਸਦੀ ਮੌਤ ਹੋ ਜਾਵੇਗੀ। ਜੇ ਮੌਤ ਨਾ ਹੋਵੇ ਤਾਂ ਵੈਸੇ ਨਿਕੰਮੇ ਹੋ ਜਾਣਗੇ। ਸੰਸਾਰ ਬੇਗਮ ਨੂੰ ਲਾਹਨਤਾਂ ਪਾਵੇਗਾ। ਕਬੀਲੇ ਵਾਲੇ ਤੇ ਸੇਵਕ ਕੀ ਆਖਣਗੇ। ਤੂੰ ਵਿਧਵਾ ਹੋ ਕੇ ਨਵਾਂ ਪਤੀ ਧਾਰਨ ਕਰੇਂਗੀ? ਠਹਿਰ! ਕਾਹਲ ਨਾ ਕਰ ਸੋਚ! ਪਤੀ ਦੀ ਭੁੱਲ ਨੂੰ ਭੁੱਲ ਜਾਹ।' ਇਸ ਆਵਾਜ਼ ਦੇ ਸੁਨਣ ਤੇ ਬੇਗਮ ਦੇ ਹਥੋਂ ਉਸਤਰਾ ਡਿਗ ਪਿਆ ਓਹ ਡਡੋਲਿਕੀ ਹੋ ਕੇ ਬੋਲੀ—'ਹਜ਼ਰਤ! ਖਿਮਾਂ ਕਰਨਾ! ਮੈਂ ਸ਼ਰਤ ਨਹੀਂ ਲੈ ਸਕਦੀ ਮੇਰੇ ਵਿਚ ਸਤਿਆ ਨਹੀਂ। ਤੁਸੀਂ ਮੇਰੇ ਪਤੀ ਜੇ ਮੈਂ ਤੁਹਾਡੀ ਦਾਸੀ।'

'ਨਹੀਂ ਸ਼ਰਤ ਪੂਰੀ ਕਰਨੀ ਹੋਵੇਗੀ।' ਇਬਰਾਹੀਮ ਨੇ ਅਗੋਂ ਉੱਤਰ ਦਿਤਾ। ਬਹੁਤ ਸਾਰਾ ਚਿਰ ਦੋਹਾਂ ਵਿਚਾਲੇ ਝਗੜਾ ਹੁੰਦਾ ਰਿਹਾ। ਆਖ਼ਰ ਬੇਗਮ ਨੇ ਸ਼ਰਤ ਦੀ ਰਸਮ ਪੂਰੀ ਕਰਨ ਬਦਲੇ ਉਸਤਰੇ ਨਾਲ ਲਿੰਗ ਦੇ ਅਗਲੇ ਪਾਸਿਓਂ

ਥੋੜਾ ਜਿਹਾ ਮਾਸ ਕਟ ਦਿਤਾ ਤੇ ਉਪਰਲੇ ਬੁਲ੍ਹ ਉਤੋਂ ਮੁਛਾਂ ਕਟਕੇ ਜਿਨ੍ਹਾਂ ਨੂੰ ਲਬਾਂ ਕਟਣ ਦਾ ਰਿਵਾਜ ਆਖਿਆ ਜਾਂਦਾ ਹੈ ਸ਼ਰਤ ਨੂੰ ਪੂਰਿਆਂ ਕਰ ਦਿਤਾ। ਕਿਉਂਕਿ ਇਬਰਾਹੀਮ ਤਕੜੇ ਕਬੀਲੇ ਦਾ ਆਗੂ ਤੇ ਆਪਣੇ ਆਪ ਨੂੰ ਪੈਗੰਬਰ ਅਖਵਾਉਂਦਾ ਸੀ, ਉਸਨੇ ਇਹ ਰਸਮ ਹੀ ਆਪਣੇ ਧਰਮ ਵਿਚ ਤੋਰ ਲਈ। ਇਸਲਾਮ ਵਾਲੇ ਵੀ ਏਸੇ ਤਰ੍ਹਾਂ ਕਰਨ ਲਗੇ। ਜਦੋਂ ਕਬੀਰ ਸਾਹਿਬ ਨੂੰ ਕਾਜ਼ੀ ਤੇ ਹੋਰ ਬਰਾਦਰੀ ਨੇ ਸੁੰਨਤ ਕਰਨ ਵਾਸਤੇ ਪ੍ਰੇਰਨ ਦਾ ਯਤਨ ਕੀਤਾ ਤਾਂ ਓਨ੍ਹਾਂ ਨੇ ਇਹ ਉੱਤਰ ਦਿਤਾ ਸੀ—'ਹੇ ਮੂਰਖ ਕਾਜ਼ੀ! ਕਹਾਣੀ ਤਾਂ ਸੁੰਨਤ ਦੀ ਹਜ਼ਰਤ ਸਾਹਿਬ ਦੀ ਭੁਲ ਦਾ ਫਲ ਹੈ। ਜੇ ਖ਼ੁਦਾ ਨੇ ਕਿਸੇ ਨੂੰ ਤੁਰਕ (ਮੁਸਲਮਾਨ) ਬਣਾਉਣਾ ਹੋਵੇ ਤਾਂ ਇੰਦ੍ਰੀ ਦਾ ਏਨਾ ਮਾਸ ਦਰਗਾਹੋਂ ਹੀ ਕਟਿਆ ਹੋਇਆ ਆਉਣਾ ਚਾਹੀਦਾ ਸੀ। ਨਾਲੇ ਜੇ ਮਰਦ ਦੀ ਸੁੰਨਤ ਕਰੋਗੇ ਤਾਂ ਇਸਤ੍ਰੀ ਦਾ ਕੀ ਬਣੇਗਾ? ਉਹ ਵੀ ਜੀਵਨ ਦੀ ਸਾਥਨ ਹੈ। ਓਹ ਵੀ ਬਿਨਾਂ ਸੁੰਨਤ ਨਹੀਂ ਰਹਿਣੀ ਚਾਹੀਦੀ ਮੈਂ ਤਾਂ ਸਮਝਦਾ ਹਾਂ ਇਸ ਝੇੜੇ ਨਾਲੋਂ ਹਿੰਦੂ ਰਹਿਣਾ ਹੀ ਚੰਗਾ ਹੈ ਕਿਉਂਕਿ ਘੜੀ ਮੁੜੀ ਇਹ ਜੁ ਆਖਦਾ ਹੈ ਕਿ ਜੇ ਸੁੰਨਤ ਨਾ ਕੀਤੀ ਗਈ ਤਾਂ ਹਿੰਦੂ ਰਹੇਂਗਾ, ਮੁਸਲਮਾਨ ਨਹੀਂ।' ਇਹ ਉੱਤਰ ਸੁਣ ਕੇ ਕਾਜ਼ੀ ਆਪਣੇ ਘਰ ਨੂੰ ਤੁਰ ਗਿਆ ਸੀ।

# ੬੭. ਭਾਈ ਤਾਰਾ ਜੀ

ਲਾਹੌਰ ਦੇ ਨੇੜੇ ਇਕ ਪਿੰਡ ਵਿਚ ਭਾਈ ਤਾਰਾ ਜੀ ਰਹਿੰਦੇ ਸਨ। ਉਹ ਭਰ ਜੁਆਨੀ ਵਿਚ ਸਨ। ਉਨ੍ਹਾਂ ਦੀ ਇਕ ਮਾਤਾ ਤੇ ਇਕ ਭੈਣ ਸੀ। ਧਰਮ ਦੀ ਕਿਰਤ ਕਮਾਈ ਕਰ ਕੇ ਜੀਵਨ ਨਿਰਬਾਹ ਕਰੀ ਜਾਂਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੋਲੋਂ ਉਨ੍ਹਾਂ ਨੇ ਸਤਿ ਕਰਤਾਰ ਦਾ ਸਿਮਰਨ ਕਰਨਾ ਸਿਖਿਆ ਸੀ। ਗੁਰੂ ਜੀ ਦੀ ਸਿਖਿਆ ਦੇ ਕਾਰਨ ਉਹ .ਗਰੀਬਾਂ ਦੀ ਬਹੁਤ ਸਹਾਇਤਾ ਕਰਦੇ। ਆਪਣੇ ਸਾਥੀਆਂ ਕੋਲੋਂ ਸਤਿ ਕਰਤਾਰ ਦਾ ਸਿਮਰਨ ਕਰਾਉਂਦੇ।

ਭਾਈ ਤਾਰਾ ਜੀ ਸਮੇਂ ਪੰਜਾਬ ਵਿਚ ਪਠਾਣਾਂ ਦਾ ਰਾਜ ਸੀ। ਪਠਾਣਾਂ ਦੀ ਹਕੂਮਤ ਨੂੰ ਕਮਜ਼ੋਰ ਸਮਝ ਕੇ ਬਾਦਸ਼ਾਹ ਬਾਬਰ ਪੰਜਾਬ ਉਤੇ ਚੜ੍ਹਾਈ

ਕਰ ਆਇਆ । ਬਾਬਰ ਦੀ ਫ਼ੌਜ ਲੜਾਕੀ ਤੇ ਜਥੇਬੰਦ ਸੀ । ਪਠਾਣ ਹਾਕਮ ਉਸ ਦਾ ਮੁਕਾਬਲਾ ਨਾ ਕਰ ਸਕੇ । ਬਾਬਰ ਪਿਸ਼ਾਵਰ ਤੋਂ ਜਿੱਤਾਂ ਪ੍ਰਾਪਤ ਕਰਦਾ ਹੋਇਆ ਲਾਹੌਰ ਪਹੁੰਚ ਗਿਆ । ਲਾਹੌਰ ਨੂੰ ਫ਼ਤਹਿ ਕਰ ਕੇ ਬਾਬਰ ਨੇ ਹੁਕਮ ਕੀਤਾ ਕਿ ਸ਼ਹਿਰ ਨੂੰ ਸਾੜਿਆ ਤੇ ਲੁੱਟਿਆ ਜਾਵੇ । ਬਾਬਰ ਦੇ ਪ੍ਰਦੇਸੀ ਫ਼ੌਜੀਆਂ ਨੇ ਸ਼ਹਿਰ ਨੂੰ ਅੱਗ ਲਾ ਦਿੱਤੀ । ਸ਼ਹਿਰ ਸੜਨ ਲੱਗਾ । ਪੁਰਸ਼, ਇਸਤਰੀਆਂ, ਬੱਚੇ ਤੇ ਪਸ਼ੂ ਪੰਛੀ ਅੱਗ ਵਿਚ ਧਾਣਾਂ ਵਾਂਗ ਭੁਜਣ ਲਗੇ । ਹਾਹਾਕਾਰ ਮਚ ਗਈ । ਬਾਬਰ ਤੇ ਬਾਬਰ ਦੇ ਆਦਮੀ ਖ਼ੁਦਾ (ਪ੍ਰਮਾਤਮਾ) ਨੂੰ ਭੁੱਲ ਗਏ । ਮਹਾਂ ਭਿਆਨਕ ਜ਼ੁਲਮ ਕਰਨ ਲਗੇ ।

ਲਾਹੌਰ ਸ਼ਹਿਰ ਅਤੇ ਸ਼ਹਿਰ ਦੇ ਚੌਗਿਰਦੇ ਜੋ ਦਇਆਵਾਨ ਨੇਕ ਤੇ ਈਸ਼੍ਵਰ ਭਗਤ ਰਹਿੰਦੇ ਸਨ, ਉਹ ਬਹੁਤ ਦੁਖੀ ਹੋਏ । ਉਨ੍ਹਾਂ ਵਿਚੋਂ ਭਾਈ ਤਾਰਾ ਜੀ ਪਹਿਲੇ ਬਹਾਦਰ ਤੇ ਮਹਾਂ ਪੁਰਸ਼ ਸਨ ਜੋ ਪਿੰਡੋਂ ਲਾਹੌਰ ਨੱਸ ਉਠੇ ਅੱਗ ਬੁਝਾ ਕੇ ਜੀਆਂ ਨੂੰ ਬਚਾਉਣ ਦਾ ਖ਼ਿਆਲ ਮਨ ਵਿਚ ਆਇਆ । ਘਰੋਂ ਤੁਰਦੇ ਨੂੰ ਮਾਤਾ ਤੇ ਭੈਣ ਨੇ ਰੋਕਿਆ । ਭੈਣ ਨੇ ਆਖਿਆ—'ਵੇ ਵੀਰਾ ! ਬਾਦਸ਼ਾਹ ਦੇ ਹੁਕਮ ਨਾਲ ਲਗੀ ਅੱਗ ਨੂੰ ਤੂੰ ਇਕੱਲਾ ਕਿਵੇਂ ਠੰਢਿਆਂ ਕਰ ਸਕਦਾ ਹੈਂ ? ਬਲਦੇ ਭਾਂਬੜ ਵਿਚ ਛਾਲ ਮਾਰਕੇ ਅਸਾਂ ਮਾਂਵਾਂ ਧੀਆਂ ਨੂੰ ਸੱਲ ਨਾ ਲਾ । ਜੇ ਤੈਨੂੰ ਕੁਝ ਹੋ ਗਿਆ ਤਾਂ ਅਸੀਂ ਕਿਸ ਆਸਰੇ ਜੀਵਨ ਕਟਾਂਗੀਆਂ । ਵੀਰਾ ! ਲਾਹੌਰ ਨਾ ਜਾਹ ਘਰ ਬੈਠ ਕੇ ਸਤਿ ਕਰਤਾਰ ਦਾ ਸਿਮਰਨ ਕਰ ।'

ਪਰ ਭਾਈ ਤਾਰਾ ਜੀ ਨੇ ਆਪਣੀ ਭੈਣ ਤੇ ਮਾਂ ਦੇ ਤਰਲਿਆਂ ਵਲ ਕੋਈ ਖ਼ਿਆਲ ਨਾ ਕੀਤਾ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਧਿਆਨ ਕਰਕੇ ਲਾਹੌਰ ਨੂੰ ਨੱਠ ਉਠਿਆ । ਘੰਟਿਆਂ ਦਾ ਪੰਧ ਪਲਾਂ ਵਿਚ ਹੀ ਕਰਕੇ ਲਾਹੌਰ ਪੁੱਜਾ, ਆਪਣੀ ਹਿੱਕ ਦੇ ਤਾਣ ਘਰਾਂ ਵਿਚ ਸੜਦੇ ਮਨੁਖਾਂ ਨੂੰ ਸੜਨੋਂ ਬਚਾਉਣ ਲਗਾ ਕਿਤੇ ਅੱਗ ਬੁਝਾਈ ਕਿਤੇ ਮਾਸੂਮ ਬੱਚਿਆਂ ਨੂੰ ਬਲਦੀ ਜਵਾਲਾ ਵਿਚੋਂ ਬਾਹਰ ਕਢਿਆ ਤੇ ਕਿਤੇ ਪਾਪੀ ਤੇ ਦੁਰਾਚਾਰੀ ਫ਼ੌਜੀਆਂ ਕੋਲੋਂ ਸਤਵੰਤੀਆਂ ਇਸਤ੍ਰੀਆਂ ਦੇ ਸਤ ਨੂੰ ਬਚਾਇਆ । ਉਸ ਦੀ ਲੋਕ ਸੇਵਾ ਨੂੰ ਦੇਖ ਕੇ ਬਾਬਰ ਦੇ ਆਦਮੀ ਕ੍ਰੋਧ ਵਿਚ ਆ ਗਏ । ਉਹਨਾਂ ਨੇ ਭਾਈ ਤਾਰਾ ਜੀ ਨੂੰ ਫੜ ਲਿਆ ਹਥ ਪੈਰ ਬੰਨ੍ਹ ਕੇ ਬਾਦਸ਼ਾਹ ਬਾਬਰ ਦੇ ਪੇਸ਼ ਜਾ ਕੀਤਾ । ਫ਼ੌਜੀਆਂ ਦੀ ਗੱਲ ਸੁਣ ਕੇ ਬਾਬਰ ਨੇ ਕਹਿਰਵਾਨ ਹੋ ਕੇ ਭਾਈ ਤਾਰਾ ਜੀ ਨੂੰ ਪੁਛਿਆ—'ਓ ਬੰਦੇ ! ਤੈਨੂੰ

ਪਤਾ ਨਹੀਂ ਸੀ ਕਿ ਲਾਹੌਰ ਸ਼ਹਿਰ ਨੂੰ ਬਾਬਰ ਸਾੜ ਰਿਹਾ ਹੈ ? ਬਾਬਰ ਦਾ ਮੁਕਾਬਲਾ ਕਰਨ ਵਾਸਤੇ ਆਇਆ ਹੈਂ ? ਜਾਂ ਮੌਤ ਦੇ ਫ਼ਰਿਸ਼ਤੇ ਨੇ ਬਲੀਦਾਨ ਵਾਸਤੇ ਪ੍ਰੇਰ ਕੇ ਸ਼ਹਿਰ ਵਿਚ ਲਿਆਂਦਾ ਹੈ ? ਦਸ ਤੂੰ ਕੌਣ ਹੈਂ ? ਮੇਰੀ ਲਾਈ ਅੱਗ ਨੂੰ ਕਿਉਂ ਬੁਝਾ ਰਿਹਾ ਹੈਂ ?'

ਭਾਈ ਤਾਰਾ ਜੀ ਨੇ ਨਿਰਭੈਤਾ ਨਾਲ ਬਾਬਰ ਨੂੰ ਉੱਤਰ ਦਿਤਾ—'ਮੈਂ ਸਮਝਦਾ ਸਾਂ ਕਿ ਪ੍ਰਦੇਸੀ ਲੁਟੇਰੇ ਨੇ ਮੇਰੇ ਵਤਨ ਵਾਸੀਆਂ ਨੂੰ ਨਿਰਦੋਸ਼ ਸਾੜਨਾ ਲੁਟਣਾ ਤੇ ਮਾਰਨਾ ਸ਼ੁਰੂ ਕੀਤਾ ਹੈ। ਮੈਨੂੰ ਪਤਾ ਸੀ ਕਿ ਬਾਬਰ ਜ਼ਾਲਮ ਹੈ। ਉਹ ਮੈਨੂੰ ਮਾਰ ਦੇਵੇਗਾ ਅੱਗ ਵਿਚ ਸੁਟ ਕੇ ਸਾੜ ਦੇਵੇਗਾ ਉਸ ਕੋਲ ਫ਼ੌਜ ਹੈ। ਉਹ ਭਾਰਤ ਨੂੰ ਲੁਟਣ ਵਾਸਤੇ ਆਇਆ ਹੈ, ਪਰ ਨਾਲ ਹੀ ਮੇਰੇ ਗੁਰੂ ਜੀ ਦੀ ਸਿਖਿਆ ਹੈ ਆਪਾ ਕੁਰਬਾਨ ਕਰਕੇ ਗ਼ਰੀਬਾਂ ਦੁਖੀਆਂ ਧਰਮੀਆਂ ਤੇ ਅਬਲਾ ਇਸਤ੍ਰੀਆਂ ਦੀ ਸਹਾਇਤਾ ਕਰਨੀ। ਜ਼ਾਲਮ ਦੇ ਜ਼ੁਲਮ ਕੋਲੋਂ ਨਾ ਡਰਨਾ ਪ੍ਰਮਾਤਮਾ ਸਹਾਇਤਾ ਕਰੇਗਾ ਕਿਉਂਕਿ ਪ੍ਰਮਾਤਮਾ ਨੇਕੀ ਕਰਨ ਵੇਲੇ ਪੁਰਸ਼ ਦੇ ਅੰਗ ਸੰਗ ਰਹਿੰਦਾ ਹੈ ਜੇ ਬਾਬਰ ਕੋਲ ਤਲਵਾਰ ਹੈ ਤਾਂ ਮੇਰੇ ਕੋਲ ਸਤਿ ਕਰਤਾਰ ਦੇ ਸਿਮਰਨ ਦੀ ਢਾਲ ਹੈ। ਜਿਨ੍ਹਾਂ ਨੂੰ ਮੌਤ ਦੇ ਘਾਟੋਂ ਬਚਾਇਆ। ਉਨ੍ਹਾਂ ਦੀਆਂ ਅਸੀਸਾਂ ਮੇਰੇ ਨਾਲ ਹਨ। ਮੇਰੇ ਗੁਰੂ ਅੰਗ ਸੰਗ ਹੈ। ਮੈਨੂੰ ਬੇਸ਼ਕ ਮਰਵਾ ਦੇਹ, ਪਰ ਸੱਚ ਇਹ ਹੈ ਕਿ ਮਾਸੂਮ ਤੇ ਨਿਰਦੋਸ਼ ਪਰਜਾ ਉਤੇ ਐਸਾ ਜੁਲਮ ਇਕ ਜੇਤੂ ਬਾਦਸ਼ਾਹ ਵਲੋਂ ਨਹੀਂ ਕਰਨਾ ਚਾਹੀਦਾ, ਇਹੋ ਜਿਹਾ ਜ਼ੁਲਮ ਇਕ ਭਾਰੀ ਪੱਥਰ ਬਣਕੇ ਸਮੇਤ ਪ੍ਰਤਾਪ ਦੇ ਡੋਬ ਦੇਂਦਾ ਹੈ। ਤੁਹਾਡਾ ਧਰਮ ਸੀ ਅੱਗ ਲਾਉਣਾ ਤੇ ਮੇਰਾ ਧਰਮ ਹੈ ਅੱਗ ਬੁਝਾਉਣੀ।'

ਜੇਤੂ ਬਾਬਰ ਨੇ ਗੁਰੂ ਦੇ ਸਿੱਖ ਕੋਲੋਂ ਸੱਚੀਆਂ ਤੇ ਖਰੀਆਂ ਗੱਲਾਂ ਸੁਣੀਆਂ। ਬਾਬਰ ਗੁਸੇ ਨਹੀਂ ਹੋਇਆ ਕਿਉਂਕਿ ਉਹ ਮਾੜੇ ਚੰਗੇ ਮਨੁਖ ਦੀ ਪਛਾਣ ਕਰ ਲੈਂਦਾ ਸੀ। ਉਸ ਨੇ ਭਾਈ ਤਾਰਾ ਜੀ ਦੇ ਬੰਧਨ ਖੁਲ੍ਹਵਾ ਦਿਤੇ, ਬੜੇ ਸਤਿਕਾਰ ਨਾਲ ਕੋਲ ਬਿਠਾਇਆ ਤੇ ਆਖਿਆ—'ਤੇਰਾ ਗੁਰੂ ਕੌਣ ਹੈ ਤੇ ਉਹ ਕਿਥੇ ਰਹਿੰਦਾ ਹੈ?'

'ਮੇਰਾ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨਿਰੰਕਾਰੀ ਹੈ। ਉਹ ਸਾਰੇ ਜਗਤ ਦੇ ਭਲੇ ਵਾਸਤੇ ਪ੍ਰਗਟੇ ਹਨ। ਵਿਚਰ ਰਹੇ ਨੇ ਜਗਤ ਦਾ ਸੁਧਾਰ ਕਰ ਰਹੇ ਹਨ, ਭੁਲਿਆਂ ਪ੍ਰਾਣੀਆਂ ਨੂੰ ਸਿਧੇ ਰਾਹੇ ਪਾ ਰਹੇ ਹਨ।' ਭਾਈ ਤਾਰਾ

ਜੀ ਦਾ ਉੱਤਰ ਸੀ ।

'ਕੀ ਮੈਂ ਉਨ੍ਹਾਂ ਦੇ ਦਰਸ਼ਨ ਕਰ ਸਕਦਾ ਹਾਂ?'

'ਜ਼ਰੂਰ ! ਚਿਤ ਵਿਚ ਸ਼ਰਧਾ ਰਖੋ। ਇਕ ਦਿਨ ਉਹ ਜ਼ਰੂਰ ਦਰਸ਼ਨ ਦੇਣਗੇ।'

ਗੁਰੂ ਦੇ ਸਿੱਖ ਦੀ ਸਚਾਈ ਤੇ ਲੋਕ ਸੇਵਾ ਦੀ ਛੂਹ ਨੇ ਜੇਤੂ ਤੇ ਹੰਕਾਰੀ ਬਾਬਰ ਨੂੰ ਜਿੱਤ ਲਿਆ । ਬਾਬਰ ਨੇ ਓਸੇ ਵੇਲੇ ਹੁਕਮ ਦਿਤਾ ਕਿ-'ਲਾਹੌਰ ਸ਼ਹਿਰ ਦੀ ਅੱਗ ਬੁਝਾਈ ਜਾਵੇ ਕਿਸੇ ਘਰ ਨੂੰ ਲੁਟਿਆ ਨਾ ਜਾਵੇ ਤੇ ਨਾ ਹੀ ਕਿਸੇ ਇਸਤ੍ਰੀ ਪੁਰਸ਼ ਨੂੰ ਕਿਸੇ ਤਰ੍ਹਾਂ ਦਾ ਕੋਈ ਕਸ਼ਟ ਦਿਤਾ ਜਾਵੇ।'

ਲਾਹੌਰ ਵਿਚ ਸ਼ਾਂਤੀ ਵਰਤ ਗਈ। ਭਾਈ ਤਾਰਾ ਜੀ 'ਕਰਤਾਰ ਤੇ ਸਤਿਨਾਮ' ਦਾ ਸਿਮਰਨ ਕਰਦੇ ਆਪਣੇ ਨਗਰ ਆ ਗਏ । ਮਾਂ ਤੇ ਭੈਣ ਨੂੰ ਮਿਲੇ ਸੇਵਾ ਸਫਲ ਹੋਈ । ਲੋਕ ਭਲਾਈ ਕਰਨੀ ਚਾਹੀਦੀ ਹੈ। ਲੋਕ ਭਲਾਈ ਕਰਦਿਆਂ ਹੋਇਆਂ ਕਿਸੇ ਜ਼ਾਲਮ ਕੋਲੋਂ ਡਰਨਾ ਨਹੀਂ ਚਾਹੀਦਾ ।

# ੬੮. ਭਾਈ ਮੂਲਾ ਕੀੜ ਲਾਹੌਰੀਆ

ਮੂਲਾ ਕੀੜ ਲਾਹੌਰ ਦਾ ਸ਼ਾਹੂਕਾਰ ਤੇ ਸੁਦਾਗਰ ਸੀ । ਸਮੇਂ ਦੇ ਚੱਕਰ ਨੇ ਇਸ ਦੀ ਬੁਧੀ ਨੂੰ ਭ੍ਰਿਸ਼ਟ ਕਰ ਦਿਤਾ । ਉਹ ਮਾੜੇ ਕਰਮ ਕਰਨ ਲਗਾ। ਸਭ ਤੋਂ ਮਾੜਾ ਕਰਮ ਜੂਆ ਖੇਡਣਾ ਸੀ । ਜੁਆਰੀਆਂ ਦੀਆਂ ਟੋਲੀਆਂ ਨਾਲ ਉਠਣ ਬੈਠਣ ਹੋ ਗਿਆ। ਜੂਆ ਖੇਡਦਿਆਂ ਹੋਇਆਂ ਜਿੱਤ ਨਾਲ ਹਾਰ ਜ਼ਰੂਰੀ ਹੁੰਦੀ ਹੈ । ਜਿਵੇਂ ਯੁਧਿਸ਼ਟਰ ਨੇ ਜੂਏ ਵਿਚ ਸਭ ਕੁਝ ਹਾਰ ਦਿਤਾ ਸੀ । ਤਿਵੇਂ ਮੂਲਾ ਕੀੜ ਵੀ ਸਾਰੇ ਧਨ ਪਦਾਰਥ ਨੂੰ ਹਾਰਕੇ ਕੰਗਾਲ ਹੋ ਗਿਆ। ਘਰ ਦਾ ਮਕਾਨ ਤੇ ਘਰ ਦੇ ਭਾਂਡੇ ਰਹਿ ਗਏ । ਜੂਏ ਵਿਚ ਸਭ ਕੁਝ ਹਾਰ ਕੇ ਘਰ ਲੰਮਾ ਆ ਪਿਆ ।

ਮੂਲੇ ਕੀੜ ਦੀ ਇਸਤ੍ਰੀ ਬਹੁਤ ਨੇਕ ਤੇ ਸਤਵੰਤੀ ਸੀ । ਉਸਨੇ ਮੂਲੇ ਨੂੰ ਜੂਆ ਖੇਡਣ ਤੋਂ ਬਹੁਤ ਰੋਕਿਆ ਸੀ । ਕਈ ਵਾਰੀ ਲੜੀ ਤੇ ਭੁਖੀ ਰਹੀ ਪਰ ਮੂਲਾ ਨਾ ਮੰਨਿਆ । ਜਦੋਂ ਮੂਲਾ ਸਭ ਕੁਝ ਹਾਰ ਗਿਆ ਤੇ ਓਸਦੀ ਇਸਤ੍ਰੀ ਤੇ ਬੱਚੇ ਭੁੱਖੇ ਮਰਨ ਲਗੇ ਤਾਂ ਉਹ ਵਿਚਾਰੀ ਰੋਣ ਲੱਗੀ।

ਮੂਲੇ ਦੇ ਗੁਵਾਂਢ ਇਕ ਐਸਾ ਨੇਕ ਪ੍ਰਵਾਰ ਰਹਿੰਦਾ ਸੀ ਜੋ ਸ੍ਰੀ ਗੁਰੂ ਨਾਨਕ

ਦੇਵ ਜੀ ਦਾ ਵਰਸਾਇਆ ਹੋਇਆ ਸੀ। ਗੁਰੂ ਜੀ ਦੇ ਦਰਸ਼ਨਾਂ ਲਈ ਕਰਤਾਰਪੁਰ
ਪਹੁੰਚਦਾ। ਗੁਰੂ ਜੀ ਕੋਲੋਂ ਉਪਦੇਸ਼ ਸੁਣਦਾ ਤੇ ਗੁਰੂ ਜੀ ਦੀਆਂ ਬਖ਼ਸ਼ੀਆਂ
ਰਿਧੀਆਂ ਸਿਧੀਆਂ ਨਾਲ ਜੀਵਨ ਸੁਖੀ ਤੇ ਸ਼ਾਂਤੀ ਭਰਪੂਰ ਦਿਹਾੜੇ ਗੁਜਾਰਦਾ।
ਉਸ ਪ੍ਰਵਾਰ ਦੀ ਇਕ ਇਸਤ੍ਰੀ ਮੂਲੇ ਕੀੜ ਦੇ ਘਰ ਆਈ। ਮੂਲੇ ਕੀੜ ਦੀ
ਇਸਤ੍ਰੀ ਨੂੰ ਰੋਂਦਿਆਂ ਦੇਖ ਸੁਣ ਕੇ ਉਸਨੂੰ ਬਹੁਤ ਤਰਸ ਆਇਆ। ਹਮਦਰਦੀ
ਨਾਲ ਉਸਨੇ ਮੂਲੇ ਕੀੜ ਦੀ ਸੁਪੱਤਨੀ ਨੂੰ ਇਹ ਸਲਾਹ ਦਿਤੀ।

'ਭੈਣ ਰੋਣ ਦਾ ਕੁਝ ਲਾਭ ਨਹੀਂ। ਰੋਣ ਨਾਲ ਸਰੀਰ ਦਾ ਸਤਿਆਨਾਸ
ਕਰਨਾ ਹੈ। ਹੌਂਸਲਾ ਕਰ। ਰਾਮ ਦੇ ਭਾਈਏ (ਮੂਲੇ ਕੀੜ) ਨੂੰ ਨਾਲ ਲੈ ਕੇ
ਕਰਤਾਰਪੁਰ ਪੁਜੋ। ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕੋ ਭਲਾ ਕਿਤੇ ਕਰਤਾਰ
ਭੁਲਾਂ ਬਖ਼ਸ਼ੇ ਇਨ੍ਹਾਂ (ਮੂਲੇ ਕੀੜ) ਨੂੰ ਸੁਮਤ ਬਖ਼ਸ਼ੇ ਤੇ ਸਿਧੇ ਰਾਹ ਪਾਏ। ਗੁਰੂ
ਜੀ ਬਰਕਤਾਂ ਵਾਲੇ ਹਨ ਉਨ੍ਹਾਂ ਦੇ ਦਰਸ਼ਨ ਕਰਕੇ ਪਾਪੀ ਤੇ ਮਨ ਮਤੀਏ ਬਖ਼ਸ਼ੇ
ਜਾਂਦੇ ਹਨ। ਉਹ ਦਾਤੇ ਨੇ। ਉਹਨਾਂ ਦੀਆਂ ਮੇਹਰਾਂ ਨੇ ਕਈਆਂ ਦੇ ਬੇੜੇ ਪਾਰ
ਕਰ ਦਿਤੇ ਹਨ। ਪ੍ਰਤਾਪੀ ਦੇ ਘਰ ਕਿੰਨੀ ਕੰਗਾਲੀ ਸੀ, ਦੇਖ ਹੁਣ ਰਾਜ ਕਰ
ਰਹੀ ਹੈ। ਉਹ ਹਰ ਮਹੀਨੇ ਦੇ ਮਹੀਨੇ ਗੁਰਾਂ ਦੇ ਦਰਸ਼ਨ ਕਰਨ ਵਾਸਤੇ ਜਾਂਦੀ
ਹੈ। ਸਵੇਰੇ ਅਸਾਂ ਕਰਤਾਰਪੁਰ ਜਾਣਾ ਹੈ ਦੋਵੇਂ ਜੀਅ ਜ਼ਰੂਰ ਸਾਡੇ ਨਾਲ ਚਲੋ।'

ਮੂਲੇ ਕੀੜ ਦੀ ਇਸਤ੍ਰੀ ਨੂੰ ਇਹ ਸਲਾਹ ਬਹੁਤ ਚੰਗੀ ਲਗੀ ਕਹਿੰਦੇ ਨੇ
ਡੁਬਦਾ ਹੋਇਆ ਆਦਮੀ ਜਾਨ ਬਚਾਉਨ ਵਾਸਤੇ ਏਧਰ ਓਧਰ ਹੱਥ ਮਾਰਦਾ
ਹੈ ਕਿ ਕਿਵੇਂ ਉਸਨੂੰ ਕੋਈ ਆਸਰਾ ਮਿਲ ਜਾਵੇ। ਮੂਲੇ ਕੀੜ ਦੀ ਸੁਪੱਤਨੀ
ਨੇ ਗੁਰੂ ਨਾਨਕ ਜੀ ਦਾ ਨਾਮ ਤਾਂ ਸੁਣਿਆ ਹੋਇਆ ਸੀ ਪਰ ਮੂਲਾ ਉਸਦੇ
ਆਖੇ ਨਹੀਂ ਸੀ ਲਗਦਾ, ਜੋ ਉਹ ਘਰੋਂ ਚਲਕੇ ਗੁਰਾਂ ਦੇ ਦਰਸ਼ਨ ਕਰ ਸਕੇ।

ਭੈੜਾ ਜਿਹਾ ਮੂੰਹ ਬਣਾਈ ਰਾਤ ਨੂੰ ਮੂਲਾ ਕੀੜ ਘਰ ਆਇਆ। ਸਾਰੇ
ਦਿਨ ਦਾ ਵਿਛੋਂ ਭੁਖਾ ਸੀ। ਉਸ ਦੀਆਂ ਆਂਦਰਾਂ ਓਹਦੀ ਮੂਰਖਤਾ ਉਤੇ ਰੋ
ਰਹੀਆਂ ਸਨ। ਉਸਦੀ ਮੰਦਭਾਗਣ ਘਰ ਵਾਲੀ ਨੇ ਸੁਕੀਆਂ ਰੋਟੀਆਂ ਉਹਦੇ
ਅਗੇ ਰਖੀਆਂ ਉਨ੍ਹਾਂ ਨੂੰ ਖਾ ਚੁਕਿਆ ਤਾਂ ਉਸਦੀ ਵਹੁਟੀ ਨੇ ਗੱਲ ਛੇੜੀ—

'ਮੈਂ ਕਿਹਾ ਜੀ ਇਸ ਤਰ੍ਹਾਂ ਵਿਹਲੇ ਫਿਰਿਆਂ ਤਾਂ ਝਟ ਨਹੀਂ ਲੰਘਣਾ। ਨਾ
ਚੰਦਰੇ ਜੂਏ ਵਿਚੋਂ ਤੁਸਾਂ ਨੂੰ ਜਿੱਤ ਹੋਣੀ ਹੈ। ਜੂਆ ਮਹਾਂ ਪਾਪ ਹੈ। ਤਬਾਹੀ
ਦਾ ਮੂਲ ਹੈ। ਏਸੇ ਜੂਏ ਨੇ ਪੰਜਾਂ ਪਾਂਡਵਾਂ ਨੂੰ ਬਨਵਾਸ ਭੇਜਿਆ। ਦਰੋਪਦੀ

ਦੀ ਨਿਰਾਦਰੀ ਕਰਵਾਈ। ਜੂਏ ਤੋਂ ਕਦੀ ਕਿਸੇ ਕੁਝ ਨਹੀਂ ਖਟਿਆ। ਕੌਡੀ ਕੌਡੀ ਦੇ ਆਦਮੀ ਬਾਹਰ ਗਿਆਂ ਮੈਨੂੰ ਟਿਚਕਰਾਂ ਕਰਦੇ ਨੇ ਕਲ੍ਹ ਜਿਹੜੇ ਚਾਚੀ ਜੀ! ਮਾਤਾ ਜੀ! ਆਖ ਕੇ ਬੁਲਾਉਂਦੇ ਸੀ, ਅੱਜ 'ਭਾਬੀ' ਆਖ ਰਹੇ ਨੇ ਇਸ ਚੰਦਰੇ ਤੇ ਅਣਸਤ ਕਾਰੇ ਨਾਲੋਂ ਮਰਨ ਚੰਗਾ ਹੈ।'

ਮੂਲਾ ਕੀੜ—'ਭਾਗਾਂ ਨੇ ਹਾਰ ਦਿਤੀ, ਕਿਸੇ ਕੋਲੋਂ ਫੜ ਕੇ ਰੁਪਏ ਅੱਜ ਦਾਅ ਉਤੇ ਲਾਏ, ਪਰ ਹਾਰ ਗਿਆ ਹਾਰ ਈ ਹਾਰ ਮੇਰੇ ਭਾਗਾਂ ਵਿਚ ਹੈ। ਅੱਜ ਜੇ ਮੈਂ ਸੋਨੇ ਨੂੰ ਹੱਥ ਲਾਵਾਂਗਾ ਤਾਂ ਉਹ ਵੀ ਮਿੱਟੀ ਹੋ ਜਾਵੇਗਾ। ਦਸ ਮੈਂ ਕੀ ਕਰਾਂ? ਜੀ ਤਾਂ ਮੇਰਾ ਵੀ ਕਰਦਾ ਕਿਸੇ ਖੂਹ ਵਿਚ ਛਾਲ ਮਾਰ ਦੇਵਾਂ, ਪਰ ਫਿਰ ਇਸ ਆਸ ਆਸਰੇ ਜੀਉਂਦਾ ਹੈ ਕਿ ਕਦੀ ਤਾਂ ਖੇਡ ਪਾਸਾ ਪਰਤੇਗੀ। ਜੋਤਸ਼ੀ ਆਖਦਾ ਹੈ, ਕਲ੍ਹ ਦਾਅ ਜ਼ਰੂਰ ਤੇਰੇ ਹੱਕ ਵਿਚ ਆਇਗਾ। ਮੈਂ ਵੀ ਸੋਚਦਾ ਹਾਂ ਜੂਏ ਦਾ ਘਾਟਾ ਜੂਏ ਤੋਂ ਹੀ ਪੂਰਾ ਹੋ ਸਕਦਾ ਹੈ।'

ਮੂਲੇ ਦੀ ਇਸਤਰੀ—'ਕੂੜ! ਮਹਾਂ ਕੂੜ! ਜੂਏ ਤੋਂ ਕਦੀ ਕੋਈ ਰੱਜ ਕੇ ਰੋਟੀ ਨਹੀਂ ਖਾ ਸਕਦਾ। ਇਕ ਗੱਲ ਮੇਰੀ ਮੰਨੋ। ਸਾਰੀ ਉਮਰ ਆਪ ਹੁਦਰੀਆਂ ਕਰਦੇ ਰਹੇ ਜੇ, ਜੇ ਮੰਨੋ ਤਾਂ ਸ਼ਾਇਦ ਭਾਗਾਂ ਦਾ ਚੱਕਰ ਸਿੱਧਾ ਚਲਨ ਲਗ ਪਵੇ।'

ਮੂਲਾ ਕੀੜ—'ਤੇਰੀ ਕਿਹੜੀ ਗੱਲ ਮੰਨਾਂ?'

ਮੂਲੇ ਦੀ ਇਸਤਰੀ—'ਕਰਤਾਰਪੁਰ ਸ੍ਰੀ ਗੁਰੂ ਨਾਨਕ ਦੇਵ ਜੀ ਹਨ, ਉਨ੍ਹਾਂ ਦੇ ਚਰਨਾਂ ਉਤੇ ਮੱਥਾ ਟੇਕਣ ਤੇ ਮੰਦਭਾਗੀ ਤੋਂ ਮੰਦਭਾਗੀ ਤਰ ਜਾਂਦੇ ਨੇ ਜੋ ਦਰਸ਼ਨ ਕਰ ਆਉਂਦੇ ਹਨ ਉਨ੍ਹਾਂ ਨੂੰ ਕਿਸੇ ਗੱਲ ਦੀ ਬੁੜ ਨਹੀਂ ਰਹਿੰਦੀ। ਸਵੇਰੇ ਰਾਮਦਿਤੀ ਤੇ ਕੁਸ਼ਲਿਆ ਹੁਣਾਂ ਸਣੇ ਪਰਿਵਾਰ ਜਾਣਾ ਹੈ, ਆਪਾਂ ਵੀ ਚਲੀਏ। ਸ਼ਾਇਦ ਗੁਰੂ ਜੀ ਮਿਹਰ ਕਰਨ ਭੁਲਾਂ ਬਖ਼ਸ਼ ਦੇਣ। ਚੰਗੇ ਦਿਨ ਆ ਜਾਣ, ਘਰੋਂ ਗਈਆਂ ਬਰਕਤਾਂ ਮੁੜ ਆਉਣ। ਜ਼ਰੂਰ ਆਖੇ ਲਗੋ ਤੇ ਸਵੇਰੇ ਸੰਗ ਨਾਲ ਚਲੋ।'

ਮੂਲਾ ਕੀੜ ਕਈ ਤਰ੍ਹਾਂ ਦੇ ਬਹਾਨੇ ਤੇ ਨਾਂਹ ਨੁਕਰ ਕਰਦਾ ਰਿਹਾ ਪਰ ਉਸ ਦੀ ਪਤਨੀ ਨੇ ਰੋ ਰੋ ਕੇ ਆਖ਼ਰ ਕਰਤਾਰਪੁਰ ਚੱਲਣ ਵਾਸਤੇ ਤਿਆਰ ਕਰ ਹੀ ਲਿਆ। ਸਵੇਰੇ ਸੰਗ ਨੇ ਤੁਰਨਾ ਸੀ। ਮੂਲਾ ਕੀੜ ਤੇ ਉਸ ਦੀ ਪਤਨੀ ਬੱਚਿਆਂ ਸਮੇਤ ਸੰਗ ਨਾਲ ਰਲ ਤੁਰੇ। ਦੂਸਰੇ ਦਿਨ ਸੰਗ ਕਰਤਾਰਪੁਰ

ਪਹੁੰਚ ਪਿਆ!

ਜਿਸ ਵੇਲੇ ਸੰਗ ਕਰਤਾਰਪੁਰ ਪੁੱਜਾ। ਉਸ ਵੇਲੇ ਦੀਵਾਨ ਲੱਗਾ ਹੋਇਆ ਸੀ। ਗੁਰੂ ਜੀ ਕੀਰਤਨ ਕਰ ਰਹੇ ਸਨ। ਅਰਸ਼ੀ ਬਾਣੀ ਦਾ ਗਾਇਨ ਹੋ ਰਿਹਾ ਸੀ। ਜਦੋਂ ਮੂਲੇ ਕੀੜ ਤੇ ਉਸ ਦੀ ਪਤਨੀ ਨੇ ਗੁਰੂ ਜੀ ਦੀ ਹਜ਼ੂਰੀ ਵਿਚ ਮੱਥਾ ਟੇਕਿਆ, ਤਦੋਂ ਇਹ ਤੁਕ ਆਈ—

*ਚੋਰ ਜਾਰ ਜੂਆਰ ਪੀੜੇ ਘਾਣੀਐ॥*
*ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ॥*

ਜਿਵੇਂ ਤਿੱਖਾ ਤੀਰ ਕਿਸੇ ਦੀ ਹਿੱਕ ਵਿਚ ਵੱਜ ਕੇ ਉਸ ਨੂੰ ਘਾਇਲ ਕਰ ਦੇਂਦਾ ਹੈ ਤਿਵੇਂ ਇਹ ਮਹਾਂ ਵਾਕ 'ਚੋਰ ਜਾਰ ਜੂਆਰ ਪੀੜੇ ਘਾਣੀਐ।' ਮੂਲੇ ਕੀੜ ਦੇ ਸੀਨੇ ਵਿਚ ਖੁਭ ਗਿਆ। ਉਸ ਦਾ ਸਾਰਾ ਸਰੀਰ ਲਰਜ ਗਿਆ। ਕੀਤੇ ਪਾਪ ਚੇਤੇ ਆ ਗਏ। ਭੈ ਭੀਤ ਹੋ ਗਿਆ। ਬਿਹਬਲ ਹੋ ਕੇ ਗੁਰੂ ਜੀ ਦੇ ਚਰਨਾਂ ਉਪਰ ਜਾ ਢੱਠਾ—'ਦਾਤਾ! ਮੈਨੂੰ ਬਖ਼ਸ਼! ਮੈਂ ਪਾਪੀ! ਮੈਂ ਭੁੱਲੜ!' ਇਹ ਸ਼ਬਦ ਉਸ ਦੇ ਗਲੇ ਵਿਚੋਂ ਬਹੁਤ ਮੁਸ਼ਕਲ ਨਾਲ ਨਿਕਲੇ। ਭੁਬੀਂ ਭੁਬੀਂ ਰੋਣ ਲਗ ਗਿਆ।

ਜਗਤ ਦੇ ਤਾਰਨਹਾਰੇ, ਨਿਰੰਕਾਰੀ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਮਿਹਰ ਦੀ ਨਿਗਾਹ ਕਰ ਕੇ ਨਿਹਾਲ ਕਰ ਦਿੱਤਾ। ਪਾਪ ਤੇ ਦਲਿਦਰ ਦਾ ਨਾਸ ਕਰ ਦਿੱਤਾ। ਦੋਹਾਂ ਜੀਆਂ ਨੂੰ ਹੁਕਮ ਕੀਤਾ ਕਿ ਸਾਧ ਸੰਗਤ ਦੀ ਸੇਵਾ ਕਰੋ। ਦੋਵੇਂ ਜੀਅ ਗੁਰੂ ਦੇ ਲੰਗਰ ਵਿਚ ਸੇਵਾ ਕਰਨ ਲਗ ਪਏ। ਜਿਉਂ ਜਿਉਂ ਸੇਵਾ ਕਰਦੇ ਰਹੇ। ਤਿਉਂ ਤਿਉਂ ਉਨ੍ਹਾਂ ਦੇ ਭਾਗ ਦਾ ਚੱਕਰ ਸਿੱਧਾ ਮੁੜਨ ਲਗ ਪਿਆ। ਪੂਰਾ ਇਕ ਮਹੀਨਾ ਗੁਰੂ ਜੀ ਦੀ ਹਜ਼ੂਰੀ ਵਿਚ ਸੇਵਾ ਕਰਨ ਪਿਛੋਂ ਗੁਰੂ ਜੀ ਕੋਲ ਆਗਿਆ ਲਈ। ਲਾਹੌਰ ਨੂੰ ਮੁੜ ਆਏ। ਪੂਰੇ ਸਤਸੰਗੀ ਹੋ ਗਏ। ਹਰਿ ਕੀਰਤਨ ਸੁਣਨ ਦੇ ਪ੍ਰੇਮੀ ਬਣ ਗਏ। ਚੋਰਾਂ, ਯਾਰਾਂ ਤੇ ਜਵਾਰੀਆਂ ਦਾ ਸੰਗ ਛੱਡ ਦਿੱਤਾ। ਭਗਤ ਤੇ ਨੇਕ ਪੁਰਸ਼ ਦੇ ਕੋਲ ਬੈਠ ਕੇ ਚੰਗੇ ਬਚਨ ਸੁਣਨ ਲੱਗਾ। ਥੋੜ੍ਹੀ ਜਿਹੀ ਪੂੰਜੀ ਨਾਲ ਦੁਕਾਨ ਪਾਈ। ਅਕਾਲ ਪੁਰਖ ਦੀ ਕ੍ਰਿਪਾ ਤੇ ਗੁਰੂ ਜੀ ਦੀ ਮੇਹਰ ਦੇ ਨਾਲ ਥੋੜੀ ਪੂੰਜੀ ਤੋਂ ਬਹੁਤ ਲਾਭ ਹੋਇਆ, ਹਜ਼ਾਰਾਂ ਰੁਪਏ ਦਾ ਵਿਉਪਾਰ ਤੁਰ ਪਿਆ, ਜਿਸ ਚੰਗੀ ਹਾਲਤ ਤੋਂ ਮੂਲਾ ਕੀੜ ਹੇਠਾਂ ਡਿਗਿਆ ਸੀ ਉਸੇ ਚੰਗੀ ਹਾਲਤ ਤੇ ਮੁੜ ਪਹੁੰਚ ਗਿਆ। ਹੁਣ ਉਸ

ਦੇ ਘਰ ਸਾਧੂ ਸੰਤ ਆਉਂਦੇ ਗਰੀਬਾਂ ਨੂੰ ਅੰਨ ਤੇ ਕੱਪੜਾ ਦਿਤਾ ਜਾਂਦਾ। ਸਵੇਰੇ ਤੇ ਸ਼ਾਮ ਨੂੰ ਗੁਰੂ ਜੀ ਦੀ ਬਾਣੀ ਦਾ ਪਾਠ ਦੋਵੇਂ ਜੀ ਕਰਦੇ। ਮੂਲੇ ਦੀ ਇਸਤ੍ਰੀ ਭਾਗਾਂ ਵਾਲੀ ਇਸਤ੍ਰੀ ਸੀ।

ਇਕ ਦਿਨ ਇਕ ਚੋਰ ਸਾਧੂ ਦਾ ਭੇਸ ਧਾਰ ਕੇ ਮੂਲੇ ਕੀੜ ਦੇ ਘਰ ਆ ਗਿਆ। ਉਸ ਵੇਲੇ ਤਰਕਾਲਾਂ ਦਾ ਵੇਲਾ ਸੀ, ਚੋਰ ਸਾਧੂ ਨੇ ਇਛਾ ਪ੍ਰਗਟ ਕੀਤੀ ਕਿ ਉਹ ਰਾਤ ਮੂਲੇ ਕੀੜ ਦੇ ਗ੍ਰਹਿ ਵਿਖੇ ਰਹਿਣਾ ਚਾਹੁੰਦਾ ਹੈ। ਮੂਲੇ ਕੀੜ ਨੂੰ ਸਭ ਸਾਧੂ ਰੱਬ ਦੇ ਸੱਚੇ ਤੇ ਨੇਕ ਬੰਦੇ ਪ੍ਰਤੀਤ ਹੁੰਦੇ ਸਨ। ਉਸ ਨੂੰ ਖ਼ੁਸ਼ੀ ਹੋਈ, ਉਸ ਨੇ ਚੋਰ ਸਾਧੂ ਨੂੰ ਆਖਿਆ—'ਮਹਾਤਮਾ ਜੀ! ਜੀ ਸਦਕੇ ਰਹੋ। ਮੇਰੇ ਧੰਨ ਭਾਗ! ਜੋ ਸਾਧੂ ਮੇਰੇ ਘਰ ਰਹਿਣ। ਮੇਰਾ ਘਰ ਪਵਿਤ੍ਰ ਹੋਵੇਗਾ ਮੈਂ ਸੇਵਾ ਕਰਕੇ ਜਨਮ ਸਫਲਾ ਕਰਾਂਗਾ। ਸ੍ਰੀ ਗੁਰੂ ਨਾਨਕ ਦੇਵ ਜੀ ਮਿਹਰ ਕਰਨਗੇ। ਉਹਨਾਂ ਦਾ ਦਇਆ ਦਾ ਹੱਥ ਮੇਰੇ ਸਿਰ ਉਪਰ ਹੈ।

ਘਰ ਵਿਚ ਸਾਧੂ ਆਇਆ ਦੇਖ ਕੇ ਮੂਲੇ ਕੀੜ ਦੀ ਸੁਪੱਤਨੀ ਬਹੁਤ ਖ਼ੁਸ਼ ਹੋਈ ਤੇ ਬੜੇ ਉਤਸ਼ਾਹ ਨਾਲ ਭੋਜਨ ਤਿਆਰ ਕਰਨ ਲਗੀ, ਰੀਝ ਸ਼ਰਧਾ ਤੇ ਪਿਆਰ ਨਾਲ ਪ੍ਰਸ਼ਾਦ ਤਿਆਰ ਕੀਤਾ, ਚੋਰ ਸਾਧੂ ਨੂੰ ਛਕਾਇਆ ਤੇ ਮੰਜੇ ਉਤੇ ਬਿਸਤਰਾ ਵਿਛਾ ਕੇ ਰਾਤ ਆਰਾਮ ਕਰਨ ਵਾਸਤੇ ਬੇਨਤੀ ਕੀਤੀ, ਚੋਰ ਸਾਧੂ ਮੰਜੇ ਉਤੇ ਲੇਟ ਗਿਆ, ਪਰ ਸੁਤਾ ਨਹੀਂ ਕਿਉਂਕਿ ਉਸਦੀ ਨੀਤ ਮਾੜੀ ਸੀ, ਉਹ ਭਗਤ ਦੇ ਘਰ ਵਿਚੋਂ ਚੋਰੀ ਕਰਨਾ ਚਾਹੁੰਦਾ ਸੀ।

ਅੱਧੀ ਰਾਤ ਨੂੰ ਮੂਲਾ ਕੀੜ ਤੇ ਉਸਦਾ ਸਾਰਾ ਪ੍ਰਵਾਰ ਸੌਂ ਗਿਆ। ਪ੍ਰਵਾਰ ਨੂੰ ਸੁਤਿਆਂ ਦੇਖਕੇ ਚੋਰ ਸਾਧੂ ਉਠਿਆ ਤੇ ਸਾਮਾਨ ਵਾਲੇ ਕੋਠੇ ਦਾ ਜੰਦਰਾ ਤੋੜ ਕੇ ਅੰਦਰ ਚਲਾ ਗਿਆ, ਸੋਨੇ ਦੇ ਜੇਵਰਾਂ ਗਹਿਣਿਆਂ ਦਾ ਡੱਬਾ ਉਸ ਨੂੰ ਹੱਥ ਲਗ ਗਿਆ। ਉਸ ਡੱਬੇ ਨੂੰ ਕੱਛੇ ਮਾਰ ਕੇ ਰਾਤੋ ਰਾਤ ਨੱਸ ਜਾਣ ਦੀ ਵਿਉਂਤ ਸੋਚਣ ਲੱਗਾ। ਘਰ ਦੀ ਕੰਧ ਉਚੀ ਸੀ, ਬਾਹਰਲੀ ਡਿਉੜੀ ਦੇ ਦਰਵਾਜ਼ੇ ਨੂੰ ਜੰਦਰਾ ਵੱਜਾ ਹੋਇਆ ਸੀ, ਚੁਪ ਚਾਪ ਤੇ ਅਣਦਸੇ ਘਰੋਂ ਨਿਕਲ ਜਾਣ ਦਾ ਕੋਈ ਵਸੀਲਾ ਨਾ ਦੇਖ ਕੇ ਚੋਰ ਸਾਧ ਨੇ ਮੂਲੇ ਕੀੜ ਨੂੰ ਉਠਾਇਆ ਤੇ ਬੇਨਤੀ ਕੀਤੀ—'ਮਹਾਰਾਜ! ਮੈਨੂੰ ਜਾਣ ਦਿਓ! ਮੈਂ ਇਸ ਵੇਲੇ ਜੰਗਲ ਵਿਚ ਜਾ ਕੇ ਪ੍ਰਭੂ ਭਗਤੀ ਕਰਨੀ ਹੈ, ਅੱਧੀ ਰਾਤ ਬੀਤ ਗਈ ਹੈ। ਮੇਰਾ ਨੇਮ ਹੈ ਕਿ ਅੱਧੀ ਰਾਤ ਦੇ ਪਿਛੋਂ ਮੈਂ ਕਿਸੇ ਦੇ ਘਰ ਨਹੀਂ ਰਹਿੰਦਾ। ਤਾਰਿਆਂ ਦੀ

ਛਾਵੇਂ ਖੁਲ੍ਹੇ ਆਸਮਾਨ ਹੇਠਾਂ ਪ੍ਰਭੂ ਸਿਮਰਨ ਕਰਦਾ ਹਾਂ ਮੇਰੇ ਗੁਰਦੇਵ ਦਾ ਇਹ ਹੁਕਮ ਹੈ।'

ਚੋਰ ਸਾਧ ਦੇ ਇਹ ਬਚਨ ਸੁਣਕੇ ਮੂਲਾ ਕੀੜ ਉਸਨੂੰ ਰੋਕ ਨਾ ਸਕਿਆ। ਹਾਂ ਇਹ ਜਰੂਰ ਪ੍ਰਾਰਥਨਾ ਕੀਤੀ—'ਮਹਾਤਮਾ ਜੀ! ਸਵੇਰੇ ਜਰੂਰ ਦਰਸ਼ਨ ਦੇਣੇ। ਸੁਕਾ ਮਿਸਾ ਪ੍ਰਸ਼ਾਦ ਗ਼ਰੀਬ ਦੇ ਗ੍ਰਹਿ ਵਿਖੇ ਛਕਣਾ। ਮੇਰਾ ਤਾਂ ਕੁਝ ਨਹੀਂ, ਜੋ ਕੁਝ ਹੈ ਉਹ ਮੇਰੇ ਗੁਰੂ ਜੀ ਦਾ ਜਾਂ ਸਾਧ ਸੰਗਤ ਦਾ ਹੈ।' ਇਹ ਆਖਕੇ ਮੂਲੇ ਕੀੜ ਨੇ ਬਾਹਰਲੇ ਬੂਹੇ ਦਾ ਜੰਦਰਾ ਖੋਲ੍ਹਿਆ। ਜੰਦਰਾ ਖੋਹਲ ਕੇ ਮੂਲਾ ਕੀੜ ਚੋਰ ਸਾਧ ਨੂੰ ਪ੍ਰਨਾਮ ਕਰਨ ਲਗਾ ਤਾਂ ਭਾਣਾ ਮਹਾਰਾਜ ਦਾ ਉਸ ਵੇਲੇ ਚੋਰ ਦੀ ਕੱਛ ਵਿਚ ਸੋਨੇ ਦੇ ਜੇਵਰਾਂ ਵਾਲਾ ਡੱਬਾ ਖਿਸਕ ਕੇ ਧਰਤੀ ਉਤੇ ਡਿੱਗ ਪਿਆ ਉਸਦਾ ਚੋਖਾ ਖੜਕਾਰ ਹੋਇਆ। ਉਸ ਖੜਕਾਰ ਨੇ ਚੋਰ ਦੇ ਸਰੀਰ ਨੂੰ ਹਿਲਾ ਦਿਤਾ। ਉਸਦਾ ਦਿਲ ਧੜਕਣ ਲਗ ਪਿਆ ਪਰ ਮੂਲੇ ਕੀੜ ਨੇ ਕੋਈ ਸ਼ੱਕ ਨਾ ਕੀਤਾ, ਸਗੋਂ ਡੱਬਾ ਚੁਕ ਕੇ ਆਪ ਚੋਰ ਨੂੰ ਫੜਾਉਂਦਿਆਂ ਹੋਇਆਂ ਆਖਿਆ—'ਇਹ ਆਪ ਦੀ ਵਸਤੂ ਡਿਗ ਪਈ ਹੈ ਇਸ ਨੂੰ ਸਾਂਭ ਕੇ ਰਖੋ ਕਿਤੇ ਹੋਰ ਥਾਂ ਨਾ ਡਿਗ ਪਏ।'

ਕੰਬਦੇ ਹੱਥਾਂ ਨਾਲ ਚੋਰ ਸਾਧੂ ਨੇ ਮੂਲੇ ਕੀੜ ਦੇ ਹਥੋਂ ਡੱਬਾ ਫੜ ਲਿਆ। ਕਛੇ ਮਾਰਕੇ ਵਾਹੋ ਦਾਹੀ ਬਾਹਰ ਨਿਕਲ ਗਿਆ। ਮੂਲੇ ਕੀੜ ਨੇ ਦਰਵਾਜ਼ਾ ਬੰਦ ਕੀਤਾ, ਜਿੰਦਰਾ ਮਾਰ ਕੇ ਮੁੜ ਆਪਣੀ ਮੰਜੀ ਉਤੇ ਜਾ ਲੇਟਿਆ। ਉਸਨੂੰ ਫੁਰਨਾ ਵੀ ਨਹੀਂ ਫੁਰਿਆ ਕਿ ਇਹ ਸਾਧੂ ਰਾਤ ਕਿਧਰ ਗਿਆ ਹੈ। ਉਸ ਦੇ ਘਰੋਂ ਮਾਲ ਨਾ ਲੈ ਗਿਆ ਹੋਵੇ।

ਪਰ ਓਧਰ ਚੋਰ ਸਾਧ ਦਾ ਹਾਲ ਸੁਣੋ, ਉਹ ਪਿੰਡੋਂ ਬਾਹਰ ਚਲਿਆ ਗਿਆ। ਬਾਹਰ ਪਹੁੰਚ ਕੇ ਉਸਨੇ ਡਬੇ ਨੂੰ ਖੋਲ੍ਹਿਆ ਤੇ ਸੋਨੇ ਦੇ ਜੇਵਰਾਂ ਨੂੰ ਦੇਖਿਆ। ਉਹ ਜੇਵਰ ਹਜ਼ਾਰਾਂ ਰੁਪਿਆਂ ਦੇ ਸਨ। ਬਹੁਤ ਖ਼ੁਸ਼ ਹੋਇਆ ਉਸ ਖ਼ੁਸ਼ੀ ਦੇ ਨਾਲ ਉਸ ਨੂੰ ਹੈਰਾਨੀ ਵੀ ਸੀ ਕਿ ਮੂਲੇ ਕੀੜ ਨੇ ਆਪਣਾ ਮਾਲ ਦੇਖ ਕੇ ਵੀ ਉਸ ਸਾਧ (ਚੋਰ ਨੂੰ) ਕਿਉਂ ਨਹੀਂ ਰੋਕਿਆ? ਜਾਂ ਜੇਵਰਾਂ ਵਾਲਾ ਡੱਬਾ ਕਬਜ਼ੇ ਕਿਉਂ ਨਹੀਂ ਕੀਤਾ? ਮਨ ਹੀ ਮਨ ਖ਼ੁਸ਼ੀਆਂ ਕਰਦਾ ਹੋਇਆ ਚੋਰ ਸਾਧੂ ਡੱਬੇ ਨੂੰ ਬੰਦ ਕਰਕੇ ਅਗੇ ਤੁਰਿਆ ਅਜੇ ਦਸ ਕਦਮ ਨਹੀਂ ਸੀ ਤੁਰਿਆ ਕਿ ਇਕ ਦਮ ਉਸਦੀਆਂ ਅੱਖਾਂ ਮੀਟੀਆਂ ਗਈਆਂ। ਉਹ ਅੰਨ੍ਹਾ ਹੀ ਹੋ ਗਿਆ।

ਉਸ ਨੂੰ ਆਪਣੇ ਹੱਥ ਵੀ ਦਿਸਣੋਂ ਹਟ ਗਏ, ਖਲੋ ਗਿਆ। ਪਿਛੇ ਮੁੜ ਕੇ ਦੇਖਿਆ ਤਾਂ ਉਸ ਨੂੰ ਸਭ ਕੁਝ ਦਿਸਿਆ ਅਗੇ ਦੇਖਿਆ ਤਾਂ ਹਨੇਰਾ ਹੀ ਹਨੇਰਾ ਉਹ ਬਹੁਤ ਪ੍ਰੇਸ਼ਾਨ ਹੋਇਆ ਤੇ ਡਰ ਗਿਆ ਕਿ ਇਹ ਕੀ ਕੌਤਕ ਹੋ ਰਿਹਾ ਹੈ। ਅਗੇ ਨੂੰ ਤੁਰਨ ਦਾ ਹੌਂਸਲਾ ਕੀਤਾ। ਅੰਨ੍ਹਾ ਰਿਹਾ ਤੇ ਪੈਰ ਪੈਰ ਤੇ ਠੇਡੇ ਲਗਣ ਲਗੇ, ਉਸ ਦੀ ਆਤਮਾ ਨੇ ਉਸਨੂੰ ਲਾਹਨਤ ਪਾਈ ਜੋ ਇਸ ਨੂੰ ਇੰਞ ਪ੍ਰਤੀਤ ਹੋਇਆ ਜਿਵੇਂ ਕੋਈ ਦੂਸਰਾ ਮਨੁਖ ਕਹਿ ਰਿਹਾ ਹੈ—'ਮੂਰਖ! ਗੁਰੂ ਦੇ ਸਿੱਖ ਨੂੰ ਧੋਖਾ ਦੇ ਕੇ ਜਾ ਰਿਹਾ ਹੈਂ! ਇਹ ਵਸਤੂ ਉਸਦੀ ਨਹੀਂ ਸਾਧ ਸੰਗਤ ਤੇ ਗੁਰੂ ਦੀ ਹੈ। ਪਿਛੇ ਮੁੜ ਤੇ ਉਹਦੇ ਘਰ ਜਾ ਕੇ ਮੋੜ ਆ ਨਹੀਂ ਤੇ ਤਨ ਉਤੇ ਕਸ਼ਟ ਉਠਾਵੇਂਗਾ, ਨਰਕਾਂ ਦਾ ਭਾਗੀ ਨਾ ਬਣ ਚੋਰੀ ਕਰਨਾ ਪਾਪ ਹੈ। ਮਿਤ੍ਰ ਤੇ ਸਾਧ ਬਣ ਕੇ ਕਿਸੇ ਨਾਲ ਧੋਖਾ ਕਰਨਾ ਅਕ੍ਰਿਤਘਣਤਾ ਹੈ। ਅਗੇ ਤੁਰੇਂਗਾ ਤਾਂ ਕੁਝ ਨਜ਼ਰ ਨਹੀਂ ਆਉਣਾ ਜੇ ਪਿਛੇ ਮੁੜੇਂਗਾ ਤਾਂ ਸੁਜਾਖਾ ਰਹੇਂਗਾ।'

ਚੋਰ ਆਪਣੀ ਆਤਮਾ ਦੇ ਬੋਲ ਨੂੰ ਸੁਣ ਕੇ ਘਬਰਾ ਗਿਆ। ਚਾਰ ਚੁਫੇਰੇ ਮੁੜ ਕੇ ਦੇਖਿਆ। ਹੈਂ ਕਿਸ ਨੇ ਇਹ ਸਿਖਿਆ ਦਿਤੀ ? ਹੈਰਾਨੀ ਨਾਲ ਉਹਦੇ ਬੁਲ੍ਹਾਂ ਤੋਂ ਇਹ ਸਵਾਲ ਨਿਕਲਿਆ। ਓਹ ਸਚ ਮੁਚ ਭਗਤ ਹੈ ਗੁਰੂ ਦਾ ਸੱਚਾ ਸਿੱਖ ਹੈ। ਪਿਛੇ ਹੀ ਮੁੜਨਾ ਪਵੇਗਾ ਇਹ ਜੇਵਰ ਨਹੀਂ ਮੈਨੂੰ ਪਚ ਸਕਦੇ। ਚੋਰ ਦੀ ਆਤਮਾ ਨੂੰ ਸਤ ਦਾ ਗਿਆਨ ਹੋ ਗਿਆ। ਮੈਂ ਪਾਪੀ ਹਾਂ! ਮੈਂ ਭੁਲ ਕੀਤੀ ਪ੍ਰਭੂ ਮੈਨੂੰ ਬਖ਼ਸ਼ੋ। ਇਹ ਆਖ ਕੇ ਪਿਛੇ ਨੂੰ ਮੁੜ ਪਿਆ। ਤੁਰਿਆ ਨਹੀਂ ਸਗੋਂ ਵਾਹੋ ਦਾਹੀ ਨੱਠ ਉਠਿਆ। ਮੂਲੇ ਕੀੜ ਦੇ ਬੂਹੇ ਅਗੇ ਜਾ ਕੇ ਜ਼ੋਰ ਨਾਲ ਆਵਾਜ ਮਾਰਨ ਲੱਗਾ, 'ਭਗਤ ਜੀ! ਬੂਹਾ ਖੋਹਲੋ!' ਉਸ ਦਾ ਇਹ ਬਚਨ ਸੁਣ ਕੇ ਮੂਲਾ ਕੀੜ ਉਠਿਆ ਬੂਹਾ ਖੋਹਲ ਕੇ ਡਿੱਠਾ ਤਾਂ ਓਹੋ ਚੋਰ, ਸਾਧੂ ਸਾਹਮਣੇ ਖਲੋਤਾ ਸੀ।

ਚੋਰ ਸਾਧੂ ਨੇ ਕਾਹਲੀ ਨਾਲ ਝੁਕ ਕੇ ਮੂਲੇ ਕੀੜ ਦੇ ਪੈਰ ਫੜ ਲਏ, ਭੁਬਾਂ ਮਾਰ ਕੇ ਰੋ ਪਿਆ। 'ਮੈਨੂੰ ਬਖ਼ਸ਼ ਲੈ! ਮੈਂ ਪਾਪੀ! ਮੈਂ ਚੋਰ! ਮੈਂ ਤੇਰਾ ਜੇਵਰ ਚੋਰੀ ਕਰਕੇ ਲੈ ਗਿਆ ਸਾਂ, ਮੈਨੂੰ ਗਿਆਨ ਹੋ ਗਿਆ, ਮੈਂ ਚੋਰੀ ਨਹੀਂ ਕਰਾਂਗਾ, ਮੈਨੂੰ ਵੀ ਆਪਣੇ ਗੁਰੂ ਦੇ ਕੋਲ ਲੈ ਚਲੋ!'

ਮੂਲੇ ਕੀੜ ਨੇ ਚੋਰ ਦਾ ਸਿਰ ਚੁਕ ਕੇ ਉਸ ਨੂੰ ਛਾਤੀ ਨਾਲ ਲਾ ਲਿਆ ਚੋਰੀ ਦੇ ਪਾਪ ਦੀ ਓਹਨੂੰ ਖਿਮਾ ਦਿਤੀ ਤੇ ਸਤਿਕਾਰ ਨਾਲ ਆਪਣੇ ਕੋਲ ਬੈਠਾ

ਲਿਆ। ਉਹ ਚੋਰ ਅਗੇ ਨੂੰ ਚੋਰੀ ਤੇ ਠੱਗੀ ਛੱਡ ਕੇ ਗੁਰੂ ਨਾਨਕ ਦੇਵ ਜੀ ਦਾ ਸੱਚਾ ਸਿੱਖ ਬਣਿਆ ਤੇ ਉਸ ਨੇ ਆਪਣਾ ਜਨਮ ਸਫਲਾ ਕੀਤਾ।

# ੬੯. ਭਾਈ ਜੀਵਾ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਸਮੇਂ ਇਕ ਪੂਰਨ ਸਿਖ ਭਾਈ ਜੀਵਾ ਜੀ ਹੋਏ ਹਨ। ਉਹ ਘੜੀ ਮੁੜੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਇਹ ਸ਼ਬਦ ਪੜ੍ਹਿਆ ਕਰਦੇ ਸੀ—

*ਰੂੜੋ ਠਾਕੁਰ ਮਾਹਰੋ ਰੂੜੀ ਗੁਰਬਾਣੀ ॥ ਵਡੈ ਭਾਗਿ ਸਤਿਗੁਰੁ ਮਿਲੈ ਪਾਈਐ ਪਦੁ ਨਿਰਬਾਣੀ ॥੧॥ ਮੈ ਓਲ੍ਹਗੀਆ ਓਲ੍ਹਗੀ ਹਮ ਛੋਰੂ ਥਾਰੇ ॥ ਜਿਉ ਤੂੰ ਰਾਖਹਿ ਤਿਉ ਰਹਾ ਮੁਖਿ ਨਾਮੁ ਹਮਾਰੇ ॥੧॥ ਰਹਾਉ ॥ ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥ ਮੇਰੇ ਠਾਕੁਰ ਹਾਥਿ ਵਡਿਆਈਆ ਭਾਣੈ ਪਤਿ ਪਾਈਐ ॥੨॥ (ਆਸਾ ਮਹਲਾ ੧)*

ਤਿਸਦਾ ਪ੍ਰਮਾਰਥ—'ਹੇ ਠਾਕੁਰ (ਪ੍ਰਭੂ)! ਸੁੰਦਰ ਤੇ ਪ੍ਰਗਟ ਹੈਂ, ਗੁਰਾਂ ਦੀ ਬਾਣੀ ਰਾਹੀਂ ਹੀ ਤੇਰਾ ਦਰਸ਼ਨ ਹੁੰਦਾ ਹੈ। ਜੇ ਬਹੁਤ ਚੰਗੇ ਭਾਗ ਹੋਣ ਤਾਂ ਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ। (ਮੈਂ ਅਰਦਾਸ ਕਰਦਾ ਹਾਂ) ਜੇਹੜੇ ਆਪ ਦੇ ਦਾਸ (ਸੇਵਕ) ਹਨ, ਉਨ੍ਹਾਂ ਦਾਸਾਂ ਦਾ ਮੈਂ ਦਾਸ ਹਾਂ। ਮੇਰੀ ਇੱਛਾ ਹੈ ਜਿਵੇਂ ਤੂੰ ਰਖੇਂ ਤਿਵੇਂ ਰਹਾਂ। ਮੇਰੀ ਜੀਭਾ ਉਤੇ ਤੇਰਾ ਹੀ ਨਾਮ ਰਹੇ ਤਾਂ ਚੰਗਾ ਹੈ। ਹੇ ਪ੍ਰਭੂ! ਤੇਰਾ ਦਰਸ਼ਨ ਕਰਨ ਬਦਲੇ ਮੈਂ ਪਪੀਹੇ ਦੀ ਤਰ੍ਹਾਂ ਤੜਪਦਾ ਹਾਂ ਮੇਰੀ ਵਡਿਆਈ ਤੇਰੇ ਹੱਥ ਹੈ। ਤੇਰੇ ਹੁਕਮ ਮੰਨਣ ਤੇ ਸਤਿਕਾਰ ਹਾਸਲ ਹੁੰਦਾ ਹੈ। ਨਹੀਂ ਤੇ ਇਸ ਪਾਪੀ ਜਿਉੜੇ ਨੂੰ ਕੋਈ ਨਹੀਂ ਪੁਛਦਾ। ਸੇਵਕ ਤੇਰੇ ਚਰਨਾਂ ਆਸਰੇ ਹੀ ਜੀਵੇ ਤਾਂ ਚੰਗਾ ਹੈ।'

ਭਾਈ ਜੀਵਾ ਜੀ ਦਾ ਪਹਿਲਾ ਜੀਵਨ ਮਨਮੁਖਾਂ ਵਾਲਾ ਸੀ ਜਿਵੇਂ ਗੁਰਬਾਣੀ ਵਿਚ ਲਿਖਿਆ ਹੈ—

*ਮਨੁ ਮੈਗਲੁ ਸਾਕਤੁ ਦੇਵਾਨਾ ॥ ਬਨ ਖੰਡਿ ਮਾਇਆ ਮੋਹਿ ਹੈਰਾਨਾ ॥*
*ਇਤ ਉਤ ਜਾਹਿ ਕਾਲ ਕੇ ਚਾਪੇ ॥ ਗੁਰਮੁਖਿ ਖੋਜਿ ਲਹੈ ਘਰੁ ਆਪੇ ॥੧॥*

*(ਆਸਾ ਮਹਲਾ ੧)*

ਭਾਵ—ਮਨਮੁਖ, ਆਪ ਹੁਦਰੇ, ਮਾਯਾਧਾਰੀ ਤੇ ਪਾਪੀ ਪੁਰਸ਼ ਦਾ ਮਨ ਉਸ ਹਾਥੀ ਵਰਗਾ ਹੁੰਦਾ ਹੈ ਜੋ ਬਲ ਦੇ ਕਾਰਨ ਪਾਗਲ ਹੋਇਆ ਜੰਗਲ ਵਿਚ

ਆਪ ਮੁਹਾਰਾ ਨਸਾ ਫਿਰਦਾ ਹੈ। ਵੈਸ਼ਾਲ ਜੰਗਲ ਵਿਚ ਹੈਰਾਨ ਤੁਰਿਆ ਫਿਰਦਾ ਹੈ। ਉਹ ਮੂਰਖ ਕਾਲ ਦੇ ਚੱਕਰ ਨਾਲ ਏਧਰ ਓਧਰ ਠੇਡੇ ਖਾਂਦਾ ਫਿਰਦਾ ਹੈ ਪਰ ਜੋ ਗੁਰਮੁਖ ਹਨ ਉਹ ਕਿਸੇ ਕੋਲੋਂ ਸਿਖਿਆ ਲੈ ਕੇ ਆਪ ਹੀ ਸ਼ਾਂਤ ਤੇ ਪ੍ਰਮਾਤਮਾ ਨੂੰ ਹਾਸਲ ਕਰ ਲੈਂਦੇ ਹਨ।

ਜੀਵਾ ਮਾੜੇ ਕਰਮ ਕਰਦਾ ਸੀ। ਮਨ ਹਠ ਧਰਮੀ ਸੀ। ਲੋਕਾਂ ਨਾਲ ਲੜਦਾ ਰਹਿੰਦਾ ਹੰਕਾਰੀ ਸੀ। ਇਕ ਦਿਨ ਹੋਰ ਸਿਖਾਂ ਦੇ ਨਾਲ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਹਜ਼ੂਰੀ ਵਿਚ ਖਡੂਰ ਸਾਹਿਬ ਆ ਪੁਜਾ। ਗੁਰਬਾਣੀ ਨੂੰ ਸੁਣਿਆ। ਸਿਖਾਂ ਨੂੰ ਗੁਰੂ ਦੀ ਸੇਵਾ ਕਰਦਿਆਂ ਦੇਖਿਆ, ਮਨ ਮੁੜ ਪਿਆ ਨੇਕੀ ਤੇ ਧਰਮ ਦਾ ਰਾਹ ਦਿਸ ਪਿਆ। ਗੁਰੂ ਜੀ ਦੇ ਚਰਨਾਂ ਉਪਰ ਸੀਸ ਰਖ ਕੇ ਬੇਨਤੀ ਕੀਤੀ—'ਹੇ ਸਤਿਗੁਰੂ! ਕਿਰਪਾ ਕਰੋ। ਮੇਹਰ ਕਰੋ। ਦਇਆ ਕਰੋ। ਮੈਂ ਪਾਪੀ ਹਾਂ, ਮੇਰਾ ਸੁਧਾਰ ਕਰੋ! ਦਰਗਾਹ ਦੇ ਲੇਖੇ ਤੋਂ ਬਚਾਓ। ਇਹ ਭੁਲਣਹਾਰ ਜੀਵ ਭੁਲ ਗਿਆ, ਹੰਕਾਰੀ ਹੋ ਗਿਆ, ਬਖ਼ਸ਼ੋ! ਪ੍ਰਭੂ ਬਖ਼ਸ਼ੋ!'

ਜੀਵ ਦੀ ਇਹ ਪ੍ਰਾਰਥਨਾ ਸੁਣ ਕੇ ਦਇਆ ਦੇ ਸਾਗਰ ਗੁਰੂ ਜੀ ਨੇ ਦਇਆ ਕੀਤੀ। ਸਿਖੀ ਤੇ ਨਾਮ ਦਾਨ ਬਖ਼ਸ਼ਿਆ। ਆਗਿਆ ਕੀਤੀ—'ਹੇ ਜੀਵੇ! ਸੇਵਾ ਕਰ ਸਾਧ ਸੰਗਤ ਦੀ ਸੇਵਾ ਕਰ। ਅਕਾਲ ਪੁਰਖ ਦਾ ਸਿਮਰਨ ਕਰ।' ਬਸ ਗੁਰੂ ਜੀ ਦੇ ਬਚਨ ਸੁਣਕੇ ਜੀਵਾ ਸੇਵਾ ਕਰਨ ਵਿਚ ਰੁਝ ਗਿਆ। ਐਸਾ ਰੁਝਿਆ ਕਿ ਆਪਾ ਹੀ ਭੁਲ ਗਿਆ। ਉਹ ਜੀਵਾ ਨਾ ਰਿਹਾ ਜਿਹੜਾ ਪਿੰਡੋਂ ਆਇਆ ਸੀ। ਸੇਵਾ ਕਰ ਕਰਕੇ ਹੰਕਾਰ ਨੂੰ ਮਾਰ ਦਿਤਾ। ਈਰਖਾ, ਲਾਲਚ ਤੇ ਭਰਮ ਦਿਮਾਗੋਂ ਦੂਰ ਹੋ ਗਏ ਰਾਤ ਦਿਨ ਸੇਵਾ ਤੇ ਸਿਮਰਨ ਕਰਨ ਲਗਾ।

ਸੇਵਾ ਕਰਦਿਆਂ ਕੁਝ ਸਮਾਂ ਬੀਤ ਗਿਆ ਤਾਂ ਗੁਰੂ ਜੀ ਵਾਸਤੇ ਖਿਚੜੀ ਬਨਾਉਣ ਦੀ ਸੇਵਾ ਭਾਈ ਜੀਵੇ ਨੇ ਚੁਕ ਲਈ। ਰੋਜ਼ ਖਿਚੜੀ ਰਿੰਨ੍ਹਕੇ ਗੁਰੂ ਜੀ ਨੂੰ ਖਵਾਉਂਦਾ। ਮੀਂਹ ਆਏ ਜਾਂ ਹਨੇਰੀ ਨੇਮ ਨਾ ਤੋੜਦੇ। ਇਕ ਦਿਨ ਪਿਛਲੇ ਪਹਿਰ ਪੱਛਮ ਦਿਸ਼ਾ ਵਲੋਂ ਕਾਲੀ ਬੋਲੀ ਹਨੇਰੀ ਚੜ੍ਹੀ ਉਸ ਹਨੇਰੀ ਦੇ ਨਾਲ ਬੱਦਲ ਵੀ ਸੀ, ਪਲੋ ਪਲੀ ਖਡੂਰ ਸਾਹਿਬ ਵੀ ਪਹੁੰਚ ਗਈ। ਉਸ ਸਮੇਂ ਜੀਵੇ ਅੱਗ ਬਾਲੀ ਹੋਈ ਸੀ ਤੇ ਗੁਰੂ ਜੀ ਵਾਸਤੇ ਖਿਚੜੀ ਤਿਆਰ ਕਰ ਰਿਹਾ ਸੀ। ਹਨੇਰੀ ਆਈ ਅੱਗ ਬੁਝ ਗਈ ਜੀਵਾ ਨੱਸਾ ਹੋਇਆ ਗੁਰੂ ਜੀ ਪਾਸ ਗਿਆ ਬੇਨਤੀ ਕੀਤੀ—'ਸਤਿਗੁਰੋ! ਕ੍ਰਿਪਾ ਕਰੋ, ਦਸ ਮਿੰਟ ਹਨੇਰੀ ਨੂੰ

ਰੋਕੋ ਤਾਂ ਖਿਚੜੀ ਤਿਆਰ ਹੋ ਜਾਵੇ ।' ਇਹ ਸੁਣ ਕੇ ਗੁਰੂ ਜੀ ਹੱਸ ਪਏ। ਮੇਹਰਾਂ ਦੇ ਦਾਤੇ ਹੱਸਕੇ ਆਖਣ ਲਗੇ—'ਭਾਈ ਜੀਵੇ ! ਇਹ ਨਹੀਂ ਹੋ ਸਕਦਾ। ਪ੍ਰਭੂ ਦੇ ਰੰਗ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ। ਉਹ ਦਾਤਾ ਜੋ ਕੁਝ ਕਰਦਾ ਹੈ ਚੰਗਾ ਕਰਦਾ ਹੈ। ਜੇ ਤੇਰੀ ਖਿਚੜੀ ਬਨਣ ਵਿਚ ਰੋਕ ਪੈਂਦੀ ਹੈ ਤਾਂ ਦੂਸਰੇ ਪਾਸੇ ਲੱਖਾਂ ਜੀਆਂ ਦਾ ਭਲਾ ਹੁੰਦਾ ਹੈ। ਹਵਾ ਤੇ ਮੀਂਹ ਪ੍ਰਮਾਤਮਾ ਦੀਆਂ ਬਰਕਤਾਂ ਹਨ। ਪਸ਼ੂ ਪੰਛੀ ਸੁਖ ਮਾਣਦੇ ਤੇ ਅੰਨ ਪੈਦਾ ਹੁੰਦਾ ਹੈ। ਪੁਰਸ਼ ਨੂੰ ਆਪਣੀ ਖ਼ੁਦਗਰਜੀ ਵਾਸਤੇ ਦੂਸਰਿਆਂ ਨੂੰ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ। ਅੱਜ ਖਿਚੜੀ ਦੀ ਲੋੜ ਨਹੀਂ ਜਿਵੇਂ ਕਰਤਾਰ ਦਾ ਹੁਕਮ ਹੈ ਤਿਵੇਂ ਰਹਿਣਾ ਚਾਹੀਏ।' ਇਨ੍ਹਾਂ ਬਚਨਾਂ ਨੂੰ ਸੁਣਕੇ ਭਾਈ ਜੀਵੇ ਦੇ ਕਪਾਟ ਖੁਲ੍ਹ ਗਏ। ਸਿੱਖੀ ਦਾ ਸਹੀ ਮਾਰਗ ਦਿਸ ਪਿਆ, ਉਹ ਭਾਈ ਜੀਵਾ ਜੀਵਨ ਮੁਕਤ ਹੋ ਗਿਆ।

## ੧੦. ਭਾਈ ਪੀਂਘਾ ਜੀ

ਬਸੰਤ ਰੁੱਤ ਜਵਾਨੀ ਵਿਚ ਸੀ, ਨਾ ਪਾਲਾ ਤੇ ਨਾ ਗਰਮੀ, ਰਾਤ ਦੇ ਸਮੇਂ ਨੀਲੇ ਅਸਮਾਨ ਉਤੇ ਤਾਰੇ ਡਲ੍ਹਕਾਂ ਮਾਰ ਰਹੇ ਸਨ। ਹਰੇ ਭਰੇ ਖੇਤ ਰਾਤ ਦੀ ਮਸਤੀ ਨਾਲ ਮਸਤ ਹੋਏ ਚੁਪ ਖਲੋਤੇ ਸੀ। ਚਾਰੇ ਪਾਸੇ ਸ਼ਾਂਤੀ ਤੇ ਇਕਾਂਤ ਸੀ। ਇਸ ਸੁਹਾਵਣੇ ਸਮੇਂ ਸ੍ਰੀ ਗੁਰੂ ਅੰਗਦ ਦੇਵ ਜੀ ਇਕੱਲੇ ਨਗਰ ਖਡੂਰ ਵਿਚੋਂ ਬਾਹਰ ਤੁਰ ਪਏ। ਰਾਤ ਅਜੇ ਬਹੁਤ ਨਹੀਂ ਸੀ ਬੀਤੀ ਪਰ ਨਗਰ ਵਾਸੀ ਸੌਂ ਚੁਕੇ ਸਨ।

ਗੁਰੂ ਜੀ ਵਾਹਿਗੁਰੂ ਦੇ ਪ੍ਰੇਮ ਵਿਚ ਰਤੇ ਸਨ। ਅਕਾਲ ਪੁਰਖ ਦੀ ਲੀਲ੍ਹਾ ਨੂੰ ਦੇਖ ਦੇਖ ਉਸ ਦੀਆਂ ਸਿਫ਼ਤਾਂ ਕਰੀ ਜਾਂਦੇ ਸਨ। ਪਿਆਰੇ ਗੁਰੂ ਨਾਨਕ ਜੀ ਨੂੰ ਵੀ ਚੇਤੇ ਕਰ ਰਹੇ ਸਨ। ਭਾਵੇਂ ਗੁਰੂ ਨਾਨਕ ਜੀ ਤੇ ਗੁਰੂ ਅੰਗਦ ਦੇਵ ਜੀ ਵਿਚ ਕੋਈ ਭੇਦ ਨਹੀਂ ਸੀ ਰਿਹਾ। ਜਿਵੇਂ ਪਾਣੀ ਵਿਚ ਪਾਣੀ ਮਿਲ ਕੇ ਇਕ ਹੋ ਜਾਂਦਾ ਹੈ, ਤਿਵੇਂ ਨਾਲ ਬਾਣੀ ਦਾ ਸਿਮਰਨ ਕਰ ਕੇ ਜੋਤ ਸੰਗ ਜੋਤ ਮਿਲੀ ਹੋਈ ਸੀ।

ਨਗਰ ਤੋਂ ਵਾਹਵਾ ਦੂਰ ਜਾ ਕੇ ਇਕ ਸੁਹਾਵਣੀ ਥਾਂ ਉਤੇ ਗੁਰੂ ਜੀ ਬਿਰਾਜ ਗਏ। ਚਿਤ ਪ੍ਰਭੂ ਨਾਲ ਜੁੜ ਗਿਆ। ਪਵਨ ਦੇਵਤਾ ਸੀਤ ਤੇ ਮਿਠੀ ਮਿਠੀ

ਹਵਾ ਨਾਲ ਸੇਵਾ ਕਰਨ ਲੱਗਾ ।

ਗੁਰੂ ਜੀ ਨੂੰ ਬਿਰਾਜਿਆਂ ਅਜੇ ਥੋੜਾ ਸਮਾਂ ਹੋਇਆ ਸੀ ਕਿ ਉਨ੍ਹਾਂ ਦੇ ਕੰਨੀਂ ਇਹ ਸੱਦ ਪਈ—'ਤੂੰ ਸਿਖ ਹੈਂ! ਗੁਰੂ ਦੇ ਸਿੱਖਾ! ਮੇਰੇ ਨਾਲ ਪਾਪ ਨਾ ਕਰ। ਮੈਨੂੰ ਕਤਲ ਨਾ ਕਰ, ਮੈਂ ਗੁਰੂ ਦਾ ਸਿਖ ਸਮਝ ਕੇ ਤੇਰੇ ਨਾਲ ਤੁਰੀ । ਗੁਰੂ ਨਾਨਕ ਦੇਵ ਜੀ ਦਾ ਵਾਸਤਾ ਈ, ਟੂੰਮਾਂ ਲੈ ਜਾਹ ਪਰ ਮੈਨੂੰ ਜਾਣ ਦੇ। ਗੁਰੂ ਨਾਨਕ ਦੇਵ ਜੀ ਦਾ ਵਾਸਤਾ ਪਾਉਂਦੀ ਹਾਂ!'

ਇਕ ਇਸਤਰੀ ਦੇ ਗਲੇ ਦਾ ਬੋਲ । ਬੋਲ ਨਹੀਂ ਸਗੋਂ ਤਰਲਾ ਉਹ ਵੀ 'ਗੁਰੂ' ਨਾਨਕ ਵਾਲਾ ਪਾ ਕੇ । ਇਸ ਤਰਲੇ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਮਾਧੀ ਤੋੜ ਦਿਤੀ । ਉਸ ਵੇਲੇ ਉਠੇ । ਮਨ ਹੀ ਮਨ ਵਿਚ ਸੋਚਿਆ, ਇਹ ਕੌਣ ਅਬਲਾ ਹੈ ? ਕਿਹੜਾ ਪਾਪੀ ਉਸ ਦੀ ਜਾਨ ਲੈ ਰਿਹਾ ਹੈ ? ਛੇਤੀ ਕਦਮ ਪੁੱਟ ਕੇ ਜਗਤ ਦੇ ਵਾਲੀ ਮਿਹਰਾਂ ਦੇ ਦਾਤੇ ਉਧਰ ਨੂੰ ਹੋਏ ਜਿਧਰੋਂ ਪੁਕਾਰ ਆ ਰਹੀ ਸੀ । ਗੁਰੂ ਜੀ ਖ਼ੁਦ ਨੂਰ ਸਨ, ਰੱਬੀ ਨੂਰ ਉਹ ਅਗੇ ਅਗੇ ਗਏ । ਜਿਉਂ ਜਿਉਂ ਤੁਰੇ ਜਾਂਦੇ ਸਨ ਤਿਉਂ ਤਿਉਂ ਅਗੇ ਪ੍ਰਕਾਸ਼ ਹੁੰਦਾ ਜਾਂਦਾ ਸੀ । ਗੁਰੂ ਜੀ ਉਸ ਅਸਥਾਨ ਉਤੇ ਜਾ ਪੁਜੇ ਜਿਥੋਂ ਪੁਕਾਰ ਆ ਰਹੀ ਸੀ। ਗੁਰੂ ਜੀ ਨੇ ਦੇਖਿਆ ਇਕ ਸਿੱਖ ਦੇ ਰੂਪ ਵਿਚ ਹੱਟਾ ਕੱਟਾ ਮਰਦ ਹੱਥ ਵਿਚ ਛੁਰੀ ਫੜ ਕੇ ਮੁਟਿਆਰ ਕੁੜੀ ਦੀ ਹਿੱਕ ਉਤੇ ਬੈਠਾ ਹੈ ਉਸ ਨੂੰ ਮਾਰ ਦੇਣ ਦੀ ਤਿਆਰੀ ਵਿਚ ਹੈ । ਉਹ ਜ਼ਾਲਮ ਬਾਂਹ ਉਲਾਰਨ ਹੀ ਲੱਗਾ ਸੀ ਕਿ ਗੁਰੂ ਜੀ ਨੇ ਬਚਨ ਕੀਤਾ—'ਠਹਿਰ! ਪਾਪ ਕਰਮ ਕਰਨਾ ਠੀਕ ਨਹੀਂ । ਤੂੰ ਭੁਲੜ ਹੈਂ । ਲਹੂ ਨਾਲ ਆਪਣੇ ਹੱਥ ਰੰਗ ਕੇ ਨਰਕ ਦਾ ਭਾਗੀ ਨਾ ਬਣ।'

ਇਸ ਬਚਨ ਦੇ ਨਾਲ ਐਸਾ ਰੱਬੀ ਕੌਤਕ ਹੋਇਆ ਕਿ ਮਰਦ ਦੇ ਹੱਥੋਂ ਛੁਰੀ ਇਕ ਪਾਸੇ ਡਿਗ ਪਈ ਉਹ ਉਠ ਬੈਠਾ। ਉਠ ਕੇ ਦੋ ਕਦਮ ਪਰੇ ਹੋਇਆ ਤਾਂ ਉਸ ਦਾ ਲਹੂ ਜੰਮ ਗਿਆ, ਸਰੀਰ ਸੌਂ ਗਿਆ । ਉਹ ਦੌੜ ਕਰਕੇ ਧਰਤੀ ਉਤੇ ਡਿਗ ਪਿਆ । ਡਿਗਦੇ ਸਾਰ ਬੇਸੁਰਤ ਹੋ ਗਿਆ । ਇਸਤਰੀ ਉਠੀ, ਉਸ ਨੇ ਆਪਣੇ ਤਨ ਨੂੰ ਸੰਭਾਲਿਆ, ਲੀੜੇ ਠੀਕ ਕੀਤੇ, ਦੋਵੇਂ ਹੱਥ ਜੋੜ ਕੇ ਅਗੇ ਹੋਈ । ਉਸ ਨੂੰ ਇਹ ਤਾਂ ਪਤਾ ਨਹੀਂ ਸੀ ਕਿ ਇਹੋ ਗੁਰੂ ਅੰਗਦ ਦੇਵ ਜੀ ਹਨ, ਪਰ ਉਸ ਨੇ ਇਹ ਅਨੁਭਵ ਜ਼ਰੂਰ ਕੀਤਾ ਕਿ ਪ੍ਰਤੱਖ ਅਕਾਲ ਪੁਰਖ ਉਸ ਦੀ ਸਹਾਇਤਾ ਕਰਨ ਵਾਸਤੇ ਪੁਰਸ਼ ਰੂਪ ਵਿਚ ਆਇਆ ਹੈ । ਸ੍ਰੀ ਸਤਿਗੁਰੂ

ਨਾਨਕ ਦੇਵ ਜੀ ਨੇ ਉਹਦੀ ਪੁਕਾਰ ਨੂੰ ਸੁਣਿਆ ਹੈ। ਸ਼ਾਇਦ ਗੁਰੂ ਜੀ ਆ ਗਏ ਹਨ, ਚਰਨਾਂ ਉਤੇ ਡਿਗ ਪਈ। ਨਾਲ ਹੀ ਟੁਟੇ ਫੁਟੇ ਸ਼ਬਦਾਂ ਵਿਚ ਜ਼ਬਾਨੋਂ ਬੋਲ ਕੇ ਇਉਂ ਧੰਨਵਾਦ ਕੀਤਾ—'ਤੁਸਾਂ ਨੇ ਦਇਆ ਕੀਤੀ, ਮੇਰੀ ਜਾਨ ਬਚਾਈ। ਧੰਨ ਗੁਰੂ ਨਾਨਕ ਜੀ! ਧੰਨ ਨਿਰੰਕਾਰੀ ਪਿਤਾ! ਜੋ ਜੰਗਲਾਂ ਵਿਚ ਮੇਰੇ ਜਹੀਆਂ ਅਬਲਾਵਾਂ ਦੀ ਸਹਾਇਤਾ ਕਰਦਾ ਹੈ।'

ਗੁਰੂ ਜੀ ਨੇ ਬੀਬੀ ਨੂੰ ਉਠਾਇਆ। ਦਿਲਾਸਾ ਦਿੱਤਾ, ਆਖਿਆ—'ਪੁੱਤਰੀ! ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਚੇਤੇ ਕਰਦੇ ਨੇ, ਉਨ੍ਹਾਂ ਨੂੰ ਤੱਤੀ ਵਾ ਨਹੀਂ ਲਗਦੀ। ਤੂੰ ਇਸ ਪਾਪੀ ਦੇ ਪੰਜੇ ਵਿਚ ਕਿਸ ਤਰ੍ਹਾਂ ਆ ਗਈ?'

'ਜੀ ਮੈਂ ਖਡੂਰ ਨਗਰ ਵਿਚ ਰਹਿੰਦੇ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਦਰਸ਼ਨ ਕਰਨ ਆਉਣਾ ਸੀ। ਇਹ ਸਿੱਖ ਕਹਿਣ ਲੱਗਾ ਮੈਂ ਵੀ ਗੁਰੂ ਜੀ ਦੇ ਦਰਸ਼ਨ ਕਰਨ ਜਾਣਾ ਹੈ। ਮੈਂ ਇਸ ਦੇ ਨਾਲ ਸਾਥ ਕਰ ਲਿਆ। ਇਸ ਪਾਪੀ ਦੇ ਮਨ ਵਿਚ ਪਾਪ ਸੀ। ਹੌਲੀ ਹੌਲੀ ਤੁਰ ਕੇ ਇਸ ਨੇ ਹਨੇਰਾ ਕਰ ਦਿੱਤਾ। ਇਥੋਂ ਥੋੜਾ ਜਿਹਾ ਪੰਧ ਪਿਛੇ ਇਸ ਨੇ ਮੇਰੇ ਜ਼ੇਵਰ ਖੋਹ ਲਏ। ਮੇਰੇ ਕੋਲ ਕੁਝ ਰਕਮ ਸੀ, ਗੁਰੂ ਜੀ ਦੇ ਲੰਗਰ ਵਾਸਤੇ, ਉਹ ਵੀ ਖੋਹ ਲਈ। ਇਥੇ ਆ ਕੇ ਮੈਨੂੰ ਮਾਰ ਦੇਣ ਲੱਗਾ ਕਿ ਉਸਦਾ ਪਾਪ ਪ੍ਰਗਟ ਨਾ ਹੋਵੇ। ਤੁਸੀਂ ਵੇਲੇ ਸਿਰ ਪੁੱਜ ਕੇ ਮੇਰੀ ਸਹਾਇਤਾ ਕੀਤੀ। ਮੈਂ ਤੁਸਾਂ ਦਾ ਤੇ ਗੁਰੂ ਜੀ ਦਾ ਧੰਨਵਾਦ ਕਰਦੀ ਹਾਂ।'

ਗੁਰੂ ਜੀ ਨੇ ਆਪਣੇ ਆਪ ਨੂੰ ਪ੍ਰਗਟ ਨਹੀਂ ਕੀਤਾ ਪਰ ਬੀਬੀ ਉਤੇ ਮਿਹਰ ਕਰ ਕੇ ਉਸ ਦੇ ਜਨਮ ਮਰਨ ਦੇ ਬੰਧਨ ਕਟ ਦਿਤੇ। ਭੇਖੀ ਤੇ ਠਗ ਸਿੱਖ ਨੂੰ ਉਠਾ ਲਿਆ। ਉਸ ਨੂੰ ਹੋਸ਼ ਆਈ ਤਾਂ ਉਸ ਦਾ ਜੀਵਨ ਬਦਲਿਆ ਹੋਇਆ ਸੀ। ਉਸ ਨੂੰ ਆਪਣੇ ਕੀਤੇ ਪਾਪ ਕਰਮਾਂ ਦਾ ਗਿਆਨ ਹੋ ਚੁੱਕਾ ਸੀ। ਪਾਪ ਦਾ ਕੀ ਫਲ ਹੁੰਦਾ ਹੈ? ਇਹ ਵੀ ਸੋਝੀ ਪੈ ਗਈ ਸੀ। ਉਸ ਨੇ ਪਛਾਣ ਵੀ ਲਿਆ ਕਿ ਉਹਦੇ ਸਾਹਮਣੇ ਖਲੋਤੇ ਭਵਸਾਗਰ ਤੋਂ ਤਾਰਨ ਹਾਰ ਦਿਆਲੂ ਸ੍ਰੀ ਗੁਰੂ ਅੰਗਦ ਦੇਵ ਜੀ ਹਨ। ਪਹਿਲਾਂ ਵੀ (ਗੁਰੂ ਜੀ) ਨੂੰ ਪਛਾਣ ਕੇ ਘਬਰਾਹਟ ਤੇ ਭੈ ਨਾਲ ਬੇਸੁਰਤ ਹੋਇਆ ਸੀ ਉਹ (ਚੋਰ) ਗੁਰੂ ਜੀ ਦੇ ਚਰਨਾਂ ਉਤੇ ਡਿਗ ਪਿਆ। ਧਾਹੀਂ ਨਿਕਲ ਗਈਆਂ। ਰੋਂਦਾ ਹੋਇਆ ਇਉਂ ਤਰਲੇ ਕਰਨ ਲੱਗਾ—'ਦਾਤਾ! ਮੇਰਾ ਨਾਮ ਪੀਂਘਾ ਹੈ। ਮੈਂ ਪਾਪੀ ਹਾਂ। ਵੱਡਾ ਪਾਪੀ ਹਾਂ। ਮੈਨੂੰ ਬਖ਼ਸ਼ੋ,

ਹੇ ਦਿਆਲੂ! ਕ੍ਰਿਪਾਲੂ! ਦੁਖ ਹਰਨ ਪਾਪ ਖੰਡਨ ਦਾਤਾਰ ਬਖ਼ਸ਼ੋ। ਚਰਨ ਸੇਵਕ ਬਣਾਓ, ਮੈਂ ਦਸ ਖ਼ੂਨ ਕੀਤੇ ਹਨ। ਮੇਰਾ ਸਵਾਸ ਸਵਾਸ ਪਰਾਏ ਲਹੂ ਨਾਲ ਰਤਾ ਹੈ। ਮੈਂ ਭੁਲੇਖੇ ਨਾਲ ਜਗਤ ਵਿਚ ਮਾਇਆ ਨੂੰ ਸਭ ਕੁਝ ਸਮਝਦਾ ਰਿਹਾ। ਧੀਆਂ ਪੁੱਤਰਾਂ ਤੇ ਇਸਤਰੀ ਬਦਲੇ ਪਾਪ ਕਿਰਤ ਕਰਦਾ ਰਿਹਾ। ਸਿੱਖ ਦਾ ਭੇਖ ਧਾਰ ਕੇ ਲੋਕਾਂ ਨੂੰ ਲੁਟਿਆ। ਦਾਤਾ! ਮਹਾਂ ਪਾਪੀ ਤੇ ਮਿਹਰ ਕਰੋ। ਅੱਜ ਸਿੱਧਾ ਰਾਹ ਦਿਸ ਪਿਆ। ਚਰਨਾਂ ਵਿਚ ਰੱਖੋ, ਮੇਰਾ ਉਧਾਰ ਹੋਵੇ।'

ਗੁਰੂ ਜੀ ਨੇ ਮਿਹਰ ਦੀ ਨਿਗਾਹ ਨਾਲ ਦੇਖ ਕੇ ਪੀਂਘੇ ਨੂੰ ਚੋਰ ਤੋਂ ਸਾਧ ਸੇਵਕ ਬਣਾ ਦਿੱਤਾ। ਇਸਤਰੀ ਤੇ ਪੀਂਘੇ ਨੂੰ ਖਡੂਰ ਸਾਹਿਬ ਲੈ ਆਏ। ਪੀਂਘਾ ਸੇਵਾ ਕਰਨ ਵਿਚ ਰੁਝ ਗਿਆ। ਬਾਕੀ ਦੀ ਸਾਰੀ ਉਮਰ ਗੁਰੂ ਕੇ ਲੰਗਰ ਦੇ ਜੂਠੇ ਭਾਂਡੇ ਮਾਂਜਦਿਆਂ ਹੋਇਆਂ ਬਤੀਤ ਕੀਤੀ। ਜਦੋਂ ਚਲਾਣਾ ਹੋਇਆ ਤਾਂ ਉਸ ਦੀ ਆਤਮਾ ਸਿਧੀ ਸੁਰਗਾਂ ਨੂੰ ਗਈ।

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ।
ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।
ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ।
ਹਉ ਤਿਸੁ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।
ਗੁਰਮੁਖਿ ਸੋਈ ਸਹਜਿ ਸਮਾਵੈ ॥੪॥ (ਭਾਈ ਗੁਰਦਾਸ ਜੀ, ਵਾਰ ੧੨)

# ੭੧. ਭਾਈ ਮਿਹਰੂ ਜੀ

ਭਾਵੇਂ ਅਗਿਆਨਤਾ ਦੇ ਕਾਰਨ ਮਨੁਖ ਲੋਭੀ ਕਾਮੀ ਕ੍ਰੋਧੀ ਤੇ ਹੰਕਾਰੀ ਹੈ ਪਰ ਕਈ ਵਾਰ ਦੇਖਣ ਵਿਚ ਆਉਂਦਾ ਹੈ ਕਿ ਗਿਆਨ ਨੂੰ ਹਾਸਲ ਕਰਕੇ ਰੋਸ਼ਨੀ ਪਾ ਕੇ ਵੀ ਹਨੇਰੇਂ ਵਿਚ ਧੱਕੇ ਖਾਂਦਾ ਹੈ ਗੁਰੂ ਕੋਲ ਜਾਂਦਾ ਹੈ ਗੁਰੂ ਕੋਲੋਂ ਸਿਖਿਆ ਵੀ ਸੁਣਦਾ ਹੈ ਪਰ ਅਮਲ ਨਹੀਂ ਕਰਦਾ। ਉਪਰਲਾ ਭੇਸ ਸਾਧਾਂ ਵਾਲਾ ਬਣਾ ਕੇ ਕਰਮ ਚੋਰਾਂ ਤੇ ਡਾਕੂਆਂ ਵਾਲਾ ਕਰਦਾ ਹੈ। ਸੰਗਤ ਵਿਚ ਬੈਠ ਕੇ ਉਪਦੇਸ਼ ਕਰਦਾ ਹੈ ਕਿ ਕਦੀ ਪਾਪ ਨਹੀਂ ਕਰਨਾ ਚਾਹੀਏ। ਕਿਸੇ ਦੀ ਧੀ ਭੈਣ ਤੇ ਨੂੰਹ ਵਲ ਮਾੜੀ ਇੱਛਾ ਨਾਲ ਨਹੀਂ ਦੇਖਣਾ ਚਾਹੀਦਾ ਪਰ

ਉਸ ਦੀ ਆਤਮਾ ਇਹਨਾਂ ਬਚਨਾਂ ਦੇ ਉਲਟ ਹੁੰਦੀ ਹੈ ।

ਭਾਈ ਗੁਰਦਾਸ ਜੀ ਉਪਰਲੀ ਪਉੜੀ ਵਿਚ ਆਖਦੇ ਹਨ ਜਦੋਂ ਗੁਰਮਤ ਅਥਵਾ ਗੁਰੂ ਦੀ ਸਿਖਿਆ ਮਿਲ ਜਾਵੇ ਤਦੋਂ ਹਿਰਦੇ ਵਿਚ ਗ਼ਰੀਬੀ ਦਾ ਵਾਸ ਹੋ ਜਾਣਾ ਚਾਹੀਏ । ਲੋਭ ਮੋਹ ਤੇ ਹੰਕਾਰ ਸੰਜਮ ਵਿਚ ਆ ਜਾਣੇ ਚਾਹੀਦੇ ਹਨ। ਪਰ ਨਾਰੀ ਨੂੰ ਧੀ ਭੈਣ ਸਮਝੇ ਪਰਾਏ ਧਨ ਨੂੰ ਹੱਥ ਨਾ ਲਾਵੇ ਕਿਸੇ ਦੀ ਨਿੰਦਾ ਨਾ ਕਰੇ ਤੇ ਨਾ ਸੁਣੇ, ਸਤਿਗੁਰੂ ਦਾ ਉਪਦੇਸ਼ ਮੰਨੇ । ਥੋੜਾ ਖਾਵੇ ਥੋੜਾ ਸੌਂਵੇਂ ਤਾਂ ਗੁਰਮੁਖਤਾਈ ਨੂੰ ਹਾਸਲ ਕਰਦਾ ਹੋਇਆ ਅਸਲ ਮਨੁਖ ਬਣਦਾ ਹੈ । ਜੇ ਇਸ ਦੇ ਉਲਟ ਹੈ ਤਾਂ ਭਾਵੇਂ ਕਿੰਨਾ ਮੰਦਰੀਂ ਜਾਂ ਗੁਰਦੁਆਰਿਆਂ ਅੰਦਰ ਜਾ ਕੇ ਪਖੰਡ ਕਰੇ ਉਹ ਦਰਗਾਹੇ ਪ੍ਰਵਾਨ ਨਹੀਂ ਹੁੰਦਾ।

ਤੀਸਰੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਇਕ ਭਾਈ ਮਿਹਰੂ ਜੀ ਹੋਏ ਹਨ । ਮਿਹਰੂ ਮਾਪਿਆਂ ਦਾ ਲਾਡਲਾ ਪੁੱਤਰ ਸੀ । ਮਾਪੇ ਮਰ ਗਏ। ਯਤੀਮ ਹੋ ਗਿਆ । ਬੁਰਿਆਂ ਬੰਦਿਆਂ ਕੋਲ ਉਠਣ ਬੈਠਣ ਲੱਗਾ । ਬੁਰੀ ਸੰਗਤ ਵਿਚੋਂ ਬੁਰੇ ਕਰਮ ਤੇ ਔਗੁਣ ਸਿਖ ਲਏ । ਚੋਰੀ ਯਾਰੀ ਜੂਆ ਸ਼ਰਾਬ ਅਤੇ ਪਰ ਨਾਰੀ ਗਮਨ ਆਦਿਕ ਜੋ ਵੀ ਵਡੇ ਮਾੜੇ ਕਰਮ ਹਨ ਉਹ ਉਸ ਦੀ ਆਤਮਾ ਉਪਰ ਧਰਨਾ ਮਾਰ ਬੈਠੇ । ਮਿਹਰੂ ਕੋਲੋਂ ਸਾਰੇ ਡਰਦੇ ਸਨ ਕੋਈ ਭਲਾ ਮਨੁਖ ਉਸ ਨੂੰ ਆਪਣੇ ਘਰ ਨਹੀਂ ਵੜਨ ਦੇਂਦਾ ਸੀ । ਉਹ ਬਦਨਾਮ ਹੋ ਚੁੱਕਾ ਸੀ। ਰਾਤ ਦੇ ਹਨੇਰੇ ਵਿਚ ਚੋਰੀ ਕਰਨੀ ਤੇ ਦਿਨ ਦੇ ਚਾਨਣੇ ਵਿਚ ਐਸ਼ ਲੁਟਣੀ ਉਸ ਦਾ ਨਿਤ ਕਰਮ ਸੀ । ਸੰਸਾਰ ਦੇ ਮਾੜੇ ਪੁਰਸ਼ ਉਸ ਨੂੰ ਚੰਗਾ ਆਖਦੇ ਸਨ ਤੇ ਚੰਗੇ ਪੁਰਸ਼ ਮਾੜਾ ਸਮਝਦੇ ਸੀ।

## ਮਿਹਰੂ ਦਾ ਗੁਰੂ ਜੀ ਕੋਲ ਜਾਣਾ

ਮਾੜੀ ਸੰਗਤ ਨੇ ਮਿਹਰੂ ਨੂੰ ਵਿਗਾੜਿਆ ਸੀ । ਉਹ ਮਿਹਰੂ ਚੋਰ ਬਣ ਗਿਆ ਸੀ ਪਰ ਵਾਹਿਗੁਰੂ ਨੇ ਐਸਾ ਢੋ ਲਾਇਆ ਸ਼ਾਇਦ ਦਾਤੇ ਨੇ ਚਾਹਿਆ ਕਿ ਮਿਹਰੂ ਮਾੜਾ ਨਾ ਰਹੇ । ਇਹ ਵੀ ਭਗਤਾਂ ਵਿਚ ਗਿਣਿਆ ਜਾਵੇ। ਮਿਹਰੂ ਵੀ ਉਹਨਾਂ ਦੇ ਨਾਲ ਹੋ ਤੁਰਿਆ । ਸੰਗਤ ਨੇ ਗੁਰੂ ਜੀ ਦੇ ਦਰਸ਼ਨ ਕਰਨ ਆਉਣਾ ਸੀ, ਰਾਹ ਵਿਚ ਹੋਰ ਸਿੱਖ ਰਲਦੇ ਗਏ, ਤਕੜਾ ਸੰਗ ਬਣ ਗਿਆ। ਸਾਰਾ ਸੰਗ ਗੋਇੰਦਵਾਲ ਸਾਹਿਬ ਪੁੱਜਾ ।

ਗੋਇੰਦਵਾਲ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਰਹਿੰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤੀਸਰੇ ਰੂਪ ਭਗਤੀ ਸੇਵਾ ਨਿਮਰਤਾ ਅਤੇ ਦਯਾ ਦੇ ਅਵਤਾਰ। ਜਿਨ੍ਹਾਂ ਨੇ ਬਾਰ੍ਹਾਂ ਸਾਲ ਕਠਨ ਤਪਸਿਆ ਕਰਕੇ ਗੁਰਿਆਈ ਨੂੰ ਹਾਸਲ ਕੀਤਾ ਸੀ, ਗੁਰੂ ਜੀ ਸਿੰਘਾਸਨ ਉਤੇ ਬਿਰਾਜਮਾਨ ਸਨ, ਸਾਰੀ ਸੰਗਤ ਨੇ ਮੱਥਾ ਟੇਕਿਆ। ਸ਼ਰਧਾ ਨਾਲ ਸਰਦੀ ਪੁੱਜਦੀ ਭੇਟਾ ਚੜ੍ਹਾਈ ਅਤੇ ਗੁਰੂ ਜੀ ਕੋਲੋਂ ਨਾਮ ਬਾਣੀ ਸਿਮਰਨ ਦਾ ਉਪਦੇਸ਼ ਲਿਆ। ਮਨੋ ਕਾਮਨਾ ਪੂਰੀਆਂ ਕਰਨ ਵਾਸਤੇ ਅਰਦਾਸਾਂ ਕਰਵਾਈਆਂ, ਉਸ ਸੰਗਤ ਵਿਚ ਮਿਹਰੂ ਵੀ ਡਰਦਾ ਡਰਦਾ ਅਗੇ ਹੋਇਆ ਤੇ ਉਸ ਨੇ ਵੀ ਗੁਰੂ ਜੀ ਦੇ ਚਰਨ ਕੰਵਲਾਂ ਉਤੇ ਮੱਥਾ ਟੇਕ ਦਿੱਤਾ। ਮੱਥਾ ਟੇਕਣ ਦੀ ਢਿਲ ਸੀ, ਮਿਹਰੂ ਦਾ ਸਾਰਾ ਸਰੀਰ ਥਰ ਥਰਾਇਆ। ਉਸ ਘਬਰਾਹਟ ਨਾਲ ਉਸ ਦੇ ਸਰੀਰ ਵਿਚੋਂ ਚੰਦਰੀ ਰੂਹ ਨਿਕਲ ਗਈ, ਉਹ ਰੂਹ ਜੋ ਉਸ ਕੋਲੋਂ ਚੋਰੀ ਕਰਵਾਉਂਦੀ ਸੀ, ਜੋ ਨੇਕ ਕਰਮ ਨਹੀਂ ਸੀ ਕਰਨ ਦੇਂਦੀ, ਜੋ ਧਰਮਸਾਲਾ ਨਹੀਂ ਸੀ ਜਾਣ ਦੇਂਦੀ, ਉਹ ਭ੍ਰਿਸ਼ਟ ਰੂਹ ਚੀਕਾਂ ਮਾਰਦੀ ਨੱਸ ਗਈ ਮਿਹਰੂ ਦਾ ਸਰੀਰ ਨਵਾਂ ਹੋ ਗਿਆ, ਉਸ ਦੀਆਂ ਅੱਖਾਂ ਨੀਵੀਆਂ ਹੋ ਗਈਆਂ। ਉਸ ਨੂੰ ਸਭ ਕੁਝ ਬਦਲਿਆ ਹੋਇਆ ਤੇ ਸੋਹਣਾ ਲੱਗਣ ਲੱਗਾ। ਮਿਹਰੂ ਨੇ ਡਡਿਆ ਕੇ ਆਖਿਆ—'ਦਾਤਾ! ਪਿਤਾ! ਮੈਂ ਪਾਪੀ ਚੋਰ ਹਾਂ। ਮੈਨੂੰ ਬਖ਼ਸ਼ੋ, ਮੈਨੂੰ ਕੰਡਿਆਂ ਦੇ ਰਾਹ ਅਤੇ ਛੁਰੀਆਂ ਦੇ ਆਸਣ ਤੋਂ ਬਚਾਓ ਮੈਂ ਗੁਨਾਹਗਾਰ ਹਾਂ, ਕੋਈ ਨੇਕ ਕੰਮ ਨਹੀਂ ਕੀਤਾ। ਤੇਰੇ ਭਗਤਾਂ ਨੂੰ ਲੁਟਿਆ ਮਾਰਿਆ ਤੇ ਸਤਾਇਆ ਹੈ। ਅੱਜ ਮੈਂ ਨਹੀਂ ਰੋ ਰਿਹਾ ਮੇਰਾ ਦਿਲ ਧਾਹੀਂ ਮਾਰ ਰਿਹਾ ਹੈ, ਮਿਹਰਾਂ ਦੇ ਸਾਈਂ ਨਿਥਾਵਿਆਂ ਦੇ ਥਾਂ, ਦਾਤਾ ਬਖ਼ਸ਼, ਮਿਹਰ ਕਰ।'

ਦਇਆ ਦੇ ਸਾਗਰ ਗੁਰੂ ਜੀ ਨੇ ਸੁਤੇ ਸਿਧ ਆਖਿਆ—'ਉਠ ਭਗਤਾ! ਤੂੰ ਤਾਂ ਭਗਤ ਹੈਂ, ਕਰਤਾਰ ਦਾ ਸਿਮਰਨ ਕਰ, ਸੇਵਾ ਕਰ। ਇਹ ਮਨੁਖ ਜਾਮਾ ਸੇਵਾ ਤੇ ਸਿਮਰਨ ਵਾਸਤੇ ਹੈ, ਚੋਰੀਆਂ ਧਾੜਿਆਂ ਵਾਸਤੇ ਨਹੀਂ ਜਾਹ ਗੁਰੂ ਦੇ ਲੰਗਰੋਂ ਪ੍ਰਸ਼ਾਦ ਛਕ।'

ਮਿਹਰੂ ਉੱਠਿਆ, ਦੂਸਰੇ ਸਿੱਖਾਂ ਦੇ ਨਾਲ ਗੁਰੂ ਜੀ ਦੇ ਲੰਗਰ ਵਿਚ ਪੁੱਜਾ। ਪੰਗਤ ਵਿਚ ਬੈਠ ਕੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦੇ ਛਕੇ। ਪ੍ਰਸ਼ਾਦੇ ਛਕਣ ਦੀ ਢਿੱਲ ਸੀ, ਰਹਿੰਦੀਆਂ ਕਮੀਆਂ ਵੀ ਪੂਰੀਆਂ ਹੋ ਗਈਆਂ। ਉਸ ਵੇਲੇ ਜੂਠੇ ਬਰਤਨਾਂ ਦੀ ਸੇਵਾ ਕਰਨ ਲੱਗ ਪਿਆ। ਸਾਰਾ ਦਿਨ ਬਰਤਨ ਸਾਫ਼

ਕਰਦਾ ਰਿਹਾ। ਅੱਠ ਦਿਨ ਗੁਰੂ ਜੀ ਦੇ ਚਰਨਾਂ ਵਿਚ ਰਹਿ ਕੇ ਘਰ ਨੂੰ ਮੁੜਿਆ, ਚੋਰ ਤੋਂ ਸਾਧ ਹੋ ਕੇ ਮੁੜਿਆ। 'ਸਤਿ ਕਰਤਾਰ, ਸਤਿ ਕਰਤਾਰ' ਉਸ ਦੀ ਜ਼ਬਾਨ ਜਪਦੀ ਸੀ, ਉਹ ਤੜਕੇ ਉੱਠ ਇਸ਼ਨਾਨ ਕਰਨ ਲਗਾ ਜਦੋਂ ਕਿ ਪਹਿਲਾਂ ਉਹ ਸੂਰਜ ਚੜ੍ਹੇ ਉਠਦਾ ਤੇ ਤਿੰਨੀ ਚੌਹੀਂ ਮਹੀਨੀਂ ਨਹਾਉਂਦਾ ਰਿਹਾ ਸੀ ਘਰ ਦੇ ਤੇ ਆਂਢੀ ਗੁਆਂਢੀ ਬਹੁਤ ਹੈਰਾਨ ਸਨ। ਸਾਰੇ ਗੁਰੂ ਦੀ ਮਿਹਰ ਦਾ ਫਲ ਸਮਝਦੇ ਸੀ।

## ਚੋਰੀ ਦਾ ਮਾਲ ਵਾਪਸ ਕਰਨਾ

ਮਿਹਰੂ ਨੇ ਚੋਰੀ, ਚੁਗਲੀ ਤੇ ਸ਼ਰਾਬ ਛੱਡ ਦਿੱਤੀ। ਉਹ ਦਸਾਂ ਨੌਹਾਂ ਦੀ ਕਿਰਤ ਕਰਕੇ ਰੋਟੀ ਖਾਣ ਲੱਗਾ, ਚਾਰ ਸਾਲ ਹੋਏ ਸਨ ਇਕ ਪਿੰਡੋਂ ਉਸ ਨੇ ਮੱਝ ਚੋਰੀ ਕਰਕੇ ਲਿਆਂਦੀ ਸੀ, ਉਹ ਮੱਝ ਚਾਰ ਸੂਏ ਸੂ ਚੁਕੀ ਸੀ। ਉਸ ਦੀਆਂ ਦੋ ਕੱਟੀਆਂ ਜਿਊਂਦੀਆਂ ਸਨ, ਮਿਹਰੂ ਸਵੇਰੇ ਉੱਠਿਆ, ਉਹ ਮੱਝ ਕਿੱਲੇ ਤੋਂ ਖੋਲ੍ਹ ਕੇ ਅਗੇ ਲਾਈ, ਨਾਲ ਕੱਟੀਆਂ ਵੀ ਹਿਕ ਲਈਆਂ। ਤੁਰਦਾ-ਤੁਰਦਾ ਉਸੇ ਪਿੰਡ ਆ ਗਿਆ, ਜਿਸ ਪਿੰਡੋਂ ਮੱਝ ਚੋਰੀ ਕੀਤੀ ਸੀ, ਉਹ ਮੱਝ ਨੌਧੇ ਦੀ ਸੀ, ਉਸੇ ਘਰ ਮੱਝ ਨੂੰ ਵਾੜ ਕੇ ਪੁੱਛਣ ਲਗਾ—'ਭਾਈ! ਦਸੋ ਨੌਧਾ ਕੌਣ ਹੈ?' ਜਿਸ ਨੂੰ ਪੁਛਿਆ ਉਹੋ ਹੀ ਨੌਧਾ ਸੀ, ਉਹ ਆਪ ਹੈਰਾਨ ਸੀ ਕਿ ਮੇਰੀ ਚੋਰੀ ਹੋਈ ਹੋਈ ਮੱਝ ਮੇਰੇ ਘਰ ਕਿਵੇਂ ਆ ਗਈ। ਭਾਈ ਨੌਧੇ ਉੱਤਰ ਦਿਤਾ—'ਮੈਂ ਹੀ ਨੌਧਾ ਹਾਂ ਪਰ ਇਹ ਮੱਝ ਕਿਥੋਂ ਲਿਆਇਆ ਹੈਂ?'

ਮਿਹਰੂ ਨੌਧੇ ਦੇ ਪੈਰੀਂ ਡਿਗ ਪਿਆ, ਪੈਰ ਫੜ ਕੇ ਆਖਣ ਲੱਗਾ—'ਭਾਈ ਮੈਨੂੰ ਖਿਮਾਂ ਕਰਨੀ, ਮੈਂ ਤੇਰੀ ਮੱਝ ਚੋਰੀ ਕਰ ਕੇ ਲੈ ਗਿਆ ਸੀ, ਅੱਜ ਮੈਨੂੰ ਸੂਝ ਪਈ ਹੈ ਕਿ ਮੈਂ ਮਾੜਾ ਕੰਮ ਕੀਤਾ ਸੀ, ਦੋ ਕੱਟੀਆਂ ਲੈ ਆਇਆ ਹਾਂ। ਦੋ ਸੌ ਰੁਪਏ ਲੈ ਲੈ ਜੋ ਦੁਧ ਪੀਤਾ ਹੈ। ਜੇ ਰਾਜ ਦਰਬਾਰੇ ਲਿਜਾਣ ਦੀ ਸਲਾਹ ਹੋਵੇ ਤਾਂ ਵੀ ਡੰਨ ਸਹਿਣ ਨੂੰ ਤਿਆਰ ਹਾਂ। ਮੈਂ ਚੋਰ ਸਾਂ, ਚੋਰੀ ਕਰ ਕੇ ਇਹ ਪਾਪ ਕੀਤਾ।'

ਪਿੰਡ ਦੇ ਲੋਕ ਇਕੱਠੇ ਹੋ ਗਏ, ਸਾਰੇ ਮਿਹਰੂ ਨੂੰ ਚੰਗਾ ਆਖਣ ਲਗੇ। ਰਾਜ ਦਰਬਾਰੇ ਕਿਸ ਲਿਜਾਣਾ ਸੀ, ਸਗੋਂ ਪੁੱਛਣ ਲਗੇ—'ਦਸ ਭਾਈ! ਇਹ ਨੇਕ ਸਲਾਹ ਤੈਨੂੰ ਕਿਸ ਦਿੱਤੀ?'

'ਮੇਰੇ ਗੁਰੂ ਜੀ ਨੇ ਮੈਂ ਗੁਰੂ ਜੀ ਦਾ ਹਾਂ!' ਇਹ ਆਖ ਕੇ ਮਿਹਰੂ ਨੇ ਸ੍ਰੀ ਗੋਇੰਦਵਾਲ ਸਾਹਿਬ ਜਾਣ ਦੀ ਸਾਰੀ ਕਥਾ ਆਪ ਸੁਣਾਈ।

ਨੌਧਾ ਵੀ ਗੁਰੂ ਜੀ ਦਾ ਸਿੱਖ ਹੋ ਗਿਆ। ਮਿਹਰੂ ਚੋਰ ਤੋਂ ਭਗਤ ਬਣਿਆ ਤੇ ਲੰਮੀ ਉਮਰ ਤਕ ਗੁਰੂ ਘਰ ਦੀ ਗੁਰ ਸੰਗਤ ਦੀ ਸੇਵਾ ਕਰਦਾ ਰਿਹਾ। ਭਾਈ ਗੁਰਦਾਸ ਜੀ ਨੇ ਐਸੇ ਸਿੱਖਾਂ ਵਾਸਤੇ ਆਖਿਆ ਹੈ—

ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸੁ ਕਮਾਵੈ॥

# ੭੨. ਭਾਈ ਬਹੋੜਾ ਜੀ ਦੀ ਕਥਾ

ਛੋਡਿ ਛੋਡਿ ਰੇ ਬਿਖਿਆ ਕੇ ਰਸੂਆ ॥ ਉਰਝਿ ਰਹਿਓ ਰੇ ਬਾਵਰ ਗਾਵਰ ਜਿਉ ਕਿਰਖੈ ਹਰਿਆਇਓ ਪਸੂਆ ॥੧॥ ਰਹਾਉ ॥ ਜੋ ਜਾਨਹਿ ਤੂੰ ਅਪੁਨੇ ਕਾਜੈ ਸੋ ਸੰਗਿ ਨ ਚਾਲੈ ਤੇਰੈ ਤਸੂਆ ॥ ਨਾਗੋ ਆਇਓ ਨਾਗ ਸਿਧਾਸੀ ਫੇਰਿ ਫਿਰਿਓ ਅਰੁ ਕਾਲਿ ਗਰਸੂਆ ॥੧॥ ਪੇਖਿ ਪੇਖਿ ਰੇ ਕਸੁੰਭ ਕੀ ਲੀਲਾ ਰਾਚਿ ਮਾਚਿ ਤਿਨਹੂੰ ਲਉ ਹਸੂਆ ॥ ਛੀਜਤ ਡੋਰਿ ਦਿਨਸੁ ਅਰੁ ਰੈਨੀ ਜੀਅ ਕੋ ਕਾਜੁ ਨ ਕੀਨੋ ਕਛੂਆ ॥੨॥ ਕਰਤ ਕਰਤ ਇਵ ਹੀ ਬਿਰਧਾਨੋ ਹਾਰਿਓ ਉਕਤੇ ਤਨੁ ਖੀਨਸੂਆ ॥ ਜਿਉ ਮੋਹਿਓ ਉਨਿ ਮੋਹਨੀ ਬਾਲਾ ਉਸ ਤੇ ਘਟੈ ਨਾਹੀ ਰੁਚ ਚਸੂਆ ॥੩॥ ਜਗੁ ਐਸਾ ਮੋਹਿ ਗੁਰਹਿ ਦਿਖਾਇਓ ਤਉ ਸਰਣਿ ਪਰਿਓ ਤਜਿ ਗਰਬਸੂਆ ॥ ਮਾਰਗੁ ਪ੍ਰਭ ਕੋ ਸੰਤਿ ਬਤਾਇਓ ਦ੍ਰਿੜੀ ਨਾਨਕ ਦਾਸ ਭਗਤਿ ਹਰਿ ਜਸੂਆ ॥੪॥੬॥੧੨੭॥

(ਗਉੜੀ ਮਹਲਾ ੫)

ਪ੍ਰਮਾਰਥ—ਗੁਰੂ ਜੀ ਆਖਦੇ ਹਨ—'ਹੇ ਮੂਰਖ! ਰਤਾ ਸੋਚ ਵਿਸ਼ਿਆਂ ਤੇ ਰਸਾਂ ਮਗਰ ਕਿਉਂ ਲੱਗਾ ਹੈਂ ਇਨ੍ਹਾਂ ਨੂੰ ਛੱਡ ਦੇਹ ਮੰਦ ਕਰਮਾਂ ਵਿਚ ਇਸ ਤਰ੍ਹਾਂ ਰੁਝਾ ਹੈਂ ਜਿਵੇਂ ਪਸ਼ੂ ਹਰੇ ਪੱਠਿਆਂ ਵਿਚ ਰੁਝਾ ਹੁੰਦਾ ਹੈ। ਜਿਹੜੇ ਕੰਮਾਂ ਜਾਂ ਰਸਾਂ ਪਿਛੇ ਲਗਾ ਫਿਰਦਾ ਹੈਂ। ਇਹ ਚੌਲ ਭਰ ਵੀ ਤੇਰੇ ਨਾਲ ਨਹੀਂ ਚਲਣੇ। ਜਿਸ ਤਰ੍ਹਾਂ ਨੰਗਾ ਆਇਆ ਹੈਂ ਏਸੇ ਤਰ੍ਹਾਂ ਨੰਗਾ ਜਾਏਂਗਾ। ਸਮੇਂ (ਕਾਲ) ਦਾ ਬੰਨ੍ਹਿਆ ਹੋਇਆ ਸਮੇਂ ਦੇ ਚੱਕਰ ਚੌਗਿਰਦੇ ਘੁੰਮਦਾ ਰਹੇਂਗਾ। ਮੂਰਖ ਇਹ ਨਹੀਂ ਸਮਝਦਾ ਕਿ ਮਾਇਆ ਦੇ ਰੰਗ ਝੂਠੇ ਹਨ ਜਿਵੇਂ ਕਸੁੰਭ ਦੇ ਫੁੱਲ ਦਾ ਰੰਗ ਝੂਠਾ ਤੇ ਭੜਕੀਲਾ ਲਾਲ ਹੁੰਦਾ ਹੈ। ਉਸ ਰੰਗ ਨੂੰ ਪੱਕਾ ਸਮਝ ਕੇ ਹੱਸਦਾ ਹੈਂ। ਦਿਨ ਰਾਤ ਕਰ ਕੇ ਤੇਰੀ ਉਮਰ ਬੀਤਦੀ ਜਾਂਦੀ ਹੈ। ਤੂੰ

ਕੰਮ (ਨੇਕੀ) ਕੱਖ ਨਹੀਂ ਕਰਦਾ । ਝੂਠੇ ਧੰਦਿਆਂ ਵਿਚ ਲੱਗਾ ਹੋਇਆ ਤੇ ਖਪ ਖਪ ਮਰਦਾ ਹੋਇਆ ਬੁੱਢਾ ਹੋ ਗਿਆ ਹੈਂ ਹੁਣ ਦਿਸਣੋਂ ਚਲਣੋਂ ਤੇ ਸੋਚਣੋਂ ਵੀ ਰਹਿ ਗਿਆ ਹੈਂ । ਜਿਵੇਂ ਜਵਾਨੀ ਵਿਚ ਤੈਨੂੰ ਸੁੰਦਰ ਇਸਤਰੀ ਨੇ ਮੋਹ ਲਿਆ ਸੀ ਤਿਵੇਂ ਅੱਜ ਵੀ ਮਾਇਆ ਨਾਲ ਪਿਆਰ ਕਰ ਰਿਹਾ ਹੈਂ। ਗੁਰੂ ਜੀ ਆਖਦੇ ਨੇ ਐਸਾ ਗੁਰੂ ਨੇ ਰਾਹ ਦੱਸਿਆ ਹੈ ਮੈਂ ਸਾਰੇ ਹੰਕਾਰ ਤੇ ਮਾੜੇ ਕਰਮ ਛੱਡ ਕੇ ਗੁਰੂ ਜੀ ਦੀ ਚਰਨੀਂ ਡਿਗ ਪਿਆ ਹਾਂ । ਹਰੀ ਜਸ ਕਰਕੇ ਜੀਵਨ ਦਾ ਸੁਧਾਰ ਕਰ ਰਿਹਾ ਹਾਂ । ਇਸ ਤਰ੍ਹਾਂ ਮੁਕਤੀ ਹਾਸਲ ਕਰ ਲਵਾਂਗਾ ।

ਚੱਕ ਰਾਮਦਾਸ (ਅੰਮ੍ਰਿਤਸਰ) ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦਰਬਾਰ ਲਗਾ ਹੋਇਆ ਸੀ । ਆਸਾ ਦੀ ਵਾਰ ਦੇ ਪਿਛੋਂ ਗੁਰੂ ਜੀ ਆਪ ਸੰਗਤਾਂ ਨੂੰ ਉਪਦੇਸ਼ ਕਰ ਰਹੇ ਸਨ । ਉਪਰੋਕਤ ਸ਼ਬਦ ਗੁਰੂ ਜੀ ਨੇ ਆਪ ਉਚਾਰਣ ਕੀਤਾ । ਸ਼ਬਦ ਉਚਾਰ ਕੇ ਉਸ ਦੇ ਭਾਵ ਅਰਥ ਦੀ ਵਿਆਖਿਆ ਕੀਤੀ । ਵਿਆਖਿਆ ਕਰਨ ਪਿਛੋਂ ਹਰਿਮੰਦਰ ਸਾਹਿਬ ਜੀ ਦੀ ਸੇਵਾ ਵਾਸਤੇ ਸੰਗਤਾਂ ਨੇ ਉਠਣਾ ਸੀ । ਨਵੇਂ ਆਏ ਸਿੱਖਾਂ ਨੇ ਗੁਰੂ ਚਰਨਾਂ ਉਪਰ ਮੱਥਾ ਟੇਕ ਕੇ ਆਪਣੇ ਆਪ ਦੀ ਜਾਣ ਪਛਾਣ ਕਰਾਈ । ਉਸ ਸੰਗਤ ਵਿਚ (ਨਵੇਂ ਆਏ ਸੇਵਕਾਂ ਵਿਚ) ਇਕ ਭਾਈ ਬਹੋੜਾ ਸੀ । ਇਹ ਜਾਤ ਦਾ ਸੁਨਿਆਰਾ ਸੀ । ਇਸ ਨੇ ਜਦੋਂ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤਾਂ ਮਿਹਰਾਂ ਦੇ ਦਾਤੇ ਨੇ ਪੁਛਿਆ—'ਸਿੱਖਾ ! ਕਿਥੋਂ ਆਇਆ ਹੈਂ ਤੇ ਕੀ ਕੰਮ ਕਰਦਾ ਹੈਂ ? ਕੀ ਉਹ ਕੰਮ ਧਰਮ ਦਾ ਹੈ ਜਾਂ ਅਧਰਮ ਦਾ ਹੈ ?'

ਬਹੋੜੇ ਨੇ ਆਸਾ ਦੀ ਵਾਰ ਦਾ ਕੀਰਤਨ ਸੁਣਿਆ ਸੀ ਗੁਰੂ ਜੀ ਦੇ ਉਪਦੇਸ਼ ਨੂੰ ਸਰਵਨ ਕੀਤਾ ਸੀ ਉਪਰੋਕਤ ਗੁਰੂ ਜੀ ਦੇ ਸ਼ਬਦ ਦੇ ਅਰਥ ਨੂੰ ਗ੍ਰਹਿਣ ਕੀਤਾ ਸੀ । ਇਸ ਵਾਸਤੇ ਉਹ ਝੂਠ ਨਾ ਬੋਲ ਸਕਿਆ । ਉਸ ਨੇ ਸਚੋ ਸੱਚ ਦੱਸਣਾ ਸ਼ੁਰੂ ਕੀਤਾ—'ਮਹਾਰਾਜ ! ਮੈਂ ਸੱਚ ਸੱਚ ਦੱਸਣ ਨੂੰ ਤਿਆਰ ਹਾਂ । ਮੈਂ ਵੱਡਾ ਪਾਪੀ ਤੇ ਬੇਈਮਾਨ ਹਾਂ । ਮੈਂ ਸੱਚ ਕਦੀ ਨਹੀਂ ਬੋਲਿਆ । ਝੂਠ ਤੇ ਬੇਈਮਾਨੀ ਦੇ ਆਸਰੇ ਧਨ ਇਕੱਤਰ ਕੀਤਾ ਹੈ । ਮਾਂ ਭੈਣ ਭਾਈ ਮਿੱਤਰ ਤੇ ਸਾਕ ਅੰਗ ਨੂੰ ਠਗਿਆ ਹੈ । ਅੱਜ ਮੈਂ ਸ਼ਾਹੂਕਾਰ ਬਣ ਗਿਆ ਹਾਂ । ਆਪ ਦੇ ਕੋਲ ਮੈਂ ਉਪਦੇਸ਼ ਵਾਸਤੇ ਨਹੀਂ ਆਇਆ ਹਾਂ ਸਗੋਂ ਇਸ ਨੀਤ ਨਾਲ ਪੁਜਿਆ ਹਾਂ ਕਿ ਗੁਰੂ ਦੇ ਸਿੱਖਾਂ ਨਾਲ ਜਾਣ ਪਛਾਣ ਹੋ ਜਾਵੇਗੀ। ਜਾਣੂ ਸੱਜਣ ਮੇਰੇ ਕੋਲੋਂ ਸੋਨੇ

ਚਾਂਦੀ ਦੇ ਗਹਿਣੇ ਬਨਵਾਉਣ ਤੇ ਖ਼ਰੀਦਣਗੇ, ਮੈਂ ਉਨ੍ਹਾਂ ਗਹਿਣਿਆਂ ਵਿਚੋਂ ਬਹੁਤ ਕਾਟ ਕਟ ਕੇ ਬਹੁਤਾ ਖੋਟ ਰਲਾਇਆ ਕਰਾਂਗਾ। ਮੈਂ ਵੀ ਉਪਰੋਂ ਸਿੱਖ ਬਣਾਂਗਾ, ਦਿਲੋਂ ਚੋਰ, ਲੋਕ ਮੇਰੇ ਤੇ ਭਰੋਸਾ ਕਰਨਗੇ, ਮੈਂ ਉਹਨਾਂ ਨਾਲ ਧੋਖਾ ਕਰਾਂਗਾ।'

ਬਹੋੜੇ ਦਾ ਸੱਚਾ ਬਿਆਨ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਜਗਤ ਰੱਖਿਅਕ ਮੁਸਕਰਾਏ ਤੇ ਆਖਣ ਲਗੇ—'ਹੁਣ ਸਿੱਖਾ ਤੇਰਾ ਕੀ ਵਿਚਾਰ ਹੈ?'

ਬਹੋੜਾ ਚਰਨਾਂ ਤੇ ਮੱਥਾ ਟੇਕ ਕੇ ਅਤੇ ਦੋਵੇਂ ਹੱਥ ਜੋੜ ਕੇ—'ਦਾਤਾ! ਹੁਣ ਮੈਨੂੰ ਸਿਧੇ ਰਾਹ ਪਾਓ। ਮੈਂ ਪਾਪੀ ਕੁਕਰਮੀ ਤੇ ਅਧਰਮੀ ਹਾਂ। ਮੇਰੇ ਤੇ ਦਇਆ ਕਰੋ! ਗ਼ਰੀਬ ਨੂੰ ਆਸਰਾ ਦਿਓ। ਅਗੋਂ ਮਾੜਾ ਕੰਮ ਨਹੀਂ ਕਰਾਂਗਾ। ਸੋਨੇ ਤੇ ਚਾਂਦੀ ਵਿਚ ਖੋਟ ਪਾ ਕੇ ਕਿਸੇ ਨੂੰ ਨਹੀਂ ਲੁਟਾਂਗਾ। ਆਪ ਦੇ ਸੇਵਕਾਂ ਦਾ ਸੇਵਾਦਾਰ ਬਣ ਕੇ ਰਹਾਂਗਾ, ਪਾਪਾਂ ਵਿਚ ਡੁਬਦੇ ਨੂੰ ਭਵਸਾਗਰ ਤੋਂ ਪਾਰ ਕਰੋ।'

ਬਹੋੜੇ ਦਾ ਤਰਲਾ ਸੁਣ ਕੇ ਗੁਰੂ ਨੇ ਮਿਹਰ ਕੀਤੀ, ਉਸ ਦੇ ਸਿਰ ਉਪਰ ਹੱਥ ਰੱਖਿਆ। 'ਸਿੱਖਾ! ਕਰਤਾਰ ਦਾ ਨਾਮ ਜਪ ਬਾਣੀ ਪੜ੍ਹ ਤੇ ਸੁਣ। ਗੁਰੂ ਘਰ ਦੀ ਸੇਵਾ ਕਰ। ਸੱਚ ਬੋਲ, ਜੂਠੇ ਬਰਤਨ ਮਾਂਜ, ਪਾਣੀ ਢੋ, ਜੋੜੇ ਸਾਫ਼ ਕਰ, ਬਸ ਤੇਰੀ ਕਲਿਆਣ ਹੋ ਜਾਵੇਗੀ। ਸੇਵਾ ਕਰਨ ਤੋਂ ਮੇਵਾ ਮਿਲਦਾ ਹੈ। ਜਿਉਂ ਜਿਉਂ ਸੇਵਾ ਕਰੇਂਗਾ ਤਿਉਂ ਤਿਉਂ ਪ੍ਰਭੂ ਦੇ ਨੇੜੇ ਪੁਜੇਂਗਾ। ਇਹ ਜਗਤ ਝੂਠਾ ਹੈ। ਮਾਇਆ ਦੇ ਨਜ਼ਾਰੇ ਝੂਠੇ ਹਨ। ਇਨ੍ਹਾਂ ਨਾਲ ਪਿਆਰ ਕਰਨ ਵਾਲਾ ਘਾਟੇ ਵਿਚ ਰਹਿੰਦਾ ਹੈ। ਮਾਇਆ ਇਥੇ ਰਹਿ ਜਾਣੀ ਹੈ। ਜੋ ਚੀਜ਼ ਨਾਲ ਨਹੀਂ ਜਾਣੀ ਉਸ ਨਾਲ ਹਿਤ ਕਿਉਂ ਕੀਤਾ ਜਾਵੇ? ਉਸ ਬਦਲੇ ਪਾਪ ਨਹੀਂ ਕਰਨਾ ਚਾਹੀਏ।'

*'ਨਾਮ ਰੰਗ ਸਹਜ ਰਸ ਮਾਣੇ ਫਿਰਿ ਦੂਖੁ ਨ ਲਾਗਿਓ ॥੪॥੨॥੧੬੦॥*

*(ਗਉੜੀ ਮਹਲਾ ੫)*

ਹਰਿ ਨਾਮ ਸਿਮਰਨ ਦੇ ਰੰਗ ਵਿਚ ਰਹੋ। ਸਹਜ ਸੁੱਖ ਵਿਚ ਰਹੋ। ਕੋਈ ਦੁੱਖ ਨਹੀਂ ਲਗੇਗਾ, ਮਨ ਸੀਤਲ ਹੋ ਜਾਵੇਗਾ।

*ਪਾਇਆ ਲਾਲੁ ਰਤਨੁ ਮਨਿ ਪਾਇਆ ॥ ਤਨੁ ਸੀਤਲੁ ਮਨੁ ਸੀਤਲੁ ਥੀਆ*
*ਸਤਗੁਰ ਸਬਦਿ ਸਮਾਇਆ ॥*

*(ਗਉੜੀ ਮਹਲਾ ੫)*

ਗੁਰੂ ਜੀ ਦਾ ਉਪਦੇਸ਼ ਸੁਣ ਕੇ ਭਾਈ ਬਹੋੜੇ ਦੀ ਆਤਮਾ ਹੌਲੀ ਤੇ ਨਿਰਮਲ

ਹੋ ਗਈ । ਮੱਥਾ ਟੇਕ ਕੇ ਉੱਠਿਆ । ਹਰਿਮੰਦਰ ਸਾਹਿਬ ਦੀ ਉਸਾਰੀ ਲਗੀ ਹੋਈ ਸੀ । ਟੋਕਰੀ ਫੜੀ ਤੇ ਸੇਵਾ ਵਿਚ ਰੁਝ ਗਿਆ । ਕਈ ਮਹੀਨੇ ਇੱਟਾਂ ਰੋੜੀ ਤੇ ਗਾਰਾ ਢੋ ਢੋ ਕੇ ਜਨਮ ਨੂੰ ਸਫਲਾ ਕੀਤਾ । ਵਾਹਿਗੁਰੂ ਸਿਮਰਨ ਕਰ ਕੇ ਆਤਮਾ ਨੂੰ ਨਿਰਮਲ ਕੀਤਾ । ਭਾਈ ਬਹੋੜਾ ਗੁਰੂ ਜੀ ਦੇ ਚੰਗੇ ਸਿੱਖਾਂ ਵਿਚ ਗਿਣਿਆ ਗਿਆ ।

# ੭੩. ਭਾਈ ਤਿਲਕੂ ਜੀ ਤੇ ਜੋਗੀ ਦੀ ਕਥਾ

*ਐਸਾ ਜੋਗੀ ਵਡਭਾਗੀ ਭੇਟੈ ਮਾਇਆ ਕੇ ਬੰਧਨ ਕਾਟੈ ॥ ਸੇਵਾ ਪੂਜ ਕਰਉ*
*ਤਿਸ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ ॥੫॥੧੧॥*

*(ਗਉੜੀ ਮਹਲਾ ੫)*

ਗੜ੍ਹ ਸ਼ੰਕਰ ਸ਼ਹਿਰ ਵਿਚ ਤਿਲਕੂ ਨਾਮ ਦਾ ਇਕ ਸਿੱਖ ਸੀ । ਇਸ ਸਿੱਖ ਉੱਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਮਿਹਰ ਕੀਤੀ ਹੋਈ ਸੀ । ਸਿੱਖੀ, ਨਾਮ ਦਾਨ ਬਖ਼ਸ਼ਿਆ ਹੋਇਆ ਸੀ । ਭਾਈ ਤਿਲਕੂ ਬੜਾ ਦ੍ਰਿੜ੍ਹ ਵਿਸ਼ਵਾਸ ਵਾਲਾ ਪੁਰਸ਼ ਸੀ । ਪ੍ਰਮਾਤਮਾ ਦੀ ਭਗਤੀ ਕਰਦਾ ਨਾਮ ਬਾਣੀ ਦਾ ਸਿਮਰਨ ਹਰ ਘੜੀ ਕਰਦਾ ਰਹਿੰਦਾ । ਧਰਮ ਦੀ ਕਿਰਤ ਕਰ ਕੇ ਰੋਟੀ ਖਾਂਦਾ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਤੇ ਬਾਣੀ ਤੋਂ ਬਿਨਾਂ ਕਿਸੇ ਹੋਰ ਗਿਆਨੀ, ਸੰਤ ਜੋਗੀ ਤੇ ਫ਼ਕੀਰ ਦੇ ਬਚਨਾਂ ਉਤੇ ਭਰੋਸਾ ਨਹੀਂ ਕਰਦਾ ਸੀ।

ਉਸੇ ਸ਼ਹਿਰ ਵਿਚ ਜੋਗੀ ਰਹਿੰਦਾ ਸੀ । ਉਸ ਦੀ ਇਕ ਸੌ ਦਸ ਸਾਲ ਦੀ ਉਮਰ ਸੀ । ਕੰਨ ਪੜਵਾ ਕੇ ਮੁੰਦਰਾਂ ਪਾਈਆਂ । ਜੋਗ ਸਾਧਨਾ ਕੀਤੀ ਤੇ ਕਈ ਜੰਤਰ ਮੰਤਰ ਸਿਖੇ ਸਨ । ਜੋਗ ਸਾਧਨਾ ਕਰਨ ਪਿਛੋਂ ਹੰਕਾਰੀ ਹੋ ਗਿਆ ਸੀ। ਉਸ ਨੇ ਇਕ ਭੰਡਾਰਾ ਕੀਤਾ, ਭੰਡਾਰੇ ਪਿਛੋਂ ਇਸ ਗੱਲ ਦਾ ਢੰਡੋਰਾ ਪਿਟਵਾਇਆ ਕਿ ਜੋ ਕੋਈ ਉਸ ਦਾ ਦਰਸ਼ਨ ਕਰੇਗਾ, ਉਸ ਨੂੰ ਦੋ ਸਾਲ ਵਾਸਤੇ ਸਵਰਗ ਦੀ ਪ੍ਰਾਪਤੀ ਹੋਵੇਗੀ । ਦੁਖ, ਦਲਿਦ੍ਰ ਤੇ ਹਰ ਤਰ੍ਹਾਂ ਦੇ ਕਲੇਸ਼ ਇਸ ਜਨਮ ਵਿਚ ਦੂਰ ਹੋ ਜਾਣਗੇ । ਪਿੰਡ ਦੇ ਭੋਲੇ ਭਾਲੇ ਲੋਕ ਸਸਤੇ ਭਾ ਸਵਰਗ ਮਿਲਦਾ ਦੇਖ ਕੇ ਖ਼ੁਸ਼ ਹੋਏ । ਉਹ ਦਰਸ਼ਨਾਂ ਨੂੰ ਉਠ ਨਠੇ । ਕਈ ਦਿਨ ਦਰਸ਼ਕਾਂ ਦੀ ਭੀੜ ਰਹੀ । ਜਦੋਂ ਸਾਰੇ ਦਰਸ਼ਨ ਕਰ ਚੁਕੇ ਤਾਂ ਜੋਗੀ ਨੇ ਹੰਕਾਰ ਦੇ

ਲਹਿਜੇ ਵਿਚ ਪੁਛਿਆ 'ਇਸ ਨਗਰ ਦਾ ਕੋਈ ਐਸਾ ਪੁਰਸ਼ ਤਾਂ ਨਹੀਂ ਰਹਿ ਗਿਆ ਜਿਸ ਨੇ ਮੇਰੇ ਦਰਸ਼ਨ ਨਹੀਂ ਕੀਤੇ ? ਜੇ ਕੋਈ ਦਰਸ਼ਨਾਂ ਤੋਂ ਵਾਂਝਿਆਂ ਰਿਹਾ ਤਾਂ ਉਹ ਇਕੱਲਾ ਇਸ ਨਗਰੀ ਵਿਚੋਂ ਨਰਕਾਂ ਨੂੰ ਜਾਵੇਗਾ। ਪੜਤਾਲ ਕਰੋ ਕੋਈ ਰਹਿ ਨਾ ਜਾਵੇ।'

ਜੋਗੀ ਦੇ ਇਹ ਬਚਨ ਸੁਣ ਕੇ ਜੋਗੀ ਦੇ ਦੋ ਚੇਲੇ ਤੇ ਇਕ ਨਗਰਵਾਸੀ ਇਕ ਜਬਾਨ ਹੋ ਕੇ ਬੋਲੇ—'ਹੋਰ ਨਗਰ ਵਾਸੀ ਸਾਰੇ ਆ ਗਏ ਹਨ ਪਰ ਭਾਈ ਤਿਲਕੂ ਨਹੀਂ ਆਇਆ। ਉਹ ਆਖਦਾ ਹੈ ਮੈਨੂੰ ਸਵਰਗ ਦੀ ਲੋੜ ਨਹੀਂ ਮੈਂ ਸਵਰਗ ਦੇ ਸੌਦੇ ਬਦਲੇ ਜੋਗੀ ਦੇ ਦਰਸ਼ਨ ਨਹੀਂ ਕਰਨੇ।' ਇਹ ਸੁਣ ਕੇ ਜੋਗੀ ਰਤਾ ਕ੍ਰੋਧ ਨਾਲ ਬੋਲਿਆ—'ਜਾਓ! ਉਸ ਨੂੰ ਆਖੋ ਜੇ ਉਹ ਦਰਸ਼ਨ ਕਰ ਜਾਵੇ ਤਾਂ ਉਸ ਨੂੰ ਚਾਰ ਸਾਲ ਵਾਸਤੇ ਸਵਰਗ ਦੀ ਪ੍ਰਾਪਤੀ ਹੋਵੇਗੀ। ਦੂਸਰਿਆਂ ਨਾਲੋਂ ਉਸ ਨੂੰ ਦੂਣਾ ਲਾਭ ਹੋਵੇਗਾ।'

ਜੋਗੀ ਕੋਲੋਂ ਇਹ ਹੁਕਮ ਲੈ ਕੇ ਜੋਗੀ ਦੇ ਚੇਲੇ ਭਾਈ ਤਿਲਕੂ ਦੇ ਘਰ ਪਹੁੰਚੇ। ਉਸ ਨੂੰ ਜੋਗੀ ਦਾ ਫ਼ੁਰਮਾਨ ਸੁਣਾਇਆ। ਦਰਸ਼ਨਾਂ ਨੂੰ ਚਲਣ ਵਾਸਤੇ ਬੇਨਤੀ ਕੀਤੀ। ਸਭ ਕੁਝ ਸੁਣ ਚੁਕਣ ਪਿਛੋਂ ਸਿਦਕੀ ਸਿੱਖ ਭਾਈ ਤਿਲਕੂ ਨੇ ਉੱਤਰ ਦਿੱਤਾ—'ਦੇਖੋ ਭਾਈ! ਮੈਂ ਗੁਰੂ ਜੀ ਦਾ ਸਿੱਖ ਹਾਂ, ਮੈਂ ਹੋਰ ਕਿਸੇ ਉਤੇ ਭਰੋਸਾ ਨਹੀਂ ਰੱਖਦਾ। ਨਰਕ ਸਵਰਗ ਦੇ ਜੀਵਨ ਬਾਰੇ ਮੇਰਾ ਗੁਰੂ ਜਾਣੇ। ਮੈਂ ਐਸਾ ਸੌਦਾ ਨਹੀਂ ਕਰਦਾ। ਮੇਰੀ ਸਹਾਇਤਾ ਕਰਨ ਵਾਲਾ ਮੇਰਾ ਗੁਰੂ ਹੈ। ਸੱਚਾ ਪਾਤਸ਼ਾਹ! ਅੰਤਰਜਾਮੀ! ਦੀਨ ਦਿਆਲ! ਮੈਂ ਝੂਠੇ ਹੰਕਾਰੀ ਜੋਗੀਆਂ ਪਿਛੇ ਨਹੀਂ ਫਿਰ ਸਕਦਾ। ਜਾਓ ਜੋਗੀ ਨੂੰ ਆਖੋ ਤਿਲਕੂ ਨੂੰ ਸਵਰਗ ਲੈਣ ਦੀ ਇੱਛਾ ਨਹੀਂ।'

ਜੋਗੀ ਦੇ ਚੇਲੇ ਨਰਾਜ਼ ਹੋ ਕੇ ਤਿਲਕੂ ਦੇ ਘਰੋਂ ਮੁੜ ਗਏ। ਉਹਨਾਂ ਨੇ ਸਾਰਾ ਹਾਲ ਜੋਗੀ ਨੂੰ ਜਾ ਦਸਿਆ। ਜੋਗੀ ਬਹੁਤ ਹੈਰਾਨ ਹੋਇਆ, ਉਸ ਨੇ ਜੋਗ ਸ਼ਕਤੀ ਨਾਲ ਭਾਈ ਤਿਲਕੂ ਨੂੰ ਸੱਦਣਾ ਚਾਹਿਆ।

## ਜੋਗੀ ਨੇ ਜੋਗ ਸ਼ਕਤੀਆਂ ਦੀ ਵਰਤੋਂ ਕਰਨੀ

ਜੋਗੀ ਕ੍ਰੋਧ ਵਿਚ ਆ ਗਿਆ। ਜੋਗ ਸ਼ਕਤੀਆਂ ਨਾਲ ਉਸ ਨੇ ਭਾਈ ਤਿਲਕੂ ਦੇ ਮਨ ਨੂੰ ਖਿਚਣਾ ਸ਼ੁਰੂ ਕੀਤਾ। ਸਮਾਧੀ ਲਾਈ। ਧਿਆਨ ਰਖਿਆ।

ਤਿਲਕੂ ਦੇ ਨਾਲ ਐਸੀਆਂ ਬਲਾਈਂ ਭੂਤ ਪ੍ਰੇਤ ਸੱਦੀਆਂ । ਉਨ੍ਹਾਂ ਨੂੰ ਹੁਕਮ ਦਿਤਾ ਕਿ ਭਾਈ ਤਿਲਕੂ ਨੂੰ ਉਹ ਪਕੜ ਕੇ ਲਿਆਉਣ, ਪ੍ਰੇਤ ਗਏ । ਤਿਲਕੂ ਦੇ ਘਰ ਜਾ ਕੇ ਉਹਨਾਂ ਬਹੁਤ ਸ਼ੋਰ ਮਚਾਇਆ । ਘਰ ਦੇ ਦਰਵਾਜ਼ੇ ਭੰਨਣ ਦਾ ਯਤਨ ਕੀਤਾ ਪਰ ਦਰਵਾਜ਼ੇ ਨਾ ਟੁਟੇ । ਅਨੇਕਾਂ ਤਰ੍ਹਾਂ ਦੀਆਂ ਭਿਆਨਕ ਅਵਾਜਾਂ ਦੇ ਦੇ ਕੇ ਭਾਈ ਤਿਲਕੂ ਨੂੰ ਡਰਾਇਆ, ਪਰ ਗੁਰੂ ਦੀ ਬਾਣੀ ਦਾ ਸਿਮਰਨ ਕਰਨ ਵਾਲਾ ਸਿਦਕੀ, ਧਰਮੀ ਤੇ ਦ੍ਰਿੜ੍ਹ ਵਿਸ਼ਵਾਸੀ ਸਿੱਖ ਅਡੋਲ ਰਿਹਾ । ਉਹ ਸਵਾਸ ਸਵਾਸ ਨਾਲ ਵਾਹਿਗੁਰੂ ਦਾ ਸਿਮਰਨ ਕਰਦਾ ਸੀ । ਉਸ ਸਿਮਰਨ ਕਾਰਨ ਪ੍ਰੇਤ ਉਸ ਦੇ ਨੇੜੇ ਨਹੀਂ ਸਨ ਹੋ ਸਕਦੇ । ਦੂਰ ਹੀ ਸ਼ੋਰ ਮਚਾਉਂਦੇ ਰਹੇ ਪ੍ਰੇਤਾਂ ਦੀਆਂ ਆਵਾਜ਼ਾਂ ਸਨ—'ਤਿਲਕੂ ਉਠ ਕੇ ਜੋਗੀ ਮਹਾਤਮਾ ਕੋਲ ਜਾਹ! ਨਹੀਂ ਤੇ ਤੈਨੂੰ ਮਾਰ ਦਿਆਂਗੇ । ਤੇਰਾ ਘਰ ਸਾੜ ਦਿੱਤਾ ਜਾਵੇਗਾ । ਤੇਰੀ ਹੱਡੀ ਪਸਲੀ ਨਹੀਂ ਲਭੇਗੀ ।' ਪਰ ਤਿਲਕੂ ਨੇ ਗੱਲਾਂ ਅਣਸੁਣੀਆਂ ਕਰ ਛੱਡੀਆਂ । ਉਹ ਗੁਰੂ ਦੀ ਸਿਖਿਆ ਅਨੁਸਾਰ ਮੂਲ ਮੰਤਰ ਦਾ ਜਾਪ ਕਰੀ ਗਿਆ ੧ਓ ਸਤਿਨਾਮ ਗੁਰ ਪ੍ਰਸਾਦਿ ॥ ਉਹ ਸਮਝਦਾ ਸੀ ਕਿ ਕੋਈ ਭੂਤ ਪ੍ਰੇਤ ਅਤੇ ਦੁਖ ਉਸ ਨੂੰ ਨਹੀਂ ਸਤਾ ਸਕਦੇ । ਜੋ ਸੱਚੇ ਕਰਤਾਰ ਤੇ ਵਿਸ਼ਵਾਸ ਕਰਦਾ ਹੈ '*ਕਲਿ ਕਲੇਸ ਭੈ ਭ੍ਰਮ ਦੁਖ ਲਾਥਾ । ਕਹੁ ਨਾਨਕ ਮੇਰਾ ਗੁਰੁ ਸਮਰਾਥਾ ।*' ਉਹ ਆਪਣੇ ਗੁਰੂ ਨੂੰ ਸਭ ਤੋਂ ਵੱਡਾ ਸਮਰਥ ਅਤੇ ਸਰਲ ਦੁਖ ਭੰਜਨ ਸਮਝਦਾ ਸੀ । ਉਹ ਭੈ ਭੀਤ ਨਾ ਹੋਇਆ । ਪ੍ਰੇਤ ਟਕਰਾਂ ਮਾਰ ਕੇ ਜੋਗੀ ਕੋਲ ਚਲੇ ਗਏ । ਉਹਨਾਂ ਪ੍ਰੇਤਾਂ ਜਾ ਕੇ ਦਸਿਆ—'ਮਾਲਕ! ਅਸੀਂ ਉਥੇ ਕੀ ਕਰੀਏ । ਜਦੋਂ ਉਸ ਨੂੰ ਹੱਥ ਪਾਉਣ ਲਗਦੇ ਹਾਂ, ਉਸ ਦੇ ਕੋਲ ਜਾਣ ਦਾ ਯਤਨ ਕਰਦੇ ਸਾਂ ਤਾਂ ਅਗੋਂ ਸਾਨੂੰ ਪ੍ਰਬਲ ਸ਼ਕਤੀ ਧਕੇ ਮਾਰ ਕੇ ਪਰੇ ਸੁਟ ਦਿੰਦੀ ਸੀ । ਅਸੀਂ ਮਜਬੂਰ ਹਾਂ । ਸਾਨੂੰ ਚਪੇੜਾਂ ਵੱਜਦੀਆਂ ਹਨ ।'

ਇਹ ਆਖ ਕੇ ਪ੍ਰੇਤ ਵੀ ਜੋਗੀ ਕੋਲੋਂ ਛੁਟੀ ਲੈ ਕੇ ਤੁਰ ਗਏ । ਪ੍ਰੇਤਾਂ ਨੂੰ ਤੋਰ ਕੇ ਜੋਗੀ ਆਪ ਯਤਨ ਕਰਨ ਲਗਾ । ਉਸ ਨੇ ਭਾਈ ਤਿਲਕੂ ਦੇ ਮਕਾਨ ਉਤੇ ਜੋਗ ਨਿਗਾਹ ਟਿਕਾਈ । ਆਤਮਾ ਨੂੰ ਹੁਕਮ ਕੀਤਾ ਮਕਾਨ ਸੜ ਜਾਵੇ । ਅੱਗ ਲਗੇ । ਵੀਹ ਮਿੰਟ ਟੱਕਰਾਂ ਮਾਰਦਾ ਰਿਹਾ ਪਰ ਭਾਈ ਤਿਲਕੂ ਦੇ ਘਰ ਨੂੰ ਅੱਗ ਨਾ ਲਗੀ, ਹਾਰ ਕੇ ਹਠ ਛੱਡ ਦਿਤਾ ।

ਜੋਗੀ ਆਸਣ ਤੋਂ ਉਠਿਆ, ਇਕੱਲਾ ਹੀ ਭਾਈ ਤਿਲਕੂ ਦੇ ਘਰ ਵਲ

ਤੁਰ ਪਿਆ। ਵਾਹੋ ਦਾਹੀ ਚੱਲ ਕੇ ਉਸ ਦੇ ਘਰ ਅਗੇ ਪਹੁੰਚਾ ਤਾਂ ਅਗੋਂ ਭਾਈ ਤਿਲਕੂ ਦੇ ਘਰ ਦੇ ਦਰਵਾਜ਼ੇ ਬੰਦ ਸਨ। ਭਾਈ ਤਿਲਕੂ ਅੰਦਰ ਬੈਠਾ ਕਰਤਾਰ ਦਾ ਭਜਨ ਕਰੀ ਜਾਂਦਾ ਸੀ। ਜੋਗੀ ਨੇ ਅਵਾਜ਼ ਦਿਤੀ—'ਭਾਈ ਤਿਲਕੂ ਬੂਹਾ ਖੋਹਲ। ਮੇਰਾ ਦਰਸ਼ਨ ਕਰ। ਮੈਂ ਤੈਨੂੰ ਦਸ ਸਾਲ ਸਵਰਗ ਦੇਣ ਲਈ ਤੇਰੇ ਘਰ ਆਇਆ ਹਾਂ। ਇਹ ਸੁਨਹਿਰੀ ਸਮਾਂ ਹਥੋਂ ਨਾ ਗਵਾ, ਘਰ ਆਈ ਮੁਕਤੀ ਨਾ ਮੋੜ।'

ਭਾਈ ਤਿਲਕੂ ਚੁਪ ਰਿਹਾ, ਉਸ ਨੇ ਨਾ ਬੂਹਾ ਖੋਲ੍ਹਿਆ ਤੇ ਨਾ ਜੋਗੀ ਨੂੰ ਕੋਈ ਉੱਤਰ ਦਿਤਾ। ਜੋਗੀ ਬੋਲੀ ਗਿਆ। ਦਸ ਤੋਂ ਵੀਹ ਸਾਲ ਤੇ ਵੀਹ ਸਾਲ ਤੋਂ ਸਦੀਵੀ ਕਾਲ ਵਾਸਤੇ ਮੁਕਤੀ ਦਾਨ ਕਰਨ ਆ ਗਿਆ ਪਰ ਤਿਲਕੂ ਨੇ ਹਾਂ ਨਾ ਕੀਤੀ। ਉਹ ਆਪਣੇ ਗੁਰਦੇਵ ਦੇ ਚਰਨਾਂ ਨਾਲ ਲਿਵ ਜੋੜੀ ਮਗਨ ਬੈਠਾ ਸੀ।

'ਓ ਭਾਈ ਤਿਲਕੂ! ਦਰਵਾਜ਼ਾ ਖੋਲ੍ਹ ਮੈਂ ਤੇਰਾ ਦਰਸ਼ਨ ਕਰਨਾ ਚਾਹੁੰਦਾ ਹਾਂ, ਤੈਨੂੰ ਤੇਰੇ ਗੁਰੂ ਦਾ ਵਾਸਤਾ ਈ ਬੂਹਾ ਖੋਲ੍ਹ। ਮੈਂ ਮੁਕਤੀ ਨਹੀਂ ਦੇਂਦਾ, ਮੈਂ ਮਾੜਾ ਸਹੀ ਪਰ ਇਕ ਵਾਰ ਮੈਨੂੰ ਮਿਲ। ਤੇਰੇ ਨਾਲ ਚਾਰ ਗੱਲਾਂ ਕਰਨੀਆਂ ਹਨ' ਜੋਗੀ ਦਾ ਤਰਲਾ ਸੀ।

ਧੰਨ ਮੇਰਾ ਗੁਰੂ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਗੁਰਗੱਦੀ ਜਿਸ ਦੇ ਸਿੱਖ ਏਨੇ ਸਿਦਕਵਾਨ ਹਨ। ਰਿਧੀਆਂ ਸਿਧੀਆਂ ਬਖ਼ਸ਼ਣ ਵਾਲਾ ਜੋਗੀ ਅੱਜ ਸਿੱਖ ਤਿਲਕੂ ਦੇ ਤਰਲੇ ਕੱਢ ਰਿਹਾ ਹੈ ਜੋ ਉਸ ਨਾਲ ਇਕ ਗੱਲ ਕਰ ਲਵੇ। ਵਾਹਿਗੁਰੂ ਨੇ ਸਚੇ ਸਤਿਗੁਰਾਂ ਨੂੰ ਐਨੀਆਂ ਬਰਕਤਾਂ ਬਖ਼ਸ਼ੀਆਂ ਹਨ, ਪਰ ਨਾਸਤਕ ਮਨ ਅਜੇ ਵੀ ਮੰਨਦਾ ਨਹੀਂ। ਗੁਰੂ ਦਾ ਦਰ ਛੱਡ ਕੇ ਪਾਸੇ ਭਟਕਦਾ ਫਿਰਦਾ ਹੈ। ਜਦੋਂ ਕਿ ਗੁਰੂ ਘਰ ਨਾਲੋਂ ਸਾਰੇ ਨੀਵੇਂ ਹਨ। ਗੁਰੂ ਨਾਨਕ ਦੇਵ ਜੀ ਦੇ ਤੁਲ ਕੋਈ ਪੂਰਨ ਗੁਰੂ ਨਹੀਂ।

ਆਪਣੇ ਗੁਰੂ ਦਾ ਵਾਸਤਾ ਸੁਣ ਕੇ ਸਿਦਕੀ ਸਿਖ ਭਾਈ ਤਿਲਕੂ ਕੋਲੋਂ ਚੁਪ ਕਰਕੇ ਨਾ ਬੈਠਾ ਗਿਆ। ਉਸ ਨੇ ਆਸਨ ਛਡਿਆ ਪਰ ਵਾਹਿਗੁਰੂ ਨਾਮ ਦਾ ਸਿਮਰਨ ਨਾ ਛਡਿਆ, ਕੁੰਡਾ ਖੋਲ੍ਹ ਕੇ ਜੋਗੀ ਦੇ ਸਾਹਮਣੇ ਆ ਖਲੋਤਾ।

'ਕਹੀਏ ਜੋਗੀ ਜੀ! ਕਿਵੇਂ ਆਉਣੇ ਹੋਏ ਨੇ?' ਭਾਈ ਤਿਲਕੂ ਨੇ ਜੋਗੀ ਨੂੰ ਪੁਛਿਆ।

'ਭਾਈ ਤਿਲਕੂ! ਦਸ ਤੂੰ ਕਿਸ ਗੁਰੂ ਦਾ ਸਿੱਖ ਏਂ? ਮੈਂ ਤੇਰੇ ਗੁਰੂ ਨੂੰ ਦੇਖਣਾ ਚਾਹੁੰਦਾ ਹਾਂ, ਤੇਰਾ ਹਠ ਦੇਖ ਕੇ ਮੇਰੇ ਮਨ ਵਿਚ ਅਨੇਕਾਂ ਫੁਰਨੇ ਫੁਰ ਰਹੇ ਹਨ। ਕੀ ਤੂੰ ਮੈਨੂੰ ਆਪਣੇ ਗੁਰੂ ਕੋਲ ਲੈ ਚਲਦਾ ਹੈਂ?'

'ਹਾਂ। ਮੈਂ ਆਪਣੇ ਗੁਰੂ ਕੋਲ ਤੈਨੂੰ ਲੈ ਚਲਾਂਗਾ, ਜੇ ਤੂੰ ਸ਼ੁਧ ਮਨ ਨਾਲ ਜਾਣ ਨੂੰ ਤਿਆਰ ਹੈਂ। ਮੇਰਾ ਗੁਰੂ ਮੇਰਾ ਹੀ ਗੁਰੂ ਨਹੀਂ, ਉਹ ਜਗਤ ਗੁਰੂ ਹੈ। ਜਿਸ ਗੁਰੂ ਨੇ ਕਈਆਂ ਜੋਗੀਆਂ, ਸਿੱਧਾਂ ਨੂੰ ਭੁਲੇਖੇ ਵਿਚੋਂ ਕਢਿਆ। ਭੁਲਿਆਂ ਨੂੰ ਸਿਧੇ ਰਾਹ ਪਾਇਆ ਤੇ ਅਨੇਕਾਂ ਪਾਪੀਆਂ ਨੂੰ ਤਾਰਿਆ, ਮੈਂ ਜ਼ਰੂਰ ਤੁਸਾਂ ਨੂੰ ਸਤਿਗੁਰਾਂ ਪਾਸ ਲੈ ਜਾਵਾਂਗਾ।

## ਭਾਈ ਤਿਲਕੂ ਨੇ ਜੋਗੀ ਨੂੰ ਸਤਿਗੁਰੂ ਜੀ ਪਾਸ ਲੈ ਜਾਣਾ

ਅਗਲੇ ਦਿਨ ਭਾਈ ਤਿਲਕੂ ਨੇ ਜੋਗੀ ਨੂੰ ਨਾਲ ਤੋਰਿਆ ਤੇ ਦੋਵੇਂ ਸ੍ਰੀ ਅੰਮ੍ਰਿਤਸਰ ਜੀ ਨੂੰ ਤੁਰ ਪਏ। ਉਸ ਵੇਲੇ ਰੇਲ ਗੱਡੀਆਂ ਨਹੀਂ ਸਨ। ਲੰਮੇ ਤੋਂ ਲੰਮਾ ਸਫ਼ਰ ਘੋੜੇ, ਊਠ ਦੀ ਸਵਾਰੀ ਰਾਹੀਂ ਪੈਦਲ ਕੀਤਾ ਜਾਂਦਾ ਸੀ। ਭਾਈ ਤਿਲਕੂ ਤੇ ਜੋਗੀ ਪੈਦਲ ਹੀ ਤੁਰ ਪਏ। ਉਨ੍ਹਾਂ ਨਾਲ ਬਹੁਤ ਸਾਰੇ ਹੋਰ ਸਤਿਸੰਗੀ ਰਲ ਤੁਰੇ ਸਨ। ਗਿਆਨ ਚਰਚਾ ਕਰਦੇ ਕਰਾਉਂਦੇ ਮੰਜਲੋ ਮੰਜਲੀਂ ਤੁਰ ਆਏ। ਜਿਸ ਵੇਲੇ ਇਹ ਕਾਫ਼ਲਾ ਦਰਿਆ ਬਿਆਸ ਦੇ ਕਿਨਾਰੇ ਪੁੱਜਾ ਤਾਂ ਜੋਗੀ ਨੇ ਭਾਈ ਤਿਲਕੂ ਜੀ ਨੂੰ ਪੁਛਿਆ—

'ਪੁਰਸ਼ਾ! ਇਹ ਤਾਂ ਦਸ ਤੇਰੇ ਗੁਰੂ ਦੀ ਉਮਰ ਕਿੰਨੀ ਵਡੇਰੀ ਹੈ?'

'ਮੇਰੇ ਸਤਿਗੁਰੂ ਦੀ ਉਮਰ ਕੋਈ ਪੰਝੀ ਛੱਬੀ ਸਾਲ ਹੋਵੇਗੀ।' ਭਾਈ ਤਿਲਕੂ ਜੀ ਨੇ-ਉੱਤਰ ਦਿੱਤਾ—'ਪਰ ਇਹ ਪੁਛਣ ਦੀ ਲੋੜ ਕਿਉਂ ਭਾਸੀ? ਗਿਆਨ ਤੇ ਆਤਮਕ ਸ਼ਕਤੀ ਪ੍ਰਮਾਤਮਾ ਦੀ ਅਗੰਮੀ ਦਾਤ ਹੈ। ਇਹ ਪਤਾ ਨਹੀਂ ਕਿਹੜੇ ਸਮੇਂ ਕੋਲ ਆ ਜਾਣੀ ਹੈ।'

ਜੋਗੀ ਨੇ ਫੇਰ ਕਿਹਾ—'ਮੈਂ ਫੇਰ ਅਗੇ ਨਹੀਂ ਜਾਣਾ।'

'ਕਿਉਂ?' ਤਿਲਕੂ ਨੇ ਹੈਰਾਨ ਹੋ ਕੇ ਪੁਛਿਆ।

ਮੇਰੀ ਉਮਰ ਇਕ ਸੌ ਦਸ ਸਾਲ ਤੋਂ ਉਪਰ ਹੈ। ਮੈਂ ਵੀਹ ਪੰਝੀ ਸਾਲ ਦੇ ਗਭਰੂ ਅਗੇ ਸਿਰ ਝੁਕਾਵਾਂ? ਉਸ ਨੂੰ ਗੁਰੂ ਮੰਨਾਂ, ਇਹ ਕਿਵੇਂ ਹੋ ਸਕਦਾ ਹੈ। ਮੈਂ ਨਹੀਂ ਜਾਵਾਂਗਾ। ਮੈਨੂੰ ਪਿਛੇ ਮੁੜਨਾ ਹੀ ਚੰਗਾ ਹੈ।'

'ਦੇਖੋ ਜੋਗੀ!' ਭਾਈ ਤਿਲਕੂ ਸਮਝਾਉਣ ਲਗਾ—'ਕਿਸੇ ਦੇ ਗੁਣ ਦਾ ਪਤਾ ਉਸ ਦੇ ਕੋਲ ਜਾ ਕੇ ਲਗਦਾ ਹੈ। ਸਚੇ ਸਤਿਗੁਰੂ ਅੰਤਰਜਾਮੀ ਹਨ। ਉਨ੍ਹਾਂ ਨੂੰ ਤਿੰਨ ਲੋਕ ਦਾ ਗਿਆਨ ਹੈ। ਉਹ ਸਚੇ ਸਤਿਗੁਰੂ ਨਾਨਕ ਦੇਵ ਜੀ ਦੀ ਗੱਦੀ ਉਤੇ ਬਿਰਾਜੇ ਹੋਏ ਹਨ, ਚਲੋ ਚਲ ਕੇ ਦਰਸ਼ਨ ਕਰੋ—ਤੁਹਾਡੇ ਦਿਲ ਦੇ ਸਾਰੇ ਭਰਮ ਦੂਰ ਹੋ ਜਾਣਗੇ, ਉਹ ਜੀਵਨ ਦਾਤੇ ਹਨ—'*ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥ ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥੧੧੬॥*' ਇਸ ਵਾਸਤੇ ਆਪ ਨੂੰ ਯੋਗ ਨਹੀਂ ਪਿਛੇ ਮੁੜੋ।'

ਭਾਈ ਤਿਲਕੂ ਤੇ ਹੋਰ ਸਤਿਸੰਗੀਆਂ ਦੇ ਸਮਝਾਉਣ ਉਤੇ ਜੋਗੀ ਸੰਗ ਨਾਲ ਤੁਰ ਪਿਆ, ਪਰ ਉਸ ਦਾ ਦਿਲ ਭਾਰਾ ਹੋ ਗਿਆ। ਉਸ ਨੂੰ ਇਕ ਵਾਰ ਫਿਰ ਆਪਣੇ ਯੋਗ ਦੇ ਬਲ ਤੇ ਵਡੀ ਉਮਰ ਦਾ ਹੰਕਾਰ ਹੋ ਗਿਆ। ਉਸ ਨੇ ਮਨ ਹੀ ਮਨ ਫ਼ੈਸਲਾ ਕੀਤਾ ਕਿ ਉਹ ਸਚੇ ਸਤਿਗੁਰੂ ਦੀ ਪ੍ਰੀਖਿਆ ਕਰੇਗਾ। ਪਹਿਲਾਂ ਪ੍ਰੀਖਿਆ ਕਰਕੇ ਮੁੜ ਮੱਥਾ ਟੇਕੇਗਾ।

## ਜੋਗੀ ਗੁਰੂ ਜੀ ਦੀ ਚਰਨੀਂ ਡਿੱਗਾ

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਘਟ ਘਟ ਦੀ ਜਾਨਣਹਾਰ, ਪ੍ਰੇਮ ਦੇ ਪੁੰਜ ਦੀਨ ਦਿਆਲ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੀ ਦੇਖ ਭਾਲ ਕਰ ਰਹੇ ਸਨ। ਭਾਈ ਤਿਲਕੂ ਦੇ ਸ੍ਰੀ ਹਰਿਮੰਦਰ ਸਾਹਿਬ ਪੁਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਸੇਵਕਾਂ ਨੂੰ ਹੁਕਮ ਕੀਤਾ ਕਿ ਭਾਈ ਤਿਲਕੂ ਤੇ ਇਕ ਜੋਗੀ ਗੜ੍ਹਸ਼ੰਕਰ ਤੋਂ ਆ ਰਹੇ ਨੇ, ਉਨ੍ਹਾਂ ਨੂੰ ਇਕ ਨਵੇਕਲੇ ਤੰਬੂ ਵਿਚ ਬਿਠਾ ਦੇਣਾ ਤੇ ਮੇਰੇ ਕੋਲ ਨਾ ਆਉਣ ਦੇਣਾ। ਤੰਬੂ ਦੇ ਅੱਧ ਵਿਚ ਕਨਾਤ ਲਾ ਦੇਣੀ। ਐਸੀ ਕਨਾਤ ਜੋ ਇਕ ਦੂਸਰੇ ਪਾਸੇ ਦਿਸਣ ਨਾ ਦੇਵੇ। ਗੁਰੂ ਜੀ ਦੇ ਇਸ ਹੁਕਮ ਦੀ ਪਾਲਣਾ ਫੌਰਨ ਹੋ ਗਈ। ਮਸੰਦਾਂ ਨੇ ਭਾਈ ਤਿਲਕੂ ਤੇ ਜੋਗੀ ਨੂੰ ਮਿਥੇ ਤੰਬੂ ਵਿਚ ਬਿਠਾ ਦਿਤਾ। ਉਨ੍ਹਾਂ ਦੇ ਬੈਠਣ ਦੇ ਅੱਧੇ ਘੰਟੇ ਪਿਛੋਂ ਗੁਰੂ ਜੀ ਦੂਸਰੇ ਪਾਸਿਓਂ ਤੰਬੂ ਦੇ ਦੂਸਰੇ ਪਾਸੇ ਆ ਬਿਰਾਜੇ। ਕਨਾਤ ਦੇ ਵਿਚ ਦੀ ਸਤਿਗੁਰਾਂ ਜੋਗੀ ਨੂੰ ਪੁਛਿਆ—'ਜੋਗੀ ਜੀ! ਤੁਹਾਡਾ ਖੱਬਾ ਕੰਨ ਕਿਵੇਂ ਕਟਿਆ ਗਿਆ ਸੀ? ਇਸ ਦੀ ਪੂਰੀ ਕਹਾਣੀ ਕੀ ਹੈ?'

ਗੁਰੂ ਜੀ ਦਾ ਇਹ ਸੁਆਲ ਸੁਣਦੇ ਸਾਰ ਜੋਗੀ ਜੀ ਤ੍ਰਬਕ ਪਏ। ਉਨ੍ਹਾਂ

ਨੇ ਖੱਬੇ ਕੰਨ ਉਤੇ ਹੱਥ ਮਾਰਿਆ, ਕੰਨ ਉਨ੍ਹਾਂ ਦਾ ਪਹਿਲਾਂ ਕਟਿਆ ਹੋਇਆ ਸੀ। ਪਰ ਹੁਣ ਚੇਤਾ ਭੁਲਿਆ ਹੋਇਆ ਸੀ। ਗੁਰੂ ਜੀ ਦੇ ਯਾਦ ਕਰਾਉਣ ਤੇ ਕੰਨ ਦੇ ਕੱਟੇ ਜਾਣ ਦੀ ਵਾਰਤਾ ਚੇਤੇ ਆ ਗਈ, ਆਖਣ ਲਗੇ—'ਇਹ ਚਿਰ ਦੀ ਗੱਲ ਹੈ। ਸਿੰਧ ਸਾਗਰ ਵਿਚ ਮੈਂ ਬੇੜੇ ਉਤੇ ਚੜ੍ਹਿਆ ਜਾ ਰਿਹਾ ਸਾਂ। ਬੇੜਾ ਸ਼ੌਹ ਸਾਗਰ ਵਿਚ ਰੁਕ ਗਿਆ। ਤੂਫ਼ਾਨ ਆਇਆ, ਕਪਰਾਂ ਵਿਚ ਬੇੜਾ ਘਿਰ ਗਿਆ। ਮੁਖੀ ਮਲਾਹ ਨੇ ਸਲਾਹ ਦਿਤੀ ਕਿ ਸਾਗਰ ਕਿਸੇ ਮਨੁਖ ਦੀ ਬਲੀ ਮੰਗਦਾ ਹੈ। ਜਿੰਨੇ ਮੁਸਾਫ਼ਿਰ ਤੇ ਮਲਾਹ ਸਨ, ਉਨ੍ਹਾਂ ਵਿਚੋਂ ਮੈਨੂੰ ਹੀ ਸਿਰਫ਼ ਨਿਥਾਵਾਂ ਤੇ ਨਿਆਸਰਾ ਸਮਝ ਕੇ ਸਾਗਰ ਵਿਚ ਸੁਟ ਦਿਤਾ ਗਿਆ। ਮੇਰੇ ਸੁੱਟਣ ਪਿਛੋਂ ਤੂਫ਼ਾਨ ਰੁਕ ਗਿਆ। ਬੇੜਾ ਅਗੇ ਤੁਰ ਕੇ ਪਾਰ ਜਾ ਲਗਾ, ਪਰ ਮੈਂ ਸਾਗਰ ਵਿਚ ਹੀ ਗੋਤੇ ਖਾਂਦਾ ਰਿਹਾ। ਪਾਣੀ ਦੀਆਂ ਛੱਲਾਂ ਦਾ ਮਾਰਿਆ ਕੁਟਿਆ ਹੋਇਆ ਮੈਂ ਬੇਸੁਰਤ ਹੋ ਗਿਆ। ਉਸ ਵੇਲੇ ਪਤਾ ਨਹੀਂ ਕਿਸ ਜਾਨਵਰ ਨੇ ਮੇਰਾ ਖੱਬਾ ਕੰਨ ਤੋੜ ਖਾਧਾ। ਕੰਨ ਵਿਚ ਮੁੰਦਰਾ ਸੀ, ਉਹ ਵੀ ਨਾਲ ਗਈ। ਤੀਸਰੇ ਦਿਨ ਮੈਂ ਕਿਨਾਰੇ ਲਗਾ, ਇਹ ਕੰਨ ਪਾਟੇ ਦੀ ਕਥਾ ਹੈ।'

'ਕਿੰਨੇ ਸਾਲ ਹੋਏ ਨੇ ?' ਗੁਰੂ ਜੀ ਨੇ ਪੁਛਿਆ।

'ਘਟ ਤੋਂ ਘਟ ਪੰਜਾਹ ਕੁ ਸਾਲ ਦੀ ਗੱਲ ਹੋਵੇਗੀ।' ਜੋਗੀ ਦਾ ਉੱਤਰ ਸੀ।

ਗੁਰੂ ਜੀ ਨੇ ਆਖਿਆ—'ਕਨਾਤ ਦੇ ਹੇਠੋਂ ਦੀ ਹੱਥ ਕਰਕੇ ਇਹ ਮੁੰਦਰਾ ਫੜੋ। ਦੇਖੋ ਇਹ ਤੁਹਾਡਾ ਹੀ ਤਾਂ ਨਹੀਂ।' ਜੋਗੀ ਨੇ ਧੜਕਦੇ ਦਿਲ ਨਾਲ ਹੱਥ ਹੇਠਾਂ ਕੀਤਾ, ਗੁਰੂ ਜੀ ਨੇ ਉਨ੍ਹਾਂ ਦੀ ਤਲੀ ਉਤੇ ਇਕ ਮੁੰਦਰਾ ਰਖਿਆ। ਉਹ ਮੁੰਦਰਾ ਦੇਖ ਕੇ ਜੋਗੀ ਦੇ ਦਿਲ ਦੇ ਸਾਰੇ ਭਰਮ ਦੂਰ ਹੋ ਗਏ। ਗੁਰੂ ਜੀ ਦੀ ਆਤਮਿਕ ਸ਼ਕਤੀ ਤੇ ਇਲਾਹੀ ਬਰਕਤ ਨੂੰ ਮੰਨ ਕੇ ਡਡਿਆ ਉਠਿਆ—'ਦਾਤਾ ਜੀ ਬਖ਼ਸ਼ੋ ! ਮੈਂ ਭੁਲਿਆ, ਮੈਂ ਭਰਮ ਕੀਤਾ। ਮੈਂ ਆਪ ਨੂੰ ਸੱਚਾ ਸਤਿਗੁਰੂ ਮੰਨਦਾ ਹਾਂ, ਮੈਨੂੰ ਦਰਸ਼ਨ ਦਿਓ। ਮੈਨੂੰ ਨਿਹਾਲ ਕਰੋ।' ਕਨਾਤ ਚੁੱਕੀ ਗਈ, ਜੋਗੀ ਪੰਚਮ ਪਾਤਸ਼ਾਹ ਦੇ ਚਰਨੀਂ ਡਿਗ ਕੇ ਗੁਰੂ ਜੀ ਦਾ ਸਿਖ ਬਣਿਆ। ਦਿਲ ਦੇ ਭਰਮ ਦੂਰ ਕਰਕੇ ਚੁਰਾਸੀ ਦੇ ਗੇੜ ਵਿਚੋਂ ਉਸ ਨੇ ਛੁਟਕਾਰਾ ਪਾਇਆ, ਭਾਈ ਤਿਲਕੂ ਜੀ ਦੇ ਸਿਦਕ ਤੇ ਗੁਰ ਪ੍ਰੀਤ ਦੀ ਵਡਿਆਈ ਹੋਣ ਲਗੀ।

# ੭੪. ਪ੍ਰਸੰਗ ਭਾਈ ਦੀਪਾ ਜੀ

ਨਵਾਂ ਭਗਤੀ ਤੇ ਸ਼ਹੀਦੀ ਜੀਵਨ ਬਖ਼ਸ਼ਣ ਵਾਲੇ ਪਿਤਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਵਿਚ ਰੁਝੇ ਸਨ। ਗਰਮੀਆਂ ਦੇ ਦਿਨ ਸਨ, ਭਾਦਰੋਂ ਦਾ ਪਹਿਲਾ ਹਫ਼ਤਾ ਬੀਤ ਚੁੱਕਾ ਸੀ, ਇਕ ਰਾਤ ਗਰਮੀ ਬਹੁਤ ਸੀ, ਵੱਟ ਤੇ ਮੱਛਰ ਲੋਕਾਂ ਨੂੰ ਆਰਾਮ ਨਾਲ ਸੌਣ ਨਹੀਂ ਸਨ ਦੇਂਦੇ। ਹਰਿਮੰਦਰ ਸਾਹਿਬ ਜੀ ਦੀ ਸੇਵਾ ਕਰਨ ਵਾਸਤੇ ਸੰਗਤ ਬਹੁਤ ਜੁੜੀ ਹੋਈ ਸੀ। ਥਾਉਂ ਥਾਈਂ ਬੈਠੇ ਇਸਤਰੀ ਪੁਰਸ਼ ਹੱਥਾਂ ਵਿਚ ਪੱਖਾ ਝੱਲ ਕੇ ਆਰਾਮ ਕਰਨ ਦਾ ਯਤਨ ਕਰ ਰਹੇ ਸਨ।

ਚਾਦਰ ਦੀ ਬੁੱਕਲ ਮਾਰ ਕੇ ਗੁਰੂ ਜੀ ਰਾਤ ਨੂੰ ਟਹਿਲਣ ਨਿਕਲੇ। ਸੰਗਤ ਵਿਚ ਫਿਰਦਿਆਂ ਹੋਇਆਂ ਉਨ੍ਹਾਂ ਦੇਖਿਆ ਕਿ ਉਨ੍ਹਾਂ ਦਾ ਸੇਵਕ ਭਾਈ ਦੀਪਾ ਪੱਖੇ ਦੀ ਸੇਵਾ ਕਰ ਰਿਹਾ ਸੀ, ਜਿਥੇ ਕੋਈ ਸੁੱਤਾ ਜਾਂ ਬੈਠਾ ਹੋਇਆ ਦੇਖਦਾ ਉਥੇ ਹੀ ਪੱਖਾ ਜਾ ਝਲਦਾ। ਉਸ ਦੀ ਨਿਸ਼ਕਾਮ ਸੇਵਾ ਦੇਖ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਪਰ ਪ੍ਰਸੰਨਤਾ ਨੂੰ ਪ੍ਰਗਟ ਨਹੀਂ ਕੀਤਾ, ਚੁਪ ਚਾਪ ਫਿਰਦੇ ਫਿਰਾਂਦੇ ਆਪਣੇ ਮਕਾਨ ਤੇ ਆ ਬਿਰਾਜੇ।

ਤੜਕੇ ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਹੋਇਆ। ਸੰਗਤ ਦੀਵਾਨ ਵਿਚ ਆ ਬੈਠੀ। ਭਾਈ ਦੀਪਾ ਵੀ ਪੱਖਾ ਲੈ ਕੇ ਹਾਜ਼ਰ ਹੋਇਆ। ਰਾਤ ਸੁੱਤਾ ਨਹੀਂ। ਨਾ ਅਕਿਆ ਤੇ ਨਾ ਥਕਿਆ। ਹੱਥ ਨਾਲ ਪੱਖਾ ਝਲੀ ਗਿਆ ਤੇ ਮਨ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰੀ ਗਿਆ। ਦਿਨ ਚੜ੍ਹੇ ਕੀਰਤਨ ਦਾ ਭੋਗ ਪਿਆ। ਗੁਰੂ ਜੀ ਨੇ ਭਾਈ ਦੀਪੇ ਨੂੰ ਕੋਲ ਸੱਦਿਆ। ਕੋਲ ਸੱਦ ਕੇ ਆਖਿਆ—'ਸਿੱਖਾ! ਤੂੰ ਧੰਨ ਹੈਂ! ਮੈਂ ਬਹੁਤ ਖ਼ੁਸ਼ ਹਾਂ। ਮਾਲਕ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ। ਮੈਂ ਸੁਣਿਆ ਹੈ ਭੁਖੇ ਨੰਗੇ ਮਾੜੇ ਬੀਮਾਰ ਮਨੁਖ ਦੀ ਤੂੰ ਯੋਗ ਸੇਵਾ ਕਰਦਾ ਹੈਂ। ਜ਼ਬਾਨੋਂ ਵਾਹਿਗੁਰੂ ਦਾ ਸਿਮਰਨ ਅਤੇ ਹੱਥਾਂ ਪੈਰਾਂ ਨਾਲ ਮਨੁਖ ਦੀ ਸੇਵਾ ਕਰਨਾ ਹੀ ਸੱਚਾ ਧਰਮ ਹੈ। ਮੈਂ ਬਹੁਤ ਨਿਹਾਲ ਹਾਂ। ਤੇਰਾ ਚੰਗਾ ਜੀਵਨ ਹੋਰ ਸਿਖਾਂ ਨੂੰ ਸਿਖਿਆ ਦੇਵੇਗਾ। ਇਹ ਦੀਪਕ ਦੀ ਤਰ੍ਹਾਂ ਹੈ ਜੋ ਹਨੇਰੇ ਵਿਚ ਚਾਨਣ

ਕਰਦਾ ਹੈ ।

ਗੁਰੂ ਜੀ ਨੇ ਭਾਈ ਦੀਪੇ ਨੂੰ ਅਨੇਕਾਂ ਵਰ ਦਿਤੇ । ਭਾਈ ਦੀਪਾ ਸਚਮੁਚ ਹੀ ਨਿਹਾਲ ਹੋਣ ਦੇ ਯੋਗ ਸੀ । ਉਸ ਨੇ ਇਕ ਦਿਨ ਬਚਨ ਸੁਣਿਆ ਕਿ ਪ੍ਰਮਾਤਮਾ ਮੂਰਤਾਂ ਵਿਚ ਨਹੀਂ ਸਗੋਂ ਖ਼ਲਕਤ (ਮਨੁਖਾਂ ਤੇ ਜੀਵਾਂ) ਵਿਚ ਹੈ। ਦੁਖੀਆਂ ਤੇ ਲੋੜਵੰਦਾਂ ਦੀ ਸੇਵਾ ਕਰਨ ਨਾਲ ਵਾਹਿਗੁਰੂ ਜੀ ਦੀ ਸੇਵਾ ਜਾਂ ਭਗਤੀ ਹੁੰਦੀ ਹੈ । ਉਸ ਦਿਨ ਤੋਂ ਮਨੁਖ ਸੇਵਾ ਵਿਚ ਰੁਝ ਗਿਆ । ਭੁਖੇ ਨੂੰ ਰੋਟੀ ਨੰਗੇ ਨੂੰ ਕਪੜਾ ਪੈਰੋਂ ਨੰਗੇ ਨੂੰ ਜੁੱਤੀ ਦੇਂਦਾ । ਜੇ ਕਦੀ ਸਿਆਲ ਨੂੰ ਦੇਖਦਾ ਕਿ ਕੋਈ ਗ਼ਰੀਬ ਰਜਾਈ ਤੋਂ ਬਿਨਾਂ ਕਿਸੇ ਰਾਹ ਵਿਚ ਸੁੰਗੜ ਕੇ ਪਿਆ ਹੈ ਤਾਂ ਉਸ ਨੂੰ ਆਪਣੀ ਰਜਾਈ ਦੇ ਦਿੰਦਾ । ਆਪ ਕਿਤੇ ਅੱਗ ਸੇਕ ਕੇ ਰਾਤ ਕੱਟ ਲੈਂਦਾ । ਗਰਮੀਆਂ ਨੂੰ ਪਾਣੀ ਤੇ ਪੱਖੇ ਦੀ ਸੇਵਾ ਕਰਦਾ। ਸਿਮਰਨ ਤੇ ਸੇਵਾ ਵਿਚ ਰੁਝਿਆਂ ਉਸ ਨੂੰ ਨੀਂਦ ਵੀ ਨਾ ਆਉਂਦੀ । ਉਹ ਗੁਰੂ ਜੀ ਦਾ ਸੱਚਾ ਸੇਵਕ ਸੀ । ਸਚੇ ਸੇਵਕਾਂ ਦਾ ਇਥੇ ਸਤਿਕਾਰ ਹੁੰਦਾ ਹੈ ਤੇ ਦਰਗਾਹੇ ਉਹਨਾਂ ਨੂੰ ਬੈਕੁੰਠ ਧਾਮ ਵਿਚ ਵਾਸਾ ਮਿਲਦਾ ਹੈ । ਹਰ ਸਿੱਖ ਨੂੰ ਭਾਈ ਦੀਪਾ ਜੀ ਵਾਂਗ ਸੇਵਾ ਕਰਨੀ ਚਾਹੀਦੀ ਹੈ । ਮਨੁਖਤਾ ਦੀ ਸੇਵਾ ਹੀ ਈਸ਼ਵਰ ਭਗਤੀ ਤੇ ਕਲਿਆਣ ਦਾ ਚੰਗਾ ਸਾਧਨ ਹੈ ।

# ੭੫. ਪ੍ਰਸੰਗ ਭਾਈ ਸਮੁੰਦਾ ਜੀ

*ਅਨਦਿਨੁ ਸਿਮਰਹੁ ਤਾਸੁ ਕਉ ਜੋ ਅੰਤਿ ਸਹਾਈ ਹੋਇ ॥ ਇਹ ਬਿਖਿਆ ਦਿਨ ਚਾਰਿ ਛਿਅ ਛਾਡਿ ਚਲਿਓ ਸਭੁ ਕੋਇ ॥ ਕਾ ਕੋ ਮਾਤ ਪਿਤਾ ਸੁਤ ਧੀਆ ॥ ਗ੍ਰਿਹ ਬਨਿਤਾ ਕਛੁ ਸੰਗਿ ਨ ਲੀਆ ॥ ਐਸੀ ਸੰਚਿ ਜੁ ਬਿਨਸਤ ਨਾਹੀ ॥ ਪਤਿ ਸੇਤੀ ਅਪੁਨੈ ਘਰਿ ਜਾਹੀ ॥ ਸਾਧਸੰਗਿ ਕਲਿ ਕੀਰਤਨੁ ਗਾਇਆ ॥ ਨਾਨਕ ਤੇ ਤੇ ਬਹੁਰਿ ਨ ਆਇਆ ॥੧੫॥*

*(ਬਾਵਨ ਅਖਰੀ ਮਹਲਾ ੫)*

ਪ੍ਰਮਾਰਥ—ਉਸ ਵਾਹਿਗੁਰੂ ਨੂੰ ਰਾਤ ਦਿਨੇ ਸਿਮਰੋ ਜੋ ਅੰਤ ਵੇਲੇ ਸਹਾਈ ਹੁੰਦਾ ਹੈ । ਇਹ ਜੋ ਮਾਇਆ ਨਾਲ ਪੈਦਾ ਕੀਤੀਆਂ ਖ਼ੁਸ਼ੀਆਂ (ਵਿਸ਼ੇ ਵਿਕਾਰ ਆਦਿਕ) ਇਹ ਨਾਲ ਨਹੀਂ ਜਾਂਦੀਆਂ । ਇਹ ਤਾਂ ਥੋੜ੍ਹੇ ਦਿਨ ਹਨ । ਮਾਂ ਬਾਪ ਇਸਤਰੀ ਧੀਆਂ ਪੁੱਤਰ ਇਹ ਵੀ ਸਾਥ ਨਹੀਂ ਜਾਂਦੇ । ਐਸਾ ਧਨ ਇਕੱਠਾ ਕਰਨਾ ਚਾਹੀਦਾ ਹੈ ਜੋ ਸਾਥ ਚਲੇ । ਉਹ ਵਾਹਿਗੁਰੂ ਦਾ ਸਿਮਰਨ ਹੈ । ਵਾਹਿਗੁਰੂ

ਸਿਮਰਨ ਤੋਂ ਬਿਨਾਂ ਕੋਈ ਸ਼ੈ ਨਾਲ ਨਹੀਂ ਜਾਣੀ, ਜਿਸ ਪੁਰਸ਼ ਨੇ ਸਤਿਸੰਗ ਵਿਚ ਬੈਠ ਕੇ ਹਰੀ ਕੀਰਤਨ ਗਾਇਆ ਤੇ ਵਾਹਿਗੁਰੂ ਦਾ ਸਿਮਰਨ ਕੀਤਾ ਹੈ ਗੁਰੂ ਜੀ ਆਖਦੇ ਹਨ ਉਹ ਮੁੜ ਕੇ ਜਨਮ ਵਿਚ ਨਹੀਂ ਆਉਂਦਾ। ਉਸ ਦਾ ਜਨਮ ਮਰਨ ਕਟਿਆ ਜਾਂਦਾ ਹੈ ਉਹ ਮੁਕਤ ਹੋ ਜਾਂਦਾ ਹੈ।

ਭਾਈ ਸਮੁੰਦਾ ਗੁਰੂ ਜੀ ਦਾ ਸਿੱਖ ਬਣਿਆ। ਸਿੱਖ ਬਣਨ ਤੋਂ ਪਹਿਲਾਂ ਉਸ ਦਾ ਜੀਵਨ ਮਾਇਆਵਾਦੀ ਸੀ। ਉਹ ਧਨ ਇਕੱਠਾ ਕਰਦਾ, ਇਸਤਰੀ ਨਾਲ ਪਿਆਰ ਕਰਦਾ ਸੀ। ਇਸਤਰੀ ਵਾਸਤੇ ਲੀੜੇ ਗਹਿਣੇ ਤੇ ਖ਼ੁਸ਼ੀਆਂ ਦਾ ਸਾਮਾਨ ਲਿਆਉਂਦਾ। ਧੀਆਂ ਪੁੱਤਰਾਂ ਨਾਲ ਮੋਹ ਸੀ। ਕਦੀ ਕਿਸੇ ਧਾਰਮਿਕ ਅਸਥਾਨ ਉਤੇ ਨਾ ਪਹੁੰਚਦਾ। ਵਾਹਿਗੁਰੂ ਹੈ ਕਿ ਨਹੀਂ ? ਇਹ ਸਵਾਲ ਉਸਦੇ ਮਨ ਵਿਚ ਕਦੀ ਫੁਰਿਆ ਹੀ ਨਹੀਂ ਸੀ। ਜੇ ਕਿਤੇ ਚਾਰ ਛਿਲੜ ਗੁਆਚ ਜਾਂਦੇ ਤਾਂ ਉਸ ਦੀ ਆਤਮਾ ਦੁਖੀ ਹੁੰਦੀ। ਉਹ ਦੋ ਦੋ ਦਿਨ ਰੋਟੀ ਨਾ ਖਾਂਦਾ। ਧਨ ਇਕੱਠਾ ਕਰਨਾ ਉਸ ਦਾ ਪਰਮ ਧਰਮ ਸੀ।

ਇਕ ਦਿਨ ਭੁਲੇਖੇ ਨਾਲ ਗੁਰਮੁਖਾਂ ਦੀ ਸੰਗਤ ਵਿਚ ਬੈਠ ਗਿਆ। ਇਕ ਗੁਰਮੁਖ ਨੇ ਉਪਰੋਕਤ ਸ਼ਬਦ ਪੜ੍ਹਿਆ ਤੇ ਨਾਲ ਹੀ ਸ਼ਬਦ ਦੀ ਵਿਆਖਿਆ ਕੀਤੀ। ਸ਼ਬਦ ਦੇ ਭਾਵ ਨੇ ਭਾਈ ਸਮੁੰਦੇ ਦੀ ਆਤਮਾ ਉਤੇ ਕਾਬੂ ਪਾ ਲਿਆ। ਉਸ ਦੀ ਬੁਧੀ ਜਾਗ ਪਈ। ਉਹ ਸੋਚਣ ਲਗਾ ਕਿ ਜੋ ਕੁਝ ਮੈਂ ਕਰ ਰਿਹਾ ਹਾਂ ਇਹ ਚੰਗਾ ਹੈ ਜਾਂ ਜੋ ਕੁਝ ਗੁਰਮੁਖ ਆਖਦੇ ਹਨ ਇਹ ਚੰਗਾ ? ਉਹ ਬੌਂਦਲਿਆ ਜਿਹਾ ਹੋ ਗਿਆ। ਉਠ ਕੇ ਘਰ ਗਿਆ, ਰੋਟੀ ਖਾਣ ਨੂੰ ਚਿਤ ਨਹੀਂ ਕੀਤਾ, ਰਾਤ ਨੂੰ ਸੁੱਤਾ ਨੀਂਦ ਨਹੀਂ ਆਈ, ਰਾਤ ਦੇ ਬਾਰ੍ਹਾਂ ਵਜ ਗਏ ਨੀਂਦ ਨਹੀਂ ਆਈ, ਜਿਥੇ ਪਹਿਲਾਂ ਪਹਿਲ ਰਾਤੀਂ ਘੂਕ ਸੌਂ ਜਾਂਦਾ। ਉਹ ਸੋਚੀਂ ਪਿਆ, ਮਾਇਆ ਇਕੱਠੀ ਕਰਨੀ ਚੰਗੀ ਹੈ ਜਾਂ ਨਹੀਂ ? ਇਸਤਰੀ ਧੀਆਂ ਪੁੱਤਰਾਂ ਦਾ ਸਬੰਧ ਕਿਥੋਂ ਤਕ ਹੈ ? ਉਸ ਦੀਆਂ ਅੱਖਾਂ ਅਗੇ ਕਈ ਝਾਕੀਆਂ ਆਈਆਂ। ਇਕ ਇਹ ਝਾਕੀ ਵੀ ਆਈ ਕਿ ਕੋਈ ਮਰ ਗਿਆ। ਉਸ ਦੇ ਪੁੱਤਰਾਂ ਨੂੰਹਾਂ ਧੀਆਂ ਤੇ ਇਸਤਰੀ ਉਸ ਨੂੰ ਸਾੜ ਕੇ ਘਰ ਆ ਗਏ। ਚਾਰ ਦਿਨ ਪਿਛੋਂ ਕਿਸੇ ਨੇ ਉਸ ਦਾ ਨਾਮ ਨਾ ਲਿਆ, ਉਹ ਭੁਲ ਗਏ। ਸਮੁੰਦੇ ਨੂੰ ਆਪਣਾ ਮਾਂ ਬਾਪ ਵੀ ਚੇਤੇ ਆਇਆ ਉਹ ਉਸ ਕੋਲੋਂ ਤੁਰ ਗਏ। ਚਾਰ ਦਿਨ ਦੇ ਦੁਖ ਪਿਛੋਂ ਭੁਲ ਗਏ। ਇਉਂ ਉਹ ਸੌਂ ਗਿਆ। ਸੁੱਤੇ ਨੂੰ ਸੁਪਨਾ ਆਇਆ

ਜੋ ਬਹੁਤ ਭਿਆਨਕ ਸੀ। ਉਸ ਨੇ ਦੇਖਿਆ ਉਹ ਬੀਮਾਰ ਹੋ ਜਾਂਦਾ ਹੈ। ਬੀਮਾਰੀ ਵੇਲੇ ਉਸ ਦੇ ਧੀਆਂ ਪੁੱਤਰ ਇਸਤਰੀ ਅਤੇ ਸਾਕ ਅੰਗ ਉਸ ਦੇ ਕੋਲ ਆਉਂਦੇ ਹਨ। ਪਹਿਲਾਂ ਪਹਿਲਾਂ ਹਿੱਤ ਕਰਦੇ ਨੇ, ਹੌਲੀ ਹੌਲੀ ਜਿਉਂ ਜਿਉਂ ਬੀਮਾਰੀ ਵਧਦੀ ਜਾਂਦੀ ਹੈ, ਤਿਉਂ-ਤਿਉਂ ਸਾਰਿਆਂ ਦਾ ਹਿੱਤ ਘਟਦਾ ਜਾਂਦਾ ਹੈ। ਆਖ਼ਰ ਵੇਲਾ ਆ ਜਾਂਦਾ ਹੈ ਕਿ ਜਮਦੂਤ ਉਸ ਦੀ ਜਾਨ ਕੱਢਣ ਵਾਸਤੇ ਆਉਂਦੇ ਨੇ ਉਨ੍ਹਾਂ ਦੀਆਂ ਭੈੜੀਆਂ ਸ਼ਕਲਾਂ ਦੇਖ ਕੇ ਉਹ ਭੈ ਭੀਤ ਹੋ ਜਾਂਦਾ ਹੈ। ਇਸਤਰੀ ਨੂੰ ਆਖਦਾ ਹੈ ਕਿ ਮੇਰੀ ਸਹਾਇਤਾ ਕਰ, ਮੈਨੂੰ ਜਮਾਂ ਕੋਲੋਂ ਬਚਾ। ਉਹ ਅਗੋਂ ਰੋਂਦੀ ਹੋਈ ਸਿਰ ਫੇਰ ਦਿੰਦੀ ਹੈ ਕਿ ਉਹ ਬਚਾ ਨਹੀਂ ਸਕਦੀ। ਜਮ ਉਸ ਦੀ ਰੂਹ ਨੂੰ ਮਾਰਦੇ ਕੁੱਟਦੇ ਹੋਏ ਧਰਮ ਰਾਜ ਕੋਲ ਲੈ ਜਾਂਦੇ ਹਨ। ਧਰਮਰਾਜ ਆਖਦਾ ਹੈ—'ਇਹ ਮਹਾਂ ਪਾਪੀ ਹੈ। ਇਸ ਨੇ ਸਾਰੇ ਜੀਵਨ ਵਿਚ ਕਦੀ ਸਿਮਰਨ ਨਹੀਂ ਕੀਤਾ, ਨੇਕੀ ਨਹੀਂ ਖੱਟੀ, ਇਸ ਮਹਾਂ ਪਾਪੀ ਨੂੰ ਅੱਗ ਨਰਕ ਵਿਚ ਸੁਟੋ! ਜਿਥੇ ਇਹ ਜਨਮ ਸੜਦਾ ਰਹੇਗਾ। ਸੁਟੋ! ਸੁਟੋ! ਮਹਾਂ ਪਾਪੀ ਹੈ।' ਧਰਮਰਾਜ ਦਾ ਇਹ ਹੁਕਮ ਸੁਣ ਕੇ ਜਮ ਉਸ ਨੂੰ ਅੱਗ ਨਰਕ ਵਲ ਧੂਹ ਤੁਰੇ। ਜਦੋਂ ਨਰਕ ਦੇ ਨੇੜੇ ਪੁੱਜਾ ਤਾਂ ਸਮੁੰਦੇ ਨੇ ਦੇਖਿਆ— ਬਹੁਤ ਭਿਆਨਕ ਅੱਗ ਬਲ ਰਹੀ ਸੀ, ਉਸ ਦਾ ਸੇਕ ਦੂਰ ਦੂਰ ਤੱਕ ਜਾਂਦਾ ਸੀ, ਲਾਗੇ ਪੁੱਜਣ ਤੋਂ ਪਹਿਲਾਂ ਹੀ ਸਭ ਚੀਜ਼ ਸੜ ਜਾਂਦੀ ਸੀ। ਸਮੁੰਦੇ ਨੇ ਦੇਖਿਆ ਤੇ ਸੁਣਿਆ ਕਿ ਕਈ ਮਹਾਂ ਪਾਪੀ ਉਸ ਨਰਕ ਭਠ ਵਿਚ ਸੜ ਕੇ ਕੁਰਲਾ ਰਹੇ ਸਨ। ਸਮੁੰਦਾ ਦਹਿਲ ਗਿਆ। ਜਦੋਂ ਜਮ ਉਸ ਨੂੰ ਚੁੱਕ ਕੇ ਅੱਗ ਵਿਚ ਸੁਟਣ ਲਗੇ ਤਾਂ ਉਸ ਦੀ ਡਾਡ ਨਿਕਲ ਗਈ। ਉਸ ਡਾਡ ਨਾਲ ਹੀ ਉਸ ਦੀ ਨੀਂਦ ਖੁਲ੍ਹ ਗਈ, ਉਹ ਤ੍ਰਬਕ ਕੇ ਉਠ ਬੈਠਾ। ਅੱਖਾਂ ਮਲ ਕੇ ਉਸ ਨੇ ਦੇਖਿਆ ਉਹ ਨਰਕਾਂ ਵਿਚ ਨਹੀਂ ਸਗੋਂ ਆਪਣੇ ਘਰ ਬੈਠਾ ਹੈ। ਉਹ ਮਰਿਆ ਨਹੀਂ ਜੀਉਂਦਾ ਹੈ ਪਰ ਉਸ ਦਾ ਕਲੇਜਾ ਐਨਾ ਜ਼ੋਰ ਨਾਲ ਧੜਕੀ ਜਾਂਦਾ ਸੀ ਕਿ ਸਾਹ ਆਉਣਾ ਵੀ ਮੁਸ਼ਕਲ ਹੋ ਗਿਆ ਸੀ, ਸਾਰਾ ਮੁੜ੍ਹਕੇ ਨਾਲ ਸਿਲ੍ਹਾ ਹੋ ਗਿਆ।

ਸਮੁੰਦਾ ਮੰਜੀ ਤੋਂ ਉਠ ਬੈਠਾ! ਅਜੇ ਰਾਤ ਸੀ, ਅਸਮਾਨ ਉਤੇ ਤਾਰੇ ਹੱਸ ਰਹੇ ਸਨ। ਘਰ ਦੇ ਤੇ ਆਂਢੀ ਗੁਆਂਢੀ ਸਭ ਸੁੱਤੇ ਪਏ ਸੀ। ਚਾਰੇ ਪਾਸੇ ਚੁੱਪ ਸੀ। ਉਸ ਚੁੱਪ ਤੇ ਹਨੇਰੇ ਵਿਚ ਸਮੁੰਦਾ ਘਰੋਂ ਨਿਕਲਿਆ। ਜਿਸ ਤਰ੍ਹਾਂ

ਕਿਸੇ ਦੇ ਘਰੋਂ ਚੋਰ ਨਿਕਲਦਾ ਹੈ, ਦਬੇ ਪੈਰ, ਧੜਕਦੇ ਦਿਲ, ਕਾਹਲੀ ਕਾਹਲੀ ਸਮੁੰਦਾ ਉਸ ਟਿਕਾਣੇ ਪੁੱਜਾ ਜਿਥੇ ਗੁਰਮੁਖ ਆਏ ਹੋਏ ਸੀ, ਉਹ ਗੁਰਮੁਖ ਜਾਗ ਰਹੇ ਸਨ। ਪਿਛਲੀ ਰਾਤ ਸਮਝ ਕੇ ਉਠੇ ਸਨ ਤੇ ਇਸ਼ਨਾਨ ਕਰ ਰਹੇ ਸੀ। ਇਸ਼ਨਾਨ ਕਰਕੇ ਉਨ੍ਹਾਂ ਰਬੀ ਭਜਨ ਕਰਨਾ ਸ਼ੁਰੂ ਕਰ ਦਿੱਤਾ। ਘਬਰਾਇਆ ਹੋਇਆ ਸਮੁੰਦਾ ਉਨ੍ਹਾਂ ਕੋਲ ਬੈਠਾ ਰਿਹਾ, ਬੈਠੇ ਬੈਠੇ ਨੂੰ ਦਿਨ ਚੜ੍ਹ ਗਿਆ। ਦਿਨ ਚੜ੍ਹੇ ਉਨ੍ਹਾਂ ਗੁਰਮੁਖਾਂ ਦੇ ਚਰਨੀਂ ਡਿਗ ਕੇ ਇਉਂ ਕੁਰਲਾਉਣ ਤੇ ਬੇਨਤੀਆਂ ਕਰਨ ਲੱਗਾ—'ਮੈਨੂੰ ਆਪਣੇ ਗੁਰੂ ਕੋਲ ਲੈ ਚਲੋ! ਮੈਂ ਪਾਪੀ ਹਾਂ! ਮੈਨੂੰ ਨਰਕਾਂ ਦਾ ਡਰ ਹੈ। ਮੈਂ ਕਿਵੇਂ ਬਖ਼ਸ਼ਿਆ ਜਾਵਾਂਗਾ। ਮੈਨੂੰ ਸਵਰਗ ਦਾ ਰਾਹ ਦਸੋ। ਨਰਕਾਂ ਦੀ ਭਿਆਨਕ ਅੱਗ ਤੋਂ ਬਚਾਓ! ਸੰਤ ਜਗਤ ਦੇ ਰਖਯਕ ਹੁੰਦੇ ਹਨ। ਭੁੱਲਿਆਂ ਨੂੰ ਰਾਹੇ ਪਾਉਂਦੇ ਹਨ।'

ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਿੱਖ ਸਨ। ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਵਾਸਤੇ ਨਗਰ ਵਿਚੋਂ ਸਾਮਾਨ ਇਕੱਠਾ ਕਰ ਰਹੇ ਸਨ। ਉਨ੍ਹਾਂ ਨੇ ਭਾਈ ਸਮੁੰਦੇ ਦੀ ਬੇਨਤੀ ਸੁਣੀ। ਉਸ ਨੂੰ ਧੀਰਜ ਦਿੱਤਾ, ਆਖਿਆ—'ਪੁਰਖਾ! ਸਵੇਰੇ ਅਸਾਡੇ ਨਾਲ ਚੱਲੀਂ, ਉਥੇ ਜਗਤ ਰਖਯਕ ਗੁਰੂ ਜੀ ਹਨ। ਉਹਨਾਂ ਦੇ ਦਰਸ਼ਨ ਕਰੀਂ ਤਾਂ ਉਧਾਰ ਹੋਵੇਗਾ।'

ਅਗਲੇ ਦਿਨ ਭਾਈ ਸਮੁੰਦਾ ਸਿੱਖਾਂ ਦੇ ਨਾਲ 'ਚੱਕ ਰਾਮਦਾਸਪੁਰ ਪੁਜਾ, ਅਗੇ ਦੀਵਾਨ ਲੱਗਾ ਹੋਇਆ ਸੀ। ਗੁਰ ਗੱਦੀ ਉਤੇ ਬਿਰਾਜਮਾਨ ਹੋਏ ਸੱਚੇ ਸਤਿਗੁਰੂ ਸਿੱਖਾਂ ਨੂੰ ਉਪਦੇਸ਼ ਕਰ ਰਹੇ ਸਨ। ਸਮੁੰਦਾ ਵੀ ਜਾ ਚਰਨਾਂ ਉਤੇ ਡਿੱਗਾ, ਰੋ ਕੇ ਬੇਨਤੀ ਕੀਤੀ—'ਦਾਤਾ! ਬਖ਼ਸ਼! ਮੈਨੂੰ ਭਵਸਾਗਰ ਤੋਂ ਪਾਰ ਹੋਣ ਦਾ ਸਾਧਨ ਦੱਸ। ਨਰਕਾਂ ਦੀ ਅੱਗ ਕੋਲੋਂ ਭੈ ਲਗਦਾ ਹੈ। ਬਹੁਤ ਸਾਰੀ ਆਯੂ ਬੇਅਰਥ ਗੁਆ ਲਈ ਹੈ। ਚੰਗੇ ਜੀਵਨ ਦਾ ਢੰਗ ਦੱਸੋ! ਹੇ ਦਾਤਾ! ਦਿਆਲੂ ਤੇ ਕ੍ਰਿਪਾਲੂ ਸਤਿਗੁਰੂ ਮੇਰੇ ਤੇ ਮਿਹਰ ਕਰ।'

ਅੰਤਰਜਾਮੀ ਸਤਿਗੁਰੂ ਜੀ ਨੇ ਦੇਖਿਆ, ਸਮੁੰਦੇ ਦੀ ਆਤਮਾ ਪਛਤਾ ਰਹੀ ਹੈ। ਇਹ ਨੇਕੀ ਧਰਮ ਦੇ ਰਾਹ ਚਲਣ ਵਾਸਤੇ ਤਿਆਰ ਹੈ। ਇਸ ਨੂੰ ਗੁਰਮਤਿ ਬਖ਼ਸ਼ਣੀ ਯੋਗ ਹੈ, ਸਤਿਗੁਰਾਂ ਨੇ ਫ਼ੁਰਮਾਇਆ 'ਹੇ ਸਿੱਖਾ! ਤੈਨੂੰ ਵਾਹਿਗੁਰੂ ਨੇ ਇਸ ਸੰਸਾਰ ਤੇ ਨਾਮ ਸਿਮਰਨ ਤੇ ਲੋਕ ਸੇਵਾ ਵਾਸਤੇ ਭੇਜਿਆ ਹੈ ਇਸ ਵਾਸਤੇ ਸਵੇਰੇ ਉਠ ਕੇ ਵਾਹਿਗੁਰੂ ਦਾ ਸਿਮਰਨ ਕਰਨਾ, ਧਰਮ ਦੀ ਕਿਰਤ

ਕਰਨੀ, ਗੁਰਬਾਣੀ ਦਾ ਸੁਣਨਾ। ਨਿੰਦਿਆ ਚੁਗਲੀ ਬਖ਼ੀਲੀ ਤੋਂ ਦੂਰ ਰਹਿਣਾ। ਇਹ ਜਗਤ ਤੇਰੇ ਵਾਸਤੇ ਜੀਵਨ ਨਹੀਂ ਸਗੋਂ ਰਾਹ ਦਾ ਆਸਰਾ ਹੈ। ਜੀਵਨ ਦਾ ਮਨੋਰਥ ਹੈ ਪ੍ਰਭੂ ਕੋਲੋਂ ਵਿਛੜੇ ਹਾਂ। ਉਸ ਕੋਲ ਪੁੱਜਣਾ ਤੇ ਉਹਦੇ ਨਾਲ ਇਸ ਤਰ੍ਹਾਂ ਘੁਲ ਮਿਲ ਜਾਣਾ ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ। ਜਿਵੇਂ ਦੋਂਹ ਦੀਵਿਆਂ ਦਾ ਚਾਨਣ ਇਕ ਪ੍ਰਤੀਤ ਹੁੰਦਾ ਹੈ। ਸੱਚ ਬੋਲੀਂ ਗੁਰਦੁਆਰੇ ਜਾਈਂ ਤੇ ਭੁਖੇ ਸਿਖਾਂ ਨੂੰ ਪ੍ਰਸ਼ਾਦ ਛਕਾਇਆ ਕਰੀਂ। ਇਹ ਹੈ ਜੀਵਨ ਜੁਗਤੀ।'

ਗੁਰੂ ਜੀ ਦੇ ਉਪਦੇਸ਼ ਸੁਣ ਕੇ ਭਾਈ ਸਮੁੰਦਾ ਗੁਰਮਤਿ ਦੇ ਰਾਹ ਤੁਰਿਆ ਤੇ ਗੁਰੂ ਦੇ ਸਿੱਖਾਂ ਤੇ ਭਗਤਾਂ ਵਿਚ ਗਿਣਿਆ ਗਿਆ। ਅੰਤ ਕਾਲ ਨਰਕਾਂ ਦੀ ਥਾਂ ਸਵਰਗਾਂ ਵਿਚ ਪੁੱਜਾ। ਇਹ ਸਿਮਰਨ ਦਾ ਪ੍ਰਤਾਪ ਹੈ।

# ੭੬. ਭਾਈ ਵਸਾਵਾ ਜੀ ਦੀ ਕਥਾ

*ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ॥੨੦॥ (ਵਾਰ ੩੫)*

... ... ... ... ... ... ...

*ਧਰਤੀ ਉਪਰਿ ਕੋਟ ਗੜ ਭੁਇਚਾਲ ਕੰਮੰਦੇ॥*
*ਝਖੜਿ ਆਏ ਤਰੁਵਰਾ ਸਰਬਤ ਹਿਲੰਦੇ॥*
*ਡਵਿ ਲਗੈ ਉਜਾੜਿ ਵਿਚਿ ਸਭ ਘਾਹ ਜਲੰਦੇ॥*
*ਹੜ ਆਏ ਕਿਨਿ ਥੰਮੀਅਨਿ ਦਰੀਆਉ ਵਹੰਦੇ॥*
*ਅੰਬਰਿ ਪਾਟੇ ਥਿਗਲੀ ਕੂੜਿਆਰ ਕਰੰਦੇ॥*
*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ॥੨੧॥ (ਭਾਈ ਗੁਰਦਾਸ ਜੀ, ਵਾਰ ੩੫)*

ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਪਹਿਲੇ ਪੰਜਾਂ ਗੁਰੂਆਂ ਨਾਲੋਂ ਵੱਖਰੇ ਕੌਤਕ ਕਰਨ ਲਗੇ ਸਨ। ਆਪ ਨੇ ਭਗਤੀ ਦੀ ਰਾਖੀ ਵਾਸਤੇ ਸਿੱਖੀ ਵਿਚ ਸ਼ਕਤੀ ਪੈਦਾ ਕਰਨ ਦੇ ਸਾਧਨ ਸੋਚੇ ਸਨ। ਆਪ ਨੂੰ ਮੀਰੀ ਪੀਰੀ ਦੇ ਮਾਲਕ ਆਖਿਆ ਜਾਂਦਾ ਹੈ, ਕਿਉਂਕਿ ਆਪ ਨੇ ਦੋ ਤਲਵਾਰਾਂ ਪਹਿਨੀਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਚਨਾ ਕਰਕੇ ਧਰਮ ਦੇ ਨਾਲ ਨੀਤੀ ਦਾ ਆਦਿ ਕੀਤਾ ਸੀ। ਆਪ ਨੂੰ ਵਧੀਆ ਘੋੜੇ ਰੱਖਣ ਦਾ ਬਹੁਤ ਸ਼ੌਂਕ ਸੀ, ਇਸ ਵਾਸਤੇ ਆਪ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਵਧੀਆ ਤੋਂ ਵਧੀਆ ਘੋੜੇ ਖ਼ਰੀਦ ਕੇ ਉਹ ਸ੍ਰੀ ਅੰਮ੍ਰਿਤਸਰ ਪੁੱਜਣ। ਜਿਹੜੇ ਸਿੱਖ ਕਾਬਲ, ਕੰਧਾਰ ਜਾਂ

ਹੋਰ ਮੁਸਲਮਾਨੀ ਦੇਸ਼ਾਂ ਵਿਚ ਰਹਿੰਦੇ ਜਾਂ ਜਾਂਦੇ ਆਉਂਦੇ ਸਨ, ਉਨ੍ਹਾਂ ਵਾਸਤੇ ਉਚੇਚਾ ਹੁਕਮ ਸੀ ਕਿ ਉਹ ਘੋੜਿਆਂ ਦੀ ਚੋਣ ਕਰਨ। ਮਾਲਾ ਫੇਰਨ ਵਾਲੇ ਗੁਰੂ ਜੀ ਦੇ ਸਿੱਖਾਂ ਨੂੰ ਜੰਗ ਲੜਨ ਦੀ ਜਾਚ ਵੀ ਸਿਖਾਈ ਜਾਂਦੀ ਸੀ।

ਗੁਰੂ ਦਾ ਸਿਖ ਭਾਈ ਵਸਾਵਾ ਸੀ। ਉਹ ਬਲਖ ਬੁਖਾਰੇ ਰਹਿੰਦਾ ਹੁੰਦਾ ਸੀ। ਚੰਗਾ ਵਿਉਪਾਰੀ ਸੀ, ਸਤਿਗੁਰਾਂ ਦੀ ਮਿਹਰ ਨਾਲ ਮਾਇਆ ਉਸ ਕੋਲ ਬਹੁਤ ਸੀ। ਉਹ ਤਿੰਨ ਜੀਅ ਸਨ। ਇਕ ਉਸ ਦੀ ਧਰਮ ਪਤਨੀ ਇਕ ਲੜਕਾ ਤੇ ਇਕ ਉਹ ਆਪ। ਉਨ੍ਹਾਂ ਦਾ ਲੜਕਾ ਬਾਰਾਂ ਤੇਰਾਂ ਸਾਲਾਂ ਦਾ ਹੋਣਹਾਰ ਸੁੰਦਰ ਬਾਲਕ ਸੀ। ਜਿਸ ਦੀ ਨੁਹਾਰ ਤੇ ਮਸੂਮੀਅਤ ਦੇਖ ਕੇ ਹਰ ਮਨੁਖ ਦਾ ਦਿਲ ਖਿਚਿਆ ਜਾਂਦਾ ਸੀ। ਸਾਰੇ ਉਸ ਨਾਲ ਬਹੁਤ ਪਿਆਰ ਕਰਦੇ ਸਨ। ਲਾਡਲਾ ਤੇ ਇਕਲੌਤਾ ਪੁੱਤਰ ਬੜੇ ਚਾਵਾਂ ਮਲ੍ਹਾਰਾਂ ਨਾਲ ਪਾਲਿਆ ਜਾ ਰਿਹਾ ਸੀ।

ਗੁਰੂ ਜੀ ਨੇ ਇੱਛਾ ਪ੍ਰਗਟ ਕੀਤੀ ਕਿ ਈਰਾਨ ਵਲੋਂ ਵਧੀਆ ਘੋੜੇ ਖ਼ਰੀਦੇ ਜਾਣ ਪਰ ਖ਼ਰੀਦ ਸਕਦਾ ਸੀ ਉਧਰ ਰਹਿਣ ਵਾਲਾ ਸਿੱਖ। ਇਹ ਸੋਚ ਕੇ ਗੁਰੂ ਜੀ ਨੇ ਭਾਈ ਵਸਾਵੇ ਵਲ ਇਕ ਸਿੱਖ ਨੂੰ ਭੇਜਿਆ। ਕਈ ਮੰਜ਼ਲਾਂ ਕਰਕੇ ਉਹ ਸਿਖ ਭਾਈ ਵਸਾਵਾ ਜੀ ਕੋਲ ਪੁੱਜਾ।

## ਭਾਈ ਵਸਾਵੇ ਨੂੰ ਗੁਰੂ ਜੀ ਦਾ ਸੁਨੇਹਾ ਪੁਜਣਾ

ਗੁਰੂ ਜੀ ਦਾ ਸਿੱਖ ਭਾਈ ਵਸਾਵੇ ਦੇ ਘਰ ਪੁੱਜਾ, ਪੰਜਾਬੋਂ ਗਏ ਸਿੱਖ ਨੂੰ ਦੇਖਦੇ ਸਾਰ ਭਾਈ ਵਸਾਵੇ ਤੇ ਉਸ ਦੇ ਪਰਿਵਾਰ ਨੂੰ ਚਾਅ ਚੜ੍ਹ ਗਏ, ਸਾਰਿਆਂ ਨੇ ਸਿੱਖ ਦੇ ਚਰਨਾਂ ਨੂੰ ਹੱਥ ਲਾ ਕੇ ਜੀ ਆਇਆਂ ਨੂੰ ਆਖਿਆ, ਘਰ ਵਾਲੀ ਨੇ ਪਾਣੀ ਗਰਮ ਕੀਤਾ, ਭਾਈ ਵਸਾਵੇ ਨੇ ਸਿੱਖ ਦੇ ਚਰਨ ਧੋਤੇ, ਦੁੱਧ ਪਿਲਾਇਆ, ਆਦਰ ਸਤਿਕਾਰ ਦੇ ਕੇ ਸੁੰਦਰ ਵਿਛੌਣੇ ਵਾਲੇ ਪਲੰਘ ਤੇ ਬਿਠਾਇਆ। ਸਭ ਤੋਂ ਪਹਿਲਾਂ ਭਾਈ ਵਸਾਵਾ ਜੀ ਨੇ ਆਪਣੇ ਗੁਰੂ ਜੀ, ਆਪਣੇ ਦੇਸ ਪੰਜਾਬ ਤੇ ਸ੍ਰੀ ਹਰਿਮੰਦਰ ਸਾਹਿਬ ਬਾਰੇ ਪੁਛਿਆ ਸਿੱਖਾਂ ਸੇਵਕਾਂ ਦੀ ਸੁੱਖ ਅਨੰਦ ਪੁੱਛੀ। ਅਖ਼ੀਰ ਪੁਛਿਆ 'ਗੁਰ ਭਾਈ! ਮੇਰੇ ਧੰਨ ਭਾਗ, ਮੈਨੂੰ ਸਚੇ ਸਤਿਗੁਰੂ ਨੇ ਯਾਦ ਕੀਤਾ ਕਹੋ ਕੀ ਸੇਵਾ ਮੈਂ ਕਰ ਸਕਦਾ ਹਾਂ। ਤਨ ਮਨ ਧਨ ਸਭ ਗੁਰੂ ਜੀ ਦਾ ਹੈ। ਅਸੀਂ ਤਾਂ ਸੇਵਕ ਹਾਂ, ਸੇਵਕ ਦਾ ਧਰਮ ਹੈ ਆਪਣੇ ਗੁਰੂ ਦੀ ਸੇਵਾ

ਕਰਨੀ ਉਹ ਸੇਵਾ ਕਰਦਿਆਂ ਹੋਇਆਂ ਭਾਵੇਂ ਜਾਨ ਕਿਉਂ ਨਾ ਵਾਰਨੀ ਪਵੇ ?'

'ਭਾਈ ਵਸਾਵੇ ! ਗੁਰੂ ਜੀ ਤੇਰੇ ਉਤੇ ਬਹੁਤ ਪ੍ਰਸੰਨ ਹਨ । ਉਨ੍ਹਾਂ ਨੇ ਹੁਕਮ ਕੀਤਾ ਹੈ ਕਿ ਭਾਈ ਵਸਾਵਾ ਇਰਾਨੀ ਘੋੜੇ ਖ਼ਰੀਦ ਕੇ ਲਿਆਵੇ । ਮੈਨੂੰ ਭੇਜਿਆ ਹੈ । ਤੁਸੀਂ ਘੋੜੇ ਖ਼ਰੀਦ ਕੇ ਲੈ ਆਓ, ਮੈਂ ਉਨ੍ਹਾਂ ਘੋੜਿਆਂ ਨੂੰ ਪੰਜਾਬ ਲੈ ਜਾਵਾਂਗਾ। ਗੁਰੂ ਜੀ ਦਾ ਇਹ ਵੀ ਹੁਕਮ ਹੈ ਕਿ ਸਾਰੇ ਕੰਮ ਛੱਡ ਕੇ ਘੋੜੇ ਜ਼ਰੂਰ ਖ਼ਰੀਦਣੇ ਹਨ ।

'ਮੇਰੇ ਧੰਨ ਭਾਗ ! ਮੈਂ ਹੁਣੇ ਜਾਂਦਾ ਹਾਂ । ਮੈਂ ਗੁਰੂ ਜੀ ਦੀ ਆਗਿਆ ਦਾ ਪਾਲਣ ਜ਼ਰੂਰ ਕਰਾਂਗਾ । ਅਗੇ ਵਧਿਆ ਜਾਵਾਂਗਾ ਭਾਵੇਂ ਕਿੰਨੀਆਂ ਰੁਕਾਵਟਾਂ ਪੇਸ਼ ਆਉਣ । ਸੱਚਾ ਸਤਿਗੁਰੂ ਮੇਰੀ ਸਹਾਇਤਾ ਕਰੇਗਾ । ਹੇ ਸੱਚੇ ਪਾਤਸ਼ਾਹ ! ਤੇਰਾ ਆਸਰਾ ਹੈ, ਸੇਵਕਾਂ ਦੀ ਸਹਾਇਤਾ ਕਰਨੀ । ਆਪਣੇ ਕਾਰਜ ਆਪ ਕਰਾਉਣੇ।'

*ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥ ਅੰਤਰਿ ਬਾਹਰਿ*
*ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥ ਤਿਉ ਸਤਿਗੁਰੁ ਗੁਰਸਿਖ ਰਾਖਤਾ*
*ਹਰਿ ਪ੍ਰੀਤਿ ਪਿਆਰਿ ॥੧॥* (ਗਉੜੀ ਮ: ੪)

ਭਾਈ ਵਸਾਵਾ ਜੀ ਘਰੋਂ ਤੁਰ ਪਿਆ । ਬੱਚੇ ਇਸਤਰੀ ਨੂੰ ਹੌਂਸਲਾ ਦਿੱਤਾ ਕਿ ਉਹ ਗੁਰੂ ਜੀ ਵਾਸਤੇ ਘੋੜੇ ਲੈਣ ਚੱਲਿਆ ਹੈ । ਉਹ ਪਿਛੋਂ ਹੌਂਸਲੇ ਨਾਲ ਰਹਿਣ, ਗੁਰੂ ਦੀ ਸ਼ਕਤੀ ਤੇ ਮਿਹਰ ਉਤੇ ਭਰੋਸਾ ਰੱਖਣ, ਜੇ ਕੋਈ ਬਿਪਤਾ ਆਵੇ ਤਾਂ ਘਬਰਾਉਣਾ ਨਹੀਂ, ਗੁਰੂ ਦਾ ਭਾਣਾ ਸਮਝ ਕੇ ਮੰਨਣਾ, ਵਾਹਿਗੁਰੂ ਜੋ ਕੁਝ ਕਰਦਾ ਹੈ ਸੋ ਚੰਗਾ ਹੀ ਕਰਦਾ ਹੈ ।

## ਪੁੱਤਰ ਦੇ ਮਰਨ ਦੀ ਖ਼ਬਰ

ਭਾਈ ਵਸਾਵਾ ਸਿਦਕੀ ਸਿੱਖ ਸੀ । ਆਪਣੇ ਘਰੋਂ ਰੁਪਏ ਪੱਲੇ ਬੰਨ੍ਹ ਕੇ ਘੋੜੇ ਖ਼ਰੀਦਣ ਤੁਰ ਪਿਆ । ਦੂਰ ਜਾਣਾ ਸੀ, ਮੰਜਲੋਂ ਮੰਜਲੀ ਤੁਰੀ ਗਿਆ। ਅਜੇ ਮਸਾਂ ਤਿੰਨ ਮੰਜਲਾਂ ਹੀ ਕੀਤੀਆਂ ਸਨ, ਕਿ ਤੇਜ਼ ਦੌੜਨ ਵਾਲੇ ਘੋੜੇ ਉਤੇ ਸਵਾਰ ਹੋ ਕੇ ਇਕ ਆਦਮੀ ਉਸ ਨੂੰ ਪਿਛੋਂ ਆ ਮਿਲਿਆ । ਉਸ ਆਦਮੀ ਨੇ ਕੋਲ ਪੁੱਜ ਕੇ ਭਗਤ ਭਾਈ ਵਸਾਵੇ ਨੂੰ ਇਉਂ ਆਖਿਆ, 'ਭਾਈ ਜੀ ! ਮੈਂ ਆਪ ਨੂੰ ਬਹੁਤ ਬੁਰੀ ਖ਼ਬਰ ਦੱਸਣ ਆਇਆ ਹਾਂ । ਖ਼ਬਰ ਇਹ ਹੈ ਕਿ ਤੇਰਾ

ਇਕਲੌਤਾ ਤੇ ਲਾਡਲਾ ਪੁੱਤਰ ਮਰ ਗਿਆ ਹੈ। ਤੇਰੀ ਘਰ ਵਾਲੀ (ਧਰਮ ਪਤਨੀ) ਨੇ ਮੈਨੂੰ ਭੇਜਿਆ ਹੈ ਕਿ ਵਾਪਸ ਤੁਸੀਂ ਘਰ ਆ ਜਾਵੋ। ਲੜਕੇ ਦੀ ਦੇਹ ਦਾ ਸਸਕਾਰ ਤੁਹਾਡੇ ਘਰ ਪੁੱਜਣ ਤੇ ਕੀਤਾ ਜਾਵੇਗਾ। ਮੇਰੇ ਨਾਲ ਚੱਲੋ। ਪੁੱਤਰ ਦਾ ਸਸਕਾਰ ਕਰਨ ਪਿਛੋਂ ਘੋੜੇ ਖ਼ਰੀਦਣ ਜਾਇਓ।'

ਇਹ ਖ਼ਬਰ ਸੁਣ ਕੇ ਸਿਦਕੀ ਸਿੱਖ ਭਾਈ ਵਸਾਵਾ ਘਬਰਾਇਆ ਨਹੀਂ, ਉਸ ਦੇ ਚਿਹਰੇ ਉਤੇ ਉਦਾਸੀ ਦੇ ਨਿਸ਼ਾਨ ਨਹੀਂ ਆਏ ਉਹ ਮੁਸਕ੍ਰਾ ਕੇ ਆਖਣ ਲਗਾ, 'ਵੀਰਾ! ਜੋ ਕੁਝ ਹੋਣਾ ਸੀ ਹੋ ਗਿਆ, ਮੇਰਾ ਪੁੱਤਰ ਉਨਾ ਚਿਰ ਸੀ ਜਿੰਨਾ ਚਿਰ ਮੇਰੇ ਕੋਲ ਰਿਹਾ। ਵਾਹਿਗੁਰੂ ਨੇ ਉਸ ਨੂੰ ਭੇਜਿਆ ਸੀ ਵਾਹਿਗੁਰੂ ਹੀ ਉਸ ਨੂੰ ਵਾਪਸ ਲੈ ਗਿਆ। ਵਿਧਾਤਾ ਨੇ ਉਸ ਦੀ ਜਿੰਨੀ ਉਮਰ ਲਿਖੀ ਸੀ ਉਨੀਂ ਉਮਰ ਉਹ ਭੋਗ ਗਿਆ। ਮਾਸੂਮ ਰਿਹਾ ਪਾਪ ਨਹੀਂ ਕੀਤੇ ਤੇ ਅਸਾਂ ਨਾਲੋਂ ਉਹ ਚੰਗਾ ਰਿਹਾ। ਮੈਂ ਪਿਛੇ ਮੁੜ ਕੇ ਜਾਵਾਂ ਕਿਉਂ? ਕੀ ਮੇਰੇ ਗਿਆਂ ਉਹ ਜਿੰਦਾ ਹੋ ਜਾਵੇਗਾ। ਉਸ ਨੇ ਜੀਊਣਾ ਨਹੀਂ ਤਾਂ ਮੁੜਨ ਦਾ ਕੁਝ ਲਾਭ ਨਹੀਂ। ਮੈਂ ਮੋਹ ਦਾ ਗੁਲਾਮ ਹੋ ਕੇ ਪਿਆਰੇ ਗੁਰੂ ਵਲੋਂ ਝੂਠਾ ਪਵਾਂ ਇਹ ਨਹੀਂ ਹੋ ਸਕਦਾ। ਜਾਹ ਪਿਛੇ ਮੁੜ ਜਾਹ। ਮੇਰੀ ਪਤਨੀ ਨੂੰ ਮੇਰੇ ਵਲੋਂ ਸੁਨੇਹਾ ਦੇਵੀਂ ਕਿ ਉਹ ਰੋਵੇ ਕੁਰਲਾਵੇ ਨਾ। ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨੇ। ਜੋ ਚੀਜ਼ ਅਸਾਡੀ ਨਹੀਂ ਸੀ ਉਹ ਅਸਾਡੇ ਕੋਲ ਨਹੀਂ ਰਹੀ। ਜੇ ਅਕਾਲ ਪੁਰਖ ਨੇ ਅਸਾਨੂੰ ਬਚੇ ਦਾ ਸੁਖ ਦੇਣਾ ਸੀ ਤਾਂ ਹੋਰ ਬੱਚਾ ਬਖ਼ਸ਼ ਦੇਣਗੇ ਜੇ ਨਹੀਂ ਤਾਂ ਅਸੀਂ ਦੋਵੇਂ ਹੀ ਚੰਗੇ ਹਾਂ। ਪੁੱਤਰ ਦੀ ਦੇਹ ਦਾ ਸਸਕਾਰ ਚੰਦਨ ਦੀਆਂ ਲੱਕੜਾਂ ਪਾ ਕੇ ਕਰਨਾ। ਮੈਂ ਘੋੜੇ ਖ਼ਰੀਦ ਕੇ ਮੁੜਾਂਗਾ।'

ਸੁਨੇਹਾ ਦੇਣ ਵਾਲੇ ਨੇ ਬਹੁਤ ਸਮਝਾਇਆ ਤੇ ਘਰ ਨੂੰ ਵਾਪਸ ਮੁੜਨ ਵਾਸਤੇ ਆਖਿਆ ਪਰ ਵਸਾਵਾ ਨਾ ਮੁੜਿਆ। ਇਹ ਅਗੇ ਅਗੇ ਹੀ ਤੁਰਿਆ ਗਿਆ। ਸੁਨੇਹਾ ਦੇਣ ਵਾਲਾ ਪਿਛੇ ਮੁੜ ਗਿਆ। ਉਸ ਨੇ ਵਸਾਵੇ ਦੀ ਵਹੁਟੀ ਨੂੰ ਉਹ ਸਾਰੇ ਬਚਨ ਸੁਣਾ ਦਿਤੇ ਜੋ ਭਾਈ ਵਸਾਵੇ ਨੇ ਬੋਲੇ ਸੀ।

ਵਸਾਵੇ ਦੀ ਵਹੁਟੀ ਭਾਵੇਂ ਇਕ ਬਚੇ ਦੀ ਮਾਂ ਸੀ। ਮਾਵਾਂ ਨੂੰ ਪੁੱਤਰ ਪਿਆਰੇ ਹੁੰਦੇ ਨੇ। ਪੁੱਤਰਾਂ ਦੇ ਮਰਨ ਉਤੇ ਮਾਵਾਂ ਨੂੰ ਗਸ਼ਾਂ ਪੈਂਦੀਆਂ ਹਨ ਪਰ ਧੰਨ ਵਸਾਵੇ ਦੀ ਇਸਤਰੀ ਉਹ ਮਾਮੂਲੀ ਇਸਤਰੀ ਨਹੀਂ ਸੀ ਸਗੋਂ ਇਕ ਦੇਵੀ ਸੀ। ਉਸ ਨੇ ਪਤੀ ਦੇਵਤਾ ਦੇ ਬਚਨ ਉਪਰ ਫੁੱਲ ਚੜ੍ਹਾਏ। ਉਹ ਰੋਈ ਪਿੱਟੀ ਨਹੀਂ

ਸੀ ਸੁਕੀਆਂ ਅੱਖਾਂ ਨਾਲ ਬੁਲ੍ਹਾਂ ਉਤੇ ਮੁਸਕ੍ਰਾਹਟ ਰੱਖ ਕੇ ਪੁੱਤਰ ਦੇ ਸਰੀਰ ਨੂੰ ਅਗਨ ਭੇਟ ਕੀਤਾ। ਵਾਹਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ।

ਪੂਰੇ ਪੰਜ ਮਹੀਨਿਆਂ ਪਿਛੋਂ ਭਾਈ ਵਸਾਵਾ ਜੀ ਸਤਿਗੁਰਾਂ ਵਾਸਤੇ ਘੋੜੇ ਖ਼ਰੀਦ ਕੇ ਲਿਆਏ। ਜੋ ਗੁਰੂ ਜੀ ਦਾ ਸਿੱਖ ਗੁਰੂ ਜੀ ਕੋਲੋਂ ਗਿਆ ਸੀ ਉਸ ਦੇ ਨਾਲ ਹੀ ਚੱਕ ਰਾਮਦਾਸਪੁਰ (ਅੰਮ੍ਰਿਤਸਰ) ਪਹੁੰਚੇ। ਭਾਵੇਂ ਅੰਤਰਜਾਮੀ ਸਚੇ ਸਤਿਗੁਰੂ ਭਾਈ ਵਸਾਵੇ ਦੇ ਸਿੱਖੀ ਸਿਦਕ ਨੂੰ ਜਾਣ ਗਏ, ਫਿਰ ਵੀ ਨਾਲ ਦੇ ਸਿੱਖ ਕੋਲੋਂ ਭਾਈ ਵਸਾਵੇ ਦੇ ਪੁੱਤਰ ਮਰਨ ਦੀ ਕਥਾ ਨੂੰ ਸੁਣ ਕੇ ਬਹੁਤ ਖ਼ੁਸ਼ ਹੋਏ। ਛੇਵੇਂ ਪਾਤਸ਼ਾਹ ਮੀਰੀ ਪੀਰੀ ਦੇ ਮਾਲਕ ਪੁੱਤਰਾਂ ਦੀਆਂ ਜੋੜੀਆਂ ਬਖ਼ਸ਼ਣ ਵਾਲੇ ਮਿਹਰਾਂ ਦੇ ਘਰ ਵਿਚ ਆ ਕੇ ਆਖਣ ਲਗੇ—'ਜਾਹ ਭਾਈ ਵਸਾਵਿਆ! ਤੇਰੇ ਘਰ ਦੋ ਪੁੱਤਰ ਹੋਣਗੇ, ਅਗੇ ਇਕ ਸੀ ਹੁਣ ਦੋ। ਜੇ ਗੁਰੂ ਉਤੇ ਤੈਨੂੰ ਭਰੋਸਾ ਹੈ ਤਾਂ ਗੁਰੂ ਤੈਨੂੰ ਖ਼ੁਸ਼ੀਆਂ ਬਖ਼ਸ਼ਦਾ ਹੈ।'

ਪੁੱਤਰਾਂ ਦੇ ਵਰ ਲੈ ਕੇ ਭਾਈ ਵਸਾਵਾ ਮੁੜ ਆਪਣੇ ਘਰ ਪੁੱਜਾ। ਗੁਰੂ ਜੀ ਦੇ ਵਾਕ ਸਚੇ ਹੋਏ ਤਿੰਨਾਂ ਸਾਲਾਂ ਪਿਛੋਂ ਵਸਾਵਾ ਦੀ ਇਸਤਰੀ ਦੀ ਕੁਖੋਂ ਦੋ ਪੁੱਤਰ ਹੋਏ। ਉਸ ਦੇ ਘਰ ਦਾ ਸ਼ਿੰਗਾਰ ਤੇ ਕੁਲ ਦਾ ਨਿਸ਼ਾਨ ਸੰਸਾਰ ਵਿਚ ਰਿਹਾ। ਭਾਈ ਵਸਾਵਾ ਉਹਨਾਂ ਪੁੱਤਰਾਂ ਨੂੰ ਨਾਲ ਲੈ ਕੇ ਦੋਂਹ ਤਿੰਨੀਂ ਸਾਲੀਂ ਸਤਿਗੁਰੂ ਦੇ ਦਰਸ਼ਨ ਕਰਨ ਜ਼ਰੂਰ ਆਉਂਦਾ ਰਿਹਾ। ਐਸੇ ਸਿਦਕੀ ਸਿੱਖਾਂ ਦੇ ਕੌਤਕ ਦੇਖ ਸੁਣ ਕੇ ਭਾਈ ਗੁਰਦਾਸ ਜੀ ਨੇ ਇਹ ਬਚਨ ਕੀਤਾ ਸੀ—

*ਸਾਂਗੈ ਅੰਦਰਿ ਸਾਬਤੇ ਸੇ ਵਿਰਲੇ ਬੰਦੇ ॥੨੧॥* (ਵਾਰ ੩੫)
*ਜੇ ਗੁਰ ਸਾਂਗਿ ਵਰਤਦਾ ਸਿਖੁ ਸਿਦਕੁ ਨ ਹਾਰੇ ॥੨੦॥* (ਵਾਰ ੩੫)

# ੧੧. ਭਾਈ ਹਰਿਪਾਲ

ਮਹਾਂਬਲੀ ਮੀਰੀ ਪੀਰੀ ਦੇ ਮਾਲਕ ਸਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਚਿਟੇ ਘੋੜੇ ਉਤੇ ਅਸਵਾਰ ਬਾਗ ਨੂੰ ਜਾ ਰਹੇ ਸਨ। ਉਨ੍ਹਾਂ ਦੇ ਹੱਥ ਵਿਚ ਬਾਜ ਸੀ। ਉਨ੍ਹਾਂ ਦੇ ਪਿਛੇ ਪ੍ਰੇਮੀ ਸਿੱਖ ਵਹੀਰਾਂ ਘਤੀ ਜਾ ਰਹੇ ਸਨ। ਭਾਈ ਹਰਿਪਾਲ ਜੀ ਵੀ ਨਾਲ ਸੀ। ਸ਼ਹਿਰ ਦੇ ਬਜ਼ਾਰ ਵਿਚ ਇਕ ਨਿਰਾਲਾ

ਕੌਤਕ ਹੋਇਆ। ਉਹ ਕੌਤਕ ਸ਼ਾਇਦ ਚੋਜੀ ਪ੍ਰੀਤਮ ਮੇਹਰਾਂ ਦੇ ਦਾਤੇ ਸਤਿਗੁਰੂ ਨੇ ਆਪ ਹੀ ਰਚਿਆ ਸੀ। ਉਹ ਕੌਤਕ ਇਹ ਸੀ ਕਿ ਬਾਜ਼ਾਰ ਦੀ ਇਕ ਹੱਟੀ ਉਤੇ ਇਕ ਪੁਰਸ਼ ਇਕ ਤੋਤਾ ਲਈ ਖਲੋਤਾ ਸੀ। ਤੋਤਾ ਪਿੰਜਰੇ ਵਿਚ ਬੰਦ ਸੀ, ਪਿੰਜਰੇ ਵਿਚ ਬੰਦ ਪੰਛੀ ਤੋਤਲੀ ਜ਼ਬਾਨ ਨਾਲ ਬਹੁਤ ਗੱਲਾਂ ਕਰਦਾ ਤੇ ਰਾਮ ਨਾਮ ਦਾ ਸਿਮਰਨ ਕਰਦਾ ਸੀ। ਜਿਵੇਂ ਕਿ ਉਸ ਦੇ ਮਾਲਕ ਨੇ ਉਸ ਨੂੰ ਸਿਖਾਇਆ ਹੋਇਆ ਸੀ। ਚੋਖੇ ਲੋਕ ਇਕੱਠੇ ਹੋ ਕੇ ਤੋਤੇ ਦੀਆਂ ਗੱਲਾਂ ਸੁਣ ਸੁਣ ਕੇ ਖ਼ੁਸ਼ ਹੋ ਰਹੇ ਸਨ। ਉਹਨਾਂ ਦੇ ਲਾਗੇ ਜਾ ਕੇ ਸਤਿਗੁਰਾਂ ਦਾ ਘੋੜਾ ਅਟਕ ਗਿਆ, ਸਤਿਗੁਰਾਂ ਨੇ ਪੰਛੀ ਵਲ ਨਿਗਾਹ ਕੀਤੀ, ਉਹ ਨਿਗਾਹ ਜਿਸ ਦੇ ਨਾਲ ਕਈਆਂ ਜਨਮਾਂ ਦੇ ਪਾਪ ਨਸ਼ਟ ਹੋ ਜਾਂਦੇ ਹਨ ਤੇ ਕੈਦੀਆਂ ਦੇ ਬੰਧਨ ਟੁਟ ਜਾਂਦੇ ਹਨ। ਦਾਤੇ ਨੇ ਸ਼ਾਇਦ ਉਸ ਪੰਛੀ ਜਿਊੜੇ ਨੂੰ ਮੁਕਤ ਤੇ ਸੁਤੰਤਰ ਕਰਨਾ ਸੀ।

ਸਤਿਗੁਰਾਂ ਨੂੰ ਦੇਖ ਕੇ ਤੋਤਾ ਬੋਲਿਆ, "ਰਾਮ ਰਾਮ ਸਤਿਗੁਰੂ ਰਾਮ!" ਪੰਛੀ ਦੀ ਜ਼ਬਾਨੋ ਰਾਮ ਸ਼ਬਦ ਸੁਣ ਕੇ ਸਤਿਗੁਰੂ ਮੁਸਕਰਾ ਪਏ, ਸਹਿਜ ਸੁਭਾ ਬੋਲੇ—'ਪੰਛੀ ਨੂੰ ਚੰਗਾ ਸਬਕ ਪੜ੍ਹਾਇਆ ਹੈ।'

ਗੁਰੂ ਦੇ ਸਿਖ ਨਾਲ ਸਨ, ਬਹੁਤ ਨੇੜੇ ਖਲੋਤੇ ਸਿੱਖਾਂ ਨੇ ਇਹ ਵਾਕ ਸੁਣਿਆ। ਦੋਂਹ ਸਿੱਖਾਂ ਨੇ ਪ੍ਰਤੀਤ ਕੀਤਾ ਕਿ ਗੁਰੂ ਜੀ ਇਸ ਤੋਤੇ ਨੂੰ ਚਾਹੁੰਦੇ ਹਨ। ਇਕ ਸਿੱਖ ਨੇ ਬੇਨਤੀ ਕੀਤੀ—'ਦਾਤਾ! ਕੀ ਇਹ ਤੋਤਾ ਆਪ ਵਾਸਤੇ ਹਾਸਲ ਕੀਤਾ ਜਾਵੇ?'

ਕੋਈ ਐਨੀ ਲੋੜ ਤਾਂ ਨਹੀਂ ਭਾਸਦੀ ਮਾਸੂਮ ਪੰਛੀ ਪਿੰਜਰੇ ਵਿਚ ਕੈਦ ਰਖਣਾ ਯੋਗ ਨਹੀਂ ਪਰ ਜੇ ਮਿਲ ਜਾਵੇ ਤਾਂ ਹਰਜ ਵੀ ਕੋਈ ਨਹੀਂ। ਇਹ ਆਖ ਕੇ ਗੁਰੂ ਜੀ ਅਗੇ ਤੁਰ ਪਏ। ਉਹਨਾਂ ਦੇ ਨਾਲ ਸਿਖ ਸੰਗਤ ਅਗੇ ਤੁਰ ਪਈ, ਪਰ ਕਿਸੇ ਨੇ ਹੌਂਸਲਾ ਨਾ ਕੀਤਾ ਕਿ ਤੋਤੇ ਦਾ ਮੁੱਲ ਪੁਛਿਆ ਜਾਵੇ, ਪਰ ਸਿਦਕੀ ਸਿਖ ਭਾਈ ਹਰਿਪਾਲ ਅਗੇ ਨਾ ਤੁਰਿਆ। ਉਸ ਨੇ ਮਨ ਹੀ ਮਨ ਸੋਚਿਆ ਮੇਰੇ ਗੁਰੂ ਜੀ ਤੋਤੇ ਨੂੰ ਪਸੰਦ ਕਰਦੇ ਹਨ ਜੇ ਮੈਂ ਇਹ ਤੋਤਾ ਕਿਸੇ ਕੀਮਤ ਉਤੇ ਖ਼ਰੀਦਕੇ ਸਤਿਗੁਰਾਂ ਦੀ ਭੇਟ ਕਰ ਦੇਵਾਂ ਤਾਂ ਸਤਿਗੁਰੂ ਜੀ ਬਹੁਤ ਖ਼ੁਸ਼ ਹੋਣਗੇ। ਉਸ ਖ਼ੁਸ਼ੀ ਵਿਚ ਮੇਰੀ ਕਲਿਆਣ ਲੁਕੀ ਹੈ। ਇਕ ਤੋਤਾ ਮਾਮੂਲੀ ਚੀਜ਼ ਹੈ, ਗੁਰੂ ਵਾਸਤੇ ਜਾਨ ਤਕ ਵਾਰ ਦੇਣੀ ਚਾਹੀਏ। ਇਉਂ ਸੋਚਦਾ ਹੋਇਆ

ਭਾਈ ਹਰਿਪਾਲ ਤੋਤੇ ਵਾਲੇ ਨੇੜੇ ਹੋਇਆ ਤੇ ਉਸ ਨੂੰ ਪੁੱਛਣ ਲੱਗਾ—'ਭਾਈ ਕੀ ਇਹ ਤੋਤਾ ਵੇਚ ਸਕਦਾ ਹੈਂ ?'

'ਹਾਂ ਵੇਚ ਸਕਦਾ ਹਾਂ ਜੇ ਕੋਈ ਇਸ ਦਾ ਗਾਹਕ ਲੱਭ ਪਵੇ ਤਾਂ।' ਤੋਤੇ ਵਾਲੇ ਨੇ ਅਗੋਂ ਉੱਤਰ ਦਿੱਤਾ ਅਤੇ ਨਾਲ ਹੀ ਗੁਰੂ ਦੇ ਸਿੱਖ ਵਲ ਸਿਰ ਤੋਂ ਪੈਰਾਂ ਤਕ ਦੇਖਿਆ। ਉਸ ਨੇ ਇਹ ਵੀ ਸੁਣਿਆ ਹੋਇਆ ਸੀ ਕਿ ਗੁਰੂ ਜੀ ਵਾਸਤੇ ਚੀਜ਼ਾਂ ਖ਼ਰੀਦਣ ਲਈ ਗੁਰੂ ਜੀ ਦੇ ਸਿੱਖ ਭਾਰੀਆਂ ਕੀਮਤਾਂ ਦੇ ਜਾਂਦੇ ਹਨ। ਉਹ ਵਿਅੰਗ ਨਾਲ ਆਖੀ ਗਿਆ, 'ਵੇਚਣਾ ਤਾਂ ਹੈ ਪਰ ਜੇ ਯੋਗ ਕੀਮਤ ਕੋਈ ਦੇਵੇ ਤਾਂ। ਐਵੇਂ ਸੁਟਣ ਵਾਲਾ ਪੰਛੀ ਨਹੀਂ ਕੀ ਇਸ ਦੀ ਕੀਮਤ ਦੇਵੋਗੇ ?'

'ਇਹ ਤੋਤਾ ਮੈਂ ਸਤਿਗੁਰਾਂ ਵਾਸਤੇ ਖ਼ਰੀਦਣਾ ਚਾਹੁੰਦਾ ਹਾਂ। ਪੰਛੀ ਸਤਿਗੁਰਾਂ ਨੂੰ ਪਿਆਰਾ ਲੱਗਾ ਹੈ। ਮੰਗ ਨਾ ਜੋ ਕੀਮਤ ਮੰਗੇਂਗਾ ਸੋ ਦੇਵਾਂਗਾ ਪਰ ਤੋਤਾ ਜ਼ਰੂਰ ਖ਼ਰੀਦਾਂਗਾ।' ਭਾਈ ਹਰਿਪਾਲ ਦਾ ਉੱਤਰ ਸੀ।

ਤੋਤੇ ਵਾਲਾ ਮਹਾਂ ਪਾਪੀ ਤੇ ਚਲਾਕ ਅਗਿਆਨੀ ਸੀ। ਬੁਰਿਆਈ ਕਰਨ ਤੋਂ ਡਰਦਾ ਨਹੀਂ ਸੀ, ਉਸ ਨੇ ਚਾਹਿਆ ਕਿ ਸਿੱਖ ਦੇ ਅੱਗੇ ਵੱਡੀ ਤੋਂ ਵੱਡੀ ਕੀਮਤ ਰੱਖੇ। ਪਹਿਲਾਂ ਤਾਂ ਪੈਸਿਆਂ ਬਾਰੇ ਸੋਚਦਾ ਰਿਹਾ। ਪੈਸਿਆਂ ਸੋਨੇ ਚਾਂਦੀ ਨੂੰ ਕੋਈ ਬਹੁਤ ਚੰਗਾ ਨਾ ਜਾਣ ਕੇ ਉਸ ਨੇ ਕੁਝ ਹੋਰ ਸੋਚਿਆ। ਸੋਚ ਸੋਚ ਕੇ ਭਾਈ ਹਰਿਪਾਲ ਨੂੰ ਆਖਣ ਲਗਾ—'ਵੇਖ ਭਾਈ! ਮਖੌਲ ਨਾ ਸਮਝੀਂ, ਗੁੱਸਾ ਨਾ ਕਰੀਂ, ਇਹ ਤੋਤਾ ਮੈਨੂੰ ਬਹੁਤ ਪਿਆਰਾ ਹੈ। ਪਿਆਰੇ ਨੂੰ ਹੱਥੋਂ ਤਾਂ ਹੀ ਛੱਡ ਸਕਦਾ ਹਾਂ ਜੇ ਇਸ ਨਾਲੋਂ ਚੰਗੀ ਵਸਤੂ ਮਿਲੇ। ਇਹ ਰਾਤ ਨੂੰ ਮੈਨੂੰ ਬਚਨ ਸੁਣਾਉਂਦਾ ਹੈ ਤੇ ਮੇਰਾ ਦਿਲ ਬਹਿਲਾਉਂਦਾ ਹੈ। ਮੈਂ ਚਾਹੁੰਦਾ ਹਾਂ ਜੇ ਤੂੰ ਆਪਣੀ ਭੈਣ ਜੋ ਅਜੇ ਕੁਆਰੀ ਹੈ ਇਸ ਤੋਤੇ ਦੇ ਵਟਾਂਦਰੇ ਵਿਚ ਕੀਮਤ ਸਮਝ ਕੇ ਲਿਆ ਦੇਵੇਂ ਤਾਂ ਇਹ ਤੋਤਾ ਮੈਂ ਦੇ ਸਕਦਾ ਹਾਂ।'

ਤੋਤੇ ਵਾਲੇ ਮੂਰਖ ਨੇ ਇਹ ਮਹਾਨ ਨਿਰਾਦਰੀ ਦੇ ਸ਼ਬਦ ਜ਼ਬਾਨੋਂ ਆਖੇ। ਜਿਨ੍ਹਾਂ ਵਾਕਾਂ ਨੂੰ ਸੁਣ ਕੇ ਕੋਈ ਸਮਝਦਾਰ ਪੁਰਸ਼ ਨਹੀਂ ਸਹਿ ਸਕਦਾ, ਕ੍ਰੋਧ ਨਾਲ ਲਾਲ ਪੀਲਾ ਹੋ ਜਾਂਦਾ ਪਰ ਗੁਰੂ ਦਾ ਸਿਦਕੀ ਸਿੱਖ, ਗੁਰ ਚਰਨ ਕਮਲਾਂ ਦਾ ਭੌਰਾ ਭਾਈ ਹਰਿਪਾਲ ਨਾ ਘਬਰਾਇਆ ਤੇ ਨਾ ਉਸ ਨੇ ਗੁੱਸਾ ਕੀਤਾ। ਉਹ ਤੋਤੇ ਵਾਲੇ ਨੂੰ ਹੱਥ ਜੋੜ ਕੇ ਆਖਣ ਲੱਗਾ—'ਭਾਈ! ਹੁਣ ਏਸੇ ਬਚਨ

ਉਤੇ ਕਾਇਮ ਰਹੀਂ। ਮੈਂ ਘਰ ਜਾਂਦਾ ਹਾਂ ਤੇ ਆਪਣੀ ਭੈਣ ਨੂੰ ਨਾਲ ਲਿਆਉਂਦਾ ਹਾਂ ਮੇਰੇ ਧੰਨ ਭਾਗ! ਮੈਨੂੰ ਇਹ ਸੌਦਾ ਮਹਿੰਗਾ ਨਹੀਂ ਪਵੇਗਾ। ਮੇਰੇ ਸਤਿਗੁਰੂ ਤੋਤੇ ਨੂੰ ਦੇਖ ਕੇ ਬਹੁਤ ਅਨੰਦ ਹੋਣਗੇ।'

ਭਾਈ ਹਰਿਪਾਲ ਘਰ ਨੂੰ ਤੁਰ ਗਿਆ। ਤੋਤੇ ਵਾਲਾ ਹੱਸਣ ਲੱਗ ਪਿਆ। ਉਸ ਦੇ ਹਾਸੇ ਪਿਛੇ ਜੀਵਨ ਨਹੀਂ ਸੀ, ਸਗੋਂ ਹਨੇਰਾ ਤੇ ਮੌਤ ਸੀ। ਉਹ ਸਿੱਖ ਨੂੰ ਬੇਸਮਝ ਤੇ ਮੂਰਖ ਸਮਝ ਰਿਹਾ, ਪਰ ਸਿੱਖ ਗੁਰੂ ਦਾ ਪ੍ਰੇਮੀ ਸੀ। ਉਸ ਨੂੰ ਸਭ ਚੀਜ਼ਾਂ ਨਾਲੋਂ ਗੁਰੂ ਦੀ ਰਹਿਮਤ ਪਿਆਰੀ ਸੀ।

ਭਾਈ ਹਰਿਪਾਲ ਘਰ ਅਪੜਿਆ। ਉਸ ਦਾ ਹਿਰਦਾ ਖ਼ੁਸ਼ੀ ਨਾਲ ਨੱਚ ਰਿਹਾ ਸੀ। ਉਸ ਨੇ ਆਪਣੀ ਮਾਤਾ ਇਸਤਰੀ ਤੇ ਭੈਣ ਦੇ ਹੁੰਦਿਆਂ ਸਾਰੀ ਗੱਲ ਕਰ ਸੁਣਾਈ। ਸਾਰੀ ਵਾਰਤਾ ਸੁਣਾ ਕੇ ਆਖਣ ਲੱਗਾ—'ਆਖ਼ਰ ਪਿਆਰੀ ਭੈਣ ਨੂੰ ਕਿਸੇ ਨਾ ਕਿਸੇ ਲੜ ਲਾਉਣਾ ਹੈ। ਜੇ ਏਸੇ ਆਦਮੀ ਦੇ ਹਵਾਲੇ ਕਰ ਦਈਏ ਤਾਂ ਸਤਿਗੁਰੂ ਵਾਸਤੇ ਤੋਤਾ ਖ਼ਰੀਦ ਸਕਦੇ ਹਾਂ। ਇਹ ਵੀ ਪ੍ਰਤਾਵੇ ਦੀ ਘੜੀ ਹੈ। ਸ਼ਾਇਦ ਮੇਰੇ ਚੋਜੀ ਪ੍ਰੀਤਮ ਨੇ ਇਮਤਿਹਾਨ ਲੈਣ ਵਾਸਤੇ ਹੀ ਤੋਤੇ ਵਾਲੇ ਦੀ ਜਬਾਨੋਂ ਇਹ ਮੰਗ ਮੰਗੀ ਹੈ। ਇਹ ਸੌਦਾ ਜ਼ਰੂਰ ਕਰਨਾ ਹੈ। ਭੈਣ ਨੂੰ ਮੇਰੇ ਨਾਲ ਖ਼ੁਸ਼ੀ ਖ਼ੁਸ਼ੀ ਤੋਰੋ।'

ਭਾਈ ਹਰਿਪਾਲ ਦੀ ਮਾਤਾ ਨੇ ਆਪਣੀ ਬੇਟੀ ਨੂੰ ਤਿਆਰ ਕੀਤਾ। ਸਿਰ ਤੇ ਪਿਆਰ ਦੇ ਕੇ ਆਖਣ ਲਗੀ—'ਜਾਹ ਬੇਟੀ! ਘਬਰਾਈਂ ਨਾ, ਜਿਵੇਂ ਲੇਖ ਵਿਧਾਤਾ ਨੇ ਲਿਖਿਆ ਹੈ, ਤਿਵੇਂ ਖਿੜੇ ਮਥੇ ਜੀਵਨ ਬਤੀਤ ਕਰੀਂ, ਤਨ ਮਨ ਧਨ ਸਭ ਸਚੇ ਸਤਿਗੁਰ ਦਾ ਹੈ। ਮੈਂ ਤੁਹਾਨੂੰ ਨਾਂਹ ਨਹੀਂ ਕਰ ਸਕਦੀ।' ਭਾਈ ਹਰਿਪਾਲ ਭੈਣ ਨੂੰ ਨਾਲ ਲੈ ਕੇ ਤੋਤੇ ਵਾਲੇ ਕੋਲ ਪੁੱਜਾ। ਭਾਈ ਹਰਿਪਾਲ ਦੀ ਭੈਣ ਸੁੰਦਰ ਕੁਆਰੀ ਕੰਨਿਆ ਸੀ। ਉਸ ਦੀ ਉਮਰ ਅਜੇ ਸੋਲ੍ਹਵੇਂ ਸਾਲ ਵਿਚ ਸੀ। ਉਸ ਸੁੰਦਰ ਕੰਨਿਆ ਨੂੰ ਦੇਖ ਕੇ ਮੂਰਖ ਤੋਤੇ ਵਾਲੇ ਦਾ ਮਨ ਨਾ ਰੱਜਿਆ। ਉਹ ਅਜੇ ਵੀ ਖ਼ੁਸ਼ ਨਾ ਹੋਇਆ, ਉਸ ਨੇ ਹੱਸ ਕੇ ਭਾਈ ਹਰਿਪਾਲ ਨੂੰ ਆਖਿਆ—'ਮੈਂ ਜ਼ਬਾਨ ਤਾਂ ਜ਼ਰੂਰ ਕੀਤੀ ਸੀ, ਪਰ ਤੇਰੇ ਜਾਣ ਪਿਛੋਂ ਮੈਨੂੰ ਮੇਰੀ ਭੁੱਲ ਦਾ ਗਿਆਨ ਹੋਇਆ। ਤੋਤੇ ਦਾ ਜੋ ਮੁੱਲ ਮੰਗਿਆ ਹੈ ਉਹ ਬਹੁਤ ਥੋੜਾ ਹੈ। ਆਪਣੀ ਇਸ ਭੈਣ ਨੂੰ ਵਾਪਸ ਲੈ ਜਾਹ, ਮੈਂ ਤੋਤਾ ਨਹੀਂ ਦੇਣਾ। ਇਹ ਤੋਤੇ ਦੇ ਮੁੱਲ ਦੀ ਨਹੀਂ।'

ਤੋਤੇ ਵਾਲੇ ਦੀ ਜ਼ਬਾਨੋ ਇਹ ਵਾਕ ਸੁਣ ਕੇ ਸਿਦਕੀ ਸਿੱਖ ਉਦਾਸ ਹੋ ਗਿਆ। ਉਹ ਹੱਥ ਜੋੜ ਕੇ ਆਖਣ ਲੱਗਾ—'ਭਾਈ! ਤੂੰ ਮੁੱਲ ਮੰਗਿਆ ਸੋ ਮੈਂ ਹਾਜ਼ਰ ਕੀਤਾ। ਜੇ ਅਜੇ ਵੀ ਮਨ ਨਹੀਂ ਮੰਨਿਆ ਤਾਂ ਹੋਰ ਹੁਕਮ ਕਰ ਕਿਹੜੀ ਚੀਜ਼ ਲੈਣੀ ਚਾਹੁੰਦਾ ਹੈਂ? ਤੋਤਾ ਮੈਨੂੰ ਜ਼ਰੂਰ ਬਖ਼ਸ਼।'

'ਹੱਛਾ! ਜੇ ਤੋਤੇ ਨੂੰ ਜ਼ਰੂਰ ਖ਼ਰੀਦਣਾ ਚਾਹੁੰਦਾ ਹੈਂ ਤਾਂ ਆਪਣੀ ਭੈਣ ਨੂੰ ਇਥੇ ਬੈਠੀ ਰਹਿਣ ਦੇ, ਘਰੋਂ ਜਾ ਕੇ ਆਪਣੀ ਬੇਟੀ ਨੂੰ ਵੀ ਲੈ ਆ। ਤੇਰੀ ਬੇਟੀ ਤੇ ਭੈਣ ਦੇ ਵਟਾਂਦਰੇ ਵਿਚ ਤੋਤਾ ਜ਼ਰੂਰ ਦੇ ਦੇਵਾਂਗਾ। ਫਿਰ ਤੋਤੇ ਦਾ ਮੁੱਲ ਪੂਰਾ ਪਵੇਗਾ।' ਤੋਤੇ ਵਾਲੇ ਦਾ ਦੂਸਰਾ ਬਚਨ ਸੀ।

ਇਹ ਕੌੜੇ ਤੇ ਮਹਾਨ ਨਿਰਾਦਰੀ ਦੇ ਬਚਨ ਨੂੰ ਸੁਣ ਕੇ ਸਿੱਖ ਨਹੀਂ ਡੋਲਿਆ। ਉਹ ਸਿਦਕ ਵਿਚ ਕਾਇਮ ਰਿਹਾ ਤੇ ਉਸ ਨੇ ਤੋਤੇ ਵਾਲੇ ਦੀ ਇਹ ਵੀ ਸ਼ਰਤ ਮਨਜ਼ੂਰ ਕਰ ਲਈ। ਉਹ ਭੈਣ ਨੂੰ ਤੋਤੇ ਵਾਲੇ ਕੋਲ ਇਕੱਲੀ ਛਡ ਕੇ ਆਪਣੇ ਘਰ ਨੂੰ ਨੱਠ ਗਿਆ। ਘਰਕਦਾ ਹੋਇਆ ਘਰ ਪੁੱਜਾ। ਆਪਣੀ ਮਾਤਾ ਤੇ ਇਸਤਰੀ ਨੂੰ ਜਾ ਆਖਿਆ—'ਤੋਤੇ ਵਾਲਾ ਬੇਟੀ ਵੀ ਮੰਗਦਾ ਹੈ। ਬੇਟੀ ਨੂੰ ਤੋਰੋ, ਮੈਂ ਤੋਤਾ ਜ਼ਰੂਰ ਖ਼ਰੀਦਣਾ ਹੈ ਤੇ ਗੁਰੂ ਜੀ ਦੀ ਭੇਟਾ ਕਰਨਾ ਹੈ।'

ਹਰਿਪਾਲ ਦੀ ਜ਼ਬਾਨੋਂ ਇਹ ਸੁਣ ਕੇ ਭਾਈ ਹਰਿਪਾਲ ਦੀ ਮਾਤਾ ਨੇ ਉੱਤਰ ਦਿੱਤਾ, 'ਪੁੱਤਰ ਖ਼ੁਸ਼ੀ ਨਾਲ ਆਪਣੀ ਬੇਟੀ ਨੂੰ ਨਾਲ ਲੈ ਜਾਹ। ਕੋਈ ਡਰ ਨਹੀਂ ਸਭ ਕੁਝ ਗੁਰੂ ਦਾ ਹੈ। ਜਿਵੇਂ ਗੁਰੂ ਦੀ ਇੱਛਾ ਹੈ ਤਿਵੇਂ ਹੋ ਕੇ ਰਹੇਗਾ, ਚਿੰਤਾ ਕਰਨ ਦੀ ਲੋੜ ਨਹੀਂ ਜਾਓ ਲੈ ਜਾਓ।'

ਨੂੰਹ ਸੱਸ ਨੇ ਹਰਿਪਾਲ ਦੀ ਧੀ ਨੂੰ ਤਿਆਰ ਕੀਤਾ। ਨਵੇਂ ਲੀੜੇ ਦਵਾਲੇ ਪਵਾਏ ਪਿਆਰ ਦੇ ਕੇ ਭਾਈ ਹਰਿਪਾਲ ਦੇ ਨਾਲ ਤੋਰਿਆ। ਭਾਈ ਹਰਿਪਾਲ ਆਪਣੀ ਬੇਟੀ ਨੂੰ ਨਾਲ ਲੈ ਕੇ ਤੋਤੇ ਵਾਲੇ ਕੋਲ ਆ ਗਿਆ। ਤੋਤੇ ਵਾਲੇ ਨੇ ਭਾਈ ਹਰਿਪਾਲ ਦੀ ਭੈਣ ਤੇ ਬੇਟੀ ਨੂੰ ਹਾਸਲ ਕਰ ਕੇ ਤੋਤੇ ਦਾ ਪਿੰਜਰਾ ਭਾਈ ਹਰਿਪਾਲ ਦੇ ਹੱਥ ਫੜਾ ਦਿੱਤਾ। ਭਾਈ ਹਰਿਪਾਲ ਪਿੰਜਰੇ ਨੂੰ ਚੁੱਕ ਕੇ ਜਿਧਰ ਸਤਿਗੁਰੂ ਗਏ ਸਨ, ਉਧਰੇ ਚਲਿਆ ਗਿਆ।

ਦੋਂਹ ਕੁੜੀਆਂ ਨੂੰ ਅਗੇ ਅਗੇ ਤੋਰੀ ਮੂਰਖ ਤੋਤੇ ਵਾਲਾ ਆਪਣੇ ਘਰ ਨੂੰ ਤੁਰ ਪਿਆ। ਉਸ ਵੇਲੇ ਧਰਤੀ ਹਿੱਲ ਪਈ, ਅਸਮਾਨ ਗਰਜਿਆ। ਧਰਤੀ ਤੇ ਅਸਮਾਨ ਮੂਰਖ ਤੋਤੇ ਵਾਲੇ ਦੀ ਮੂਰਖਤਾ ਉਤੇ ਕ੍ਰੋਧਵਾਨ ਸਨ। ਉਹ ਮੂਰਖ

ਘਰ ਜਾ ਪੁੱਜਾ ਤਾਂ ਉਸਦੀ ਇਸਤਰੀ, ਮੁਟਿਆਰ ਤੇ ਓਪਰੀਆਂ ਕੁੜੀਆਂ ਨੂੰ ਦੇਖਕੇ ਬਹੁਤ ਹੈਰਾਨ ਹੋਈ। ਉਸ ਨੇ ਛੇਤੀ ਨਾਲ ਪੁਛਿਆ—'ਇਹ ਕੌਣ ਹਨ ? ਇਹਨਾਂ ਨੂੰ ਕਿਉਂ ਘਰ ਲਿਆਇਆ ਹੈਂ ?'

'ਹੈਰਾਨ ਨਾ ਹੋ! ਇਨ੍ਹਾਂ ਨੂੰ ਮੈਂ ਤੋਤੇ ਤੋਂ ਵਟਾ ਕੇ ਲਿਆਇਆ ਹਾਂ, ਇਹ ਹੁਣ ਮੇਰੀਆਂ ਹਨ।' ਤੋਤੇ ਵਾਲੇ ਨੇ ਹੱਸ ਕੇ ਅਗੋਂ ਉੱਤਰ ਦਿੱਤਾ। ਇਸ ਦੇ ਪਿਛੋਂ ਉਸ ਨੇ ਆਪਣੀ ਇਸਤਰੀ ਨੂੰ ਸਾਰੀ ਵਾਰਤਾ ਆਖ ਸੁਨਾਈ। ਵਾਰਤਾ ਨੂੰ ਸੁਣ ਕੇ ਉਹ ਦੇਵੀ ਤ੍ਰਬਕ ਉਠੀ। ਉਹ ਕ੍ਰੋਧ ਨਾਲ ਲਾਲ ਪੀਲੀ ਹੋ ਕੇ ਆਪਣੇ ਮੂਰਖ ਪਤੀ ਨੂੰ ਸਮਝਾਉਣ ਲਗੀ—'ਕਿਉਂ ਕੁਲ ਦਾ ਨਾਸ ਕਰਨ ਲਗਾ ਹੈਂ। ਦੁਸ਼ਮਨਾ, ਪਾਪੀਆ! ਭਾਈ ਹਰਿਪਾਲ ਧਰਮੀ ਸਿੱਖ। ਉਸ ਦੀ ਆਤਮਾ ਭਾਵੇਂ ਸਰਾਪ ਨਾ ਦੇਵੇ ਪਰ ਇਸ ਅਨਰਥ ਨੂੰ ਭਗਵਾਨ ਤਾਂ ਜ਼ਰੂਰ ਦੇਖਦਾ ਹੈ। ਉਹ ਸਜ਼ਾ ਦੇਵੇਗਾ, ਨਰਕਾਂ ਦਾ ਭਾਗੀ ਨਾ ਬਣ। ਅੰਨ੍ਹਾ ਤੇ ਕੋਹੜੀ ਬਣ ਜਾਵੇਂਗਾ। ਭਾਈ ਹਰਿਪਾਲ ਦੀ ਬੇਟੀ ਤੇ ਭੈਣ ਹੈ। ਇਹਨਾਂ ਵਲ ਮਾੜੀ ਨਿਗਾਹ ਨਾਲ ਨਾ ਤਕੀਂ। ਦਿਲ ਵਿਚ ਮੰਦਾ ਨਾ ਚਿਤਵੀਂ। ਸੱਚੇ ਪਾਤਸ਼ਾਹ ਕੋਲੋਂ ਡਰ। ਸਤਿਗੁਰੂ ਕ੍ਰੋਧਵਾਨ ਹੋ ਗਏ ਤਾਂ ਉਹ ਤੇਰਾ ਕੁਲ ਨਸ਼ਟ ਕਰ ਦੇਣਗੇ। ਚਲ ਛੇਤੀ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋ। ਆਪਣੀ ਭੁੱਲ ਨੂੰ ਬਖ਼ਸ਼ਾਉਣ ਦਾ ਯਤਨ ਕਰ, ਚਿਤਵੇ ਪਾਪ ਦਾ ਪ੍ਰਾਸਚਿਤ ਕਰ।'

ਮੂਰਖ ਪਤੀ ਨੂੰ ਨੇਕ ਇਸਤਰੀ ਦੀਆਂ ਗੱਲਾਂ ਕੌੜੀਆਂ ਵੀ ਲੱਗੀਆਂ ਤੇ ਸੋਝੀ ਵੀ ਆਉਣ ਲਗੀ। ਸਤਿਗੁਰੂ ਨੇ ਭਾਣਾ ਵਰਤਾਉਣਾ ਸੀ, ਮੂਰਖ ਜੋ ਪਾਪੀ ਤਾਰਨਾ ਸੀ, ਬਹੁਤ ਸਾਰੀ ਬਹਿਸ ਤੇ ਲੜਾਈ ਪਿਛੋਂ ਉਹ ਮੰਨ ਗਿਆ, ਦੋਹਾਂ ਲੜਕੀਆਂ ਨੂੰ ਵਾਪਸ ਕਰਨ ਵਾਸਤੇ ਤਿਆਰ ਹੋ ਪਿਆ। ਉਸ ਦੀ ਇਸਤਰੀ ਨਾਲ ਤੁਰੀ, ਲੜਕੀਆਂ ਨੂੰ ਸਾਥ ਲਿਆ। ਪਤੀ ਨੂੰ ਅਗੇ ਲਾਇਆ, ਸਾਰੇ ਹੀ ਸੱਚੇ ਸਤਿਗੁਰੂ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਹਾਜ਼ਰ ਹੋ ਗਏ। ਮੂਰਖ ਤੋਤੇ ਵਾਲੇ ਦੀ ਇਸਤਰੀ ਨੇ ਸਾਰੀ ਗੱਲ ਸੱਚੋ ਸੱਚ ਆਖ ਸੁਣਾਈ, ਨਾਲ ਹੀ ਦੋਵੇਂ ਹੱਥ ਜੋੜ ਕੇ ਨਿਮਰਤਾ ਨਾਲ ਖਿਮਾ ਮੰਗੀ—'ਦਾਤਾ! ਅਸਾਂ ਪਾਪੀਆਂ ਦੀਆਂ ਭੁਲਾਂ ਨਾ ਚਿਤਾਰੋ! ਦਿਆਲੂ! ਕ੍ਰਿਪਾਲੂ! ਅੰਤਰਜਾਮੀ ਪ੍ਰਤੱਖ ਪ੍ਰਮਾਤਮਾ, ਮੇਰੇ ਪਤੀ ਨੂੰ ਖਿਮਾ ਕਰੋ ਇਹ ਬੇਟੀਆਂ ਭਾਈ ਹਰਿਪਾਲ ਦੇ ਘਰ ਭੇਜੋ, ਅਸੀਂ ਤੋਤੇ ਦੀ ਕੀਮਤ ਨਹੀਂ ਮੰਗਦੇ। ਬਖ਼ਸ਼ੋ!

ਦਾਤਾ ਬਖ਼ਸ਼ੋ !'

ਦਇਆ ਦੇ ਸਾਗਰ ਸੱਚੇ ਪਾਤਸ਼ਾਹ ਬੋਲੇ—'ਧੰਨ ਭਾਈ ਹਰਿਪਾਲ ਸੱਚਾ ਸਿੱਖ ਹੈਂ, ਤੂੰ ਦੇਵੀ ਧੰਨ ਹੈਂ ! ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰੋ। ਸੰਗਤ ਦੀ ਸੇਵਾ ਕਰੋ। ਤੁਸਾਂ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਵਾਹਿਗੁਰੂ ਨਾਮ ਦਾ ਸਿਮਰਨ ਕਰਿਆ ਕਰੋ।'

ਏਨੇ ਨੂੰ ਭਾਈ ਹਰਿਪਾਲ ਵੀ ਤੋਤੇ ਦਾ ਪਿੰਜਰਾ ਫੜੀ ਗੁਰੂ ਜੀ ਦੇ ਦਰਬਾਰ ਵਿਚ ਹਾਜ਼ਰ ਹੋ ਗਏ। ਉਹ ਸਤਿਗੁਰਾਂ ਨੂੰ ਬਾਗ ਵਿਚ ਢੂੰਡਦੇ ਰਹੇ, ਪਰ ਗੁਰੂ ਜੀ ਬਾਗ ਦੀ ਥਾਂ ਆਪਣੇ ਆਸਣ ਵਲ ਮੁੜ ਆਏ ਸਨ। ਭਾਈ ਹਰਿਪਾਲ ਬਾਗ ਵਿਚ ਲਭਦਾ ਰਿਹਾ ਇਸੇ ਕਰਕੇ ਉਸ ਨੂੰ ਦੇਰ ਹੋ ਗਈ। ਆਪਣੀ ਭੈਣ ਅਤੇ ਪੁੱਤਰੀ ਨੂੰ ਸਤਿਗੁਰਾਂ ਦੇ ਹਜ਼ੂਰ ਬੈਠਿਆਂ ਦੇਖ ਕੇ ਬਹੁਤ ਹੈਰਾਨ ਹੋਇਆ। ਗੁਰ ਚਰਨ ਕਮਲਾਂ ਵਿਚ ਤੋਤੇ ਦਾ ਪਿੰਜਰਾ ਰੱਖ ਕੇ ਉਹ ਬੋਲਿਆ— 'ਹੇ ਪ੍ਰਭੂ ! ਇਹ ਤੋਤਾ ਹੈ ਜਿਸ ਨੂੰ ਆਪ ਪਸੰਦ ਕਰਦੇ ਸੀ ਖਿਮਾ ਕਰਨਾ ਸੌਦਾ ਕਰਦਿਆਂ ਹੋਇਆਂ ਦੇਰ ਹੋ ਗਈ, ਨਹੀਂ ਤਾਂ ਪਹਿਲਾਂ ਪਹੁੰਚ ਜਾਣਾ ਸੀ।'

ਭਾਈ ਹਰਿਪਾਲ ਜੀ ਦਾ ਸਿਦਕ ਦੇਖ ਕੇ ਸਾਰੀ ਸੰਗਤ ਧੰਨ ਧੰਨ ਕਰ ਉਠੀ। ਮੂਰਖ ਤੋਤੇ ਵਾਲਾ ਵੀ ਗੁਰਾਂ ਦਾ ਸਿਖ ਬਣਿਆ। ਭਾਈ ਹਰਿਪਾਲ ਦੀ ਭੈਣ ਤੇ ਪੁੱਤਰੀ ਨੂੰ ਸਤਿਗੁਰਾਂ ਆਪਣੀਆਂ ਪੁੱਤਰੀਆਂ ਬਣਾ ਲਿਆ। ਯੋਗ ਵਰ ਲਭ ਕੇ ਗੁਰੂ ਜੀ ਨੇ ਆਪ ਉਨ੍ਹਾਂ ਦੇ ਵਿਆਹ ਕੀਤੇ। ਸਾਰੇ ਜੀਆਂ ਦਾ ਬੈਕੁੰਠ ਵਾਸ ਹੋਇਆ।

*ਹੇ ਠਾਕੁਰ ਹਉ ਦਾਸਰੋ ਮੈ ਨਿਰਗੁਨ ਗੁਨੁ ਨਹੀ ਕੋਇ॥*
*ਨਾਨਕ ਦੀਜੈ ਨਾਮ ਦਾਨੁ ਰਾਖਉ ਹੀਐ ਪਰੋਇ॥੫੫॥* (ਬਾਵਨ ਅਖਰੀ)

# ੭੯. ਭਾਈ ਰਣੀਆਂ ਜੀ

ਰਣੀਆਂ ਜਵਾਨੀ ਵਿਚ ਧਾੜਵੀ ਸੀ, ਛੇ ਫੁੱਟ ਲੰਮਾ ਜਵਾਨ ਸੀ, ਡੀਲ-ਡੌਲ ਖੁਲ੍ਹਾ ਨਿਡਰ ਅਤੇ ਤਕੜਾ ਲੜਕਾ ਸੀ। ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦਾ। ਗੁਰੂ ਪੀਰਾਂ ਜਾਂ ਪ੍ਰਮਾਤਮਾ ਦਾ ਉਸ ਨੂੰ ਗਿਆਨ ਨਹੀਂ ਸੀ, ਧਾੜਾ ਮਾਰਨ ਵੇਲੇ ਮਾੜਾ ਤਕੜਾ ਇਸਤਰੀ ਮਰਦ ਜਾਂ ਬਾਲ ਨਾ ਦੇਖਦਾ, ਜੋ ਚੀਜ਼

ਕਿਸੇ ਕੋਲੋਂ ਮਿਲਦੀ ਉਸ ਨੂੰ ਖੋਹ ਲੈਂਦਾ। ਹੈ ਉਹ ਇਕੱਲਾ ਸੀ। ਉਸ ਦੇ ਮਾਂ ਬਾਪ ਤੇ ਭੈਣ ਭਾਈ ਮਰ ਚੁਕੇ ਸਨ। ਮਾੜੇ ਆਦਮੀਆਂ ਦੀ ਸੰਗਤ ਦੇ ਕਾਰਨ ਉਸ ਨੇ ਧਾੜੇ ਮਾਰਨੇ ਸਿਖ ਲਏ ਸਨ।

ਇਕ ਦਿਨ ਇਹ ਸਾਰੀ ਰਾਤ ਫਿਰਦਾ ਰਿਹਾ ਇਸ ਨੂੰ ਕੋਈ ਸ਼ਿਕਾਰ ਹੱਥ ਨਾ ਲੱਗਾ। ਦਿਨ ਚੜ੍ਹਨ ਤੇ ਜੰਗਲ ਵਿਚ ਜਾ ਵੜਿਆ, ਵਾਹਵਾ ਦਿਨ ਚੜ੍ਹ ਗਿਆ। ਸਬੱਬ ਨਾਲ ਜੰਗਲ ਵਿਚੋਂ ਨਿਕਲ ਕੇ ਵਸੋਂ ਵਲ ਚਲਿਆ ਤਾਂ ਹਰੇ ਖੇਤਾਂ ਵਿਚ ਇਕ ਇਸਤਰੀ ਰਾਹੇ ਰਾਹ ਜਾ ਰਹੀ ਸੀ। ਉਹ ਸਵਾਣੀ ਕਿਸੇ ਚੰਗੇ ਰਜੇ ਪੁਜੇ ਘਰਾਣੇ ਦੀ ਸੀ। ਉਸ ਦੇ ਉਦਾਲੇ ਜ਼ੇਵਰ ਬਹੁਤ ਸੀ, ਦੂਸਰਾ ਉਸ ਦੀ ਜਵਾਨੀ ਤੇ ਸੁੰਦਰਤਾ ਵੀ ਖਿਚਵੀਂ ਸੀ। ਰਣੀਏ ਨੇ ਉਸ ਨੂੰ ਦੇਖਿਆ। ਦੇਖਦੇ ਸਾਰ ਅਗੇ ਵਧਿਆ। ਜਵਾਨੀ ਤੇ ਨਿਡਰਤਾ ਦੇ ਆਸਰੇ ਉਸ ਨੂੰ ਇਹ ਵੀ ਖ਼ਿਆਲ ਨਾ ਰਿਹਾ ਕਿ ਦਿਨ ਹੈ। ਸ਼ਾਇਦ ਕੋਈ ਦੇਖਦਾ ਹੋਵੇਗਾ ਤੇ ਉਹ ਇਸਤਰੀ ਦੀ ਸਹਾਇਤਾ ਕਰੇਗਾ। ਰਣੀਏ ਦੇ ਮੋਢੇ ਉਤੇ ਕੁਹਾੜੀ ਵਾਲੀ ਡਾਂਗ ਸੀ। ਜਿਸ ਨੂੰ ਪੁਰਾਣੇ ਸਮੇਂ ਵਿਚ ਛਵ੍ਹੀ ਆਖਿਆ ਜਾਂਦਾ ਸੀ। ਅਗੇ ਵਧ ਕੇ ਉਸ ਨੇ ਇਸਤਰੀ ਨੂੰ ਲਲਕਾਰਾ ਮਾਰਿਆ, 'ਖਲੋ ਜਾਹ! ਜਾਨ ਗਵਾ ਬੈਠੇਂਗੀ।'

ਦਿਓ ਵਰਗਾ ਧਾੜਵੀ ਦੇਖ ਕੇ ਉਸ ਦਾ ਹੁਕਮ ਸੁਣ ਕੇ ਉਹ ਇਸਤਰੀ ਠਠੰਬਰ ਗਈ, ਪਰ ਜਵਾਨੀ ਤਕੜੀ ਹੋਣ ਕਰਕੇ ਉਸ ਨੇ ਹੌਂਸਲਾ ਕੀਤਾ ਤੇ ਬਲ ਨੂੰ ਇਕੱਠਾ ਕਰਕੇ ਬੋਲੀ—'ਦੂਰ ਰਹੋ! ਮੈਨੂੰ ਕਿਉਂ ਰੋਕਦਾ ਹੈਂ ? ਮੈਂ ਤੇਰੀ ਕੀ ਲਗਦੀ ਹਾਂ ?'

'ਮੇਰੀ ਤੂੰ ਕੁਝ ਵੀ ਨਹੀਂ ਲਗਦੀ, ਮੈਂ ਧਾੜਵੀ ਰਣੀਆਂ ਹਾਂ। ਤੇਰੀਆਂ ਟੂੰਮਾਂ ਲੈਣਾ ਚਾਹੁੰਦਾ ਹਾਂ। ਟੂੰਮਾਂ ਲਾਹ ਦੇ।' ਦੂਰੋਂ ਹੀ ਰਣੀਏ ਨੇ ਆਖਿਆ।

ਦੂਰੋਂ ਨੇੜੇ ਆ ਕੇ ਉਸ ਨੇ ਛਵ੍ਹੀ ਦਾ ਵਾਰ ਤਾਂ ਨਾ ਕੀਤਾ ਪਰ ਹੱਥਾਂ ਨਾਲ ਇਸਤਰੀ ਕੋਲੋਂ ਟੂੰਮਾਂ (ਜੇਵਰ) ਖੋਹਣ ਲੱਗਾ। ਇਸਤਰੀ ਬਲ ਤੇ ਹੌਂਸਲੇ ਵਾਲੀ ਸੀ। ਉਸ ਕੋਲੋਂ ਟੂੰਮਾਂ ਖੋਹਣੀਆਂ ਸੌਖੀਆਂ ਨਹੀਂ ਸਨ। ਦੋਨੋਂ ਹੱਥੋ ਪਾਈ ਹੋ ਪਏ। ਇਸਤਰੀ ਆਪਣੀਆਂ ਟੂੰਮਾਂ ਤੇ ਇੱਜ਼ਤ ਬਚਾਉਣ ਬਦਲੇ ਰਣੀਏ ਨਾਲ ਘੁਲਣ ਲਗੀ। ਘੁਲਦਿਆਂ ਘੁਲਦਿਆਂ ਇਸਤਰੀ ਧਰਤੀ ਉਤੇ ਡਿਗ ਪਈ। ਰਣੀਆਂ ਉਸ ਦੀ ਛਾਤੀ ਉਤੇ ਚੜ੍ਹ ਬੈਠਾ ਤੇ ਗਲ ਨਕ ਸਿਰ ਤੇ

ਕੰਨਾਂ ਦੀਆਂ ਟੂੰਮਾਂ ਖਿਚਣ ਲਗਾ। ਅਜੇ ਪਹਿਲੀ ਟੂੰਮ ਨੂੰ ਹੱਥ ਪਾਇਆ ਸੀ ਕਿ ਉਸ ਦੇ ਕੰਨ ਲਾਗਿਓਂ ਦੀ ਸ਼ਾਂ ਕਰਕੇ ਤੀਰ ਲੰਘ ਗਿਆ ਤੇ ਇਕ ਪੈਲੀ ਅਗੇ ਜਾ ਡਿਗਾ। ਤੀਰ ਨੂੰ ਦੇਖ ਕੇ ਰਣੀਏ ਦੇ ਹੱਥ ਠੰਡੇ ਹੋ ਗਏ। ਉਹ ਸੋਚਣ ਲੱਗਾ ਇਹ ਕੌਣ ਆ ਗਿਆ। ਅਜੇ ਸੋਚ ਹੀ ਰਿਹਾ ਸੀ ਕਿ ਅਚਾਨਕ ਹੀ ਦੂਸਰਾ ਤੀਰ ਆ ਕੇ ਉਹਦੇ ਕੋਲ ਗਡਿਆ ਗਿਆ। ਦੋ ਤੀਰਾਂ ਨੂੰ ਦੇਖ ਕੇ ਰਣੀਏ ਦਾ ਸਰੀਰ ਠੰਡਾ ਹੋ ਗਿਆ। ਉਸ ਨੂੰ ਟੂੰਮਾਂ ਉਤਾਰਨ ਦਾ ਹੌਸਲਾ ਨਾ ਪਿਆ ਤੇ ਉਠ ਬੈਠਾ। ਉਠ ਕੇ ਇਸਤਰੀ ਕੋਲੋਂ ਪਰੇ ਹੋ ਗਿਆ। ਇਸਤਰੀ ਛੇਤੀ ਨਾਲ ਉਠੀ ਤੇ ਰਾਹੇ ਰਾਹ ਪੈ ਕੇ ਆਪਣੇ ਪਿੰਡ ਨੱਠ ਉਠੀ। ਅਜੇ ਵੀਹ ਕੁ ਕਦਮ ਨੱਠੀ ਹੋਵੇਗੀ ਕਿ ਉਸ ਨੂੰ ਆਵਾਜ਼ ਸੁਣਾਈ ਦਿਤੀ—'ਪੁੱਤਰੀ! ਘਾਬਰ ਨਾ ਹੌਲੀ ਤੁਰ। ਤੇਰੀ ਹਵਾ ਵਲ ਕੋਈ ਨਹੀਂ ਦੇਖ ਸਕਦਾ।'

ਇਹ ਬੋਲ ਸੁਣ ਕੇ ਉਸ ਇਸਤਰੀ ਨੇ ਸੱਜੇ ਪਾਸੇ ਦੇਖਿਆ ਤਾਂ ਘੋੜੇ ਉਤੇ ਸਵਾਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਖਲੋਤੇ ਸਨ। ਜਿਨ੍ਹਾਂ ਦੇ ਤੀਰਾਂ ਦੇ ਬਲ ਦੀ ਧੁੰਮ ਪਈ ਹੋਈ ਸੀ। ਨੂਰੀ ਚਿਹਰਾ ਹੱਥ ਵਿਚ ਬਾਜ ਚਿਟੇ ਘੋੜੇ ਉਤੇ ਸਵਾਰ ਸਤਿਗੁਰਾਂ ਨੂੰ ਪਛਾਣ ਕੇ ਉਧਰ ਨੱਸੀ ਤੇ ਜਾ ਮੱਥਾ ਟੇਕਿਆ। ਪੁੱਤਰੀ ਹੌਸਲੇ ਨਾਲ ਘਰ ਨੂੰ ਜਾਹ। ਅਕਾਲ ਪੁਰਖ ਤੇਰੇ ਸਵੈ ਸਤਿਕਾਰ ਨੂੰ ਕਾਇਮ ਰਖੇ। ਗੁਰੂ ਜੀ ਨੇ ਅਸੀਸ ਦਿੱਤੀ। ਉਹ ਇਸਤਰੀ ਮੱਥਾ ਟੇਕ ਕੇ ਆਪਣੇ ਪਿੰਡ ਨੂੰ ਤੁਰ ਗਈ।

ਰਣੀਏ ਨੇ ਸਤਿਗੁਰੂ ਨੂੰ ਦੇਖਿਆ ਪਰ ਉਹਨਾਂ ਦੇ ਨੇੜੇ ਜਾਣ ਦਾ ਹੌਸਲਾ ਨਾ ਪਿਆ। ਰਣੀਆਂ ਧਾੜਵੀ ਸੀ। ਧਾੜਵੀ ਦੇ ਦਿਲ ਵਿਚ ਸ਼ੱਕ ਪੈ ਗਿਆ ਕਿ ਹੋ ਸਕਦਾ ਹੈ ਕਿ ਇਹ ਘੋੜੇ ਵਾਲਾ ਸਵਾਰ ਕੋਈ ਬਾਦਸ਼ਾਹ ਜਾਂ ਸਰਕਾਰੀ ਅਫ਼ਸਰ ਹੈ। ਮੈਂ ਫੜਿਆ ਜਾਵਾਂਗਾ। ਉਹ ਦੂਸਰੇ ਪਾਸੇ ਨੂੰ ਮੂੰਹ ਕਰਕੇ ਤੁਰ ਪਿਆ ਪਰ ਤੁਰਨ ਲਗਿਆਂ ਉਸ ਨੇ ਗੁਰੂ ਜੀ ਦਾ ਛਡਿਆ ਹੋਇਆ ਤੀਰ ਚੁਕ ਲਿਆ। ਉਸ ਨੂੰ ਚੁੰਮਿਆ, ਦੇਖਿਆ ਪਰ ਜਿਉਂ ਜਿਉਂ ਤੀਰ ਨੂੰ ਦੇਖਦਾ ਤੇ ਚੁੰਮਦਾ ਸੀ ਤਿਉਂ ਤਿਉਂ ਉਸ ਦੀ ਆਤਮਾ ਤੇ ਅੱਖਾਂ ਨੂੰ ਸ਼ਾਂਤੀ ਆਉਂਦੀ ਜਾਂਦੀ ਸੀ। ਉਸ ਦਾ ਜੀਵਨ ਨਵਾਂ ਤੇ ਅਰੋਗ ਹੁੰਦਾ ਜਾਂਦਾ ਸੀ। ਉਹ ਇਹ ਭੁੱਲਦਾ ਜਾਂਦਾ ਸੀ ਕਿ ਉਹ ਧਾੜਵੀ ਹੈ। ਉਸ ਨੂੰ ਛਵ੍ਹੀ ਚੁੱਕਣ ਦਾ ਚੇਤਾ ਨਹੀਂ ਰਿਹਾ, ਉਸ ਨੂੰ ਕ੍ਰੋਧ ਤੇ ਅਫ਼ਸੋਸ ਨਹੀਂ ਆਇਆ। ਉਹ ਚੁਪ ਚਾਪ

ਵਸੋਂ ਵਲ ਚਲਿਆ ਗਿਆ, ਵਸੋਂ ਦੇ ਵਿਚ ਦੀ ਲੰਘ ਕੇ ਮੁੜ ਜੰਗਲ ਵੱਲ ਉਸ ਨੇ ਵਸੋਂ ਦੇ ਵਿਚ ਦੀ ਲੰਘਦਿਆਂ ਹੋਇਆਂ ਨਾ ਕਿਸੇ ਦੇ ਧਨ ਤੇ ਨਾ ਕਿਸੇ ਦੇ ਜੋਬਨ ਵਲ ਤਕਿਆ। ਉਸ ਦੀ ਭੁੱਖ ਮਰ ਚੁੱਕੀ ਸੀ। ਉਹ ਪਹਿਲਾਂ ਮਠਿਆਈ ਬਹੁਤ ਖਾਇਆ ਕਰਦਾ ਸੀ, ਪਰ ਉਸ ਦਿਨ ਉਸ ਨੇ ਮਠਿਆਈ ਤੇ ਹਲਵਾਈਆਂ ਦੀਆਂ ਹੱਟੀਆਂ ਵਲ ਝਾਕਿਆ ਨਹੀਂ। ਮੁੜ ਕੇ ਜੰਗਲ ਵਿਚ ਜਾ ਕੇ ਉਸ ਨੇ ਉਦਾਲੇ ਦੇ ਸਾਰੇ ਲੀੜੇ ਲਾਹ ਸੁਟੇ। ਨੰਗੇਜ ਕੱਜਣ ਵਾਸਤੇ ਤੇੜ ਲੰਗੋਟੀ ਰਹਿਣ ਦਿਤੀ। ਏਰਨੇ (ਗੋਹੇ) ਇਕੱਠੇ ਕਰਕੇ ਅੱਗ ਬਾਲੀ ਤੇ ਅੱਗ ਨੂੰ ਠੰਡਿਆਂ ਕਰ ਕੇ ਉਸ ਦੀ ਬਰੀਕ ਸਵਾਹ ਨੂੰ ਤਨ ਉਤੇ ਮਲ ਲਿਆ, ਉਹ ਸਾਧੂ ਹੋ ਗਿਆ। ਸਾਧੂ ਹੋ ਕੇ ਨਗਰਾਂ ਤੇ ਸੰਤਾਂ ਦੀਆਂ ਟੋਲੀਆਂ ਵਿਚ ਵਿਚਰਨ ਲਗਾ। ਹੌਲੀ ਹੌਲੀ ਸ਼ਿਵਲਿੰਗ ਦੀ ਪੂਜਾ ਕਰਨ ਲਗਾ। ਹੋ ਗਿਆ ਪੱਕਾ ਸ਼ਿਵ ਜੀ ਭਗਤ।

ਰਣੀਆਂ ਚੋਰ ਤੋਂ ਸ਼ਿਵ ਭਗਤ ਸਾਧੂ ਹੋ ਗਿਆ ਪਰ ਆਤਮਾ ਨੂੰ ਸ਼ਾਂਤੀ ਨਾ ਮਿਲੀ। ਮਨ ਦੀ ਭਟਕਣ ਬਹੁਤ ਵਧ ਗਈ, ਦੋ ਸਾਲ ਪਿਛੋਂ ਫਿਰਦਾ ਫਿਰਾਂਦਾ ਰਣੀਆਂ ਸਾਧੂ ਸ੍ਰੀ ਅੰਮ੍ਰਿਤਸਰ ਜੀ ਆ ਗਿਆ। ਸ਼ਹਿਰੋਂ ਬਾਹਰ ਬੈਠਾ ਉਹ ਸ਼ਿਵ ਮੂਰਤੀ ਦੀ ਪੂਜਾ ਕਰ ਰਿਹਾ ਸੀ ਕਿ ਅਚਾਨਕ ਉਸ ਦੇ ਸਿਰ ਉਪਰ ਗੁਰੂ ਜੀ ਆ ਖਲੋਤੇ, ਸਚੇ ਸਤਿਗੁਰੂ ਬੋਲੇ, 'ਪੁਰਸ਼ਾ! ਧਾੜੇ ਮਾਰਨ ਤੋਂ ਇਸ ਵਾਸਤੇ ਨਹੀਂ ਹਟਾਇਆ ਕਿ ਪੱਥਰਾਂ ਦੀ ਪੂਜਾ ਕਰੇਂ। ਅਕਲ ਕਰ, ਪ੍ਰਭੂ ਸਿਮਰਨ ਕਰ ਤੇਰੇ ਜੀਵਨ ਦਾ ਮਨੋਰਥ ਹੋਰ ਹੈ। ਸਾਧ ਸੰਗਤ ਵਿਚ ਬੈਠ ਕੇ ਰਾਮ ਨਾਮ ਦਾ ਸਿਮਰਨ ਕਰ।'

ਰਣੀਏ ਨੇ ਪਿਛੇ ਮੁੜ ਕੇ ਦੇਖਿਆ, ਪਛਾਣਿਆ ਠੀਕ ਓਹੋ ਹੀ ਘੋੜੇ ਵਾਲਾ ਸੀ। ਜਿਹੜਾ ਕਦੀ ਖੇਤਾਂ ਵਿਚ ਮਿਲਿਆ ਸੀ। ਜਿਸ ਨੂੰ ਬਾਦਸ਼ਾਹ ਸਮਝ ਕੇ ਦੂਸਰੇ ਪਾਸੇ ਤੁਰ ਪਿਆ ਸੀ। 'ਦਾਤਾ!' ਰਣੀਆਂ ਆਖਣ ਲਗਾ—'ਮੈਨੂੰ ਕੁਝ ਸੂਝ ਨਹੀਂ, ਕੋਈ ਨਹੀਂ ਦਿਸਦਾ, ਜੀਵਨ ਰਾਹ ਚੰਗਾ ਕਿਹੜਾ ਹੈ। ਆਪ ਹੀ ਮਿਹਰ ਕਰੋ। ਦਇਆ ਕਰੋ। ਨੇਕੀ ਤੇ ਮੁਕਤੀ ਦਾ ਚਾਹਵਾਨ ਹਾਂ, ਭਿਖਾਰੀ ਹਾਂ।'

ਗੁਰੂ ਜੀ ਨੇ ਦਇਆ ਕਰ ਕੇ ਉਸ ਨੂੰ ਗੁਰਮਤਿ ਦਾ ਦਾਨ ਬਖ਼ਸ਼ਿਆ ਉਹ ਗੁਰੂ ਦਾ ਸਿੱਖ ਬਣਿਆ। ਵਾਹਿਗੁਰੂ ਦੇ ਸਿਮਰਨ ਨਾਲ ਗੁਰੂ ਦੇ ਲੰਗਰ

ਤੇ ਗੁਰੂ ਜੀ ਦੇ ਘੋੜਿਆਂ ਦੀ ਸੇਵਾ ਕਰਦਾ ਰਿਹਾ। ਉਹ ਧਾੜਵੀ ਜੀਵਨ ਤੋਂ ਮੁਕਤ ਹੋ ਗਿਆ।

# ੭੯. ਭਾਈ ਸਾਈਏਂ ਦੀ ਨਿਰਮਾਣਤਾ

*ਨਿਰਗੁਨੀਆਰੇ ਕਉ ਗੁਨੁ ਕੀਜੈ ਹਰਿ ਨਾਮੁ ਮੇਰਾ ਮਨੁ ਜਾਪੇ॥*

ਭਾਈ ਸਾਈਆਂ ਛੇਵੇਂ ਗੁਰੂ ਦਾ ਸਿੱਖ ਸੀ, ਪਿੰਡ ਤੋਂ ਬਾਹਰ ਸੁੰਨੀ ਜੂਹ ਵਿਚ ਬੈਠਾ ਵਾਹਿਗੁਰੂ ਸਿਮਰਨ ਕਰਦਾ ਰਹਿੰਦਾ। ਪਹਿਲਾਂ ਪਹਿਲਾਂ ਤਾਂ ਸ਼ਾਮ ਸਵੇਰੇ ਜਪ ਕਰਨ ਜਾਂਦਾ, ਪਰ ਹੌਲੀ ਹੌਲੀ ਉਹ ਚਵ੍ਹੀ ਘੰਟੇ ਸਿਮਰਨ ਵਿਚ ਰੁਝ ਗਿਆ। ਇਕ ਬੋਹੜ ਹੇਠਾਂ ਉਸ ਨੇ ਕੱਖਾਂ ਦੀ ਝੁਗੀ ਪਾ ਲਈ। ਨਗਰ ਦੇ ਕੁਝ ਵਾਸੀ ਉਸ ਨੂੰ ਭੋਜਨ ਦੇ ਆਉਂਦੇ, ਉਹ ਮਾਮੂਲੀ ਖਾਣਾ ਖਾ ਕੇ ਭਜਨ ਵਿਚ ਜੁੜਿਆ ਰਹਿੰਦਾ। ਇਸੇ ਤਰ੍ਹਾਂ ਭਗਤੀ ਕਰਦੇ ਨੂੰ ਕਈ ਸਾਲ ਲੰਘ ਗਏ।

ਅਕਾਲ ਪੁਰਖ ਦੀ ਲੀਲ੍ਹਾ ਦਾ ਅੰਤ ਨਹੀਂ ਆਉਂਦਾ। ਕਦੀ, ਉਹ ਕਈਆਂ ਸਾਲਾਂ ਦੀ ਔੜ ਲਾ ਦੇਂਦਾ ਹੈ, ਕਦੀ ਐਨਾ ਮੀਂਹ ਵਰਸਾਉਂਦਾ ਹੈ ਕਿ ਹੜ੍ਹ ਆ ਜਾਂਦੇ ਹਨ। ਉਹਦੇ ਖੇਲਾਂ ਨੂੰ ਓਹੋ ਹੀ ਜਾਣਦਾ ਹੈ। ਇਕ ਸਮਾਂ ਆਇਆ ਦੇਸ ਵਿਚ ਬਾਰਸ਼ਾਂ ਨਾ ਹੋਈਆਂ। ਹਾੜ ਸਾਰਾ ਲੰਘ ਗਿਆ। ਸਾਵਣ ਦਾ ਪਹਿਲਾ ਹਫ਼ਤਾ ਬੀਤ ਗਿਆ ਪਰ ਪਾਣੀ ਦੀ ਇਕ ਬੂੰਦ ਨਾ ਅਸਮਾਨੋਂ ਡਿੱਗੀ। ਟੋਏ, ਤਲਾਬ ਸਭ ਸੁਕ ਗਏ। ਪਸ਼ੂ ਤੇ ਪੰਛੀ ਤ੍ਰਿਹਾਏ ਮਰਨ ਲਗੇ। ਧਰਤੀ ਸੜ ਗਈ, ਤੱਤੀ ਲੋ ਮਨੁਖਾਂ ਨੂੰ ਤੜਪਾਉਣ ਲਗੀ। ਹਰ ਇਕ ਜੀਵ ਨੇ ਆਪਣੇ ਇਸ਼ਟ ਅਗੇ ਅਰਦਾਸ ਕੀਤੀ, ਜਗ ਲਾਏ ਗਏ। ਕਵਾਰੀਆਂ ਕੁੜੀਆਂ ਨੂੰ ਦਰੱਖ਼ਤਾਂ ਉਤੇ ਬੈਠਾਇਆ ਗਿਆ, ਪਰ ਅਸਮਾਨ ਉਤੇ ਬੱਦਲਾਂ ਦੇ ਦਰਸ਼ਨ ਨਾ ਹੋਏ।

ਜਿਸ ਇਲਾਕੇ ਵਿਚ ਭਾਈ ਸਾਈਆਂ ਰਹਿੰਦਾ ਸੀ। ਉਥੇ ਲੋਕ ਬਹੁਤ ਵਿਆਕੁਲ ਹੋਏ ਕਿਉਂਕਿ ਉਥੇ ਖੂਹ ਨਹੀਂ ਸਨ। ਟੋਭਿਆਂ ਤੇ ਤਲਾਵਾਂ ਦਾ ਜਲ ਪੀਣ ਵਾਸਤੇ ਸੀ, ਉਹ ਸੁੱਕ ਗਿਆ। ਅੱਠ ਅੱਠ ਕੋਹ ਤੋਂ ਪੀਣ ਵਾਸਤੇ ਪਾਣੀ ਲਿਆਉਣ ਲਗੇ। ਭਾਈ ਸਾਈਆਂ ਦੇ ਨਗਰ ਵਾਸੀ ਤੇ ਚੌਗਿਰਦੇ ਦੇ ਨਗਰਾਂ ਵਾਲੇ ਇਕੱਠੇ ਹੋ ਕੇ ਭਾਈ ਸਾਈਏਂ ਕੋਲ ਆਏ। ਸਭ ਨੇ ਮਿਲ ਕੇ

ਹੱਥ ਜੋੜ ਕੇ ਗਲ ਵਿਚ ਪਲੂ ਪਾ ਕੇ ਭਾਈ ਸਾਈਏਂ ਅਗੇ ਇਉਂ ਬੇਨਤੀ ਕੀਤੀ—

'ਹੇ ਭਗਵਾਨ ਦੇ ਭਗਤ ! ਅਸਾਂ ਗ਼ਰੀਬਾਂ, ਪਾਪੀਆਂ ਤੇ ਨਿਮਾਣਿਆਂ ਬੰਦਿਆਂ ਬੇਜ਼ਬਾਨ ਪਸ਼ੂਆਂ ਦੇ ਜੀਵਨ ਬਦਲੇ ਭਗਵਾਨ ਅਗੇ ਅਰਦਾਸ ਕਰ, ਬਾਰਸ਼ ਹੋਵੇ । ਅੰਨ ਕੋਈ ਨਹੀਂ ਬੀਜਿਆ, ਪਸ਼ੂ ਪੰਛੀ ਤੇ ਮਨੁਖ ਤਿਹਾਏ ਮਰ ਰਹੇ ਹਨ । ਐਨਾ ਦੁੱਖ ਹੁੰਦਿਆਂ ਵੀ ਉਸ ਭਗਵਾਨ ਨੂੰ ਅਸਾਡਾ ਕੋਈ ਖ਼ਿਆਲ ਨਹੀਂ । ਕੀ ਪਤਾ ਅਸਾਂ ਕਿੰਨੇ ਪਾਪ ਕੀਤੇ ਹਨ । ਅਸਾਡੇ ਪਾਪਾਂ ਦਾ ਫਲ ਹੈ ਕਿ ਮੀਂਹ ਨਹੀਂ ਪੈ ਰਿਹਾ। ਕਰੋ ਦਇਆ ! ਕਰੋ ਮਿਹਰ ! ਮਾਸੂਮ ਬੱਚਿਆਂ ਉਤੇ ਹੀ ਤਰਸ ਕੀਤਾ ਜਾਵੇ।'

ਭਾਈ ਸਾਈਏਂ ਨੇ ਮਨੁਖ ਹਿਰਦੇ ਦਾ ਰੋਣਾ ਸੁਣਿਆ । ਉਸ ਦੇ ਨੈਣਾਂ ਵਿਚੋਂ ਹੀ ਅਥਰੂ ਕਿਰ ਪਏ । ਉਸ ਦਾ ਮਨ ਐਸਾ ਭਰਿਆ ਕਿ ਉਹ ਬੋਲ ਨਾ ਸਕਿਆ। ਉਸ ਨੇ ਅੱਖਾਂ ਮੀਟੀਆਂ, ਅੱਧਾ ਘੰਟਾ ਅੰਤਰ ਧਿਆਨ ਹੋਇਆ, ਆਪਣੇ ਗੁਰਦੇਵ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਦੇ ਚਰਨ ਕਮਲਾਂ ਵਿਚ ਲਿਵ ਜੋੜੀ । ਕੋਈ ਅੱਧੇ ਘੰਟੇ ਪਿਛੋਂ ਨੈਣ ਖੋਲ੍ਹ ਕੇ ਆਖਣ ਲੱਗਾ—'ਭਗਤੋ ! ਇਹ ਪਤਾ ਨਹੀਂ ਕਿਸ ਦੇ ਪਾਪਾਂ ਦਾ ਫਲ ਹੈ ਜੋ ਭਗਵਾਨ ਕਰੋਧਵਾਨ ਹੈ । ਆਪੋ ਆਪਣੇ ਘਰੀਂ ਜਾਓ, ਪਰਮਾਤਮਾ ਅਗੇ ਅਰਦਾਸਾਂ ਕਰੋ ।' ਇਹ ਆਖ ਕੇ ਭਾਈ ਸਾਈਆਂ ਆਪਣੀ ਝੁਗੀ ਵਿਚੋਂ ਉਠਿਆ ਤੇ ਉਠ ਕੇ ਬਾਹਰ ਨੂੰ ਤੁਰ ਗਿਆ, ਲੋਕ ਦੇਖ ਕੇ ਹੈਰਾਨ ਰਹਿ ਗਏ । ਉਹ ਤੁਰਿਆ ਗਿਆ ਤੇ ਲੋਕਾਂ ਦੀਆਂ ਅੱਖਾਂ ਤੋਂ ਓਹਲੇ ਹੋ ਗਿਆ । ਲੋਕ ਖ਼ੁਸ਼ੀ ਖ਼ੁਸ਼ੀ ਘਰਾਂ ਨੂੰ ਮੁੜ ਆਏ ਕਿ ਹੁਣ ਜਰੂਰ ਮੀਂਹ ਪਵੇਗਾ, ਸਾਈਆਂ ਆਪਣੇ ਗੁਰੂ ਕੋਲ ਪਹੁੰਚੇਗਾ। ਅਸਾਂ ਗ਼ਰੀਬਾਂ ਬਦਲੇ ਅਰਦਾਸ ਕੀਤੀ ਜਾਵੇਗੀ । ਲੋਕ ਘਰੀਂ ਪੁੱਜੇ ਤਾਂ ਉਤਰ ਪੱਛਮ ਦਿਸ਼ਾ ਵਲੋਂ ਹਨੇਰੀ ਉਠੀ । ਹੌਲੀ ਹੌਲੀ ਉਹ ਹਨੇਰੀ ਲੋਕਾਂ ਦੇ ਸਿਰਾਂ ਉਪਰ ਆ ਗਈ, ਉਸ ਦੀ ਹਵਾ ਬਹੁਤ ਠੰਡੀ ਸੀ ।

ਹਨੇਰੀ ਦੇ ਪਿਛੇ ਮਹਾਂ ਕਾਲੀ ਘਟਾ ਲੁਕੀ ਸੀ, ਹਨੇਰੀ ਅਗੇ ਲੰਘ ਗਈ ਤੇ ਮੋਹਲੇ ਧਾਰ ਮੀਂਹ ਵਰਸਨਾ ਸ਼ੁਰੂ ਹੋ ਗਿਆ । ਇਕ ਦਿਨ ਤੇ ਇਕ ਰਾਤ ਮੀਂਹ ਵਰ੍ਹਦਾ ਰਿਹਾ । ਚਾਰੇ ਪਾਸੇ ਜਲ ਥਲ ਹੋ ਗਿਆ । ਟੋਭੇ, ਤਲਾਬ ਭਰ ਗਏ। ਖੇਤਾਂ ਦੀਆਂ ਵਟਾਂ ਉਤੋਂ ਦੀ ਪਾਣੀ ਲੰਘ ਗਿਆ । ਪੰਛੀ, ਪਸ਼ੂ, ਕੀੜੇ ਮਕੌੜੇ ਤੇ ਮਨੁੱਖ ਅਨੰਦ ਮਗਨ ਹੋ ਨਾਚ ਕਰਨ ਲਗੇ । ਉਜੜਿਆ ਤੇ ਮੋਇਆ

ਦੇਸ਼ ਸੁਰਜੀਤ ਹੋ ਗਿਆ। ਜਿਨ੍ਹਾਂ ਲੋਕਾਂ ਨੇ ਭਾਈ ਸਾਈਆਂ ਜੀ ਅਗੇ ਬੇਨਤੀ ਕੀਤੀ ਸੀ ਜਾਂ ਬੇਨਤੀ ਕਰਨ ਵਾਲਿਆਂ ਦੇ ਨਾਲ ਗਏ ਸਨ, ਉਹ ਸਾਰੇ ਭਾਈ ਸਾਈਆਂ ਜੀ ਦੇ ਗੁਣ ਗਾਉਣ ਲਗੇ, ਕੋਈ ਆਖੇ—'ਭਾਈ ਸਾਈਆਂ ਪੂਰਾ ਰੱਬ ਹੋ ਗਿਆ ਹੈ।' ਕਿਸੇ ਕਿਹਾ 'ਉਹਦਾ ਗੁਰੂ ਵੱਡਾ ਹੈ, ਸਭ ਗੁਰੂਆਂ ਦੀਆਂ ਬਰਕਤਾਂ ਹਨ। ਅਸਾਂ ਕੰਗਾਲਾਂ ਬਦਲੇ ਉਸ ਨੇ ਗੁਰੂ ਅਗੇ ਜਾ ਕੇ ਬੇਨਤੀਆਂ ਕੀਤੀਆਂ। ਗੁਰੂ ਜੀ ਨੇ ਅਕਾਲ ਪੁਰਖ ਨੂੰ ਆਖਿਆ—ਬਸ ਅਕਾਲ ਪੁਰਖ ਨੇ ਦਇਆ ਕਰ ਕੇ ਇੰਦਰ ਦੇਵਤਾ ਨੂੰ ਹੁਕਮ ਦਿੱਤਾ। ਇੰਦਰ ਦੇਵਤਾ ਦਿਲ ਖੋਹਲ ਕੇ ਵਸਿਆ।' ਗੱਲ ਕੀ ਭਾਈ ਸਾਈਆਂ ਜੀ ਤੇ ਉਨ੍ਹਾਂ ਦੇ ਸਤਿਗੁਰਾਂ ਦੀ ਉਪਮਾ ਚਾਰੇ ਪਾਸੇ ਹੋਣ ਲੱਗੀ।

ਜਦੋਂ ਬਾਰਸ਼ ਰੁਕ ਗਈ, ਨਗਰ ਵਾਸੀ ਇਕੱਠੇ ਹੋ ਕੇ ਭਾਈ ਸਾਈਆਂ ਜੀ ਵਲ ਤੁਰੇ। ਭਾਈ ਜੀ ਦੀ ਭੇਟ ਕਰਨ ਵਾਸਤੇ ਲੀੜੇ, ਚਾਵਲ, ਗੁੜ ਤੇ ਨਗਦ ਰੁਪਏ ਥਾਲੀਆਂ ਵਿਚ ਰੱਖ ਕੇ ਹੱਥਾਂ 'ਤੇ ਚੁਕੀ ਆ ਰਹੇ ਸਨ ਤਾਂ ਜੂਹ ਦੇ ਬੋਹੜ ਹੇਠਾਂ ਚੋਂਦੀ ਛੱਤ ਵਾਲੀ ਝੁਗੀ ਵਿਚ ਸਾਈਆਂ ਬੈਠਾ ਵਾਹਿਗੁਰੂ ਦਾ ਸਿਮਰਨ ਕਰ ਰਿਹਾ ਸੀ, ਸੰਗਤਾਂ ਤੁਰੀਆਂ ਆਉਂਦੀਆਂ ਦੇਖ ਕੇ ਅਗੋਂ ਹੀ ਉਠ ਕੇ ਦਸ ਕਦਮ ਅਗੇ ਹੋਇਆ। ਉਸ ਨੇ ਦੋਵੇਂ ਹੱਥ ਉੱਪਰ ਚੁੱਕ ਕੇ ਕੂਕ ਮਾਰੀ—'ਠਹਿਰ ਜਾਓ! ਕਿਉਂ ਆਉਂਦੇ ਜੇ, ਕੀ ਮਾਮਲਾ ਹੈ?'

'ਆਪ ਗੁਰਦੇਵ ਜੇ! ਅਸੀਂ ਆਪ ਦਾ ਧੰਨਵਾਦ ਕਰਨ ਆਏ ਹਾਂ। ਉਜੜਿਆ ਦੇਸ ਵਸ ਪਿਆ। ਅਸਾਂ ਦਰਸ਼ਨ ਕਰਨੇ ਹਨ। ਚਰਨ ਧੂੜੀ ਲੈਣੀ ਹੈ, ਲੰਗਰ ਚਲਾਉਣੇ ਹਨ। ਆਪ ਵਾਸਤੇ ਪੱਕੀ ਕੁਟੀਆ ਬਨਾਉਣੀ ਹੈ। ਅਸਾਡੇ ਵਾਸਤੇ ਆਪ ਹੀ ਪ੍ਰਮੇਸ਼ਰ ਹੋ।'

ਇਉਂ ਉੱਤਰ ਦੇਂਦੇ ਹੋਏ ਲੋਕ ਸ਼ਰਧਾ ਨਾਲ ਅਗੇ ਵਧ ਆਏ। ਮਲੋ ਮਲੀ ਭਾਈ ਸਾਈਆਂ ਜੀ ਦੇ ਚਰਨਾਂ ਉੱਤੇ ਮੱਥਾ ਟੇਕਣ ਲੱਗ ਪਏ। ਜੋ ਸਮਗਰੀ ਨਾਲ ਲਿਆਏ ਸਨ ਉਸ ਦੇ ਢੇਰ ਲਗ ਗਏ। ਜਦੋਂ ਸਾਰਿਆਂ ਨੇ ਮੱਥਾ ਟੇਕ ਲਿਆ ਤਾਂ ਭਾਈ ਸਾਈਆਂ ਜੀ ਭੁਬੀਂ ਭੁਬੀਂ ਰੋਣ ਲਗ ਪਿਆ, ਆਏ ਲੋਕ ਹੈਰਾਨ ਹੋ ਗਏ। ਮੌਤ ਵਰਗਾ ਸਨਾਟਾ ਛਾ ਗਿਆ। ਭਾਈ ਸਾਹਿਬ ਰੋਂਦੇ ਹੋਏ ਆਖਣ ਲਗੇ—'ਮੇਰੇ ਸਿਰ ਭਾਰ ਚਾੜ੍ਹਿਆ ਜੇ, ਮੈਂ ਮਹਾਂ ਪਾਪੀ ਸਾਂ, ਮੇਰੇ ਇਥੇ ਬੈਠੇ ਰਹਿਣ ਕਰਕੇ ਹੀ ਬਾਰਿਸ਼ ਨਹੀਂ ਸੀ ਹੁੰਦੀ। ਮੇਰੇ ਪਾਪੀ ਦੇ ਸਿਰ

ਹੋਰ ਭਾਰ ਚਾੜ੍ਹਿਆ ਜੇ, ਮੈਨੂੰ ਮੱਥਾ ਟੇਕ ਕੇ ਮੈਨੂੰ ਗੁਰਦੇਵ ਆਖਿਆ ਜੇ ਮੈਂ ਜਰੂਰ ਨਰਕਾਂ ਦਾ ਭਾਗੀ ਬਣਾਂਗਾ। ਮੈਨੂੰ ਖਿਮਾਂ ਕਰੋ ਮੈਂ ਕੱਖਾਂ ਦੀ ਕੁੱਲੀ ਵਿਚ ਰਹਿਣਾ ਹੈ। ਮੇਰਾ ਹੋਰ ਕੋਈ ਟਿਕਾਣਾ ਨਹੀਂ। ਇਹ ਮੀਂਹ ਸਤਿਗੁਰਾਂ ਦੀ ਕ੍ਰਿਪਾ ਹੈ ਧੰਨ ਛੇਵੇਂ ਪਾਤਸ਼ਾਹ! ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਮੈਂ ਬਲਿਹਾਰੇ ਜਾਵਾਂ ਵਾਰੇ ਜਾਵਾਂ ਦੁਖ ਭੰਜਨ ਮਿਹਰਵਾਨ ਗੁਰੂ ਜਿਨ੍ਹਾਂ ਸੜਦੀ ਲੋਕਾਈ ਨੂੰ ਸ਼ਾਂਤ ਕੀਤਾ ਹੈ। ਮੈਂ ਆਖਦਾ ਹਾਂ ਇਹ ਸਾਰੀ ਸਮਗਰੀ ਸਾਰਾ ਕਪੜਾ ਸਾਰੇ ਰੁਪਏ ਇਕੱਠੇ ਕਰਕੇ ਮੇਰੇ ਸਤਿਗੁਰੂ ਦੇ ਪਾਸ ਸ੍ਰੀ ਅੰਮ੍ਰਿਤਸਰ ਲੈ ਜਾਵੋ। ਮੈਨੂੰ ਆਪਣੇ ਪਾਪ ਬਖ਼ਸ਼ਾਉਣ ਦਿਓ। ਮੈਂ ਜੀਵਨ ਭਰ ਕੱਖਾਂ ਦੀ ਝੁੱਗੀ ਵਿਚ ਰਹਿਣਾ ਹੈ ਮੈਂ ਅਗੇ ਮਹਾਂ ਪਾਪੀ ਹਾਂ, ਮੇਰੇ ਚੰਦਰੇ ਪਾਪਾਂ ਬਦਲੇ ਮੀਂਹ ਨਹੀਂ ਵਰ੍ਹਿਆ। ਹੁਣ ਮੈਨੂੰ ਗੁਰੂ ਆਖ ਕੇ ਹੋਰ ਨਰਕਾਂ ਦਾ ਭਾਗੀ ਨਾ ਬਣਾਓ। ਜਾਓ ਬਜ਼ੁਰਗੋ ਜਾਓ।'

ਸਮਝਦਾਰ ਲੋਕ ਭਾਈ ਸਾਈਆਂ ਜੀ ਦੀ ਨਿੰਮ੍ਰਤਾ ਉਤੇ ਬਹੁਤ ਖ਼ੁਸ਼ ਹੋਏ ਤੇ ਉਹਨਾਂ ਦੀ ਉਸਤਤ ਕਰਨ ਲੱਗੇ, ਦੂਸਰਿਆਂ ਨੂੰ ਸਮਝਾ ਕੇ ਪਿਛੇ ਮੋੜ ਦਿਤਾ। ਸਾਰੀ ਸਮਗਰੀ ਬੰਨ੍ਹ ਕੇ ਸ੍ਰੀ ਅੰਮ੍ਰਿਤਸਰ ਭੇਜ ਦਿੱਤੀ, ਸਾਰਾ ਸੰਗ ਜੋ ਅਗੇ ਦੇਵੀ ਦੇਵਤਿਆਂ ਦਾ ਪੁਜਾਰੀ ਸੀ, ਉਹ ਸ੍ਰੀ ਗੁਰੂ ਨਾਨਕ ਦੇ ਨਗਰ ਵਿਚ ਪੁੱਜਾ। ਸਾਰਿਆਂ ਨੇ ਸਿਖੀ ਧਾਰਨ ਕੀਤੀ, ਗੁਰੂ ਜੀ ਨੇ ਭਾਈ ਸਾਈਆਂ ਜੀ ਨੂੰ ਨਿਹਾਲ ਕੀਤਾ। ਉਸ ਦਾ ਲੋਕ ਤੇ ਪ੍ਰਲੋਕ ਸਵਾਰ ਦਿਤਾ। ਧੰਨ ਹਨ ਗੁਰੂ ਜੀ ਤੇ ਧੰਨ ਕਮਾਈਆਂ ਕਰਨ ਵਾਲੇ ਸਿੱਖ।

# ੯੦. ਭਾਈ ਜੇਠਾ ਜੀ ਤੇ ਲਖੂ ਧਾੜਵੀ

ਲਖੂ ਧਾੜਵੀ ਸੀ, ਉਹ ਸਦਾ ਰਾਹ ਵਿਚ ਡਾਕੇ ਮਾਰਿਆ ਕਰਦਾ ਸੀ। ਇਕ ਦਿਨ ਉਹ ਧਾੜੇ ਮਾਰਨ ਵਾਸਤੇ ਤੁਰਿਆ। ਰਾਹ ਵਿਚ ਜੋ ਵੀ ਮੰਦਰ ਠਾਕੁਰ ਦੁਆਰਾ ਜਾਂ ਕੋਈ ਹੋਰ ਪੂਜਾ ਅਸਥਾਨ ਆਉਂਦਾ, ਉਥੇ ਸੁਖਣਾ ਸੁਖਦਾ। ਪਹਿਲਾਂ ਉਹ ਘਰੋਂ ਨਿਕਲਿਆ ਤਾਂ ਦੇਵੀ ਦਾ ਮੰਦਰ ਸੀ। ਦੇਵੀ ਮੂਰਤੀ ਅਗੇ ਖਲੋਕੇ ਉਸ ਨੇ ਕਿਹਾ—'ਹੇ ਭਵਾਨੀ! ਮਾਲ ਲੁਟਣ ਵਿਚ ਮੈਨੂੰ ਸਫਲਤਾ ਹੋ ਜਾਵੇ, ਤਾਂ ਮੈਂ ਆਪਣੇ ਮੰਦਰ ਉਤੇ ਸੋਨੇ ਦਾ ਕਲਸ ਚੜ੍ਹਾਵਾਂ, ਨਾਲ ਹੀ ਬੱਕਰੇ

ਦੀ ਕੁਰਬਾਨੀ ਦੇਵਾਂ।' ਇਸ ਤੋਂ ਅਗੇ ਪੁਜਾ ਤਾਂ ਸ਼ਿਵਾਂ ਦਾ ਮੰਦਰ ਸੀ, ਉਥੇ ਵੀ ਖਲੋ ਕੇ ਅਰਦਾਸ ਕੀਤੀ—'ਹੇ ਸ਼ਿਵਜੀ ਮਹਾਰਾਜ! ਅੱਜ ਕੋਈ ਤਕੜਾ ਧਨਾਢ ਆਦਮੀ ਮਿਲੇ ਜਿਸ ਕੋਲੋਂ ਮੈਂ ਬਹੁਤ ਮਾਲ ਲੁੱਟਾਂ। ਤੇਰੇ ਮੰਦਰ ਦੀ ਵੀ ਸੇਵਾ ਕਰਾਂਗਾ। ਤੇਰੇ ਭਗਤਾਂ ਨੂੰ ਜਲ ਪਾਣੀ ਛਕਾਵਾਂਗਾ।' ਇਉਂ ਸੁਖਣਾ ਸੁਖਦਾ ਹੋਇਆ ਅਗੇ ਗਿਆ ਤਾਂ ਇਕ ਉਚੀ ਥਾਂ ਉਤੇ ਬੈਠੇ ਹੋਏ ਸਾਧੂ ਉਸ ਨੂੰ ਦਿਸੇ। ਚੌਂਕੜਾ ਮਾਰ ਕੇ ਬੈਠੇ ਹੋਏ ਤੇ ਉਹਨਾਂ ਪ੍ਰਭੂ ਚਰਨਾਂ ਨਾਲ ਲਿਵ ਜੋੜੀ ਹੋਈ ਸੀ। ਉਸ ਦੇ ਅਗੇ ਮੱਥਾ ਟੇਕ ਕੇ ਲਖੂ ਨੇ ਇਉਂ ਕਿਹਾ—'ਹੇ ਪ੍ਰਮਾਤਮਾ ਦੇ ਭਗਤ! ਮੈਂ ਧਾੜਾ ਮਾਰਨ ਚਲਿਆ ਹਾਂ। ਇਹ ਮੇਰਾ ਨਿਤ ਕਰਮ ਹੈ, ਜੇ ਬਹੁਤੀ ਦੌਲਤ ਹੱਥ ਲਗ ਜਾਵੇ ਤਾਂ ਮੈਂ ਆਪ ਦੀ ਸੇਵਾ ਕਰਾਂਗਾ। ਲੁੱਟ ਦਾ ਤੀਸਰਾ ਹਿਸਾ ਜ਼ਰੂਰ ਤੇਰੇ ਚਰਨਾਂ ਦੀ ਭੇਟ ਰਖਾਂਗਾ।' ਸੰਤ ਜੀ ਮਹਾਰਾਜ ਸਮਾਧੀ ਵਿਚ ਸਨ। ਉਹ ਨਾ ਬੋਲੇ ਨਾ ਹਿੱਲੇ, ਲਖੂ ਆਪੇ ਹੀ ਸੁਖਣਾ ਸੁਖ ਕੇ ਤੇ ਆਪੇ ਹੀ ਮੱਥਾ ਟੇਕ ਕੇ ਤੁਰ ਆਇਆ ਤੇ ਨਾ ਸੰਤ ਜੀ ਨੇ ਅੱਖਾਂ ਖੋਲ੍ਹ ਕੇ ਦੇਖਿਆ।

ਲਖੂ ਅਗੇ ਚਲਿਆ ਗਿਆ। ਰਾਹ ਵਿਚ ਜਾਂਦਿਆਂ ਸਬੱਬ ਨਾਲ ਉਸ ਨੂੰ ਇਕ ਇਸਤਰੀਆਂ ਦਾ ਝੁੰਡ ਮਿਲ ਗਿਆ। ਉਹ ਕਿਤੇ ਵਿਆਹ ਜਾ ਰਹੀਆਂ ਸਨ, ਉਹਨਾਂ ਦੇ ਉਦਾਲੇ ਸੋਨੇ ਦੀਆਂ ਟੂੰਮਾਂ ਅਤੇ ਕੀਮਤੀ ਲੀੜੇ ਸਨ। ਕੁਝ ਗਠੜੀਆਂ ਵਿਚ ਸਾਮਾਨ ਸੀ, ਲਖੂ ਨੇ ਛਵ੍ਹੀ ਦਿਖਾ ਕੇ ਸਾਰੀਆਂ ਨੂੰ ਰੋਕ ਲਿਆ। ਰੋਕ ਕੇ ਆਖਣ ਲੱਗਾ—'ਮੈਂ ਇਕ ਇਕ ਨੂੰ ਜਾਨੋਂ ਮਾਰ ਦਿਆਂਗਾ, ਜੇ ਜਾਨ ਦੀ ਲੋੜ ਹੈ ਤਾਂ ਆਪਣੇ ਗਹਿਣੇ ਤੇ ਲੀੜੇ ਮੇਰੇ ਹਵਾਲੇ ਕਰ ਦਿਓ।'

ਲਖੂ ਦੇ ਇਹ ਚੰਦਰੇ ਬੋਲ ਸੁਣ ਕੇ ਇਸਤਰੀਆਂ ਚੀਕਾਂ ਮਾਰ ਉਠੀਆਂ। ਉਹਨਾਂ ਵਿਚੋਂ ਕਈਆਂ ਨੇ ਤਰਲਾ ਕੀਤਾ ਕਿ ਲਖੂ ਉਹਨਾਂ ਨੂੰ ਜਾਨੋਂ ਨਾ ਮਾਰੇ ਪਰ ਜੋ ਟੂੰਮ ਛੱਲਾ ਹੈ ਉਹ ਉਸ ਦੇ ਹਵਾਲੇ ਕਰ ਦੇਂਦੀਆਂ ਹਨ। ਇਕ ਇਕ ਕਰਕੇ ਉਹਨਾਂ ਨੇ ਸਾਰੇ ਗਹਿਣੇ ਲਾਹ ਕੇ ਲਖੂ ਦੇ ਹਵਾਲੇ ਕਰ ਦਿਤੇ। ਜ਼ੇਵਰ ਨੂੰ ਇਕ ਲੀੜੇ ਵਿਚ ਬੰਨ੍ਹ ਕੇ ਲਖੂ ਨੇ ਫਿਰ ਕਿਹਾ ਉਦਾਲੇ ਦੇ ਲੀੜੇ ਵੀ ਲਾਹ ਦਿਓ। ਮੈਂ ਇਕ ਲੀੜਾ ਤੁਹਾਡੇ ਉਦਾਲੇ ਨਹੀਂ ਰਹਿਣ ਦੇਣਾ ਮੇਰਾ ਨਾਮ ਲਖੂ ਹੈ। ਲਖੂ ਸ਼ਬਦ ਸੁਣ ਕੇ ਇਸਤਰੀਆਂ ਹੋਰ ਕੰਬ ਗਈਆਂ ਕਿਉਂਕਿ ਉਹਨਾਂ ਸੁਣਿਆ ਹੋਇਆ ਸੀ ਕਿ ਲਖੂ ਬਹੁਤ ਵੱਡਾ ਖ਼ੂਨੀ ਹੈ, ਉਹ ਕਿਸੇ ਇਸਤਰੀ

ਮਰਦ ਦੀ ਜਾਨ ਨਹੀਂ ਛੱਡਦਾ ਸੀ, ਉਸ ਦਾ ਨਾਂ ਸੁਣ ਕੇ ਲੋਕ ਤ੍ਰਾਸ ਤ੍ਰਾਸ ਕਰਨ ਲਗ ਪੈਂਦੇ ਹਨ। ਭੈ ਭੀਤ ਹੋਈਆਂ ਤ੍ਰੀਮਤਾਂ ਨੇ ਤਰਲਾ ਲਿਆ— 'ਹੇ ਧਾੜਵੀ! ਅਸੀਂ ਔਰਤ ਜਾਤ ਹਾਂ। ਔਰਤ ਦੇ ਲੀੜੇ ਕੋਈ ਨਹੀਂ ਲਾਹੁੰਦਾ। ਔਰਤ ਨੂੰ ਨਗਨ ਕੀਤਿਆਂ ਪ੍ਰਮਾਤਮਾ ਕ੍ਰੋਧਵਾਨ ਹੁੰਦਾ ਹੈ। ਨਾ ਆਪਣਾ ਸਤਿਆਨਾਸ ਕਰ, ਨਾ ਸਾਨੂੰ ਦੁੱਖਾਂ ਵਿਚ ਡੋਬ। ਸਾਡੇ ਆਦਮੀ ਪਿਛੇ ਆਉਂਦੇ ਨੇ ਉਹ ਤੇਰੇ ਗਲ ਪੈਣਗੇ। ਜੋ ਕੁਝ ਤੂੰ ਖੋਹ ਲਿਆ, ਲੈ ਕੇ ਚਲਿਆ ਜਾਹ। ਸਾਡੀ ਨਿਰਾਦਰੀ ਨਾ ਕਰ। ਅਸੀਂ ਵਾਸਤਾ ਪਾਉਂਦੀਆਂ ਹਾਂ ਤੇਰੇ ਤਰਲੇ ਕਰਦੀਆਂ ਹਾਂ। ਅਸੀਂ ਕਿਸੇ ਨੂੰ ਨਹੀਂ ਦਸਦੀਆਂ ਕਿ ਲਖੂ ਨੇ ਸਾਨੂੰ ਲੁਟਿਆ ਹੈ, ਅਸਾਡੇ ਉਤੇ ਮਿਹਰ ਕਰ।'

ਇਸਤਰੀਆਂ ਦੇ ਰੋਣ ਤੇ ਤਰਲੇ ਦਾ ਕੋਈ ਅਸਰ ਲਖੂ ਦੇ ਮਨ ਉਤੇ ਨਾ ਪਿਆ। ਉਹ ਆਪਣੇ ਹਠ ਉਤੇ ਡਟਿਆ ਰਿਹਾ, ਏਥੋਂ ਤਕ ਅਗੇ ਵਧ ਗਿਆ ਕਿ ਜਦੋਂ ਇਸਤਰੀਆਂ ਨੇ ਆਪਣੇ ਆਪ ਲੀੜੇ ਨਾ ਉਤਾਰੇ ਤਾਂ ਮਲੋ ਮਲੀ ਉਤਾਰਨ ਲੱਗਾ। ਇਸ ਮਹਾਂ ਭਿਆਨਕ ਨਿਰਾਦਰੀ ਨੂੰ ਅਨੁਭਵ ਕਰਕੇ ਇਸਤਰੀਆਂ ਨੇ ਆਖਿਆ—'ਹਛਾ! ਜੇ ਤੂੰ ਨਹੀਂ ਮੰਨਦਾ ਤਾਂ ਖਲੋ ਅਸੀਂ ਝਾੜੀਆਂ ਦੇ ਓਹਲੇ ਬੈਠ ਕੇ ਉਦਾਲੇ ਦੇ ਕਪੜੇ ਉਤਾਰ ਦੇਂਦੀਆਂ ਹਾਂ।'

ਸਾਰੀਆਂ ਇਸਤਰੀਆਂ ਝਾੜੀਆਂ ਦੇ ਓਹਲੇ ਬੈਠ ਗਈਆਂ ਤਾਂ ਉਹਨਾਂ ਨੇ ਉਦਾਲੇ ਦੇ ਕਪੜੇ ਉਤਾਰ ਕੇ ਲਖੂ ਵਲ ਸੁਟ ਦਿਤੇ। ਆਪ ਨੰਗੇ ਧੜ ਝਾੜੀਆਂ ਓਹਲੇ ਬੈਠੀਆਂ ਕਿਸੇ ਰੱਬੀ ਸਹਾਇਤਾ ਨੂੰ ਉਡੀਕਣ ਲਗੀਆਂ, ਉਹ ਰੋ ਰੋ ਕੇ ਭਗਵਾਨ ਅਗੇ ਅਰਦਾਸਾਂ ਬੇਨਤੀਆਂ ਕਰ ਰਹੀਆਂ ਸਨ।

ਸਾਰੇ ਮਾਲ ਦੀ ਪੰਡ ਬੰਨ੍ਹ ਕੇ ਲਖੂ ਆਪਣੇ ਰਾਹ ਪਿਆ। ਆਪਣੇ ਪਿੰਡ ਪੁੱਜਣ ਤੋਂ ਪਹਿਲਾਂ ਉਸ ਦੇ ਰਾਹ ਵਿਚ ਸੰਤ ਬੈਠਾ ਸੀ, ਉਸ ਨੇ ਸੋਚਿਆ ਕਿ ਸੰਤ ਜੀ ਦੀ ਸੁਖਣਾ ਸਿਰੋਂ ਉਤਾਰ ਜਾਵਾਂ। ਇਹਦਾ ਹਿੱਸਾ ਇਹਨੂੰ ਦੇ ਜਾਵਾਂ। ਪੰਡ ਨੂੰ ਸਿਰੋਂ ਉਤਾਰ ਦਿਤਾ ਤੇ ਲੀੜੇ ਅਤੇ ਗਹਿਣੇ ਵੰਡ ਕੇ ਸੰਤਾਂ ਦੇ ਅਗੇ ਰੱਖ ਦਿਤੇ। ਜਿਉਂ ਹੀ ਧਾੜੇ ਦਾ ਮਾਲ ਸੰਤਾਂ ਦੇ ਅਗੇ ਰਖਿਆ ਤਿਵੇਂ ਹੀ ਉਹਨਾਂ ਦੀ ਸਮਾਧੀ ਖੁਲ੍ਹ ਗਈ।

ਸੰਤ ਭਾਈ ਜੇਠਾ ਜੀ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੂਰਨ ਸੇਵਕ ਤੇ ਭਜਨੀਕ ਬੰਦੇ ਸਨ। ਜੀਵਨ ਦਾ ਮਨੋਰਥ ਈਸ਼ਵਰ ਭਗਤੀ ਹੀ

ਮਿਥਿਆ ਸੀ, ਉਹ ਸੱਚੇ ਪ੍ਰਮਾਤਮਾ ਨੂੰ ਮਿਲਣ ਵਾਲੇ ਪੁਰਸ਼ ਸਨ, ਸੱਚੇ ਸਤਿਗੁਰਾਂ ਦੀ ਉਨ੍ਹਾਂ ਉਤੇ ਬਹੁਤ ਮਿਹਰ ਸੀ। ਗੁਰਾਂ ਵਰ ਦੇ ਕੇ ਨਿਹਾਲ ਕੀਤਾ ਹੋਇਆ ਸੀ, ਉਹ ਪ੍ਰਮਾਤਮਾ ਭਗਤ ਕ੍ਰੋਧਵਾਨ ਹੋ ਗਏ। ਉਨ੍ਹਾਂ ਦੀਆਂ ਅੱਖਾਂ ਵਿਚੋਂ ਅੱਗ ਦੇ ਚੰਗਿਆੜੇ ਨਿਕਲਣ ਲਗੇ। ਉਨ੍ਹਾਂ ਨੇ ਬਿਜਲੀ ਵਾਂਗ ਕੜਕ ਕੇ ਆਖਿਆ—'ਓ ਚੰਡਾਲ! ਮੇਰੀ ਭਗਤੀ ਵੀ ਖ਼ਤਮ ਕਰਨ ਲੱਗਾ ਹੈਂ? ਇਹ ਧਾੜਾ ਮਾਰ ਕੇ ਤੂੰ ਬਹੁਤ ਬੁਰਾ ਕੀਤਾ ਹੈ, ਤੇਰੇ ਉਤੇ ਭਗਵਾਨ ਨਰਾਜ਼ ਹੋ ਗਿਆ ਹੈ, ਤੈਨੂੰ ਗ਼ਰਕ ਕਰ ਦੇਵੇਗਾ। ਤੂੰ ਨਰਕਾਂ ਦਾ ਭਾਗੀ ਹੋਵੇਂਗਾ। ਜਿਨ੍ਹਾਂ ਇਸਤਰੀਆਂ ਦੇ ਲੀੜੇ ਲਾਹ ਲਿਆਇਆ ਹੈਂ। ਸ਼ਰਮ ਦੀਆਂ ਮਾਰੀਆਂ ਹੋਈਆਂ ਨੰਗੀਆਂ ਬੈਠੀਆਂ ਕੁਰਲਾ ਰਹੀਆਂ ਹਨ। ਮੂਰਖਾ ਬਹੁਤ ਮਾੜਾ ਅਤਿਆਚਾਰ ਕੀਤਾ ਹੈ ਇਹ ਸਾਰੇ ਲੀੜੇ ਉਨ੍ਹਾਂ ਇਸਤਰੀਆਂ ਨੂੰ ਮੋੜ ਕੇ ਆ, ਜੇ ਆਪਣਾ ਭਲਾ ਸੋਚਦਾ ਹੈਂ, ਨਹੀਂ ਤਾਂ ਉਹਨਾਂ ਦੀਆਂ ਆਹੀਂ ਤੇਰਾ ਕੱਖ ਨਹੀਂ ਰਹਿਣ ਦੇਣਗੀਆਂ।

ਸੰਤਾਂ ਦੀਆਂ ਸੱਚੀਆਂ ਗੱਲਾਂ ਸੁਣ ਕੇ ਇਹ ਸਮਝ ਕੇ ਕਿ ਸੰਤ ਅੰਤਰਯਾਮੀ ਹੈ ਅਣਦੱਸੇ ਸਾਰਾ ਭੇਤ ਜਾਣ ਗਿਆ। ਲਖੂ ਦੀ ਮਲੀਨ ਆਤਮਾ ਨੂੰ ਗਿਆਨ ਹੋ ਗਿਆ। ਮੌਤ ਦਾ ਡਰ ਵਡਿਆਂ ਵਡਿਆਂ ਨੂੰ ਕਮਜ਼ੋਰ ਕਰ ਦੇਂਦਾ ਹੈ ਉਹ ਜੀਵਨ ਦੀ ਨਦੀ ਨੂੰ ਰੋਕ ਦੇਂਦਾ ਹੈ। ਹਰਨਾਕਸ਼ ਤੇ ਰਾਵਣ ਵਰਗੇ ਮੌਤ ਅਗੇ ਝੁਕ ਗਏ। ਲਖੂ ਵਿਚਾਰਾ ਕੌਣ ਸੀ। ਉਸੇ ਵੇਲੇ ਸੰਤਾਂ ਦੇ ਚਰਨਾਂ ਉਤੇ ਡਿਗ ਪਿਆ। ਰੋ ਰੋ ਕੇ ਆਖਣ ਲਗਾ—'ਮੇਰੀਆਂ ਭੁੱਲਾਂ ਬਖ਼ਸ਼ੋ, ਮੈਂ ਹੁਣੇ ਉਨ੍ਹਾਂ ਇਸਤਰੀਆਂ ਦੇ ਲੀੜੇ ਮੋੜ ਆਉਂਦਾ ਹਾਂ, ਉਨ੍ਹਾਂ ਦੇ ਗਹਿਣੇ ਉਨ੍ਹਾਂ ਨੂੰ ਦੇ ਦੇਵਾਂਗਾ।'

'ਹੁਣੇ ਦੌੜ ਉਹ ਰੋ ਰਹੀਆਂ ਹਨ ਉਹਨਾਂ ਦੀ ਸਹਾਇਤਾ ਕਰਨ ਵਾਲਾ ਕੋਈ ਨਹੀਂ ਪੁੱਜਾ। ਸਾਰੀ ਪੰਡ ਉਸੇ ਤਰ੍ਹਾਂ ਸਿਰ ਉਤੇ ਚੁਕ ਕੇ ਤੁਰ ਜਾਹ।' ਸੰਤਾਂ ਨੇ ਲਖੂ ਨੂੰ ਹੁਕਮ ਕੀਤਾ।

ਲਖੂ ਨੇ ਸਾਰਾ ਸਾਮਾਨ ਇਕੱਠਾ ਕਰ ਕੇ ਮੁੜ ਪੰਡ ਬੰਨ੍ਹ ਲਈ। ਸਿਰ ਉਤੇ ਰੱਖ ਕੇ ਉਸੇ ਵੇਲੇ ਹੀ ਨੱਸ ਉਠਿਆ। ਰਾਹ ਵਿਚ ਜੁੱਤੀ ਲੱਥ ਗਈ। ਉਹ ਵੀ ਸੁਟ ਦਿੱਤੀ, ਨੰਗੀਂ ਪੈਰੀਂ ਨੱਠਾ ਗਿਆ। ਪਹਿਲੇ ਨਾਲੋਂ ਅੱਧੇ ਸਮੇਂ ਵਿਚ ਉਨ੍ਹਾਂ ਕੋਲ ਪਹੁੰਚ ਗਿਆ। ਸੱਚਮੁਚ ਇਸਤਰੀਆਂ ਬੈਠੀਆਂ ਕੁਰਲਾ ਰਹੀਆਂ

ਸਨ। ਉਨ੍ਹਾਂ ਨੂੰ ਅਵਾਜ਼ ਦੇ ਕੇ ਆਖਣ ਲਗਾ—'ਬਸ ਹੁਣ ਰੋਣਾ ਬੰਦ ਕਰੋ। ਮੈਂ ਲਖੂ ਆ ਗਿਆ ਹਾਂ। ਲੀੜੇ ਤੁਹਾਡੇ ਵਲ ਸੁਟਦਾ ਹਾਂ, ਇਨ੍ਹਾਂ ਨੂੰ ਚੁੱਕ ਕੇ ਤਨ ਕੱਜ ਲਵੋ, ਫਿਰ ਆਪੋ ਆਪਣੇ ਗਹਿਣੇ ਸੰਭਾਲ ਲਵੋ। ਮੈਂ ਕੋਈ ਚੀਜ਼ ਨਹੀਂ ਰੱਖਣਾ ਚਾਹੁੰਦਾ। ਮੈਂ ਪਾਪੀ ਨੇ ਪਾਪ ਕੀਤਾ। ਹੇ ਮਾਤਾਓ ਤੇ ਭੈਣੋ! ਮੈਨੂੰ ਖਿਮਾਂ ਕਰਨਾ ਮੈਂ ਨਰਕਾਂ ਦਾ ਭਾਗੀ ਨਾ ਹੋਵਾਂ।'

ਲਖੂ ਦੇ ਇਹ ਬੋਲ ਸੁਣ ਕੇ ਇਸਤਰੀਆਂ ਖ਼ੁਸ਼ ਤੇ ਹੈਰਾਨ ਹੋ ਗਈਆਂ। ਲਖੂ ਵਰਗਾ ਖ਼ੂਨੀ ਧਾੜਵੀ ਇਸਤਰੀਆਂ ਨੂੰ ਖਿਮਾ ਕਰੇ ? ਇਹ ਕਿਵੇਂ ਹੋ ਸਕਦਾ ਹੈ ? ਖ਼ੈਰ ਉਨ੍ਹਾਂ ਦੇ ਇਹ ਕੁਝ ਸੋਚਣ ਤੋਂ ਪਹਿਲਾਂ ਹੀ ਲਖੂ ਨੇ ਉਹਨਾਂ ਵਲ ਲੀੜੇ ਸੁੱਟ ਦਿਤੇ। ਜਿੰਨੀ ਛੇਤੀ ਹੋ ਸਕਿਆ ਇਸਤਰੀਆਂ ਨੇ ਲੀੜੇ ਉਦਾਲੇ ਪਾ ਲਏ। ਲੀੜੇ ਪਾ ਕੇ ਬਾਹਰ ਆਈਆਂ। ਉਨ੍ਹਾਂ ਨੂੰ ਉਨ੍ਹਾਂ ਦੀਆਂ ਸੋਨੇ ਤੇ ਚਾਂਦੀ ਦੀਆਂ ਟੂੰਮਾਂ ਵੀ ਮਿਲ ਗਈਆਂ। ਟੂੰਮਾਂ, ਕਪੜਿਆਂ ਤੇ ਨਗਦੀ ਰੁਪਿਆਂ ਨੂੰ ਵਸੂਲ ਕਰ ਕੇ ਉਨ੍ਹਾਂ ਨੂੰ ਇੰਵ ਪ੍ਰਤੀਤ ਹੋਇਆ ਜਿਵੇਂ ਲਖੂ ਧਾੜਵੀ ਨਹੀਂ ਸਗੋਂ ਕੋਈ ਮਹਾਤਮਾ ਪੁਰਸ਼ ਹੈ। ਲਖੂ ਵੀ ਨੀਵੀਂ ਪਾ ਕੇ ਖਲੋਤਾ ਸੀ। ਸਾਰੀਆਂ ਚੀਜ਼ਾਂ ਵਾਪਸ ਕਰ ਕੇ ਲਖੂ ਪਿਛੇ ਮੁੜ ਆਇਆ ਤੇ ਇਸਤਰੀਆਂ ਹੱਸਦੀਆਂ ਤੇ ਸੋਚਾਂ ਸੋਚਦੀਆਂ ਹੋਈਆਂ ਆਪਣੇ ਰਹਿੰਦੇ ਪੰਧ ਨੂੰ ਖ਼ਤਮ ਕਰਨ ਲਗੀਆਂ।

ਆਪਣੇ ਜੀਵਨ ਦਾ ਭੂਤਕਾਲ ਸੋਚਦਾ ਹੋਇਆ ਲਖੂ ਕਾਹਲੀ ਕਾਹਲੀ ਮੁੜ ਭਾਈ ਜੇਠਾ ਜੀ ਕੋਲ ਆ ਪੁੱਜਾ। ਲਖੂ ਨੇ ਭਾਈ ਜੀ ਦੇ ਚਰਨਾਂ ਉਤੇ ਸਿਰ ਰੱਖ ਦਿੱਤਾ। ਰੋ ਰੋ ਕੇ ਆਪਣੇ ਦਿਲ ਦੀ ਮੈਲ ਧੋਣ ਦਾ ਯਤਨ ਕੀਤਾ। ਉਸ ਦੇ ਰੋਣੇ ਨੂੰ ਦੇਖ ਕੇ ਭਾਈ ਜੀ ਨੂੰ ਭਰੋਸਾ ਹੋ ਗਿਆ ਕਿ ਹੁਣ ਲਖੂ ਧਾੜਵੀ ਨਹੀਂ ਰਿਹਾ। ਇਹ ਜਰੂਰ ਆਪਣੇ ਪਿਛਲੇ ਕੀਤੇ ਕਰਮਾਂ ਉਤੇ ਪਛਤਾ ਰਿਹਾ ਹੈ। ਇਸ ਦਾ ਸੁਧਾਰ ਕਰਨਾ ਚਾਹੀਏ। ਆਖਣ ਲਗੇ—'ਭਾਈ ਤੇਰਾ ਨਾਮ ਕੀ ਹੈ ?'

'ਜੀ ਮੇਰਾ ਨਾਮ ਲਖੂ ਹੈ।' ਲਖੂ ਨੇ ਉੱਤਰ ਦਿੱਤਾ।

'ਵਾਹ ਵਾਹ! ਤੂੰ ਤਾਂ ਲਖਾਂ ਗੁਣਾਂ ਵਾਲਾ ਲਖੂ ਹੈਂ। ਉਠ ਮੇਰੇ ਨਾਲ ਤੁਰ ਸੱਚੇ ਪਾਤਸ਼ਾਹ ਦੇ ਪਾਸ ਚਲੀਏ। ਸ਼ਾਇਦ ਤੇਰੇ ਮਾੜੇ ਕਰਮ ਬਖ਼ਸ਼ੇ ਜਾਣ। ਜੋ ਬੁਰਿਆਈ ਕਰਨੀ ਤੇਰੇ ਮਥੇ ਵਿਚ ਲਿਖੀ ਸੀ, ਉਹ ਲਿਖਤ ਮਿਟ ਜਾਵੇ।'

ਲਖੂ ਉੱਠ ਕੇ ਭਾਈ ਜੇਠਾ ਜੀ ਨਾਲ ਸਤਿਗੁਰਾਂ ਵਲ ਤੁਰ ਪਿਆ। ਤੁਰਦੇ

ਤੁਰਦੇ ਸ੍ਰੀ ਅਕਾਲ ਤਖ਼ਤ ਸਾਹਿਬ ਆਨ ਅੱਪੜੇ । ਅਗੇ ਦਾਤੇ ਦਾ ਦਰਬਾਰ ਲੱਗਾ ਹੋਇਆ ਸੀ, ਧਰਮ ਦੀ ਕਮਾਈ ਕਰਨ ਵਾਲੇ ਬੈਠੇ ਸਨ । ਰੱਬੀ ਕੀਰਤਨ ਹੋ ਰਿਹਾ ਸੀ । ਭਾਈ ਜੇਠਾ ਜੀ ਤੇ ਲਖੂ ਇਕ ਪਾਸੇ ਹੋ ਕੇ ਬੈਠ ਗਏ। ਅਲਾਹੀ ਕੀਰਤਨ ਸੁਣਿਆ, ਗੁਰਬਾਣੀ ਦੇ ਕੀਰਤਨ ਨੇ ਲਖੂ ਦੇ ਸਰੀਰ ਵਿਚ ਬਿਜਲੀ ਵਰਗੀ ਰੌ ਚਲਾ ਦਿੱਤੀ । ਉਸ ਦੇ ਨੈਣਾਂ ਵਿਚੋਂ ਮਲੋ ਮਲੀ ਜਲ ਜਾਣ ਲਗ ਪਿਆ। ਕੀਰਤਨ ਦਾ ਭੋਗ ਪਿਆ, ਸਤਿਗੁਰਾਂ ਨੇ ਭਾਈ ਜੇਠੇ ਨੂੰ ਕੋਲ ਸੱਦਿਆ। ਭਾਈ ਜੇਠਾ ਲਖੂ ਨੂੰ ਨਾਲ ਲੈ ਗਿਆ । ਲਖੂ ਨੂੰ ਦੇਖਦਿਆਂ ਸਤਿਗੁਰਾਂ ਨੇ ਸਹਿਜ ਸੁਭਾਅ ਹੀ ਫ਼ੁਰਮਾਇਆ, 'ਆ ਭਾਈ ਲਖਿਆ! ਤੇਰੇ ਲੱਖਾਂ ਦੇ ਵਿਉਪਾਰ।' ਬਸ ਲਖੂ ਵਿਉਪਾਰੀ ਬਣ ਗਿਆ, ਦਰਗਾਹੀ ਹੁਕਮ ਹੋ ਗਿਆ, ਵਾਹਿਗੁਰੂ ਦਾ ਸਿਮਰਨ ਕਰਨ ਲੱਗਾ। ਰੋਜ਼ੀ ਕਮਾਉਣ ਵਾਸਤੇ ਵਿਉਪਾਰ ਦੀ ਕਿਰਤੇ ਲੱਗਾ । ਕੁਝ ਸਾਲਾਂ ਵਿਚ ਹੀ ਲੱਖਾਂਪਤੀ ਹੋ ਗਿਆ, ਪਰ ਗੁਰੂ ਜੀ ਦੇ ਚਰਨ ਸਿਮਰਨ ਤੇ ਧਰਮ ਕਿਰਤ ਦਾਨ ਸੇਵਾ ਨਹੀਂ ਛੱਡੀ । ਪ੍ਰਲੋਕ ਗਮਨ ਕਰਨ ਤੋਂ ਪਹਿਲਾਂ ਸਾਰੀ ਦੌਲਤ ਸਤਿਗੁਰਾਂ ਦੇ ਹਵਾਲੇ ਕਰ ਗਿਆ।

# ੯੧. ਭਾਈ ਜੱਟੂ ਤਪਾ

ਕਰਤਾਰਪੁਰ (ਬਿਆਸ) ਵਿਚ ਇਕ ਜੱਟੂ ਨਾਮ ਦਾ ਸਾਧੂ ਸੀ । ਉਹ ਪੰਜ ਧੂਣੀਆਂ ਬਾਲ ਕੇ ਤਪਸਿਆ ਕਰਿਆ ਕਰਦਾ ਸੀ, ਇਸ ਕਰਕੇ ਸਾਰੇ ਉਸ ਨੂੰ 'ਤਪਾ ਜੀ' ਆਖ ਕੇ ਬੁਲਾਇਆ ਕਰਦੇ ਸਨ । ਉਸ ਨੂੰ ਤਪ ਕਰਕੇ ਖਪਦਿਆਂ ਹੋਇਆਂ ਕਈ ਸਾਲ ਗੁਜ਼ਰ ਗਏ ਪਰ ਉਸ ਦੀ ਆਤਮਾ ਨੂੰ ਸ਼ਾਂਤੀ ਪ੍ਰਾਪਤ ਨਾ ਹੋਈ । ਕਈਆਂ ਸੰਤਾਂ ਭਗਤਾਂ ਨੇ ਉਸ ਨੂੰ ਸਮਝਾਇਆ ਕਿ ਤਪ ਦਾ ਝੰਜਟ ਛੱਡ ਕੇ ਵਾਹਿਗੁਰੂ ਦਾ ਭਜਨ ਕਰ ਤਾਂ ਕਿ ਤੇਰੀ ਕਲਿਆਣ ਹੋਵੇ ਤੇ ਮਨ ਵੀ ਸ਼ਾਂਤ ਹੋ ਜਾਵੇ । ਤਪੇ ਨੇ ਕਿਸੇ ਦੀ ਇਕ ਨਾ ਸੁਣੀ । ਉਹ ਆਪਣੇ ਹਠ ਉਤੇ ਕਾਇਮ ਰਿਹਾ ।

ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮਿਹਰਾਂ ਦੇ ਘਰ ਵਿਚ ਆ ਕੇ ਸ਼ਿਕਾਰ ਖੇਡਣ ਤੇ ਭੁਲੇ ਭਟਕੇ ਪਾਪੀਆਂ ਨੂੰ ਤਾਰਨ ਵਾਸਤੇ ਦਰਿਆ ਬਿਆਸ ਤੋਂ ਪਾਰ ਚਲੇ ਗਏ । ਸਤਿਗੁਰਾਂ ਨੂੰ ਲੋਕਾਂ ਨੇ ਦੱਸਿਆ ਕਿ ਇਥੇ ਜੱਟੂ ਤਪ

ਕਰਦਾ ਹੈ । ਤਪ ਕਰਦੇ ਨੂੰ ਕਈ ਸਾਲ ਬੀਤ ਗਏ ਹਨ, ਪਰ ਉਸ ਦਾ ਤਪ ਸੰਪੂਰਨ ਨਹੀਂ ਹੁੰਦਾ, ਉਹ ਖਪੀ ਜਾਂਦਾ ਹੈ । ਉਸ ਨੂੰ ਖਪਣ ਤੋਂ ਹਟਾ ਦੇਣਾ ਚਾਹੀਦਾ ਹੈ । ਦਿਆਲੂ ਤੇ ਕ੍ਰਿਪਾਲੂ ਸੱਚੇ ਸਤਿਗੁਰੂ ਤਪੇ ਕੋਲ ਪੁੱਜੇ । ਪੰਜ ਕੁ ਮਿੰਟ ਉਹਦੇ ਵਲ ਦੇਖਦੇ ਰਹੇ । ਨੈਣਾਂ ਦੀਆਂ ਪ੍ਰੇਮ ਕਿਰਨਾਂ ਸੁਟ ਸੁਟ ਕੇ ਉਹਦੇ ਤਪਦੇ ਹਿਰਦੇ ਨੂੰ ਠੰਢਿਆਂ ਕਰਦੇ ਰਹੇ । ਤੁਰਨ ਲਗਿਆਂ ਸਤਿਗੁਰਾਂ ਨੇ ਸਿਰਫ਼ ਇਹੋ ਕਿਹਾ, 'ਤਪਿਆ ! ਕਿਉਂ ਖਪਦਾ ਹੈਂ, ਵਾਹਿਗੁਰੂ ਕਹੋ ।' ਇਹੋ ਬਚਨ ਕਰਦੇ ਅਗੇ ਚਲੇ ਗਏ।

ਇਹ ਸ਼ਬਦ ਸੁਣ ਕੇ ਤਪੇ ਨੇ ਅੱਖਾਂ ਪੁੱਟ ਕੇ ਦੇਖਿਆ ਤਾਂ ਉਸ ਨੂੰ ਝੌਲਾ ਜਿਹਾ ਪਿਆ ਕਿ ਘੋੜੇ ਵਾਲਾ ਅਗੇ ਲੰਘ ਗਿਆ ਹੈ, ਉਸ ਦਾ ਮਨ ਬੇਚੈਨ ਹੋ ਉਠਿਆ ।

ਉਹਦੀਆਂ ਧੂਣੀਆਂ ਠੰਢੀਆਂ ਹੋ ਗਈਆਂ, ਉਸ ਵਿਚ ਐਨੀ ਹਿੰਮਤ ਨਾ ਰਹੀ ਕਿ ਉਹ ਫੂਕ ਮਾਰ ਕੇ ਅੱਗ ਬਾਲੇ, ਲਾਗੇ ਪਈਆਂ ਲੱਕੜਾਂ ਧੂਣੀ ਉਤੇ ਰਖੇ । ਉਹ ਖ਼ੁਦ ਹੈਰਾਨ ਸੀ ਕਿ ਜਾਂਦਾ ਹੋਇਆ ਰਾਹੀ ਉਸ ਦੇ ਹਿਰਦੇ ਵਿਚ ਨਵੀਂ ਹੀ ਪ੍ਰੇਮ ਚਵਾਤੀ ਬਾਲ ਗਿਆ ਹੈ । ਕੁਝ ਚਿਰ ਬੇਚੈਨ ਰਹਿਣ ਪਿਛੋਂ ਉਠਿਆ ਤੇ ਛਾਲਾਂ ਮਾਰ ਕੇ ਧੂਣੀਆਂ ਵਾਲੇ ਆਸਣ ਤੋਂ ਬਾਹਰ ਆ ਗਿਆ। ਬਾਹਰ ਆ ਕੇ 'ਵਾਹਿਗੁਰੂ ਕਹੋ ਵਾਹਿਗੁਰੂ' ਮੂੰਹੋਂ ਰਟਨ ਲਗਾ, ਜਿਵੇਂ ਕੋਈ ਪੰਛੀ ਕਿਸੇ ਮਨੁਖ ਕੋਲੋਂ ਬਚਨ ਸੁਣ ਕੇ ਉਸ ਤਰ੍ਹਾਂ ਹੀ ਰਟੀ ਜਾਂਦਾ ਹੈ।

'ਵਾਹਿਗੁਰੂ ਕਹੋ ਵਾਹਿਗੁਰੂ' ਆਖਦਾ ਹੋਇਆ ਨਾਚ ਕਰਨ ਲੱਗਾ । ਉਹ ਐਨਾ ਮਗਨ ਹੋਇਆ ਕਿ ਸ਼ੁਦਾਈ ਪ੍ਰਤੀਤ ਹੋਣ ਲੱਗਾ, ਬੱਚੇ ਤੇ ਬੇਸਮਝ ਉਸ ਦੇ ਉਦਾਲੇ ਇਕੱਠੇ ਹੋ ਜਾਂਦੇ । ਉਸ ਨੂੰ ਪੱਥਰ ਢੀਮਾਂ ਤਾਂ ਨਾ ਮਾਰਦੇ, ਪਰ ਗੱਲਾਂ ਨਾਲ ਜ਼ਰੂਰ ਚਿੜਾਉਂਦੇ, 'ਤਪਾ ਖਪਾ ਤਪਾ ਖਪਾ' ਜਾਂ 'ਤਪਿਆ ਕਿਉਂ ਖਪਿਆ' ਉਹ ਅਗੋਂ ਖਿਝ ਕੇ ਨਾ ਪੈਂਦਾ ਸਗੋਂ ਆਖੀ ਜਾਂਦਾ, 'ਵਾਹਿਗੁਰੂ ਕਹੋ ਵਾਹਿਗੁਰੂ'। ਉਸ ਨੂੰ ਖਾਣੇ, ਲੀੜੇ ਤੇ ਆਪਣੇ ਆਪਦੀ ਸੰਭਾਲ ਦਾ ਵੀ ਖ਼ਿਆਲ ਨਾ ਰਿਹਾ । ਉਹ ਸਚਮੁਚ ਸ਼ੁਦਾਈ ਹੋ ਗਿਆ । ਉਦਾਲੇ ਦੇ ਲੀੜੇ ਪਾਟ ਗਏ, ਕਦੀ ਟਾਕੀਆਂ ਨਾਲ ਅਧਫ਼ਵੰਜਾ ਓਢ ਲੈਂਦਾ, ਕਦੀ ਅਲ਼ਫ਼ ਨੰਗਾ ਹੀ ਤੁਰਿਆ ਫਿਰਦਾ ਰਹਿੰਦਾ । ਤਪੇ ਤੋਂ 'ਮਲੰਗ' ਨਾਮ ਪੈ ਗਿਆ।

ਸੱਚੇ ਸਤਿਗੁਰਾਂ ਨੇ ਪ੍ਰੇਮ ਦੀ ਡੋਰ ਨਾਲ ਖਿਚਿਆ । ਡਾਢਾ ਖਿਚਿਆ, ਤਪਾ

ਝਲਪੁਣੇ ਵਿਚ ਹੀ ਦਰਿਆ ਬਿਆਸ ਪਾਰ ਕਰ ਕੇ ਸ੍ਰੀ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਪਹੁੰਚ ਗਿਆ। ਅੰਮ੍ਰਿਤਸਰ ਦੇ ਗਲੀ ਬਜ਼ਾਰਾਂ ਵਿਚ ਚਰਚਾ ਹੋਣ ਲਗ ਗਈ ਕਿ ਇਕ ਨਿਰਾਲਾ ਹੀ ਪਾਗਲ ਆਇਆ ਹੈ ਜੋ 'ਵਾਹਿਗੁਰੂ ਕਹੋ ਵਾਹਿਗੁਰੂ' ਤੋਂ ਬਿਨਾਂ ਕੋਈ ਹੋਰ ਸ਼ਬਦ ਬੋਲਦਾ ਨਹੀਂ। ਹੌਲੀ ਹੌਲੀ ਸੱਚੇ ਸਤਿਗੁਰਾਂ ਨੂੰ ਪਤਾ ਲਗਾ। ਅੰਤਰਜਾਮੀ ਤੇ ਚੋਜੀ ਦਾਤੇ ਨੇ ਭਾਵੇਂ ਆਪ ਸੱਦਿਆ ਸੀ ਪਰ ਪ੍ਰਗਟ ਨਹੀਂ ਸਨ ਕਰਦੇ। ਸਤਿਗੁਰਾਂ ਨੇ ਸੇਵਾਦਾਰਾਂ ਨੂੰ ਹੁਕਮ ਦਿੱਤਾ ਕਿ ਉਸ ਤਪੇ ਨੂੰ ਦੀਵਾਨ ਵਿਚ ਲਿਆਓ, ਉਹ ਗੁਰਮੁਖ ਹੈ। ਵਾਹਿਗੁਰੂ ਸਿਮਰਨ ਕਰਦਾ ਹੈ, ਉਸ ਦਾ ਹਿਰਦਾ ਪਵਿੱਤਰ ਹੈ। ਨਾਲ ਹੀ ਇਉਂ ਵਰ ਵੀ ਦਈ ਗਏ।

ਸੇਵਾਦਾਰ ਸਿੱਖ ਨੱਸੇ ਬਜ਼ਾਰਾਂ ਵਿਚੋਂ ਲੱਭ ਕੇ ਭਾਈ ਜੱਟੂ ਤਪੇ ਨੂੰ ਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਏ। ਗੁਰੂ ਜੀ ਨੇ ਤਪੇ ਦੇ ਸਿਰ ਉਤੇ ਹੱਥ ਰੱਖਿਆ, ਹੱਥ ਰੱਖਣ ਦੀ ਢਿੱਲ ਹੀ ਸੀ ਕਿ ਤਪੇ ਦੇ ਕਪਾਟ ਖੁਲ੍ਹ ਗਏ, ਉਸ ਨੂੰ ਤਿੰਨ ਲੋਕ ਦੀ ਸੋਝੀ ਪੈ ਗਈ। ਉਸ ਦਾ ਪਾਗਲਪਨ ਦੂਰ ਹੋ ਗਿਆ। ਉਸ ਨੇ ਸਤਿਗੁਰਾਂ ਦੇ ਚਰਨਾਂ ਉਤੇ ਮੱਥਾ ਟੇਕਿਆ ਤੇ ਆਖਿਆ, 'ਤਪੇ ਖਪੇ ਨੂੰ ਸ਼ਾਂਤ ਕਰ ਕੇ ਸਿਧੇ ਰਾਹ ਪਾਇਆ ਹੈ, ਬਲਿਹਾਰ ਹੈ ਸੱਚੇ ਸਤਿਗੁਰੂ! ਮਿਹਰਾਂ ਦੇ ਦਾਤਿਓ! ਦੁਖੀਆਂ ਦੇ ਦੁਖ ਦੂਰ ਕਰਨਹਾਰ।' ਬਾਕੀ ਦੀ ਉਮਰ ਸਿਮਰਨ ਤੇ ਗੁਰੂ ਘਰ ਦੀ ਸੇਵਾ ਕਰਦਿਆਂ ਹੋਇਆਂ ਗੁਜ਼ਾਰੀ। ਚੰਗੇ ਭਗਤਾਂ ਤੇ ਸੇਵਕਾਂ ਵਿਚ ਗਿਣਿਆ ਗਿਆ।

ਇਸ ਸਾਖੀ ਤੋਂ ਪਤਾ ਚਲਦਾ ਹੈ ਕਿ ਨਾਮ ਸਿਮਰਨ ਤੋਂ ਬਿਨਾਂ ਸਭ ਜਪ ਤਪ ਫੋਕਟ ਹਨ।

## ੯੨. ਭਾਈ ਭਾਨਾ ਪਰਉਪਕਾਰੀ

ਭਾਨਾ ਪ੍ਰਯਾਗ (ਇਲਾਹਾਬਾਦ) ਦਾ ਰਹਿਣ ਵਾਲਾ ਸੀ, ਇਹ ਛੇਵੇਂ ਸਤਿਗੁਰੂ ਦੇ ਸਨਮੁਖੀ ਸਿੱਖਾਂ ਵਿਚੋਂ ਸੀ, ਉਹ ਸਦਾ ਧਰਮ ਕਿਰਤ ਕਰਦਾ। ਜਦੋਂ ਕਦੀ ਵਿਹਲ ਮਿਲਦੀ ਤਾਂ ਦਰਿਆ ਜਮਨਾ ਕਿਨਾਰੇ ਜਾ ਕੇ ਪ੍ਰਭੂ ਸਿਮਰਨ ਕਰਦਾ, ਕਿਸੇ ਦਾ ਦਿਲ ਨਾ ਦੁਖਾਉਂਦਾ, ਕਿਸੇ ਦੀ ਨਿੰਦਾ ਚੁਗਲੀ ਕਰਨੀ ਜਾਣਦਾ ਹੀ ਨਹੀਂ ਸੀ, ਕੋਈ ਉਸ ਨੂੰ ਮੰਦੇ ਸ਼ਬਦ ਆਖੇ ਤਾਂ ਉਹ ਚੁਪ ਰਹਿੰਦਾ।

ਇਕ ਦਿਨ ਭਾਈ ਭਾਨਾ ਜਮਨਾ ਕਿਨਾਰੇ ਬੈਠਾ ਹੋਇਆ ਸਤਿਨਾਮ ਦਾ ਸਿਮਰਨ ਕਰ ਰਿਹਾ ਸੀ, ਬਾਣੀ ਪੜ੍ਹੀ ਜਾਂਦਾ ਸੀ ਚੌਂਕੜੇ ਮਾਰ ਕੇ ਬੈਠੇ ਹੋਏ ਨੇ ਲਿਵ ਗੁਰ ਚਰਨਾਂ ਨਾਲ ਜੋੜੀ ਹੋਈ ਸੀ। ਮਨ ਦੀ ਉਚੀ ਅਵਸਥਾ ਦੇ ਕਾਰਨ ਉਹਦੀ ਆਤਮਾ ਸ੍ਰੀ ਅੰਮ੍ਰਿਤਸਰ ਦੇ ਵਿਚ ਫਿਰ ਰਹੀ ਸੀ ਤੇ ਤਨ ਜਮਨਾ ਕਿਨਾਰੇ ਸੀ। ਅਲਖ ਨਿਰੰਜਨ ਅਗਮ ਅਪਾਰ ਬ੍ਰਹਮ ਦੇ ਨੇੜੇ ਹੋਣ ਤੇ ਉਹਦੇ ਭੇਤਾਂ ਨੂੰ ਪਾਉਣ ਦਾ ਯਤਨ ਕਰ ਰਿਹਾ ਸੀ। ਜਦੋਂ ਗੁਰੂ ਦਾ ਸਿੱਖ ਬਣਿਆ ਸੀ ਤਦੋਂ ਉਹ ਜਵਾਨ ਉਮਰ ਵਿਚ ਸੀ, ਵਿਉਪਾਰੀ ਆਦਮੀ ਸੀ। ਵਿਉਪਾਰ ਵਿਚ ਝੂਠ ਬੋਲਣਾ ਨਹੀਂ ਸੀ ਜਾਣਦਾ।

ਹਾਂ! ਭਾਈ ਭਾਨਾ ਗੁਰੂ ਜੀ ਦੀ ਬਾਣੀ ਪੜ੍ਹ ਰਿਹਾ ਸੀ। ਸ਼ਾਮਾਂ ਪੈ ਰਹੀਆਂ ਸਨ। ਡੁੱਬਦਾ ਹੋਇਆ ਸੂਰਜ ਆਪਣੀਆਂ ਸੁਨਹਿਰੀ ਕਿਰਨਾਂ ਜਮਨਾ ਦੇ ਨਿਰਮਲ ਜਲ ਉਤੇ ਸੁਟ ਰਿਹਾ ਸੀ। ਉਸ ਵੇਲੇ ਇਕ ਨਾਸਤਕ (ਰੱਬ ਤੋਂ ਬੇਮੁੱਖ) ਮੂਰਖ ਭਾਈ ਜੀ ਦੇ ਕੋਲ ਆ ਬੈਠਾ। ਭਾਈ ਜੀ ਨੂੰ ਆਖਣ ਲੱਗਾ 'ਹੇ ਪੁਰਸ਼ਾ! ਮੈਨੂੰ ਇਹ ਸਮਝਾ ਕਿ ਰੋਜ਼ ਤੂੰ ਹਰ ਵੇਲੇ ਪ੍ਰਮਾਤਮਾ ਨੂੰ ਬੇਅਰਾਮ ਕਿਉਂ ਕਰਦਾ ਹੈਂ? ਕੀ ਤੇਰਾ ਪ੍ਰਮਾਤਮਾ ਤੰਗ ਨਹੀਂ ਹੁੰਦਾ? ਇਕ ਦਿਨ ਕਿਸੇ ਨੂੰ ਕੋਈ ਗੱਲ ਆਖੀ ਹੋਈ ਕਾਫ਼ੀ ਹੈ, ਰੋਜ਼ ਰੋਜ਼ ਬੁੜ ਬੁੜ ਕਰਦੇ ਰਹਿਣਾ ਚੰਗਾ ਨਹੀਂ।'

ਭਾਈ ਭਾਨਾ ਨੇ ਨਾਸਤਕ ਦੇ ਕੌੜੇ ਬਚਨਾਂ ਦਾ ਗੁੱਸਾ ਨਹੀਂ ਕੀਤਾ। ਪ੍ਰੇਮ ਨਾਲ ਆਖਣ ਲੱਗਾ—'ਸੁਣ ਨੇਕ ਪੁਰਸ਼ਾ! ਮੈਂ ਬਹੁਤ ਗਿਆਨੀ ਤਾਂ ਨਹੀਂ ਪਰ ਜੋ ਕੁਝ ਮੈਂ ਸਮਝਦਾ ਹਾਂ ਤੈਨੂੰ ਸਮਝਾਉਣ ਦਾ ਯਤਨ ਕਰਦਾ ਹਾਂ। ਧਿਆਨ ਨਾਲ ਸੁਣ ਜਿਵੇਂ ਕਿਸੇ ਨੂੰ ਚੋਰ ਮਿਲਣ, ਉਹ ਰਾਜੇ ਦੇ ਨਾਮ ਦੀ ਪੁਕਾਰ ਕਰਦਾ ਹੈ, ਉਹ ਚੋਰ ਨੱਸ ਜਾਂਦੇ ਹਨ ਕਿਉਂਕਿ ਚੋਰਾਂ ਨੂੰ ਭੈ ਹੁੰਦਾ ਹੈ ਕਿ ਰਾਜਾ ਓਨਾ ਨੂੰ ਡੰਨ ਨਾ ਦੇਵੇ। ਇਸੇ ਤਰ੍ਹਾਂ ਮਨੁਖ ਮਨ ਦੇ ਉਦਾਲੇ ਕਾਮ ਕ੍ਰੋਧ ਲੋਭ ਮੋਹ ਤੇ ਹੰਕਾਰ ਪੰਜ ਚੋਰ ਹਨ। ਉਹ ਜੀਵ ਨੂੰ ਸੁਖ ਨਾਲ ਨਹੀਂ ਬੈਠਣ ਦੇਂਦੇ। ਜੀਵ ਦਾ ਭਵਿਖਤ ਲੁਟਦੇ ਹਨ। ਪਾਪ ਕਰਮ ਵਲ ਪ੍ਰੇਰਦੇ ਹਨ। ਉਹਨਾਂ ਪੰਜਾਂ ਚੋਰਾਂ ਤੋਂ ਛੁਟਕਾਰਾ ਪਾਉਣ ਵਾਸਤੇ ਜਰੂਰੀ ਹੈ ਕਿ ਸਤਿਗੁਰਾਂ ਦੇ ਦਸੇ ਢੰਗ ਨਾਲ ਰਾਜਿਆਂ ਦੇ ਰਾਜੇ ਭਗਵਾਨ ਦੇ ਨਾਮ ਦਾ ਸਿਮਰਨ ਕੀਤਾ ਜਾਵੇ, ਨਾਲ ਹੀ ਜੇ ਅਸੀਂ ਭਗਵਾਨ ਨੂੰ ਚੇਤੇ ਰਖੀਏ ਤਾਂ ਉਹ ਵੀ ਅਸਾਨੂੰ ਚੇਤੇ ਰੱਖਦਾ ਹੈ। ਚੇਤੇ ਸ੍ਵਾਸ ਸ੍ਵਾਸ ਨਾਲ ਰਖਣਾ ਚਾਹੀਦਾ ਹੈ। ਭਗਵਾਨ ਨੂੰ ਭੁੱਲਣ ਵਾਲਾ

ਆਪਣੇ ਆਪ ਨੂੰ ਭੁਲ ਜਾਂਦਾ ਹੈ ਤੇ ਆਪਣੇ ਆਪ ਨੂੰ ਭੁੱਲ ਕੇ ਮੰਦੇ ਕਰਮ ਕਰਦਾ ਹੈ। ਮੰਦੇ ਕਰਮਾਂ ਦਾ ਫਲ ਉਸ ਦੀ ਆਤਮਾ ਦੁਖੀ ਹੁੰਦੀ ਹੈ। ਉਹ ਸੰਸਾਰ ਵਿਚ ਬਦਨਾਮ ਹੋ ਜਾਂਦਾ ਹੈ, ਉਸ ਨੂੰ ਕੋਈ ਚੰਗਾ ਨਹੀਂ ਸਮਝਦਾ।

ਜਿਵੇਂ ਪੋਲੇ ਵਾਂਸ ਵਿਚ ਫੂਕ ਮਾਰਨ ਨਾਲ ਫੂਕ ਅਗਲੇ ਪਾਸੇ ਨਿਕਲ ਜਾਂਦੀ ਹੈ, ਵਾਂਸ ਉਤੇ ਕੋਈ ਅਸਰ ਨਹੀਂ ਹੁੰਦਾ, ਤਿਵੇਂ ਭਾਈ ਭਾਨੇ ਦਾ ਸੁਭਾਅ ਤੇ ਚੰਗੇ ਬਚਨਾਂ ਦਾ ਅਸਰ ਮੂਰਖ ਉਤੇ ਕਖ ਨਾ ਹੋਇਆ। ਇਕ ਕੰਨੋਂ ਸੁਣਿਆ ਤੇ ਦੂਸਰੇ ਕੰਨੋਂ ਬਾਹਰ ਕੱਢ ਦਿੱਤਾ। ਨਾਲ ਹੀ ਕ੍ਰੋਧਵਾਨ ਹੋ ਕੇ ਭਾਈ ਭਾਨੇ ਨੂੰ ਆਖਣ ਲਗਾ—'ਮੂਰਖ ਬੇਸਮਝ ਕਿਉਂ ਕੂੜ ਤੋਲੀ ਜਾਨਾਂ ਏਂ। ਨਾ ਕੋਈ ਪ੍ਰਮਾਤਮਾ ਹੈ ਤੇ ਨਾ ਕਿਸੇ ਨੂੰ ਯਾਦ ਕਰਨਾ ਚਾਹੀਏ।' ਇਹ ਆਖ ਕੇ ਉਸ ਨੇ ਭਾਈ ਸਾਹਿਬ ਨੂੰ ਜ਼ੋਰ ਦਾ ਥੱਪੜ ਮਾਰਿਆ, ਥੱਪੜ ਮਾਰ ਕੇ ਆਪ ਤੁਰਦਾ ਹੋਇਆ, ਰਾਹ ਵਿਚ ਜਾਂਦਾ ਭਾਈ ਜੀ ਤੇ ਪ੍ਰਮਾਤਮਾ ਨੂੰ ਗਾਲ੍ਹਾਂ ਕੱਢਦਾ ਹੋਇਆ ਤੁਰਦਾ ਗਿਆ।

ਭਾਈ ਭਾਨਾ ਜੀ ਹੌਂਸਲੇ ਵਾਲੇ ਪੁਰਸ਼ ਸਨ। ਉਹਨਾਂ ਗੁੱਸਾ ਨਹੀਂ ਕੀਤਾ ਸਗੋਂ ਉਠ ਕੇ ਘਰ ਚਲੇ ਗਏ। ਘਰ ਪਹੁੰਚ ਕੇ ਸਤਿਗੁਰਾਂ ਅਗੇ ਅਰਦਾਸ ਕੀਤੀ ਕਿ—'ਸੱਚੇ ਪਾਤਸ਼ਾਹ! ਮੈਂ ਤਾਂ ਸ਼ਾਇਦ ਕਤਲ ਹੋਣ ਦੇ ਲਾਇਕ ਸਾਂ ਆਪ ਦੀ ਮਿਹਰ ਹੈ ਕਿ ਇਕ ਮੁਕੇ ਨਾਲ ਹੀ ਖਲਾਸੀ ਹੋ ਗਈ, ਪਰ ਮੈਂ ਚਾਹੁੰਦਾ ਹਾਂ ਕਿ ਇਸ ਨਾਸਤਕ ਦਾ ਭਲਾ ਹੋਵੇ, ਇਹ ਸਿੱਧੇ ਰਸਤੇ ਲੱਗੇ।'

ਇਸ ਘਟਨਾ ਦੇ ਕੁਝ ਸਮਾਂ ਪਿਛੋਂ ਇਕ ਦਿਨ ਭਾਈ ਭਾਨਾ ਜੀ ਫਿਰ ਜਮਨਾ ਕਿਨਾਰੇ ਪਹੁੰਚੇ। ਅਗੇ ਜਾ ਕੇ ਕੀ ਦੇਖਦੇ ਹਨ ਕਿ ਓਹੋ ਨਾਸਤਕ ਉਥੇ ਬੈਠਾ ਹੋਇਆ ਸੀ ਉਸ ਦਾ ਹੁਲੀਆ ਖ਼ਰਾਬ ਸੀ ਤੇ ਤਨ ਦੇ ਲੀੜੇ ਪਾਟੇ ਹੋਏ ਸਨ। ਤਨ ਤੇ ਫੋੜੇ ਹੀ ਫੋੜੇ ਸਨ। ਜਿਵੇਂ ਉਸ ਦਾ ਆਤਮਾ ਭ੍ਰਿਸ਼ਟਿਆ ਹੋਇਆ ਸੀ, ਤਿਵੇਂ ਉਸ ਦਾ ਤਨ ਵੀ ਭ੍ਰਿਸ਼ਟ ਗਿਆ। ਉਹ ਕੁਰਲਾ ਰਿਹਾ ਸੀ, ਉਸ ਦੇ ਅੰਗ ਅੰਗ ਵਿਚੋਂ ਪੀੜਾਂ ਨਿਕਲਦੀਆਂ ਸਨ, ਉਸ ਦਾ ਕੋਈ ਦਰਦੀ ਨਹੀਂ ਸੀ ਬਣਦਾ। ਭਾਈ ਭਾਨੇ ਜੀ ਨੂੰ ਦੇਖਦੇ ਸਾਰ ਉਹ ਸ਼ਰਮਿੰਦਾ ਜਿਹਾ ਹੋ ਗਿਆ। ਅੱਖਾਂ ਹੇਠਾਂ ਕਰ ਲਈਆਂ। ਭਾਈ ਸਾਹਿਬ ਵਲ ਦੇਖ ਨਹੀਂ ਸਕਿਆ, ਉਸ ਦੀ ਮੰਦੀ ਦਸ਼ਾ ਉਤੇ ਭਾਈ ਸਾਹਿਬ ਨੂੰ ਬਹੁਤ ਤਰਸ ਆਇਆ। ਉਨ੍ਹਾਂ ਦਇਆ ਕਰ ਕੇ ਉਸ ਨੂੰ ਬਾਹੋਂ ਫੜ ਲਿਆ ਤੇ ਆਪਣੇ ਘਰ ਲੈ ਆਏ। ਘਰ ਲਿਆ

ਕੇ ਸੇਵਾ ਕਰਨੀ ਸ਼ੁਰੂ ਕੀਤੀ । ਸਤਿਨਾਮੁ ਵਾਹਿਗੁਰੂ ਦਾ ਸਿਮਰਨ ਉਸ ਦੇ ਕੰਨਾਂ ਤੱਕ ਪਹੁੰਚਾਇਆ । ਉਸ ਨੂੰ ਸਮਝਾਇਆ ਕਿ ਰੱਬ ਜ਼ਰੂਰ ਹੈ । ਉਸ ਮਹਾਨ ਸ਼ਕਤੀ ਦੀ ਨਿੰਦਾ ਕਰਨੀ ਚੰਗੀ ਨਹੀਂ । ਹੌਲੀ ਹੌਲੀ ਉਸਦਾ ਸਰੀਰ ਅਰੋਗ ਹੋ ਗਿਆ । ਆਤਮਾ ਵਿਚ ਤਬਦੀਲੀ ਆ ਗਈ। ਉਹ ਪ੍ਰਮਾਤਮਾ ਨੂੰ ਯਾਦ ਕਰਨ ਲਗਾ । ਜਿਉਂ ਜਿਉਂ ਸਤਿਨਾਮੁ ਆਖਦਾ ਗਿਆ ਤਿਉਂ ਤਿਉਂ ਉਸ ਦੇ ਸਰੀਰ ਦੇ ਸਾਰੇ ਰੋਗ ਦੂਰ ਹੁੰਦੇ ਗਏ ।

ਉਸ ਨੇ ਭਾਈ ਭਾਨਾ ਜੀ ਅਗੇ ਤਰਲਾ ਕੀਤਾ ਕਿ ਭਾਈ ਸਾਹਿਬ ਉਸ ਨੂੰ ਆਪਣੇ ਸਤਿਗੁਰਾਂ ਪਾਸ ਲੈ ਚੱਲਣ । ਗੁਰਾਂ ਦੇ ਦਰਸ਼ਨ ਕਰ ਕੇ ਉਹ ਵੀ ਤਰ ਜਾਵੇ ਕਿਉਂਕਿ ਉਸ ਨੇ ਬੀਤੇ ਜੀਵਨ ਵਿਚ ਕੋਈ ਨੇਕੀ ਨਹੀਂ ਸੀ ਖੱਟੀ ।

ਇਹ ਗੱਲ ਸੁਣ ਕੇ ਭਾਈ ਭਾਨੇ ਨੂੰ ਖ਼ੁਸ਼ੀ ਹੋਈ। ਉਸ ਨੇ ਓਸੇ ਵੇਲੇ ਤਿਆਰੇ ਕੀਤੇ ਤੇ ਮੰਜਲੋ ਮੰਜਲੀ ਤੁਰ ਕੇ ਸ੍ਰੀ ਅੰਮ੍ਰਿਤਸਰ ਪਹੁੰਚ ਗਏ । ਅਗੇ ਸਤਿਗੁਰਾਂ ਦਾ ਦੀਵਾਨ ਲੱਗਾ ਹੋਇਆ ਸੀ । ਦੋਹਾਂ ਨੇ ਜਾ ਸਤਿਗੁਰਾਂ ਦੇ ਚਰਨਾਂ ਉਤੇ ਮੱਥਾ ਟੇਕਿਆ। ਗੁਰੂ ਜੀ ਨੇ ਮਿਹਰ ਕਰ ਕੇ ਭਾਈ ਭਾਨੇ ਦੇ ਨਾਲ ਉਸ ਨਾਸਤਕ ਨੂੰ ਵੀ ਤਾਰ ਦਿਤਾ, ਉਹ ਗੁਰੂ ਦਾ ਸਿੱਖ ਬਣ ਗਿਆ। ਮੁੜ ਕੇ ਅੰਮ੍ਰਿਤਸਰ ਤੋਂ ਘਰ ਨਹੀਂ ਗਿਆ । ਗੁਰੂ ਕੇ ਲੰਗਰ ਵਿਚ ਹੀ ਸੇਵਾ ਕਰਦਾ ਰਿਹਾ । ਭਾਈ ਭਾਨੇ ਨੂੰ ਸਤਿਗੁਰਾਂ ਨੇ ਪ੍ਰਯਾਗ ਵਿਚ ਸਿਖੀ ਪ੍ਰਚਾਰ ਵਾਸਤੇ ਭੇਜ ਦਿੱਤਾ।

## ੯੩. ਮਾਈ ਸਰਖਾਨਾ ਦੇ ਪ੍ਰੇਮ ਦੀ ਕਥਾ

ਮਾਲਵੇ ਦੇ ਵਿਚ ਇਕ ਸਰਖਾਨਾ ਪਿੰਡ ਸੀ । ਸ੍ਰੀ ਗੁਰੂ ਹਰਿਰਾਇ ਸਾਹਿਬ ਦੇ ਸਮੇਂ ਇਕ ਮਾਈ ਇਸ ਨਗਰ ਵਿਚ ਰਹਿੰਦੀ ਸੀ । ਉਸ ਮਾਈ ਨੇ ਸੱਚੇ ਸਤਿਗੁਰਾਂ ਦੀ ਉਪਮਾ ਸੁਣੀ। ਇਹ ਵੀ ਸੁਣਿਆ ਕਿ ਸੱਚੇ ਸਤਿਗੁਰੂ ਜੀ ਚੁਰਾਸੀ ਦੇ ਗੇੜ ਵਿਚੋਂ ਕੱਢ ਦੇਂਦੇ ਹਨ । ਕੋਈ ਪੁਰਸ਼ ਜੇ ਉਹਨਾਂ ਦੀ ਸੇਵਾ ਕਰੇ ਤਾਂ ਉਸ ਦੀ ਜੀਵ ਆਤਮਾ ਮੁਕਤ ਹੋ ਜਾਂਦੀ ਹੈ।

ਮਾਈ ਦੀ ਉਮਰ ਵਡੇਰੀ ਸੀ । ਗੁਰੂ ਜੀ ਦੀਆਂ ਸਾਖੀਆਂ ਸੁਣ ਸੁਣ ਕੇ ਉਸ ਦੇ ਹਿਰਦੇ ਵਿਚ ਪ੍ਰੇਮ ਲਗਨ ਲਗੀ । ਉਸ ਦੀ ਤੀਬਰ ਇੱਛਾ ਹੋਈ ਕਿ

ਉਹ ਗੁਰੂ ਜੀ ਦੇ ਦਰਸ਼ਨ ਕਰੇ, ਪਰ ਦਰਸ਼ਨ ਖ਼ਾਲੀ ਹੱਥ ਨਾ ਕਰੇ। ਸੱਚੇ ਸਤਿਗੁਰਾਂ ਨੂੰ ਕੋਈ ਨਾ ਕੋਈ ਚੀਜ਼ ਭੇਟਾ ਦੇਵੇ। ਸੋਚ ਸੋਚ ਕੇ ਉਸ ਇਹ ਫ਼ੈਸਲਾ ਕੀਤਾ ਕਿ ਸਤਿਗੁਰਾਂ ਵਾਸਤੇ ਚਾਦਰਾ ਬਣਾਵੇ।

ਮਨ ਨਾਲ ਚਾਦਰੇ ਦਾ ਫ਼ੈਸਲਾ ਕਰ ਕੇ ਮੋਟੇ ਮੋਟੇ ਗੁਲਾਂ ਵਾਲੀ ਸੁੰਦਰ ਕਪਾਹ ਲਈ। ਉਸ ਕਪਾਹ ਦਾ ਰੂੰ ਵੇਲਿਆ। ਰੂੰ ਵੇਲ ਕੇ ਤੇਲੀ ਕੋਲੋਂ ਰੀਝ ਨਾਲ ਤੁੰਬਾਇਆ। ਤੁੰਬੇ ਹੋਏ ਰੂੰ ਦੀਆਂ ਪ੍ਰੇਮ ਨਾਲ ਪੂਣੀਆਂ ਵਟੀਆਂ। ਪੂਣੀਆਂ ਵਟੀਆਂ ਗਈਆਂ ਤਾਂ ਚਰਖਾ ਡਾਹ ਕੇ ਬੈਠ ਗਈ। ਸਚੇ ਸਤਿਗੁਰਾਂ ਦਾ ਧਿਆਨ ਧਰ ਕੇ ਵਾਹਿਗੁਰੂ ਸਿਮਰਨ ਕਰਦਿਆਂ ਹੋਇਆਂ ਉਸ ਨੇ ਸੂਤ ਕੱਤਿਆ। ਜਦੋਂ ਸੂਤ ਕੱਤਿਆ ਗਿਆ ਤਾਂ ਜੁਲਾਹੇ ਕੋਲ ਗਈ ਉਸ ਨੂੰ ਆਖਣ ਲੱਗੀ 'ਵੀਰਾ! ਮੈਂ ਇਹ ਸੂਤ ਬਹੁਤ ਪ੍ਰੇਮ ਨਾਲ ਬਰੀਕ ਕੱਤਿਆ ਹੈ। ਸ਼ਰਧਾ ਤੇ ਉਮਾਹ ਨਾਲ ਇਸ ਦਾ ਬਰੀਕ ਤੇ ਸੁੰਦਰ ਕਪੜਾ ਬੁਣ ਦੇ। ਇਹ ਕਪੜੇ ਦਾ ਚਾਦਰਾ ਸਿਊਂਕੇ ਮੈਂ ਸਚੇ ਸਤਿਗੁਰਾਂ ਦੀ ਭੇਟਾ ਕਰਨਾ ਹੈ। ਉਹ ਸਤਿਗੁਰੂ ਜੋ ਭਵਜਲ ਤੋਂ ਪਾਰ ਕਰਦੇ ਹਨ।'

ਜੁਲਾਹੇ ਨੇ ਮਾਤਾ ਦੀ ਬੇਨਤੀ ਪ੍ਰਵਾਨ ਕਰ ਲਈ। ਉਸ ਨੇ ਰੀਝ ਨਾਲ ਸ਼ਾਨਦਾਰ ਖੱਦਰ ਬੁਣਿਆ। ਜਦੋਂ ਤਾਣੀ ਤਿਆਰ ਹੋ ਗਈ ਤਾਂ ਮਾਈ ਦੇ ਘਰ ਦੇ ਆਇਆ। ਮਾਈ ਨੇ ਚਾਰ ਗੁਣਾਂ ਵੱਧ ਮਜ਼ਦੂਰੀ ਦਿੱਤੀ। ਮਾਈ ਨੇ ਹੱਥੀਂ ਚਾਦਰਾ ਸੀਤਾ। ਸਿਊਂਕੇ ਰੋਟੀ ਪਕਾਈ। ਦੂਹਰੇ ਪਰੌਂਠੇ ਪਕਾ ਖੰਡ ਘਿਓ ਰਲਾਇਆ ਤੇ ਸ਼ਰਧਾ ਨਾਲ ਚੁਕ ਕੇ ਸਤਿਗੁਰਾਂ ਦੇ ਦਰਸ਼ਨਾਂ ਨੂੰ ਤੁਰ ਪਈ। ਧਿਆਨ ਗੁਰ ਚਰਨਾਂ ਵਲ ਤੇ ਜ਼ਬਾਨ ਉਤੇ ਸਤਿਨਾਮ ਵਾਹਿਗੁਰੂ ਦਾ ਜਾਪ ਸੀ, ਉਸ ਦੇ ਲੂੰ ਲੂੰ ਵਿਚ ਸਤਿਗੁਰਾਂ ਦੀ ਤਾਂਘ ਸੀ। ਓਸੇ ਤਰ੍ਹਾਂ ਦੀ ਤਾਂਘ ਜਿਵੇਂ ਮਛਲੀ ਨੂੰ ਨੀਰ ਤੇ ਚਕੋਰ ਨੂੰ ਚੰਦ ਦੇ ਚੜ੍ਹਨ ਦੀ ਤਾਂਘ ਹੁੰਦੀ ਹੈ, ਪ੍ਰੇਮ ਨਾਲ ਗਦ ਗਦ ਹੋਈ ਹੋਈ ਮਾਈ ਸਤਿਗੁਰਾਂ ਦੇ ਦਰਸ਼ਨਾਂ ਨੂੰ ਜਾ ਰਹੀ ਸੀ।

ਸ੍ਰੀ ਗੁਰੂ ਹਰਿਰਾਇ ਸਾਹਿਬ ਪ੍ਰੇਮ ਦੇ ਪੁੰਜ ਅਗੇ ਦੀਵਾਨ ਵਿਚ ਬਿਰਾਜਮਾਨ ਸਨ, ਦੀਵਾਨ ਸਜਿਆ ਹੋਇਆ ਸੀ। ਰਾਜੇ ਮਹਾਰਾਜੇ ਤੇ ਸ਼ਾਹੂਕਾਰ ਗੁਰੂ ਜੀ ਦੀ ਹਜ਼ੂਰੀ ਵਿਚ ਆਉਂਦੇ ਤੇ ਕੀਮਤੀ ਸਾਮਾਨ ਵੀ ਭੇਟ ਚਾੜ੍ਹ ਰਹੇ ਸਨ। ਗੁਰੂ ਜੀ ਦੇ ਤੇਜ ਪ੍ਰਤਾਪ ਅਤੇ ਲੋਕਾਂ ਦੀ ਸ਼ਰਧਾ ਭਾਵਨਾ ਵੇਖ ਕੇ ਮਾਈ ਹੈਰਾਨ ਹੋ ਗਈ। ਮੈਂ ਗ਼ਰੀਬਨੀ ਹਾਂ। ਇਥੇ ਰੇਸ਼ਮ ਮਖ਼ਮਲ ਦੇ ਦੁਸ਼ਾਲੇ ਭੇਟਾ ਹੋ ਰਹੇ ਹਨ ਮੇਰੇ ਖੱਦਰ ਦੀ ਕੀ ਕੀਮਤ ? ਮੈਨੂੰ ਅਗੇ ਕਿਸੇ ਮੱਥਾ ਟੇਕਣ ਵੀ

ਜਾਣ ਨਹੀਂ ਦੇਣਾ। ਮਾਈ ਦੀ ਆਤਮਾ ਦੀ ਅਵਾਜ਼ ਸੀ। ਉਹ ਡਰ ਕੇ ਪਿਛੇ ਹੋ ਗਈ। ਖੱਦਰ ਦੀ ਚਾਦਰ ਤੇ ਰੋਟੀ ਉਸ ਨੇ ਬੁੱਕਲ ਵਿਚ ਲਕੋ ਲਈ। ਪਰ ਹਿਰਦੇ ਵਿਚ ਪ੍ਰੇਮ ਸੀ। ਇਕ ਪਾਸੇ ਹੋ ਕੇ ਨੈਣਾਂ ਵਿਚ ਹੰਝੂ ਭਰ ਕੇ ਮਨ ਹੀ ਮਨ ਸਤਿਗੁਰਾਂ ਦੇ ਚਰਨਾਂ ਵਿਚ ਪ੍ਰਾਰਥਨਾ ਕਰਨ ਲਗੀ। ਉਸ ਨੇ ਨੈਣ ਮੁੰਦ ਲਏ। ਹੱਥ ਜੋੜ ਆਤਮਾ ਨੇ ਪੁਕਾਰ ਕੀਤੀ—'ਹੇ ਦਾਤਾ! ਮੈਂ ਕੰਗਾਲ ਬੇਸਮਝ ਹਾਂ, ਮੈਨੂੰ ਪਤਾ ਨਹੀਂ ਤੇਰੇ ਦਰਬਾਰ ਵਿਚ ਕਿਵੇਂ ਪੇਸ਼ ਹੋਵਾਂ। ਬੁਢੇਪਾ ਮੇਰੇ ਅੰਗ-ਅੰਗ ਨੂੰ ਕੰਬਾ ਰਿਹਾ ਹੈ। ਮੈਨੂੰ ਦਰਸ਼ਨ ਹੋ ਜਾਣ। ਦੀਨ ਦਿਆਲ ਪ੍ਰੇਮ ਪੁੰਜ ਸਤਿਗੁਰੂ ਮਿਹਰ ਕਰੋ, ਦਇਆ ਕਰੋ, ਪਾਪ ਖੰਡੋ। ਮੈਂ ਦਰਸ਼ਨ ਵਾਸਤੇ ਦੂਰ ਤੋਂ ਚੱਲ ਕੇ ਆਈ ਹਾਂ।'

ਅੰਤਰਜਾਮੀ ਮਿਹਰਾਂ ਦੇ ਸਾਈਂ ਆਪ ਪ੍ਰਮੇਸ਼ਰ ਸਤਿਗੁਰੂ ਜਾਣ ਗਏ ਕਿ ਕੋਈ ਬੁਢੜੀ ਮਾਈ ਉਹਨਾਂ ਦੇ ਦਰਸ਼ਨ ਕਰਨਾ ਚਾਹੁੰਦੀ ਹੈ। ਪ੍ਰੇਮ ਨੇ ਖਿੱਚ ਪਾਈ। ਦਾਤਾਰ ਸਿੰਘਾਸਨ ਤੋਂ ਉਠੇ ਤੇ ਬਾਹਰ ਨੂੰ ਤੁਰ ਪਏ। ਸਿੱਖ ਸੰਗਤਾਂ ਮਸੰਦ ਤੇ ਸੇਵਕ ਹੈਰਾਨ ਸਨ ਕਿ ਚੋਜੀ ਪ੍ਰੀਤਮ ਕਿਧਰ ਚਲੇ ਹਨ। ਸਤਿਗੁਰਾਂ ਨੇ ਸੇਵਕਾਂ ਨੂੰ ਹੁਕਮ ਕੀਤਾ—'ਘੋੜਾ ਤਿਆਰ ਕਰੋ।' ਉਸੇ ਵੇਲੇ ਘੋੜਾ ਆ ਗਿਆ। ਘੋੜੇ ਉਤੇ ਚੜ੍ਹ ਕੇ ਥੋੜ੍ਹਾ ਪੰਧ ਗਏ ਤਾਂ ਅਗੋਂ ਮਾਈ ਸਰਖਾਨਾ ਅੱਖਾਂ ਮੀਟ ਕੇ ਇਕ ਕੰਧ ਨਾਲ ਲਗੀ ਅਰਜੋਈਆਂ ਕਰ ਰਹੀ ਸੀ। ਸਤਿਗੁਰਾਂ ਨੇ ਨੇੜੇ ਹੋ ਕੇ ਆਖਿਆ—'ਮਾਤਾ ਜੀ! ਦੇਖੋ ਅੱਖਾਂ ਖੋਹਲ ਕੇ ਦੇਖੋ।' ਸਤਿਗੁਰਾਂ ਦਾ ਇਹ ਬੋਲ ਸੁਣ ਕੇ ਮਾਈ ਨੇ ਅੱਖਾਂ ਖੋਹਲੀਆਂ। ਜਾਂ ਤੱਕਿਆ ਓਹੋ ਦਾਤੇ ਘੋੜੇ ਉਤੇ ਸਵਾਰ ਖਲੋਤੇ ਸਨ। ਮਾਈ ਕਾਹਲੀ ਨਾਲ ਅਗੇ ਹੋਈ। ਚਰਨਾਂ ਉਤੇ ਮੱਥਾ ਟੇਕਿਆ। ਖ਼ੁਸ਼ੀ ਵਿਚ ਐਨੀ ਬਿਹਬਲ ਹੋ ਗਈ ਕਿ ਉਸ ਦੀ ਜ਼ਬਾਨ ਨਾ ਖੁਲ੍ਹੀ। ਉਹ ਬੋਲ ਨਾ ਸਕੀ। ਡੁਲ੍ਹਦੇ ਨੈਣੀਂ ਸਤਿਗੁਰਾਂ ਵਲ ਦੇਖੀ ਗਈ।

ਸਚੇ ਪਾਤਸ਼ਾਹ ਨੇ ਆਖਿਆ—'ਮਾਤਾ ਜੀ! ਰੋਟੀ ਦਿਓ ਮੈਂ ਖਾਵਾਂ ਮੈਨੂੰ ਬਹੁਤ ਭੁੱਖ ਲਗੀ ਹੈ।'

ਮਾਈ ਨੇ ਬੁੱਕਲ ਵਿਚੋਂ ਖੰਡ ਵਾਲਾ ਛੰਨਾ ਤੇ ਪਰੌਂਠੇ ਕੱਢ ਕੇ ਸਤਿਗੁਰਾਂ ਨੂੰ ਫੜਾ ਦਿਤੇ। ਸਤਿਗੁਰਾਂ ਨੇ ਪ੍ਰਸੰਨ ਹੋ ਕੇ ਪ੍ਰਸ਼ਾਦੇ ਛਕੇ। ਪ੍ਰਸ਼ਾਦੇ ਛਕਣ ਪਿਛੋਂ ਸਤਿਗੁਰਾਂ ਨੇ ਚਾਦਰ ਦੀ ਮੰਗ ਕੀਤੀ। ਮਾਈ ਨੇ ਚਾਦਰ ਗੁਰੂ ਜੀ ਦੀ ਭੇਟ ਕਰ ਦਿੱਤੀ। ਮਾਈ ਨੇ ਦਰਸ਼ਨ ਕਰ ਲਏ। ਮਨ ਦੀ ਸ਼ਰਧਾ ਪੂਰੀ

ਹੋ ਗਈ। ਮਾਈ ਨਿਹਾਲ ਹੋ ਗਈ। ਉਸ ਦਾ ਜਨਮ ਮਰਨ ਦਾ ਗੇੜ ਖ਼ਤਮ ਹੋ ਗਿਆ। ਦਾਤੇ ਨੇ ਆਪਣੀ ਕ੍ਰਿਪਾਲਤਾ ਨਾਲ ਮਾਈ ਸਰਖਾਨਾ ਨੂੰ ਅਮਰ ਕਰ ਦਿੱਤਾ। ਉਸ ਮਾਈ ਦੇ ਨਾਮ ਉਤੇ ਅਜੇ ਤਕ ਪਿੰਡ ਦਾ ਨਾਂ 'ਮਾਈ ਸਰਖਾਨਾ' ਹੈ।

# ੮੪. ਛੱਜੂ ਝੀਵਰ ਦਾ ਗੀਤਾ ਗਿਆਨ

ਅਠਵੇਂ ਗੁਰੂ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਮਹਾਰਾਜ ਦੀ ਉਮਰ ਬਹੁਤ ਛੋਟੀ ਸੀ। ਆਪ ਬਾਲਕ ਰੂਪ ਵਿਚ ਸਨ ਪਰ ਗਿਆਨ ਤੇ ਆਤਮਕ ਸ਼ਕਤੀ ਬਾਕੀ ਦੇ ਸਤਿਗੁਰਾਂ ਸਮਾਨ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਬਰਕਤਾਂ ਉਨ੍ਹਾਂ ਕੋਲ ਸਨ। ਕਲਜੁਗ ਦੇ ਜੀਵਾਂ ਵਿਚ ਕਈ ਐਸੇ ਹੰਕਾਰੀ ਪੁਰਸ਼ ਵੀ ਸਨ ਜੋ ਗੁਰੂ ਜੀ ਨੂੰ ਇਕ ਬਾਲਕ ਸਮਝਦੇ ਸਨ। ਉਹ ਹੰਕਾਰੀ ਤੇ ਪਾਪੀ ਪੁਰਸ਼ ਆਤਮਿਕ ਤੇ ਬ੍ਰਹਮ ਮੰਡਲ ਦੇ ਗਿਆਤਾ ਨਹੀਂ ਸਨ।

ਸਤਿਗੁਰੂ ਦਿੱਲੀ ਵਲ ਜਾ ਰਹੇ ਸਨ। ਰਾਹ ਵਿਚ ਜਿਥੇ ਵੀ ਪੜਾਅ ਕਰਦੇ। ਉਥੇ ਹੀ ਸਿੱਖ ਸੰਗਤ ਤੇ ਪ੍ਰੇਮੀਆਂ ਦੀ ਭੀੜ ਹੋ ਜਾਂਦੀ। ਪਾਪੀ ਜੀਵ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਨਿਹਾਲ ਹੁੰਦੇ ਤੇ ਆਪਣਾ ਅੱਗਾ ਸਵਾਰਦੇ। ਇਕ ਨਗਰ ਵਿਚ ਪੜਾਅ ਕੀਤਾ। ਦੂਰ ਦੂਰ ਦੇ ਲੋਕ ਤੇ ਉਸ ਪਿੰਡ ਦੇ ਲੋਕ ਦਰਸ਼ਨ ਕਰਨ ਨੂੰ ਆਏ। ਸਤਿਗੁਰੂ ਜੀ ਦੀ ਬਹੁਤ ਉਪਮਾ ਹੋਈ। ਉਸ ਨਗਰ ਵਿਚ ਇਕ ਲਾਲ ਨਾਮ ਦਾ ਪੰਡਤ ਸੀ। ਉਸ ਨੇ ਗੀਤਾ ਤੇ ਸੰਸਕ੍ਰਿਤ ਦੇ ਹੋਰ ਗ੍ਰੰਥ ਪੜ੍ਹੇ ਹੋਏ ਸਨ। ਉਸ ਨੂੰ ਵਿਦਿਆ ਦਾ ਹੰਕਾਰ ਸੀ। ਉਸ ਨੇ ਜਦੋਂ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਉਸ ਦੇ ਮਨ ਵਿਚ ਹੰਕਾਰ ਨੇ ਆ ਡੇਰੇ ਲਾਏ। ਹੰਕਾਰ ਨਾਲ ਸ਼ੰਕਾ ਆ ਫੁਰੀ ਕਿ ਇਹਨਾਂ ਦਾ ਨਾਮ ਹਰਿਕ੍ਰਿਸ਼ਨ ਹੈ, ਜਿਸ ਦਾ ਅਰਥ ਵਡੇ ਕ੍ਰਿਸ਼ਨ ਜੀ, ਪਰ ਇਨ੍ਹਾਂ ਦੀ ਆਯੂ ਬਹੁਤ ਛੋਟੀ ਹੈ। ਉਸ ਦੁਆਪਰ ਦੇ ਯਾਦਵੰਸ਼ੀ ਕ੍ਰਿਸ਼ਨ ਨੇ ਤਾਂ ਗੀਤਾ ਦਾ ਉਚਾਰਨ ਕੀਤਾ ਸੀ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਇਹ ਹਰਿਕ੍ਰਿਸ਼ਨ ਜੀ ਜੋ ਆਪਣੇ ਆਪ ਨੂੰ ਸਚੇ ਸਤਿਗੁਰੂ ਵੀ ਅਖਵਾਉਂਦੇ ਹਨ ਭਲਾ ਗੀਤਾ ਦੇ ਅਰਥ ਕਰ ਸਕਦੇ ਹਨ ਕਿ ਨਹੀਂ ? ਇਹ ਸ਼ੰਕਾ ਉਸ ਨੇ ਮਨ ਵਿਚ ਧਾਰੀ।

ਅੰਤਰਜਾਮੀ ਸਤਿਗੁਰੂ ਪੰਡਤ ਦੀ ਮਨੋਭਾਵਨਾ ਨੂੰ ਸਮਝ ਗਏ। ਉਨ੍ਹਾਂ ਪੰਡਤ ਲਾਲ ਨੂੰ ਪੁਛਿਆ—'ਪੰਡਤ ਜੀ! ਕਿਹੜੀਆਂ ਵਿਚਾਰਾਂ ਵਿਚ ਗੋਤੇ ਖਾ ਰਹੇ ਜੇ? ਜੇ ਕੋਈ ਸ਼ੰਕਾ ਫੁਰਿਆ ਹੈ ਤਾਂ ਉਸ ਨੂੰ ਪ੍ਰਗਟ ਕਰੋ।'

'ਹੇ ਸਤਿਗੁਰੂ! ਮੇਰੇ ਹਿਰਦੇ ਵਿਚ ਆਈ ਹੈ ਕਿ ਮੈਂ ਆਪ ਕੋਲੋਂ ਗੀਤਾ ਦੇ ਅਰਥ ਸੁਣਾਂ ਕਿਉਂਕਿ ਮੈਨੂੰ ਗੀਤਾ ਗਿਆਨ ਨਾਲ ਪ੍ਰੀਤ ਹੈ। ਆਪ ਕਲਪ ਬ੍ਰਿਛ ਦੇ ਸਮਾਨ ਰਿਧੀਆਂ ਸਿਧੀਆਂ ਵਾਲੇ ਪੂਰੇ ਗੁਰੂ ਜੇ। ਆਪ ਜ਼ਰੂਰ ਅੰਮ੍ਰਿਤ ਰੂਪ ਗੀਤਾ ਗਿਆਨ ਨੂੰ ਸੁਣਾਉਣ ਵਿਚ ਸਮਰਥਾ ਰਖਦੇ ਜੇ।'

ਦੀਨ ਦਿਆਲ ਸਤਿਗੁਰੂ ਜੀ ਮੁਸਕਰਾਏ ਇਕ ਨਿਰਾਲੀ ਮੁਸਕਰਾਹਟ ਨਾਲ ਪੰਡਤ ਨੂੰ ਆਖਣ ਲਗੇ—'ਪੰਡਤ ਜੀ! ਆਪ ਨੂੰ ਸ਼ੱਕ ਹੈ ਕਿ ਮੈਂ ਪੜ੍ਹਿਆ ਹੋਇਆ ਨਹੀਂ। ਇਸ ਵਾਸਤੇ ਮੇਰੀ ਪ੍ਰੀਖਿਆ ਕਰਨਾ ਚਾਹੁੰਦੇ ਜੇ। ਜਾਓ ਕਿਸੇ ਅਨਪੜ੍ਹ ਆਦਮੀ ਨੂੰ ਲੱਭ ਕੇ ਲੈ ਆਓ। ਉਸ ਕੋਲੋਂ ਗੀਤਾ ਦੇ ਅਰਥ ਕਰਾਏ ਜਾਣਗੇ ਕਿਉਂਕਿ ਜੇ ਮੈਂ ਅਰਥ ਕੀਤੇ ਤਾਂ ਫਿਰ ਆਪ ਨੂੰ ਸ਼ੱਕ ਰਹੇਗਾ ਕਿ ਸ਼ਾਇਦ ਇਨ੍ਹਾਂ ਦੇ ਬਜ਼ੁਰਗਾਂ ਨੇ ਇਹਨਾਂ ਨੂੰ ਗੀਤਾ ਪੜ੍ਹਾਈ ਹੋਵੇ।'

ਇਹ ਸੁਣ ਕੇ ਪੰਡਤ ਸ਼ਰਮਿੰਦਾ ਵੀ ਹੋਇਆ ਤੇ ਖ਼ੁਸ਼ ਵੀ। ਉਹ ਸਤਿਗੁਰੂ ਜੀ ਕੋਲੋਂ ਉਠ ਕੇ ਨਗਰ ਨੂੰ ਚਲਿਆ ਗਿਆ। ਉਸ ਨਗਰ ਵਿਚ ਇਕ ਛੱਜੂ ਝੀਵਰ ਸੀ। ਛੱਜੂ ਬਹੁਤ ਗ਼ਰੀਬ ਤੇ ਮੂਰਖ ਸੀ। ਉਹ ਭੱਠੀ ਉਤੇ ਦਾਣੇ ਭੁੰਨਦਾ ਰਹਿੰਦਾ। ਦੀਨ ਦੁਨੀਆਂ ਤੇ ਆਪਣੇ ਆਪ ਦਾ ਉਸ ਨੂੰ ਕੋਈ ਗਿਆਨ ਨਹੀਂ ਸੀ। ਕਾਲਾ ਅੱਖਰ ਉਸ ਵਾਸਤੇ ਭੈਂਸ ਬਰਾਬਰ ਸੀ। ਪੰਡਤ ਲਾਲ ਉਸ ਨੂੰ ਫੜ ਕੇ ਸਤਿਗੁਰਾਂ ਦੇ ਹਜ਼ੂਰ ਲੈ ਆਇਆ।

ਸਤਿਗੁਰੂ ਜੀ ਨੇ ਛੱਜੂ ਨੂੰ ਦੇਖਦੇ ਸਾਰ ਆਖਿਆ—'ਆ ਪੰਡਤ ਛੱਜੂ। ਤੂੰ ਪੂਰਬਲੇ ਜਨਮ ਦਾ ਪੰਡਤ ਹੈਂ। ਕਰਮਾਂ ਦੀ ਭਾਗੀਂ ਗਿਆਨ ਤੋਂ ਦੂਰ ਚਲਿਆ ਗਿਆ ਸੈਂ। ਪੰਡਤ ਜੀ ਹੁਰਾਂ ਨੂੰ ਗੀਤਾ ਦੇ ਅਰਥ ਕਰਕੇ ਸੁਣਾ।'

ਸਤਿਗੁਰੂ ਜੀ ਦੇ ਇਸ ਬਚਨ ਨੇ ਸਚਮੁਚ ਛੱਜੂ ਦੀ ਆਤਮਾ ਨੂੰ ਸੁਰਜੀਤ ਕਰ ਦਿੱਤਾ। ਉਸ ਨੂੰ ਗਿਆਨ ਹੋ ਗਿਆ ਪਰ ਛੱਜੂ ਅਜੇ ਘਬਰਾਹਟ ਵਿਚ ਸੀ, ਉਹ ਹੱਥ ਜੋੜ ਕੇ ਸਤਿਗੁਰੂ ਜੀ ਅਗੇ ਪ੍ਰਾਰਥਨਾ ਕਰਨ ਲੱਗਾ, 'ਦਾਤਾ! ਇਹ ਜੀਵ ਪੁਤਲੀ ਦੀ ਨਿਆਈਂ ਹੈ। ਆਪ ਮਾਲਕ ਜੇ ਜਿਵੇਂ ਪੁਤਲੀ ਨੂੰ ਨਚਾਉਗੇ ਤਿਵੇਂ ਨਚੇਗੀ। ਆਪ ਕਰਤਾ ਜੇ, ਇਹ ਦ੍ਰਿਸ਼ਟ ਤੇ ਅਦ੍ਰਿਸ਼ਟ ਜਗਤ

ਆਪ ਦਾ ਕੀਤਾ ਹੋਇਆ ਹੈ। ਕੁਦਰਤ ਵਿਚ ਰਹੇ ਜੇ ਧੰਨ ਭਾਗ ਜੋ ਆਪ ਨੇ ਭੁਲੇ ਹੋਏ ਛੱਜੂ ਨੂੰ ਚੇਤੇ ਕੀਤਾ, ਦਾਤਾ ਆਪ ਦੀ ਮਿਹਰ ਹੈ।'

ਪੰਡਤ ਲਾਲ ਛੱਜੂ ਅਗਿਆਨੀ ਦੀ ਜ਼ਬਾਨੋਂ ਗਿਆਨੀਆਂ ਵਰਗੇ ਬਚਨ ਸੁਣ ਕੇ ਕੁਝ ਸ਼ਰਮਿੰਦਾ ਹੋਇਆ, ਪਰ ਉਸ ਦੇ ਮਨ ਦੀ ਸ਼ੰਕਾ ਅਜੇ ਵੀ ਦੂਰ ਨਾ ਹੋਈ। ਅੰਤਰਜਾਮੀ ਸਤਿਗੁਰੂ ਉਸ ਦੇ ਮਨੋਭਾਵਾਂ ਨੂੰ ਜਾਚ ਗਏ ਤੇ ਆਖਣ ਲਗੇ—'ਹਾਂ ਪੰਡਤ ਜੀ! ਆਪ ਗੀਤਾ ਦਾ ਸਲੋਕ ਪੜ੍ਹੋ ਤੇ ਛੱਜੂ ਰਾਮ ਅਰਥ ਕਰੇਗਾ।' ਇਹ ਆਖ ਕੇ ਸਤਿਗੁਰਾਂ ਨੇ ਛੱਜੂ ਦੇ ਸਿਰ ਉਤੇ ਆਪਣੀ ਛਿਟੀ ਰਖ ਦਿੱਤੀ। ਉਸ ਛਿਟੀ ਦੇ ਰੱਖਣ ਨਾਲ ਛੱਜੂ ਸਚਮੁਚ ਪੰਡਤ ਹੋ ਗਿਆ। ਗੀਤਾ ਦਾ ਹਰ ਇਕ ਸ਼ਬਦ ਉਸ ਦੀ ਜ਼ਬਾਨ ਉਤੇ ਆ ਗਿਆ। ਪੰਡਤ ਲਾਲ ਨੇ ਇਕ ਸ਼ਲੋਕ ਪੜ੍ਹਿਆ, ਜਿਸ ਸਲੋਕ ਨੂੰ ਉਹ ਸਭ ਤੋਂ ਕਠਿਨ ਤੇ ਭਾਵ ਅਨੁਸਾਰ ਮਹਿੰਗਾ ਸਮਝਦਾ ਸੀ।

ਸਲੋਕ ਨੂੰ ਸੁਣ ਕੇ ਛੱਜੂ ਨੇ ਉਸ ਦਾ ਅਰਥ ਕੀਤਾ, ਸ੍ਰੀ ਕ੍ਰਿਸ਼ਨ ਜੀ ਆਖ ਰਹੇ ਹਨ—'ਹੇ ਅਰਜਨ! ਮੋਹ ਦੀ ਕਾਲਖ ਲਾਹੇ ਬਿਨਾਂ ਆਤਮਾ ਨਿਰਮਲ ਨਹੀਂ ਹੁੰਦੀ। ਆਤਮਾ ਦੇ ਨਿਰਮਲ ਹੋਏ ਬਿਨਾਂ ਸਚੇ ਗਿਆਨ ਦਾ ਗਿਆਨ ਨਹੀਂ ਹੁੰਦਾ।' ਇਉਂ ਸਰਲ ਅਰਥ ਸੁਣ ਕੇ ਪੰਡਤ ਲਾਲ ਦੀਆਂ ਅੱਖਾਂ ਨੀਵੀਂਆਂ ਹੋ ਗਈਆਂ, ਉਹ ਸਤਿਗੁਰੂ ਜੀ ਦੇ ਚਰਨ ਕਮਲਾਂ ਉਤੇ ਡਿਗ ਪਿਆ। ਉਸ ਨੇ ਮੱਥਾ ਟੇਕਿਆ, ਮੱਥਾ ਟੇਕਣ ਨਾਲ ਹੀ ਤਰਲਾ ਕੀਤਾ—'ਹੇ ਪ੍ਰਭੂ! ਮੈਂ ਭੁੱਲ ਗਿਆ, ਜੀਵ ਸਦਾ ਭੁਲਣਹਾਰ ਹੈ, ਅਭੁਲ ਗੁਰੂ ਕਰਤਾਰ ਹੈ, ਮੇਰੇ ਤੇ ਦਇਆ ਕਰੋ, ਮੈਨੂੰ ਖਿਮਾ ਕਰੋ। ਮੇਰੇ ਉਤੇ ਮਿਹਰ ਕਰ ਕੇ ਮੈਨੂੰ ਆਪਣਾ ਸਿੱਖ ਬਣਾਓ, ਤਾਂ ਕਿ ਮੇਰੀ ਮੂਰਖਤਾ, ਹਉਮੈ ਤੇ ਭਟਕਣਾ ਮਿਟੇ।'

ਸਤਿਗੁਰੂ ਜੀ ਨੇ ਦਇਆ ਕਰ ਕੇ ਪੰਡਤ ਲਾਲ ਨੂੰ ਤਾਰ ਦਿਤਾ। ਪੰਡਤ ਲਾਲ ਨੌਵੇਂ ਪਾਤਸ਼ਾਹ ਤਕ ਗੁਰੂ ਘਰ ਦੀ ਸੇਵਾ ਕਰਦਾ ਰਿਹਾ। ਧੰਨ ਗੁਰੂ ਨਾਨਕ ਜੀ ਧੰਨ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਜਿਨ੍ਹਾਂ ਛੋਟੀ ਉਮਰ ਵਿਚ ਪਾਪੀਆਂ ਦੇ ਪਾਪ ਖੰਡਨ ਕੀਤੇ ਅਤੇ ਕਈਆਂ ਦੇ ਭਰਮ ਦੂਰ ਕੀਤੇ।

# ੯੫. ਮੀਹਾਂ ਮਸੰਦ ਦੀ ਕਥਾ

ਸਤਿਗੁਰਾਂ ਦੇ ਸਮੇਂ ਹਰ ਇਕ ਗੁਰੂ ਸਾਹਿਬ ਕੋਲ ਕੁਝ ਸੇਵਾਦਾਰ ਹੁੰਦੇ ਸਨ, ਜਿਨ੍ਹਾਂ ਨੂੰ ਮਸੰਦ ਆਖਿਆ ਜਾਂਦਾ ਸੀ। ਇਹ ਮਸੰਦ ਗੁਰੂ ਘਰ ਵਾਸਤੇ ਸੰਗਤਾਂ ਕੋਲੋਂ ਭੇਟਾ ਲੈਂਦੇ। ਦੂਰ ਦੂਰ ਜਾ ਕੇ ਸਿੱਖਾਂ ਕੋਲੋਂ 'ਗੁਰੂ ਭੇਟ' ਲਿਆਇਆ ਕਰਦੇ। ਸਿੱਖ ਇਹਨਾਂ ਦਾ ਬਹੁਤ ਸਤਿਕਾਰ ਕਰਦੇ, ਕਈ ਭੋਲੇ ਭਾਲੇ ਸਿੱਖ ਤਾਂ ਗੁਰੂ ਵਾਂਗ ਹੀ ਸਤਿਕਾਰ ਕਰਦੇ।

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਕ ਮੀਹਾਂ ਮਸੰਦ ਸੀ, ਸਰੀਰ ਕਰਕੇ ਪਹਿਲਵਾਨ ਪ੍ਰਤੀਤ ਹੁੰਦਾ ਸੀ, ਇਸ ਦਾ ਮਨ ਬਹੁਤ ਚੰਚਲ ਤੇ ਚਲਾਕ ਸੀ। ਜ਼ਬਾਨ ਨਾਲ ਅੱਗ ਤੇ ਪਾਣੀ ਦਾ ਮੇਲ ਕਰ ਦਿਆ ਕਰਦਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸੋਂ ਆਗਿਆ ਹਾਸਲ ਕਰ ਕੇ ਇਹ ਸਿੰਧ ਨੂੰ ਤੁਰ ਗਿਆ। ਸਿੰਧੀ ਲੋਕ ਬਹੁਤ ਧਰਮੀ ਤੇ ਕਰਤਾਰ ਦੇ ਭੈ ਵਾਲੇ ਬੰਦੇ ਸਨ। ਉਹਨਾਂ ਨੇ ਗੁਰੂ ਜੀ ਦਾ ਮਸੰਦ ਆਇਆ ਜਾਣ ਕੇ ਬਹੁਤ ਸੇਵਾ ਕਰਨੀ ਸ਼ੁਰੂ ਕੀਤੀ। ਕਪੜਾ, ਅੰਨ, ਨਕਦ ਰੁਪਿਆ, ਸੋਨਾ, ਚਾਂਦੀ ਤੇ ਹੋਰ ਕੀਮਤੀ ਸਾਮਾਨ ਸਤਿਗੁਰੂ ਜੀ ਵਾਸਤੇ ਭੇਟ ਚੜ੍ਹਾਉਣੀ ਸ਼ੁਰੂ ਕੀਤੀ। ਮੀਹੇਂ ਨੂੰ ਇਕ ਧਰਮਸਾਲਾ ਵੀ ਪਾ ਦਿਤੀ।

ਪੂਜਾ ਹੁੰਦੀ ਵੇਖ ਕੇ ਮੀਹਾਂ ਗੁਰੂ ਜੀ ਦਾ ਸਿੱਖ ਨਾ ਰਿਹਾ ਸਗੋਂ ਆਪ ਗੁਰੂ ਬਣ ਬੈਠਾ। ਜੋ ਚੜ੍ਹਾਵਾ ਚੜ੍ਹਦਾ ਉਸ ਨੂੰ ਆਪ ਹੀ ਹਜ਼ਮ ਕਰਨ ਲੱਗਾ। ਪੂਜਾ ਖਾਣ ਤੋਂ ਬਿਨਾਂ ਇਖ਼ਲਾਕ ਤੋਂ ਵੀ ਗਿਰ ਗਿਆ। ਸ਼ਰਾਬ ਪੀਣੀ ਸ਼ੁਰੂ ਕਰ ਦਿੱਤੀ। ਕੁਆਰੀਆਂ ਤੇ ਵਿਆਹੀਆਂ ਸੁੰਦਰ ਇਸਤਰੀਆਂ ਨੂੰ ਫਸਾਉਣਾ ਸ਼ੁਰੂ ਕਰ ਦਿੱਤਾ। ਕਈਆਂ ਪਤੀਬ੍ਰਤਾ ਤੇ ਸਤਵੰਤੀਆਂ ਦੇਵੀਆਂ ਦੀ ਆਬਰੂ ਖ਼ਰਾਬ ਕੀਤੀ। ਸਵੇਰ ਵੇਲੇ ਬਗਲੇ ਦੀ ਤਰ੍ਹਾਂ ਉਹ ਸਮਾਧੀ ਲਾ ਕੇ ਬੈਠ ਜਾਂਦਾ। ਗੱਲਾਂ ਨਾਲ ਪਾਪਾਂ ਉਤੇ ਪੜਦਾ ਪਾਉਂਦਾ। ਜੋ ਵੀ ਕਾਰ ਭੇਟ ਆਉਂਦੀ ਉਹ ਮੰਦ ਕਰਮਾਂ ਵਿਚ ਖ਼ਰਚ ਹੁੰਦੀ। ਲੋਕਾਂ ਦੀ ਸ਼ਰਧਾ ਸਚੇ ਸਤਿਗੁਰੂ ਨਾਨਕ ਜੀ ਦੀ ਗੱਦੀ ਉਤੇ ਸੀ। ਉਹ ਮੀਹਾਂ ਮਸੰਦ ਦੇ ਪਾਪਾਂ ਨੂੰ ਅਣਡਿਠੇ ਕਰੀ

ਜਾਂਦੇ ਰਹੇ । ਮੀਹਾਂ ਪਾਪੀ ਬਣਦਾ ਗਿਆ ।

ਮੀਹੇਂ ਨੂੰ ਸਿੰਧ ਗਿਆਂ ਨੂੰ ਚੋਖਾ ਚਿਰ ਹੋ ਜਾਣ ਪਿਛੋਂ ਸਤਿਗੁਰਾਂ ਨੇ ਦੂਸਰਾ ਮਸੰਦ ਭਾਈ ਗਹਿਲਾ ਜੀ ਸਿੰਧ ਭੇਜਿਆ । ਇਹ ਗਹਿਲਾ ਜੀ ਬਹੁਤ ਧਰਮੀ ਤੇ ਨੇਕ ਪੁਰਸ਼ ਸਨ । ਇਹ ਰੁਪਏ ਵਿਚੋਂ ਆਨਾ ਆਪ ਖ਼ਰਚਦੇ ਅਤੇ ਪੰਦਰਾਂ ਆਨੇ ਗੁਰੂ ਨੂੰ ਪਹੁੰਚਾਉਂਦੇ ਸਨ । ਨਿਤਨੇਮੀ ਕਰਤਾਰ ਤੇ ਗੁਰੂ ਦੇ ਭੈ ਵਾਲੇ ਸਨ । ਸਚ ਬੋਲਦੇ ਸਿਮਰਨ ਕਰਦੇ ਕਿਸੇ ਦੀ ਬਹੂ ਬੇਟੀ ਵਲ ਮੰਦੀ ਨਿਗਾਹ ਨਾਲ ਨਾ ਤਕਦੇ । ਧਰਮੀ ਜੀਉੜੇ ਸਨ । ਸਤਿਗੁਰਾਂ ਦੀਆਂ ਸਾਖੀਆਂ ਉਨ੍ਹਾਂ ਦੇ ਉਪਦੇਸ਼ ਬਾਣੀ ਰਾਹੀਂ ਸੰਗਤਾਂ ਨੂੰ ਸੁਣਾ ਸੁਣਾ ਕੇ ਉਨ੍ਹਾਂ ਦਾ ਉਧਾਰ ਕਰਦੇ। ਗੁਰੂ ਘਰ ਉਤੇ ਉਹਨਾਂ ਦੀ ਸ਼ਰਧਾ ਨੂੰ ਪਕਿਆਂ ਕਰਦੇ ਭਾਈ ਗਹਿਲਾ ਜੀ ਸਚਮੁਚ ਮਸੰਦ ਸਨ।

ਹੌਲੀ ਹੌਲੀ ਤੇ ਜਿਉਂ ਜਿਉਂ ਗੁਰੂ ਘਰ ਦੇ ਸ਼ਰਧਾਲੂਆਂ ਨੂੰ ਪਤਾ ਲਗਦਾ ਗਿਆ ਕਿ ਭਾਈ ਗਹਿਲਾ ਗੁਰਮੁਖ ਪੁਰਸ਼ ਹੈ । ਸਤ ਦਾ ਉਪਦੇਸ਼ ਕਰਦਾ ਤੇ ਬੜੇ ਉਚੇ ਜੀਵਨ ਤੇ ਇਖ਼ਲਾਕ ਵਾਲਾ ਹੈ ਤਾਂ ਉਹ ਸ਼ਰਧਾਲੂ ਉਸ ਦੇ ਕੋਲ ਆਉਣ ਲਗ ਪਏ । ਮੀਹੇਂ ਵਲੋਂ ਮੂੰਹ ਮੋੜ ਲਿਆ । ਜੋ ਕਾਰ ਭੇਟ ਸੀ ਉਹ ਵੀ ਗਹਿਲੇ ਕੋਲ ਆਉਣ ਲਗੀ । ਭਾਈ ਜੀ ਨੇ ਇਕ ਧਰਮਸਾਲਾ ਉਸਾਰ ਲਈ । ਉਥੇ ਦੋਵੇਂ ਵੇਲੇ ਗੁਰਬਾਣੀ ਦਾ ਕੀਰਤਨ ਸ਼ੁਰੂ ਹੋ ਗਿਆ । ਕੀਰਤਨ ਭਗਤੀ ਸਿਮਰਨ ਤੇ ਗੁਰੂ ਕੇ ਲੰਗਰ ਦਾ ਪ੍ਰਵਾਹ ਚਲਣ ਲੱਗਾ । ਰੋਟੀ ਦੇ ਭੁੱਖੇ ਅਤੇ ਨਾਮ ਦੇ ਭੁੱਖੇ ਰੱਜਣ ਲੱਗੇ । ਸਭ ਦੀ ਤ੍ਰਿਸ਼ਨਾ ਮਿਟਣ ਲਗੀ । ਹਿਰਦੇ ਸ਼ਾਂਤ ਹੋ ਕੇ ਪ੍ਰਭੂ ਦੇ ਗੁਣ ਗਾਉਣ ਲਗੇ । ਜਿਵੇਂ ਗੁਲਾਬ ਚਮੇਲੀ ਤੇ ਰਾਤ ਰਾਣੀ ਦੇ ਫੁੱਲਾਂ ਦੀ ਸੁਗੰਧੀ ਹਵਾ ਦੇ ਮਧਮ ਝੋਕਿਆਂ ਨਾਲ ਦੂਰ ਦੂਰ ਤਕ ਖਿਲਰ ਜਾਂਦੀ ਹੈ ਤਿਵੇਂ ਸ਼ਰਧਾਲੂਆਂ ਦੀ ਰਾਹੀਂ ਭਾਈ ਗਹਿਲੇ ਦੀ ਸੋਭਾ ਤੇ ਵਡਿਆਈ ਦੂਰ ਦੂਰ ਤਕ ਖਿਲਰ ਗਈ । ਆਤਮਿਕ ਜੀਵਨ ਦੇ ਢੂੰਡਾਊ ਦੂਰੋਂ ਦੂਰੋਂ ਆਉਣ ਲਗੇ । ਕੋਲ ਪੁੱਜੇ ਪ੍ਰੇਮੀਆਂ ਨੂੰ ਭਾਈ ਗਹਿਲਾ ਗੁਰੂ ਘਰ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਹਾਜ਼ਰ ਗੁਰਾਂ ਨਾਲ ਜਾਣ ਪਛਾਣ ਕਰਾਉਂਦਾ। ਸਿੱਖ ਦੀ ਆਤਮਾ ਨੂੰ ਐਨੀ ਬਲਵਾਨ ਤੇ ਉਤਸ਼ਾਹ ਭਰੀ ਬਣਾ ਦੇਂਦਾ ਕਿ ਉਹ ਆਤਮਾ ਗੁਰੂ ਜੀ ਦੇ ਪ੍ਰਤੱਖ ਦਰਸ਼ਨ ਕਰਨ ਵਾਸਤੇ ਵਿਆਕੁਲ ਹੋ ਉਠਦੀ । ਦਰਸ਼ਨ ਤਾਂਘ ਵਿਚ ਤੜਪਦੀ ਹੋਈ ਪੰਜਾਬ ਵਲ

ਤੁਰਦੀ। ਜਿਵੇਂ ਸੱਸੀ ਪੁਨੂੰ ਦੀ ਭਾਲ ਵਿਚ ਬਰੇਤੇ ਦਾ ਦਰਿਆ ਤਰਨ ਵਾਸਤੇ ਤਿਆਰ ਹੋ ਪਈ ਸੀ। ਗਹਿਲੇ ਦੇ ਭੇਜੇ ਹੋਏ ਸੈਂਕੜੇ ਸਿੱਖ ਤੇ ਸ਼ਰਧਾਲੂ ਪ੍ਰੇਮੀ ਸਤਿਗੁਰਾਂ ਪਾਸ ਸ੍ਰੀ ਅਨੰਦ ਪੁਰ ਸਾਹਿਬ ਪੁੱਜਦੇ ਸਨ। ਗੁਰਸਿੱਖ ਫੁਲਵਾੜੀ ਦਾ ਗਹਿਲਾ ਇਕ ਸੁਗੰਧੀ ਵਾਲਾ ਫੁੱਲ ਸੀ।

ਦੂਸਰੇ ਪਾਸੇ ਮੀਹਾਂ ਆਪਣੇ ਮੰਦੇ ਕਰਮਾਂ ਦੇ ਸੇਕ ਨਾਲ ਸੜਨ ਲੱਗਾ, ਉਸ ਦੀ ਦੁਕਾਨ ਬੰਦ ਹੋ ਗਈ। ਆਵਾਜ਼ਾਂ ਮਾਰਨ ਤੇ ਵੀ ਉਸ ਦੇ ਕੋਲ ਕੋਈ ਨਾ ਜਾਂਦਾ। ਉਸ ਦੇ ਹਿਰਦੇ ਵਿਚ ਈਰਖਾ ਦੀ ਅੱਗ ਵੀ ਭੜਕ ਉਠੀ। ਈਰਖਾ ਦੀ ਅੱਗ ਸਾਰੀਆਂ ਅੱਗਾਂ ਨਾਲੋਂ ਭਿਆਨਕ ਹੁੰਦੀ ਹੈ। ਇਹ ਮਨੁਖ ਦੀ ਆਪਣੀ ਆਤਮਾ ਨੂੰ ਸਾੜ ਕੇ ਕੋਲੇ ਕਰ ਦੇਂਦੀ ਹੈ। ਭਾਈ ਮੀਹਾਂ ਸੜਿਆ ਬਲਿਆ ਹੋਇਆ ਭਾਈ ਗਹਿਲੇ ਨੂੰ ਬਦਨਾਮ ਕਰਨ ਤੇ ਮਾਰਨ ਤੇ ਤੁਲ ਪਿਆ। ਉਹ ਰਾਤ ਦਿਨੇ ਇਹੋ ਸਕੀਮਾਂ ਘੜਨ ਲੱਗਾ ਕਿ ਕਿਵੇਂ ਗਹਿਲੇ ਦਾ ਪ੍ਰਤਾਪ ਘਟੇ। ਮੂਰਖ ਮੀਹਾਂ ਇਹ ਨਹੀਂ ਸੀ ਜਾਣਦਾ ਕਿ ਗਹਿਲੇ ਉਤੇ ਸਤਿਗੁਰੂ ਦੀ ਮਿਹਰ ਹੈ ਕਿਉਂਕਿ ਉਹ ਸਚੇ ਸਿੱਖ ਸਨ। ਗੁਰੂ ਘਰ ਦੀ ਅਟੁੱਟ ਸੇਵਾ ਤੇ ਭਗਤੀ ਕਰਦੇ ਸਨ।

ਪਾਪੀ ਮੀਹੇਂ ਨੇ ਇਕ ਬਦਚਲਨ ਮੁਟਿਆਰ ਨੂੰ ਆਪਣੇ ਹੱਥ ਵਸ ਕੀਤਾ। ਉਸ ਨੂੰ ਆਖਿਆ—'ਮੈਂ ਸੈਂਕੜੇ ਰੁਪਏ ਦਿਆਂਗਾ ਜੇ ਤੂੰ ਗਹਿਲੇ ਕੋਲ ਜਾਵੇਂ ਤੇ ਉਸ ਨੂੰ ਆਪਣਾ ਪ੍ਰੇਮੀ ਬਣਾ ਲਵੇਂ।' ਉਹ ਭੁਲੜ ਤੇ ਮੂਰਖ ਕਾਮਨੀ ਸ਼ਰਤ ਮੰਨ ਗਈ। ਉਸ ਕਾਮਨੀ ਨੇ ਭਗਤ ਦੇ ਉਪਰ ਡੋਰੇ ਸੁਟਣੇ ਸ਼ੁਰੂ ਕਰ ਦਿਤੇ। ਗਹਿਲਾ ਜੀ ਵੀ ਤਾੜ ਗਏ। ਉਹਨਾਂ ਨੇ ਇਕ ਦਿਨ ਉਸ ਕਾਮਨੀ ਨੂੰ ਆਖਿਆ—'ਪੁੱਤਰੀ! ਤੇਰੇ ਮਨ ਵਿਚ ਜੋ ਭੁਲੇਖਾ ਹੈ ਉਸ ਨੂੰ ਦੂਰ ਕਰ ਦੇ, ਮੰਦੇ ਕਰਮ ਤੋਂ ਟਲ ਤੇ ਵਾਹਿਗੁਰੂ ਸਿਮਰਨ ਕਰਿਆ ਕਰ।' ਭਾਈ ਜੀ ਦੇ ਇਹ ਸ਼ਬਦ ਸੁਣ ਕੇ ਉਸ ਦੇ ਮਨ ਉਤੇ ਐਸਾ ਅਸਰ ਹੋਇਆ ਕਿ ਉਹ ਮੁੜ ਕੇ ਭਾਈ ਗਹਿਲਾ ਜੀ ਦੇ ਕੋਲ ਨਾ ਗਈ। ਮੀਹੇਂ ਮਸੰਦ ਨੇ ਕਈ ਹੇਰਾ ਫੇਰੀਆਂ ਕੀਤੀਆਂ ਕਿ ਗਹਿਲਾ ਬਦਨਾਮ ਹੋ ਜਾਵੇ ਪਰ ਉਸ ਦਾ ਚਾਰਾ ਨਾ ਚੱਲਿਆ। ਆਖ਼ਰ ਪਾਪੀ ਬਹੁਤ ਬੁਰੀ ਨੀਤ ਧਾਰ ਬੈਠਾ। ਉਸ ਨੇ ਫ਼ੈਸਲਾ ਕੀਤਾ ਕਿ ਉਹ ਭਾਈ ਗਹਿਲੇ ਨੂੰ ਜਾਨੋਂ ਹੀ ਮਾਰ ਦੇਵੇਗਾ। ਜਿਵੇਂ ਵੀ ਹੋਏ ਉਹ ਵੇਲਾ ਤਾੜਨ ਲਗਾ ਕਦੋਂ ਉਸਦਾ ਦਾਅ ਲਗੇ ਤੇ ਭਾਈ ਗਹਿਲਾ ਮਰੇ। ਮੂਰਖ ਪ੍ਰਮਾਤਮਾ

ਤੇ ਰਾਜ ਦਰਬਾਰ ਭੁਲਾ ਬੈਠਾ। ਖ਼ੂਨ ਉਸ ਦੀਆਂ ਅੱਖਾਂ ਵਿਚ ਨੱਚਣ ਲੱਗਾ।

ਵਾਹਿਗੁਰੂ ਦੇ ਭਾਣੇ ਨੂੰ ਕੌਣ ਮੇਟ ਸਕਦਾ ਹੈ। ਭਾਈ ਗਹਿਲੇ ਦੇ ਨਸੀਬ ਵਿਚ ਸ਼ਾਇਦ ਐਸੀ ਮੌਤ ਲਿਖੀ ਸੀ। ਇਸ ਬਹਾਨੇ ਨਾਲ ਹੀ ਉਸ ਨੇ ਪ੍ਰਲੋਕ ਗਮਨ ਕਰਨਾ ਸੀ। ਮੀਹੇਂ ਮਸੰਦ ਦਾ ਦਾਅ ਫੁਰ ਹੀ ਗਿਆ। ਇਕ ਸੇਵਕ ਨੂੰ ਮਾਇਆ ਦਾ ਲਾਲਚ ਦੇ ਕੇ ਉਸ ਨੇ ਭਾਈ ਗਹਿਲੇ ਦੇ ਪ੍ਰਸ਼ਾਦ ਵਿਚ ਜ਼ਹਿਰ ਮਿਲਾ ਦਿਤੀ। ਜਦੋਂ ਭਾਈ ਗਹਿਲਾ ਜੀ ਨੇ ਪ੍ਰਸ਼ਾਦ ਛਕ ਲਿਆ ਤਾਂ ਉਸ ਦਾ ਸਰੀਰ ਫੁਟਨਾ ਸ਼ੁਰੂ ਹੋ ਗਿਆ। ਉਸ ਨੂੰ ਗਿਆਨ ਹੋ ਗਿਆ ਕਿ ਕਿਸੇ ਪਾਪੀ ਨੇ ਖੋਟ ਕੀਤਾ ਹੈ। ਉਸ ਵੇਲੇ ਨੇੜੇ ਦੀ ਸੰਗਤ ਨੂੰ ਦਸਿਆ ਗਿਆ। ਹਕੀਮ ਤੇ ਵੈਦ ਬੁਲਾਏ ਗਏ ਜ਼ਹਿਰ ਚੋਖੀ ਸੀ। ਉਹ ਝਟ ਪਟ ਅਸਰ ਕਰ ਗਈ ਤੇ ਭਾਈ ਗਹਿਲਾ ਜੀ ਛੇਤੀ ਹੀ ਪ੍ਰਲੋਕ ਗਮਨ ਕਰ ਗਏ। ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਈ। ਗੁਰੂ ਘਰ ਦੇ ਸ਼ਰਧਾਲੂ ਸਿੱਖ ਢਾਹੀਂ ਮਾਰਨ ਲਗ ਪਏ। ਆਖ਼ਰ ਗੁਰ ਰੀਤੀ ਅਨੁਸਾਰ ਭਾਈ ਗਹਿਲੇ ਦਾ ਬਬਾਨ ਤਿਆਰ ਕੀਤਾ ਗਿਆ। ਗੁਰਬਾਣੀ ਦਾ ਕੀਰਤਨ ਕਰਦੀਆਂ ਹੋਈਆਂ ਸੰਗਤਾਂ ਬਬਾਣ ਚੁਕੀ ਜਾ ਰਹੀਆਂ ਸਨ ਤਾਂ ਸਬੱਬ ਨਾਲ ਉਥੋਂ ਦਾ ਹਾਕਮ ਮੀਰ ਸਲਦਦੀ ਮਿਲ ਪਿਆ। ਉਹ ਭਾਈ ਗਹਿਲੇ ਜੀ ਦਾ ਸ਼ਰਧਾਲੂ ਸੀ। ਉਸ ਨੇ ਪੁਛਿਆ—'ਕਿਸ ਦਾ ਬਿਬਾਣ ਹੈ?' ਅਗੋਂ ਉੱਤਰ ਮਿਲਿਆ—'ਜੀ! ਭਾਈ ਗਹਿਲਾ ਜੀ ਮਸੰਦ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦਾ। ਜਿਸ ਨੂੰ ਮੀਹੇਂ ਮਸੰਦ ਨੇ ਜ਼ਹਿਰ ਦੇ ਕੇ ਮਾਰ ਦਿੱਤਾ ਸੀ।'

ਇਹ ਸੁਣ ਕੇ ਮੀਰ ਜੀ ਦਾ ਮਨ ਭਰ ਆਇਆ। ਉਸ ਨੇ ਕ੍ਰੋਧ ਨਾਲ ਆਪਣੇ ਸਿਪਾਹੀਆਂ ਨੂੰ ਹੁਕਮ ਦਿਤਾ ਕਿ ਮੀਹੇਂ ਮਸੰਦ ਨੂੰ ਪਕੜ ਕੇ ਮੇਰੇ ਹਵਾਲੇ ਕਰੋ ਮੈਂ ਉਸ ਨੂੰ ਮੌਤ ਡੰਨ ਦੇਵਾਂਗਾ। ਮੌਤ ਡੰਨ ਵੀ ਐਸਾ ਕਿ ਸੰਸਾਰ ਯਾਦ ਕਰੇਗਾ। ਇਹ ਆਖ ਕੇ ਆਪਣੇ ਮਹਿਲਾਂ ਨੂੰ ਚਲਿਆ ਗਿਆ। ਸਿਪਾਹੀਆਂ ਨੇ ਉਸੇ ਵੇਲੇ ਮੀਹਾਂ ਮਸੰਦ ਤੇ ਉਸ ਦੇ ਚੇਲੇ ਗ੍ਰਿਫ਼ਤਾਰ ਕਰ ਲਏ। ਉਹਨਾਂ ਬਹੁਤ ਸ਼ੋਰ ਮਚਾਇਆ ਕਿ ਉਹ ਨਿਰਦੋਸ਼ ਹਨ ਪਰ ਕਿਸੇ ਇਕ ਨਾ ਸੁਣੀ। ਭਾਈ ਮੀਹੇਂ ਦੇ ਪਾਪ ਤੇ ਮੰਦ ਕਰਮ ਸੁਰਜੀਤ ਹੋ ਖਲੋਤੇ। ਉਸ ਦੇ ਪਾਪਾਂ ਨੇ ਉਸ ਨੂੰ ਲਾਹਨਤਾਂ ਪਾਈਆਂ। ਉਹ ਤਾਂ ਬੋਲਣ ਜੋਗਾ ਨਾ ਰਿਹਾ। ਮੌਤ ਦੇ ਭੈ ਨੇ ਉਸ ਨੂੰ ਐਨਾ ਭੈ ਭੀਤ ਕੀਤਾ ਕਿ ਉਸ ਨੂੰ ਗਸ਼ਾਂ ਪੈਣ ਲਗ ਪਈਆਂ।

ਉਸ ਨੇ ਬਹੁਤ ਸਾਰੇ ਸੱਜਣਾਂ ਮਿੱਤਰਾਂ ਤੇ ਸੇਵਕਾਂ ਅਗੇ ਤਰਲੇ ਕਢੇ ਕਿ ਕੋਈ ਉਸ ਦੀ ਜਾਨ ਬਚਾਵੇ ਪਰ ਕਿਸੇ ਸਹਾਇਤਾ ਨਾ ਕੀਤੀ। ਉਸ ਦੇ ਪਾਪ ਦਾ ਫਲ ਉਸ ਨੂੰ ਭੁਗਤਣਾ ਪਵੇਗਾ। ਪਾਪੀ ਕੇ ਮਾਰਨੇ ਕੋ ਪਾਪ ਮਹਾਂਬਲੀ ਹੈ। ਮੀਰ ਨੇ ਹੁਕਮ ਦਿਤਾ। ਮੀਹੇਂ ਨੂੰ ਧਰਤੀ ਵਿਚ ਗਡ ਕੇ ਇਸ ਦੇ ਉਪਰ ਦਹੀਂ ਪਾਓ। ਭੁਖੇ ਕੁੱਤਿਆਂ ਨੂੰ ਛਡ ਕੇ ਜੀਉਂਦੇ ਨੂੰ ਪੜਵਾ ਦਿਓ। ਸ਼ਹਿਰ ਵਿਚ ਡੌਂਡੀ ਪਿਟਵਾਈ ਜਾਵੇ ਲੋਕਾਂ ਨੂੰ ਆਖਿਆ ਜਾਵੇ ਉਹ ਦੇਖਣ ਵਾਸਤੇ ਆਉਣ।

ਜਿਵੇਂ ਜਿਵੇਂ ਮੀਰ ਸਲਦੀ ਨੇ ਹੁਕਮ ਕੀਤਾ ਸੀ ਤਿਵੇਂ ਤਿਵੇਂ ਸਾਰੇ ਪ੍ਰਬੰਧ ਕੀਤੇ ਗਏ। ਮੀਹੇਂ ਦੀ ਮੌਤ ਦਾ ਡੰਨ ਦੇਖਣ ਵਾਸਤੇ ਸਾਰਾ ਸ਼ਹਿਰ ਇਕੱਠਾ ਹੋਇਆ ਮੀਹੇਂ ਨੂੰ ਸਿਪਾਹੀ ਲਿਆਏ ਜੀਊਂਦੇ ਨੂੰ ਪੱਟਾਂ ਤੱਕ ਧਰਤੀ ਵਿਚ ਗੱਡ ਦਿੱਤਾ। ਲੋਕਾਂ ਨੇ ਉਸ ਨੂੰ ਫਿਟਕਾਰਾਂ ਪਾਈਆਂ। ਮਟਕਾ ਦਹੀਂ ਦਾ ਮੰਗਵਾ ਕੇ ਉਸ ਦੇ ਉਤੇ ਉਲਟਾਇਆ ਗਿਆ। ਦਹੀਂ ਨਾਲ ਲਬੇੜ ਕੇ ਛੇ ਕੁੱਤੇ ਛਡੇ ਗਏ। ਉਹ ਕੁੱਤੇ ਬਹੁਤ ਮਾਰੂ ਸਨ। ਉਹਨਾਂ ਨੂੰ ਤਿੰਨ ਦਿਨ ਭੁਖਿਆਂ ਰਖਿਆ ਗਿਆ ਸੀ। ਉਹ ਝਈਆਂ ਲੈ ਲੈ ਕੇ ਖਾਣ ਲਗੇ। ਜਿਉਂ ਜਿਉਂ ਕੁਤੇ ਮੀਹੇਂ ਨੂੰ ਪਾੜਦੇ ਤਿਉਂ ਤਿਉਂ ਉਹ ਚੀਕਾਂ ਮਾਰਦਾ। ਆਖ਼ਰ ਚੀਕਾਂ ਮੁਕ ਗਈਆਂ, ਬਿਹਬਲ ਹੋ ਗਿਆ। ਜਾਨ ਚਲੀ ਗਈ ਉਸਦੀ ਲੋਥ ਨੂੰ ਕੁੱਤੇ ਖਾਂਦੇ ਰਹੇ। ਲੋਕ ਤਮਾਸ਼ਾ ਦੇਖਦੇ ਰਹੇ। ਇਉਂ ਪਾਪੀ ਤੇ ਮੰਦਕਰਮੀਂ ਮੀਹੇਂ ਮਸੰਦ ਨੂੰ ਮਾਰਿਆ ਗਿਆ।

ਸਿੰਧ ਦੀ ਸੰਗਤ ਇਕੱਠੀ ਹੋ ਕੇ ਸਤਿਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਦਰਸ਼ਨਾਂ ਨੂੰ ਸ੍ਰੀ ਅਨੰਦਪੁਰ ਆਈ। ਸੰਗਤਾਂ ਦੇ ਮੁਖੀਆਂ ਨੇ ਮੀਹਾਂ ਮਸੰਦ ਤੇ ਭਾਈ ਗਹਿਲੇ ਬਾਰੇ ਅੱਡੋ ਅੱਡ ਦਸਿਆ। ਭਾਈ ਗਹਿਲੇ ਦੀ ਉਪਮਾ ਕੀਤੀ ਤੇ ਮੀਹੇਂ ਦੀ ਨਿੰਦਿਆ। ਸਚੇ ਸਤਿਗੁਰੂ ਮੁਸਕਰਾਏ, ਸਾਹਿਬਾਂ ਨੇ ਫ਼ੁਰਮਾਇਆ—'ਧੰਨ ਭਾਈ ਗਹਿਲਾ ਜੀ! ਉਨ੍ਹਾਂ ਦਾ ਬੈਕੁੰਠ ਵਾਸ।'

ਹਰ ਸਿੱਖ ਨੂੰ ਭਾਈ ਗਹਿਲੇ ਵਰਗਾ ਸੱਚਾ ਸਿੱਖ ਬਣਨਾ ਚਾਹੀਦਾ ਹੈ, ਮੀਹੇਂ ਵਾਂਗ ਹੰਕਾਰੀ ਪਾਪੀ ਤੇ ਦੁਰਾਚਾਰੀ ਨਹੀਂ ਬਣਨਾ ਚਾਹੀਦਾ।

# ੯੬. ਵੈਦ ਸੁਜਾਨ ਸਿੰਘ

*ਗੁਰ ਕਾ ਬਚਨੁ ਜੀਅ ਕੈ ਸਾਥ॥ ਗੁਰ ਕਾ ਬਚਨੁ ਅਨਾਥ ਕੋ ਨਾਥ॥*

ਵੈਦ ਸੁਜਾਨ ਸਿੰਘ ਦਾ ਪਹਿਲਾ ਨਾਮ ਸੁਜਾਨ ਚੰਦ ਸੀ। ਇਹ ਲਾਹੌਰ ਦੇ ਇਕ ਹਿੰਦੂ ਘਰਾਣੇ ਦਾ ਸਿਤਾਰਾ ਸੀ। ਇਸ ਦੇ ਤਾਏ ਨੇ ਇਸ ਨੂੰ ਪੁੱਤਰ ਬਣਾ ਕੇ ਪਾਲਿਆ, ਵਿਦਿਆ ਪੜ੍ਹਾਈ ਤੇ ਵਿਆਹ ਕੀਤਾ। ਸੰਸਕ੍ਰਿਤ ਤੇ ਫ਼ਾਰਸੀ ਤੋਂ ਬਿਨਾਂ ਆਯੁਰਵੈਦਿਕ ਗਿਆਨ ਨੂੰ ਚੰਗਾ ਪੜ੍ਹਿਆ। ਮਨੁਖ ਤਨ ਦੇ ਹਰ ਰੋਗ ਨੂੰ ਨਾੜੀ ਦੇਖ ਕੇ ਹੀ ਜਾਨਣ ਲਗ ਪਿਆ। ਹਿਕਮਤ ਕਰਨ ਲਗਾ। ਹਿਕਮਤ ਕਰਦਿਆਂ ਹੋਇਆਂ ਕੁਝ ਦਿਨ ਬੀਤੇ ਪਰ ਮਨ ਨੂੰ ਸ਼ਾਂਤੀ ਨਾ ਹੋਈ। ਚਿਤ ਵਿਚ ਭੁੱਖ ਤੇ ਤਾਂਘ ਦੀਆਂ ਲਹਿਰਾਂ ਇਕ ਜਵਾਰ ਭਾਟਾ ਬਣੀਆਂ ਰਹਿੰਦੀਆਂ। ਰਾਤ ਨੂੰ ਉਸ ਨੂੰ ਸੁਪਨੇ ਆਉਂਦੇ ਸੁਜਾਨ ਤੂੰ ਕਿਤੇ ਦੂਰ ਪਹੁੰਚਣਾ ਹੈ। ਇਥੇ ਨਾ ਅਟਕ ਤੇਰੀ ਮੰਜਲ ਦੂਰ ਹੈ। ਤੈਨੂੰ ਕੋਈ ਉਡੀਕਦਾ ਹੈ। ਪਰ ਕੌਣ ਉਡੀਕਦਾ ਹੈ? ਮੰਜਲ ਦਾ ਅੰਤ ਕਿਥੇ ਹੈ? ਇਸ ਦੀ ਉਸ ਨੂੰ ਕੋਈ ਸਮਝ ਨਾ ਪੈਂਦੀ। ਘਰ ਪੁੱਤਰ ਹੋ ਗਿਆ। ਪੁੱਤਰ ਦਾ ਮੂੰਹ ਦੇਖ ਕੇ ਹਰ ਬਾਪ ਨੂੰ ਖ਼ੁਸ਼ੀ ਹੁੰਦੀ ਹੈ। ਉਹ ਸੰਸਾਰ ਨੂੰ ਭੁੱਲ ਜਾਂਦਾ ਹੈ। ਪੁੱਤਰ ਪਿਆਰ ਦੇ ਸੰਗਲ ਉਸ ਦੇ ਪੈਰਾਂ ਨੂੰ ਜਕੜ ਲੈਂਦੇ ਹਨ, ਘਰੋਂ ਬਾਹਰ ਨਹੀਂ ਨਿਕਲਣ ਦੇਂਦੇ ਪਰ ਸੁਜਾਨ ਚੰਦ ਦੇ ਹਿਰਦੇ ਨੂੰ ਪੁੱਤਰ ਜਨਮ ਨੇ ਵੀ ਸੱਚੀ ਖ਼ੁਸ਼ੀ ਨਾ ਦਿੱਤੀ।

ਲਾਹੌਰ ਵਿਚ ਇਕ ਫ਼ਾਰਸੀ ਦਾ ਮਸ਼ਹੂਰ ਕਵੀ ਸੀ। ਉਸ ਦੇ ਗਿਆਨ ਤੇ ਲੰਮੇਰੀ ਸੂਝ ਦੀ ਆਮ ਚਰਚਾ ਸੀ। ਉਸ ਦੀਆਂ ਕਵਿਤਾਵਾਂ ਸਤਿਕਾਰ ਨਾਲ ਪੜ੍ਹੀਆਂ ਤੇ ਸੁਣੀਆਂ ਜਾਂਦੀਆਂ ਸਨ। ਇਕ ਦਿਨ ਦੁਪਹਿਰ ਵੇਲੇ ਉਹ ਵੈਦ ਸੁਜਾਨ ਚੰਦ ਜੀ ਕੋਲ ਆ ਬੈਠੇ। ਕਿਉਂਕਿ ਸੁਜਾਨ ਚੰਦ ਵੀ ਫ਼ਾਰਸੀ ਦੇ ਉਸਤਾਦ ਸਨ, ਵਿਸ਼ੇਸ਼ ਕਰਕੇ ਫ਼ਾਰਸੀ ਕਵਿਤਾ ਨੂੰ ਬਹੁਤ ਚੰਗੀ ਤਰ੍ਹਾਂ ਸਮਝਦੇ ਸੀ। ਦੋਵੇਂ ਵਿਦਵਾਨ ਰਲ ਕੇ ਬੈਠ ਗਏ। ਗੱਲਾਂ ਬਾਤਾਂ ਹੁੰਦੀਆਂ ਰਹੀਆਂ। ਗੱਲਾਂ ਗੱਲਾਂ ਵਿਚ ਇਹ ਚਰਚਾ ਸ਼ੁਰੂ ਹੋਈ ਕਿ ਦੇਸ਼ ਦੇ ਹਾਕਮ ਮੁਸਲਮਾਨ ਨਵਾਬ ਹਿੰਦੂ ਕਵੀਆਂ ਦੀ ਕਦਰ ਨਹੀਂ ਕਰਦੇ। ਮੁਸਲਮਾਨ ਸ਼ਾਇਰ

ਹਿੰਦੂਆਂ ਦੀ ਕਦਰ ਹੋਣ ਹੀ ਦੇਂਦੇ ਹਨ। ਕਵੀ ਨੇ ਅੰਤਮ ਇਛਾ ਪ੍ਰਗਟ ਕੀਤੀ ਕਿ ਮੈਂ ਅਨੰਦ ਪੁਰ ਜਾ ਰਿਹਾ ਹਾਂ। ਸਤਲੁਜ ਦੇ ਕਿਨਾਰੇ ਸੁੰਦਰ ਪਹਾੜੀਆਂ ਵਿਚ ਇਹ ਸ਼ਹਿਰ ਹੈ। ਉਥੇ ਗੁਰ ਨਾਨਕ ਜੀ ਦੀ ਗੱਦੀ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਿਰਾਜਮਾਨ ਹਨ। ਉਹ ਹਿੰਦੂ ਸਿੱਖ ਹੀ ਨਹੀਂ ਮੁਸਲਮਾਨ ਕਵੀਆਂ ਦੀ ਵੀ ਬਹੁਤ ਕਦਰ ਕਰਦੇ ਹਨ। ਪੁਰਾਤਨ ਬਾਦਸ਼ਾਹਾਂ ਦੇ ਵਾਂਗ ਸ਼ਾਇਰੀ ਨਾਲ ਉਹਨਾਂ ਦਾ ਬਹੁਤ ਪਿਆਰ ਹੈ। ਦੇਸ਼ ਦੇ ਮਸ਼ਹੂਰ ਸ਼ਾਇਰ ਸੈਨਾਪਤੀ ਜੀ ਵੀ ਉਨ੍ਹਾਂ ਕੋਲ ਹਨ। ਮੈਂ ਛੇਤੀ ਛੇਤੀ ਜਾ ਰਿਹਾ ਹਾਂ। ਆਸ ਹੈ ਪ੍ਰੇਮ ਦੀ ਕਵਿਤਾ ਸੁਣ ਕੇ ਉਹਨਾਂ ਦੇ ਚਰਨਾਂ ਵਿਚ ਯੋਗ ਅਸਥਾਨ ਮਿਲ ਜਾਵੇਗਾ। ਕਵੀਆਂ ਵਾਸਤੇ ਇਹੋ ਜਿਹੇ ਮਹਾਂ ਪੁਰਸ਼ਾਂ ਦਾ ਆਸਰਾ ਹੋਣਾ ਅਤੀ ਜ਼ਰੂਰੀ ਹੈ। ਨਾਲੇ ਸਤਿਗੁਰੂ ਆਤਮਿਕ ਸ਼ਕਤੀਆਂ ਵਾਲੇ ਹਨ। ਹਜਾਰਾਂ ਤਪਦੀਆਂ ਰੂਹਾਂ ਉਨ੍ਹਾਂ ਦੇ ਦਰਸ਼ਨ ਨਾਲ ਠੰਢੀਆਂ ਹੋਈਆਂ ਹਨ। ਉਹ ਦੁਖੀ ਆਤਮਾ ਦੇ ਸੱਚੇ ਵੈਦ ਹਨ। ਹਜਾਰਾਂ ਲੋਕ ਦਰਸ਼ਨਾਂ ਵਾਸਤੇ ਜਾਂਦੇ ਹਨ।

ਕਵੀ ਜੀ ਦੇ ਇਹ ਬਚਨ ਸੁਣ ਕੇ ਸੁਜਾਨ ਚੰਦ ਜੀ ਦੇ ਹਿਰਦੇ ਨੂੰ ਧੂਹ ਪਈ। ਉਸ ਨੂੰ ਇੰਝ ਪ੍ਰਤੀਤ ਹੋਇਆ ਜਿਵੇਂ ਕੋਈ ਉਸ ਨੂੰ ਸੱਦ ਰਿਹਾ ਹੈ। ਉਸ ਨੇ ਕਵੀ ਨੂੰ ਆਖਿਆ—'ਮਿੱਤਰਾ! ਇਕੱਲਾ ਨਾ ਜਾਵੀਂ। ਮੈਨੂੰ ਵੀ ਨਾਲ ਲੈ ਚਲੀਂ। ਮੇਰਾ ਵੀ ਰੂਹ ਕਰਦਾ ਹੈ ਮੈਂ ਐਸੇ ਮਹਾਂ ਪੁਰਸ਼ਾਂ ਦੇ ਦਰਸ਼ਨ ਕਰਾਂ। ਮੇਰੇ ਹਿਰਦੇ ਅੰਦਰ ਇਕ ਭੁੱਖ ਹੈ ਸ਼ਾਇਦ ਉਹ ਲੱਥ ਜਾਵੇ ਮੈਂ ਵੀ ਜਰੂਰ ਦਰਸ਼ਨ ਕਰਨ ਵਾਸਤੇ ਚਲਾਂਗਾ।'

ਦੋਹਾਂ ਦੀ ਸਲਾਹ ਪੱਕੀ ਹੋ ਗਈ। ਸੁਜਾਨ ਚੰਦ ਜੀ ਨੇ ਦੁਕਾਨ ਬੰਦ ਕਰ ਦਿੱਤੀ। ਬੀਮਾਰਾਂ ਨੂੰ ਜਵਾਬ ਦੇ ਦਿੱਤਾ। ਉਹ ਆਪ ਆਪਣੇ ਦਿਲ ਰੋਗ ਦਾ ਇਲਾਜ ਕਰਾਉਣ ਵਾਸਤੇ ਘਰੋਂ ਨਿਕਲ ਪਿਆ। ਜੀਵਨ ਸਾਥਨ ਨੇ ਪੁਛਿਆ, 'ਕਦੋਂ ਆਵੋਗੇ?' ਅਗੋਂ ਉੱਤਰ ਦਿੱਤਾ, 'ਛੇਤੀ'। ਮੰਜ਼ਲੋ ਮੰਜ਼ਲੀ ਪੈਦਲ ਤੁਰ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚ ਗਏ। ਅੰਤਰਜਾਮੀ ਘਟ ਘਟ ਦੇ ਜਾਨਣਹਾਰ, ਜਗਤ ਦੇ ਸੱਚੇ ਵੈਦ ਤੇ ਆਜ਼ਾਦੀ ਦੇ ਜਰਨੈਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਾਹੀ ਦਰਬਾਰ ਲੱਗਾ ਹੋਇਆ ਸੀ, ਸ਼ਹਿਰ ਤੇ ਦਰਬਾਰ ਦੀ ਰੌਣਕ ਦੇਖ ਕੇ ਦੋਵੇਂ ਬੌਂਦਲ ਗਏ। ਦੀਵਾਨ ਵਿਚ ਜਾ ਕੇ ਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਹਿਰਦੇ ਠੰਡ ਪਈ। ਖ਼ੁਸ਼ੀ ਦੇ ਅਲੱਥ ਨਸ਼ੇ ਚੜ੍ਹ ਗਏ। ਮੱਥਾ ਟੇਕਿਆ

ਤਾਂ ਚੁਰਾਸੀ ਦਾ ਸੰਗਲ ਕੜਕ ਕਰਕੇ ਟੁਟ ਗਿਆ, ਹਿਰਦੇ ਵਿਚ ਠੱਕ ਠੱਕ ਹੋਈ, ਅੰਦਰੋਂ ਆਵਾਜ਼ ਆਈ, ਇਹੋ ਹੈ, ਜਿਸ ਦੀ ਢੂੰਡ ਸੀ, ਏਹੋ ਹੈ ਜੋ ਜੀਵਨ ਬਖ਼ਸ਼ਦਾ ਹੈ। ਇਹਦੇ ਬਚਨਾਂ ਨੂੰ ਮੰਨ ਕੇ ਤੁਰ ਜਾ। ਕੀਰਤਨ ਦੀ ਸਮਾਪਤੀ ਦੇ ਪਿਛੋਂ ਸੁਜਾਨ ਚੰਦ ਨੇ ਹੱਥ ਜੋੜ ਕੇ ਬੇਨਤੀ ਕੀਤੀ—'ਮੈਨੂੰ ਤਾਰੋ, ਮੈਂ ਦੁਖੀ, ਮੈਂ ਭੁੱਖਾ! ਮੇਰੇ ਤੇ ਮਿਹਰ ਕਰੋ।' ਗੁਰੂ ਜੀ ਨੇ ਬਚਨ ਕੀਤਾ—'ਗੁਰੂ ਦੇ ਦਰਸ਼ਨ ਕਰਨੇ ਹਨ ਆਤਮਾ ਦੀ ਭੁੱਖ ਦੂਰ ਕਰਨੀ ਹੈ ਤਾਂ ਸੰਗਤ ਦੀ ਸੇਵਾ ਕਰੋ। ਸੰਗਤ ਵਿਚ ਗੁਰੂ ਤੇ ਪ੍ਰਮਾਤਮਾ ਹਨ।'

ਸੁਜਾਨ ਚੰਦ ਵਿਦਵਾਨ ਸੀ। ਸੈਂਕੜੇ ਕਿਤਾਬਾਂ ਪੜ੍ਹੀਆਂ ਸਨ, ਇਸ ਰਮਜ਼ ਨੂੰ ਨਾ ਜਾਣ ਸਕਿਆ। ਫਿਰ ਬੇਨਤੀ ਕੀਤੀ—'ਦਾਤਾ! ਮੈਂ ਆਪ ਕੋਲ ਆਇਆ ਹਾਂ ਮੇਰੇ ਤੇ ਦਇਆ ਕਰੋ।'

ਗੁਰੂ ਜੀ ਨੇ ਫਿਰ ਬਚਨ ਕੀਤਾ-'ਇਸ ਸ਼ਹਿਰੋਂ ਹੁਣੇ ਨਿਕਲ ਜਾਹ। ਦੁਖੀਆਂ ਦੀ ਸੇਵਾ ਕਰ, ਤੇਰੀ ਕਿਤੇ ਲੋੜ ਹੈ। ਦੁਖੀ ਰੂਹਾਂ ਤੜਪ ਰਹੀਆਂ ਹਨ। ਨੱਸ ਜਾਹ ਚਲਿਆ ਜਾਹ ਹੁਣੇ ਹੀ ਚਲਿਆ ਜਾਹ।'

ਤਿੰਨ ਵਾਰ ਕਿਹਾ। ਬਚਨ ਕੌਣ ਟਾਲੇ। ਪਰ ਇਹ ਜ਼ਰੂਰ ਪੁਛ ਲਿਆ 'ਕਿਥੇ ਜਾਵਾਂ? ਮੇਰੀ ਕਿਥੇ ਲੋੜ ਹੈ?'

'ਤੇਰੀ ਆਤਮਾ ਨੂੰ ਪਤਾ ਹੈ ਜਿਧਰ ਆਤਮਾ ਲੈ ਜਾਵੇ ਉਧਰ ਚਲਿਆ ਜਾਹ।'

ਮੁੜ ਨਹੀਂ ਪੁਛਿਆ, ਚਰਨਾਂ ਉਤੇ ਮੱਥਾ ਟੇਕਿਆ। ਸਾਰੀਆਂ ਭੁੱਖਾਂ ਮਿਟ ਗਈਆਂ। ਪਾਣੀ ਪੀਣ ਦੀ ਤ੍ਰਿਸ਼ਨਾ ਨਹੀਂ ਰਹੀ। ਜੋੜਾ ਪਾਉਣਾ ਭੁਲ ਗਿਆ। ਨੰਗੀਂ ਪੈਰੀਂ ਉਠ ਨਸਿਆ, ਕੀਰਤਪੁਰ ਟੱਪ ਗਿਆ। ਸਰਸਾ ਪਾਰ ਕਰ ਲਈ। ਉਹ ਦੌੜਨੋਂ ਨਾ ਰੁਕਿਆ। ਇਕ ਫ਼ੌਜੀ ਦੀ ਤਰ੍ਹਾਂ ਨੱਸੀ ਗਿਆ। ਸੂਰਜ ਡੁੱਬਣ ਵਾਲਾ ਹੋ ਗਿਆ। ਵਾਗੀ ਘਰਾਂ ਨੂੰ ਡੰਗਰ ਮੋੜੀ ਜਾ ਰਹੇ ਸਨ। ਉਹ ਭੱਜਾ ਜਾਂਦਾ ਸੀ, ਉਸ ਦੀ ਮੰਜ਼ਲ ਕਦੋਂ ਮੁਕੇਗੀ? ਇਹ ਉਸ ਨੂੰ ਪਤਾ ਨਹੀਂ ਸੀ। ਹਾਂ, ਸੂਰਜ ਡੁੱਬਣ ਦੇ ਨਾਲ ਹੀ ਇਕ ਨਗਰ ਆਇਆ। ਉਸ ਦੀਆਂ ਕੰਧਾਂ ਕੋਲ ਜਾ ਕੇ ਪੈਰ ਨੂੰ ਠੇਡਾ ਲੱਗਾ। ਮੂੰਹ ਦੇ ਭਾਰ ਡਿੱਗ ਪਿਆ, ਡਿਗਦੇ ਹੋਏ ਦੇ ਮੂੰਹੋਂ ਨਿਕਲਿਆ 'ਵਾਹਿਗੁਰੂ' ਤੇ ਬੇਸੁਧ ਹੋ ਗਿਆ।

ਨਗਰ ਦੀਆਂ ਦੋ ਬੀਬੀਆਂ ਨੇ ਦੇਖਿਆ ਕਿ ਨੱਠਾ ਆਉਂਦਾ ਰਾਹੀ ਡਿੱਗ ਕੇ ਬੇਸੁਧ ਹੋ ਗਿਆ ਹੈ। ਉਨ੍ਹਾਂ ਨੇ ਰੌਲਾ ਪਾ ਕੇ ਪਿੰਡ ਦੇ ਆਦਮੀਆਂ ਨੂੰ

ਸੱਦ ਲਿਆ। ਮਰਦਾਂ ਨੇ ਭਾਈ ਸੁਜਾਨ ਚੰਦ ਨੂੰ ਚੁਕਿਆ। ਮੰਜੇ ਉਤੇ ਲਿਟਾ ਕੇ ਉਸ ਦੀ ਸੇਵਾ ਕੀਤੀ। ਨੰਗੇ ਪੈਰਾਂ ਵਿਚ ਛਾਲੇ ਸਨ, ਲਹੂ ਵਗ ਰਿਹਾ ਸੀ। ਪੈਰਾਂ ਨੂੰ ਗਰਮ ਪਾਣੀ ਨਾਲ ਧੋਤਾ। ਹੋਸ਼ ਲਿਆਂਦੀ। ਜਦੋਂ ਸੁਰਤ ਆਈ ਤਾਂ ਕੋਲ ਮਰਦ ਤੀਵੀਆਂ ਦੇਖ ਕੇ ਉਸ ਦੇ ਮੂੰਹੋਂ ਨਿਕਲ ਗਿਆ—'ਧੰਨ ਕਲਗੀਆਂ ਵਾਲਾ ਪਿਤਾ!'

'ਆਪ ਨੇ ਕਿਥੇ ਜਾਣਾ ਹੈ?' ਪਿੰਡ ਦੇ ਮੁਖੀ ਨੇ ਪੁਛਿਆ।

'ਕਿਤੇ ਨਹੀਂ ਜਿਥੇ ਜਾਣਾ ਸੀ, ਉਥੇ ਪੁੱਜ ਗਿਆ ਹਾਂ। ਮੇਰਾ ਮਨ ਆਖਦਾ ਹੈ ਮੈਂ ਇਥੇ ਰਹਿਣਾ ਹੈ। ਮੈਂ ਵੈਦ ਹਾਂ ਰੋਗੀਆਂ ਦੁਖੀਆਂ ਦੀ ਸੇਵਾ ਕਰਾਂਗਾ। ਦੱਸੋ! ਜਿਨ੍ਹਾਂ ਨੂੰ ਰੋਗ ਹਨ, ਮੈਂ ਫ਼ੀਸ ਕੋਈ ਨਹੀਂ ਲੈਣੀ, ਮੈਂ ਰਹਿਣਾ ਹੈ, ਰੋਟੀ ਖਾਣੀ ਹੈ, ਸੇਵਾ ਕਰਨੀ ਹੈ।' ਸੁਜਾਨ ਚੰਦ ਦਾ ਉੱਤਰ ਸੀ।

ਸੁਨਣ ਵਾਲੇ ਖ਼ੁਸ਼ ਹੋਏ। ਪਰਮਾਤਮਾ ਨੇ ਉਨ੍ਹਾਂ ਉਤੇ ਬਹੁਤ ਮਿਹਰ ਕੀਤੀ। ਉਹ ਗ਼ਰੀਬ ਲੋਕ ਸਨ, ਗ਼ਰੀਬੀ ਦੇ ਕਾਰਨ ਉਨ੍ਹਾਂ ਕੋਲ ਕੋਈ ਨਹੀਂ ਸੀ ਆਉਂਦਾ। ਉਹਨਾਂ ਦੇ ਧੰਨ ਭਾਗ ਜੋ ਹਕੀਮ ਆ ਗਿਆ, ਇਕ ਮਾਈ ਅਗੇ ਹੋਈ। ਉਸ ਨੇ ਆਖਿਆ ਮੇਰਾ ਤਾਪ ਨਹੀਂ ਟੁਟਦਾ, ਮੈਨੂੰ ਦਵਾਈ ਦਸੋ।

ਹੁਣੇ ਟੁੱਟ ਜਾਵੇਗਾ। ਇਹ ਚੀਜ਼ ਖਾ ਲੈ। ਚੀਜ਼ ਖਾਣ ਲਗੀ ਜਬਾਨੋਂ ਇਹ ਆਖੀਂ—'ਧੰਨ ਗੁਰੂ ਕਲਗੀਧਰ ਪਾਤਸ਼ਾਹ!' ਉਹ ਮਾਈ ਘਰ ਗਈ। ਉਸ ਨੇ ਵੈਦ ਜੀ ਦੀ ਦੱਸੀ ਚੀਜ਼ ਨੂੰ ਖਾਧਾ। ਜ਼ਬਾਨੋ ਆਖਿਆ—'ਧੰਨ ਗੁਰੂ ਕਲਗੀਧਰ ਪਾਤਸ਼ਾਹ।' ਸੱਚਮੁਚ ਉਸ ਦਾ ਤਾਪ ਟੁੱਟ ਗਿਆ, ਉਹ ਅਰੋਗ ਹੋ ਗਈ। ਵੈਦ ਦੀ ਉਪਮਾ ਸਾਰੇ ਪਿੰਡ ਵਿਚ ਖਿਲਰ ਗਈ। ਇਕ ਕੱਖਾਂ ਦੀ ਛੰਨ ਮੱਲ ਕੇ ਉਸ ਵਿਚ ਸਫ ਵਿਛਾ ਲਈ, ਬਾਹਰੋਂ ਜੜੀਆਂ ਬੂਟੀਆਂ ਪੁਟ ਲਿਆਂਦੀਆਂ। ਰੋਗੀਆਂ ਦੀ ਸੇਵਾ ਕਰਨ ਲੱਗਾ। ਸਫ ਉਤੇ ਰਾਤ ਨੂੰ ਸੌਂ ਰਹਿੰਦਾ, ਵਾਹਿਗੁਰੂ ਸਿਮਰਨ ਕਰਦਾ। ਆਏ ਗਏ ਤੇ ਰੋਗੀ ਦੀ ਸੇਵਾ ਕਰਦਾ, ਇਸੇ ਤਰ੍ਹਾਂ ਕਈ ਸਾਲ ਲੰਘ ਗਏ। ਇਸਤਰੀ ਬੱਚੇ ਤੇ ਮਾਪੇ ਯਾਦ ਨਾ ਆਏ। ਅਮੀਰੀ ਲਿਬਾਸ ਤੇ ਖਾਣਾ ਭੁੱਲ ਗਿਆ। ਉਹ ਇਕ ਸੰਨਿਆਸੀ ਦੀ ਤਰ੍ਹਾਂ ਨਿਥਾਵਾਂ ਜਿਹਾ ਹੋ ਕੇ ਲੋਕ ਸੇਵਾ ਵਿਚ ਲੱਗਾ। ਸ਼ਾਹੀ ਰਾਹ ਉਤੇ ਪਿੰਡ ਸੀ ਜਦੋਂ ਰੋਗੀਆਂ ਵਲੋਂ ਵਿਹਲਾ ਹੁੰਦਾ ਤਾਂ ਰਾਹੀਆਂ ਨੂੰ ਜਲ ਪਿਲਾਉਣ ਲਗ ਜਾਂਦਾ। ਹਰ ਪਾਣੀ ਪੀਣ ਵਾਲੇ ਨੂੰ ਆਖਦਾ ਕਹੋ—'ਧੰਨ ਗੁਰੂ ਕਲਗੀਧਰ ਪਾਤਸ਼ਾਹ!' ਯਾਤਰੂ ਬਹੁਤੇ

ਸ੍ਰੀ ਅਨੰਦਪੁਰ ਨੂੰ ਜਾਂਦੇ ਤੇ ਆਉਂਦੇ ਸਨ ਜੋ ਜਾਂਦੇ ਉਹ ਸ੍ਰੀ ਅਨੰਦਪੁਰ ਜਾ ਕੇ ਦਸਦੇ ਕਿ ਰਾਹ ਵਿਚ ਇਕ ਸੇਵਕ ਹੈ, ਉਹ ਬਹੁਤ ਸੇਵਾ ਕਰਦਾ ਹੈ। ਹਰ ਇਕ ਜੀਵ ਕੋਲੋਂ ਅਖਵਾਉਂਦਾ ਹੈ—'ਧੰਨ ਕਲਗੀਧਰ ਪਾਤਸ਼ਾਹ!' ਇਹ ਸੁਣ ਕੇ ਗੁਰੂ ਜੀ ਮੁਸਕਰਾ ਛਡਦੇ।

ਇਕ ਦਿਹਾੜਾ ਆ ਪੁਜਿਆ, ਜਿਸ ਦਿਨ ਭਾਈ ਸੁਜਾਨ ਚੰਦ ਦੀ ਘਾਲ ਥਾਏਂ ਪੈਣੀ ਸੀ। ਉਸ ਦੇ ਨਿਕੇ ਵੱਡੇ ਤਾਪ ਸੰਤਾਪ ਤੇ ਪਾਪ ਖੰਡਨ ਹੋਣੇ ਸਨ। ਖ਼ਬਰਾਂ ਆਈਆਂ ਸੱਚੇ ਸਤਿਗੁਰੂ ਸ਼ਿਕਾਰ ਖੇਡਣ ਆ ਰਹੇ ਹਨ। ਇਹ ਖ਼ਬਰ ਭਾਈ ਸੁਜਾਨ ਚੰਦ ਨੂੰ ਵੀ ਮਿਲ ਗਈ। ਹਿਰਦਾ ਬਾਗ ਬਾਗ ਹੋ ਗਿਆ। ਦਰਸ਼ਨ ਕਰਨ ਦੀ ਲਗਨ ਤੇਜ ਹੋ ਗਈ, ਬਿਹਬਲ ਹੋ ਗਿਆ, ਪਰ ਡਰ ਵੀ ਸੀ ਕਿਤੇ ਦਰਸ਼ਨ ਤੋਂ ਵਾਂਝੇ ਨਾ ਰਹੀਏ। ਭਾਗ ਜਵਾਬ ਨਾ ਦੇਣ, ਆਖ਼ਰ ਉਹ ਵੇਲਾ ਆ ਪੁਜਿਆ, ਗੁਰੂ ਜੀ ਪਿੰਡ ਦੇ ਨੇੜੇ ਪੁਜ ਗਏ। ਨਗਰ ਵਾਸੀ ਨੱਸ ਕੇ ਸਵਾਗਤ ਵਾਸਤੇ ਅਗੇ ਜਾਣ ਲਗੇ ਪਰ ਉਸ ਵੇਲੇ ਇਕ ਮਾਈ ਆਈ। ਉਸ ਨੇ ਆ ਕੇ ਧਾਹ ਮਾਰੀ—'ਵੇ ਪੁੱਤਰਾ! ਨੱਸੀਂ ਛੇਤੀ ਕਰੀਂ, ਮੇਰੀ ਨੂੰਹ ਨੂੰ ਸੂਲ ਹੋ ਰਿਹਾ ਹੈ। ਉਸ ਦੀ ਜਾਨ ਬਚਾ। ਉਹ ਆਫਰ ਗਈ ਹੈ। ਗ਼ਰੀਬਾਂ ਉਤੇ ਤਰਸ ਕਰ, ਚੱਲ ਸਤਿਗੁਰੂ ਤੇਰਾ ਭਲਾ ਕਰੇ, ਛੇਤੀ ਤੁਰ।'

ਭਾਈ ਸੁਜਾਨ ਚੰਦ ਅਗੇ ਮੁਸ਼ਕਲ ਆ ਖੜੀ ਹੋਈ। ਇਕ ਪਾਸੇ ਰੋਗੀ ਕੁਰਲਾ ਰਿਹਾ ਹੈ। ਦੂਸਰੇ ਪਾਸੇ ਕਲਗੀਧਰ ਪਿਤਾ ਜੀ ਆ ਰਹੇ ਸਨ। ਗੁਰੂ ਜੀ ਦੇ ਦਰਸ਼ਨ ਕਰਨੇ ਵੀ ਜ਼ਰੂਰੀ ਹਨ, ਪਰ ਰੋਗੀ ਨੂੰ ਵੀ ਛਡਿਆ ਨਹੀਂ ਜਾ ਸਕਦਾ। ਜੇ ਬੁਢੜੀ ਦੀ ਨੂੰਹ ਮਰ ਗਈ ਤਾਂ ਹੱਤਿਆ ਦਾ ਭਾਗੀ ਭਾਈ ਸੁਜਾਨ ਹੋਵੇਗਾ। ਉਸ ਦੀ ਆਤਮਾ ਨੇ ਅਵਾਜ਼ ਦਿਤੀ—'ਭਾਈ ਸੁਜਾਨ! ਕਿਉਂ ਦੁਚਿਤੀ ਵਿਚ ਪਿਆ ਹੈਂ? ਰੋਗੀ ਦੀ ਸੇਵਾ ਕਰ, ਤੈਨੂੰ ਸੇਵਾ ਕਰਨ ਵਾਸਤੇ ਦਾਤੇ ਨੇ ਹੁਕਮ ਕੀਤਾ ਹੈ। ਉਸ ਪ੍ਰੀਤਮ ਦਾ ਹੁਕਮ ਹੈ, ਗੁਰੂ ਪ੍ਰਮੇਸ਼ਰ ਦੇ ਦਰਸ਼ਨ ਲੋਕ ਸੇਵਾ ਵਿਚ ਹਨ।' ਉਸੇ ਵੇਲੇ ਭਾਈ ਸੁਜਾਨ ਦਵਾਈਆਂ ਦਾ ਝੋਲਾ ਚੁੱਕ ਕੇ ਮਾਈ ਦੇ ਘਰ ਨੂੰ ਨੱਠ ਉਠਾ। ਲੋਕ ਉਤਰ ਵਲ ਨੱਠੇ ਜਾ ਰਹੇ ਸਨ, ਭਾਈ ਸੁਜਾਨ ਦੱਖਣ ਵਲ ਜਾ ਰਿਹਾ ਸੀ। ਲੋਕਾਂ ਨੂੰ ਗੁਰੂ ਦਰਸ਼ਨ ਕਰਨ ਦੀ ਤਾਂਘ ਸੀ ਤੇ ਭਾਈ ਸੁਜਾਨ ਨੂੰ ਰੋਗੀ ਦੇਖਣ ਦੀ ਕਾਹਲ ਸੀ। ਲੋਕ ਗੁਰੂ ਜੀ ਕੋਲ ਪਹੁੰਚ ਪਏ ਤੇ ਸੁਜਾਨ ਮਾਈ ਦੇ ਘਰ ਅਪੜ ਪਿਆ।

ਉਸ ਨੇ ਜਾ ਕੇ ਮਾਈ ਦੀ ਨੂੰਹ ਨੂੰ ਦੇਖਿਆ ਉਹ ਸਚਮੁਚ ਘੜੀ ਪਲ ਦੀ ਪ੍ਰਾਹੁਣੀ ਸੀ। ਦਵਾਈਆਂ ਘੋਲ ਕੇ ਪਿਲਾਈਆਂ। ਵੈਦਿਕ ਅਸੂਲਾਂ ਅਨੁਸਾਰ ਸਾਂਭਣ ਵਾਸਤੇ ਹਦਾਇਤਾਂ ਦਿਤੀਆਂ। ਪੂਰਾ ਘੰਟਾ ਲੱਗ ਗਿਆ। ਰੋਗਣ ਖ਼ਤਰੇ ਤੋਂ ਬਾਹਰ ਹੋ ਗਈ। ਉਸ ਦਾ ਅਫਰੇਵਾਂ ਮੱਠਾ ਹੋ ਗਿਆ। ਸੂਲ ਦੀ ਦਰਦ ਨਰਮ ਹੋ ਗਈ। ਭਾਈ ਸੁਜਾਨ ਜੀ ਦਵਾਈਆਂ ਦੇ ਕੇ ਵਾਪਸ ਮੁੜੇ। ਕਾਹਲੀ ਕਾਹਲੀ ਮੁੜੇ ਕੀ ਦੇਖਦੇ ਹਨ ਕਿ ਉਸਦੀ ਕੱਖਾਂ ਦੀ ਕੁਲੀ ਅਗੇ ਲੋਕਾਂ ਦੀ ਬਹੁਤ ਭੀੜ ਹੈ। ਘੋੜ ਸਵਾਰ ਖਲੋਤੇ ਹਨ। ਸਾਰਾ ਪਿੰਡ ਇਕੱਠਾ ਹੋਇਆ ਹੋਇਆ ਹੈ। ਭਾਈ ਸੁਜਾਨ ਭੀੜ ਨੂੰ ਚੀਰ ਕੇ ਅਗੇ ਲੰਘ ਗਿਆ। ਝੁਗੀ ਦੇ ਅੰਦਰ ਵੜ ਕੇ ਦੇਖਦਾ ਕੀ ਹੈ ਕਿ ਸੱਚੇ ਸਤਿਗੁਰੂ ਨੀਲੇ ਦੇ ਸਵਾਰ, ਸੱਚੇ ਪਾਤਸ਼ਾਹ ਗ਼ਰੀਬ ਦੀ ਸਫ਼ ਉਤੇ ਬੈਠੇ ਛੱਤ ਵਲ ਤਕ ਰਹੇ ਹਨ। ਜਾਂਦਾ ਹੀ ਭਾਈ ਸੁਜਾਨ ਸਤਿਗੁਰੂ ਜੀ ਦੇ ਚਰਨ ਕੰਵਲਾਂ ਉਤੇ ਦੜ ਕਰਦਾ ਡਿੱਗ ਪਿਆ। ਅੱਖਾਂ ਵਿਚ ਖ਼ੁਸ਼ੀ ਦੇ ਹੰਝੂ ਆ ਗਏ। ਚਰਨ ਘੁਟ ਕੇ ਬੇਨਤੀ ਕੀਤੀ—'ਚੋਜੀ ਪ੍ਰੀਤਮ! ਦਾਤਾ! ਮਿਹਰ ਕੀਤੀ ਜੇ, ਗ਼ਰੀਬ ਦੀ ਕੁਲੀ ਵਿਚ ਪਹੁੰਚ ਕੇ ਗ਼ਰੀਬ ਨੂੰ ਦਰਸ਼ਨ ਦਿਤੇ ਜੇ, ਮੇਰੇ ਧੰਨ ਭਾਗ।'

'ਭਾਈ ਸੁਜਾਨ ਚੰਦ ਨਿਹਾਲ!' ਸਚੇ ਸਤਿਗੁਰੂ ਜੀ ਨੇ ਬਚਨ ਕੀਤਾ। ਸਚਮੁਚ ਤੂੰ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨੂੰ ਸਮਝਿਆ ਹੈ। ਗ਼ਰੀਬਾਂ ਦੀ ਸੇਵਾ ਕੀਤੀ ਹੈ ਇਹੋ ਸੱਚੀ ਸਿੱਖੀ ਹੈ। 'ਉਠ! ਹੁਣ ਸ੍ਰੀ ਅਨੰਦਪੁਰ ਸਾਹਿਬ ਨੂੰ ਚਲ! ਅਸੀਂ ਤੈਨੂੰ ਲੈਣ ਵਾਸਤੇ ਆਏ ਹਾਂ।'

ਗੁਰੂ ਦੇ ਬਚਨਾਂ ਨੂੰ ਮੰਨਣਾ ਸਿੱਖ ਦਾ ਪਰਮ ਧਰਮ ਹੈ। ਉਸੇ ਵੇਲੇ ਉਠ ਕੇ ਭਾਈ ਸੁਜਾਨ ਚੰਦ ਗੁਰੂ ਜੀ ਨਾਲ ਤੁਰ ਪਿਆ ਤੇ ਸ੍ਰੀ ਅਨੰਦਪੁਰ ਪੁਜਾ। ਗੁਰੂ ਜੀ ਨੇ ਆਪ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ਨਾਮ 'ਸੁਜਾਨ ਸਿੰਘ' ਰੱਖਿਆ। ਲਾਹੌਰੋਂ ਪਰਿਵਾਰ ਵੀ ਮੰਗਵਾ ਲਿਆ। ਪਰਿਵਾਰ ਨੂੰ ਵੀ ਅੰਮ੍ਰਿਤ ਛਕਾਇਆ ਗਿਆ। ਸਾਰਾ ਪਰਿਵਾਰ ਭਾਈ ਸੁਜਾਨ ਸਿੰਘ ਨੂੰ ਮਿਲ ਕੇ ਬਹੁਤ ਖ਼ੁਸ਼ ਹੋਇਆ। ਭਾਈ ਸੁਜਾਨ ਸਿੰਘ ਦੀ ਧਰਮ ਪਤਨੀ ਜਿਸ ਨੇ ਕਈ ਸਾਲ ਪਤੀ ਦਾ ਵਿਛੋੜਾ ਝਲਿਆ ਤੇ ਪਤੀ ਦੇ ਹੁਕਮ ਨਾਲ ਸਤੀ ਸਮਾਨ ਰਹੀ, ਉਸ ਦੇ ਹਿਰਦੇ ਦੇ ਅਨੰਦ ਨੂੰ ਕੌਣ ਜਾਣ ਸਕਦਾ ਹੈ।

ਕਹੁ ਨਾਨਕ ਜਿਸੁ ਭਏ ਕ੍ਰਿਪਾਲ॥
ਗੁਰਿ ਪੂਰੇ ਤਾ ਕੇ ਕਾਟੇ ਜਾਲ॥੪॥੧੩॥ (ਗਉੜੀ)

# ੯੭. ਭਾਈ ਜੋਗਾ ਸਿੰਘ

ਭਾਈ ਜੋਗਾ ਸਿੰਘ ਦੇ ਮਾਂ ਬਾਪ ਪਿਸ਼ਾਵਰ ਦੇ ਰਹਿਣ ਵਾਲੇ ਸਨ। ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਤੇ ਸਿਦਕੀ ਸਿੱਖਾਂ ਵਿਚੋਂ ਸਨ। ਉਨ੍ਹਾਂ ਦੇ ਘਰ ਇਕ ਪੁੱਤਰ ਹੋਇਆ। ਉਸ ਪੁੱਤਰ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪੁੱਜੇ। ਗੁਰੂ ਘਰ ਦੀ ਸੇਵਾ ਕਰਦੇ ਰਹੇ, ਸੇਵਾ ਕਰਦਿਆਂ ਹੋਇਆਂ ਉਨ੍ਹਾਂ ਨੂੰ ਚੋਖਾ ਚਿਰ ਹੋ ਗਿਆ। ਸਵਰਗਪੁਰੀ (ਅਨੰਦਪੁਰੀ) ਵਿਚੋਂ ਆਉਣ ਨੂੰ ਚਿਤ ਨਾ ਕੀਤਾ। ਕਾਕਾ ਜੋਗਾ ਤਕੜਾ ਹੋ ਗਿਆ, ਤੋਤਲੀ ਜ਼ਬਾਨ ਨਾਲ ਗੱਲਾਂ ਕਰਨ ਲਗ ਪਿਆ। ਇਕ ਦਿਨ ਸਤਿਗੁਰੂ ਜੀ ਨੇ ਕਾਕੇ ਜੋਗੇ ਨੂੰ ਪੁਛਿਆ—'ਕਾਕਾ ਤੇਰਾ ਨਾਮ ਕੀ ਹੈ?'

'ਜੋਗਾ!' ਕਾਕੇ ਜੋਗੇ ਨੇ ਉੱਤਰ ਦਿੱਤਾ।

'ਕਿਸ ਜੋਗਾ?' ਗੁਰੂ ਜੀ ਦਾ ਦੂਸਰਾ ਸਵਾਲ ਸੀ।

'ਸਤਿਗੁਰੂ ਜੀ ਆਪ ਜੋਗਾ, ਗੁਰੂ ਜੋਗਾ!'

'ਹੱਛਾ ਫਿਰ ਅਸਾਂ ਤੈਨੂੰ ਜਾਣ ਨਹੀਂ ਦੇਣਾ, ਤੇਰੇ ਮਾਪਿਆਂ ਨਾਲ।'

'ਨਾ ਜਾਣ ਦਿਓ ਜੀ, ਮੈਂ ਇਥੇ ਰਹਾਂਗਾ, ਸੇਵਾ ਕਰਾਂਗਾ ਤੇ ਖੇਡਾਂਗਾ।' ਕਾਕੇ ਜੋਗੇ ਨੇ ਇਉਂ ਸਤਿਗੁਰੂ ਜੀ ਨੂੰ ਆਖ ਦਿੱਤਾ, ਇਹ ਉੱਤਰ ਸੁਣ ਕੇ ਸਤਿਗੁਰੂ ਜੀ ਬਹੁਤ ਖ਼ੁਸ਼ ਹੋਏ।

## ਜੋਗੇ ਦੇ ਮਾਂ ਬਾਪ ਦਾ ਪਿਸ਼ਾਵਰ ਮੁੜ ਜਾਣਾ

ਜੋਗੇ ਦੇ ਮਾਂ ਬਾਪ ਕਾਰੋਬਾਰੀ ਸਿੱਖ ਸਨ, ਬਹੁਤ ਚਿਰ ਘਰੋਂ ਆਇਆਂ ਨੂੰ ਹੋ ਗਿਆ। ਜੋ ਕੁਝ ਕਮਾ ਕੇ ਲਿਆਏ ਸਨ, ਉਹ ਗੁਰਾਂ ਦੀ ਸੇਵਾ ਵਿਚ ਰਹਿ ਕੇ ਖ਼ਰਚ ਕਰ ਦਿੱਤਾ। ਉਨ੍ਹਾਂ ਦੀ ਇਛਾ ਹੋਈ ਕਿ ਉਹ ਪਿਛੇ ਮੁੜ ਜਾਣ ਤੇ ਧਰਮ ਕਿਰਤ ਕਰਨ। ਕੁਝ ਚਿਰ ਕਮਾਈ ਕਰ ਕੇ ਮੁੜ ਸਤਿਗੁਰਾਂ ਦੇ ਦਰਸ਼ਨ ਕਰਨ ਆ ਜਾਣਗੇ। ਆਖ਼ਰ ਜੀਵਨ ਵਿਵਹਾਰ ਇਸੇ ਤਰ੍ਹਾਂ ਚੱਲਦਾ ਰਹਿੰਦਾ ਹੈ। ਬਹੁਤ ਸਾਰੀ ਸੰਗਤ ਨੇ ਪਿਛੇ ਮੁੜਨਾ ਸੀ। ਸਤਿਗੁਰੂ ਜੀ ਪਾਸੋਂ

ਆਗਿਆ ਹਾਸਲ ਕਰ ਕੇ ਉਹ ਵੀ ਵਾਪਸ ਜਾਣ ਲਈ ਤਿਆਰ ਹੋ ਪਏ। ਫਿਰ ਵੀ ਉਹ ਬੱਚੇ ਦੇ ਮਾਂ ਬਾਪ ਸਨ। ਪਿਆਰ ਨੇ ਖਿੱਚ ਪਾਈ, ਇਕ ਵਾਰ ਪੁੱਤਰ ਨੂੰ ਮਿਲੇ ਤੇ ਘੁਟ ਘੁਟ ਕੇ ਸੀਨੇ ਨਾਲ ਲਾਇਆ। ਨਾਲ ਚੱਲਣ ਵਾਸਤੇ ਆਖਿਆ ਪਰ ਸਿਦਕੀ ਸਿੱਖ ਭਾਈ ਜੋਗੇ ਨੇ ਸਤਿਗੁਰੂ ਜੀ ਨੂੰ ਬਚਨ ਦਿੱਤਾ ਹੋਇਆ ਸੀ। ਉਹ ਆਪਣੇ ਬਚਨ ਤੋਂ ਨਹੀਂ ਸੀ ਫਿਰਨਾ ਚਾਹੁੰਦਾ ਭਾਵੇਂ ਉਸ ਦੀ ਉਮਰ ਬਾਲੜੀ ਸੀ। ਪਿਆਰ ਦੇ ਕੇ ਭਾਈ ਜੋਗੇ ਦੇ ਮਾਂ ਬਾਪ ਸੰਗਤ ਨਾਲ ਪਿਸ਼ਾਵਰ ਚਲੇ ਗਏ। ਭਾਈ ਜੋਗਾ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ।

## ਜੋਗਾ ਸਿੰਘ ਦੇ ਮਾਂ ਬਾਪ ਨੇ ਖ਼ਤ ਭੇਜਣਾ

ਕਾਕਾ ਜੋਗਾ ਜਵਾਨ ਹੋ ਗਿਆ। ਮੁਛ ਫੁਟ ਆਈ। ਦਾਹੜੀ ਅਜੇ ਨਹੀਂ ਸੀ ਉਤਰੀ। ਬਹੁਤ ਸੁੰਦਰ ਜਵਾਨ ਨਿਕਲਿਆ। ਸੱਚੇ ਸਤਿਗੁਰੂ ਜੀ ਨੇ ਵਿਸਾਖੀ ਦੇ ਸਮੇਂ ਅੰਮ੍ਰਿਤ ਛਕਾ ਕੇ ਜੋਗੇ ਦੀ ਥਾਂ ਜੋਗਾ ਸਿੰਘ ਬਣਾ ਦਿਤਾ। ਘੋੜ ਸਵਾਰੀ ਸਿਖੀ। ਉਸ ਸਮੇਂ ਦੇ ਜੰਗ ਵਿਚ ਜਿੰਨੇ ਹਥਿਆਰ ਵਰਤੇ ਜਾਂਦੇ ਸਨ, ਉਨ੍ਹਾਂ ਹਥਿਆਰਾਂ ਦੇ ਚਲਾਉਣ ਦੀ ਜਾਚ ਸਿਖੀ। ਉਹ ਨੇਕ ਸੇਵਾਦਾਰ ਅਤੇ ਚੰਗਾ ਲੜਾਕਾ ਸਿਪਾਹੀ ਬਣ ਗਿਆ।

ਮਾਂ ਬਾਪ ਦੀ ਵੱਡੀ ਇੱਛਾ ਤੇ ਸੱਧਰ ਹੁੰਦੀ ਹੈ ਕਿ ਉਨ੍ਹਾਂ ਦਾ ਪੁੱਤਰ ਵਿਆਹਿਆ ਜਾਵੇ। ਭਾਈ ਜੋਗਾ ਸਿੰਘ ਦੇ ਮਾਂ ਬਾਪ ਨੂੰ ਬਹੁਤ ਚਾਅ ਸੀ ਜੋਗਾ ਸਿੰਘ ਦਾ ਵਿਆਹ ਕਰਨ ਦਾ। ਉਨ੍ਹਾਂ ਨੇ ਸੁਸ਼ੀਲ ਤੇ ਸੁੰਦਰ ਹਾਣ ਦੀ ਕੁੜੀ ਲੱਭ ਕੇ ਵਿਆਹ ਕਰਨ ਦੀ ਪੱਕੀ ਸਲਾਹ ਕਰ ਕੇ ਸ੍ਰੀ ਅਨੰਦਪੁਰ ਨੂੰ ਖ਼ਤ ਲਿਖ ਦਿੱਤਾ। ਉਸ ਖ਼ਤ ਵਿਚ ਸਤਿਗੁਰੂ ਜੀ ਨੂੰ ਲਿਖਿਆ—'ਦਾਤਾ! ਕ੍ਰਿਪਾ ਦਇਆ ਕਰਕੇ ਆਪਣੇ ਸਿੱਖ ਜੋਗਾ ਸਿੰਘ ਨੂੰ ਪਿਸ਼ਾਵਰ ਭੇਜ ਦਿਓ। ਇਨ੍ਹਾਂ ਦਾ ਵਿਆਹ ਕਰਨਾ ਹੈ। ਵਿਆਹ ਦੇ ਪਿਛੋਂ ਛੇਤੀ ਹੀ ਆਪ ਦੇ ਚਰਨਾਂ ਵਿਚ ਪਹੁੰਚ ਜਾਵੇਗਾ। ਜ਼ਰੂਰ ਭੇਜਣਾ।' ਸਤਿਗੁਰੂ ਜੀ ਨੇ ਇਹ ਖ਼ਤ ਪੜ੍ਹ ਕੇ ਓਸੇ ਵੇਲੇ ਭਾਈ ਜੋਗਾ ਸਿੰਘ ਨੂੰ ਆਪਣੇ ਕੋਲ ਸੱਦਿਆ ਤੇ ਉਸ ਦੇ ਮਾਂ ਬਾਪ ਦਾ ਸੁਨੇਹਾ ਦਿੱਤਾ। ਸੁਨੇਹਾ ਸੁਣਦੇ ਸਾਰ ਹੀ ਉਸ ਨੂੰ ਖ਼ੁਸ਼ੀ ਵੀ ਹੋਈ ਤੇ ਉਦਾਸੀ ਵੀ। ਖ਼ੁਸ਼ੀ ਇਸ ਗੱਲ ਦੀ ਸੀ ਕਿ ਆਪਣੇ ਵਤਨ ਜਾ ਕੇ ਮਾਤਾ ਪਿਤਾ ਰਿਸ਼ਤੇਦਾਰ ਤੇ ਮਿੱਤਰਾਂ

ਨੂੰ ਮਿਲੇਗਾ, ਪਰ ਉਦਾਸੀ ਇਸ ਗੱਲ ਦੀ ਕਿ ਸਚੇ ਸਤਿਗੁਰੂ ਦੀ ਹਜ਼ੂਰੀ ਵਿਚੋਂ ਦੂਰ ਚਲਿਆ ਜਾਵੇਗਾ। ਗੁਰਾਂ ਦੇ ਦਰਸ਼ਨ ਨਹੀਂ ਹੋਣੇ। ਦਰਸ਼ਨ ਕੀਤੇ ਬਿਨਾਂ ਜੀਉਣਾ ਕਠਿਨ ਸੀ। ਜਗਤ ਦੀ ਇਹ ਚਾਲ ਹੈ ਕਿ ਇਕ ਪਾਸਿਓਂ ਮਕਾਨ ਢਾਉਂਦੇ ਹਨ ਤੇ ਦੂਸਰੇ ਪਾਸੇ ਉਸਾਰਦੇ ਹਨ। ਇਕ ਨੂੰ ਮਿਲਣ ਗਿਆਂ ਦੂਸਰੇ ਕੋਲੋਂ ਵਿਛੜਨਾ ਪੈਂਦਾ ਹੈ। ਖ਼ੈਰ ਗੁਰੂ ਜੀ ਕੋਲੋਂ ਆਗਿਆ ਹਾਸਲ ਕਰ ਕੇ ਭਾਈ ਜੋਗਾ ਆਪਣੇ ਘਰ ਨੂੰ ਤੁਰ ਪਿਆ, ਪਰ ਨਾਲ ਹੀ ਸਤਿਗੁਰਾਂ ਇਹ ਸ਼ਰਤ ਰੱਖੀ—'ਜੋਗਾ ਸਿੰਘ! ਜਿਸ ਵੇਲੇ ਸਾਡਾ ਹੁਕਮ ਜਾਵੇ, ਉਸੇ ਵੇਲੇ ਤੁਰ ਪੈਣਾ, ਭਾਵੇਂ ਸੁੱਤਾ ਹੋਵੇਂ ਜਾਂ ਜਾਗਦਾ, ਰੋਟੀ ਖਾਂਦਾ ਹੋਵੇਂ ਜਾਂ ਭੁੱਖਾ। ਕੋਈ ਵੀ ਕੰਮ ਹੋਵੇ ਉਸ ਨੂੰ ਵਿਚਾਲੇ ਛੱਡ ਕੇ ਤੁਰ ਆਉਣਾ।'

'ਸਤਿ ਬਚਨ ਮਹਾਰਾਜ।' ਆਖ ਕੇ ਭਾਈ ਜੋਗਾ ਸਿੰਘ ਤੁਰ ਆਇਆ ਸੀ।

## ਘਰ ਪੁੱਜਣ ਤੇ ਵਿਆਹ

ਸੰਗ ਦੇ ਨਾਲ ਪੰਧ ਖ਼ਤਮ ਕਰ ਕੇ ਭਾਈ ਜੋਗਾ ਸਿੰਘ ਪਿਸ਼ਾਵਰ ਪਹੁੰਚਿਆ। ਪੁੱਤਰ ਨੂੰ ਘਰ ਆਇਆਂ ਦੇਖ ਕੇ ਮਾਂ ਬਾਪ ਬਹੁਤ ਖ਼ੁਸ਼ ਹੋਏ, ਉਨ੍ਹਾਂ ਦੇ ਅਨੰਦ ਦੀ ਕੋਈ ਹਾਥ ਨਹੀਂ ਸੀ ਲੈ ਸਕਦਾ। ਰਿਸ਼ਤੇਦਾਰ ਮਿਲੇ, ਛੇਤੀ ਹੀ ਵਿਆਹ ਦੀ ਤਿਆਰੀ ਕਰ ਦਿਤੀ, ਅਨੰਦ ਕਾਰਜ ਦਾ ਸਮਾਂ ਮਿਥ ਲਿਆ ਗਿਆ। ਸਾਰੇ ਰਿਸ਼ਤੇਦਾਰ ਤੇ ਆਪਣੇ ਸੱਦੇ ਗਏ। ਖ਼ੁਸ਼ੀਆਂ ਨਾਲ ਸਾਜ਼ੋ ਸਾਮਾਨ ਇਕੱਠਾ ਕੀਤਾ ਗਿਆ। ਉਸੇ ਸ਼ਹਿਰ ਵਿਚ ਇਹ ਵਿਆਹ ਹੋਣਾ ਸੀ, ਬਰਾਤ ਤਿਆਰ ਹੋਈ। ਭਾਈ ਜੋਗਾ ਸਿੰਘ ਨੂੰ ਸੋਹਣਾ ਚੋਲਾ ਪਵਾ ਕੇ ਤੇ ਸਿਰ ਤੇ ਸਿਹਰੇ ਬੰਨ੍ਹ ਕੇ ਨੀਂਗਰ ਬਣਾਇਆ। ਘੋੜੀ ਉਤੇ ਚਾੜ੍ਹ ਕੇ ਲਾੜਾ ਵਿਆਹੁਣ ਚਲਿਆ। ਭੈਣਾਂ ਨੇ ਵਾਗ ਫੜੀ, ਕਾਫ਼ੀ ਰੁਪਏ ਲਏ, ਆਤਸ਼ਬਾਜ਼ੀ ਤੇ ਵਾਜਿਆਂ ਦੀ ਗੁੰਜਾਰ ਵਿਚ ਬਰਾਤ ਅਗਲੇ ਘਰ ਪਹੁੰਚੀ। ਪਿਆਰ ਤੇ ਰੀਝ ਚਾਅ ਨਾਲ ਸਤਿਕਾਰ ਹੋਇਆ। ਅਗਲੇ ਭਲਕ ਤੜਕੇ ਹੀ ਲਾਵਾਂ ਫੇਰਿਆਂ ਦਾ ਸਮਾਂ ਸੀ। ਆਸਣ ਵਿਛਾ ਕੇ ਲਾੜੇ ਲਾੜੀ ਨੂੰ ਬਿਠਾਇਆਂ ਗਿਆ। ਗੁਰੂ ਜਸ ਕਰਨ ਵਾਲੇ ਰਾਗੀਆਂ ਨੇ ਕੀਰਤਨ ਕੀਤਾ ਤੇ ਲਾਵਾਂ ਪੜ੍ਹਨੀਆਂ ਸ਼ੁਰੂ ਹੋਈਆਂ। ਪਹਿਲੀ ਲਾਵ ਪੜ੍ਹੀ ਗਈ। ਦੂਸਰੀ ਪੜ੍ਹਨੀ ਸ਼ੁਰੂ ਹੋਈ—'ਅੰਤਰਿ ਬਾਹਰਿ ਹਰਿ ਪ੍ਰਭੁ ਏਕੋ ਮਿਲਿ

ਹਰਿ ਜਨ ਮੰਗਲ ਗਾਏ ॥ ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥' ਦੂਸਰੀ ਲਾਵ ਦੀ ਅੰਤਮ ਤੁਕ ਅਜੇ ਭਾਈ ਜੀ ਦੇ ਬੁਲ੍ਹਾਂ ਉਤੇ ਸੀ, ਲਾੜੇ ਮੱਥਾ ਟੇਕਿਆ, ਲਾੜੀ ਅਜੇ ਮੱਥਾ ਟੇਕ ਰਹੀ ਸੀ ਕਿ ਸਤਿਗੁਰੂ ਜੀ ਦੇ ਹਲਕਾਰੇ ਨੇ ਗੁਰੂ ਜੀ ਦਾ ਹੁਕਮਨਾਮਾ ਭਾਈ ਜੋਗਾ ਸਿੰਘ ਦੇ ਹੱਥ ਫੜਾਇਆ। ਭਾਈ ਜੋਗਾ ਸਿੰਘ ਨੇ ਵਾਚਣਾ ਸ਼ੁਰੂ ਕਰ ਦਿੱਤਾ। ਲਿਖਿਆ ਸੀ—'ਜਿਸ ਵੇਲੇ ਹੁਕਮਨਾਮਾ ਮਿਲੇ ਉਸੇ ਵੇਲੇ ਚਲ ਕੇ ਸ੍ਰੀ ਅਨੰਦਪੁਰ ਪੁਜੇ, ਜਿੰਨੀ ਛੇਤੀ ਹੋਵੇ।' ਗੁਰੂ ਚਰਨਾਂ ਦੇ ਭੌਰੇ ਨੇ ਗੁਰੂ ਦਾ ਹੁਕਮਨਾਮਾ ਪੜ੍ਹਿਆ, ਝਟ ਤਿਆਰ ਹੋ ਪਿਆ 'ਮੈਂ ਚਲਿਆ ਹਾਂ, ਮੈਂ ਨਹੀਂ ਰੁਕ ਸਕਦਾ। ਬਾਕੀ ਲਾਵਾਂ ਨਹੀਂ ਲੈਣੀਆਂ।' ਮੇਰੇ ਸਤਿਗੁਰਾਂ ਜੀ ਦਾ ਹੁਕਮ ਹੈ।

ਮਾਂ, ਬਾਪ, ਭੈਣ ਭਾਈ, ਰਿਸ਼ਤੇਦਾਰ, ਸਹੁਰੇ ਤੇ ਰਾਗੀ ਵਿਦਵਾਨ ਸਾਰੇ ਰੋਕ ਰਹੇ ਸਨ ਕਿ ਹੋਰ ਪੰਜ ਸਤ ਮਿੰਟ ਲਗਣਗੇ। ਅਰਦਾਸ ਪਿਛੋਂ ਚਲੇ ਜਾਣਾ। ਐਨੀ ਦੇਰ ਵਿਚ ਗੁਰੂ ਨਰਾਜ਼ ਨਹੀਂ ਹੋ ਜਾਂਦੇ, ਪਰ ਭਾਈ ਜੋਗਾ ਸਿੰਘ ਨਾ ਰੁਕਿਆ, ਆਖ਼ਰ ਭਾਈ ਤੇ ਘਰਦਿਆਂ ਨੇ ਉਸਦਾ ਪਰਨਾ ਤੇ ਉਸ ਦੀ ਕ੍ਰਿਪਾਨ ਖੋਹ ਲਈ, ਉਸੇ ਨਾਲ ਬਾਕੀ ਦੀਆਂ ਲਾਵਾਂ ਪੜ੍ਹ ਕੇ ਵਿਆਹ ਦੀ ਰਸਮ ਨੂੰ ਪੂਰਿਆਂ ਕੀਤਾ। ਭਾਈ ਜੋਗਾ ਸਿੰਘ ਐਨੇ ਨੂੰ ਪਿਸ਼ਾਵਰ ਦੀਆਂ ਬਾਹਰੀਆਂ ਅਬਾਦੀਆਂ ਵੀ ਟੱਪ ਚੁੱਕਾ ਸੀ। ਓਹ ਹਰਨ ਵਾਂਗ ਚੁੰਗੀਆਂ ਮਾਰਦਾ ਹੋਇਆ ਸ੍ਰੀ ਅਨੰਦਪੁਰ ਜਾ ਰਿਹਾ ਸੀ।

## ਵੇਸਵਾ ਨੂੰ ਦੇਖ ਕੇ ਅਟਕਣਾ

ਪਿਸ਼ੌਰ ਤੋਂ ਨੱਸ ਕੇ ਰਾਵਲ ਪਿੰਡੀ, ਰਾਵਲ ਪਿੰਡੀ ਤੋਂ ਲਾਹੌਰ ਅਤੇ ਲਾਹੌਰੋਂ ਭਾਈ ਜੋਗਾ ਸਿੰਘ ਸ੍ਰੀ ਅੰਮ੍ਰਿਤਸਰ ਅਪੜਿਆ। ਆਪਣੇ ਪਿਆਰੇ ਸਤਿਗੁਰੂ ਨੂੰ ਮਿਲਣ ਦੀ ਤੜਪਨਾ ਹਿਰਦੇ ਵਿਚ ਸੀ। ਹੁਕਮ ਦੀ ਪਾਲਣਾ ਪੂਰੀ ਕਰਨ ਦੀ ਸੱਧਰ ਸੀ। ਅੰਮ੍ਰਿਤ ਸਰੋਵਰ ਇਸ਼ਨਾਨ ਕਰਕੇ ਅਤੇ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਫਿਰ ਰਾਹੇ ਪੈ ਤੁਰਿਆ। ਵਾਹੋ ਦਾਹੀ ਪੰਧ ਨਬੇੜ ਕੇ ਹੁਸ਼ਿਆਰਪੁਰ ਅਪੜਿਆ। ਕੁਦਰਤ ਦੇ ਖੇਲ ਸਚੇ ਸਤਿਗੁਰੂ ਜੀ ਨੇ ਸਿੱਖ ਦਾ ਇਮਤਿਹਾਨ ਲੈਣਾ ਸੀ। ਹੁਸ਼ਿਆਰਪੁਰ ਵਿਚ ਇਕ ਹੋਰ ਕੌਤਕ ਰਚ ਦਿੱਤਾ।

ਭੁਲੇਖੇ ਨਾਲ ਜਿਸ ਬਜ਼ਾਰ ਦੇ ਵਿਚ ਦੀ ਭਾਈ ਜੋਗਾ ਸਿੰਘ ਲੰਘਣ ਲੱਗਾ,

ਉਹ ਵੇਸਵਾਵਾਂ ਦਾ ਬਜ਼ਾਰ ਸੀ । ਉਸ ਬਜ਼ਾਰ ਵਿਚ ਜਵਾਨੀ ਵੇਚੀ ਜਾਂਦੀ ਸੀ ਤੇ ਕਈਆਂ ਭੋਲੇ ਭਾਲੇ ਗਭਰੂਆਂ ਦੀਆਂ ਜਵਾਨੀਆਂ ਤਬਾਹ ਕੀਤੀਆਂ ਜਾਂਦੀਆਂ ਸਨ । ਰੂਪ ਮਾਇਆ ਮਰਦ ਨੂੰ ਭੁਲਾ ਲੈਂਦੀ ਹੈ । ਇਸ ਦੀ ਖਿੱਚ ਤੋਂ ਬਚਣਾ ਅਸੰਭਵ ਹੈ । ਬਚਦਾ ਉਹੋ ਹੈ ਜਿਸ ਨੂੰ ਸੱਚਾ ਸਤਿਗੁਰੂ ਆਪ ਰਖੇ ।

ਬਾਜ਼ਾਰ ਦੀ ਇਕ ਬੈਠਕ ਦੀ ਬਾਰੀ ਵਿਚ ਇਕ ਸੁੰਦਰ ਵੇਸਵਾ ਬੈਠੀ ਸੀ, ਉਹ ਤੁਰੇ ਜਾਂਦੇ ਮਰਦਾਂ ਵਲ ਦੇਖਦੀ ਸੀ । ਭਾਈ ਜੋਗਾ ਸਿੰਘ ਲੰਘਿਆ ਤਾਂ ਇਸ ਵਲ ਵੀ ਉਸ ਨੇ ਦੇਖਿਆ, ਅੱਖਾਂ ਵਿਚ ਅੱਖਾਂ ਪਾ ਕੇ ਹੱਥ ਨਾਲ ਇਸ਼ਾਰਾ ਕੀਤਾ । ਭਾਈ ਜੋਗਾ ਸਿੰਘ ਉਹਦੇ ਨੈਣਾਂ ਦੇ ਜਾਲ ਵਿਚ ਫਸ ਗਿਆ । ਉਸ ਦੇ ਇਸ਼ਾਰੇ ਉਤੇ ਅਟਕ ਗਿਆ, ਪੈਰ ਅਗੇ ਨ ਤੁਰੇ, ਅੱਖਾਂ ਪਾੜ ਪਾੜ ਉਸ ਸੁੰਦਰੀ ਵੱਲ ਦੇਖਣ ਲਗ ਪਿਆ, ਪਰ ਛੇਤੀ ਹੀ ਖ਼ਿਆਲ ਆ ਗਿਆ ਕਿ ਉਹ ਗੁਰੂ ਦਾ ਸਿੱਖ ਹੈ । ਉਸ ਦੇ ਤੇੜ ਕਛਹਿਰਾ, ਹੱਥ ਕੜਾ ਤੇ ਸਿਰ ਉਤੇ ਦਸਤਾਰ ਹੈ । ਕੋਈ ਉਸ ਨੂੰ ਵੇਖੇਗਾ ਤਾਂ ਕੀ ਆਖੇਗਾ । ਇਹ ਵਿਚਾਰ ਕੇ ਕੁਝ ਸ਼ਰਮਿੰਦਾ ਜਿਹਾ ਹੋਇਆ ਦਸ ਕਦਮ ਅਗੇ ਹੋ ਗਿਆ । ਅਗੇ ਜਾ ਕੇ ਫਿਰ ਖਲੋ ਗਿਆ ਉਸ ਸੁੰਦਰੀ ਦਾ ਚਿੱਤਰ ਅੱਖਾਂ ਵਿਚ ਸੀ । ਸੁਪਨੇ ਦੀ ਤਰ੍ਹਾਂ ਉਸ ਨੂੰ ਇਸ਼ਾਰਾ ਕਰਦੀ ਪ੍ਰਤੀਤ ਹੁੰਦੀ ਸੀ । ਭਾਈ ਜੋਗਾ ਸਿੰਘ ਫਿਰ ਰੁਕ ਗਿਆ । ਸੂਰਜ ਦੀ ਰੋਸ਼ਨੀ ਵਿਚ ਉਹ ਵੇਸਵਾ ਦੀ ਬੈਠਕ ਉਤੇ ਕਿਵੇਂ ਜਾਵੇ ? ਲੋਕ ਉਸ ਨੂੰ ਕੀ ਆਖਣਗੇ । ਉਸ ਨੂੰ ਗੁਰੂ ਤੇ ਗੁਰੂ ਦਾ ਹੁਕਮਨਾਮਾ ਭੁੱਲ ਗਿਆ । ਸਿਰਫ਼ ਦਿਮਾਗ਼ ਅੱਖਾਂ ਵਿਚ ਚੇਤੇ ਰਹੇ ਲੋਕ ਸ਼ਰਮ ਤੇ ਵੇਸਵਾ। ਉਸ ਦੇ ਦਿਮਾਗ਼ 'ਚ ਅਸਚਰਜ ਹੀ ਘੋਲ ਹੋਣ ਲਗ ਪਿਆ । ਕਰਤੇ ਦੇ ਖੇਲ ਕਿਤੇ ਕਚਕੌਲ ਵਰਗੀ ਸੁੰਦਰੀ ਇਸਤਰੀ ਨੂੰ ਘਰ ਛੱਡ ਕੇ ਨੱਸ ਆਇਆ, ਉਸ ਨਾਲ ਪੂਰੀਆਂ ਲਾਵਾਂ ਵੀ ਨਾ ਲਈਆਂ ਪਰ ਵੇਸਵਾ ਦੇ ਰੂਪ ਵਿਚ ਫਸ ਗਿਆ ਜਿਥੇ ਇਖ਼ਲਾਕ ਤੇ ਧਰਮ ਦਾ ਨਸ਼ਟ ਹੋਣਾ ਸੀ । ਤਨ ਨੂੰ ਰੋਗ ਲੱਗਣ ਦਾ ਡਰ ਸੀ । ਘਰ ਛੱਡੀ ਇਸਤਰੀ ਦੇਵੀ ਤੇ ਧਰਮ ਸੀ । ਉਸ ਦੇ ਮੇਲ ਤੇ ਵੇਸਵਾ ਦੇ ਮੇਲ ਦਾ ਜ਼ਮੀਨ ਅਸਮਾਨ ਦਾ ਫ਼ਰਕ ਸੀ । ਭਾਈ ਜੋਗਾ ਸਿੰਘ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਰਸਤਾ ਭੁੱਲ ਗਿਆ । ਉਹ ਸ਼ਹਿਰੋਂ ਬਾਹਰ ਜਾ ਬੈਠਾ । ਇਸ ਉਡੀਕ ਵਿਚ ਕਿ ਹਨੇਰਾ ਹੋਣ ਉਤੇ ਉਹ ਵੇਸਵਾ ਦੀ ਬੈਠਕ

ਉਤੇ ਜਾਵੇਗਾ। ਉਸ ਰੂਪਵਤੀ ਨੂੰ ਜਰੂਰ ਮਿਲੇਗਾ।

ਗੁਰੂ ਦਾ ਸਿੰਘ ਡੋਲ ਗਿਆ। ਸੱਚਾ ਗੁਰੂ ਆਪਣੇ ਸਿੱਖ ਦੀ ਰਾਖੀ ਕਰਦਾ ਹੈ। ਚੋਜੀ ਪ੍ਰੀਤਮ ਨੂੰ ਪਤਾ ਲਗ ਗਿਆ। ਆਪਣੀ ਆਤਮਕ ਸ਼ਕਤੀ ਨਾਲ ਸਿੱਖ ਨੂੰ ਬਚਾਉਣ ਲਗੇ। ਇਕ ਸੰਤਰੀ ਦਾ ਰੂਪ ਧਾਰ ਕੇ ਵੇਸਵਾ ਦੀਆਂ ਪੌੜੀਆਂ ਅਗੇ ਖਲੋਤੇ, ਚੋਖਾ ਹਨੇਰਾ ਹੋ ਗਿਆ ਸੀ। ਭਾਈ ਜੋਗਾ ਸਿੰਘ ਪਿਛੇ ਮੁੜਿਆ। ਲੋਕ ਅਜੇ ਵੀ ਬਜ਼ਾਰਾਂ ਵਿਚ ਫਿਰ ਰਹੇ ਸਨ। ਉਸੇ ਵੇਸਵਾ ਦੀ ਬੈਠਕ ਹੇਠ ਗਿਆ। ਦੇਖੇ ਕੀ ਕਿ ਬੈਠਕ ਦੀਆਂ ਪੌੜੀਆਂ ਦੇ ਲਾਗੇ ਇਕ ਆਦਮੀ ਖਲੋਤਾ ਹੈ। ਉਸ ਦੇ ਹੱਥ ਵਿਚ ਸੋਟਾ ਹੈ। ਉਸ ਦੇ ਲੀੜੇ ਅਮੀਰਾਂ ਤੇ ਅਰਦਲੀਆਂ ਵਰਗੇ ਹਨ। ਭਾਈ ਜੋਗਾ ਸਿੰਘ ਦਬਾਦਬ ਪੌੜੀਆਂ ਚੜ੍ਹਨ ਲਗਾ ਤਾਂ ਉਸ ਨੇ ਡਾਂਟਿਆ—'ਓਇ! ਕਿਧਰ ਜਾਂਦਾ ਹੈਂ? ਉਪਰ ਨਾ ਜਾਈਂ। ਉਪਰ ਸੇਠ ਸਾਹਿਬ ਗਏ ਹੋਏ ਨੇ, ਚੱਲ ਆਪਣਾ ਰਾਹ ਲੈ।'

ਭਾਈ ਜੋਗਾ ਸਿੰਘ ਸ਼ਰਮਿੰਦਾ ਜਿਹਾ ਹੋ ਕੇ ਪਰੇ ਹੋ ਗਿਆ। ਸੜਕ ਦੇ ਦੂਸਰੇ ਪਾਸੇ ਹੋ ਕੇ ਬੈਠਕ ਵਲ ਝਾਤੀ ਮਾਰੀ ਤਾਂ ਬੈਠਕ ਵਿਚ ਦੀਵੇ ਦੀ ਰੋਸ਼ਨੀ ਤਾਂ ਸੀ ਪਰ ਉਹ ਸੁੰਦਰੀ ਨਜ਼ਰ ਨਹੀਂ ਸੀ ਆਉਂਦੀ। ਉਸ ਨੇ ਭਰੋਸਾ ਕਰ ਲਿਆ ਕਿ ਜਰੂਰ ਹੀ ਕੋਈ ਸੇਠ ਉਪਰ ਹੋਵੇਗਾ ਜੇ ਨਾ ਹੁੰਦਾ ਤਾਂ ਉਹ ਸੁੰਦਰੀ ਬਾਰੀ ਵਿਚ ਬੈਠ ਕੇ ਕਿਸੇ ਨਾ ਕਿਸੇ ਦੀ ਉਡੀਕ ਕਰਦੀ। ਭਾਈ ਜੋਗਾ ਸਿੰਘ ਜਿਧਰੋਂ ਆਇਆ ਸੀ ਉਧਰੇ ਹੀ ਮੁੜ ਗਿਆ। ਉਸ ਦੇ ਦਿਲ ਨੂੰ ਖੁਤਖੁਤੀ ਲਗੀ ਹੋਈ ਸੀ। ਬੇਚੈਨੀ ਨਾਲ ਵਕਤ ਗੁਜਾਰ ਰਿਹਾ ਸੀ। ਕਦੀ ਇਹ ਵੀ ਚੇਤਾ ਆਉਂਦਾ ਸੀ ਬਹੁਤ ਕਾਹਲ ਕੀਤੀ ਘਰੋਂ ਤੁਰਨ ਦੀ, ਆਪਣੀ ਵਹੁਟੀ ਦਾ ਮੂੰਹ ਦੇਖ ਆਉਂਦਾ। ਕਾਮ ਦੇ ਉਬਾਲੇ ਨੇ ਉਸ ਦਾ ਸਰੀਰ ਲੂਈਂ ਕੰਡੇ ਕਰ ਦਿਤਾ। ਦੋ ਕੁ ਘੰਟੇ ਬੇਚੈਨੀ ਨਾਲ ਕੱਟ ਕੇ ਉਹ ਫਿਰ ਪਿਛੇ ਮੁੜ ਕੇ ਆਇਆ। ਉਸ ਵੇਸਵਾ ਦੀ ਬੈਠਕ ਕੋਲ ਪੁੱਜਾ ਤਾਂ ਉਸ ਦੇ ਪੈਰ ਰੁਕ ਗਏ। ਦਿਲ ਨੂੰ ਮਾਯੂਸੀ ਹੋਈ ਕਿਉਂਕਿ ਉਹ ਸੰਤਰੀ ਅਜੇ ਖਲੋਤਾ ਸੀ। ਬੈਠਕ ਵਿਚ ਚਾਨਣ ਸੀ ਪਰ ਵੇਸਵਾ ਬਾਰੀ ਅਗੇ ਨਹੀਂ ਸੀ। ਅਗੇ ਹੋ ਕੇ ਪੁਛਣ ਲਗਾ—'ਤੇਰਾ ਸੇਠ ਕਦੋਂ ਘਰ ਨੂੰ ਜਾਵੇਗਾ?'

'ਮੈਨੂੰ ਕੀ ਪਤਾ ਮੈਨੂੰ ਤਾਂ ਹੁਕਮ ਹੈ ਉਪਰ ਕਿਸੇ ਨੂੰ ਨਾ ਜਾਣ ਦੇਣਾ, ਜਿੰਨਾਂ ਚਿਰ ਸਾਹਿਬ ਹੇਠਾਂ ਨਾ ਉਤਰਨ। ਤੂੰ ਕੌਣ ਹੈਂ?' ਸੰਤਰੀ ਨੇ ਉੱਤਰ ਦਿਤਾ

ਤੇ ਪੁਛਿਆ ।

'ਮੈਂ ਭਾਵੇਂ ਕੋਈ ਹੋਵਾਂ ਇਸ ਨਾਲ ਤੈਨੂੰ ਕੀ ?' ਜੋਗਾ ਸਿੰਘ ਦਾ ਉਤਰ ਸੀ।

ਦੌੜ ਜਾਹ ਫਿਰ ਸਿਰ ਉਤੇ ਪੈਰ ਰੱਖ ਕੇ, ਅੱਜ ਰਾਤ ਤੇਰਾ ਦਾਅ ਨਹੀਂ ਲਗਣਾ। ਪ੍ਰਤੀਤ ਤਾਂ ਭਲਾ ਮਾਣਸ ਹੁੰਦਾ ਹੈਂ, ਪਰ ਝਾਕ ਮਾੜੇ ਕੰਮਾਂ ਦੀ ਰੱਖ ਰਿਹਾ ਹੈਂ।' ਸੰਤਰੀ ਨੇ ਤਾਹਨਾ ਮਾਰਿਆ ।

ਪਰ ਕਾਮ ਵਿਚ ਅੰਨ੍ਹਾ ਹੋਇਆ ਮਰਦ ਤਾਹਨਿਆਂ ਨੂੰ ਕੀ ਸਮਝਦਾ ਹੈ। ਮੁੜ ਦੂਰ ਜਾ ਕੇ ਬੈਠ ਗਿਆ । ਵੇਸਵਾ ਦੀਆਂ ਪੌੜੀਆਂ ਉਤੇ ਨਿਗਾਹ ਟਿਕਾ ਕੇ ਜਾਂਚ ਰੱਖਣ ਲਗਾ ਕਿ ਉਪਰੋਂ ਸੇਠ ਸਾਹਿਬ ਕਦੋਂ ਉਤਰਦੇ ਹਨ । ਨਾ ਉਪਰ ਕੋਈ ਸੇਠ ਸਾਹਿਬ ਸੀ ਤੇ ਨਾ ਕਿਸੇ ਉਤਰਨਾ ਸੀ । ਵੇਸਵਾ ਦੇ ਢਿਡ ਪੀੜ ਹੋਣ ਲਗ ਪਈ ਸੀ । ਉਹ ਬਾਰੀ ਅਗੋਂ ਉਠ ਕੇ ਅੰਦਰ ਜਾ ਲੇਟੀ ਸੀ, ਉਸ ਨੇ ਬੈਠਕ ਦਾ ਬੂਹਾ ਬੰਦ ਕਰ ਲਿਆ ਸੀ । ਪੀੜ ਨਾਲ ਤੜਪ ਰਹੀ ਸੀ।

ਭਾਈ ਜੋਗਾ ਸਿੰਘ ਨੂੰ ਉਡੀਕਦਿਆਂ ਹੋਇਆਂ ਤੜਕਾ ਹੋ ਗਿਆ, ਕੁੱਕੜ ਨੇ ਬਾਂਗ ਦੇ ਦਿੱਤੀ। ਕਈ ਰੱਬ ਦੇ ਭਗਤ ਖੂਹਾਂ ਉਤੇ ਇਸ਼ਨਾਨ ਕਰਨ ਵਾਸਤੇ ਤੁਰ ਪਏ । ਭਾਈ ਜੋਗਾ ਸਿੰਘ ਤੇ ਸੰਤਰੀ ਵੇਸਵਾ ਦੇ ਬੂਹੇ ਅਗੇ ਖਲੋਤੇ ਸੀ ਨਾ ਉਸ ਨੂੰ ਨੀਂਦ ਆਈ ਨਾ ਥਕਿਆ। ਉਹ ਸਾਵਧਾਨ ਹੋ ਕੇ ਖਲੋਤਾ ਪਹਿਰਾ ਦੇ ਰਿਹਾ ਸੀ ।

ਭਾਈ ਜੋਗਾ ਸਿੰਘ ਗੁੱਸਾ ਖਾ ਕੇ ਉਠਿਆ, ਉਸ ਨੇ ਫ਼ੈਸਲਾ ਕੀਤਾ ਕਿ ਮੱਲੋ ਮਲੀ ਬੈਠਕ ਉਤੇ ਚੜ੍ਹ ਜਾਵੇਗਾ । ਜੋਸ਼ ਨਾਲ ਅਗੇ ਵਧਿਆ, ਸਿੱਧਾ ਪੌੜੀਆਂ ਨੂੰ ਹੋਇਆ । ਜਾਂ ਪਹਿਲੀ ਪੌੜੀ ਉਤੇ ਪੈਰ ਰਖਿਆ ਤਾਂ ਸੰਤਰੀ ਨੇ ਉਸ ਨੂੰ ਧੌਣੋਂ ਫੜ ਕੇ ਪਿਛੇ ਕਰ ਲਿਆ । ਸੰਤਰੀ ਕ੍ਰੋਧ ਨਾਲ ਬੋਲਿਆ— 'ਤੈਨੂੰ ਸ਼ਰਮ ਨਹੀਂ ਆਉਂਦੀ ? ਆਪਣੇ ਆਪ ਵਲ ਵੇਖ ਤੇਰੇ ਤੇੜ ਕਛਹਿਰਾ ਹੈ, ਕੜਾ ਹੱਥ ਹੈ, ਤੂੰ ਗੁਰੂ ਦਾ ਸਿੱਖ ਜਾਪਦਾ ਹੈਂ, ਪਰ ਸਾਰੀ ਰਾਤ ਵੇਸਵਾ ਦੀ ਬੈਠਕ ਵਲ ਦੇਖਦਿਆਂ ਗੁਜਾਰ ਛੱਡੀ ਹੈ । ਕੀ ਤੂੰ ਭੇਖੀ ਸਿੱਖ ਹੈਂ । ਅੰਮ੍ਰਿਤ ਵੇਲਾ ਇਸਤਰੀਆਂ ਪਿਛੇ ਫਿਰਨ ਦਾ ਹੈ ਜਾਂ ਭਜਨ ਕੀਰਤਨ ਕਰਨ ਦਾ। ਮੂਰਖ ਸਮਝ ਇਹ ਤੇਰੀ ਉਮਰ ਵੇਸਵਾ ਪਿਛੇ ਫਿਰਨ ਵਾਲੀ ਹੈ । ਜੇ ਬਹੁਤਾ ਤੰਗ

ਹੈਂ ਤਾਂ ਵਿਆਹ ਕਰ ਲੈ, ਵੇਸਵਾ ਦੀਆਂ ਬੈਠਕਾਂ ਜੀਉਂਦੇ ਨਰਕ ਹਨ।' ਸੁਣ ਕਿਸੇ ਨੇ ਆਖਿਆ ਹੈ—

*ਜਿਉ ਬਹੁ ਮਿਤੀ ਵੇਸੁਆ ਸਭਿ ਕੁਲਖਣ ਪਾਪ ਕਮਾਵੈ।*
*ਲੋਕਹੁੰ ਦੇਸਹੁ ਬਾਹਰੀ ਤਿਹੁ ਪਖਾਂ ਨੋ ਅਉਲੰਗੁ ਲਾਵੈ।*
*ਡੁਬੀ ਡੋਬੈ ਹੋਰਨਾ ਮਹੁਰਾ ਮਿਠਾ ਹੋਇ ਪਚਾਵੈ।*

*(ਭਾਈ ਗੁਰਦਾਸ ਜੀ, ਵਾਰ ੫/੧੭)*

'ਦੌੜ ਜਾ, ਮੈਨੂੰ ਬਹੁਤ ਕ੍ਰੋਧ ਆ ਰਿਹਾ ਹੈ, ਇਸ ਸੋਟੇ ਨਾਲ ਮੈਂ ਤੇਰਾ ਸਿਰ ਪਾੜ ਸੁਟਾਂਗਾ, ਗੁਰੂ ਦਾ ਸਿੱਖ ਹੋ ਕੇ ਵੇਸਵਾ ਪਿਛੇ ? ਫਿਟ ਲਾਹਨਤ ਜੀਵਨ ਨੂੰ, ਧਿਰਕਾਰ ਤੇਰੀ ਜਾਤ ਨੂੰ। ਜਾਹ ਕਿਤੇ ਜਾ ਕੇ ਇਹ ਮਨ ਚਿਤਵੇ ਪਾਪ ਨੂੰ ਬਖ਼ਸ਼ਾ। ਜਦੋਂ ਤੇਰਾ ਗੁਰੂ ਤੈਨੂੰ ਪੁਛੇਗਾ ਰਾਤ ਕਿਥੇ ਰਿਹਾ ਹੈਂ ਤਾਂ ਕੀ ਉੱਤਰ ਦੇਵੇਂਗਾ ?'

ਭੁਲੇ ਜੋਗਾ ਸਿੰਘ ਨੂੰ ਹੋਸ਼ ਆ ਗਈ, ਉਸ ਦੀ ਨੀਂਦਰ ਖੁਲ੍ਹ ਗਈ। ਉਹ ਬਹੁਤ ਸ਼ਰਮਿੰਦਾ ਹੋਇਆ। ਉਸ ਨੂੰ ਆਪਣੇ ਸਤਿਗੁਰੂ ਦਾ ਹੁਕਮਨਾਮਾ ਚੇਤੇ ਆ ਗਿਆ। ਦਿਲ ਹਿੱਲ ਗਿਆ। ਲੱਤਾਂ ਪੈਰ ਕੰਬਣ ਲੱਗ ਪਏ। ਆਪਣੇ ਆਪ ਉਤੇ ਉਸ ਨੂੰ ਕ੍ਰੋਧ ਆਇਆ। ਆਪਣੇ ਹੱਥ ਨਾਲ ਹੀ ਆਪਣੇ ਮੂੰਹ ਉਤੇ ਦੋ ਤਿੰਨ ਚਪੇੜਾਂ ਮਾਰ ਲਈਆਂ। ਮੈਂ ਪਾਪੀ ਮੈਂ ਗੁਰੂ ਤੋਂ ਬੇਮੁਖ ਹੋਇਆ। ਹੇ ਸੱਚੇ ਸਤਿਗੁਰੂ ! ਮੈਨੂੰ ਬਖ਼ਸ਼ੀ। ਇਉਂ ਉਚੀ ਉਚੀ ਪੁਕਾਰਦਾ ਹੋਇਆ ਭਾਈ ਜੋਗਾ ਸਿੰਘ ਸ੍ਰੀ ਅਨੰਦਪੁਰ ਵਲ ਨੱਠ ਉਠਿਆ। ਰਾਤ ਦੇ ਨੀਂਦਰੇ ਦੀ ਪ੍ਰਵਾਹ ਨਾ ਕੀਤੀ। ਦਰਿਆ ਸਤਲੁਜ ਕਿਨਾਰੇ ਜਾ ਕੇ ਥਕ ਟੁਟ ਕੇ ਡਿਗ ਪਿਆ ਤੇ ਬੇਸੁਰਤ ਹੋ ਗਿਆ।

## ਗੁਰੂ ਜੀ ਦੀ ਹਜ਼ੂਰੀ ਵਿਚ ਪਹੁੰਚਣਾ

ਅਗਲੇ ਦਿਨ ਭਾਈ ਜੋਗਾ ਸਿੰਘ ਅਨੰਦਪੁਰ ਪਹੁੰਚ ਗਿਆ। ਚਿਹਰੇ ਉਤੇ ਉਦਾਸੀ ਸੀ। ਅੱਖਾਂ ਵਿਚ ਨਿਰਾਸਤਾ ਤੇ ਹੰਝੂ ਸਨ। ਮਨ ਚਿਤਵੇ ਪਾਪ ਨੂੰ ਅਨੁਭਵ ਕਰ ਰਿਹਾ ਸੀ। ਭੈ ਸੀ ਕਿ ਗੁਰੂ ਜੀ ਕੀ ਆਖਣਗੇ। ਅੰਤਰਜਾਮੀ ਗੁਰੂ ਘਟ ਘਟ ਦੀ ਜਾਣਦਾ ਹੈ, ਜਰੂਰ ਜਾਣ ਗਏ ਹੋਣਗੇ। ਹੋ ਸਕਦਾ ਹੈ ਸੰਤਰੀ ਦੇ ਰੂਪ ਵਿਚ ਗੁਰੂ ਜੀ ਆਪ ਹੀ ਹੋਣ। ਆਪਣੇ ਸਿੱਖ ਨੂੰ ਪਾਪ ਕਰਮ ਤੋਂ ਬਚਾਉਣ ਵਾਸਤੇ ਸੰਤਰੀ ਦਾ ਰੂਪ ਧਾਰ ਬੈਠੇ ਹੋਣ। ਕਿਉਂਕਿ ਗੁਰੂ

ਪਰਉਪਕਾਰੀ ਹੁੰਦਾ ਹੈ ।

ਡਰਦਾ ਡਰਦਾ ਭਾਈ ਜੋਗਾ ਸਿੰਘ ਸਤਿਗੁਰੂ ਜੀ ਦੇ ਦਰਬਾਰ ਵਿਚ ਜਾ ਪੁੱਜਾ। ਅਗੇ ਚੋਜੀ ਪ੍ਰੀਤਮ ਮੌਜ ਵਿਚ ਬੈਠੇ ਸੀ। ਭਾਈ ਜੋਗਾ ਸਿੰਘ ਨੂੰ ਦੇਖਦੇ ਸਾਰ ਸਾਹਿਬ ਮੁਸਕਰਾ ਪਏ, ਪਰ ਜੋਗਾ ਸਿੰਘ ਦੇ ਨੈਣਾਂ ਵਿਚੋਂ ਜਲ ਵਹਿ ਰਿਹਾ ਸੀ, ਉਹ ਅੱਖਾਂ ਉਚੀਆਂ ਨਹੀਂ ਸੀ ਚੁਕਦਾ। ਚਰਨਾਂ ਉਤੇ ਸੀਸ ਰੱਖ ਕੇ ਰੋਈ ਜਾਂਦਾ ਸੀ ।

'ਭਾਈ ਜੋਗਾ ਸਿੰਘ ਕਲ੍ਹ ਕਿਉਂ ਨਹੀਂ ਪੁੱਜਾ ? ਰਾਤ ਕਿਥੇ ਰਿਹਾ ਸੀ ?' ਸਾਹਿਬਾਂ ਨੇ ਪੁਛ ਹੀ ਲਿਆ ।

'ਦਾਤਾ! ਆਪ ਘਟ ਘਟ ਦੀ ਜਾਨਣਹਾਰ ਪ੍ਰਭੂ । ਆਪ ਪ੍ਰਮੇਸ਼ਰ ਰੂਪ ਜੇ। ਮੈਂ ਪਾਪੀ ਬੰਦਾ ਭੁਲ ਗਿਆ। ਆਪ ਦੀ ਮਿਹਰ ਦਾ ਹੱਥ ਮੇਰੇ ਸਿਰ ਉਤੇ ਸੀ। ਪਾਪ ਕਰਨ ਤੋਂ ਬਚ ਗਿਆ। ਮੈਨੂੰ ਮੇਰੇ ਮੰਦਕਰਮ ਚਿਤਵੇ ਦੀ ਖਿਮਾਂ ਬਖ਼ਸ਼ੋ । ਨਰਕ ਕੁੰਡ ਤੋਂ ਰਖ ਲਿਆ । ਮੈਂ ਭੁਲਿਆ ਮੈਂ ਭੁਲਿਆ । ਦਾਤਾ ਬਖ਼ਸ਼ੋ! ਦਾਤਾ ਬਖ਼ਸ਼ੋ!' ਭਾਈ ਜੋਗਾ ਸਿੰਘ ਦਾ ਤਰਲਾ ਸੀ।

ਦਇਆ ਦੇ ਸਾਗਰ ਸਤਿਗੁਰੂ ਜੀ ਹੱਸੇ। ਉਸ ਹਾਸੇ ਦੇ ਨਾਲ ਭਾਈ ਜੋਗਾ ਸਿੰਘ ਨੂੰ ਨਿਹਾਲ ਕਰ ਦਿੱਤਾ । ਸਾਰੀ ਕਹਾਣੀ ਭਰੇ ਦੀਵਾਨ ਵਿਚ ਸੰਗਤਾਂ ਨੂੰ ਸੁਣਾਈ । ਅੰਤਮ ਕਿਹਾ—'ਦੇਖੋ ਦੋਹ ਲਾਵਾਂ ਉਪਰੰਤ ਆਪਣੀ ਇਸਤਰੀ ਦੀ ਕੋਈ ਪ੍ਰਵਾਹ ਨਾ ਕਰਨ ਵਾਲਾ ਭਾਈ ਜੋਗਾ ਸਿੰਘ ਪਰ ਨਾਰੀ ਦੇ ਰੂਪ ਉਤੇ ਭੁਲ ਗਿਆ। ਜੀਵਨ ਵਿਚ ਇਸ ਤਰ੍ਹਾਂ ਅਨੇਕਾਂ ਭੁਲੇਖੇ ਆਉਂਦੇ ਹਨ। ਹਰ ਮੋੜ ਤੋਂ ਸਿੱਖ ਨੂੰ ਬਚਣਾ ਚਾਹੀਦਾ ਹੈ । ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ;

ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥

ਸੱਚਾ ਸਿੰਘ ਓਹੋ ਹੋ ਸਕਦਾ ਹੈ ਜੋ ਆਪਣੀ ਇਸਤਰੀ ਨਾਲ ਪਿਆਰ ਕਰੇ ਤੇ ਹੋਰਨਾਂ ਵਲ ਮਾੜੀ ਨਿਗਾਹ ਨਾਲ ਨਾ ਦੇਖੇ। ਚੰਗਾ ਇਖ਼ਲਾਕ ਚੰਗੇ ਸੁਨਹਿਰੀ ਜੀਵਨ ਦੀ ਨਿਸ਼ਾਨੀ ਹੈ ।

ਭਾਈ ਜੋਗਾ ਸਿੰਘ ਜੀ ਪੂਰਨ ਬ੍ਰਹਮ ਗਿਆਨੀ ਹੋਏ ਹਨ, ਉਨ੍ਹਾਂ ਦੀ ਯਾਦ ਵਿਚ ਪਿਸ਼ਾਵਰ ਵਿਚ ਅਜੇ ਤਕ ਗੁਰਦੁਆਰਾ ਭਾਈ ਜੋਗਾ ਸਿੰਘ ਕਾਇਮ ਹੈ।

# ੮੮. ਬੀਬੀ ਬਸੰਤ ਲਤਾ ਦੀ ਕਥਾ

ਸ੍ਰੀ ਅਨੰਦਪੁਰ ਵਿਚ ਚੋਜੀ ਪ੍ਰੀਤਮ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਅਸਚਰਜ ਕੌਤਕ ਕੀਤੇ ਸਨ । ਸਾਹਿਬਾਂ ਕੋਲ ਜਿਥੇ ਵਿਦਿਆ, ਆਤਮ ਸ਼ਕਤੀ, ਇਲਾਹੀ ਨੂਰ ਅਤੇ ਮਹਾਨ ਸਰੀਰਕ ਬਲ ਸੀ, ਉਥੇ ਸਰੀਰਕ ਸੁੰਦਰਤਾ ਵੀ ਬੇਅੰਤ ਸੀ । ਆਪ ਜਿਧਰ ਨੂੰ ਜਾਂਦੇ ਸਨ, ਉਧਰ ਹੀ ਦਰਸ਼ਨ ਕਰਨ ਵਾਲੇ ਪ੍ਰੇਮੀ ਹਜਾਰਾਂ ਦੀ ਗਿਣਤੀ ਵਿਚ ਰਾਹ ਵਿਚ ਖਲੋਤੇ ਉਡੀਕਾਂ ਕਰਦੇ ਰਹਿੰਦੇ ਸਨ । ਆਪ ਕਈਆਂ ਇਸਤਰੀਆਂ ਮਰਦਾਂ ਦੇ ਰੂਹਾਨੀ ਪ੍ਰੀਤਮ ਸਨ । ਆਪ ਦੇ ਦਰਸ਼ਨ ਕੀਤੇ ਬਿਨਾਂ ਕਈ ਅੰਨ ਜਲ ਨੂੰ ਮੂੰਹ ਨਹੀਂ ਸਨ ਲਾਉਂਦੇ ।

ਸਾਹਿਬਾਂ ਨੇ ਸਾਹਿਬ ਕੌਰ ਲਾਹੌਰ ਵਾਲੀ ਨਾਲ ਵਿਆਹ ਕਰਵਾਇਆ, ਪਰ ਪ੍ਰਣ ਇਹ ਕੀਤਾ ਕਿ ਸਾਹਿਬ ਕੌਰ ਜੀ ਨਾਲ, ਕੇਵਲ ਆਤਮਿਕ ਰਿਸ਼ਤਾ ਰਹੇਗਾ। ਕਿਉਂਕਿ ਗੁਰੂ ਸਾਹਿਬ ਉਸ ਵੇਲੇ ਸ਼ਾਦੀ ਹੋਰ ਨਹੀਂ ਕਰਾਉਣਾ ਚਾਹੁੰਦੇ ਸਨ। (ਮਾਤਾ) ਸਾਹਿਬ ਕੌਰ ਜੀ ਦੇ ਪਿਤਾ ਦਾ ਸੰਕਲਪ ਸੀ ਕਿ ਉਹ ਆਪਣੀ ਬੇਟੀ ਨੂੰ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਦਾਸੀ ਬਣਾਉਣਗੇ । ਸਿਦਕ ਤੇ ਪਵਿਤ੍ਰਤਾ ਦੇ ਕਾਰਨ ਹੀ ਮਾਤਾ ਸਾਹਿਬ ਕੌਰ ਜੀ ਖਾਲਸਾ ਪੰਥ ਦੇ ਮਾਤਾ ਜੀ ਬਣੇ ।

ਮਾਤਾ ਸਾਹਿਬ ਕੌਰ ਜੀ ਇਕ ਵਖਰੇ ਮਹਿਲ ਵਿਚ ਰਹਿੰਦੇ ਸਨ । ਹਰ ਸਮੇਂ ਵਾਹਿਗੁਰੂ ਸਿਮਰਨ ਕਰਦੇ ਰਹਿੰਦੇ ਸਨ । ਦੋ ਵੇਲੇ ਸੰਗਤ ਵਿਚ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰ ਜਾਂਦੇ ।

ਬਸੰਤ ਲਤਾ ਇਕ ਮੁਟਿਆਰ ਖਤਰੀਆਂ ਦੀ ਲੜਕੀ ਸੀ । ਉਸ ਦੇ ਮਾਂ ਬਾਪ ਗੁਰੂ ਘਰ ਦੇ ਸ਼ਰਧਾਲੂ ਸਨ । ਆਪਣੀ ਆਮਦਨੀ ਦਾ ਬਹੁਤ ਵੱਡਾ ਹਿੱਸਾ ਉਹ ਗੁਰੂ ਘਰ ਨੂੰ ਅਰਪਨ ਕਰਦੇ । ਬਸੰਤ ਲਤਾ ਉਨ੍ਹਾਂ ਦੀ ਤੀਸਰੀ ਲੜਕੀ ਸੀ । ਇਹ ਬਚਪਨ ਤੋਂ ਗੁਰੂ ਘਰ ਆਇਆ ਕਰਦੀ । ਲੰਗਰ ਤੇ ਦੀਵਾਨ ਵਿਚ ਝਾੜੂ ਫੇਰਨ ਦੀ ਸੇਵਾ ਕਰਿਆ ਕਰਦੀ । ਕੁਦਰਤ ਨੇ ਜਿਥੇ ਉਸ ਨੂੰ ਪਵਿਤ੍ਰ ਦਿਲ ਦਿੱਤਾ, ਉਥੇ ਸਰੀਰ ਵੀ ਸੁੰਦਰ ਬਖ਼ਸ਼ਿਆ । ਕੁੱਕੜ ਦੀ ਬਾਂਗ

ਸੁੱਤੀ ਉਠਦੀ, ਇਸ਼ਨਾਨ ਕਰ ਕੇ ਨਿਤਨੇਮ ਕਰਦੀ। ਨਿਤਨੇਮ ਕਰਨ ਪਿਛੋਂ ਦੀਵਾਨ ਵਿਚ ਆ ਕੇ ਕਥਾ ਕੀਰਤਨ ਸਰਵਨ ਕਰਦੀ। ਬਾਕੀ ਸਮਾਂ ਸੇਵਾ ਵਿਚ ਬਤੀਤ ਕਰਦੀ।

ਬਸੰਤ ਲਤਾ ਦੀ ਉਮਰ ਸੋਲ੍ਹਾਂ ਸਾਲ ਦੀ ਹੋ ਗਈ, ਉਹ ਵਿਆਹੁਣ ਯੋਗ ਮੁਟਿਆਰ ਹੋਈ ਦੇਖ ਕੇ ਮਾਂ ਬਾਪ ਨੇ ਉਸ ਦਾ ਵਿਆਹ ਕਰਨ ਦੀ ਸਲਾਹ ਕੀਤੀ। ਸਤਿਗੁਰੂ ਕੋਲੋਂ ਵੀ ਪੁਛਿਆ, ਉਨ੍ਹਾਂ ਨੇ ਵੀ ਆਖ ਦਿੱਤਾ ਬਸੰਤ ਲਤਾ ਦਾ ਵਿਆਹ ਕਰ ਦੇਣਾ ਚਾਹੀਏ। ਪਰ ਜਦੋਂ ਬਸੰਤ ਲਤਾ ਨੂੰ ਪਤਾ ਲਗਾ ਤਾਂ ਉਸ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿਤਾ ਕਿ ਉਹ ਵਿਆਹ ਨਹੀਂ ਕਰਾਏਗੀ। ਉਹ ਕੰਵਾਰੀ ਰਹੇਗੀ, ਗੁਰੂ ਘਰ ਦੀ ਸੇਵਾ ਕਰੇਗੀ, ਉਹ ਸਚੇ ਸਤਿਗੁਰੂ ਜੀ ਦੀ ਚੇਲੀ ਹੈ। ਗੁਰੂ ਜੀ ਦੀ ਸੇਵਾ ਕਰੇਗੀ, ਉਸ ਨੇ ਇਹ ਵੀ ਆਖ ਦਿਤਾ ਕਿ ਜੇ ਉਸ ਦਾ (ਬਸੰਤ ਲਤਾ ਦਾ) ਵਿਆਹ ਮਲੋ ਮਲੀ ਕੀਤਾ ਗਿਆ ਤਾਂ ਆਤਮਘਾਤ ਕਰ ਲਵੇਗੀ। ਉਸ ਦੇ ਵਿਚਾਰ ਪਵਿਤ੍ਰ ਸਨ। ਉਸ ਦੀ ਦਿਲੀ ਇੱਛਾ ਸੀ ਕਿ ਉਹ ਮਾਤਾ ਸਾਹਿਬ ਕੌਰ ਜੀ ਦੀ ਹਾਜਰੀ ਵਿਚ ਰਹੇ ਤੇ ਸੇਵਾ ਕਰ ਕੇ ਜਨਮ ਸਫਲ ਕਰੇ।

## ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਜੀ ਕੋਲ ਜਾਣਾ

ਬਸੰਤ ਲਤਾ ਨੇ ਜਦੋਂ ਦੇਖਿਆ ਕਿ ਉਸ ਦੇ ਮਾਪੇ ਉਸ ਦੀ ਮਰਜੀ ਵਿਰੁੱਧ ਡਟ ਗਏ ਹਨ ਤਾਂ ਉਹ ਨੱਠ ਕੇ ਮਾਤਾ ਸਾਹਿਬ ਕੌਰ ਜੀ ਦੇ ਕੋਲ ਚਲੀ ਗਈ। ਜਾ ਕੇ ਚਰਨ ਫੜੇ। ਰੋ ਰੋ ਕੇ ਆਖਿਆ, 'ਮਾਤਾ ਜੀ! ਮੈਂ ਆਪ ਜੀ ਦੀ ਸੇਵਾ ਕਰਾਂਗੀ। ਦਾਸੀ ਬਣ ਕੇ ਸਾਰਾ ਜੀਵਨ ਬਤੀਤ ਕਰਨਾ ਚਾਹੁੰਦੀ ਹਾਂ। ਮੇਰੀ ਸ਼ਾਦੀ ਰੋਕੋ, ਮੈਂ ਸੰਸਾਰਕ ਝਮੇਲਿਆਂ ਵਿਚ ਫਸਣਾ ਨਹੀਂ ਚਾਹੁੰਦੀ। ਮਾਸੂਮ ਤੇ ਸ਼ੀਸ਼ੇ ਸਮਾਨ ਨਿਰਮਲ ਹਿਰਦੇ ਵਾਲੀ ਬਸੰਤ ਲਤਾ ਦੇ ਰੋਣੇ ਨੂੰ ਸੁਣ ਕੇ ਮਾਤਾ ਜੀ ਨੂੰ ਤਰਸ ਆ ਗਿਆ। ਉਨ੍ਹਾਂ ਨੇ ਧੀਰਜ ਦਿਤਾ ਕਿ ਉਹ ਉਸ ਦੀ ਸ਼ਾਦੀ ਨੂੰ ਰੋਕਣਗੇ। ਆਖਰ ਮਾਤਾ ਜੀ ਨੇ ਸ਼ਾਦੀ ਰੋਕ ਦਿਤੀ ਤੇ ਬਸੰਤ ਲਤਾ ਨੂੰ ਆਪਣੇ ਕੋਲ ਰੱਖ ਲਿਆ। ਬਸੰਤ ਲਤਾ ਮਾਤਾ ਜੀ ਦੀ ਸੇਵਾ ਕਰਨ ਲਗੀ। ਸੇਵਾ ਕਰਦਿਆਂ ਹੋਇਆਂ ਕੁਝ ਸਾਲ ਬੀਤ ਗਏ। ਭਗਤੀ ਤੇ ਨਿਸ਼ਕਾਮ ਸੇਵਾ ਨੇ ਬਸੰਤ ਲਤਾ ਨੂੰ ਇਕ ਦੇਵੀ ਬਣਾ ਦਿਤਾ। ਉਹ ਪ੍ਰਤੱਖ ਪਵਿਤ੍ਰਤਾ

ਦੀ ਮੂਰਤ ਹੋ ਗਈ। ਹਰ ਥਾਂ ਉਸ ਦਾ ਸਤਿਕਾਰ ਹੋਣ ਲੱਗਾ। ਗੁਰਮੁਖੀ ਤੇ ਸੰਸਕ੍ਰਿਤ ਵਿਦਿਆ ਵੀ ਪੜ੍ਹ ਗਈ। ਰਾਤ ਦੇ ਦਸ ਵਜੇ ਤੋਂ ਤਿੰਨ ਵਜੇ ਤਕ ਸਿਰਫ਼ ਪੰਜ ਘੰਟੇ ਆਰਾਮ ਕਰਦੀ, ਬਾਕੀ ਦੇ ਉੱਨੀ ਘੰਟੇ ਭਗਤੀ ਤੇ ਗੁਰੂ ਘਰ ਦੀ ਸੇਵਾ ਵਿਚ ਬਤੀਤ ਕਰਦੀ, ਉਹ ਅਣਥੱਕ ਸੇਵਕਾ ਸੀ।

## ਅਨੰਦਪੁਰ ਦਾ ਤਿਆਗ

ਅਵਤਾਰਾਂ ਪੈਗੰਬਰਾਂ ਅਤੇ ਰਾਜਿਆਂ ਮਹਾਰਾਜਿਆਂ ਉਤੇ ਵੀ ਬਿਪਤਾ ਦੀਆਂ ਘੜੀਆਂ ਆ ਵਾਪਰਦੀਆਂ ਹਨ। ਮਸੀਹ ਨੇ ਜੀਵਨ ਦੇ ਸੁਨਹਿਰੀ ਦਿਨ ਬਿਪਤਾ ਤੇ ਜੁਲਮ ਨਾਲ ਘੁਲਦਿਆਂ ਹੋਏ ਕਟੇ ਸਨ। ਅਨੰਦਪੁਰੀ ਉਤੇ ਜਿਥੇ ਬਰਕਤਾਂ ਵਸਦੀਆਂ ਸਨ ਰੂਹਾਂ ਅਨੰਦ ਨਾਲ ਹੱਸਦੀਆਂ ਸਨ, ਉਥੇ ਮਾੜੇ ਦਿਨ ਆ ਗਏ। ਈਰਖਾ ਤਅੱਸਬ ਲਾਲਚ ਤੇ ਭੈ ਨੇ ਇਕੱਠਿਆਂ ਹੋ ਕੇ ਸ਼ਾਂਤੀ ਨੇਕੀ ਧਰਮ ਤੇ ਸਚਾਈ ਵਿਰੁੱਧ ਹੱਲਾ ਬੋਲ ਦਿੱਤਾ। ਮੁਗਲ ਸੈਨਾ ਦੇ ਨਾਲ ਪਹਾੜ ਦੇ ਹਿੰਦੂ ਰਾਜੇ ਵੀ ਰਲ ਗਏ, ਜਿਨ੍ਹਾਂ ਨੂੰ ਬਾਈ ਧਾਰੀਏ ਆਖਿਆ ਜਾਂਦਾ ਸੀ। ਉਹ ਵੀ ਆਪਣੇ ਵਤਨ ਦੇ ਦੁਸ਼ਮਣ ਹੋ ਗਏ। ਉਨ੍ਹਾਂ ਦੀ ਅਕਲ ਮਾਰੀ ਗਈ। ਉਨ੍ਹਾਂ ਨੂੰ ਆਪਣੇ ਪਰਾਏ ਦਾ ਪਤਾ ਨਾ ਰਿਹਾ। ਮੁਗਲਾਂ ਦੀ ਉਸ ਸ਼ਕਤੀ ਦੇ ਹੱਕ ਵਿਚ ਹੋ ਗਏ ਜੋ ਸਵਾ ਮਣ ਜੰਞੂ ਰੋਜ ਉਤਾਰ ਕੇ ਰੋਟੀ ਖਾਂਦਾ ਸੀ। ਪਰ ਜੋ ਹਿੰਦੂ ਧਰਮ ਦਾ ਰਾਖਾ ਹਿੰਦ ਦੀ ਚਾਦਰ ਹਿੰਦੂਆਂ ਨੂੰ ਚੜ੍ਹਦੀਆਂ ਕਲਾ ਵਲ ਲੈ ਜਾਣ ਵਾਲਾ ਗੁਰੂ ਸੀ, ਉਸ ਦੇ ਦੁਸ਼ਮਨ ਬਣ ਗਏ। ਵਾਹ ਜਹਾਲਤ ਤੇਰਾ ਉਲਟਾ ਦਸਤੂਰ।

ਹਾਂ ਅਨੰਦਪੁਰੀ ਨੂੰ ਦੁਸ਼ਮਨਾਂ ਨੇ ਘੇਰ ਲਿਆ। ਸ਼ਹਿਰ ਦੀ ਆਵਾਜਾਈ ਬੰਦ ਹੋ ਗਈ। ਬਾਹਰੋਂ ਕੋਈ ਚੀਜ ਸ਼ਹਿਰ ਵਿਚ ਦਾਖ਼ਲ ਨਹੀਂ ਸੀ ਹੋ ਸਕਦੀ। ਛੋਟੀਆਂ ਛੋਟੀਆਂ ਲੜਾਈਆਂ ਹੋਣ ਲਗੀਆਂ, ਭੁੱਖ ਤੇ ਭੈ ਦਾ ਭੂਤ ਨੰਗਾ ਨਾਚ ਕਰਨ ਲਗਾ। ਪ੍ਰਤਾਵੇ ਦੀਆਂ ਘੜੀਆਂ ਆ ਪੁੱਜੀਆਂ। ਸਿਦਕਵਾਨਾਂ ਦੇ ਪ੍ਰਮਾਤਮਾ ਨੇ ਸਿਦਕ ਪਰਖਣੇ ਸਨ। ਸਹਿਮ ਤੇ ਉਦਾਸੀ ਛਾ ਗਈ। ਕਈ ਕਚੇ ਸਿੱਖ ਖਿਸਕ ਗਏ। ਜੋ ਮਸੰਦ ਹਲਵੇ ਮੰਡੇ ਦੇ ਯਾਰ ਸਨ, ਉਹ ਦੁਸ਼ਮਨ ਨਾਲ ਜਾ ਰਲੇ। ਕਈਆਂ ਨੇ ਗੁਰੂ ਜੀ ਦੀ ਮਾਤਾ ਤੇ ਗੁਰੂ ਜੀ ਦੇ ਮਹਿਲਾਂ ਨੂੰ ਡਰਾਇਆ ਤੇ ਸਮਝਾਇਆ ਕਿ ਗੁਰੂ ਜੀ ਦੁਸ਼ਮਨ ਨਾਲ ਸਮਝੌਤਾ ਕਰ ਲੈਣ। ਅਨੰਦਪੁਰੀ

ਨੂੰ ਛੱਡ ਦੇਣ, ਇਸ ਵਿਚ ਹੀ ਬਚਾਅ ਹੈ। ਦੁਸ਼ਮਨ ਦੀ ਸੈਨਾ ਬਹੁਤੀ ਹੈ, ਸਿੱਖ ਮੁਠੀ ਭਰ ਹਨ, ਆਟੇ ਵਿਚ ਲੂਣ ਬਰਾਬਰ ਇਹ ਮੁਕਾਬਲਾ ਕਿਵੇਂ ਕਰ ਸਕਦੇ ਹਨ। ਇੰਞ ਸਮਝਾਉਣ ਦਾ ਇਹ ਫਲ ਹੋਇਆ ਕਿ ਸਤਿਗੁਰੂ ਮਾਤਾ ਜੀ ਤੇ ਮਹਿਲਾਂ ਦੇ ਆਖੇ ਲੱਗ ਕੇ ਕਿਲ੍ਹਾ ਛੱਡਣ ਨੂੰ ਤਿਆਰ ਹੋ ਗਏ। ਹਿੰਦੂ ਰਾਜਿਆਂ ਨੇ ਆਟੇ ਦੀ ਗਊ ਬਣਾ ਕੇ ਕਸਮ ਖਾਧੀ ਕਿ ਉਹ ਕਿਲ੍ਹਾ ਛਡਣ ਵੇਲੇ ਸਿੱਖਾਂ ਉਤੇ ਹਮਲਾ ਨਹੀਂ ਕਰਨਗੇ। ਕੋਈ ਮੁਸਲਮਾਨ ਫ਼ੌਜ ਵੀ ਹਮਲਾ ਨਹੀਂ ਕਰੇਗੀ। ਗੁਰੂ ਅਮਨ ਚੈਨ ਨਾਲ ਕਿਲ੍ਹਾ ਛਡ ਕੇ ਦੂਰ ਚਲੇ ਜਾਣ। ਪਰ ਸਿਆਣੇ ਆਖਦੇ ਨੇ ਸਿਆਸਤ ਨਿਰਾ ਧੋਖਾ। ਇਹ ਸ਼ਕਤੀ ਦੇ ਹੰਕਾਰ ਵਿਚ ਪਾਗਲ ਹੋਈ ਹੋਈ ਕੌਲ ਇਕਰਾਰ ਭੁੱਲ ਜਾਂਦੀ ਹੈ। ਸੰਧੀਨਾਮੇ ਮਾੜੇ ਵਾਸਤੇ ਹਨ ਤਕੜੇ ਵਾਸਤੇ ਸੰਧੀਨਾਮੇ ਇਕ ਕੋਰੇ ਕਾਗਜ਼ ਹੁੰਦੇ ਨੇ। ਹਨੇਰੀ ਰਾਤ ਸੀ, ਅਸਮਾਨ ਉਤੇ ਘਨਘੋਰ ਘਟਾ ਛਾਈ ਹੋਈ ਸੀ। ਦੋ ਦਿਨ ਪਹਿਲਾਂ ਮੀਂਹ ਵਰ੍ਹ ਚੁੱਕਾ ਸੀ ਅਤੇ ਪੂਰਬੀ ਪਹਾੜੀਆਂ ਵਿਚ ਵਰ੍ਹ ਰਿਹਾ ਸੀ। ਹਨੇਰੇ ਵਿਚ ਹੱਥ ਪਸਾਰਿਆਂ ਨਜ਼ਰ ਨਹੀਂ ਸੀ ਆਉਂਦਾ। ਉਸ ਮਹਾਂ ਪਰਲੋ ਦੇ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਦੇ ਕਿਲ੍ਹੇ ਨੂੰ ਛਡਿਆ। ਸਿਦਕੀ ਸਿੱਖ ਘੋੜਿਆਂ ਤੇ ਸਵਾਰ ਤੇ ਪੈਦਲ ਚਲੇ। ਗੁਰੂ ਜੀ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਜੀ ਅਤੇ ਮਹਿਲ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਕੌਰ ਜੀ) ਨਾਲ ਸਨ। ਮਹਿਲਾਂ ਤੇ ਮਾਤਾ ਜੀ ਨੂੰ ਪਾਲਕੀ ਵਿਚ ਬੈਠਾਇਆ ਗਿਆ। ਪਾਲਕੀਆਂ ਚੁਕਣ ਵਾਸਤੇ ਚੋਣਵੇਂ ਬਲਵਾਨ ਸਿੱਖ ਮੁਕਰਰ ਕੀਤੇ ਜੋ ਖ਼ਤਰੇ ਨੂੰ ਚੀਰ ਕੇ ਲੰਘ ਜਾਣ। ਖੱਚਰਾਂ ਉਤੇ ਧਨ ਪੁਸਤਕਾਂ ਅਤੇ ਹੋਰ ਜਰੂਰੀ ਸਾਮਾਨ ਸੀ। ਹੋਣੀ ਕਹਿਰਵਾਨ ਸੀ। ਕੁਦਰਤ ਨੇ ਸਿੱਖਾਂ ਅਗੇ ਇਮਤਿਹਾਨ ਦਾ ਮਹਾਨ ਪਰਚਾ ਰਖਿਆ ਸੀ। ਕੋਈ ਕੋਈ ਮਾਈ ਦਾ ਲਾਲ ਇਸ ਪਰਚੇ ਵਿਚੋਂ ਪਾਸ ਹੋਵੇਗਾ। ਹਮਾ ਤੁਮਾ ਪਾਸ ਨਹੀਂ ਹੋ ਸਕਦੇ।

ਸਿੱਖ ਕਾਫ਼ਲਾ ਸ੍ਰੀ ਅਨੰਦਪੁਰ ਤੋਂ ਮਸਾਂ ਚਾਰ ਮੀਲ ਨਹੀਂ ਸੀ ਗਿਆ ਕਿ ਦੁਸ਼ਮਨ ਨੇ ਗਊ ਦੀ ਸੁਗੰਧ ਨੂੰ ਤੋੜ ਦਿੱਤਾ। ਸਿੱਖਾਂ ਉਤੇ ਹੱਲਾ ਬੋਲ ਦਿਤਾ। ਸਿੱਖਾਂ ਨੇ ਜੀਵਨ ਮੌਤ ਦੀ ਬਾਜੀ ਲਾ ਦਿੱਤੀ, ਉਹ ਆਪਣੇ ਬਲ ਗੁਰੂ ਜੀ ਦੀ ਬਰਕਤ ਤੇ ਅਕਾਲ ਪੁਰਖ ਦੀ ਸਹਾਇਤਾ ਨਾਲ ਤਲਵਾਰ ਤੇ ਢਾਲ ਨਾਲ ਦੁਸ਼ਮਨ ਦਾ ਮੁਕਾਬਲਾ ਕਰਨ ਲੱਗੇ। ਲੜਦੇ ਲੜਦੇ ਸਿੰਘ ਸਰਸਾ ਨਦੀ ਕਿਨਾਰੇ

ਆ ਪੁੱਜੇ। ਚਾਰੇ ਸਾਹਿਬਜ਼ਾਦੇ, ਮਾਤਾ ਗੁਜਰੀ ਜੀ ਤੇ ਗੁਰੂ ਸਾਹਿਬ ਦੇ ਮਹਿਲ ਸਰਸਾ ਕਿਨਾਰੇ ਪਹੁੰਚ ਗਏ। ਸਰਸਾ ਵਿਚ ਹੜ੍ਹ ਆਇਆ ਹੋਇਆ ਸੀ, ਹੜ੍ਹ ਵੀ ਭਿਆਨਕ। ਉਪਰੋਂ ਬਾਰਸ਼ ਹੋਣ ਲਗੀ। ਬਿਜਲੀ ਲਿਸ਼ਕਦੀ ਸੀ। ਸਿਆਲ ਦੇ ਦਿਨ ਸਨ, ਅਸਚਰਜ ਖੇਲ ਕੁਦਰਤ ਨੇ ਰਚਿਆ ਸੀ ਪਿਛੇ ਦੁਸ਼ਮਨ ਅਗੇ ਸਰਸਾ। ਸਰਸਾ ਵੀ ਉਹ ਜਿਸ ਨੇ ਆਪਣੀ ਜਵਾਨੀ ਵੇਲੇ ਪਸ਼ੂ ਤੇ ਮਨੁਖ ਨੂੰ ਕਦੀ ਪਾਰ ਨਹੀਂ ਸੀ ਲੰਘਣ ਦਿੱਤਾ। ਆਖ਼ਰ ਸਿੱਖ ਸਰਸਾ ਨੂੰ ਪਾਰ ਕਰਨ ਲਗੇ। ਅਕਾਲ ਪੁਰਖ ਉਤੇ ਭਰੋਸਾ ਰੱਖ ਕੇ ਠਿਲ੍ਹ ਪਏ। ਸੈਂਕੜੇ ਜ਼ਖ਼ਮੀ ਥਕੇ ਟੁਟੇ ਸਿੰਘ ਸਰਸਾ ਦੀ ਭੇਟ ਹੋ ਗਏ। ਖ਼ਜ਼ਾਨਾ ਤੇ ਕੀਮਤੀ ਗ੍ਰੰਥ ਰੁੜ੍ਹ ਗਏ ਪਰ ਗੁਰੂ ਜੀ ਦਾ ਪਰਿਵਾਰ ਸਰਸਾ ਤੋਂ ਪਾਰ ਹੋ ਗਿਆ। ਬਹੁਤ ਸਾਰੇ ਸੰਗੀ ਮਿੱਤਰ ਵਿਛੜ ਗਏ। ਗੁਰੂ ਜੀ ਦਾ ਪਰਿਵਾਰ ਵੀ ਇਕੱਠਾ ਨਾ ਰਹਿ ਸਕਿਆ। ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਗੰਗੂ ਬ੍ਰਾਹਮਣ ਦੇ ਨਾਲ ਇਕ ਪਾਸੇ ਗਏ। ਮਾਤਾ ਸੁੰਦਰੀ ਤੇ ਮਾਤਾ ਸਾਹਿਬ ਕੌਰ ਜੀ ਵੀ ਦੂਸਰੀ ਦਿਸ਼ਾ ਵਲ ਤੁਰ ਪਏ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਵਡੇ ਸਾਹਿਬਜ਼ਾਦੇ ਸਨ। ਦੁਸ਼ਮਨਾਂ ਨਾਲ ਮੁਕਾਬਲਾ ਕਰਦੇ ਹੋਏ ਇਕ ਪਾਸੇ ਨੂੰ ਜਾ ਰਹੇ ਸਨ। ਇਕ ਦੂਸਰੇ ਦਾ ਪਤਾ ਕਰਨ ਦਾ ਕਿਸੇ ਕੋਲ ਸਮਾਂ ਨਹੀਂ ਸੀ, ਕੁਦਰਤ ਕਰੋਪ ਸੀ। ਮੀਂਹ ਝੱਖੜ ਬਿਜਲੀ ਤਿੰਨੇ ਹਰਕਤ ਕਰੀ ਜਾ ਰਹੇ ਸਨ।

## ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਜੀ ਨਾਲੋਂ ਵਿਛੜਨਾ

ਗੁਰੂ ਘਰ ਉਤੋਂ ਜਵਾਨੀ ਵਾਰਨ ਵਾਲੀ ਬਸੰਤ ਲਤਾ ਨੇ ਮਾਤਾ ਸਾਹਿਬ ਕੌਰ ਜੀ ਦਾ ਸਾਥ ਨਾ ਛਡਿਆ। ਅਨੰਦਪੁਰ ਛੱਡਣ ਵੇਲੇ ਨਾਲ ਹੀ ਤੁਰੀ। ਮਾਤਾ ਜੀ ਨੇ ਬਹੁਤ ਜ਼ੋਰ ਲਾਇਆ ਕਿ ਉਹ ਪਾਲਕੀ ਵਿਚ ਬੈਠ ਜਾਵੇ ਪਰ ਬਸੰਤ ਲਤਾ ਨਾ ਮੰਨੀ। ਉਹ ਇਹੋ ਆਖਦੀ ਰਹੀ—'ਮਾਤਾ ਜੀ! ਇਹ ਨਹੀਂ ਹੋ ਸਕਦਾ ਕਿ ਮੈਂ ਆਪ ਦੇ ਬਰਾਬਰ ਬੈਠਾਂ। ਆਪ ਪੂਜਨੀਕ ਮਾਤਾ ਜੀ। ਮੈਂ ਮਾਮੂਲੀ ਸੇਵਕਾ। ਬਰਾਬਰ ਬੈਠ ਕੇ ਪਾਪ ਦੀ ਭਾਗੀ ਬਣਾਂ? ਇਹ ਨਹੀਂ ਹੋ ਸਕਦਾ। ਮੈਂ ਪੈਦਲ ਚਲਾਂਗੀ। ਮੈਂ ਜਵਾਨ ਹਾਂ ਨੱਸੀ ਚਲਾਂਗੀ। ਸਤਿਗੁਰੂ ਮੇਰੀ ਸਹਾਇਤਾ ਕਰਨਗੇ। ਕੋਈ ਪ੍ਰਵਾਹ ਨਾ ਕਰੋ। ਮੈਂ ਆਪ ਦੇ ਸਾਥ ਚਲਾਂਗੀ, ਲੋੜ ਪਈ ਤਾਂ ਜਾਨ ਵਾਰ ਦਿਆਂਗੀ। ਮੈਂ ਆਪ ਦੀ ਸੇਵਕ ਹਾਂ ਦਾਸੀ ਹਾਂ,

ਮੇਰੇ ਉਤੇ ਦਇਆ ਰਖੋ। ਮਿਹਰ ਕਰੋ।'

ਬਸੰਤ ਲਤਾ ਜੁਆਨ ਤੇ ਮੁਟਿਆਰ ਸੀ। ਉਸ ਦੀ ਉਮਰ ਮਸਾਂ ਬਾਈ ਸਾਲ ਦੇ ਕਰੀਬ ਸੀ। ਕੁਝ ਜੀਵਨ ਪਵਿਤ੍ਰ ਤੇ ਕਵਾਰਾ ਹੋਣ ਕਰਕੇ ਸਰੀਰ ਵਿਚ ਅਥਾਹ ਬਲ ਸੀ। ਥਕੇਵੇਂ ਹਨੇਰੇ ਤੇ ਦੁਸ਼ਮਨ ਦੀ ਕੋਈ ਪ੍ਰਵਾਹ ਨਾ ਕਰਦੀ ਹੋਈ ਉਹ ਪਾਲਕੀ ਦੇ ਨਾਲ ਨਾਲ ਨੱਠੀ ਆਈ। ਉਹ ਮਰਦਾਂ ਵਾਂਗ ਚੁੰਗੀਆਂ ਮਾਰ ਮਾਰ ਨੱਠਦੀ ਸੀ। ਨੰਗੀ ਤਲਵਾਰ ਉਸ ਦੇ ਹੱਥ ਵਿਚ ਸੀ। ਉਸ ਨੇ ਲੱਕ ਨੂੰ ਘੁਟ ਕੇ ਕਮਰਕੱਸਾ ਕੀਤਾ ਹੋਇਆ ਸੀ। ਸੀਤ ਉਸ ਦੇ ਹੱਥਾਂ ਨੂੰ ਠਾਰ ਨਹੀਂ ਸੀ ਰਹੀ।

ਸਰਸਾ ਦੇ ਭਾਰੇ ਤੇ ਤੇਜ ਵਗਣ ਵਾਲੇ ਪਾਣੀ ਨੇ ਕਈਆਂ ਬਹਾਦਰਾਂ ਦੇ ਲੱਕ ਤੋੜ ਸੁਟੇ। ਬਸੰਤ ਲਤਾ ਇਸਤਰੀ ਸੀ, ਦਰਿਆ ਪਾਰ ਕਰਦੀ ਹੋਈ ਉਹ ਥਕੇਵੇਂ ਨਾਲ ਬੌਂਦਲ ਗਈ। ਉਹ ਪਾਲਕੀ ਨਾਲ ਨਾ ਚਲ ਸਕੀ। ਰਾਤ ਹਨੇਰੀ ਸੀ ਠੇਡਾ ਲਗਾ ਮੂੰਹ ਭਾਰ ਡਿਗ ਪਈ, ਉਹ ਨੱਠ ਨਾ ਸਕੀ। ਸਾਥੀ ਅਗੇ ਨਿਕਲ ਗਏ। ਸਗੋਂ ਹੋਸ਼ ਆਈ ਤਾਂ ਉਠ ਕੇ ਤੁਰੀ ਪਰ ਲੱਤਾਂ ਸਾਥ ਨਹੀਂ ਸਨ ਦੇਂਦੀਆਂ। ਐਨੇ ਨੂੰ ਦੁਸ਼ਮਨ ਆ ਗਏ। ਬਿਜਲੀ ਦੀ ਲਿਸ਼ਕ ਵਿਚ ਉਨ੍ਹਾਂ ਦੇਖਿਆ ਕਿ ਸੁੰਦਰ ਮੁਟਿਆਰ ਇਕੱਲੀ ਜਾ ਰਹੀ ਹੈ। ਉਸ ਨੂੰ ਫੜ ਲਿਆ। ਬਸੰਤ ਲਤਾ ਨੇ ਉਨ੍ਹਾਂ ਨਾਲ ਲੜਨ ਦਾ ਯਤਨ ਕੀਤਾ, ਪਰ ਉਹ ਬਹੁਤ ਸਨ, ਬਸੰਤ ਲਤਾ ਦੀ ਕੋਈ ਪੇਸ਼ ਨਾ ਗਈ। ਮੁਗਲ ਸਿਪਾਹੀ ਉਸ ਨੂੰ ਖਿੱਚ ਕੇ ਪਾਸੇ ਲੈ ਗਏ। ਉਨ੍ਹਾਂ ਸਮਝਿਆ ਇਹ ਮੁਟਿਆਰ ਕੋਈ ਮਾਮੂਲੀ ਇਸਤਰੀ ਨਹੀਂ ਸਗੋਂ ਗੁਰੂ ਦੇ ਮਹਿਲਾਂ ਵਿਚੋਂ ਹੈ। ਬੁਰੀ ਨੀਤ ਨਾਲ ਪਾਪੀ ਧੂਹ ਕੇ ਆਪਣੇ ਹਾਕਮ ਖਾਨ ਸਮੁੰਦ ਖਾਨ ਕੋਲ ਲੈ ਗਏ। ਖਾਨ ਸਮੁੰਦ ਖਾਨ ਬਹੁਤ ਨਿਰਦਈ ਤੇ ਕਾਮੀ ਪੁਰਸ਼ ਸੀ। ਉਸ ਨੇ ਜਦੋਂ ਲਤਾ ਦੀ ਸੂਰਤ ਦੇਖੀ ਤਾਂ ਆਪਣਾ ਦਿਲ ਹਥੋਂ ਗਵਾ ਬੈਠਾ।

## ਸਮੁੰਦ ਖਾਨ ਨੇ ਬਸੰਤ ਲਤਾ ਨੂੰ ਲਾਲਚ ਦੇਣਾ

ਸਮੁੰਦ ਖਾਨ ਇਕ ਪਹਾੜੀ ਰਿਆਸਤ ਦਾ ਨਵਾਬ ਸੀ। ਉਹ ਬਦਚਲਣ ਤੇ ਮਗਰੂਰ ਮਰਦ ਸੀ। ਬਸੰਤ ਲਤਾ ਨੂੰ ਆਪਣੇ ਕਿਲ੍ਹੇ ਵਲ ਲੈ ਗਿਆ॥ ਕਿਲ੍ਹੇ ਵਿਚ ਪਹੁੰਚ ਕੇ ਉਸ ਨੇ ਬਸੰਤ ਲਤਾ ਉਤੇ ਡੋਰੇ ਸੁਟਣੇ ਸ਼ੁਰੂ ਕਰ ਦਿਤੇ॥

ਦੁਸ਼ਟ ਨੇ ਪਹਿਲਾਂ ਬਸੰਤ ਲਤਾ ਨੂੰ ਲਾਲਚ ਦਿਤਾ ਕਿ ਉਹ ਉਸ ਦਾ ਬਹੁਤ ਸਤਿਕਾਰ ਕਰੇਗਾ। ਮੁਖੀ ਬੇਗਮ ਸਮਝੇਗਾ। ਉਹ ਆਪਣਾ ਪਿਆਰ ਨਵਾਬ ਨੂੰ ਬਖ਼ਸ਼ੇ, ਖ਼ੁਸ਼ੀ ਖ਼ੁਸ਼ੀ ਉਸ ਨੂੰ ਅਪਨਾਵੇ। ਪਰ ਬਸੰਤ ਲਤਾ ਨੇ ਇਕ ਸੱਚੀ ਗੱਲ ਆਖ ਦਿੱਤੀ—ਬਸੰਤ ਲਤਾ ਨੂੰ ਭਾਵੇਂ ਭੁਖਿਆਂ ਮਾਰ ਸੁਟੋ, ਕੀਮਾ ਕੀਮਾ ਕਰ ਕੇ ਕਿਤੇ ਸੁਟ ਪਾਓ, ਪਰ ਬਸੰਤ ਲਤਾ ਕਿਸੇ ਮਰਦ ਨੂੰ ਪਤੀ ਨਹੀਂ ਮੰਨੇਗੀ। ਕਿਉਂਕਿ ਸਤਿਗੁਰੂ ਜੀ ਦੇ ਹਜ਼ੂਰ ਪ੍ਰਣ ਕਰ ਚੁਕੀ ਹਾਂ ਕਿ ਮੈਂ ਅਨਵਿਆਹੀ ਤੇ ਪਵਿਤਰ ਰਹਿਣਾ ਹੈ। ਜਗਤ ਦੇ ਐਸ਼ ਨਹੀਂ ਭਾਉਂਦੇ। ਵਾਹਿਗੁਰੂ ਸਿਮਰਨ ਵਿਚ ਜੀਵਨ ਬਤੀਤ ਕਰਨਾ ਹੈ। ਮੈਂ ਪ੍ਰਣ ਕੀਤਾ ਸੀ ਮਾਤਾ ਜੀ ਦੀ ਸੇਵਾ ਕਰਾਂਗੀ ਪਰ ਉਨ੍ਹਾਂ ਦਾ ਕੁਝ ਪਤਾ ਨਹੀਂ ਉਹ ਕਿਧਰ ਗਏ। ਜੀਵਨ ਵਿਚ ਸ਼ਾਇਦ ਮਿਲਣਾ ਜਾਂ ਨਹੀਂ।'

ਸਮੁੰਦ ਖਾਂ ਇਹ ਸੁਣ ਕੇ ਤੜਪ ਉਠਿਆ—'ਕੀ ਤੂੰ ਗੁਰੂ ਗੋਬਿੰਦ ਸਿੰਘ ਦੇ ਘਰੋਂ ਨਹੀਂ ?'

ਬਸੰਤ ਲਤਾ—'ਨਹੀਂ! ਮੈਂ ਗੁਰੂ ਜੀ ਦੀ ਇਕ ਦਾਸੀ ਹਾਂ।'

ਸਮੁੰਦ ਖਾਂ—'ਕੀ ਤੂੰ ਸਚਮੁਚ ਕੰਵਾਰੀ ਹੈਂ। ਕਿਸੇ ਮਰਦ ਨਾਲ ਤੇਰਾ ਮੇਲ ਨਹੀਂ ਹੋਇਆ ?'

ਬਸੰਤ ਲਤਾ—'ਨਹੀਂ, ਨਾ ਹੋਵੇਗਾ। ਜੇ ਮੇਰਾ ਗੁਰੂ ਤੇ ਭਰੋਸਾ ਪੱਕਾ ਹੈ ਤਾਂ ਕਿਸੇ ਮਰਦ ਦਾ ਸੁਪਨਾ ਸੱਚਾ ਨਹੀਂ ਹੋ ਸਕਦਾ।'

ਸਮੁੰਦ ਖਾਂ—'ਤੈਨੂੰ ਪਤਾ ਹੋਣਾ ਚਾਹੀਏ ਕਿ ਤੂੰ ਇਕ ਮੁਗਲ ਹਾਕਮ ਦੇ ਕਿਲ੍ਹੇ ਵਿਚ ਬੰਦ ਹੈਂ। ਇਥੇ ਤੇਰੇ ਵਰਗੀ ਦਾ ਧਰਮ ਨਹੀਂ ਰਹਿ ਸਕਦਾ। ਬਹੁਤ ਹਠ ਵਾਲਿਆਂ ਦੇ ਦਿਲ ਮੋਮ ਵਾਂਗ ਪਿਘਲ ਗਏ ਇਥੋਂ ਜੀਉਂਦੀਆਂ ਬਾਹਰ ਨਹੀਂ ਗਈਆਂ।'

ਬਸੰਤ ਲਤਾ—'ਇਹ ਪਿਛਲੀ ਗੱਲ ਠੀਕ ਹੈ ਮੈਂ ਵੀ ਜੀਉਂਦੇ ਜੀ ਇਸ ਕਿਲ੍ਹੇ ਵਿਚੋਂ ਨਹੀਂ ਨਿਕਲਦੀ। ਪਰ ਮੈਂ ਆਖਦੀ ਹਾਂ ਕਿ ਮੈਂ ਇਕ ਸਿੱਖ ਦੀ ਪੁੱਤਰੀ ਹਾਂ ਧਰਮ ਬਦਲੇ ਮਰਾਂਗੀ, ਧਰਮ ਨਹੀਂ ਵੇਚਾਂਗੀ।'

ਸਮੁੰਦ ਖਾਨ—'ਬਹਿਸ਼ਤ ਦੀ ਹੂਰ। ਹਠ ਨਾ ਕਰ। ਦੁਨੀਆਂ ਦੇ ਸੁਖ ਭੋਗ, ਤੇਰਾ ਗੁਰੂ ਆਪ ਨਹੀਂ ਰਿਹਾ। ਤੇਰੀ ਕੀ ਰਖਿਆ ਕਰ ਸਕਦਾ ਹੈ ? ਅਨੰਦਪੁਰ ਤੇ ਮੁਗਲ ਸੈਨਾ ਨੇ ਕਬਜਾ ਕਰ ਲਿਆ ਹੈ। ਸਿੱਖ ਕਿਤੇ ਕੋਈ

ਨਜ਼ਰ ਨਹੀਂ ਆਉਂਦਾ। ਨਾ ਤੈਨੂੰ ਕੋਈ ਬਚਾਅ ਸਕਦਾ ਹੈ, ਜ਼ਿਦ ਨਾ ਕਰ। ਮੇਰੇ ਆਖੇ ਲਗ, ਮੇਰੇ ਦਿਲ ਦੀ ਮਲਕਾ ਬਣ।'

ਬਸੰਤ ਲਤਾ—'ਦੇਖੋ, ਮੈਂ ਆਖਦੀ ਹਾਂ। ਮੈਨੂੰ ਮਾਰ ਸੁਟੋ ਪਰ ਇਹ ਗੱਲ ਨਾ ਆਖੋ। ਚੰਗਾ ਹੈ ਮੇਰੀ ਜਾਨ ਬਖ਼ਸ਼ੀ ਕਰੋ। ਖ਼ੁਦਾ ਤੁਹਾਡਾ ਭਲਾ ਕਰੇਗਾ, ਜੇ ਨਹੀਂ ਕਰ ਸਕਦੇ ਤਾਂ ਕਿਸੇ ਖੱਡ ਵਿਚ ਸੁਟ ਦਿਓ।'

ਸਮੁੰਦ ਖਾਨ ਨੇ ਸੋਚਿਆ ਕਿ ਬਸੰਤ ਲਤਾ ਇਕ ਮੁਟਿਆਰ ਹੈ ਜੇ ਭੁੱਖੀ ਤ੍ਰਿਹਾਈ ਹੀ ਰੱਖ ਕੇ ਕਮਜ਼ੋਰ ਕੀਤੀ ਜਾਵੇ ਤਾਂ ਜ਼ਰੂਰ ਉਹ ਸਾਰੀਆਂ ਸ਼ਰਤਾਂ ਮੰਨ ਜਾਵੇਗੀ। ਉਸ ਨੇ ਕਿਲ੍ਹੇ ਦੇ ਬੰਦੀਖਾਨੇ ਵਿਚ ਬਸੰਤ ਲਤਾ ਨੂੰ ਕੈਦ ਕਰ ਦਿੱਤਾ।

## ਬਸੰਤ ਲਤਾ ਬੰਦੀ ਖਾਨੇ ਵਿਚ

*ਰਾਖਨਹਾਰੇ ਰਾਖਹੁ ਆਪਿ॥ ਸਗਲ ਸੁਖਾ ਪ੍ਰਭ ਤੁਮਰੈ ਹਾਥਿ॥*

ਪੁਰਾਣੇ ਬੰਦੀਖਾਨੇ ਪਾਪੀ ਦੀ ਕਬਰ ਨਾਲੋਂ ਵੀ ਹਨੇਰੇ ਤੇ ਡਰਾਉਣੇ ਹੁੰਦੇ ਸਨ। ਹਾਕਮਾਂ ਦੀ ਮਰਜ਼ੀ ਨਾਲ ਨਿਰਦੋਸ਼ੇ ਕੈਦੀਆਂ ਨੂੰ ਸਤਾਇਆ ਜਾਂਦਾ ਸੀ। ਨਾ ਕੋਈ ਮੁਕੱਦਮਾ ਤੇ ਨਾ ਕੋਈ ਫ਼ਰਿਆਦ ਸੁਣਨ ਸੁਨਾਉਣ ਦਾ ਕਿਸੇ ਨੂੰ ਮੌਕਾ ਮਿਲਦਾ। ਜਿਸ ਬੰਦੀਖਾਨੇ ਵਿਚ ਬਸੰਤ ਲਤਾ ਨੂੰ ਸੁਟਿਆ ਗਿਆ ਉਹ ਬੰਦੀਖਾਨਾ ਸੱਚਮੁਚ ਨਰਕ ਦਾ ਦੂਸਰਾ ਰੂਪ ਸੀ। ਸਲ੍ਹਾਬ ਹਨੇਰਾ, ਚੂਹੇ ਤੇ ਕੀੜੇ ਮਕੌੜੇ ਅਨੇਕਾਂ ਸਨ। ਇਕ ਪੱਥਰ ਦਾ ਥੜ੍ਹਾ ਸੀ, ਜਿਸ ਉਤੇ ਕਦੀ ਬੈਠ ਸਕਦਾ ਸੀ। ਪਹਿਲੀ ਰਾਤ ਬਸੰਤ ਲਤਾ ਦੇ ਸਿਰ ਉਸ ਬੰਦੀ ਖਾਨੇ ਵਿਚ ਆਈ ਦੁਸ਼ਮਨ ਕੋਲ ਨਾ ਰਹੇ। ਉਹ ਹਨੇਰੇ ਵਿਚ ਇਕੱਲੀ ਬੈਠੀ ਸੀ। ਉਸ ਇਕੱਲਤਾ ਵਿਚ ਉਸ ਨੂੰ ਆਪਣਾ ਖ਼ਿਆਲ ਭੁੱਲ ਗਿਆ ਪਰ ਸਤਿਗੁਰੂ ਜੀ ਤੇ ਸਤਿਗੁਰੂ ਜੀ ਦੇ ਪ੍ਰਵਾਰ ਦਾ ਖ਼ਿਆਲ ਆ ਗਿਆ। ਅਨੰਦਪੁਰ ਦੀ ਰੌਣਕ ਉਦਾਸੀ ਤਿਆਗ ਤੇ ਸਰਸਾ ਕਿਨਾਰੇ ਹਨੇਰੇ ਵਿਚ ਭਿਆਨਕ ਲੜਾਈ ਦੀਆਂ ਝਾਕੀਆਂ ਅੱਖਾਂ ਅਗੇ ਆਈਆਂ। ਉਸ ਦਾ ਸੁਡੌਲ ਤਨ ਕੰਬ ਗਿਆ। ਸਿੰਘਾਂ ਦਾ ਮਾਤਾ ਸਾਹਿਬ ਕੌਰ ਦੀ ਪਾਲਕੀ ਚੁੱਕ ਕੇ ਨੱਸਣਾ ਤੇ ਬਸੰਤ ਲਤਾ ਦਾ ਡਿੱਗ ਪੈਣਾ, ਉਸ ਨੂੰ ਇੰਝ ਪ੍ਰਤੀਤ ਹੋਇਆ ਕਿ ਉਹ ਬੰਦੀਖਾਨੇ ਵਿਚ ਨਹੀਂ ਸਗੋਂ ਸਰਸਾ ਦੇ ਕਿਨਾਰੇ ਹੈ ਉਸ ਦੇ ਸੰਗੀ ਸਾਥੀ ਉਸ ਦੇ ਕੋਲੋਂ ਵਿਛੜ ਰਹੇ

ਹਨ । ਉਹ ਡਾਡਾਂ ਮਾਰ ਉਠੀ । ਮਾਤਾ ਜੀ ਪਿਆਰੇ ਮਾਤਾ ਜੀ ਮੈਨੂੰ ਛੱਡ ਕੇ ਚਲੇ ਜੇ ਕਿਧਰ ਜਾਓਗੇ । ਮੈਂ ਕਿਥੇ ਆ ਕੇ ਮਿਲਾਂ । ਤੁਸਾਂ ਬਿਨਾਂ ਨਹੀਂ ਜੀ ਸਕਦੀ । ਗੁਰੂ ਜੀ ਦੇ ਦਰਸ਼ਨ ਕਦੋਂ ਹੋਣਗੇ । ਮਾਤਾ ਜੀ ਮੈਨੂੰ ਛੱਡ ਕੇ ਨਾ ਜਾਓ । ਵਲਵਲੇ ਦੇ ਵਹਿਣ ਵਿਚ ਰੁੜ੍ਹੀ ਹੋਈ ਬਸੰਤ ਲਤਾ ਇਉਂ ਕੂਕਦੀ ਹੋਈ ਨੱਠ ਕੇ ਅਗੇ ਹੋਣ ਲਗੀ ਤਾਂ ਬੰਦੀਖਾਨੇ ਦੀ ਭਾਰੀ ਪਥਰੀਲੀ ਕੰਧ ਨਾਲ ਉਸ ਦਾ ਮੱਥਾ ਵੱਜਾ । ਉਸ ਨੂੰ ਹੋਸ਼ ਆਈ ਉਹ ਸਰਸਾ ਕਿਨਾਰੇ ਨਹੀਂ ਸਗੋਂ ਬੰਦੀਖਾਨੇ ਵਿਚ ਹੈ । ਉਹ ਸੁਤੰਤ੍ਰ ਨਹੀਂ ਕੈਦਣ ਹੈ । ਉਫ਼ ਮੈਂ ਕਿਥੇ ਹਾਂ ? ਓਹਦੇ ਮੂੰਹੋਂ ਨਿਕਲਿਆ ।

ਗੋਡ ਮਾਰ ਕੇ ਬੈਠ ਗਈ ਦੋਵੇਂ ਹੱਥ ਜੋੜ ਕੇ ਸਤਿਗੁਰੂ ਜੀ ਦੇ ਚਰਨਾਂ ਦਾ ਧਿਆਨ ਕੀਤਾ । ਉਹ ਅਰਦਾਸ ਬੇਨਤੀ ਕਰਨ ਲਗੀ—'ਹੇ ਸੱਚੇ ਪਾਤਸ਼ਾਹ ! ਕਲਜੁਗ ਨੂੰ ਤਾਰਨਹਾਰੇ ਪਤਿਤ ਪਾਵਨ ਦਿਆਲੂ ਪਿਤਾ ! ਮੈਂ ਦਾਸੀ ਨੂੰ ਤੇਰਾ ਹੀ ਆਸਰਾ ਹੈ, ਤੇਰੀ ਅਨਜਾਣ ਪੁੱਤਰੀ ਨੇ ਭੋਲੇਪਣ ਵਿਚ ਪ੍ਰਣ ਕਰ ਲਿਆ ਸੀ ਕਿ ਤੇਰੇ ਚਰਨਾਂ ਵਿਚ ਜੀਵਨ ਬਤੀਤ ਕਰੇਗੀ । ਮਾਤਾ ਜੀ ਦੀ ਸੇਵਾ ਕਰਦੀ ਰਹੇਗੀ । ਗੁਰੂ ਘਰ ਦੇ ਜੂਠੇ ਭਾਂਡੇ ਮਾਂਜ ਕੇ ਸੰਗਤਾਂ ਦੇ ਜੋੜੇ ਝਾੜ ਕੇ ਜਨਮ ਸਫਲ ਕਰੇਗੀ । ਹੇ ਦਾਤਾ ! ਤੇਰੀ ਖੇਡ ਦਾ ਤੈਨੂੰ ਹੀ ਪਤਾ ਹੈ । ਮੈਂ ਅਨਜਾਣ ਤਾਂ ਕੁਝ ਨਹੀਂ ਜਾਣਦੀ ਕੀ ਭਾਣਾ ਵਰਤਾ ਦਿੱਤਾ । ਸਾਰੇ ਵਿਛੜ ਗਏ, ਤੁਸੀਂ ਵੀ ਦੂਰ ਚਲੇ ਗਏ । ਮੈਂ ਬੰਦੀਖਾਨੇ ਵਿਚ ਹਾਂ । ਮੇਰਾ ਰੂਪ ਤੇ ਜਵਾਨੀ ਮੇਰੇ ਦੁਸ਼ਮਨ ਬਣ ਗਏ ਹਨ । ਹੇ ਦਾਤਾ ! ਦਇਆ ਕਰੋ । ਮੇਹਰ ਕਰ ਦਾਸੀ ਨੂੰ ਬਚਾਓ ਦਾਸੀ ਦੀ ਪਵਿਤ੍ਰਤਾ ਨੂੰ ਬਚਾਓ । ਜੇ ਮੇਰਾ ਧਰਮ ਚਲਿਆ ਗਿਆ ਤਾਂ ਮੈਂ ਮਰ ਗਈ ਨਰਕਾਂ ਵਿਚ ਵਾਸਾ ਹੋਵੇਗਾ । ਮੈਨੂੰ ਦੁਸ਼ਟ ਦੇ ਪੰਜੇ ਵਿਚੋਂ ਬਚਾਓ । ਦਰੋਪਤੀ ਦੀ ਤਰ੍ਹਾਂ ਤੇਰਾ ਹੀ ਆਸਰਾ ਹੈ । ਹੇ ਜਗਤ ਰੱਖਯਕ ! ਦੀਨ ਦਿਆਲ ਪ੍ਰਭੂ ! *ਰਾਖਨਹਾਰੇ ਰਾਖਹੁ ਆਪਿ ॥ ਸਗਲ ਸੁਖਾ ਪ੍ਰਭ ਤੁਮਰੈ ਹਾਥਿ ॥*

ਮਿਹਰ ਕਰੋ, ਦਇਆ ਕਰੋ ਦਾਤਾ ਬਾਂਦੀ ਨੂੰ ਬਚਾਓ । ਗੁਰੂ ਚਰਨਾਂ ਦਾ ਧਿਆਨ ਧਰ ਕੇ ਇਉਂ ਬਸੰਤ ਲਤਾ ਬੇਨਤੀਆਂ ਕਰਦੀ ਰਹੀ । ਅਜੇ ਉਸਦੀ ਅਰਦਾਸ ਬੇਨਤੀ ਮੁੱਕੀ ਨਹੀਂ ਸੀ ਕਿ ਬੰਦੀਖਾਨੇ ਵਿਚ ਦੀਵੇ ਦਾ ਚਾਨਣ ਹੋਇਆ । ਚਾਨਣ ਨੂੰ ਦੇਖ ਕੇ ਉਸ ਨੇ ਪਿਛੇ ਮੁੜ ਕੇ ਦੇਖਿਆ ਤਾਂ ਇਕ ਅਖਧੜ ਉਮਰ

ਦੀ ਇਸਤਰੀ ਬੰਦੀਖਾਨੇ ਦੇ ਬੂਹੇ ਵਿਚ ਖਲੋਤੀ ਸੀ। ਕੋਈ ਖ਼ਤਰਾ ਅਨੁਭਵ ਕਰ ਕੇ ਬਸੰਤ ਲਤਾ ਹੁਸ਼ਿਆਰ ਹੋ ਕੇ ਉਠ ਕੇ ਖਲੋ ਗਈ।

ਆਉਣ ਵਾਲੀ ਇਸਤਰੀ ਨੇ ਅਗੇ ਹੋ ਕੇ ਬੜੇ ਪਿਆਰ ਮਿਠੇ ਤੇ ਹਸਾਉਣੇ ਲਹਿਜੇ ਵਿਚ ਬਸੰਤ ਲਤਾ ਨੂੰ ਆਖਣਾ ਸ਼ੁਰੂ ਕੀਤਾ—'ਬੇਟੀ! ਮੈਂ ਹਿੰਦਣੀ ਹਾਂ। ਤੇਰੇ ਵਾਸਤੇ ਰੋਟੀ ਪਕਾ ਕੇ ਲਿਆਈਂ ਹਾਂ, ਨਵਾਬ ਦੇ ਹੁਕਮ ਨਾਲ ਪਕਾਈ ਹੈ। ਰੋਟੀ ਖਾ ਲੈ ਬਹੁਤ ਪਵਿੱਤਰ ਹੈ।'

ਬਸੰਤ ਲਤਾ—'ਮੈਨੂੰ ਤਾਂ ਭੁੱਖ ਨਹੀਂ।'

ਇਸਤਰੀ—'ਬੇਟੀ! ਪੇਟ ਨਾਲ ਦੁਸ਼ਮਨੀ ਨਹੀਂ ਕਰਨੀ ਚਾਹੀਦੀ। ਜੇ ਸਿਰ ਤੇ ਮੁਸੀਬਤ ਪਈ ਹੈ ਤਾਂ ਕੀ ਡਰ ਪ੍ਰਮਾਤਮਾ ਮੁਸੀਬਤ ਨੂੰ ਟਾਲ ਦੇਵੇਗਾ। ਜੇ ਮੁਸੀਬਤ ਦਾ ਟਾਕਰਾ ਕਰਨਾ ਵੀ ਪਵੇ ਤਾਂ ਤੰਦਰੁਸਤ ਸਰੀਰ ਹੀ ਕਰ ਸਕਦਾ ਹੈ। ਰੋਟੀ ਜੀਵ ਨੂੰ ਤੰਦਰੁਸਤ ਰੱਖਦੀ ਹੈ। ਜੋ ਭਾਗ ਵਿਚ ਲਿਖਿਆ ਹੈ ਸੋ ਕਰਨਾ ਤੇ ਖਾਣਾ ਪੈਂਦਾ ਹੈ ਤੂੰ ਤਾਂ ਸੁਘੜ ਇਸਤਰੀ ਜਾਪਦੀ ਹੈਂ ਸੁਣਿਆ ਹੈ ਗੁਰੂ ਘਰ ਬਹੁਤ ਚਿਰ ਰਹੀ ਹੈਂ। ਪ੍ਰਸ਼ਾਦ ਛਕ ਲੈ।'

ਬਸੰਤ ਲਤਾ—'ਰੋਟੀ ਨਾਲੋਂ ਮੈਨੂੰ ਬੰਦੀਖਾਨੇ ਵਿਚੋਂ ਕੱਢ ਦੇਵੇਂ ਤਾਂ ਚੰਗਾ ਹੈ।'

ਇਸਤਰੀ—'ਇਹ ਮੇਰੇ ਵੱਸ ਦੀ ਗੱਲ ਨਹੀਂ। ਖਾਨ ਸਾਹਿਬ ਦੇ ਹੁਕਮ ਤੋਂ ਬਿਨਾਂ ਇਸ ਕਿਲ੍ਹੇ ਵਿਚ ਪੱਤਾ ਨਹੀਂ ਹਿੱਲ ਸਕਦਾ। ਹਾਂ ਖਾਨ ਸਾਹਿਬ ਦਿਲ ਦੇ ਐਨੇ ਭੈੜੇ ਨਹੀਂ। ਬੀਬੇ ਹਨ ਜੁਆਨ ਹੋਣ ਕਰਕੇ ਜਿਦ ਕਰਦੇ ਹਨ। ਕਲ ਪਰਸੋਂ ਨੂੰ ਤੈਨੂੰ ਬੰਦੀਖਾਨੇ ਵਿਚੋਂ ਕੱਢ ਦੇਣਗੇ। ਉਹ ਸਗੋਂ ਆਪ ਇਸ ਗੱਲ ਨੂੰ ਮਹਿਸੂਸ ਕਰ ਰਹੇ ਹਨ। ਹਾਂ ਹੋਰ ਗਲਾਂ ਫੇਰ ਕਰਾਂਗੀਆਂ ਪਹਿਲਾਂ ਰੋਟੀ ਖਾ ਲੈ।'

ਬਸੰਤ ਲਤਾ—'ਮੈਨੂੰ ਕੀ ਸਬੂਤ ਹੈ ਕਿ ਤੂੰ ਹਿੰਦਣੀ ਹੈਂ?'

ਇਸਤਰੀ—'ਰਾਮ ਰਾਮ! ਮੈਂ ਝੂਠ ਨਹੀਂ ਬੋਲਦੀ ਹਾਂ? ਮੇਰਾ ਪੁੱਤਰ ਖਾਨ ਸਾਹਿਬ ਕੋਲ ਨੌਕਰ ਹੈ। ਅਸੀਂ ਹਿੰਦੂ ਹਾਂ ਖਾਨ ਸਾਹਿਬ ਹਿੰਦੂਆਂ ਨਾਲ ਮਾੜਾ ਸਲੂਕ ਨਹੀਂ ਕਰਦੇ।'

ਬਸੰਤ ਲਤਾ—'ਪਰ ਮੈਨੂੰ ਤਾਂ ਕੈਦ ਕਰ ਛਡਿਆ ਹੈ।'

ਇਸਤਰੀ—'ਮੈਂ ਕੀ ਦੱਸਾਂ, ਮਨ ਦੇ ਚੰਚਲ ਹਨ। ਤੇਰੇ ਰੂਪ ਉਤੇ ਭੁਲ

ਗਏ ਹਨ। ਉਹ ਐਸੇ ਮਸਤ ਹੋਏ ਨੇ ਕਿ ਉਨ੍ਹਾਂ ਨੂੰ ਖਾਣਾ ਪੀਣਾ ਭੁਲਿਆ ਹੈ। ਮਰਦ ਜੂ ਹੋਏ, ਮਰਦਾਂ ਦਾ ਮਨ ਭੌਰੇ ਦੀ ਤਰ੍ਹਾਂ ਹੁੰਦਾ ਹੈ। ਹਰ ਨਵੇਂ ਤੇ ਖ਼ੁਸ਼ਬੂਦਾਰ ਫੁਲ ਵਲ ਦੌੜ ਪੈਂਦਾ ਹੈ। ਉਹਦੇ ਵੱਸ ਦੀ ਗੱਲ ਨਹੀਂ, ਪ੍ਰਮਾਤਮਾ ਨੇ ਤੈਨੂੰ ਰੂਪ ਤੇ ਜਵਾਨੀ ਵੀ ਬੇਅੰਤ ਬਖ਼ਸ਼ੀ ਹੈ।'

ਬਸੰਤ ਲਤਾ—'ਇਸ ਦਾ ਮਤਲਬ ਕਿ ਉਹ ਮੈਨੂੰ......'

ਇਸਤਰੀ—(ਬਸੰਤ ਲਤਾ ਦੀ ਗੱਲ ਟੁਕ ਕੇ) 'ਨਹੀਂ ਨਹੀਂ ਡਰਨ ਦੀ ਕੋਈ ਲੋੜ ਨਹੀਂ। ਉਹ ਤੇਰੇ ਨਾਲ ਧੱਕਾ ਨਹੀਂ ਕਰਨਗੇ। ਸਮਝਾਵਾਂਗੀ ਮੇਰੀ ਉਹ ਮੰਨਦੇ ਹਨ। ਤੇਰੇ ਨਾਲ ਧੱਕਾ ਨਹੀਂ ਕਰਨਗੇ ਜੇ ਤੇਰੀ ਮਰਜ਼ੀ ਨਾ ਹੋਵੇ ਤਾਂ ਤੇਰੇ ਸਰੀਰ ਨੂੰ ਹੱਥ ਵੀ ਨਹੀਂ ਲਾਉਣਗੇ ਬਹੁਤ ਚੰਗੇ ਹਨ। ਐਵੇਂ ਡਰ ਨਾ ਤਨ ਦਾ ਲਹੂ ਨਾ ਸੁਕਾ।'

ਬਸੰਤ ਲਤਾ—'ਤੇਰੀਆਂ ਗੱਲਾਂ ਪਿਛੇ ਖ਼ਤਰਾ ਹੈ।'

ਇਸਤਰੀ—'ਰਾਮ ਰਾਮ ਕਹੋ ਪੁੱਤਰੀ! ਤੇਰੇ ਨਾਲ ਮੈਂ ਕੋਈ ਧੋਖਾ ਕਰਨਾ ਹੈ? ਫਿਰ ਤੇਰਾ ਮੇਰਾ ਧਰਮ ਇਕ ਹੈ, ਰੋਟੀ ਖਾਹ।'

ਬਸੰਤ ਲਤਾ ਦੋ ਦਿਨ ਦੀ ਭੁੱਖੀ ਸੀ, ਭੁੱਖ ਨਾਲ ਵਿਆਕੁਲ ਹੋ ਰਹੀ ਸੀ, ਉਸ ਨੇ ਇਸਤਰੀ ਕੋਲੋਂ ਰੋਟੀਆਂ ਫੜ ਕੇ ਖਾ ਲਈਆਂ। ਰੋਟੀ ਖਵਾ ਕੇ ਇਸਤਰੀ ਚਲੀ ਗਈ, ਜਾਂਦੀ ਹੋਈ ਉਹ ਆਪਣਾ ਨਾਮ ਚੰਦਰ ਪ੍ਰਭਾ ਦੱਸ ਗਈ।

## ਸਮੁੰਦ ਖਾਨ ਦਾ ਬੰਦੀਖਾਨੇ ਆਉਣਾ

ਚੰਦਰ ਪ੍ਰਭਾ ਨੂੰ ਗਿਆਂ ਕੋਈ ਦੋ-ਕੁ ਘੰਟੇ ਹੋਏ ਹੋਣਗੇ ਕਿ ਸਮੁੰਦ ਖਾਨ ਬੰਦੀਖਾਨੇ ਵਿਚ ਆਇਆ, ਉਹ ਖ਼ੁਸ਼ ਸੀ ਆਉਂਦਿਆਂ ਹੀ ਉਸ ਨੇ ਬਸੰਤ ਲਤਾ ਨੂੰ ਆਖਿਆ—'ਸੁੰਦਰਤਾ ਦੀ ਦੇਵੀ! ਮੈਨੂੰ ਅਫ਼ਸੋਸ ਹੈ ਕਿ ਤੈਨੂੰ ਬੰਦੀਖਾਨੇ ਵਿਚ ਰੱਖਣ ਦੀ ਲੋੜ ਪਈ, ਤੇਰੇ ਜਹੀ ਸੋਹਲ ਕਲੀ ਐਸੇ ਹਨੇਰਿਆਂ ਵਿਚ ਕੁਮਲਾ ਜਾਇਆ ਕਰਦੀ ਹੈ। ਮੈਂ ਪੁਛਣ ਵਾਸਤੇ ਆਇਆ ਹਾਂ ਕਿ ਦਸੋ ਮੇਰੇ ਵਿਚ ਕੀ ਐਬ ਹੈ, ਤੁਸੀਂ ਮੇਰੇ ਨਾਲ ਪਿਆਰ ਨਹੀਂ ਕਰਦੇ। ਗੁਰੂ ਤੇ ਗੁਰੂ ਦਾ ਪਰਿਵਾਰ ਨਹੀਂ ਰਿਹਾ। ਨਾ ਉਨ੍ਹਾਂ ਨੂੰ ਤੂੰ ਜੀਉਂਦੇ ਜੀ ਮਿਲ ਸਕਦੀ ਹੈਂ। ਅਜੇ ਅਲ੍ਹੜ ਜਵਾਨੀ ਤੇਰੇ ਕੋਲ ਹੈ। ਇਹੋ ਦਿਨ ਹਨ ਚੰਗੇ, ਦਸੋ! ਮੇਰੇ ਨਾਲ ਉਪਰ ਜਾਣ ਨੂੰ ਤਿਆਰ ਜੇ?'

'ਮੈਂ ਇਕ ਵਾਰ ਨਹੀਂ ਸੌ ਵਾਰ ਆਖ ਚੁੱਕੀ ਹਾਂ ਕਿ ਮੈਂ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝ ਕੇ ਸੁਗੰਧ ਖਾਧੀ ਹੈ ਕਿ ਮੈਂ ਕਿਸੇ ਨੂੰ ਪਤੀ ਨਹੀਂ ਮੰਨਾਂਗੀ ਨਾ ਕੋਈ ਬੁਰਾ ਐਬ ਕਰਨਾ ਹੈ। ਮੈਨੂੰ ਪਵਿੱਤਰ ਰਹਿਣ ਦਿਓ। ਮੈਨੂੰ ਆਪਣੀ ਭੈਣ ਸਮਝੋ। ਤੁਸਾਂ ਨੂੰ ਇਸਤਰੀਆਂ ਦਾ ਘਾਟਾ ਨਹੀਂ, ਮੇਰੇ ਵਰਗੀਆਂ ਹਜ਼ਾਰਾਂ ਮਿਲ ਸਕਦੀਆਂ ਹਨ। ਮੇਰੇ ਤੇ ਦਇਆ ਕਰੋ, ਆਖ਼ਰ ਧਰਮ ਵੀ ਕੋਈ ਚੀਜ਼ ਹੈ। ਸਦਾ ਵਾਹਿਗੁਰੂ ਕੋਲੋਂ ਡਰਨਾ ਚਾਹੀਦਾ ਹੈ। ਧੱਕਾ ਕਰਨਾ ਯੋਗ ਨਹੀਂ। ਇਹ ਠੀਕ ਹੈ ਮੈਂ ਇਕ ਇਸਤਰੀ ਹਾਂ ਨਿਰਬਲ ਇਸਤਰੀ ਮੇਰੀ ਨਿਰਬਲਤਾ ਤੋਂ ਲਾਭ ਉਠਾ ਸਕਦੇ ਜੇ। ਦੁਨੀਆਂ ਨਾ ਦੇਖੇਗੀ ਪਰ ਵਾਹਿਗੁਰੂ ਤਾਂ ਦੇਖਦਾ ਹੈ ਬੁਰੇ ਕੰਮਾਂ ਦਾ ਬੁਰਾ ਫਲ ਜ਼ਰੂਰ ਦੇਂਦਾ ਹੈ। ਉਸ ਕੋਲੋਂ ਕੋਈ ਪਾਪੀ ਨਹੀਂ ਬਚਿਆ। ਦੋਜ਼ਕ ਦੀ ਅੱਗ ਤੋਂ ਬਚੋ।'

'ਮੈਨੂੰ ਸਿਖਿਆ ਦੇਣ ਦੀ ਲੋੜ ਨਹੀਂ, ਮੈਂ ਤਾਂ ਕਾਮ ਨਾਲ ਅੰਨ੍ਹਾ ਹੋ ਰਿਹਾ ਹਾਂ। ਤੇਰੀ ਜਵਾਨੀ ਤੇ ਸੁੰਦਰਤਾ ਮੇਰੇ ਲੂੰ ਲੂੰ ਵਿਚ ਰਚ ਗਈ ਹੈ। ਮੈਂ ਅੱਜ ਕਿਸੇ ਕੀਮਤ ਉਤੇ ਵੀ ਤੈਨੂੰ ਖਿਮਾ ਨਹੀਂ ਕਰ ਸਕਦਾ ਜਾਂ ਤਾਂ ਆਪੇ ਮੰਨ ਜਾ ਜਾਂ ਪਿਆਰ ਨਾਲ ਸੇਜ ਉਤੇ ਮੇਰੇ ਕੋਲ ਚਲ ਨਹੀਂ ਤੇ ਮੈਂ ਧੱਕਾ ਕਰਾਂਗਾ, ਭਾਵੇਂ ਧੱਕਾ ਕਰਨ ਉਤੇ ਦਿਲ ਨਹੀਂ ਮੰਨਦਾ।'

'ਮੇਰੇ ਜੀਉਂਦੇ ਜੀ ਮੇਰੇ ਨਾਲ ਕੋਈ ਧੱਕਾ ਨਹੀਂ ਕਰ ਸਕਦਾ। ਮੇਰਾ ਸਤਿਗੁਰੂ ਮੇਰੇ ਧਰਮ ਦਾ ਰਾਖਾ ਹੈ। ਅਕਾਲ ਪੁਰਖ ਮੇਰੇ ਜਹੀਆਂ ਅਬਲਾਵਾਂ ਦੀ ਬੇਨਤੀ ਜ਼ਰੂਰ ਸੁਣਦਾ ਹੈ। ਮੈਂ ਆਖਦੀ ਹਾਂ ਮੈਨੂੰ ਹੱਥ ਲਾ ਕੇ ਆਪਣਾ ਸਤਿਆਨਾਸ ਨਾ ਕਰ ਲਵੀਂ, ਮੈਂ ਬਿਜਲੀ ਹਾਂ, ਚੰਡੀ ਹਾਂ, ਮੇਰੀ ਪਵਿਤ੍ਰਤਾ ਸੱਚੀ ਹੈ ਤਾਂ ਕੋਈ ਆਦਮੀ ਮੇਰੇ ਤਨ ਨੂੰ ਹੱਥ ਨਹੀਂ ਲਾ ਸਕਦਾ।'

ਵਾਸ਼ਨਾ-ਕਾਮ ਦੀ ਵਾਸ਼ਨਾ-ਮਰਦ ਨੂੰ ਅੰਨ੍ਹਾ ਬੋਲਾ ਤੇ ਪਾਗਲ ਬਣਾ ਦੇਂਦੀ ਹੈ। ਮਰਦ ਮਰਨ ਤੇ ਤੁਲ ਜਾਂਦਾ ਹੈ। ਏਸੇ ਵਾਸ਼ਨਾ ਕੁੱਤੀ ਦੇ ਪਿਛੇ ਲੱਗ ਕੇ ਇੰਦਰ ਨੇ ਆਪਣੇ ਤਨ ਉਤੇ ਹਜ਼ਾਰ ਭਗ ਕਰਵਾ ਲਈ ਸੀ, ਬ੍ਰਹਮਾ ਪੁੱਤਰੀ ਉੱਤੇ ਆਸ਼ਕ ਹੋ ਗਿਆ ਸੀ। ਹਜ਼ਾਰਾਂ ਮਰਦ ਕਲਜੁਗ ਵਿਚ ਵਾਸ਼ਨਾ ਦਾ ਸ਼ਿਕਾਰ ਹੋ ਕੇ ਆਪਣੇ ਸਰੀਰ ਕੁਲ ਤੇ ਧਰਮ ਨਾਸ ਕਰ ਲੈਂਦੇ ਹਨ। ਸਮੁੰਦ ਖਾਨ ਨੂੰ ਕਾਮ ਦੇ ਜੋਸ਼ ਨੇ ਪਾਗਲ ਕਰ ਦਿਤਾ। ਉਹ ਪਵਿਤਰ ਤਨ ਬਸੰਤ ਲਤਾ ਨੂੰ ਜੱਫੀ ਵਿਚ ਘੁਟ ਲੈਣ ਵਾਸਤੇ ਤਿਆਰ ਹੋਇਆ। ਉਸ ਨੇ ਕੜਕ

ਕੇ ਆਖਿਆ—'ਬਸੰਤ ਲਤਾ! ਨਾਦਾਨ ਨਾ ਬਣ, ਮਰਦ ਦੇ ਸਾਹਮਣੇ ਇਸਤਰੀ ਦੀ ਕੋਈ ਸ਼ਕਤੀ ਨਹੀਂ, ਮੈਂ ਮੁਗਲ ਦਾ ਪੁੱਤਰ ਹਾਂ। ਆ ਮੇਰੇ ਬਲ ਨੂੰ ਸਮਝ। ਤੇਰੀ ਜਹੀ ਮੈਂ ਬਾਹੀਂ ਵਿਚ ਘੁਟ ਕੇ ਮਾਰ ਸਕਦਾ ਹਾਂ ਆ ਗਲ ਦਾ ਹਾਰ ਬਣ।'

'ਮੇਰਾ ਸਤਿਗੁਰੂ ਮੇਰੀ ਸਹਾਇਤਾ ਕਰੇਗਾ।' ਬਸੰਤ ਲਤਾ ਉੱਚੀ ਆਵਾਜ਼ ਵਿਚ ਬੋਲੀ।

ਸਮੁੰਦ ਖਾਨ—'ਤੇਰਾ ਸਤਿਗੁਰੂ ਆਪਣੀ ਰੱਖਿਆ ਨਹੀਂ ਕਰ ਸਕਿਆ ਉਹ ਤੇਰੀ ਸਹਾਇਤਾ ਕੀ ਕਰ ਸਕਦਾ ਹੈ?'

ਬਸੰਤ ਲਤਾ—'ਔਹ ਵੇਖੋ! ਮੇਰੇ ਸਤਿਗੁਰੂ ਜੀ ਆ ਗਏ। ਪਾਪੀ ਕੁਤੇ ਪਰ੍ਹਾਂ ਹਟ ਜਾ, ਹਟ ਜਾ ਧੰਨ ਮੇਰੇ ਸਤਿਗੁਰੂ ਕਲਗੀਆਂ ਵਾਲੇ ਪਿਤਾ ਆ ਪੁੱਜੇ। ਮੈਂ ਬਲਿਹਾਰ ਜਾਵਾਂ, ਆ ਗਏ।'

ਬਸੰਤ ਲਤਾ ਨੇ ਬੰਦੀਖਾਨੇ ਦੀਆਂ ਪੌੜੀਆਂ ਵਲ ਇਸ਼ਾਰਾ ਕਰ ਕੇ ਆਖਿਆ, ਸਮੁੰਦ ਖਾਨ ਨੇ ਮੁੜ ਦੇਖਿਆ, ਹਨੇਰਾ ਹੀ ਹਨੇਰਾ ਸੀ। ਉਸ ਨੂੰ ਕੋਈ ਮਰਦ ਦਿਖਾਈ ਨਾ ਦਿੱਤਾ। ਉਹ ਹੱਸ ਕੇ ਆਖਣ ਲੱਗਾ, 'ਪਾਗਲ ਹੋ ਗਈ ਹੈਂ? ਕਿਥੇ ਹੈ ਤੇਰਾ ਗੁਰੂ? ਇਥੇ ਮੌਤ ਦੇ ਫ਼ਰਿਸ਼ਤੇ ਤੋਂ ਬਿਨਾਂ ਕੋਈ ਦਾਖ਼ਲ ਨਹੀਂ ਹੋ ਸਕਦਾ, ਇਥੇ ਤਾਂ ਹਵਾ ਵੀ ਨਹੀਂ ਆਉਂਦੀ। ਤੈਨੂੰ ਕਿਵੇਂ ਸ਼ੱਕ ਪੈ ਰਿਹਾ ਹੈ।'

## ਰੱਬੀ ਸ਼ਕਤੀ ਨੇ ਬਸੰਤ ਲਤਾ ਦੀ ਸਹਾਇਤਾ ਕਰਨੀ

ਪਰ ਬਸੰਤ ਲਤਾ ਹੱਥ ਜੋੜ ਕੇ ਆਖੀ ਗਈ, 'ਧੰਨ ਹੋ ਸਤਿਗੁਰੋ, ਮੈਂ ਬਲਿਹਾਰ ਜਾਂਦੀ ਹਾਂ। ਆਪਣੀ ਪਿਆਰੀ ਪੁੱਤਰੀ ਦੀ ਸਹਾਇਤਾ ਵਾਸਤੇ ਪੁੱਜ ਪਏ ਜੇ, ਇਸ ਪਾਪੀ ਨੂੰ ਬਹੁਤ ਸਮਝਾਇਆ, ਪਰ ਇਹ ਨਹੀਂ ਸਮਝਦਾ। ਇਹ ਆਪ ਦੀ ਸ਼ਕਤੀ, ਅਕਾਲ ਪੁਰਖ ਦੀ ਸਹਾਇਤਾ ਨੂੰ ਮਖੌਲ ਕਰਦਾ ਹੈ। ਦਾਤਾ, ਮਿਹਰ ਕਰੋ ਬੰਦੀਖਾਨੇ ਵਿਚੋਂ ਕੱਢ ਕੇ ਲੈ ਚਲੋ।'

ਸਮੁੰਦ ਖਾਂ ਹੈਰਾਨ ਹੋਇਆ, ਉਹ ਅਨੁਭਵ ਕਰਨ ਲਗਾ ਕਿ ਸ਼ਾਇਦ ਭੈ ਕਰਨ ਨਾਲ ਬਸੰਤ ਲਤਾ ਸ਼ੁਦਾਈ ਹੋ ਰਹੀ ਹੈ। ਕੋਈ ਹੋਰ ਗੱਲ ਕਰਨ ਤੋਂ ਬਿਨਾਂ ਉਹ ਅਗੇ ਵਧਿਆ, ਉਸ ਨੇ ਬਾਹੀਂ ਫੈਲਾਈਆਂ ਬਸੰਤ ਲਤਾ ਨੂੰ ਜੱਫੀ

ਵਿਚ ਘੁਟਣ ਵਾਸਤੇ ਪਰ ਉਸ ਦੀਆਂ ਬਾਹੀਂ ਖੁਲ੍ਹੀਆਂ ਦੀਆਂ ਖੁਲ੍ਹੀਆਂ ਰਹੀਆਂ। ਉਹ ਮੁੜ ਕੇ ਇਕੱਠੀਆਂ ਨਾ ਹੋਈਆਂ ਸਗੋਂ ਆਕੜ ਗਈਆਂ। ਉਸ ਦੇ ਪੈਰ ਧਰਤੀ ਨਾਲ ਜੁੜ ਗਏ। ਅੱਖਾਂ ਤੋਂ ਅੰਨ੍ਹਾ ਹੋ ਗਿਆ। ਉਸ ਦੇ ਸਰੀਰ ਦਾ ਲਹੂ ਜੰਮਣ ਲੱਗਾ। ਉਹ ਹੈਰਾਨ ਸੀ ਕਿ ਉਸ ਨੂੰ ਕੀ ਹੋ ਗਿਆ ? ਕੀ ਸਚਮੁਚ ਕੋਈ ਰੱਬੀ ਸ਼ਕਤੀ ਬਸੰਤ ਲਤਾ ਦੀ ਸਹਾਇਤਾ ਕਰਨ ਵਾਸਤੇ ਆ ਗਈ ਹੈ ? ਬਸੰਤ ਲਤਾ ਦੋ ਕਦਮ ਪਿਛੇ ਹੋ ਗਈ। ਜੋ ਸਤਿਗੁਰੂ ਜੀ ਦੇ ਪ੍ਰਤੱਖ ਦਰਸ਼ਨ ਉਸ ਨੂੰ ਹੋ ਰਹੇ ਸਨ। ਉਹ ਅਲੋਪ ਹੋ ਗਏ, ਪਰ ਉਸ ਨੂੰ ਹੌਂਸਲਾ ਹੋ ਗਿਆ। ਉਹ ਗੁਰੂ ਜੀ ਦਾ ਜਸ ਕਰੀ ਗਈ—ਵਾਹਿਗੁਰੂ ਸਤਿਨਾਮੁ ਵਾਹਿਗੁਰੂ ਸਤਿਨਾਮੁ ਦਾ ਜਾਪ ਕਰਦੀ ਰਹੀ ਇਹ ਜਾਪ ਸਮੁੰਦ ਖਾਨ ਨੂੰ ਸੁਣਾਈ ਦੇਂਦਾ ਸੀ ਪਰ ਉਸ ਨੂੰ ਦਿਸਦਾ ਕੁਝ ਨਹੀਂ ਸੀ। ਉਸਦੀਆਂ ਬਾਹੀਂ ਆਕੜੀਆਂ ਹੋਈਆਂ ਸਨ ਉਹ ਇਕੱਠੀਆਂ ਨਹੀਂ ਸੀ ਹੁੰਦੀਆਂ। ਉਹਦੇ ਪੈਰ ਧਰਤੀ ਨਾਲ ਜੁੜੇ ਹੋਏ ਸੀ। ਉਹ ਹਿੱਲਦੇ ਨਹੀਂ ਸੀ। ਉਸ ਦਾ ਦਿਲ ਧੜਕਣੋਂ ਹਟ ਗਿਆ। ਉਸ ਦੀ ਕਾਮ ਵਾਸ਼ਨਾ ਖ਼ਤਮ ਹੋ ਗਈ ਸੀ। ਉਹ ਇਕ ਅਹਿੱਲ ਮਾਸ ਦੀ ਮੂਰਤੀ ਸੀ। ਸ਼ੁਕਰ ਸੀ ਕਿ ਉਸ ਦੀ ਜ਼ਬਾਨ ਤੇ ਉਹਦੇ ਕੰਨ ਕੰਮ ਕਰਦੇ ਸਨ। ਆਪਣੀ ਇਹ ਮੰਦੀ ਹਾਲਤ ਦੇਖ ਕੇ ਉਹ ਡਰ ਗਿਆ। ਉਸ ਨੂੰ ਕਈ ਭਿਆਨਕ ਸੂਰਤਾਂ ਡਰਾਉਣ ਲਗੀਆਂ। ਆਪਣਾ ਰਾਜ, ਬੇਗਮਾਂ ਤੇ ਧੀਆਂ ਪੁੱਤਰ ਯਾਦ ਆਉਣ ਲਗੇ। ਉਸ ਨੇ ਪ੍ਰਤੀਤ ਕਰ ਲਿਆ ਕਿ ਉਹ ਹੁਣ ਜੀਉਂਦਾ ਨਹੀਂ ਰਹਿ ਸਕਦਾ। ਸਚਮੁਚ ਕੋਈ ਰੱਬੀ ਸ਼ਕਤੀ ਹੈ। ਉਹ ਡਡੋ-ਲਿੱਕਾ ਹੋ ਕੇ ਬੋਲਿਆ, 'ਦੇਵੀ ਬਸੰਤ ਲਤਾ ਮੈਨੂੰ ਖਿਮਾ ਕਰ। ਮੇਰੇ ਪਾਪਾਂ ਨੂੰ ਬਖ਼ਸ਼, ਮੈਂ ਭੁਲਿਆ। ਭੈਣ ਬਸੰਤ ਲਤਾ ਮੈਨੂੰ ਮੁਆਫ਼ ਕਰ।'

'ਮੇਰੇ ਵੱਸ ਦੀ ਗੱਲ ਨਹੀਂ ! ਮੈਂ ਤਾਂ ਇਕ ਅਬਲਾ ਤੇ ਕੈਦਣ ਹਾਂ।' ਬਸੰਤ ਲਤਾ ਨੇ ਉੱਤਰ ਦਿੱਤਾ।

'ਮੇਰੀ ਖ਼ਾਤਰ ਆਪਣੇ ਸਤਿਗੁਰੂ ਅਗੇ ਅਰਦਾਸ ਕਰ, ਉਹ ਮੇਰੀਆਂ ਭੁਲਾਂ ਨੂੰ ਬਖ਼ਸ਼ਣ। ਮੇਰੀ ਚੰਦਰੀ ਜ਼ਬਾਨ ਵਿਚੋਂ ਜੋ ਉਹਨਾਂ ਦੀ ਸ਼ਾਨ ਵਿਚ ਮੰਦੇ ਸ਼ਬਦ ਨਿਕਲੇ ਹਨ ਉਹ ਖਿਮਾਂ ਕਰਨ। ਮੈਂ ਮਹਾਂ ਪਾਪੀ ਹਾਂ। ਮੈਨੂੰ ਬਖ਼ਸ਼ਣ, ਮੇਰੀਆਂ ਅੱਖਾਂ ਖੁਲ੍ਹਣ। ਮੇਰੇ ਹੱਥ ਠੀਕ ਹੋ ਜਾਣ। ਤੈਨੂੰ ਭੈਣ ਸਮਝਦਾ ਹਾਂ, ਮੈਂ ਖ਼ੁਦ ਨੂੰ ਹਾਜਰ ਨਾਜਰ ਸਮਝ ਕੇ ਕਸਮ ਖਾਂਦਾ ਹਾਂ ਕਿ ਭੈਣ ਬਸੰਤ ਲਤਾ

ਨੂੰ ਗੁਰੂ ਜੀ ਦੇ ਪਰਿਵਾਰ ਕੋਲ ਭੇਜ ਦਿਆਂਗਾ। ਇਸ ਦਾ ਕੋਈ ਨਿਰਾਦਰ ਨਹੀਂ ਕਰਾਂਗਾ।'

ਜਿਉਂ ਹੀ ਸਮੁੰਦ ਖਾਨ ਨੇ ਇਉਂ ਸੁਗੰਧ ਖਾਧੀ, ਤਿਉਂ ਹੀ ਉਸ ਦੀਆਂ ਅੱਖਾਂ ਖੁਲ੍ਹ ਗਈਆਂ। ਉਸ ਦੇ ਹੱਥ ਮੁੜ ਪਏ ਤੇ ਲੱਤਾਂ ਵਿਚ ਲਹੂ ਉੱਤਰ ਆਇਆ। ਬਸੰਤ ਲਤਾ ਵਾਹਿਗੁਰੂ ਸਿਮਰਨ ਕਰੀ ਜਾ ਰਹੀ ਸੀ। ਸਮੁੰਦ ਖਾਨ ਛੇਤੀ ਨਾਲ ਅਗੇ ਹੋਇਆ। ਦੋਵੇਂ ਹੱਥ ਜੋੜ ਕੇ ਉਸ ਨੇ ਬਸੰਤ ਲਤਾ ਨੂੰ ਪ੍ਰਨਾਮ ਕੀਤਾ ਤੇ ਆਖਿਆ, 'ਆ ਭੈਣ! ਮੇਰੇ ਨਾਲ ਆ, ਤੇਰੇ ਸਾਰੇ ਦੁੱਖ ਦੂਰ! ਖ਼ੁਦਾ ਤੇਰਾ ਭਲਾ ਕਰੇ, ਮੈਨੂੰ ਮੂਰਖ ਨੂੰ ਖ਼ੁਦਾ ਨੇ ਪਾਪ ਕਰਨ ਤੋਂ ਬਚਾਅ ਲਿਆ ਹੈ।'

## ਬਸੰਤ ਲਤਾ ਦਾ ਮਾਤਾ ਸਾਹਿਬ ਕੌਰ ਨੂੰ ਮੁੜ ਮਿਲਣਾ

ਬਸੰਤ ਲਤਾ ਨੂੰ ਭੈਣ ਬਣਾ ਕੇ ਸਮੁੰਦ ਖਾਨ ਬੰਦੀਖਾਨੇ ਵਿਚੋਂ ਕੱਢ ਕੇ ਆਪਣੇ ਮਹੱਲਾਂ ਵਿਚ ਲੈ ਗਿਆ। ਬੇਗ਼ਮ ਨੂੰ ਆਖ ਕੇ ਉਸ ਦਾ ਬੜਾ ਸਤਿਕਾਰ ਕਰਵਾਇਆ ਨਾਲ ਹੀ ਉਸ ਦੀ ਪਵਿੱਤਰਤਾ ਦੀ ਸਾਖੀ ਸੁਣਾਈ। ਉਹ ਸੁਣ ਕੇ ਤ੍ਰਬਕ ਗਈਆਂ। ਇਸਤਰੀਆਂ ਜੋ ਸਨ ਉਹ ਤਾਂ ਬਸੰਤ ਲਤਾ ਨੂੰ ਪ੍ਰਤੱਖ ਲਾਟਾਂ ਵਾਲੀ ਦੇਵੀ ਸਮਝਣ ਲਗੀਆਂ। ਚੰਦ੍ਰ ਪ੍ਰਭਾ ਸਚਮੁਚ ਹਿੰਦਣੀ ਨਵਾਬ ਕੋਲ ਨੌਕਰ ਸੀ, ਉਹ ਰੋਟੀ ਪਕਾ ਕੇ ਬਸੰਤ ਲਤਾ ਨੂੰ ਖੁਆਣ ਲੱਗੀ। ਸਮੁੰਦ ਖਾਨ ਨੇ ਤੀਸਰੇ ਦਿਨ ਬਸੰਤ ਲਤਾ ਨੂੰ ਆਖਿਆ—'ਭੈਣ ਮੁਆਫ਼ ਕਰਨਾ! ਬੜੀਆਂ ਭੈੜੀਆਂ ਖ਼ਬਰਾਂ ਦਸਣ ਲੱਗਾ ਹਾਂ। ਮੈਂ ਸਤਿਗੁਰੂ ਤੇ ਗੁਰੂ ਜੀ ਦੇ ਪਰਿਵਾਰ ਦਾ ਪਤਾ ਕੀਤਾ ਹੈ। ਗੁਰੂ ਜੀ ਦੇ ਦੋ ਵਡੇ ਬੇਟੇ ਚਮਕੌਰ ਦੀ ਲੜਾਈ ਵਿਚ ਸ਼ਹੀਦ ਹੋ ਗਏ ਹਨ। ਗੁਰੂ ਜੀ ਅਗੇ ਨਿਕਲ ਗਏ ਨੇ। ਸਾਰਾ ਪਰਿਵਾਰ ਖਿਲਰ ਗਿਆ ਹੈ। ਅਜੇ ਰਾਮ ਰੌਲਾ ਬਹੁਤ ਹੈ ਥੋੜੇ ਦਿਨਾਂ ਵਿਚ ਅਮਨ ਹੋ ਜਾਵੇਗਾ ਤਾਂ ਤੈਨੂੰ ਭੇਜ ਦਿੱਤਾ ਜਾਵੇਗਾ। ਅਜੇ ਸਮਾਂ ਚੰਗਾ ਨਹੀਂ ਇਥੇ ਸੁਖ ਤੇ ਸ਼ਾਂਤੀ ਨਾਲ ਰਹੋ।'

'ਜਿਵੇਂ ਆਪਦੀ ਮਰਜ਼ੀ ਵੀਰ ਜੀ! ਮੈਂ ਆਪ ਦੇ ਆਸਰੇ ਹਾਂ। ਖ਼ਤਰੇ ਵੇਲੇ ਤੁਰਨਾ ਤਾਂ ਚੰਗਾ ਨਹੀਂ।' ਬਸੰਤ ਲਤਾ ਨੇ ਉੱਤਰ ਦਿੱਤਾ।

ਸਮੁੰਦ ਖਾਨ ਦੀ ਭੈਣ ਬਣ ਕੇ ਰਹਿੰਦਿਆਂ ਹੋਇਆਂ ਬਸੰਤ ਲਤਾ ਨੂੰ ਚੋਖੇ

ਦਿਨ ਹੋ ਗਏ । ਉਹ ਸਾਰਾ ਦਿਨ ਭਗਤੀ ਕਰਦੀ ਰਹਿੰਦੀ । ਸਮੁੰਦ ਖਾਨ ਦੀਆਂ ਬੇਗ਼ਮਾਂ ਦਾਸੀਆਂ ਤੇ ਹੋਰ ਤ੍ਰੀਮਤਾਂ ਉਸ ਦੀ ਪੂਜਾ ਕਰਦੀਆਂ । ਉਹ ਗੁਰੂ ਘਰ ਦੀਆਂ ਸ਼ਕਤੀਆਂ ਨੂੰ ਬਿਆਨ ਕਰਦੀ ਰਹਿੰਦੀ । ਇਸ ਤਰ੍ਹਾਂ ਦੋ ਮਹੀਨੇ ਲੰਘ ਗਏ । ਲੜਾਈ ਦੇ ਬੱਦਲ ਖਿਲਰ ਗਏ । ਹਰ ਪਾਸੇ ਅਮਨ ਹੋ ਗਿਆ । ਆਵਾਜਾਈ ਸ਼ੁਰੂ ਹੋ ਗਈ । ਉਸ ਵੇਲੇ ਸਮੁੰਦ ਖਾਨ ਨੇ ਆਪਣੇ ਬਚਨ ਅਨੁਸਾਰ ਬਸੰਤ ਲਤਾ ਨੂੰ ਤੋਰਿਆ, ਛੇ ਸਵਾਰ ਨਾਲ ਦਿੱਤੇ । ਚੰਦ੍ਰ ਪ੍ਰਭਾ ਨੂੰ ਨਾਲ ਤੋਰਿਆ ਤੇ ਪਾਲਕੀ ਵਿਚ ਬੈਠਾ ਕੇ ਭੈਣ ਨੂੰ ਵਿਦਾ ਕੀਤਾ। ਪੰਦਰ੍ਹਾਂ ਦਿਨ ਦੀ ਮੰਜ਼ਲ ਕਰ ਕੇ ਬਸੰਤ ਲਤਾ ਗੁਰੂ ਜੀ ਦੇ ਮਹਿਲਾਂ (ਮਾਤਾ ਸਾਹਿਬ ਕੌਰ ਤੇ ਮਾਤਾ ਸੁੰਦਰੀ ਜੀ) ਨੂੰ ਦੀਨੇ ਦੇ ਮੁਕਾਮ ਉਤੇ ਆ ਮਿਲੇ। ਮਾਤਾ ਜੀ ਨੂੰ ਮਿਲ ਕੇ ਬਸੰਤ ਲਤਾ ਬਹੁਤ ਖ਼ੁਸ਼ ਹੋਈ । ਆਪਣੇ ਵਿਛੜਨ ਤੇ ਧਰਮ ਦੇ ਬਚਨ ਦੀ ਸਾਰੀ ਕਥਾ ਉਸ ਨੇ ਮਾਤਾ ਜੀ ਨੂੰ ਸੁਣਾ ਦਿੱਤੀ।

ਜੋ ਦੇਵੀਆਂ ਧਰਮ ਵਿਚ ਪੱਕੀਆਂ ਹਨ, ਅਕਾਲ ਪੁਰਖ ਉਨ੍ਹਾਂ ਦੀ ਆਪ ਸਹਾਇਤਾ ਕਰਦਾ ਹੈ । ਉੱਚਾ ਇਖ਼ਲਾਕ, ਉੱਚਾ ਜੀਵਨ ਬਣਾਉਂਦਾ ਹੈ । ਸਿੱਖ ਬੀਬੀਆਂ ਨੂੰ ਬਸੰਤ ਲਤਾ ਦੀ ਕਥਾ ਜ਼ਰੂਰ ਸੁਣਨੀ ਤੇ ਚੇਤੇ ਰੱਖਣੀ ਚਾਹੀਦੀ ਹੈ ।

# ੮੯. ਬੀਬੀ ਸ਼ਰਨ ਕੌਰ ਦੀ ਕੁਰਬਾਨੀ

## ਜੰਗ ਚਮਕੌਰ

ਰੋਪੜ (ਜ਼ਿਲ੍ਹਾ ਅੰਬਾਲਾ) ਦੇ ਦੱਖਣ ਵਿਚ ਰੋਪੜ ਨਹਿਰ ਕਿਨਾਰੇ ਗੁਰਦੁਆਰਾ ਚਮਕੌਰ ਸਾਹਿਬ ਹੈ । ਇਹ ਅਮਰ ਤੇ ਸ਼੍ਰੋਮਣੀ ਸ਼ਹੀਦਾਂ ਦੀ ਯਾਦ ਹੈ । ੧੭੦੪ ਈ: ਵਿਚ ਇਥੇ ਮੁਗਲ ਸੈਨਾ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਦੋਹਾਂ ਸਾਹਿਬਜ਼ਾਦਿਆਂ ਦੇ ਵਿਚਾਲੇ ਵੱਡੀ ਲੜਾਈ ਹੋਈ ਸੀ। ਬਹੁਤ ਹੀ ਅਸਚਰਜ ਲੜਾਈ । ਇਕ ਪਾਸੇ ਸਿਰਫ਼ ਚਾਲੀ ਕੁ ਸਿੰਘ ਸਨ ਤੇ ਦੂਸਰੇ ਪਾਸੇ ਹਜ਼ਾਰਾਂ ਦੀ ਗਿਣਤੀ ਵਿਚ ਮੁਗਲ ਸੈਨਾ ਤੇ ਮੁਗਲ ਸੈਨਾ ਦੇ ਸਹਾਇਕ ਸਨ । ਕੱਚੀ ਗੜ੍ਹੀ ਵਿਚ ਸਤਿਗੁਰੂ ਜੀ ਨੇ ਡੇਰੇ ਲਾਏ ਸਨ। ਉਥੋਂ ਹੀ ਦੁਸ਼ਮਨ ਦਾ ਮੁਕਾਬਲਾ

ਕੀਤਾ ਸੀ । ਵਾਰੀ ਵਾਰੀ ਦੋਹਾਂ ਵੱਡੇ ਪੁੱਤਰਾਂ ਨੂੰ ਆਪ ਜੰਗ ਨੂੰ ਤੋਰਿਆ ਸੀ, ਜਦੋਂ ਕਿ ਜੀਉਂਦੇ ਮੁੜਨ ਦੀ ਕੋਈ ਆਸ ਨਹੀਂ ਸੀ ਦੁਸ਼ਮਨ ਦੀ ਗਿਣਤੀ ਬੇਅੰਤ ਸੀ, ਮਾਸੂਮ ਆਤਮਾਵਾਂ ਧਰਮ ਬਦਲੇ ਸ਼ਹੀਦ ਹੋ ਗਈਆਂ ਸਨ । ਅੱਧੀ ਰਾਤ ਨੂੰ ਪੰਥ ਦਾ ਹੁਕਮ ਮੰਨ ਕੇ ਗੁਰੂ ਜੀ ਆਪ ਕੱਚੀ ਗੜ੍ਹੀ ਵਿਚੋਂ ਨਿਕਲ ਕੇ ਅਗੇ ਲੰਘ ਗਏ ਸਨ । ਦੁਸ਼ਮਨ ਥੱਕ ਟੁਟ ਕੇ ਬੈਠ ਗਿਆ ਸੀ । ਕਾਲੀ ਬੋਲੀ ਰਾਤ ਸ਼ਾਂ ਸ਼ਾਂ ਕਰਨ ਲਗ ਪਈ ਸੀ । ਉਸ ਵੇਲੇ ਮਹਾਂ ਪਰਲੋ ਦੇ ਸਮੇਂ ਇਕ ਸਿੱਖ ਦੇਵੀ ਹੱਥ ਵਿਚ ਦੀਵੇ ਦੀ ਰੌਸ਼ਨੀ ਲਈ ਮੈਦਾਨੇ ਜੰਗ ਵਿਚ ਇਕੱਲੀ ਫਿਰ ਰਹੀ ਸੀ, ਉਸ ਨੂੰ ਡਰ ਨਹੀਂ ਸੀ ਲਗਦਾ । ਉਚੀਆਂ ਨੀਵੀਆਂ ਥਾਵਾਂ ਤੇ ਪਈਆਂ ਲੋਥਾਂ ਨੂੰ ਪਛਾਣਦੀ ਸੀ । ਜੋ ਕੋਈ ਸਿੰਘ ਦੀ ਲੋਥ ਪ੍ਰਤੀਤ ਹੁੰਦੀ ਸੀ, ਉਸ ਨੂੰ ਚੁੱਕ ਕੇ ਦੂਰ ਰੱਖ ਆਉਂਦੀ ਸੀ, ਜਿਥੇ ਇਕ ਅਯਾਲੀ ਦਾ ਬੜਾ ਵੱਡਾ ਵਾੜਾ ਸੀ, ਛਾਪਿਆਂ ਦੀਆਂ ਉਚੀਆਂ ਕੰਧਾਂ ਸਨ । ਬੇਅੰਤ ਬਾਲਣ ਸੀ, ਪਰ ਉਹ ਲੜਾਈ ਤੋਂ ਡਰਦਾ ਵਾੜਾ ਸੁੰਞਾ ਛਡ ਗਿਆ ਹੋਇਆ ਸੀ। ਇਸ ਤਰ੍ਹਾਂ ਲਭਦਿਆਂ ਹੋਇਆਂ ਉਸ ਦੇਵੀ ਨੇ ਤੀਹ ਕੁ ਸਿੰਘ ਲਭੇ । ਦੋਹਾਂ ਹੀ ਸਾਹਿਬਜ਼ਾਦਿਆਂ ਦੀਆਂ ਮਾਸੂਮ ਜਿੰਦੜੀਆਂ ਭਾਲੀਆਂ । ਉਨ੍ਹਾਂ ਨੂੰ ਬਹੁਤ ਸਤਿਕਾਰ ਨਾਲ ਚੁੱਕ ਲਿਆਈ, ਸ਼ਹੀਦਾਂ ਦੀਆਂ ਦੇਹਾਂ ਨੂੰ ਢੋਂਦਿਆਂ ਹੋਇਆਂ ਉਸ ਦੀਆਂ ਲੱਤਾਂ ਥੱਕ ਗਈਆਂ, ਸਰੀਰ ਹਫ ਗਿਆ, ਪਰ ਦਿਲ ਤਕੜਾ ਰਿਹਾ । ਉਸ ਨੇ ਹੋਰ ਸਿੰਘਾਂ ਦੇ ਸਰੀਰ ਭਾਲਣ ਦਾ ਯਤਨ ਕੀਤਾ, ਪਰ ਉਸ ਨੂੰ ਹੱਥ ਨਾ ਆਏ। ਲੋਥ ਉਤੇ ਲੋਥ ਚੜ੍ਹੀ ਹੋਈ ਸੀ, ਕੋਈ ਪਤਾ ਨਹੀਂ ਸੀ ਲਗਦਾ। ਆਖ਼ਰ ਇਕ ਦੇਹ ਉਸ ਨੂੰ ਲਭ ਹੀ ਪਈ, ਉਸ ਦੇ ਲਾਗੇ ਸੌ ਮੁਸਲਮਾਨ ਮਰਿਆ ਪਿਆ ਸੀ । ਉਸ ਨੂੰ ਦੇਖ ਕੇ ਉਹ ਖ਼ੁਸ਼ ਹੋਈ ਸੀ । ਉਸ ਨੇ ਲੋਥ ਨੂੰ ਚੁਕਿਆ ਤੇ ਪਛਾਣਿਆ । ਦੀਵੇ ਦੀ ਰੌਸ਼ਨੀ ਆਸਰੇ ਚਿਹਰੇ ਨੂੰ ਚੰਗੀ ਤਰ੍ਹਾਂ ਦੇਖਿਆ, ਪਛਾਣ ਕੇ ਉਹ ਹੌਲੀ ਜਿਹੀ ਬੋਲੀ—'ਵਾਹ ! ਮੇਰੇ ਸ਼ਹੀਦ ਪਤੀ ਦੇਵਤਾ ! ਆਪ ਦੀ ਬਹਾਦਰੀ ਤੇ ਸ਼ਹੀਦੀ ਦੀ ਮੈਂ ਉਪਮਾ ਕਰਦੀ ਹਾਂ ! ਆਪ ਵਡੇ ਭਾਗਾਂ ਵਾਲੇ ਜੇ ਜਿਨ੍ਹਾਂ ਨੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ਼ਹੀਦੀ ਪ੍ਰਾਪਤ ਕੀਤੀ ਹੈ । ਮੈਨੂੰ ਇਹੋ ਆਸ ਸੀ । ਮੈਂ ਘਰੋਂ ਤੁਰਦੇ ਨੂੰ ਜੋ ਕੁਝ ਆਖਿਆ ਸੀ, ਸੋ ਕੁਝ ਹੋਇਆ ਮੇਰੇ ਧੰਨ ਭਾਗ ਮੇਰਾ ਪਤੀ ਸ਼ਹੀਦ ਹੋ ਗਿਆ । ਮੇਰੇ ਪ੍ਰੀਤਮ ! ਮੈਂ ਤੇਰੀ ਉਪਮਾ ਕਰਦੀ ਰਹਾਂਗੀ।'

ਆਪਣੇ ਪਤੀ ਦੀ ਲੋਥ ਨੂੰ ਚੁੱਕ ਕੇ ਉਸੇ ਥਾਂ ਲੈ ਆਈ, ਜਿਥੇ ਹੋਰ ਲੋਥਾਂ ਸਨ। ਛਾਪਿਆਂ ਦੇ ਵਿਚ ਸਾਰੀਆਂ ਲੋਥਾਂ ਰੱਖ ਕੇ ਦੀਵੇ ਦੀ ਲਾਟ ਨਾਲ ਉਸ ਨੇ ਅੱਗ ਲਾ ਦਿੱਤੀ, ਸੁੱਕਾ ਬਾਲਣ। ਪਲਾਂ ਵਿਚ ਦੀ ਅੱਗ ਦੇ ਭਾਂਬੜ ਮੱਚ ਪਏ। ਅੱਗ ਦੇ ਭਾਂਬੜਾਂ ਨਾਲ ਦੂਰ ਦੂਰ ਤੱਕ ਚਾਨਣ ਹੋ ਗਿਆ। ਮੁਗਲ ਫ਼ੌਜ ਦੇ ਸਿਪਾਹੀ ਮੈਦਾਨ ਜੰਗ ਵਿਚ ਅੱਗ ਬਲਦੀ ਦੇਖ ਕੇ ਬਹੁਤ ਹੈਰਾਨ ਹੋਏ ਪਹਿਲਾਂ ਦੀਵਾ ਦੇਖ ਕੇ ਹੈਰਾਨ ਸਨ, ਪਰ ਡਰਦੇ ਅਗੇ ਨਹੀਂ ਸੀ ਆਉਂਦੇ, ਉਹ ਸਮਝਦੇ ਸਨ ਕਿ ਕੋਈ ਭੂਤ-ਚੁੜੇਲ ਹੈ ਜੋ ਲੋਥਾਂ ਚੌਗਿਰਦੇ ਫਿਰਦੀ ਹੈ, ਪਰ ਜਦੋਂ ਅੱਗ ਬਲੀ ਤਾਂ ਉਹ ਰੁਕੇ ਨਾ ਰਹੇ। ਝੱਟਪਟ ਦੌੜੇ ਆਏ, ਆ ਕੇ ਕੀ ਦੇਖਦੇ ਹਨ ਮਰਦਾਂ ਦੀਆਂ ਲੋਥਾਂ ਸੜ ਰਹੀਆਂ ਹਨ! ਇਕੱਲੀ ਔਰਤ ਕੋਲ ਖਲੋਤੀ ਹੈ, ਵੱਡੀ ਸਾਰੀ ਲੱਕੜ ਨਾਲ ਹਿਲਾ ਹਿਲਾ ਕੇ ਬੇ-ਫ਼ਿਕਰੀ ਤੇ ਨਿਰਭੈਤਾ ਨਾਲ ਸਾੜ ਰਹੀ ਹੈ। ਉਹ ਔਰਤ ਹੈ ਕਿ ਚੁੜੇਲ? ਸਿਪਾਹੀ ਬਹੁਤ ਹੈਰਾਨ ਹੋਏ ਅੱਧੀ ਰਾਤ ਦੇ ਸਮੇਂ ਲੜਾਈ ਦੇ ਮੈਦਾਨ ਵਿਚ ਇਕ ਇਸਤਰੀ ਨੂੰ ਕਿਵੇਂ ਹੌਸਲਾ ਪਿਆ। ਉਨ੍ਹਾਂ ਨੇ ਡਰਦਿਆਂ ਡਰਦਿਆਂ ਦੂਰੋਂ ਹੀ ਪੁਛਿਆ—

'ਤੂੰ ਕੌਣ ਹੈਂ?'

'ਮੈਂ ਸ਼ਰਨ ਕੌਰ ਹਾਂ! ਭਾਈ ਪ੍ਰੀਤਮ ਸਿੰਘ ਦੀ ਸਿੰਘਣੀ!' ਇਸਤਰੀ ਨੇ ਉਨ੍ਹਾਂ ਵਲ ਦੇਖੇ ਬਿਨਾਂ ਹੀ ਉੱਤਰ ਦਿੱਤਾ। ਉਹ ਡਰੀ ਨਹੀਂ ਡੋਲੀ ਨਹੀਂ।

'ਇਥੇ ਕੀ ਕਰਨ ਆਈ ਏਂ?' ਸਿਪਾਹੀਆਂ ਫਿਰ ਪੁਛਿਆ।

'ਆਪਣੇ ਸ਼ਹੀਦ ਪਤੀ ਦਾ ਸਸਕਾਰ ਕਰਨ ਵਾਸਤੇ।'

'ਤੈਨੂੰ ਡਰ ਨਹੀਂ ਆਉਂਦਾ?'

'ਕਿਸ ਗੱਲ ਦਾ?'

'ਮੁਗਲ ਰਾਜ ਦਾ, ਸੈਨਾ ਦਾ।'

'ਮੈਨੂੰ ਕਿਸੇ ਦਾ ਡਰ ਨਹੀਂ, ਮੈਂ ਆਪਣਾ ਫ਼ਰਜ਼ ਪੂਰਾ ਕਰਨ ਵਾਸਤੇ ਆਈ ਸਾਂ, ਸੋ ਕਰ ਲਿਆ ਹੈ। ਜੇ ਜੀਅ ਕਰਦਾ ਜੇ ਤਾਂ ਮਾਰ ਸੁਟੋ।'

ਇਨ੍ਹਾਂ ਗੱਲਾਂ ਤੋਂ ਸਿਪਾਹੀਆਂ ਨੂੰ ਪ੍ਰਤੀਤ ਹੋ ਗਿਆ ਕਿ ਉਹ ਇਕੋ ਇਸਤਰੀ ਹੈ ਤੇ ਹੈ ਵੀ ਸਿੰਘਣੀ। ਦੋ ਹਟੇ ਕਟੇ ਸਿਪਾਹੀ ਅਗੇ ਵਧੇ ਉਨ੍ਹਾਂ ਨੇ ਚੁੱਕ ਕੇ ਸ਼ਰਨ ਕੌਰ ਨੂੰ ਅੱਗ ਦੇ ਭਾਂਬੜ ਵਿਚ ਸੁਟ ਦਿਤਾ। ਅੱਗ ਨੇ ਉਸ ਦੇ ਸਰੀਰ ਨੂੰ ਆਪਣੀ ਲਪੇਟ ਵਿਚ ਲੈ ਲਿਆ। ਗੁਰੂ ਗੋਬਿੰਦ ਸਿੰਘ ਜੀ ਦੀ

ਸਪੁੱਤਰੀ ਸ਼ਹੀਦਾਂ ਦਾ ਸਸਕਾਰ ਕਰਦੀ ਹੋਈ ਆਪ ਸ਼ਹੀਦ ਹੋ ਗਈ। ਉਸ ਦੀ ਰੂਹ ਉਸ ਦੇ ਪਤੀ ਦੀ ਰੂਹ ਨਾਲ ਜਾ ਮਿਲੀ। ਮੁਗਲ ਸਿਪਾਹੀ ਹੈਰਾਨ ਸਨ ਉਹ ਆਪੋ ਵਿਚ ਦੀ ਗੱਲਾਂ ਕਰਦੇ ਹੋਏ ਤੁਰ ਗਏ। ਉਹ ਆਖਦੇ ਸਨ— 'ਪਤਾ ਨਹੀਂ ਸਿਖ ਕਿਸ ਮਿੱਟੀ ਦੇ ਘੜੇ ਹੋਏ ਹਨ। ਮੌਤ ਦੀ ਕਖ ਪ੍ਰਵਾਹ ਨਹੀਂ ਕਰਦੇ। ਦੇਖੋ ਨਾ ਇਸ ਇਸਰਤੀ ਦਾ ਹੌਂਸਲਾ ਕਈਆਂ ਮਰਦਾਂ ਦੇ ਹੌਂਸਲੇ ਨਾਲੋਂ ਵੱਡਾ ਹੈ ਜੋ ਕੰਮ ਇਕੱਲੀ ਨੇ ਕੀਤਾ ਹੈ ਇਹ ਕੰਮ ਮਰਦ ਨਹੀਂ ਕਰ ਸਕਦੇ। ਧੰਨ ਹੈ ਸ਼ਹੀਦ ਦੇਵੀ ਸ਼ਰਨ ਕੌਰ!'

# ੯੦. ਬੀਬੀ ਰੰਗ ਕੌਰ

ਹੋਲੀਆਂ ਉਤਰ ਆਈਆਂ ਸਨ, ਹੋਲੇ ਮਹੱਲੇ ਵਿਚ ਚੋਖੇ ਦਿਨ ਰਹਿੰਦੇ ਸੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਮਸੰਦਾਂ ਨੇ ਪਿੰਡਾਂ ਵਿਚ ਫਿਰ ਕੇ ਸੰਗਤਾਂ ਨੂੰ ਦਸਿਆ ਕਿ ਇਸ ਸਾਲ ਦਾ ਹੋਲਾ ਬਹੁਤ ਵੱਡਾ ਲਗੇਗਾ। ਸਭ ਮਾਈ ਭਾਈ ਹੁਮ ਹੁਮਾ ਕੇ ਪੁੱਜਣ। ਮਾਲਵੇ ਦੇ ਇਕ ਪਿੰਡ ਵਿਚੋਂ ਬਹੁਤ ਸਾਰੀ ਸੰਗਤ ਇਕ ਵੱਡਾ ਸੰਗ ਬਣਾ ਕੇ ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਤਿਆਰ ਹੋਈ, ਸੰਗ ਵਿਚ ਮਰਦਾਂ ਨਾਲੋਂ ਇਸਤਰੀਆਂ ਦੀ ਗਿਣਤੀ ਬਹੁਤ ਸੀ।

ਉਸ ਨਗਰ ਵਿਚ ਇਕ ਬੀਬੀ ਰੰਗ ਕੌਰ ਰਹਿੰਦੀ ਸੀ, ਉਹ ਬੜੀ ਸ਼ਾਂਤ ਦਿਲ, ਸੁਘੜ, ਸੁਚੱਜੀ ਤੇ ਸੁੰਦਰ ਸੀ। ਉਹ ਆਪਣੇ ਪਤੀ ਦੀ ਬਹੁਤ ਸੇਵਾ ਕਰਿਆ ਕਰਦੀ ਸੀ। ਆਪਣੇ ਪਤੀ ਤੋਂ ਬਿਨਾਂ ਬਾਕੀ ਮਰਦਾਂ ਨੂੰ ਬਾਪ ਜਾਂ ਭਾਈ ਸਮਝਦੀ ਸੀ। ਉਸ ਦਾ ਪਤੀ ਨਾਲ ਪਿਆਰ ਰੱਬ ਵਰਗਾ ਸੀ, ਉਸ ਦਾ ਪਤੀ ਵੀ ਚੰਗਾ ਨੇਕ ਸੀ, ਉਹ ਵੀ ਰੰਗ ਕੌਰ ਨਾਲ ਕਦੀ ਨਰਾਜ ਨਾ ਹੁੰਦਾ। ਪ੍ਰਮਾਤਮਾ ਦੀ ਖੇਡ ਉਨ੍ਹਾਂ ਦੇ ਘਰ ਅਜੇ ਬਾਲ ਨਹੀਂ ਸੀ ਖੇਡਿਆ। ਰੰਗ ਕੌਰ ਨੂੰ ਬਹੁਤ ਚਾਅ ਸੀ ਕਿ ਉਹ ਬੱਚੇ ਦੀ ਮਾਂ ਬਣੇ, ਉਸਨੂੰ ਖਡਾਵੇ ਤੇ ਲਾਡ ਨਾਲ ਪਾਲੇ। ਸੱਤ ਸਾਲ ਵਿਆਹ ਹੋਏ ਨੂੰ ਹੋ ਗਏ, ਪਰ ਉਸ ਦੀ ਗੋਦੀ ਬਾਲ ਨਾ ਖੇਡਿਆ। ਕਈ ਵਾਰ ਉਹ ਘਬਰਾ ਜਾਂਦੀ ਤੇ ਆਪਣੇ ਪਤੀ ਪਿਆਰੇ ਨੂੰ ਆਖਦੀ ਸਵਾਮੀ ਜੀ! ਸ਼ਾਇਦ ਵਾਹਿਗੁਰੂ ਨੂੰ ਇਹ ਮਨਜ਼ੂਰ ਨਹੀਂ ਕਿ ਕਿਸੇ ਬੱਚੇ ਦੀ ਮਾਂ ਬਣਾਂ, ਇਸ ਵਾਸਤੇ ਤੁਸੀਂ ਕੋਈ ਹੋਰ ਵਿਆਹ ਕਰਾ

ਲਵੋ, ਮੈਂ ਤੁਸਾਂ ਦੀ ਸੇਵਾ ਕਰਦੀ ਰਹਾਂਗੀ । ਪਰ ਉਸ ਦਾ ਸਿਆਣਾ ਪਤੀ ਉਸ ਨੂੰ ਇਹੋ ਉੱਤਰ ਦੇ ਛੱਡਦਾ—'ਰੰਗ ਕੌਰੇ ਜੇ ਭਾਗਾਂ ਵਿਚ ਬੱਚਾ ਹੈ ਤਾਂ ਤੇਰੇ ਕੋਲੋਂ ਮਿਲ ਜਾਵੇਗਾ, ਮੈਂ ਹੋਰ ਵਿਆਹ ਨਹੀਂ ਕਰਾਉਣਾ ।'

ਪਿੰਡ ਦੀਆਂ ਸਿਆਣੀਆਂ ਇਸਤਰੀਆਂ ਤੇ ਰੰਗ ਕੌਰ ਦੀਆਂ ਸਹੇਲੀਆਂ ਨੇ ਇਹ ਪੱਕਾ ਫ਼ੈਸਲਾ ਕੀਤਾ ਕਿ ਇਸ ਵਾਰ ਉਹ ਰੰਗ ਕੌਰ ਨੂੰ ਜ਼ਰੂਰ ਹੋਲੇ ਮਹੱਲੇ ਉਤੇ ਨਾਲ ਖੜਨਗੀਆਂ । ਉਹ ਇਕੱਠੀਆਂ ਹੋ ਕੇ ਰੰਗ ਕੌਰ ਦੇ ਕੋਲ ਅਪੜੀਆਂ । ਉਨ੍ਹਾਂ ਵਿਚੋਂ ਇਕ ਪ੍ਰਤਾਪ ਕੌਰ ਨੇ ਗੱਲ ਛੇੜੀ, ਉਸ ਨੇ ਕਿਹਾ—'ਭੈਣ ਰੰਗ ਕੌਰ ਇਸ ਸੰਗ ਦੇ ਨਾਲ ਅਨੰਦਪੁਰ ਚਲ ਤੇ ਸਤਿਗੁਰੂ ਜੀ ਦੇ ਦਰਸ਼ਨ ਕਰ, ਸ਼ਾਇਦ ਤੇਰੇ ਉਤੇ ਗੁਰਾਂ ਦੀ ਮਿਹਰ ਹੋ ਜਾਵੇ । ਗੁਰੂ ਜੀ ਤੇਰੇ ਬਦਲੇ ਅਕਾਲ ਪੁਰਖ ਅਗੇ ਅਰਦਾਸ ਕਰਨਗੇ, ਤੇਰੇ ਘਰ ਵੀ ਰੌਣਕ ਹੋ ਜਾਵੇਗੀ, ਸਿਆਣੇ ਆਖਦੇ ਨੇ ਬਾਲਾਂ ਤੋਂ ਬਿਨਾਂ ਘਰ ਸੁੰਞਾ ਹੁੰਦਾ ਹੈ ।'

ਰੰਗ ਕੌਰ—'ਭੈਣ ਜੀ! ਮੈਂ ਤਾਂ ਘਰ ਹੀ ਚੰਗੀ ਹਾਂ । ਮੇਰਾ ਗੁਰੂ ਮੇਰਾ ਪ੍ਰਮੇਸ਼ਰ ਮੇਰਾ ਦੇਵਤਾ ਸਭ ਕੁਝ ਮੇਰਾ ਪਤੀ ਹੈ । ਮੈਂ ਇਸੇ ਦੇ ਚਰਨਾਂ ਦੀ ਸੇਵਾ ਕਰਨੀ ਹੈ। ਜੇ ਵਾਹਿਗੁਰੂ ਨੂੰ ਮਨਜ਼ੂਰ ਹੈ ਤਾਂ ਆਪੇ ਬਾਲਕ ਬਖ਼ਸ਼ ਦੇਵੇਗਾ। ਬਾਲਕ ਦੇ ਮੰਗਣ ਵਾਸਤੇ ਐਸੇ ਬਜ਼ੁਰਗਾਂ ਕੋਲ ਨਹੀਂ ਜਾਣਾ, ਪੰਧ ਲੰਮੇਰਾ ਹੈ ਮੈਥੋਂ ਹੋਣਾ ਨਹੀਂ।'

ਪ੍ਰਤਾਪ ਕੌਰ—'ਬਰਕਤਾਂ ਵਾਲੇ ਗੁਰੂ ਹਨ, ਉਨ੍ਹਾਂ ਦੇ ਦਰਸ਼ਨ ਕਰਨ ਨਾਲ ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ । ਗੁਰੂ ਜੀ ਦੇ ਦਰਸ਼ਨ ਦੁਰਲਭ ਹਨ, ਜ਼ਰੂਰ ਚਲ ਸੰਗ ਨਾਲ, ਗੁਰੂ ਮਿਹਰ ਕਰੇਗਾ, ਲੰਮੇਰਾ ਪੰਧ ਮੁਕ ਜਾਵੇਗਾ, ਪੰਧ ਦੀ ਚਿੰਤਾ ਨਾ ਕਰ।'

ਦੋ ਘੰਟੇ ਦੀ ਲੰਮੀ ਬਹਿਸ ਪਿਛੋਂ ਰੰਗ ਕੌਰ ਨੂੰ ਮਨਾ ਹੀ ਲਿਆ ਕਿ ਉਹ ਸੰਗ ਨਾਲ ਚਲੇਗੀ, ਪਰ ਆਪਣੇ ਪਤੀ ਕੋਲੋਂ ਆਗਿਆ ਹਾਸਲ ਕਰ ਕੇ ਜਾਵੇਗੀ। ਪਤੀ ਨੂੰ ਨਰਾਜ ਕਰ ਕੇ ਨਹੀਂ ਜਾਵੇਗੀ ।

ਰਾਤ ਨੂੰ ਉਸਦਾ ਪਤੀ ਘਰ ਆਇਆ, ਪਿਆਰ ਦੀ ਸੇਜ ਉਤੇ ਬੈਠਿਆਂ ਹੋਇਆਂ ਉਸ ਨੇ ਆਪਣੇ ਪਤੀ ਨੂੰ ਆਖਿਆ—'ਸਵਾਮੀ ਜੀ! ਸ੍ਰੀ ਅਨੰਦਪੁਰ ਸਾਹਿਬ ਹੋਲਾ ਮਹੱਲਾ ਹੋਣਾ ਹੈ । ਆਪਣੇ ਪਿੰਡੋਂ ਦਰਸ਼ਨਾਂ ਵਾਸਤੇ ਭਾਰੀ ਸੰਗ ਚਲਿਆ ਹੈ । ਪ੍ਰਤਾਪ ਕੌਰ, ਚਾਚੀ ਲਛਮੀ, ਚਾਚੀ ਤਾਰਾਵਤੀ ਆਈਆਂ ਸਨ।

ਉਹ ਸਾਥ ਚੱਲਣ ਲਈ ਆਖਣ ਆਈਆਂ ਸਨ, ਦਸੋ ਤੁਸਾਂ ਦੀ ਕੀ ਸਲਾਹ ਹੈ ?'

'ਪਿਆਰੀ ਰੰਗ! ਮੇਰੀ ਸਲਾਹ ਤੇਰੇ ਨਾਲ ਹੈ, ਖ਼ੁਸ਼ੀ ਨਾਲ ਜਾਹ, ਗੁਰੂ ਜੀ ਦੇ ਦਰਸ਼ਨ ਕਰ ਆ। ਦਰਸ਼ਨ ਕਰਨੇ ਚੰਗੇ ਹਨ।' ਉਸ ਦੇ ਪਤੀ ਨੇ ਉੱਤਰ ਦਿਤਾ।

'ਆਪ ਨਾਲ ਚਲੋ, ਦੋਵੇਂ ਚਲੀਏ, ਇਕੱਲੀ ਨਹੀਂ ਜਾਣਾ। ਮੇਰਾ ਦਿਲ ਡਰਦਾ ਹੈ।'

'ਚੰਗਾ ਮੈਂ ਵੀ ਨਾਲ ਚਲਦਾ ਹਾਂ।' ਇਹ ਆਖ ਕੇ ਰੰਗ ਕੌਰ ਦੇ ਪਤੀ ਨੇ ਉਸ ਨੂੰ ਸ੍ਰੀ ਅਨੰਦਪੁਰ ਸਾਹਿਬ ਸੰਗ ਨਾਲ ਚਲਣ ਦੀ ਖੁਲ੍ਹ ਦੇ ਦਿਤੀ, ਆਪ ਵੀ ਨਾਲ ਤਿਆਰ ਹੋ ਗਿਆ। ਉਸ ਦੇ ਪਤੀ ਨੇ ਕਿਹਾ—'ਚਲ ਭਾਗਾਂ ਵਾਲੀਏ ਗੁਰੂ ਦੇ ਦਰਸ਼ਨ ਕੀਤਿਆਂ ਸ਼ਾਇਦ ਅਸਾਡੇ ਪਾਪੀ ਮਨਾਂ ਦੀ ਮੈਲ ਉਤਰ ਜਾਵੇ, ਜਨਮ ਜਨਮ ਦੀ ਮੈਲ ਨਾਲ ਇਹ ਕਾਲਾ ਸ਼ਾਹ ਹੋਇਆ ਹੈ। ਗੁਰੂ ਦੇ ਦਰਸ਼ਨ ਭਾਗਾਂ ਵਾਲਿਆਂ ਨੂੰ ਨਸੀਬ ਹੁੰਦੇ ਹਨ। ਪੂਰਬਲੇ ਚੰਗੇ ਕਰਮਾਂ ਦਾ ਫਲ ਹੈ ਕਿ ਅੱਜ ਸੰਗ ਨੇ ਗੁਰੂ ਦਰਸ਼ਨਾਂ ਵਾਸਤੇ ਪ੍ਰੇਰਿਆ ਹੈ, ਚਲੋ ਤੇ ਖ਼ੁਸ਼ੀ ਨਾਲ ਚਲੋ, ਹਿਰਦੇ ਵਿਚ ਗੁਰੂ ਪਿਆਰ ਨੂੰ ਥਾਂ ਦੇਵੋ।'

ਸੰਗ ਦੇ ਨਾਲ ਰੰਗ ਕੌਰ ਤੁਰ ਪਈ, ਉਹ ਸਚਮੁਚ ਭਗਤੀ ਭਾਵ ਵਿਚ ਰੰਗੀ ਹੋਈ ਇਸਤਰੀ ਸੀ, ਗੁਰੂ ਜਸ ਕਰਦੀ ਹੋਈ ਸੰਗ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਪਹੁੰਚ ਗਈ। ਸ੍ਰੀ ਅਨੰਦਪੁਰ ਉਸ ਵੇਲੇ ਸਚਮੁਚ ਅਨੰਦ ਦੀ ਨਗਰੀ ਸੀ। ਨੌ-ਨਿਧੀਆਂ ਤੇ ਬਾਰ੍ਹਾਂ ਸਿਧੀਆਂ ਦੀ ਬਾਰਸ਼ ਹੁੰਦੀ ਸੀ।

ਵਾਹਿਗੁਰੂ ਨਾਮ ਦੀ ਮਿੱਠੀ ਮਿੱਠੀ ਫੁਹਾਰ ਪੈਂਦੀ ਰਹਿੰਦੀ ਸੀ, ਪਪੀਹੇ ਵਤ ਸਿੱਖ ਅੰਮ੍ਰਿਤ ਰਸ ਪੀਂਦੇ ਤੇ ਅਮਰ ਹੁੰਦੇ ਜਾਂਦੇ ਸਨ।

ਸਤਿਗੁਰੂ ਜੀ ਦਾ ਦੀਵਾਨ ਲੱਗਾ ਹੋਇਆ ਸੀ। ਚਕ੍ਰਵਰਤੀ ਪਾਤਸ਼ਾਹ ਦੀ ਤਰ੍ਹਾਂ ਜਗਤ ਦੇ ਮਲਾਹ, ਨਾਮ ਤੇ ਬਹਾਦਰੀ ਦੇ ਪ੍ਰਵਾਹ ਸਿੰਘਾਸਨ ਉਤੇ ਬਿਰਾਜਮਾਨ ਸਨ। ਸੰਗਤਾਂ ਦੀ ਬਹੁਤ ਭੀੜ ਸੀ, ਲੰਮੀਆਂ ਕਤਾਰਾਂ ਬਣੀਆਂ ਹੋਈਆਂ ਸਨ ਕਿ ਇਕ ਦੂਜੇ ਦੇ ਪਿਛੇ ਖਲੋ ਕੇ ਵਾਰੋ ਵਾਰੀ ਦਰਸ਼ਨ ਕਰਨ। ਦੂਰੋਂ ਹੀ ਰੰਗ ਕੌਰ ਨੇ ਸਤਿਗੁਰੂ ਜੀ ਦੇ ਦਰਸ਼ਨ ਕੀਤੇ। ਮਨਮੋਹਨੀ ਮੂਰਤ, ਪਿਆਰੀ ਸੂਰਤ, ਸੂਰਤ ਦੀਆਂ ਇਲਾਹੀ ਕਿਰਨਾਂ ਨਵੇਂ ਜੀਵਨ ਦਾ ਛਿਟਾ ਦੇ

ਰਹੀਆਂ ਦੇਖੀਆਂ ਤਾਂ ਬੇਸੁਧ ਹੋ ਗਈ। ਰੰਗ ਕੌਰ ਤਾਂ ਰੰਗ ਵਿਚ ਰਤੀ ਗਈ। 'ਨਾਮ ਖੁਮਾਰੀ ਨਾਨਕਾ ਚੜੀ ਰਹੇ ਦਿਨ ਰਾਤ।' ਨਾਮ ਦੀ ਖੁਮਾਰੀ ਚੜ੍ਹ ਗਈ। 'ਧੰਨ ਗੁਰੂ! ਧੰਨ ਗੁਰੂ!' ਆਖਦੀ ਹੋਈ ਰੰਗ ਕੌਰ ਇਕ ਥੜੇ ਉਤੇ ਬੈਠ ਗਈ। ਇਹ ਖ਼ਿਆਲ ਕਰ ਕੇ ਕਿ ਅਜੇ ਭੀੜ ਹੈ, ਭੀੜ ਹਟਣ ਉਤੇ ਉਹ ਦਰਸ਼ਨ ਕਰੇਗੀ। ਬੈਠੀ ਬੈਠੀ ਦੀ ਸਮਾਧੀ ਲਗ ਗਈ। 'ਧੰਨ ਗੁਰੂ ਧੰਨ ਗੁਰੂ' ਜੀਭਾ ਰਟਦੀ ਰਹੀ। ਗੁਰੂ ਜੀ ਦੇ ਚਰਨ ਕਮਲਾਂ ਨਾਲ ਉਥੇ ਹੀ ਲਿਵ ਜੁੜ ਗਈ। ਸਾਰੇ ਸਾਥੀ ਅਗੇ ਚਲੇ ਗਏ। ਰੰਗ ਕੌਰ ਦੇ ਪਤੀ ਨੇ ਵੀ ਖ਼ਿਆਲ ਨਾ ਕੀਤਾ, ਉਹ ਵੀ ਅਗੇ ਤੁਰ ਗਿਆ। ਰੰਗ ਕੌਰ ਦੇ ਸਾਥੀ ਸੰਗ ਨੇ ਜਾ ਗੁਰ ਚਰਨਾਂ ਉਤੇ ਮੱਥਾ ਟੇਕ ਲਿਆ। ਗੁਰੂ ਜੀ ਵਾਸਤੇ ਲਿਆਂਦੀਆਂ ਹੋਈਆਂ ਪ੍ਰੇਮ ਭੇਟਾ ਚੜ੍ਹਾ ਦਿਤੀਆਂ ਤੇ ਸਤਿਗੁਰੂ ਜੀ ਨੇ ਉਨ੍ਹਾਂ ਵਾਸਤੇ ਇਕ ਪ੍ਰੇਮਣ ਮਾਈ ਨੂੰ ਪੁਛਿਆ—'ਮਾਤਾ ਜੀਓ! ਜਿਸ ਰੰਗ ਕੌਰ ਨੂੰ ਮਲੋ ਮਲੀ ਲਿਆਏ ਸੀ ਉਹ ਕਿਥੇ ਹੈ?' ਅੰਤਰਜਾਮੀ ਚੋਜੀ ਪਿਤਾ ਜਾਣਦੇ ਤਾਂ ਸਭ ਕੁਝ ਸਨ ਪਰ ਆਪਣੇ ਜ਼ੁੰਮੇ ਕੋਈ ਗੱਲ ਨਾ ਲੈਂਦਿਆਂ ਹੋਇਆਂ ਉਨ੍ਹਾਂ ਨੇ ਪੁਛਿਆ।

'ਸਤਿਗੁਰੂ ਜੀ! ਨਾਲ ਹੀ ਆਈ ਸੀ ਕਿਤੇ ਭੁਲ ਨਾ ਗਈ ਹੋਵੇ ਮੈਂ ਦੇਖ ਕੇ ਲਿਆਉਂਦੀ ਹਾਂ।' ਮਾਈ ਨੇ ਉੱਤਰ ਦਿਤਾ।

'ਉਹ ਸਚਮੁਚ ਭੁਲ ਗਈ ਹੈ, ਆਪਣੇ ਆਪ ਨੂੰ ਵੀ ਭੁਲ ਗਈ ਹੈ। ਰੰਗ ਕੌਰ ਰੱਤੀ ਗਈ ਹੈ। ਉਹ ਵਾਹਿਗੁਰੂ ਦੇ ਸਿਮਰਨ ਵਿਚ ਗਵਾਚ ਗਈ ਹੈ। ਪਤੀਬ੍ਰਤਾ ਇਸਤਰੀ ਉਹ ਦੇਵੀ ਰੂਪ ਹੈ। ਚਲੋ ਮੈਂ ਆਪ ਜਾ ਕੇ ਲਭ ਲੈਂਦਾ ਹਾਂ, ਉਹ ਇਥੇ ਆ ਨਹੀਂ ਸਕਦੀ।' ਇਹ ਆਖ ਕੇ ਸਤਿਗੁਰੂ ਜੀ ਸਿੰਘਾਸਨ ਤੋਂ ਉਠੇ, ਸੰਗਤ ਹੈਰਾਨ ਸੀ। ਰੰਗ ਕੌਰ ਦਾ ਸਾਥੀ ਸੰਗ ਪ੍ਰੇਸ਼ਾਨ ਸੀ ਕਿ ਰੰਗ ਕੌਰ ਕਿਧਰ ਗਈ, ਉਸ ਨੂੰ ਕੀ ਹੋ ਗਿਆ। ਸਤਿਗੁਰੂ ਆਪ ਭਾਲਣ ਚਲੇ ਹਨ। ਦੀਨ ਦਿਆਲ ਦਇਆ ਦੇ ਰੂਪ! ਕ੍ਰਿਪਾ ਨਿਧਾਨ ਪਹੁੰਚ ਗਏ ਉਸ ਥਾਂ ਜਿਥੇ ਰੰਗ ਕੌਰ ਚੌਂਕੜਾ ਮਾਰ ਕੇ ਬੈਠੀ ਸੀ, ਉਹ ਹੌਲੀ ਹੌਲੀ ਜਾਪ ਕਰੀ ਜਾਂਦੀ ਸੀ। ਸਚੀ ਲਿਵ ਨੇ ਸਚੇ ਸਿਮਰਨ ਨੇ ਕਲਗੀਆਂ ਵਾਲੇ ਪਿਤਾ ਨੂੰ ਆਪਣੇ ਵਲ ਖਿਚ ਲਿਆ। ਪਿਆਰ ਦੀ ਡੋਰੀ ਨਾਲ ਆਪਣੇ ਨੇੜੇ ਲੈ ਆਂਦਾ। ਗੁਰੂ ਜੀ ਨੇ ਕੋਲ ਆ ਫ਼ੁਰਮਾਇਆ—'ਬੀਬੀ ਰੰਗ ਕੌਰ! ਉਠ ਦੇਖ ਤੇਰੀ ਭਗਤੀ ਕਬੂਲ ਹੋਈ। ਤੂੰ ਨਿਹਾਲ ਨਿਹਾਲ!' ਸਚੇ ਸਤਿਗੁਰਾਂ ਨੇ ਤਿੰਨ

ਵਾਰ ਨਿਹਾਲ ਨਿਹਾਲ ਆਖਿਆ ਤਾਂ ਰੰਗ ਕੌਰ ਦੇ ਨੈਣ ਖੁਲ੍ਹੇ। ਉਹ ਸਚਮੁਚ ਨਿਹਾਲ ਹੋ ਗਈ। ਉਸ ਦੇ ਅੰਦਰ ਬਾਹਰ ਪ੍ਰਮਾਤਮਾ ਹੀ ਪ੍ਰਮਾਤਮਾ ਦਿਸਣ ਲੱਗ ਪਿਆ। ਉਸ ਨੇ ਛੇਤੀ ਨਾਲ ਉਠ ਕੇ ਗੁਰੂ ਜੀ ਦੇ ਚਰਨ ਫੜ ਲਏ। ਚਰਨਾਂ ਨੂੰ ਘੁਟਦੀ ਹੋਈ ਦੇ ਨੈਣਾਂ ਵਿਚੋਂ ਜਲ ਵਗ ਤੁਰਿਆ, ਉਹ ਜਲ ਨਹੀਂ ਸੀ, ਹਿਰਦੇ ਦੀ ਮਾਮੂਲੀ ਮੈਲ ਸੀ ਜੋ ਕਿਸੇ ਨਾ ਕਿਸੇ ਭੁਲ ਕਰਕੇ ਸੀ, ਉਹ ਪਿਘਲ ਕੇ ਬਾਹਰ ਆ ਗਈ, ਉਸ ਦਾ ਹਿਰਦਾ ਸਾਫ਼ ਤੇ ਪਵਿਤ੍ਰ ਹੋ ਗਿਆ। ਉਹ ਸਚਮੁਚ ਨਿਹਾਲ ਹੋ ਗਈ।

'ਜੋ ਇਸਤਰੀ ਸਚੀ ਪਤੀ-ਬ੍ਰਤਾ ਤੇ ਪਤੀ ਦੀ ਸੇਵਾ ਕਰਨ ਵਾਲੀ ਹੈ, ਉਹ ਪ੍ਰਮਾਤਮਾ ਤੇ ਗੁਰੂ ਦੀ ਭਗਤੀ ਵੀ ਕਰ ਸਕਦੀ ਹੈ। ਰੰਗ ਕੌਰ ਕੋਲ ਦੋਵੇਂ ਗੁਣ ਹਨ।' ਇਉਂ ਦਾਤੇ ਨੇ ਫ਼ੁਰਮਾਇਆ। ਰੰਗ ਕੌਰ ਤੇ ਉਸ ਦਾ ਪਤੀ ਦੋ ਮਹੀਨੇ ਸਤਿਗੁਰਾਂ ਦੀ ਹਜ਼ੂਰੀ ਵਿਚ ਰਹੇ ਤੇ ਸੇਵਾ ਕਰਦੇ ਰਹੇ। ਐਸੇ ਪ੍ਰੇਮੀਆਂ ਬਾਰੇ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ—

*ਹਉਮੈ ਗਰਬੁ ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।*
*ਗਿਆਨਮਤੀ ਘਟਿ ਚਾਨਣਾ ਭਰਮ ਅਗਿਆਨੁ ਅੰਧੇਰੁ ਮਿਟਾਵੈ।*
*ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।*
*ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।*
*ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।*
*ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ-ਦਾਵੈ।*
*ਸਾਧਸੰਗਤਿ ਮਿਲਿ ਹੁਕਮਿ ਕਮਾਵੈ॥੧੩॥* *(ਭਾਈ ਗੁਰਦਾਸ ਜੀ, ਵਾਰ ੨੯)*

# ੯੧. ਰਾਣੀ ਝਾਲਾ ਕੌਰ

*ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।*
*ਸਚੀ ਦਰਗਹ ਜਾਇ ਸਚਾ ਪਿੜੁ ਮਲਿਆ।*
*ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ।*
*ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।*
*ਗੁਰਮੁਖਿ ਸਚੁ ਅਲਾਉ ਭਲੀ ਹੂੰ ਭਲਿਆ।*
*ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥੧੪॥* *(ਭਾਈ ਗੁਰਦਾਸ ਜੀ, ਵਾਰ ੧੯)*

ਮਾਝੇ ਦੇ ਪਿੰਡ ਸਰਹਾਲੀ ਵਿਚ ਕੇਸਰੂ ਮਲ ਸੀ। ਆਪ ਨੂੰ 'ਚਾਰ ਹਜਾਰੀ'

ਵੀ ਆਖਿਆ ਜਾਂਦਾ ਸੀ। ਕੇਸਰੂ ਮਲ ਅਜੇ ਜਵਾਨ ਉਮਰ ਵਿਚ ਹੀ ਸੀ ਕਿ ਇਹ ਸਖੀ ਸਰਵਰ ਦਾ ਚੇਲਾ ਬਣ ਗਿਆ, ਜਿਵੇਂ ਇਸ ਦੇ ਬਜ਼ੁਰਗ ਸਖੀ ਸਰਵਰ ਦੇ ਚੇਲੇ ਸਨ। ਇਸ ਦੀ ਘਰ ਵਾਲੀ ਦਾ ਨਾਂ ਝਾਲਾ ਦੇਵੀ ਸੀ। ਕੁਦਰਤ ਦੇ ਰੰਗ ਸਮੇਂ ਦੇ ਚੱਕਰ ਨਾਲ ਇਹ ਗੁਰੂ ਜੀ ਦੇ ਸਤਿਸੰਗੀਆਂ ਨਾਲ ਉਠਣ ਬੈਠਣ ਲਗਾ। ਆਖ਼ਿਰ ਇਕ ਦਿਨ ਐਸਾ ਆਇਆ ਕਿ ਭਾਈ ਕੇਸਰੂ ਮਲ ਆਪਣੀ ਘਰ ਵਾਲੀ ਝਾਲਾ ਦੇਵੀ ਨੂੰ ਨਾਲ ਲੈ ਕੇ ਸ੍ਰੀ ਅਨੰਦਪੁਰ ਪਹੁੰਚ ਗਏ। ਗੁਰੂ ਜੀ ਕੋਲੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਕੇਸਰੂ ਮਲ ਦਾ ਨਾਮ ਮੱਲ ਸਿੰਘ ਰਖਿਆ ਗਿਆ ਤੇ ਉਸ ਦੀ ਸੁਪੱਤਨੀ ਦਾ ਨਾਮ ਝਾਲਾ ਕੌਰ।

ਝਾਲਾ ਕੌਰ ਬੜੀ ਧਰਮਣ ਤੇ ਪਤੀਬ੍ਰਤਾ ਇਸਤਰੀ ਸੀ। ਇਹ ਗੁਰੂ ਘਰ ਦੀ ਸੇਵਾ ਕਰਨ ਲਗੀ। ਭਗਤੀ ਭਾਵ ਬਹੁਤ ਹਿਰਦੇ ਵਿਚ ਉਤਪੰਨ ਹੋ ਗਿਆ। ਰਾਤ ਦਿਨੇ ਵਾਹਿਗੁਰੂ ਸਿਮਰਨ ਵਿਚ ਗੁਜ਼ਾਰਨ ਲਗੀ। ਜਦੋਂ ਭਗਤੀ ਆਈ ਤਾਂ ਸਿਦਕ ਆਪਣੇ ਆਪ ਆ ਗਿਆ। ਸਿਦਕ ਦੀ ਪੁਤਲੀ ਬਣ ਗਈ। ਜੀਵਨ ਜਨਮ ਮਰਨ ਤੋਂ ਪਰੇ ਹੋ ਗਿਆ। ਮੌਤ ਦਾ ਭੈ ਉਤਰ ਗਿਆ। ਇਸ ਨੂੰ ਸਮਝ ਆ ਗਈ ਕਿ ਮਨੁਖ ਜਨਮ ਦਾ ਮਰਨਾ ਉਸ ਦੇ ਭਾਣੇ ਅੰਦਰ ਹੈ। ਗੁਰ ਇਤਿਹਾਸ ਸੁਣ ਸੁਣ ਕੇ ਇਹ ਵੀ ਵਿਚਾਰ ਪੱਕਾ ਹੋ ਗਿਆ ਕਿ ਜੋ ਦੇਸ਼ ਤੇ ਧਰਮ ਬਦਲੇ ਸ਼ਹੀਦ ਹੁੰਦੇ ਹਨ ਉਨ੍ਹਾਂ ਦਾ ਵਾਸਾ ਸਵਰਗਾਂ ਵਿਚ ਹੁੰਦਾ ਹੈ। ਉਹ ਸਵਰਗਾਂ ਦੇ ਵਾਸੀ ਵਾਹਿਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੇ ਹਨ। ਇਸੇ ਹੌਂਸਲੇ ਨੇ ਹੀ ਉਸ ਨੇ ਆਪਣੇ ਪਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਫ਼ੌਜ ਵਿਚ ਭਰਤੀ ਕਰਾ ਦਿਤਾ ਸੀ ਤੇ ਆਪ ਗੁਰੂ ਕੇ ਲੰਗਰ ਵਿਚ ਸੇਵਾ ਕਰਿਆ ਕਰਦੀ ਸੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਹਾੜੀ ਰਾਜਿਆਂ ਨਾਲ ਜੰਗ ਹੋ ਪਿਆ। ਉਸ ਜੰਗ ਦੇ ਵਿਚ ਭਾਈ ਮੱਲ ਸਿੰਘ ਜੀ ਸ਼ਹੀਦੀ ਪ੍ਰਾਪਤ ਕਰ ਗਿਆ, ਝਾਲਾ ਕੌਰ ਨੂੰ ਜਦੋਂ ਪਤੀ ਦੇ ਸ਼ਹੀਦ ਹੋਣ ਦੀ ਖ਼ਬਰ ਮਿਲੀ ਤਾਂ ਉਹ ਘਾਬਰੀ ਨਹੀਂ, ਸਿਦਕ ਵਿਚ ਰਹੀ। ਹਾਂ ਪਿਆਰ ਦੇ ਕਾਰਨ ਉਸ ਦੇ ਨੈਣਾਂ ਵਿਚੋਂ ਹੰਝੂ ਜਰੂਰ ਕਿਰੇ, ਉਹ ਇਸ ਕਰਕੇ ਕਿ ਹੁਣ ਪਤੀ ਦੇ ਦਰਸ਼ਨ ਪ੍ਰਤੱਖ ਨਹੀਂ ਹੋਇਆ ਕਰਨਗੇ। ਚਰਨ ਸੇਵਾ ਨਹੀਂ ਕਰ ਸਕੇਗੀ, ਸ਼ਹੀਦੀ ਪਾ ਕੇ ਅਮਰ ਜੀਵਨ ਹਾਸਲ ਕਰ ਚੁਕੇ ਹਨ। ਇਸ ਗੱਲ ਦੀ ਉਸ ਨੂੰ ਬੇਅੰਤ ਖ਼ੁਸ਼ੀ ਸੀ। ਗਲ

ਵਿਚ ਪਲੂ ਪਾ ਕੇ ਉਸ ਨੇ ਅਰਦਾਸ ਕੀਤੀ—'ਹੇ ਸਚੇ ਪਾਤਸ਼ਾਹ! ਮੇਰੇ ਪਤੀ ਦਾ ਸਵਰਗਾਂ ਵਿਚ ਵਾਸਾ ਹੋਵੇ।'

ਕੁਝ ਚਿਰ ਸ੍ਰੀ ਅਨੰਦਪੁਰ ਰਹਿਣ ਪਿਛੋਂ ਆਪਣੇ ਪੁੱਤਰ ਵਿਜੈ ਸਿੰਘ ਨੂੰ ਨਾਲ ਲੈ ਕੇ ਆਪਣੇ ਪਿੰਡ ਸਰਹਾਲੀ ਆ ਗਈ। ਖ਼ੁਰਾਕਾਂ ਖੁਵਾ ਖੁਵਾ ਕੇ ਪੁੱਤਰ ਨੂੰ ਪਾਲਿਆ ਤੇ ਜਵਾਨ ਕੀਤਾ। ਆਪਣੇ ਪਿਤਾ ਵਾਂਗ ਪੁੱਤਰ ਵੀ ਬਹੁਤ ਲਾਇਕ ਤੇ ਹੋਣਹਾਰ ਨਿਕਲਿਆ ਤਲਵਾਰ ਦਾ ਧਨੀ ਤੇ ਚੰਗਾ ਘੋੜ ਸਵਾਰ ਬਣਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਦੇਖਿਆ ਕਿ ਪਹਾੜੀ ਰਾਜੇ ਤੇ ਮੁਗਲ ਹਕੂਮਤ ਉਨ੍ਹਾਂ ਨਾਲ ਟੱਕਰ ਲੈਣਾ ਚਾਹੁੰਦੀ ਹੈ ਤਾਂ ਗੁਰੂ ਜੀ ਨੇ ਹੁਕਮਨਾਮੇ ਭੇਜ ਕੇ ਸਾਰੇ ਸਿੰਘ ਸ੍ਰੀ ਅਨੰਦਪੁਰ ਬੁਲਾਏ। ਗੁਰੂ ਜੀ ਦਾ ਹੁਕਮਨਾਮਾ ਸੀ ਕਿ ਜੋ ਸਿੰਘ ਪੜ੍ਹੇ ਜਾਂ ਸੁਣੇ ਉਹ ਸਭ ਕੰਮ ਛੱਡ ਕੇ ਅਨੰਦਪੁਰ ਪਹੁੰਚੇ। ਆਪਣੇ ਨਾਲ ਚੰਗੇ ਹਥਿਆਰ ਤੇ ਵਧੀਆ ਘੋੜਾ ਜਰੂਰ ਲਈ ਆਵੇ। ਜਦੋਂ ਇਹ ਹੁਕਮਨਾਮਾ ਸਰਹਾਲੀ ਪੁੱਜਾ ਤਾਂ ਵਿਜੈ ਸਿੰਘ ਹੁਕਮਨਾਮੇ ਨੂੰ ਸੁਣਦੇ ਸਾਰ ਤਿਆਰ ਹੋ ਪਿਆ। ਉਸ ਨੇ ਮਾਤਾ ਕੋਲ ਪੁੱਜ ਕੇ ਜਾਣ ਵਾਸਤੇ ਆਗਿਆ ਮੰਗੀ। ਮਾਤਾ ਝਾਲਾ ਕੌਰ ਨੇ ਖ਼ੁਸ਼ ਹੋ ਕੇ ਸਿਰ ਤੇ ਪਿਆਰ ਦਿਤਾ ਤੇ ਸੌ ਸ਼ਗਨ ਕਰ ਕੇ ਪੁੱਤਰ ਨੂੰ ਸ੍ਰੀ ਅਨੰਦਪੁਰ ਵਲ ਤੋਰਿਆ। ਆਪ ਝਾਲਾ ਕੌਰ ਵਾਹਿਗੁਰੂ ਤੇ ਗੁਰੂ ਜੀ ਅਗੇ ਅਰਦਾਸ ਬੇਨਤੀਆਂ ਕਰਨ ਲਗੀ ਕਿ ਉਸ ਦਾ ਪੁੱਤਰ ਜਾਂ ਤਾਂ ਜੰਗ ਵਿਚ ਫ਼ਤਹਿ ਹਾਸਲ ਕਰ ਕੇ ਮੁੜੇ ਜਾਂ ਸ਼ਹੀਦੀ ਪ੍ਰਾਪਤ ਕਰ ਕੇ। ਉਹ ਕਿਤੇ ਪਿੱਠ ਦਿਖਾ ਕੇ ਡਰਦਾ ਪਿਛੇ ਨਾ ਮੁੜ ਆਵੇ। ਉਹ ਆਪਣੇ ਪਤੀ ਵਾਂਗ ਪੁੱਤਰ ਨੂੰ ਵੀ ਬਹਾਦਰ ਤੇ ਨੇਕ ਬੰਦਾ ਬਣਿਆ ਹੋਇਆ ਦੇਖਣਾ ਚਾਹੁੰਦੀ ਸੀ।

ਵਿਜੈ ਸਿੰਘ ਨੂੰ ਗਿਆਂ ਚੋਖਾ ਸਮਾਂ ਹੋ ਗਿਆ। ਇਕ ਦਿਨ ਅਚਾਨਕ ਝਾਲਾ ਕੌਰ ਉਦਾਸ ਹੋ ਗਈ। ਇਕ ਕਵੀ ਲਿਖਦਾ ਹੈ—

*ਬੈਠੀ ਵਿਚ ਸਹੇਲੀਆਂ ਲਾਇ ਤ੍ਰਿਵਣ ਝ਼ਾਲਾ ਕੌਰ ਇਹ ਬਚਨ ਅਲਾਂਵਦੀ ਹੈ।*
*ਮੇਰਾ ਉੱਛਲਦਾ ਅਜ ਕਲੇਜੜਾ ਏ ਮੇਰੀ ਜਿੰਦ ਮੈਨੂੰ ਛੱਡੀ ਜਾਂਵਦੀ ਹੈ।*
*ਗਮ ਸੋਚਦੇ ਪਏ ਹਨ ਆਣ ਘੇਰੇ ਚਿੰਤਾ ਚਿਖਾ ਦੇ ਵਾਂਗ ਜਲਾਂਵਦੀ ਹੈ।*
*ਅੜੀਓ ਅਖੀਆਂ ਅਗੇ ਗੁਬਾਰ ਆਇਆ ਮੇਰੀ ਹੋਸ਼ ਉਡੀ ਟੁਰੀ ਜਾਂਵਦੀ ਹੈ।*

(ਗੁਰਸਿਖ ਵਾੜੀ)

ਰਾਣੀ ਸ਼ਾਲਾ ਕੌਰ ਦੇ ਇਹ ਬਚਨ ਸੁਣ ਕੇ ਉਸ ਦੀਆਂ ਸਹੇਲੀਆਂ ਬਹੁਤ ਹੈਰਾਨ ਹੋਈਆਂ। ਉਹ ਸ਼ਾਲਾ ਕੌਰ ਦੇ ਕੋਲ ਆ ਇਕੱਠੀਆਂ ਹੋਈਆਂ। ਉਨ੍ਹਾਂ ਵਿਚ ਰਾਮੀ, ਪ੍ਰਤਾਪੀ ਤੇ ਬਿਸ਼ਨੋ ਸਿਆਣੀਆਂ ਤੇ ਸੁਘੜ ਇਸਤਰੀਆਂ ਸਨ। ਬਿਸ਼ਨੀ ਸ਼ਾਲਾ ਕੌਰ ਦੇ ਚਿਹਰੇ ਉਤੇ ਉਦਾਸੀ ਦੇ ਨਿਸ਼ਾਨ ਦੇਖ ਕੇ ਆਖਣ ਲਗੀ—'ਹੇ ਰਾਣੀ! ਇਹ ਦੱਸ ਅੱਜ ਤੇਰੇ ਦਿਲ ਨੂੰ ਕੀ ਹੋ ਰਿਹਾ ਹੈ! ਕੀ ਕੋਈ ਮਾੜੀ ਖ਼ਬਰ ਕਿਤਿਓਂ ਆਈ ਹੈ! ਤੂੰ ਤਾਂ ਉਦਾਸ ਨਹੀਂ ਸੀ ਹੋਣ ਵਾਲੀ, ਤੇਰੀ ਉਦਾਸੀ ਦਾ ਕਾਰਨ ਕੀ ਹੈ? ਤੇਰੇ ਅਤੇ ਤੇਰੇ ਪਤੀ ਦੇ ਸਿਰ ਬਹੁਤ ਵਡੀਆਂ ਮੁਸੀਬਤਾਂ ਆਉਂਦੀਆਂ ਰਹੀਆਂ। ਪਤੀ ਦੇਵਤਾ ਸ਼ਹੀਦ ਹੋ ਗਏ ਪਰ ਤੂੰ ਘਬਰਾਈ ਨਾ। ਅੱਜ ਕੀ ਵਜ੍ਹਾ ਹੈ! ਜੋ ਤੈਨੂੰ ਡੋਬ ਪੈਣ ਲਗ ਪਏ ਹਨ। ਦਿਲ ਦੀ ਗੱਲ ਖੋਲ੍ਹ ਕੇ ਦਸ। ਆਖਦੇ ਨੇ ਜੇ ਦਿਲ ਖੋਲ੍ਹ ਕੇ ਗੱਲ ਕੀਤੀ ਜਾਵੇ ਤਾਂ ਦੁੱਖ ਹੌਲੇ ਹੋ ਜਾਂਦੇ ਹਨ।'

ਸ਼ਾਲਾ ਕੌਰ—'ਹੇ ਪਿਆਰੀ ਸਖੀ! ਤੇਰੇ ਕੋਲ ਕਿਸੇ ਗੱਲ ਦਾ ਲੁਕਾ ਨਹੀਂ ਹੋ ਸਕਦਾ। ਅੱਜ ਮੇਰੇ ਦਿਲ ਨੂੰ ਡੋਬ ਪੈ ਰਹੇ ਹਨ। ਮੇਰਾ ਰੰਗ ਉਡਦਾ ਜਾਂਦਾ ਹੈ ਇਹ ਗੱਲ ਸੱਚੀ ਹੈ ਮੇਰੇ ਦੁਖੀ ਹੋਣ ਦਾ ਕਾਰਨ ਇਹ ਹੈ ਕਿ ਮੈਨੂੰ ਅੱਜ ਸ੍ਰੀ ਅਨੰਦਪੁਰ ਦੀਆਂ ਜੋ ਖ਼ਬਰਾਂ ਮਿਲਦੀਆਂ ਹਨ ਉਹ ਚੰਗੀਆਂ ਨਹੀਂ। ਮੈਂ ਸੁਣਿਆ ਹੈ ਕਿ ਸ੍ਰੀ ਅਨੰਦਪੁਰ ਦੇ ਚੌਗਿਰਦੇ ਦੁਸ਼ਮਨ ਨੇ ਘੇਰਾ ਪਾ ਲਿਆ ਹੈ।'

ਮੁਗਲ ਸੈਨਾ ਦੇ ਨਾਲ ਚੰਦਰੇ ਤੇ ਦੇਸ਼ ਧ੍ਰੋਹੀ ਹਿੰਦੂ ਰਾਜੇ ਵੀ ਮਿਲ ਗਏ ਹਨ। ਉਹ ਪਾਪੀ ਵੀ ਗੁਰੂ ਜੀ ਨਾਲ ਲੜਨ ਵਾਸਤੇ ਆ ਗਏ ਹਨ। ਉਹ ਗੁਰੂ ਜੋ ਹਿੰਦੂਆਂ ਦੀ ਇੱਜ਼ਤ ਤੇ ਅਜਾਦੀ ਵਾਸਤੇ ਲੜ ਰਿਹਾ ਸੀ। ਜਿਸ ਦੇ ਪਿਤਾ ਨੇ ਦੁਖੀ ਹਿੰਦੂਆਂ ਵਾਸਤੇ ਸੀਸ ਭੇਟ ਕਰ ਦਿਤਾ। ਦੁਸ਼ਮਨ ਦੀ ਸੈਨਾ ਬਹੁਤ ਗਿਣਤੀ ਵਿਚ ਹੈ ਚਾਰ ਚੁਫੇਰੇ ਘੇਰਾ ਹੈ। ਆਵਾਜਾਈ ਰੋਕ ਦਿਤੀ ਗਈ ਹੈ। ਕੋਈ ਚੀਜ਼ ਬਾਹਰੋਂ ਅੰਦਰ ਨਹੀਂ ਜਾਂਦੀ। ਗੁਰੂ ਜੀ ਦੇ ਸਾਰੇ ਸਿੰਘ ਕਿਲ੍ਹੇ ਅੰਦਰ ਹਨ ਅੰਨ ਦੀ ਕਮੀ ਹੋ ਗਈ ਹੈ। ਬਾਹਰੋਂ ਸੰਗਤਾਂ ਸਹਾਇਤਾ ਨਹੀਂ ਕਰ ਸਕਦੀਆਂ। ਸਾਰੇ ਰਾਹ ਤੇ ਪੱਤਨ ਰੋਕ ਦਿਤੇ ਹਨ। ਇਸ ਹਾਲਤ ਵਿਚ ਕਈ ਕੱਚੇ ਤੇ ਸਿਦਕ ਹੀਣ ਸਿੱਖ ਗੁਰੂ ਜੀ ਨੂੰ ਛੱਡ ਕੇ ਨੱਸੇ ਆ ਰਹੇ ਹਨ।'

ਭੁੱਖ ਤੇ ਮੌਤ ਦਾ ਮੁਕਾਬਲਾ ਨਹੀਂ ਕਰ ਰਹੇ । ਪਿਆਰੇ ਗੁਰੂ ਨੂੰ ਬੇਦਾਵਾ ਲਿਖ ਕੇ ਦੇਈ ਜਾ ਰਹੇ ਹਨ । ਕਈ ਭਗੌੜੇ ਤੇ ਬੇਈਮਾਨ ਸਿਖ ਆਏ ਹਨ। ਉਨ੍ਹਾਂ ਕੋਲੋਂ ਮੈਂ ਸੁਣਿਆ ਹੈ—'ਹੇ ਸਖੀ! ਮੈਨੂੰ ਚਿੰਤਾ ਇਸ ਗੱਲ ਦੀ ਹੈ ਕਿ ਕਿਤੇ ਮੌਤ-ਭੁੱਖ ਕੋਲੋਂ ਡਰ ਕੇ ਮੇਰਾ ਲਾਲ ਵੀ ਗੁਰੂ ਪਾਸੋਂ ਬੇਮੁਖ ਨਾ ਹੋ ਜਾਵੇ। ਗੁਰੂ ਕੋਲੋਂ ਬੇਮੁਖ ਹੋਣ ਨਾਲੋਂ ਮਰਨਾ ਚੰਗਾ ਹੈ । ਇਕ ਦਿਨ ਸਭ ਨੇ ਮਰਨਾ ਹੈ ਇਸੇ ਗੱਲ ਦੀ ਚਿੰਤਾ ਹੈ। ਇਸੇ ਵਿਚਾਰ ਨਾਲ ਮੈਨੂੰ ਡੋਬ ਪੈ ਰਹੇ ਹਨ। ਪੁੱਤਰ ਵਲੋਂ ਚੰਗੀ ਖ਼ਬਰ ਆਉਣੀ ਚਾਹੀਦੀ ਹੈ।'

ਬਿਸ਼ਨੀ—'ਹੇ ਰਾਣੀ! ਕੋਈ ਫ਼ਿਕਰ ਨਾ ਕਰ । ਵਾਹਿਗੁਰੂ ਦਾ ਸਿਮਰਨ ਕਰ । ਤੇਰਾ ਲਾਲ ਕਦੀ ਵੀ ਗੁਰੂ ਨੂੰ ਛੱਡ ਕੇ ਨਹੀਂ ਆਵੇਗਾ । ਉਹ ਪੁਰਜਾ ਪੁਰਜਾ ਕਟ ਮਰੇਗਾ। ਉਹ ਆਪਣੇ ਪਿਤਾ ਵਾਂਗ ਸ਼ਹੀਦਾਂ ਵਿਚ ਨਾਮ ਲਿਖਵਾਵੇਗਾ । ਡਰ ਨਾ ਮੈਨੂੰ ਪੂਰਨ ਭਰੋਸਾ ਹੈ ਛੇਤੀ ਹੀ ਖ਼ਬਰ—ਚੰਗੀ ਖ਼ਬਰ ਆਵੇਗੀ।'

ਰਾਣੀ ਸ਼ਾਲਾ ਕੌਰ—'ਮੈਂ ਵੀ ਇਹੋ ਅਰਦਾਸ ਕਰਦੀ ਹਾਂ । ਵਾਹਿਗੁਰੂ ਮੇਰੇ ਲਾਲ ਨੂੰ ਹੌਸਲਾ ਦਲੇਰੀ ਤੇ ਗੁਰੂ ਤੋਂ ਆਪਾ ਵਾਰਨ ਦਾ ਬਲ ਬਖ਼ਸ਼ੇ । ਮੈਂ ਪ੍ਰਮਾਤਮਾ ਕੋਲ ਕੁਝ ਦਸਣ ਜੋਗੀ ਰਹਾਂ । ਉਹ ਕਿੰਨਾ ਚੰਗਾ ਹੈ । ਪ੍ਰਮਾਤਮਾ ਗੁਰੂ ਜਿਸ ਨੇ ਅਸਾਂ ਨੂੰ ਨੇਕ ਰਾਹ ਲਾਇਆ । ਮੇਰੇ ਪਤੀ ਦੀ ਰੂਹ ਵੀ ਇਹੋ ਹੀ ਪੁਕਾਰ ਰਹੀ ਹੋਵੇਗੀ । ਉਹ ਵੀ ਅਜੇ ਸ੍ਰੀ ਅਨੰਦਪੁਰ ਦੇ ਚੌਗਿਰਦੇ ਚੱਕਰ ਕਟ ਕੇ ਆਪਣੇ ਬੇਟੇ ਨੂੰ ਹੌਸਲਾ ਦੇਂਦੀ ਹੋਵੇਗੀ। ਇਹ ਵੀ ਖ਼ਿਆਲ ਆਉਂਦਾ ਹੈ ਕਿ ਦੁਸ਼ਮਨ ਨੇ ਇਹ ਕੀ ਕੀਤਾ । ਚੰਗੇ ਗੁਰੂ ਜੀਵਨ ਦਾਤੇ ਸ਼ਤੀ ਦੇ ਪ੍ਰੇਮੀ ਵਤਨ ਦੇ ਹਮਦਰਦ ਨੂੰ ਤੰਗ ਕਰ ਰਹੇ ਹਨ । ਪੁਰੀ ਅਨੰਦ ਉਜੜ ਜਾਏਗੀ ਗੁਰੂ ਜੀ ਕਿਧਰੇ ਚਲੇ ਜਾਣਗੇ।'

ਬਿਸ਼ਨੀ—'ਇਹ ਭਾਣਾ ਹੈ ਪਰਮਾਤਮਾ ਦਾ ਭਾਣਾ, ਜਿਵੇਂ ਜਿਵੇਂ ਲੇਖ ਲਿਖੇ ਹਨ, ਤਿਵੇਂ ਤਿਵੇਂ ਹੋਵੇਗਾ । ਗੁਰੂ ਜੀ ਨੂੰ ਤੱਤੀ ਵਾ ਨਹੀਂ ਲਗੇਗੀ । ਸਿੱਖ ਵਧਨਗੇ ਸਿੱਖਾਂ ਦਾ ਰਾਖਾ ਆਪ ਅਕਾਲ ਪੁਰਖ ਹੈ।'

ਇਉਂ ਬਿਸ਼ਨੀ ਤੇ ਹੋਰ ਇਸਤਰੀਆਂ ਨੇ ਰਾਣੀ ਸ਼ਾਲਾ ਕੌਰ ਨੂੰ ਧੀਰਜ ਦਿਤੀ ਕਿ ਉਹ ਇਹ ਖ਼ਿਆਲ ਦਿਲੋਂ ਕੱਢ ਦੇਵੇ ਕਿ ਉਸ ਦਾ ਪੁੱਤਰ ਗੁਰੂ ਜੀ ਨੂੰ ਛੱਡ ਕੇ ਮੌਤ ਤੇ ਭੁੱਖ ਤੋਂ ਡਰਦਾ ਘਰ ਆ ਜਾਵੇਗਾ । ਉਹ ਐਸਾ ਨਹੀਂ, ਉਹ

ਜ਼ਰੂਰ ਗੁਰੂ ਜੀ ਦਾ ਸਾਥ ਦੇਵੇਗਾ ।

ਦਿਨ ਲੰਘਦੇ ਗਏ, ਰਾਣੀ ਝਾਲਾ ਕੌਰ ਵਾਹਿਗੁਰੂ ਅਗੇ ਪ੍ਰਾਰਥਨਾ ਕਰਦੀ ਰਹੀ ਕਿ ਉਸ ਦਾ ਪੁੱਤਰ ਗੁਰੂ ਦਾ ਸੱਚਾ ਸਿੱਖ ਬਣਿਆ ਰਹੇ । ਤਿੰਨ ਮਹੀਨੇ ਪਿਛੋਂ ਆਖ਼ਰ ਰਾਣੀ ਨੂੰ ਖ਼ਬਰ ਮਿਲ ਗਈ । ਉਸ ਦੇ ਪੁੱਤਰ ਵਿਜੇ ਸਿੰਘ ਦਾ ਸਾਥੀ ਬਲਬੀਰ ਸਿੰਘ ਫਟੜ ਹੋ ਕੇ ਜੰਗ ਵਿਚੋਂ ਬਚ ਕੇ ਆ ਗਿਆ, ਉਸ ਨੇ ਦਸਿਆ ਕਿ ਸਰਸਾ ਨਦੀ ਦੇ ਕਿਨਾਰੇ ਵਿਜੇ ਸਿੰਘ ਦੁਸ਼ਮਨਾਂ ਨਾਲ ਯੁਧ ਕਰਦਾ ਹੋਇਆ ਗੁਰੂ ਜੀ ਦੇ ਸਨਮੁਖ ਸ਼ਹੀਦ ਹੋ ਗਿਆ ਹੈ । ਉਸ ਨੇ ਬਹੁਤ ਦਲੇਰੀ ਨਾਲ ਯੁਧ ਕੀਤਾ । ਇਕੱਲੇ ਨੇ ਕਈ ਦੁਸ਼ਮਨ ਮਾਰੇ ਅੰਤ ਜ਼ਖ਼ਮੀ ਹੋ ਕੇ ਸ਼ਹੀਦ ਹੋ ਗਿਆ । ਗੁਰੂ ਜੀ ਨੇ ਉਸ ਦੀ ਬਹਾਦਰੀ ਦੀ ਬਹੁਤ ਉਸਤਤ ਕੀਤੀ ਸੀ, ਤੇਰਾ ਪੁੱਤਰ ਬੈਕੁੰਠ ਧਾਮ ਨੂੰ ਗਿਆ ਹੈ । ਮੈਨੂੰ ਅ਼ਫ਼ਸੋਸ ਹੈ ਕਿ ਮੈਂ ਸ਼ਹੀਦ ਨਹੀਂ ਹੋਇਆ । ਦੁਸ਼ਮਨਾਂ ਨਾਲ ਮੁਕਾਬਲਾ ਕਰਦਾ ਰਿਹਾ ਹਾਂ। ਗੁਰੂ ਜੀ ਚਮਕੌਰ ਤੋਂ ਅਗੇ ਨਿਕਲ ਗਏ ਹਨ ਪਤਾ ਨਹੀਂ ਕਿਥੇ ਹਨ।

ਝਾਲਾ ਕੌਰ ਨੇ ਸੁਣ ਲਿਆ, ਚੰਗੀ ਤਰ੍ਹਾਂ ਸੁਣ ਲਿਆ ਕਿ ਉਸ ਦਾ ਪੁੱਤਰ ਸ਼ਹੀਦ ਹੋ ਗਿਆ ਹੈ, ਇਕੋ ਪੁੱਤਰ ਉਹ ਵੀ ਪਲੇਠੀ ਤੇ ਪਿਆਰ ਦਾ । ਰਤਾ ਦੁਖ ਨਹੀਂ ਹੋਇਆ। ਉਸ ਦਾ ਹਿਰਦਾ ਨਹੀਂ ਕੰਬਿਆ । ਉਸ ਨੂੰ ਗਸ਼ਾਂ ਨਹੀਂ ਪਈਆਂ । ਉਹ ਜੋਰ ਨਾਲ ਹੱਸੀ, ਤਾਲੀਆਂ ਮਾਰ ਕੇ ਹੱਸੀ, ਜਿਸ ਤਰ੍ਹਾਂ ਕਦੀ ਦੌਰਾ ਪੈਣ ਉਤੇ ਪਾਗਲ ਹੱਸਦੇ ਹਨ। ਖਿਲੀਆਂ ਮਾਰ ਕੇ ਹੱਸਦੀ ਹੋਈ ਨੇ ਸਾਰੀਆਂ ਸਖੀਆਂ ਨੂੰ ਦਸਿਆ । ਜਦੋਂ ਉਹ ਕੋਲ ਆਈਆਂ ਤਾਂ ਉਚੀ ਸਾਰੀ ਕਹਿਣ ਲਗੀ—'ਖ਼ੁਸ਼ੀ ਕਰੋ ! ਮੈਂ ਅੱਜ ਸਪੁਤਰੀ ਹੋਈ ਹਾਂ, ਮੇਰਾ ਪੁੱਤਰ ਗੁਰੂ ਜੀ ਦੀ ਸੇਵਾ ਕਰਦਾ ਹੋਇਆ ਸ਼ਹੀਦ ਹੋ ਗਿਆ । ਉਹ ਜੀਵਨ ਸਫਲ ਕਰ ਗਿਆ । ਸਦੋ ਵਾਜੇ ਵਾਲਿਆਂ ਨੂੰ ਸਦੋ ਵਾਜਾ ਵਜਾਓ । ਗੁੜ ਵੰਡੋ, ਮੇਰਾ ਪੁੱਤਰ ਮੌਤ ਰਾਣੀ ਨੂੰ ਵਰ ਕੇ ਆਇਆ ਹੈ।'

ਧੰਨ ਰਾਣੀ ਝਾਲਾ ਕੌਰ ਤੇ ਧੰਨ ਉਸ ਦਾ ਸਿਦਕ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਨੂੰ ਉਸ ਨੇ ਸਮਝਿਆ ਕਿ ਉਹ ਕਿੰਨੀ ਚੰਗੀ ਤੇ ਕਿੰਨੇ ਉਚੇ ਜੀਵਨ ਵਾਲੀ ਸੀ, ਇਹੋ ਜਿਹੀਆਂ ਦੇਵੀਆਂ ਤੇ ਸਿਦਕਾਂ ਨੇ ਹੀ ਖਾਲਸਾ ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਰਖਿਆ ।

# ੯੨. ਚੰਦ੍ਰਾਵਲੀ ਛਲਣ ਦੀ ਕਥਾ

*ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥*

*(ਆਸਾ ਦੀ ਵਾਰ)*

ਚੰਦ੍ਰਾਵਲ ਇਕ ਸੁੰਦਰ ਮੁਟਿਆਰ ਦਾ ਨਾਂ ਸੀ । ਇਹ ਗੋਕਲ ਦੇ ਇਕ ਗਵਾਲੇ ਦੀ ਧੀ ਸੀ । ਇਹ ਬਹੁਤ ਸੁੰਦਰ ਸੀ । ਇਸ ਦਾ ਗਲਾ ਬਹੁਤ ਰਸੀਲਾ ਸੀ । ਜਦੋਂ ਵੀ ਕਦੀ ਗੋਕਲ ਦੀਆਂ ਨਾਰੀਆਂ ਇਕੱਠੀਆਂ ਹੋ ਕੇ ਸ੍ਰੀ ਕ੍ਰਿਸ਼ਨ ਜੀ ਦੇ ਕੋਲ ਨੱਚਦੀਆਂ ਤੇ ਗਾਉਂਦੀਆਂ ਤਦੋਂ ਚੰਦ੍ਰਾਵਲ ਦਾ ਪਹਿਲਾ ਨੰਬਰ ਹੁੰਦਾ । ਗੋਪੀਆਂ ਦੇ ਨਾਲ ਉਹ ਸ਼ਾਮਲ ਰਹਿੰਦੀ ਰਹੀ । ਕਈ ਗੋਪੀਆਂ ਤਨ, ਮਨ ਸ੍ਰੀ ਕ੍ਰਿਸ਼ਨ ਜੀ ਨੂੰ ਅਰਪਨ ਕਰ ਬੈਠੀਆਂ ਪਰ ਚੰਦ੍ਰਾਵਲ ਨੇ ਨਾ ਮਨ ਸ੍ਰੀ ਕ੍ਰਿਸ਼ਨ ਜੀ ਦੇ ਹਵਾਲੇ ਕੀਤਾ ਅਤੇ ਨਾ ਤਨ । ਉਹ ਸਦਾ ਕ੍ਰਿਸ਼ਨ ਤੋਂ ਦੂਰ ਰਹਿਣ ਦਾ ਯਤਨ ਕਰਦੀ । ਇਕ ਦਿਨ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਪੁਛਿਆ, 'ਹੇ ਚੰਦ੍ਰਾਵਲ! ਤੂੰ ਮੇਰੇ ਨੇੜੇ ਕਿਉਂ ਨਹੀਂ ਆਉਂਦੀ ?' ਤਾਂ ਚੰਦ੍ਰਾਵਲ ਨੇ ਮਦ ਭਰੇ ਨੈਣਾਂ ਨੂੰ ਹੇਠਾਂ ਕਰ ਕੇ ਆਖਿਆ, 'ਮੈਨੂੰ ਡਰ ਲਗਦਾ ਹੈ।'

ਕੁਝ ਸਮਾਂ ਪਾ ਕੇ ਚੰਦ੍ਰਾਵਲ ਦਾ ਵਿਆਹ ਹੋ ਗਿਆ । ਉਹ ਸਹੁਰੇ ਘਰ ਚਲੀ ਗਈ । ਸ੍ਰੀ ਕ੍ਰਿਸ਼ਨ ਦੀਆਂ ਅੱਖਾਂ ਨੂੰ ਚੰਦ੍ਰਾਵਲ ਭਾ ਗਈ । ਜਦੋਂ ਉਹ ਤੁਰ ਗਈ ਤਾਂ ਕ੍ਰਿਸ਼ਨ ਨੂੰ ਬੁਰਾ ਪ੍ਰਤੀਤ ਹੋਇਆ । ਉਸ ਨੇ ਮਨ ਵਿਚ ਪੱਕਾ ਫ਼ੈਸਲਾ ਕਰ ਲਿਆ ਕਿ ਉਹ ਇਕ ਵਾਰ ਜਰੂਰ ਚੰਦ੍ਰਾਵਲ ਦੇ ਕੋਲ ਜਾਣਗੇ ਤੇ ਉਸ ਨਾਲ ਪ੍ਰੇਮ ਖੇਲ ਕਰਨਗੇ। ਇਸ ਮਨ ਦੇ ਫੁਰਨੇ ਨੂੰ ਪੂਰਾ ਕਰਨ ਲਈ ਉਸ ਨੇ ਇਹ ਵਿਉਂਤ ਬਣਾਈ।

ਸ੍ਰੀ ਕ੍ਰਿਸ਼ਨ ਜੀ ਇਕ ਇਸਤਰੀ ਦਾ ਪਹਿਰਾਵਾ ਬਣਾ ਕੇ ਇਸਤਰੀ ਦੇ ਸੁੰਦਰ ਲੀੜੇ ਪਾ ਕੇ ਉਹ ਚੰਦ੍ਰਾਵਲ ਦੇ ਸਹੁਰੇ ਘਰ ਚਲੇ ਗਏ । ਸਬੱਬ ਨਾਲ ਜਦੋਂ ਕ੍ਰਿਸ਼ਨ ਜੀ ਚੰਦ੍ਰਾਵਲ ਦੇ ਘਰ ਪਹੁੰਚੇ ਤਾਂ ਚੰਦ੍ਰਾਵਲ ਦਾ ਘਰ ਵਾਲਾ ਪ੍ਰਦੇਸ ਗਿਆ ਹੋਇਆ ਸੀ । ਇਸਤਰੀ ਰੂਪ ਸ੍ਰੀ ਕ੍ਰਿਸ਼ਨ ਨੇ ਚੰਦ੍ਰਾਵਲ ਨੂੰ ਕਿਹਾ—'ਮੈਂ ਤੇਰੀ ਭੈਣ ਹਾਂ, ਦਿਲ ਕਰਦਾ ਸੀ ਮਿਲਣ ਨੂੰ, ਮਿਲਣ ਵਾਸਤੇ ਆਈ ਹਾਂ।'

ਚੰਦ੍ਰਾਵਲ—(ਹੈਰਾਨ ਹੋ ਕੇ) 'ਹੇ ਸਖੀ! ਮੇਰੀ ਤਾਂ ਕੋਈ ਭੈਣ ਨਹੀਂ। ਮੈਂ ਮਾਪਿਆਂ ਦੀ ਇਕੱਲੀ ਧੀ ਹਾਂ ਇਸ ਵਾਸਤੇ ਮੈਂ ਹੈਰਾਨ ਹਾਂ। ਤੈਨੂੰ ਪਛਾਣ ਵੀ ਨਹੀਂ ਸਕੀ। ਕ੍ਰਿਸ਼ਨ (ਇਸਤਰੀਆਂ ਵਰਗੀ ਬਰੀਕ ਅਵਾਜ਼ ਵਿਚ) ਮੇਰਾ ਨਾਂ ਕਾਂਤਾ ਹੈ। ਮੈਂ ਤੇਰੀ ਭੂਆ ਦੀ ਧੀ ਭੈਣ ਹਾਂ। ਮੇਰਾ ਵਿਆਹ ਬਹੁਤ ਛੋਟੀ ਉਮਰ ਵਿਚ ਹੋ ਗਿਆ ਸੀ। ਇਕ ਦੂਸਰੀ ਨੂੰ ਬਹੁਤ ਸਾਲ ਮਿਲੀਆਂ ਨਹੀਂ, ਇਸ ਕਰਕੇ ਪਛਾਣ ਨਹੀਂ ਰਹੀ। ਹੁਣ ਮੇਰਾ ਚਿਤ ਕੀਤਾ ਮੈਂ ਮਿਲਣ ਵਾਸਤੇ ਆ ਗਈ, ਛੋਟੀਆਂ ਹੁੰਦੀਆਂ ਕਦੀ ਇਕੱਠੀਆਂ ਖੇਡਿਆ ਕਰਦੀਆਂ ਸਾਂ।'

ਉਸ ਸਮੇਂ ਚੰਦ੍ਰਾਵਲ ਨੇ ਨਦੀ ਕਿਨਾਰਿਓਂ ਪਾਣੀ ਲੈਣ ਵਾਸਤੇ ਜਾਣਾ ਸੀ, ਸ੍ਰੀ ਕ੍ਰਿਸ਼ਨ ਉਸ ਦੇ ਨਾਲ ਤੁਰ ਪਏ। ਸ੍ਰੀ ਕ੍ਰਿਸ਼ਨ ਜੀ ਦੀ ਮਰਦਾਵੀਂ ਚਾਲ ਦੇਖ ਕੇ ਚੰਦ੍ਰਾਵਲ ਨੂੰ ਸ਼ੱਕ ਪਿਆ। ਉਸ ਨੇ ਪੁਛਿਆ—'ਸਖੀ ਤੇਰੀ ਤੋਰ ਤਾਂ ਮਰਦਾਂ ਵਰਗੀ ਹੈ। ਕਿਤੇ ਮਰਦ ਤਾਂ ਨਹੀਂ, ਮੇਰੇ ਨਾਲ ਧੋਖਾ ਜਾਂ ਮਖੌਲ ਕਰ ਰਹੀ ਹੈਂ?'

ਸ੍ਰੀ ਕ੍ਰਿਸ਼ਨ—(ਹੂਬਹੂ ਜਨਾਨੇ ਬੋਲ ਵਿਚ) 'ਰਾਮ ਰਾਮ ਕਹੋ ਸਖੀ! ਇਹ ਤੈਨੂੰ ਕੀ ਸ਼ੱਕ ਪੈ ਰਿਹਾ ਹੈ। ਤੇਰੀ ਭੂਆ ਪਾਰਬਤੀ ਹੈਸੀ ਨਾ! ਉਹ ਮੇਰੀ ਮਾਤਾ, ਮੈਂ ਕੋਈ ਝੂਠ ਥੋੜਾ ਬੋਲ ਰਹੀ ਹਾਂ। ਮੇਰੀ ਤੋਰ ਇਸ ਵਾਸਤੇ ਮਰਦਾਂ ਵਾਂਗ ਹੈ ਮੈਂ ਕਈ ਸਾਲ ਗਊਆਂ ਚਾਰਦੀ ਰਹੀ ਹਾਂ। ਸਹੁਰੇ ਘਰ ਜਾ ਕੇ ਵੀ ਗਊਆਂ ਪਿਛੇ ਤੇ ਖੇਤ ਵਿਚ ਕੰਮ ਕਰਨ ਜਾਣਾ ਪੈਂਦਾ ਰਿਹਾ। ਤੋਰ ਗਵਾਰਾਂ ਵਾਂਗ ਹੋ ਗਈ ਹੈ। ਕੋਈ ਚਿੰਤਾ ਨਾ ਕਰ। ਘਰ ਚਲ।'

ਚੰਦ੍ਰਾਵਲ ਨੇ ਪਾਣੀ ਦੀ ਗਾਗਰ ਭਰੀ ਤੇ ਚੁਕ ਕੇ ਘਰ ਆ ਗਈ। ਜੋ ਚੰਦ੍ਰਾਵਲ ਨੇ ਕਾਂਤਾ 'ਸ੍ਰੀ ਕ੍ਰਿਸ਼ਨ' ਨੂੰ ਇਸ਼ਨਾਨ ਕਰਨ ਵਾਸਤੇ ਆਖਿਆ ਤਾਂ ਉਸ ਨੇ ਜਵਾਬ ਦਿੱਤਾ ਕਿ ਉਹ ਇਸ਼ਨਾਨ ਨਹੀਂ ਕਰੇਗੀ।

ਰਾਤ ਨੂੰ ਰੋਟੀ ਖਾਣ ਦਾ ਵੇਲਾ ਹੋਇਆ ਤਾਂ ਕਾਂਤਾ ਚੰਦ੍ਰਾਵਲ ਦੇ ਨਾਲ ਹੀ ਰੋਟੀ ਖਾਣ ਲਗ ਪਈ। ਚੰਦ੍ਰਾਵਲ ਨੇ ਦੇਖਿਆ ਕਿ ਉਸ ਦੀ ਆਪੇ ਬਣੀ ਭੈਣ ਦੇ ਹੱਥ ਭਾਰੇ ਹਨ। ਖਾਣਾ ਮਰਦਾਂ ਵਾਂਗ ਖਾਂਦੀ ਹੈ। ਕਿਤੇ ਧੋਖਾ ਨਾ ਹੋਵੇ ਪਰ ਜਦੋਂ ਨੁਹਾਰ ਤੇ ਲੀੜਿਆਂ ਵਲ ਦੇਖੇ ਤਾਂ ਉਸ ਦਾ ਸ਼ੱਕ ਦੂਰ ਹੋ ਜਾਵੇ। ਉਹ ਨਾ ਹੀ ਰਹਿ ਸਕੀ, ਉਸ ਨੇ ਪੁਛਿਆ, 'ਹੇ ਸਖੀ! ਇਹ ਦੱਸ ਤੂੰ ਚਾਵਲ ਮਰਦਾਂ ਵਾਂਗ ਕਿਉਂ ਖਾਂਦੀ ਹੈਂ?'

'ਭੈਣ ਮੈਂ ਕੀ ਦੱਸਾਂ ?' ਕਾਂਤਾ 'ਸ੍ਰੀ ਕ੍ਰਿਸ਼ਨ' ਬੋਲੀ—'ਮੇਰੀ ਸੱਸ ਬੜੀ ਭੈੜੀ ਹੈ, ਉਹ ਮੈਨੂੰ ਮਾਰਦੀ ਕੁਟਦੀ ਰਹਿੰਦੀ ਹੈ ਤੇ ਖਾਣ ਨੂੰ ਘੱਟ ਹੀ ਦਿੰਦੀ ਸੀ। ਸੱਸ ਦੇ ਬਾਹਰ ਜਾਣ ਪਿਛੋਂ ਮੈਂ ਚੋਰੀ ਖਾਂਦੀ ਸਾਂ। ਮੈਨੂੰ ਚੋਰੀ ਖਾਣ ਦੀ ਆਦਤ ਪੈ ਗਈ। ਚੋਰੀ ਵਿਚ ਸਦਾ ਕਾਹਲ ਹੁੰਦੀ ਹੈ। ਐਵੇਂ ਸ਼ੱਕ ਨਾ ਕਰ।'

ਖ਼ੈਰ ਇਉਂ ਗੱਲਾਂ ਬਾਤਾਂ ਕਰਦਿਆਂ ਰਾਤ ਪੈ ਗਈ। ਚੰਦ੍ਰਾਵਲ ਦੀ ਸੱਸ ਸੌਹਰਾ ਤੇ ਦੇਵਰ ਜੇਠ ਆਪੋ ਆਪਣਿਆਂ ਟਿਕਾਣਿਆਂ ਤੇ ਸੌਂ ਗਏ। ਇਕ ਅੰਦਰ ਚੰਦ੍ਰਾਵਲ ਤੇ ਉਸ ਦੀ ਸੱਸ ਸਵਿਆਂ ਕਰਦੀ ਸੀ। ਉਸ ਦੀ ਸੱਸ ਦਾ ਬਿਸਤਰਾ ਉਸ ਦੇ ਨੇੜੇ ਹੀ ਸੀ। ਕਾਂਤਾ 'ਸ੍ਰੀ ਕ੍ਰਿਸ਼ਨ' ਨੇ ਚੰਦ੍ਰਾਵਲ ਨੂੰ ਕਿਹਾ ਕਿ ਉਹ ਚੰਦ੍ਰਾਵਲ ਦੇ ਨਾਲ ਸੌਂਵੇਗੀ। ਕਈ ਚਿਰਾਂ ਪਿਛੋਂ ਭੈਣ ਨੂੰ ਮਿਲੀ ਹੈ। ਰਾਤ ਨਾਲ ਸੁਤੀ ਹੋਈ ਦੁਖ ਸੁਖ ਦੀਆਂ ਗੱਲਾਂ ਸੁਤੰਤਰਤਾ ਨਾਲ ਕਰੇਗੀ।

ਦੀਵਾ ਬੁਝਾ ਦਿਤਾ ਗਿਆ। ਉਹਨਾਂ ਦੇ ਕੋਠੇ ਵਿਚ ਹਨੇਰਾ ਹੋ ਗਿਆ। ਕਾਂਤਾ ਨੂੰ ਸਚਮੁਚ ਭੈਣ ਤੇ ਇਸਤਰੀ ਸਮਝ ਕੇ ਚੰਦ੍ਰਾਵਲ ਉਸ ਦੇ ਨਾਲ ਲੰਮੀ ਪੈ ਗਈ। ਜਿਉਂ ਹੀ ਲੰਮੀ ਪਈ ਤਾਂ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਜਫੀ ਵਿਚ ਘੁਟ ਲਿਆ। ਜਫੀ ਵਿਚ ਘੁਟਣ ਦੀ ਦੇਰ ਸੀ ਕਿ ਚੰਦ੍ਰਾਵਲ ਨੂੰ ਪਤਾ ਲਗ ਗਿਆ ਕਿ ਉਸ ਨਾਲ ਧੋਖਾ ਹੋਇਆ ਹੈ ਉਹ ਛਲੀ ਗਈ ਹੈ ਪਰ ਉਹ ਮਜਬੂਰ ਸੀ ਉਹ ਨਾ ਰੌਲਾ ਪਾਉਣ ਜੋਗੀ ਸੀ ਤੇ ਨਾ ਉਚੀ ਗੱਲ ਕਰਨ ਜੋਗੀ। ਉਸ ਨੇ ਹੌਲੀ ਜਿਹੀ ਪੁਛਿਆ—'ਮੈਨੂੰ ਛਲਨ ਵਾਲੇ ਇਹ ਤਾਂ ਦਸ ਤੂੰ ਕੌਣ ਹੈਂ ?'

ਸ੍ਰੀ ਕ੍ਰਿਸ਼ਨ ਨੇ ਉੱਤਰ ਦਿਤਾ—'ਤੇਰਾ ਬਾਲ ਸਖਾ ਕਾਹਨ।'

'ਬਹੁਤ ਮਾੜਾ ਕੀਤਾ। ਇਥੋਂ ਤਕ ਪਹੁੰਚਿਓਂ ਹੁਣ ਮੈਂ ਕੀ ਕਰਾਂ, ਮੇਰੇ ਗਹਿਣੇ ਛਨਕਣਗੇ।'

ਕ੍ਰਿਸ਼ਨ ਨੇ ਆਪਣੀ ਯੋਗ ਸ਼ਕਤੀ ਨਾਲ ਇਕ ਰਾਤ ਛੇ ਮਹੀਨਿਆਂ ਦੀ ਕਰ ਦਿੱਤੀ। ਦੂਸਰਾ ਚੰਦ੍ਰਾਵਲ ਦੀ ਸੱਸ ਨੂੰ ਬੋਲਿਆਂ ਕਰ ਦਿਤਾ। ਉਸ ਨੂੰ ਉਨ੍ਹਾਂ ਦੀਆਂ ਗੱਲਾਂ ਤੇ ਗਹਿਣਿਆਂ ਦੀ ਛਣਕਾਰ ਨਹੀਂ ਸੀ ਸੁਣਾਈ ਦੇਂਦੀ। ਆਸਾ ਦੀ ਵਾਰ ਵਿਚ ਸਤਿਗੁਰੂ ਆਖਦੇ ਹਨ ਯੁਜਰ ਵੇਦ ਆਖਦਾ ਹੈ ਕਿ ਜਿਸ ਸ੍ਰੀ ਕ੍ਰਿਸ਼ਨ ਨੇ ਇਉਂ ਚੰਦ੍ਰਾਵਲ ਨੂੰ ਛਲਿਆ ਤੇ ਉਸ ਦੇ ਨਾਲ ਪ੍ਰੇਮ ਖੇਲ ਕਰਦਾ ਰਿਹਾ, ਉਹ ਦੁਆਪਰ ਦਾ ਅਵਤਾਰ ਗਿਣਿਆ ਜਾਂਦਾ ਹੈ। ਉਹ ਯਾਦਵ ਕੁੱਲ ਵਿਚੋਂ ਸੀ।

# ੯੩. ਦੇਵੀ ਦੇ ਤੀਰਥ ਸਥਾਪਣ ਦੀ ਕਥਾ

*ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥* (ਵਾਰ ਮਾਂਝ)

ਪੁਰਾਣਾਂ ਵਿਚ ਕਥਾ ਆਉਂਦੀ ਹੈ ਕਿ ਇਕ ਦਿਨ ਭਗਵਾਨ ਸ਼ਿਵ ਜੀ ਤੇ ਪਾਰਬਤੀ ਮਾਤ ਲੋਕ ਦੀ ਸੈਰ ਕਰ ਰਹੇ ਸਨ। ਮਾਤ ਲੋਕ ਵਿਚ ਉਨ੍ਹਾਂ ਨੇ ਦੇਖਿਆ ਬਹੁਤ ਸਾਰੇ ਜੀਵ ਦੁਖੀ ਹਨ। ਕਿਸੇ ਨੂੰ ਕੋਈ ਰੋਗ ਹੈ, ਕਿਸੇ ਨੂੰ ਕੋਈ। ਕੋਈ ਤਨ ਦਾ ਰੋਗੀ ਹੈ, ਕੋਈ ਮਨ ਦਾ। ਈਰਖਾ, ਕਾਮ, ਕ੍ਰੋਧ, ਲੋਭ, ਮੋਹ ਆਦਿਕ ਪਾਪ ਮਨੁਖ ਨੂੰ ਚੈਨ ਨਹੀਂ ਲੈਣ ਦੇਂਦੇ। ਦੁਖੀ ਪੁਰਸ਼ ਦੇ ਭਵਿਖਤ ਨੂੰ ਸੋਚ ਕੇ ਪਾਰਬਤੀ ਨੇ ਭਗਵਾਨ ਸ਼ਿਵ ਜੀ ਨੂੰ ਪੁਛਿਆ—'ਹੇ ਸਵਾਮੀ ਜੀ! ਇਹ ਦੱਸਣ ਦੀ ਕ੍ਰਿਪਾਲਤਾ ਕਰੋ ਮਾਤ ਲੋਕ ਦੇ ਜੀਵਾਂ ਦਾ ਉਧਾਰ ਕਿਵੇਂ ਹੋ ਸਕਦਾ ਹੈ? ਇਹ ਤਾਂ ਮਾਇਆ ਦੇ ਜਾਲ ਵਿਚ ਫਸੇ ਹੋਏ ਸੁਤੇ ਸਿੱਧ ਅਨੇਕਾਂ ਤਰ੍ਹਾਂ ਦੇ ਪਾਪ ਕਰੀ ਜਾ ਰਹੇ ਹਨ। ਮੈਂ ਹੈਰਾਨ ਹਾਂ ਜੇ ਇਸ ਤਰ੍ਹਾਂ ਦੇ ਕਰਮ ਕਰਦੇ ਰਹੇ ਤਾਂ ਧਰਮਰਾਜ ਦੇ ਨਰਕਾਂ ਵਿਚ ਥਾਂ ਨਹੀਂ ਰਹੇਗੀ। ਉਸ ਨੂੰ ਕੋਈ ਹੋਰ ਥਾਂ ਲੱਭਣੀ ਪਵੇਗੀ।'

ਸ਼ਿਵ ਜੀ ਮਹਾਰਾਜ ਮੌਜ ਵਿਚ ਸਨ। ਉਨ੍ਹਾਂ ਨੇ ਅਕ-ਧਤੂਰਾ ਛਕਿਆ ਹੋਇਆ ਸੀ। ਸੁੰਦਰ ਤੇ ਆਪਣੀ ਜਾਨ ਪਾਰਬਤੀ ਵਲ ਪ੍ਰੇਮ ਭਰੀ ਨਿਗਾਹ ਨਾਲ ਦੇਖ ਕੇ ਬੋਲੇ—'ਪਿਆਰੀ! ਤੈਨੂੰ ਮਾਤ ਲੋਕ ਦੀ ਚਿੰਤਾ ਕਿਉਂ? ਮਾਤ ਲੋਕ ਦੇ ਜੀਵਾਂ ਵਾਸਤੇ ਚਿੰਤਾ ਕਰਨ ਵਾਸਤੇ ਮੈਂ ਹਾਂ, ਬ੍ਰਹਮਾ ਆਦਿਕ ਦੇਵਤੇ ਜੁ ਹਨ। ਜਗਤ ਵਿਚ ਪਾਪ ਤੇ ਪੁੰਨ ਦੋਵੇਂ ਹਨ ਮਾੜੇ ਤੇ ਚੰਗੇ ਜੀਵ ਹਨ। ਐਸੀਆਂ ਉਲਝਨਾਂ ਵਿਚ ਤੂੰ ਨਾ ਫਸਿਆ ਕਰ।'

'ਮਾਤ ਲੋਕ ਦੇ ਜੀਵਾਂ ਨੂੰ ਦੇਖ ਕੇ ਖ਼ਿਆਲ ਆ ਹੀ ਜਾਂਦਾ ਹੈ। ਦਸੋ ਭਲਾ ਇਨ੍ਹਾਂ ਦੇ ਉਧਾਰ ਦਾ ਕੀ ਸਾਧਨ ਹੈ?' ਪਾਰਬਤੀ ਨੇ ਫਿਰ ਪੁਛਿਆ।

'ਮਾਤ ਲੋਕ ਦੇ ਜੀਵਾਂ ਦੇ ਉਧਾਰ ਵਾਸਤੇ ਧਰਤੀ ਉਤੇ ਦਸ ਕਰੋੜ ਤੀਰਥ ਹਨ। ਉਨ੍ਹਾਂ ਤੀਰਥਾਂ ਦੀ ਯਾਤਰਾ ਕਰਨ ਵਾਲਾ ਜੀਵ ਇਸ਼ਨਾਨ ਕਰ ਕੇ

ਚਰਨਾਮ੍ਰਿਤ ਪੀਣ ਵਾਲਾ ਪੁਰਸ਼ ਜਰੂਰ ਬੈਕੁੰਠ ਵਾਸੀ ਹੋਵੇਗਾ।'

ਇਹ ਸੁਣ ਕੇ ਪਾਰਬਤੀ ਹੈਰਾਨ ਹੋ ਗਈ, ਉਹ ਅਸਚੰਰਜਤਾ ਨਾਲ ਪੁਛਣ ਲਗੀ, 'ਹੇ ਚੰਗੇ ਸੁਆਮੀ! ਰਤਾ ਸੋਚੋ! ਮਾਤ ਲੋਕ ਦੇ ਜੀਵਾਂ ਦੀ ਉਮਰ ਕਲਜੁਗ ਵਿਚ ਬਹੁਤ ਘਟ ਹੈ। ਮਾਇਆ ਦਾ ਖਲਾਰਾ ਬਹੁਤ ਹੈ। ਛੋਟੀ ਜਿਹੀ ਆਯੂ ਵਿਚ ਭਲਾ ਇਹ ਦਸ ਕਰੋੜ ਤੀਰਥਾਂ ਦੀ ਯਾਤਰਾ ਤੇ ਇਸ਼ਨਾਨ ਕਿਵੇਂ ਕਰ ਸਕਣਗੇ? ਦਸ ਕਰੋੜ ਤੀਰਥਾਂ ਉਤੇ ਪੈਦਲ ਤੁਰ ਕੇ ਜਾਣ ਵਾਸਤੇ ਕਿੰਨਾਂ ਸਮਾਂ ਲਗਦਾ ਹੈ, ਇਹ ਸੋਚਿਆ ਜੇ, ਐਵੇਂ ਭੰਗ ਦੇ ਨਸ਼ੇ ਵਿਚ ਤਾਂ ਨਹੀਂ ਆਖ ਰਹੇ।'

'ਪਿਆਰੀ! ਗੱਲ ਤਾਂ ਤੇਰੀ ਕੁਝ ਠੀਕ ਪ੍ਰਤੀਤ ਹੁੰਦੀ ਹੈ। ਦਸ ਕਰੋੜ ਤੀਰਥਾਂ ਉਤੇ ਕਲਜੁਗ ਦਾ ਜੀਵ ਨਹੀਂ ਪਹੁੰਚ ਸਕਦਾ। ਜੇ ਉਹ ਤੀਰਥਾਂ ਉਤੇ ਨਾ ਪਹੁੰਚੇ ਤਾਂ ਉਸ ਦੀ ਕਲਿਆਨ ਨਹੀਂ ਹੋਵੇਗੀ। ਹੱਛਾ ਮੈਂ ਸੋਚਦਾ ਹਾਂ ਕਿ ਇਸ ਗੱਲ ਦਾ ਹੋਰ ਕੀ ਸਾਧਨ ਹੋ ਸਕਦਾ ਹੈ, ਜਾਂ ਤੂੰ ਕੋਈ ਸਾਧਨ ਦਸ।'

ਪਾਰਬਤੀ—'ਸੁਆਮੀ ਜੀ! ਮੈਂ ਇਹ ਸਮਝਦੀ ਹਾਂ ਕਿ ਦਸ ਕਰੋੜ ਤੀਰਥਾਂ ਵਿਚੋਂ ਕੁਝ ਤੀਰਥ ਚੁਣ ਲਏ ਜਾਣ। ਜਿਨ੍ਹਾਂ ਤੀਰਥਾਂ ਦੀ ਯਾਤਰਾ ਇਕ ਕਲਜੁਗੀ ਜੀਵ ਛੇਤੀ ਕਰ ਲਵੇ।

ਸ਼ਿਵ ਜੀ—ਇਹ ਠੀਕ ਹੈ, ਫਿਰ ਤੂੰ ਹੀ ਇਹ ਯਤਨ ਕਰ। ਮੇਰੀ ਯੋਗ ਸ਼ਕਤੀ ਨਾਲ ਸਾਰੇ ਤੀਰਥਾਂ ਦੀ ਯਾਤਰਾ ਕਰ ਕੇ ਦੱਸ, ਇਨ੍ਹਾਂ ਵਿਚੋਂ ਕਿਹੜੇ ਚੰਗੇ ਤੀਰਥ ਹਨ, ਜਿਨ੍ਹਾਂ ਦੇ ਇਸ਼ਨਾਨ ਕੀਤਿਆਂ ਹੋਇਆਂ ਦਸ ਕਰੋੜ ਤੀਰਥਾਂ ਦੇ ਇਸ਼ਨਾਨ ਹੋ ਜਾਣ।'

ਪਾਰਬਤੀ ਦੇਵੀ ਨੇ ਇਹ ਗੱਲ ਮਨਜ਼ੂਰ ਕਰ ਲਈ। ਉਸ ਨੇ ਸ਼ਿਵਾਂ ਕੋਲੋਂ ਯੋਗ ਸ਼ਕਤੀ ਹਾਸਲ ਕਰ ਕੇ ਥੋੜ੍ਹੇ ਸਮੇਂ ਵਿਚ ਦਸ ਕਰੋੜ ਤੀਰਥਾਂ ਦੀ ਯਾਤਰਾ ਕੀਤੀ। ਉਨ੍ਹਾਂ ਵਿਚੋਂ ਚੰਗੇ ਤੀਰਥ ਜੋ ਗਿਣਤੀ ਵਿਚ ੬੮ ਹਨ। ਉਨ੍ਹਾਂ ਤੀਰਥਾਂ ਦੇ ਇਹ ਨਾਮ ਹਨ—੧ ਮੁਕੰਦਾ। ੨ ਗੰਗਾ। ੩ ਨਰਬਦਾ। ੪ ਘਣੀ। ੫ ਸਵੇਚਰਾ। ੬ ਸਿੰਧੂ। ੭ ਸੋਵੀਰਾ। ੮ ਕੇਬੇਰੀ। ੯ ਕਪਬਾ। ੧੦ ਪਾਰਾਠ। ੧੧ ਪੁਨਿਆਂ। ੧੨ ਦੇਵਨਦੀ। ੧੩ ਹੰਸ ਵੇਗਾ। ੧੪ ਹੰਸਪਾਦਾ। ੧੫ ਸਹੰਸੀ। ੧੬ ਸ਼ਸ਼ੋਸ਼ਕੀ। ੧੭ ਕੰਪਿਆ। ੧੮ ਚਰਮਨ ਵਤੀ। ੧੯ ਮਹੇਸ਼ਰੀ। ੨੦

ਸਪੰਨਿਆਂ । ੨੧ ਸੁਪਦਮਣੀ । ੨੨ ਭਦ੍ਰਾ ਵੇਣਾ । ੨੩ ਬੇਣਾ । ੨੪ ਸੁਰਣੂ । ੨੫ ਸੁਰਤਾ । ੨੬ ਮਨੋਰਥਾ । ੨੭ ਹੇਲਾ । ੨੮ ਪਲਿੰਦਕਾ । ੨੯ ਸੁਪਰੀਚਾ । ੩੦ ਨਾਹਲੀ । ੩੧ ਜੁਆਲਾ । ੩੨ ਉਦਸੰਕ੍ਰਮਾ । ੩੩ ਚਵਰਕਾ । ੩੪ ਮਨੋਰਥ ਵੇਦਯਾ । ੩੫ ਦੇਵਦਰਾਚੀ । ੩੬ ਵੀਮਵਾਹਨੀ । ੩੭ ਗਭੀਰਾ । ੩੮ ਲਿੰਗਾ । ੩੯ ਸੁਚਕਲਾ । ੪੦ ਕਪਿੰਜਲਾ । ੪੧ ਕਾਲਾ । ੪੨ ਸੁਆਹਾ । ੪੩ ਹਿਤਾਸਨੀ । ੪੪ ਪੁਸਕਰ । ੪੫ ਪ੍ਰਯਾਗ । ੪੬ ਸੁਪੁਤ੍ਰਕਾ । ੪੭ ਸਵਦ੍ਰਾ । ੪੮ ਹੈਮਗਰਭਾ । ੪੯ ਪਰਾਮਰੀ । ੫੦ ਅਘਾਹਾ । ੫੧ ਲਖਹੇਮਾ । ੫੨ ਬੀਰਬਾਹਾ । ੫੩ ਮਹਾਂ ਰਤਨ । ੫੪ ਢੰਡਕ । ੫੫ ਨੈਮਖਯਾਰੰਨ । ੫੬ ਆਵਤੀ । ੫੭ ਪ੍ਰਭਾਸ । ੫੮ ਦ੍ਵਾਰਾਵਤੀ । ੫੯ ਵਾਰਾਨਸੀ । ੬੦ ਅਰਘ ਦੀਰਘ । ੬੧ ਕਾਂਤੀ । ੬੨ ਮਾਯਾ । ੬੩ ਨਰਬਾਹਨ । ੬੪ ਅਸਵਮੋਹਾ । ੬੫ ਬ੍ਰਹਮ ਖੇਤਰ । ੬੬ ਕਾਲਿਜਰ । ੬੭ ਕਲੇਸ਼ਵਰ । ੬੮ ਮਹੇਸ਼ਵਰ ।

ਇਹ ਤੀਰਥ ਮਿਥ ਕੇ ਦੇਵੀ ਪਾਰਬਤੀ ਨੇ ਆਖਿਆ—'ਹੇ ਸੁਆਮੀ ਜੀ ! ਆਪ ਦੀ ਸੇਵਾ ਤੇ ਸ਼ਕਤੀ ਅਨੁਸਾਰ ਮੈਂ ਆਖ ਸਕਦੀ ਹਾਂ ਤੇ ਵਰ ਦੇਂਦੀ ਹਾਂ ਕਿ ਜੋ ਇਨ੍ਹਾਂ ੬੮ (ਅਠਾਹਠ) ਤੀਰਥਾਂ ਦੀ ਯਾਤਰਾ ਇਸ਼ਨਾਨ ਕਰ ਲਵੇਗਾ ਉਸ ਨੂੰ ਦਸ ਕ੍ਰੋੜ ਤੀਰਥਾਂ ਦੇ ਇਸ਼ਨਾਨ ਦਾ ਫਲ ਮਿਲੇਗਾ ।' ਇਨ੍ਹਾਂ ਤੀਰਥਾਂ ਦੀ ਸਥਾਪਣਾ ਵਲ ਹੀ ਇਸ਼ਾਰਾ ਕਰ ਕੇ ਗੁਰੂ ਜੀ ਨੇ ਆਖਿਆ—'ਕਿ ਅਠਸਠ (੬੮) ਤੀਰਥ ਦੇਵੀ ਨੇ ਥਾਪੇ ਹਨ ।' ਇਕ ਥਾਂ ਹੋਰ ਆਉਂਦਾ ਹੈ—ਜਿਤਨੇ ਤੀਰਥ ਦੇਵੀ ਨੇ ਥਾਪੇ ਸਭ ਤਿਤਨੇ ਲੋਚਹਿ ਧੂਰਿ ਸਾਧੂ ਕੀ ਤਾਈ । ਜਿੰਨੇ ਤੀਰਥ ਪਾਰਬਤੀ ਦੇਵੀ ਨੇ ਥਾਪੇ ਹਨ ਉਹ ਸਾਰੇ ਤੀਰਥ ਹੀ ਬੇਸਬਰੀ ਨਾਲ ਚੰਗੇ ਸਾਧੂਆਂ ਦੀ ਧੂਰੀ ਲੋਚਦੇ ਹਨ । ਭਾਵ ਇਹ ਕਿ ਗੁਰਮਤ ਇਹ ਨਹੀਂ ਮੰਨਦੀ ਕਿ ਤੀਰਥਾਂ ਉਤੇ ਪੁੱਜ ਕੇ ਜੀਵ ਦੀ ਕਲਿਆਣ ਹੁੰਦੀ ਹੈ । ਸਾਧ ਸੰਗਤ ਗੁਰਬਾਣੀ ਤੇ ਗੁਰ ਮਰਿਆਦਾ ਇਹੋ ਹੀ ਜੀਵਨ ਮੁਕਤੀ ਦਾ ਸਾਧਨ ਹੈ । ਤੀਰਥਾਂ ਉਤੇ ਗਿਆਂ ਸਗੋਂ ਪਾਪ ਚੜ੍ਹਦੇ ਹਨ । ਗੁਰੂ ਦੀ ਸ਼ਰਨ ਹੀ ਤੀਰਥ ਯਾਤਰਾ ਹੈ ।

# ੯੪. ਭਾਈ ਪੱਲਾ ਜੀ ਦੀ ਕਥਾ

*ਵਿਣੁ ਗੁਰ ਹੋਰੁ ਧਿਆਨੁ ਹੈ ਸਭ ਦੂਜਾ ਭਾਉ। ਵਿਣੁ ਗੁਰ ਸਬਦ ਗਿਆਨੁ ਹੈ ਫਿਕਾ ਆਲਾਉ। ਵਿਣੁ ਗੁਰ ਚਰਣਾਂ ਪੂਜਣਾ ਸਭੁ ਕੂੜਾ ਸੁਆਉ। ਵਿਣੁ ਗੁਰੁ ਬਚਨੁ ਜੁ ਮੰਨਣਾ ਊਰਾ ਪਰਥਾਉ। ਸਾਧਸੰਗਤਿ ਵਿਣੁ ਸੰਗੁ ਹੈ ਸਭੁ ਕਚਾ ਚਾਉ। ਪੀਰ ਮੁਰੀਦਾਂ ਪਿਰਹੜੀ ਜਿਣਿ ਜਾਣਨਿ ਦਾਉ ॥੧੭॥* (ਭਾਈ ਗੁਰਦਾਸ ਜੀ, ਵਾਰ ੨੭)

ਦਰਿਆ ਬਿਆਸ ਦੇ ਪੱਛਮੀ ਕਿਨਾਰੇ ਜ਼ਿਲ੍ਹਾ ਅੰਮ੍ਰਿਤਸਰ ਪਿੰਡ ਬੁਤਾਲਾ ਹੈ। ਅੱਜ ਕਲ੍ਹ ਇਹ ਪਿੰਡ ਬਹੁਤ ਵੱਡਾ ਹੈ। ਇਹ ਪਿੰਡ ਬਹੁਤ ਪੁਰਾਣਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਪਿੰਡ ਦੇ ਵਸਨੀਕ ਸਾਰੇ ਸਖੀ ਸਰਵਰ ਦੇ ਚੇਲੇ ਸਨ। ਉਹ ਗੁਰਮਤਿ ਨੂੰ ਨਹੀਂ ਸਨ ਮੰਨਦੇ ਸਗੋਂ ਗੁਰੂ ਨਾਮ ਲੇਵਾ ਸੰਗਤਾਂ ਨਾਲ ਵਿਰੋਧਤਾ ਕਰਦੇ ਸਨ।

ਸ੍ਰੀ ਅੰਮ੍ਰਿਤਸਰ ਦੇ ਨੇੜੇ ਦੇ ਇਕ ਪਿੰਡ ਵਿਚੋਂ ਇਕ ਬੀਬੀ ਸੰਤੀ ਬੁਤਾਲੇ ਵਿਆਹੀ ਚਲੀ ਗਈ। ਸੰਤੀ ਦੇ ਮਾਂ-ਬਾਪ ਗੁਰਮੁਖ ਤੇ ਗੁਰੂ ਜੀ ਦੇ ਸਿਖ ਸਨ। ਰਿਸ਼ਤੇਦਾਰੀ ਦੇ ਲਿਹਾਜ ਨਾਲ ਬੀਬੀ ਦਾ ਵਿਆਹ ਮਨਮੁਖਾਂ ਦੇ ਘਰ ਹੋ ਗਿਆ। ਕੁਝ ਸੰਜੋਗ ਦੀ ਗੱਲ। ਮਨਮੁਖਾਂ ਤੇ ਮਨਮਤੀਆਂ ਦੇ ਘਰ ਆ ਕੇ ਬੀਬੀ ਸੰਤੀ ਬਹੁਤ ਤੰਗ ਹੋਈ। ਸਾਰੇ ਸਖੀ ਸਰਵਰ ਦੇ ਚੇਲੇ ਅਤੇ ਹੁਕੀਆਂ ਪੀਣ ਵਾਲੇ ਸਨ। ਉਹ ਬੀਬੀ ਗੁਰੂ ਦੀ ਬਾਣੀ ਪੜ੍ਹਿਆ ਕਰਦੀ ਸੀ। ਸੰਤੀ ਦੀ ਸੱਸ ਨੇ ਜਦੋਂ ਦੇਖਿਆ ਕਿ ਉਸ ਦੀ ਨੂੰਹ ਗੁਰੂ ਘਰ ਦੀ ਪ੍ਰੇਮਣ ਹੈ, ਸਖੀ ਸਰਵਰ ਨੂੰ ਨਹੀਂ ਪੂਜਦੀ ਤਾਂ ਉਸ ਨੇ ਸੰਤੀ ਨੂੰ ਟੱਬਰ ਵਿਚੋਂ ਵੱਖ ਕਰ ਦਿਤਾ। ਥੋੜ੍ਹੇ ਜਿਹੇ ਭਾਂਡੇ ਅਤੇ ਇਕ ਕੱਚਾ ਕੋਠਾ ਦੇ ਦਿੱਤਾ। ਉਸ ਵਿਚ ਹੀ ਸ਼ੁਕਰ ਕਰ ਕੇ ਅੱਡ ਹੋਈ। ਅੱਡ ਹੋਇਆਂ ਉਸ ਨੂੰ ਸੁਖ ਦਾ ਸਾਹ ਮਿਲਿਆ, ਕਿਉਂਕਿ ਉਸ ਨੂੰ ਹੁਕੇ ਉਤੇ ਅੱਗ ਨਾ ਰਖਣੀ ਪਈ। ਸਖੀ ਸਰਵਰ ਦੀ ਪੂਜਾ ਨਾ ਕਰਨੀ ਪਈ। ਕਿਸੇ ਫ਼ਕੀਰ ਨੂੰ ਮੱਥਾ ਨਾ ਟੇਕਣਾ ਪਿਆ। ਉਸ ਦਾ ਪਤੀ ਦੇਵਤਾ ਬਹੁਤ ਨੇਕ ਪੁਰਸ਼ ਸੀ, ਭਾਵੇਂ ਉਹ ਸਰਵਰੀਆ ਸੀ ਪਰ ਜਦੋਂ ਸੰਤੀ ਨੇ ਉਸ ਨੂੰ ਸਮਝਾਇਆ ਤਾਂ ਉਹ ਗੁਰੂ ਦਾ ਪ੍ਰੇਮੀ ਬਣ ਗਿਆ। ਦੋਵੇਂ ਜੀਅ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਨ ਲਗੇ। ਕਿਉਂਕਿ ਭਾਈ ਗੁਰਦਾਸ

ਜੀ ਦੀ ਉਪਰਲੀ ਪਉੜੀ ਦੇ ਭਾਵ ਅਨੁਸਾਰ ਉਹ ਗੁਰੂ ਤੋਂ ਬਿਨਾਂ ਹੋਰ ਕਿਸੇ ਨਾਲ ਪ੍ਰੀਤ ਕਰਨੀ ਚਾਹੁੰਦੇ ਹੀ ਨਹੀਂ ਸਨ। ਉਹ ਸਮਝਦੇ ਸਨ ਗੁਰੂ ਦੇ ਸ਼ਬਦ ਤੋਂ ਬਿਨਾਂ ਕਿਸੇ ਦੇ ਚਰਨਾਂ ਉਤੇ ਮੱਥਾ ਨਹੀਂ ਟੇਕਣਾ ਚਾਹੀਦਾ। ਗੁਰੂ ਦੇ ਭਗਤਾਂ ਦੀ ਸੰਗਤ ਕਰਨੀ ਚਾਹੀਦੀ ਹੈ, ਹੋਰ ਕਿਸੇ ਦੀ ਸੰਗਤ ਲਾਭਵੰਦ ਨਹੀਂ ਹੋ ਸਕਦੀ।

ਕੁਦਰਤ ਦੇ ਰੰਗ ਸੰਤੀ ਦੇ ਪਲੇਠੀ ਦਾ ਲੜਕਾ ਹੋਇਆ। ਉਸ ਦਾ ਨਾਮ 'ਪੱਲਾ' ਰਖਿਆ। ਉਹ ਪੱਲਾ ਅਜੇ ਬਾਲ ਹੀ ਸੀ ਕਿ ਪਲੇ ਦਾ ਬਾਪ ਚੜ੍ਹਾਈ ਕਰ ਗਿਆ। ਪੱਲਾ ਯਤੀਮ ਹੋ ਗਿਆ ਅਤੇ ਸੰਤੀ ਵਿਧਵਾ ਹੋ ਗਈ। ਵਿਧਵਾ ਵਾਸਤੇ ਅਨਮਤੀਆਂ ਦੇ ਵਿਚ ਦਿਨ ਕਟਣੇ ਬਹੁਤ ਕਠਿਨ ਸਨ, ਪਰ ਉਸ ਨੇ ਹੌਸਲਾ ਨਾ ਹਾਰਿਆ। ਉਹ ਸ਼ੇਰਨੀ ਵਾਂਗ ਡੱਟ ਕੇ ਆਪਣੇ ਪੁੱਤਰ ਪੱਲੇ ਨੂੰ ਪਾਲਦੀ ਰਹੀ। ਉਸ ਦਾ ਇਕ ਦੇਵਰ ਸੀ, ਉਸ ਦੀ ਸੱਸ ਨੇ ਚਾਹਿਆ ਕਿ ਸੰਤੀ ਆਪਣੇ ਦੇਵਰ ਦੇ ਘਰ ਬੈਠ ਜਾਵੇ, ਪਰ ਸੰਤੀ ਨਾ ਮੰਨੀ ਕਿਉਂਕਿ ਉਸਦਾ ਦੇਵਰ ਬਹੁਤ ਮੂਰਖ ਤੇ ਮਨਮਤੀਆ ਸੀ, ਉਸ ਦੇ ਦੇਵਰ ਨੇ ਇਸੇ ਗੁਸੇ ਕਰਕੇ ਉਸ ਨੂੰ ਬਹੁਤ ਤੰਗ ਤੇ ਬਦਨਾਮ ਕਰਨਾ ਸ਼ੁਰੂ ਕੀਤਾ, ਪਰ ਸੰਤੀ ਗੁਰੂ ਦਾ ਆਸਰਾ ਰੱਖ ਕੇ ਗੁਰੂ ਦੇ ਨਾਮ ਦਾ ਸਿਮਰਨ ਕਰਦੀ ਰਹੀ। ਕੋਈ ਉਸ ਨੂੰ ਤੰਗੀ ਨਾ ਹੋਈ। ਆਪ ਉਹ ਖੇਤਾਂ ਵਿਚ ਕੰਮ ਕਰ ਕੇ ਅੰਨ ਪੈਦਾ ਕਰ ਲੈਂਦੀ ਰਹੀ।

ਹੌਲੀ ਹੌਲੀ ਪੱਲਾ ਗਭਰੂ ਹੋ ਗਿਆ। ਉਹ ਧਰਮ ਦੀ ਕਿਰਤ ਕਰਨ ਲੱਗਾ। ਆਪਣੇ ਖੇਤਾਂ ਵਿਚ ਹਲ ਵਾਹ ਕੇ ਰੋਟੀ ਖਾਣ ਲੱਗਾ। ਇਕ ਦਿਨ ਉਨ੍ਹਾਂ ਦੇ ਪਿੰਡ ਵਿਚ ਦੀ ਸਰਵਰ ਦਾ ਸੰਗ ਲੰਘਿਆ, ਉਸ ਨੇ ਮੋਕਲ ਜਾਣਾ ਸੀ, ਉਸ ਸੰਗ ਨੂੰ ਦੇਖ ਕੇ ਪੱਲੇ ਦੇ ਮਨ ਵਿਚ ਫੁਰਨਾ ਫੁਰਿਆ ਕਿ ਉਹ ਸੰਗ ਨਾਲ ਕਿਉਂ ਨਹੀਂ ਜਾਂਦਾ। ਉਸ ਦੀ ਮਾਂ ਸਰਵਰ ਦੀ ਥਾਂ ਕਿਸੇ ਗੁਰੂ ਨੂੰ ਪੂਜਦੀ ਹੈ, ਉਹ ਗੁਰੂ ਕੌਣ ਹੈ ? ਕਿਥੇ ਹੈ ? ਕੀ ਦਰਸ਼ਨ ਹੋਣਗੇ ? ਇਹੋ ਜਿਹੇ ਖ਼ਿਆਲ ਕਰ ਕੇ ਉਹ ਘਰ ਆ ਗਿਆ ਤੇ ਮਾਂ ਕੋਲ ਪੁੱਜ ਕੇ ਆਖਣ ਲਗਾ, 'ਹੇ ਮਾਤਾ ! ਇਹ ਦੱਸ ਜਿਸ ਗੁਰੂ ਦਾ ਨਾਮ ਜਪਦੀ ਹੈਂ ਉਸ ਦੇ ਕਦੀ ਆਪਾਂ ਨੂੰ ਦਰਸ਼ਨ ਵੀ ਹੋਣਗੇ ? ਉਹ ਗੁਰੂ ਕਿਥੇ ਹੈ, ਕਦੋਂ ਆਵੇਗਾ ?'

ਸੰਤੀ ਇਹ ਸੁਣ ਕੇ ਖ਼ੁਸ਼ ਹੋਈ ਤੇ ਪੱਲੇ ਨੂੰ ਸਮਝਾਉਣ ਲਗੀ, 'ਪੁੱਤਰ !

ਉਹ ਸੱਚਾ ਪਾਤਸ਼ਾਹ ਹੈ, ਗੁਰੂ ਨਾਨਕ ਜੀ ਦੀ ਗੱਦੀ ਉਤੇ ਛੇਵਾਂ ਪਾਤਸ਼ਾਹ ਹੈ। ਸ੍ਰੀ ਅੰਮ੍ਰਿਤਸਰ ਰਹਿੰਦਾ ਹੈ। ਉਹ ਆਪਣੇ ਸਿੱਖਾਂ ਨਾਲ ਬਹੁਤ ਪਿਆਰ ਕਰਦਾ ਹੈ ਜੋ ਸਿੱਖ ਸਚੇ ਹਿਰਦੇ ਅਤੇ ਦਿਲ ਨਾਲ ਯਾਦ ਕਰੇ ਉਸ ਨੂੰ ਜਰੂਰ ਆ ਮਿਲਦਾ ਹੈ। ਹਿਰਦੇ ਵਿਚ ਯਾਦ ਰਖਿਆ ਕਰ, ਉਹ ਦਾਤਾਰ, ਦਿਆਲੂ ਘੋੜੇ ਉਤੇ ਸਵਾਰ ਹੋ ਕੇ ਜ਼ਰੂਰ ਦਰਸ਼ਨ ਦੇਣ ਵਾਸਤੇ ਆਵੇਗਾ। ਉਹ ਬਹੁਤ ਚੰਗਾ ਹੈ, ਦਾਤਾ ਹੈ, ਗ਼ਰੀਬਾਂ ਉਤੇ ਬਹੁਤ ਦਇਆ ਕਰਦਾ ਹੈ।'

ਪੱਲਾ—'ਕੀ ਮਾਂ ਉਹ ਅਸਾਂ ਗ਼ਰੀਬਾਂ ਉਤੇ ਵੀ ਦਇਆ ਕਰੇਗਾ? ਕੀ ਉਹ ਸਚਮੁਚ ਮੈਨੂੰ ਦਰਸ਼ਨ ਦੇਵੇਗਾ?'

ਸੰਤੀ—'ਹਾਂ ਬੇਟਾ! ਉਹ ਜ਼ਰੂਰ ਆਵੇਗਾ ਤੇ ਆਵੇਗਾ ਵੀ ਛੇਤੀ ਹੀ ਇੰਞ ਕਰ ਉਹਨਾਂ ਦੇ ਦਰਸ਼ਨ ਕਰਨ ਵਾਸਤੇ ਤਿਆਰੀ ਕਰ ਰਖੀਂ। ਤਿਆਰੀ ਵਿਚ ਫ਼ਰਕ ਨਾ ਪਵੇ।'

ਪੱਲਾ—'ਕਿਸ ਤਰ੍ਹਾਂ ਦੀ ਤਿਆਰੀ ਰਖਾਂ ਮਾਂ?'

ਸੰਤੀ—'ਪੁੱਤਰ! ਇਕ ਗੁੜ ਦੀ ਰੋੜੀ ਤੇ ਇਕ ਰੁਪਈਆ ਕੰਨੀ ਬੰਨ੍ਹ ਛਡਿਆ ਕਰ। ਜਦੋਂ ਉਹ ਆਏ ਤਾਂ ਛੇਤੀ ਹੀ ਚਲੇ ਜਾਣਗੇ। ਉਸ ਵੇਲੇ ਖ਼ਾਲੀ ਹੱਥ ਗੁਰਾਂ ਦੇ ਦਰਸ਼ਨ ਕਰਨੇ ਚੰਗੇ ਨਹੀਂ। ਕੁਝ ਨਾ ਕੁਝ ਪੱਲੇ ਹੋਣਾ ਜਰੂਰੀ ਹੈ।'

ਪੱਲਾ ਮਾਂ ਦੇ ਆਖੇ ਲਗ ਗਿਆ। ਉਸ ਨੇ ਸਾਫੇ ਦੇ ਪੱਲੇ ਇਕ ਰੁਪਈਆ ਤੇ ਗੁੜ ਦੀ ਰੋੜੀ ਬੰਨ੍ਹ ਲਈ, ਘਰ ਤੇ ਖੇਤ ਵਿਚ ਕੰਮ ਕਰਨ ਗਿਆਂ ਕੋਲ ਰੱਖਦਾ। ਉਹ ਹਿਰਦੇ ਵਿਚ ਯਾਦ ਕਰਦਾ ਤੇ ਬੇਨਤੀਆਂ ਕਰਦਾ ਕਿ ਸਤਿਗੁਰੂ ਛੇਤੀ ਆਉਣ। ਉਸ ਨੂੰ ਦਰਸ਼ਨ ਦੇਣ, ਦਰਸ਼ਨਾਂ ਵਾਸਤੇ ਉਹ ਇੰਝ ਤੜਫ ਰਿਹਾ ਸੀ ਜਿਵੇਂ ਬਰੇਤੇ ਉਤੇ ਮੱਛੀ ਤੜਫਦੀ ਹੈ, ਉਹ ਦੁਪਹਿਰ ਜਦੋਂ ਦਰਖ਼ਤ ਦੀ ਛਾਂ ਹੇਠਾਂ ਬੈਠਦਾ ਤਾਂ ਚੇਤੇ ਕਰਦਾ ਸਤਿਗੁਰੂ ਨੂੰ। ਉਸ ਭੋਲੇ ਪੱਲੇ ਦੀ ਅਰਦਾਸ ਸੁਣ ਕੇ ਮੀਰੀ ਪੀਰੀ ਦੇ ਮਾਲਕ ਘੋੜੇ ਉਤੇ ਸਵਾਰ ਹੋ ਕੇ ਸਿਖ ਸੇਵਕਾਂ ਨੂੰ ਸਾਥ ਲੈ ਕੇ ਬੁਤਾਲੇ ਵਲ ਤਿਆਰ ਹੋਏ। ਸਚਮੁਚ ਨਗਰ ਬੁਤਾਲੇ ਦੇ ਚੌਂਕ ਵਿਚ ਜਾ ਖਲੋਤੇ। ਪਿੰਡ ਦੇ ਮਨਮਤੀਆਂ ਤੇ ਮੂਰਖਾਂ ਨੇ ਸਤਿਗੁਰੂ ਦਾ ਸਤਿਕਾਰ ਨਾ ਕੀਤਾ। ਉਹ ਹੰਕਾਰ ਵਿਚ ਬੈਠੇ ਰਹੇ। ਧੀਰਜਵਾਨ ਸਤਿਗੁਰੂ ਨੇ ਗੁੱਸਾ ਨਹੀਂ ਕੀਤਾ। ਖਲੋਤੇ ਹੋਏ ਉਨ੍ਹਾਂ ਮਨਮੁਖਾਂ ਦੀ ਮੂਰਖਤਾ ਉਤੇ ਮੁਸਕਰਾਉਂਦੇ ਰਹੇ। ਘੜੀ ਪਲ ਖਲੋ ਕੇ ਅੰਤਰਜਾਮੀ ਸਤਿਗੁਰੂ ਜੀ ਨੇ ਆਪਣੀ

ਆਤਮਿਕ ਸ਼ਕਤੀ ਨਾਲ ਦੇਖਿਆ ਕਿ ਉਨ੍ਹਾਂ ਦਾ ਸਿੱਖ ਉਨ੍ਹਾਂ ਦੀ ਖੇਤਾਂ ਵਿਚ ਉਡੀਕ ਕਰ ਰਿਹਾ ਹੈ। ਉਹ ਰਾਤ ਦਿਨ 'ਗੁਰੂ ਗੁਰੂ' ਜਪ ਰਿਹਾ ਹੈ। ਘੋੜਾ ਉਧਰ ਨੂੰ ਮੋੜਿਆ। ਹਵਾ ਦੀ ਤੇਜ਼ੀ ਵਰਗੇ ਵੇਗ ਨਾਲ ਘੋੜਾ ਉਥੇ ਜਾ ਪੁੱਜਾ। ਅਗੇ ਰੁੱਖ ਦੀ ਛਾਂ ਹੇਠ ਬੈਠਾ ਪੱਲਾ ਸਚਮੁਚ ਗੁਰੂ ਦੀ ਯਾਦ ਵਿਚ ਮਗਨ ਬੈਠਾ ਸੀ। ਗੁੜ ਦੀ ਰੋੜੀ ਤੇ ਰੁਪਈਆ ਉਸ ਦੇ ਪਲੇ ਬਧਾ ਹੋਇਆ ਸੀ। ਨੈਣ ਮੁੰਦੇ ਹੋਏ ਸਨ। ਉਸ ਦੀ ਆਤਮਾ ਆਖ ਰਹੀ ਸੀ, 'ਹੇ ਘੋੜੇ ਤੇ ਸਵਾਰ ਗੁਰੂ ਕਦੋਂ ਦਰਸ਼ਨ ਦੇਵੋਗੇ? ਜੀਵਨ ਦਾਤੇ! ਹਿਰਦੇ ਨੂੰ ਦਰਸ਼ਨਾਂ ਦੀ ਪਿਆਸ ਬਹੁਤ ਲੱਗੀ ਹੈ। ਇਹ ਪਿਆਸ ਕਦੋਂ ਬੁਝੇਗੀ, ਕਦੋਂ ਦਰਸ਼ਨ ਹੋਣਗੇ?'

ਉਸ ਸਮੇਂ ਗੁਰੂ ਜੀ ਪਹੁੰਚ ਗਏ ਉਨ੍ਹਾਂ ਜਾ ਕੇ ਆਖਿਆ—'ਪੱਲਿਆ! ਕੀ ਪੱਲੇ ਬੰਨੀ ਬੈਠਾ ਹੈਂ?'

ਪੱਲੇ ਨੇ ਆਵਾਜ਼ ਸੁਣੀ, ਮਿੱਠੀ ਆਵਾਜ਼ ਜੀਅ ਦਾਨ ਬਖ਼ਸ਼ਣ ਵਾਲੀ ਆਵਾਜ਼ ਸੁਣ ਕੇ ਉਸ ਨੇ ਸੁਰਤ ਕੀਤੀ। ਅੱਖਾਂ ਖੋਲ੍ਹੀਆਂ ਤਾਂ ਦੇਖਿਆ ਓਹੋ ਹੀ ਸਾਹਮਣੇ ਖਲੋਤੇ ਹਨ, ਜਿਨ੍ਹਾਂ ਦਾ ਧਿਆਨ ਕਰ ਕੇ ਪੱਲਾ ਬੈਠਾ ਹੋਇਆ ਸੀ। ਛੇਤੀ ਨਾਲ ਉਠ ਕੇ ਗੁਰੂ ਜੀ ਦੇ ਚਰਨਾਂ ਉਤੇ ਡਿਗ ਪਿਆ, ਮੱਥਾ ਚਰਨ ਕਮਲਾਂ ਉਤੇ ਰਖ ਦਿਤਾ। ਮੱਥਾ ਟੇਕਣ ਦੀ ਢਿੱਲ ਸੀ ਕਿ ਅੰਤਰ ਆਤਮਾ ਸ਼ਾਂਤ ਹੋ ਗਈ, ਜਿਸ ਵਸਤੂ ਨੂੰ ਲਭਦਾ ਸੀ, ਉਹ ਮਿਲ ਗਈ, ਚੌਰਾਸੀ ਦਾ ਗੇੜ ਮੁਕ ਗਿਆ। ਪੱਲਾ ਕਿਸੇ ਦੇ ਪੱਲੇ ਪੈ ਗਿਆ, ਜਿਸ ਜਗਤ ਰੱਖਕ ਪਲੇ ਪਿਆ, ਉਹ ਜਰੂਰ ਉਸ ਦੇ ਪੱਲੇ ਨੂੰ ਭਾਰੀ ਕਰੇਗਾ। ਭਵ ਸਾਗਰ ਤੋਂ ਤਾਰ ਦੇਵੇਗਾ। ਖ਼ੁਸ਼ੀ ਨਾਲ ਨੈਣਾਂ ਵਿਚੋਂ ਜਲ ਵਗ ਤੁਰਿਆ। ਵੈਰਾਗ ਜਲ ਜਿਸ ਜਲ ਨਾਲ ਜਨਮ ਜਨਮ ਦੀ ਮੈਲ ਧੋਤੀ ਗਈ, ਗੁਰੂ ਜੀ ਨੇ ਮਿਹਰ ਕੀਤੀ ਪੱਲੇ ਦੇ ਸਿਰ ਨੂੰ ਉਪਰ ਚੁਕਿਆ ਤੇ ਆਖਿਆ—'ਸਿੱਖਾ ਨਿਹਾਲ! ਨਿਹਾਲ!' ਪੱਲੇ ਨੇ ਕੰਨੀਓਂ ਰੁਪਿਆ ਤੇ ਗੁੜ ਦੀ ਰੋੜੀ ਗੁਰੂ ਜੀ ਅਗੇ ਰੱਖ ਕੇ ਮੁੜ ਮੱਥਾ ਟੇਕਿਆ। ਉਹ ਸਿੱਖ ਹੋ ਗਿਆ ਗੁਰੂ ਦਾ ਸੱਚਾ ਸਿੱਖ।

'ਭਾਈ ਪੱਲੇ ਮੈਨੂੰ ਭੁੱਖ ਲਗੀ ਹੈ ਨਾਲ ਦੇ ਸਿੱਖ ਭੁਖੇ ਹਨ। ਘਰ ਚਲ ਕੇ ਪ੍ਰਸ਼ਾਦ ਛਕਾ।' ਗੁਰੂ ਜੀ ਨੇ ਆਖਿਆ।

'ਮੇਰੇ ਧੰਨ ਭਾਗ ਮੈਂ ਸੰਗਤ ਦੀ ਸੇਵਾ ਕਰਾਂ। ਮਾਤਾ ਜੀ ਬਹੁਤ ਖ਼ੁਸ਼ ਹੋਣਗੇ, ਉਹ ਆਖਿਆ ਕਰਦੇ ਸੀ, ਜਦੋਂ ਗੁਰੂ ਜੀ ਆਉਣਗੇ ਉਹ ਬਹੁਤ ਥੋੜ੍ਹਾ ਚਿਰ

ਖਲੋਣਗੇ, ਉਹ ਮੈਨੂੰ ਪੱਕੀਆਂ ਕਰਦੀ ਰਹਿੰਦੀ ਸੀ, ਦੇਖਣਾ ਸੇਵਾ ਦਾ ਸਮਾਂ ਨਾ ਗਵਾ ਲੈਣਾ। ਚਲੋ ਮਹਾਰਾਜ ਘਰ ਚਲੋ! ਪ੍ਰਸ਼ਾਦ ਜਰੂਰ ਛਕਾਵਾਂਗਾ। ਆਪ ਨੇ ਜੋ ਕੁਝ ਬਖ਼ਸ਼ਿਆ ਹੈ ਓਹੋ ਕੁਝ ਛਕਾਵਾਂਗਾ।' ਇਹ ਆਖ ਕੇ ਪੱਲਾ ਅਗੇ ਅਗੇ ਪਿੰਡ ਨੂੰ ਨੱਠ ਉਠਿਆ। ਪਿਛੇ ਪਿਛੇ ਗੁਰੂ ਜੀ ਘੋੜੇ ਤੇ ਸਵਾਰ ਸਨ। ਗੁਰੂ ਜੀ ਸਿਖ ਦੇ ਸਿਦਕ ਭਰੋਸੇ ਉਤੇ ਖ਼ੁਸ਼ ਹੋਏ ਮੁਸਕਰਾਉਂਦੇ ਜਾਂਦੇ ਹਨ।

'ਓ ਮਾਤਾ! ਓ ਚੰਗੀ ਮਾਤਾ! ਉਠ ਸਤਿਗੁਰੂ ਜੀ ਆ ਗਏ। ਦਰਸ਼ਨ ਕਰ ਲੈ, ਰੱਜ ਕੇ ਦਰਸ਼ਨ ਕਰ। ਨਾਲੇ ਗੁਰੂ ਜੀ ਆਖਦੇ ਹਨ, ਉਨ੍ਹਾਂ ਪ੍ਰਸ਼ਾਦ ਛਕਣਾ ਹੈ। ਰੋਟੀਆਂ ਪਕਾ ਹੁਣੇ, ਛੇਤੀ ਪਕਾ ਮਾਤਾ ਅੱਜ ਅਸਾਡੇ ਭਾਗ ਖੁਲ੍ਹ ਗਏ। ਦਾਤਾ ਆ ਗਿਆ। ਸਾਡੀਆਂ ਸਾਰੀਆਂ ਔਕੜਾਂ ਦੂਰ ਹੋ ਜਾਣਗੀਆਂ।' ਆਪਣੀ ਮਾਂ ਦੇ ਗਲ ਲਗ ਕੇ ਪੱਲਾ ਇਉਂ ਆਖੀ ਗਿਆ। ਉਹ ਖ਼ੁਸ਼ੀ ਨਾਲ ਪਾਗਲ ਹੋ ਰਿਹਾ ਸੀ। ਉਸ ਦਾ ਅੰਗ ਅੰਗ ਖ਼ੁਸ਼ੀ ਨਾਲ ਨੱਚੀ ਜਾਂਦਾ ਸੀ। ਐਸਾ, ਕੋਈ ਰਾਜ ਮਿਲਣ ਉਤੇ ਸ਼ਾਇਦ ਖ਼ੁਸ਼ ਹੁੰਦਾ ਹੋਵੇ ਜਿੰਨਾ ਉਹ ਗੁਰੂ ਜੀ ਦੇ ਮਿਲਾਪ ਉਤੇ ਖ਼ੁਸ਼ ਸੀ। ਉਹਦੀ ਮਾਤਾ ਸੁਣ ਕੇ ਖ਼ੁਸ਼ ਹੋ ਗਈ। ਉਸੇ ਵੇਲੇ ਦੌੜੀ। ਗੁਰੂ ਜੀ ਦੇ ਚਰਨਾਂ ਉਤੇ ਹੱਥ ਜੋੜ ਕੇ ਮੱਥਾ ਟੇਕਿਆ।

ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕ ਕੇ ਅਨੰਦ ਵਿਚ ਐਨੀ ਬਿਹਬਲ ਹੋਈ ਕਿ ਉਸ ਨੂੰ ਇਹ ਖ਼ਿਆਲ ਹੀ ਨਾ ਰਿਹਾ ਕਿ ਗੁਰੂ ਜੀ ਨਾਲ ਕਿੰਨੇ ਸਿੱਖ ਹਨ। ਕਿੰਨੇ ਸਿੱਖਾਂ ਦੀ ਰੋਟੀ ਤਿਆਰ ਕਰਨੀ ਹੈ। ਅੰਦਰ ਥੋੜਾ ਜਿਹਾ ਆਟਾ ਸੀ, ਉਹ ਆਟਾ ਪ੍ਰਾਤ ਵਿਚ ਪਾ ਕੇ ਗੁੰਨ੍ਹਣਾ ਸ਼ੁਰੂ ਕਰ ਦਿਤਾ। ਤੌੜੀ ਵਿਚ ਦਾਲ ਧਰ ਦਿਤੀ। ਪੱਲੇ ਨੇ ਮੰਜਾ ਡਾਹ ਕੇ ਗੁਰੂ ਜੀ ਨੂੰ ਸਤਿਕਾਰ ਨਾਲ ਬਿਠਾਇਆ, ਪੱਖਾ ਝੱਲ ਕੇ ਸੇਵਾ ਕਰਨ ਲਗਾ। ਸੰਤੀ ਆਟਾ ਗੁੰਨ ਕੇ ਰੋਟੀਆਂ ਪਕਾਈ ਗਈ।

ਅਨਮਤੀਏ ਕੋਠਿਆਂ ਤੇ ਆ ਖਲੋਤੇ ਉਹ ਹੱਸਦੇ ਹਨ ਕਿ ਮੂਰਖ ਸੰਤੀ ਦੇ ਘਰ ਇਕ ਡੰਗ ਦਾ ਆਟਾ ਨਹੀਂ ਐਨੇ ਸਿੱਖਾਂ ਨੂੰ ਰੋਟੀ ਕਿਥੋਂ ਖਵਾਵੇਗੀ? ਉਨ੍ਹਾਂ ਸਾਰਿਆਂ ਇਹ ਸਲਾਹ ਕੀਤੀ ਕਿ ਜੇ ਕਿਸੇ ਕੋਲੋਂ ਉਧਾਰ ਮੰਗੇ ਤਾਂ ਉਹ ਸੰਤੀ ਨੂੰ ਉਧਾਰ ਨਾ ਦੇਵੇ ਕਿਉਂਕਿ ਉਹ ਸਖੀ ਸਰਵਰ ਦੀ ਚੇਲੀ ਨਹੀਂ ਸੀ, ਉਹ ਦੇਖਣਾ ਚਾਹੁੰਦੇ ਸਨ ਕਿ ਇਸ ਦਾ ਗੁਰੂ ਕੀ ਕਰਦਾ ਹੈ। ਗੁਰੂ ਨੂੰ ਰੋਟੀ

ਨਾ ਖਵਾ ਸਕੇਗੀ। ਸਾਰੇ ਉਸ ਦਾ ਮਖੌਲ ਉਡਾਵਾਂਗੇ। ਉਸ ਨੂੰ ਗੁਰੂ ਵਲੋਂ ਮੋੜਨ ਦਾ ਯਤਨ ਕਰਾਂਗੇ ਇਹ ਮੂਰਖਾਂ ਦੀ ਸਕੀਮ ਸੀ।

ਪਰ ਆਪ ਨਿਰੰਕਾਰ ਸੰਤੀ ਦੇ ਘਰ ਬੈਠਾ ਸੀ। ਫਿਰ ਥੁੜ ਕਿਸ ਗੱਲ ਦੀ। ਸੰਤੀ ਹੈਰਾਨ ਹੋਈ ਪਰਾਤ ਵਿਚ ਜਿੰਨਾ ਆਟਾ ਉਸ ਨੇ ਗੁੰਨ੍ਹਿਆ ਸੀ, ਰੋਟੀਆਂ ਉਸ ਨਾਲੋਂ ਚਾਰ ਗੁਣਾਂ ਵਧ ਪੱਕੀਆਂ। ਅੰਦਰ ਧੂੜਾ ਲੈਣ ਵਾਸਤੇ ਗਈ ਤਾਂ ਮਟਕਾ ਆਟੇ ਦਾ ਭਰਿਆ ਹੋਇਆ ਸੀ। ਧੰਨ ਗੁਰੂ! ਹਰ ਇਕ ਦੀ ਪੱਤ ਰੱਖਣ ਵਾਲੇ ਆਪ ਦਿਆਲ ਗੁਰੂ! ਉਸ ਦੇ ਮੂੰਹੋਂ ਸੁਤੇ ਸਿਧ ਨਿਕਲ ਗਿਆ। ਉਹ ਆਟਾ ਹੋਰ ਗੁੰਨ੍ਹ ਕੇ ਪਕਾਈ ਗਈ। ਪੱਲੇ ਨੇ ਰੋਟੀ ਖੁਆਉਣੀ ਸ਼ੁਰੂ ਕੀਤੀ। ਸਤਿਗੁਰਾਂ ਨੇ ਫ਼ੁਰਮਾਇਆ—ਪੱਲਿਆ! ਪਹਿਲਾਂ ਸਿਖਾਂ ਤੇ ਨਗਰ ਵਾਸੀਆਂ ਨੂੰ ਪ੍ਰਸ਼ਾਦ ਛਕਾ, ਅਸੀਂ ਫੇਰ ਛਕਾਂਗੇ। ਛੇਤੀ ਕਰ ਸਿੱਖ ਭੁਖੇ ਹਨ।' ਪਲੇ ਨੇ ਉਸੇ ਤਰ੍ਹਾਂ ਕੀਤਾ। ਗੁਰੂ ਜੀ ਨਾਲ ਪੰਝੀ ਸਿੱਖ ਸਨ। ਉਹ ਰੱਜ ਕੇ ਰੋਟੀ ਖਾ ਚੁਕੇ ਸਨ। ਰਾਸ਼ਨ ਅਜੇ ਜਮਾਂ ਸੀ। ਗੁਰੂ ਜੀ ਨੇ ਕੋਠੇ ਉਤੇ ਖਲੋਤੇ ਮਨਮੁਖਾਂ ਨੂੰ ਆਖਿਆ—'ਆਉ ਭਾਈ ਪ੍ਰਸ਼ਾਦ ਛਕੋ।' ਮਖੌਲ ਦੇ ਮਾਰੇ ਆ ਗਏ ਤੇ ਸਾਰੇ ਪੰਗਤ ਵਿਚ ਬੈਠ ਗਏ। ਪੱਲਾ ਤੇ ਗੁਰੂ ਜੀ ਦੇ ਸਿੱਖ ਪ੍ਰਸ਼ਾਦ ਛਕਾਉਣ ਲਗੇ। ਸਾਰੇ ਨਗਰ ਨੇ ਰੱਜ ਕੇ ਰੋਟੀ ਖਾ ਲਈ। ਗੁਰੂ ਕਾ ਲੰਗਰ ਨਾ ਮੁਕਿਆ। ਸਾਰਿਆਂ ਤੋਂ ਪਿਛੋਂ ਸਤਿਗੁਰੂ ਜੀ ਨੇ ਪ੍ਰਸ਼ਾਦ ਛਕਿਆ। ਪ੍ਰਸ਼ਾਦ ਛਕਣ ਪਿਛੋਂ ਅਰਦਾਸ ਹੋਈ। ਉਸ ਅਰਦਾਸ ਦੇ ਨਾਲ ਦੇ ਨਾਲ ਸੰਤੀ ਦੇ ਸੁਤੇ ਭਾਗ ਜਾਗ ਪਏ। ਚੌਂਹ ਜੁਗੀ ਪੱਲਾ ਭਗਤ ਬਣ ਗਿਆ। ਉਸ ਤਰ੍ਹਾਂ ਜਿਵੇਂ ਧਰੂਅ ਭਗਤ ਬਣਿਆ ਸੀ।

ਗੁਰੂ ਜੀ ਦੀ ਇਹ ਕਰਾਮਾਤ ਵੇਖ ਕੇ ਪਿੰਡ ਦੇ ਸਰਵਰੀ ਗੁਰੂ ਜੀ ਦੇ ਸਿੱਖ ਬਣੇ। ਪਲੇ ਨੂੰ ਗੁਰਮਤ ਪ੍ਰਚਾਰ ਦੀ ਮੰਜੀ ਬਖ਼ਸ਼ੀ। ਉਹ ਗੁਰੂ-ਸਿਖੀ ਦਾ ਪ੍ਰਚਾਰ ਕਰਦਾ ਰਿਹਾ। ਆਪਣੇ ਘਰ ਨੂੰ ਉਸ ਨੇ ਧਰਮਸਾਲਾ ਬਣਾ ਦਿਤਾ ਸੀ। ਜਿਥੇ ਨਿਤ ਹਰਿ ਭਜਨ ਹੋਣ ਲੱਗਾ। ਇਉਂ ਸਿਦਕੀ ਸਿੱਖ ਪੱਲਾ ਤਰ ਗਿਆ। ਮਾਂ ਪੁੱਤ ਬੈਕੁੰਠ ਧਾਮ ਗਏ। ਰਹਿੰਦੀ ਦੁਨੀਆਂ ਤਕ ਪੱਲੇ ਦਾ ਨਾਮ ਭਗਤਾਂ ਵਿਚ ਅਮਰ ਰਹੇਗਾ।

'ਹੇ ਗੁਰੂ ਦੇ ਸਿੱਖ! ਗੁਰੂ ਤੇ ਭਰੋਸਾ ਰਖ ਕੇ ਗੁਰੂ ਨਾਲ ਪ੍ਰੇਮ ਕਰ, ਗੁਰੂ ਤੇਰੇ ਸਾਰੇ ਕਾਰਜ ਰਾਸ ਕਰੇਗਾ।'

# ੯੫. ਕਾਕੇ ਬੂੜੇ ਤੋਂ ਬੁੱਢਾ ਜੀ

ਨਿਰੰਕਾਰੀ ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਜੰਗਲ ਵਿਚ ਬੈਠੇ ਸਨ। ਉਹ ਜੰਗਲ ਵਸੋਂ ਦੇ ਨੇੜੇ ਸੀ। ਗੁਰੂ ਜੀ ਇਕਾਂਤ ਵਿਚ ਬੈਠੇ ਹੋਏ ਪ੍ਰਮਾਤਮਾ ਦਾ ਸਿਮਰਨ ਕਰ ਰਹੇ ਸਨ। ਕੁਦਰਤ ਨੂੰ ਦੇਖਦੇ ਹੋਏ ਕਾਦਰ ਨੂੰ ਯਾਦ ਕਰ ਕੇ ਪ੍ਰਸੰਨ ਹੋ ਰਹੇ ਸਨ। ਗਰਮੀਆਂ ਦੀ ਰੁੱਤ ਸੀ। ਚੰਗੀ ਛਾਂ ਵਾਲੇ ਦਰਖ਼ਤ ਹੇਠਾਂ ਬੈਠੇ ਸਨ ਜਿਥੇ ਠੰਡ ਸੀ।

ਉਨ੍ਹਾਂ ਦੇ ਲਾਗੇ ਇਕ ਬੂੜਾ ਨਾਮ ਦਾ ਬਾਲਕ ਗਊਆਂ ਚਾਰ ਰਿਹਾ ਸੀ। ਉਹ ਬਾਲਕ ਨਿਰੰਕਾਰੀ ਜੋਤ ਨੂੰ ਦੇਖ ਕੇ ਪਹਿਲਾਂ ਤਾਂ ਹੈਰਾਨ ਹੋਇਆ। ਫਿਰ ਉਹ ਜੋਤ ਉਸ ਦੇ ਦਿਲ ਵਿਚ ਵਸ ਗਈ। ਅੱਖਾਂ ਵਿਚ ਉਸੇ ਜੋਤ ਦਾ ਨੂਰ ਆ ਗਿਆ। ਉਸ ਦਾ ਚਿਤ ਕੋਲੋਂ ਉਠ ਕੇ ਜਾਣ ਨੂੰ ਨਾ ਕਰੇ ਪਰ ਗਊਆਂ ਦੀ ਰਾਖੀ ਕਰਨੀ ਵੀ ਜਰੂਰੀ ਸੀ। ਉਹ ਗਊਆਂ ਨੂੰ ਦੇਖਣ ਆਉਂਦਾ ਤੇ ਮੁੜ ਕੋਲ ਆ ਜਾਂਦਾ ਜਦੋਂ ਦੂਰ ਜਾਂਦਾ ਤਾਂ ਉਸ ਦੀਆਂ ਲੱਤਾਂ ਕੰਬਣ ਲਗ ਪੈਂਦੀਆਂ। ਜੇ ਮੁੜਦਾ ਤਾਂ ਲੱਤਾਂ ਹੌਲੀਆਂ ਹੁੰਦੀਆਂ। ਨਿਰੰਕਾਰੀ ਜੋਤ ਉਸ ਨੂੰ ਚੰਗੀ ਲਗੀ।

ਉਸ ਬਾਲਕ ਨੇ ਦੇਖਿਆ ਤੇ ਸੋਚਿਆ, ਕੋਈ ਮਹਾਂ ਪੁਰਸ਼ ਸਵੇਰ ਤੋਂ ਆ ਕੇ ਬੈਠਾ ਹੈ, ਇਹ ਕੋਈ ਸੰਤ ਹੈ ਰੱਬ ਦਾ ਪਿਆਰਾ। ਇਸ ਨੇ ਕੁਝ ਖਾਧਾ ਹੈ ਨਾ ਪੀਤਾ। ਪਤਾ ਨਹੀਂ ਕਿਥੋਂ ਆਇਆ ਹੈ ਮੈਂ ਸੇਵਾ ਕਿਉਂ ਨਾ ਕਰਾਂ। ਇਹ ਸੋਚ ਕੇ ਉਹ ਬਾਲਕ ਗੁਰੂ ਜੀ ਦੇ ਕੋਲੋਂ ਉਠਿਆ ਚੁਪ ਕੀਤਾ ਇਕ ਪਾਸੇ ਨੂੰ ਨਸ ਗਿਆ। ਦਸ ਬਾਰਾਂ ਪੈਲੀਆਂ ਸਿਰ ਤੋੜ ਨੱਠਾ ਗਿਆ। ਨੱਠਾ ਨੱਠਾ ਇਕ ਖੂਹ ਉਤੇ ਜਾ ਪਹੁੰਚਿਆ। ਖੂਹ ਦੇ ਬੈੜ ਨਾਲ ਨਵੀਆਂ ਟਿੰਡਾਂ ਦੀ ਮਾਹਲ ਸੀ। ਇਕ ਕੋਰੀ ਸਾਫ਼ ਟਿੰਡ ਮਾਹਲ ਨਾਲੋਂ ਖੋਹਲ ਲਈ ਉਸ ਨੂੰ ਖੋਹਲ ਕੇ ਫਿਰ ਮੁੜ ਆਇਆ। ਗਊਆਂ ਦੇ ਕੋਲ ਆ ਕੇ ਇਕ ਗਊ ਚੋਈ ਜੋ ਗਊ ਬਿਨਾਂ ਵਛੇ ਤੋਂ ਧਾਰਾਂ ਕਢਾ ਲੈਂਦੀ ਸੀ। ਕੋਈ ਸਵਾ ਸੇਰ ਦੇ ਕਰੀਬ ਦੁਧ ਚੋਇਆ। ਦੁਧ ਲੈ ਕੇ ਸਤਿਗੁਰਾਂ ਦੇ ਕੋਲ ਆ ਗਿਆ। ਗੁਰੂ ਜੀ ਉਸ ਵੇਲੇ ਹਰੇ ਘਾਹ ਉਤੇ ਲੇਟੇ ਹੋਏ ਸਨ। ਲੇਟੇ ਹੋਏ ਦਰਖ਼ਤ ਦੇ ਪੱਤਿਆਂ ਤੇ ਫਲਾਂ

ਵਲ ਦੇਖ ਦੇਖ ਕੇ ਨਿਰੰਕਾਰ ਦੀ ਮਹਿਮਾ ਕਰ ਰਹੇ ਸੀ। ਪੱਤੇ ਰੰਗਦਾਰ ਫੁਲ, ਟਾਹਣੀਆਂ ਦਾ ਸ਼ਿਕੜ ਕਾਲਾ। ਇਹ ਕੁਝ ਕਾਦਰ ਕਿਵੇਂ ਘੜਦਾ ਹੈ ? ਇਹ ਉਨ੍ਹਾਂ ਦੇ ਮਨ ਦੇ ਵਿਚਾਰ ਸਨ।

'ਮਹਾਂ ਪੁਰਸ਼ੋ ! ਗਊ ਦਾ ਮਿੱਠਾ ਦੁਧ ਹੈ। ਇਹੰ ਆਪ ਪੀ ਲਵੋ। ਮੈਂ ਇਥੇ ਏਨੀ ਸੇਵਾ ਕਰ ਸਕਦਾ ਹਾਂ।' ਇਹ ਬਾਲਕ ਬੂੜੇ ਨੇ ਸਤਿਗੁਰਾਂ ਅਗੇ ਬੇਨਤੀ ਕੀਤੀ।

ਗੁਰੂ ਜੀ ਇਹ ਬੋਲ ਸੁਣ ਕੇ ਬੜੇ ਹੈਰਾਨ ਹੋਏ ਕਿ ਇਕ ਮਸੂਮ ਬਾਲਕ ਦੀ ਜ਼ਬਾਨੋਂ ਇਕ ਇਕ ਸ਼ਬਦ ਸਿਆਣਿਆਂ ਵਰਗਾ ਨਿਕਲਿਆ ਹੈ। ਇਹ ਬਾਲਕ ਕੋਈ ਹੋਣਹਾਰ ਹੈ। ਸਤਿਗੁਰੂ ਉਠ ਕੇ ਬੈਠ ਗਏ, ਬਾਲਕ ਦੇ ਕੋਲੋਂ ਦੁਧ ਦੀ ਟਿੰਡ ਫੜ ਲਈ ਤੇ ਹੌਲੀ ਹੌਲੀ ਦੁੱਧ ਪੀ ਗਏ, 'ਵਾਹ ! ਬਹੁਤ ਚੰਗਾ ਦੁੱਧ ਹੈ।' ਗੁਰੂ ਜੀ ਨੇ ਖ਼ੁਸ਼ੀ ਦੇ ਲਹਿਜ਼ੇ ਵਿਚ ਆਖਿਆ—

'ਕਾਕਾ ਕਿਹੜੇ ਪਿੰਡ ਦਾ ਰਹਿਣ ਵਾਲਾ ਹੈਂ ?'

'ਕੱਥੂ ਨੰਗਲ ਦਾ।' ਲੜਕੇ ਨੇ ਉੱਤਰ ਦਿਤਾ।

'ਕੀ ਨਾਂ ਹੈ ਤੇਰਾ ?' ਗੁਰੂ ਜੀ ਨੇ ਪੁਛਿਆ।

'ਜੀ ਮਾਪੇ ਬੂੜਾ ਆਖ ਕੇ ਬੁਲਾਉਂਦੇ ਹਨ। ਇਹ ਨਾਮ ਹੈ।'

'ਕੌਣ ਹੁੰਦੇ ਜੇ ?'

'ਰੰਧਾਵੇ ਜੱਟ !'

'ਰੋਜ਼ ਇਥੇ ਗਊਆਂ ਚਰਾਉਂਦਾ ਹੈਂ ?'

'ਹਾਂ ਮਹਾਤਮਾ ਜੀ ! ਰੋਜ਼ ਗਊਆਂ ਚਰਾਉਂਦਾ ਹਾਂ।'

'ਮੈਨੂੰ ਦੁੱਧ ਕਿਉਂ ਪਿਲਾਇਆ ਹੈ ?'

'ਮੇਰੇ ਮਨ ਨੇ ਸਮਝਿਆ ਹੈ ਕਿ ਆਪ ਕੋਈ ਸੰਤ ਮਹਾਤਮਾ ਪ੍ਰਮਾਤਮਾ ਦੇ ਨੇੜੇ ਰਹਿਣ ਵਾਲੇ ਪੁਰਸ਼ ਹੋ ਇਨ੍ਹਾਂ ਦੀ ਸੇਵਾ ਕਰਾਂ, ਮੇਰਾ ਵੀ ਭਲਾ ਹੋ ਜਾਵੇ !'

'ਤੇਰਾ ਭਲਾ !' ਗੁਰੂ ਜੀ ਨੇ ਰਤਾ ਅਸਚਰਜਤਾ ਨਾਲ ਪੁਛਿਆ 'ਤੂੰ ਤਾਂ ਅਜੇ ਮਸੂਮ ਬਾਲਕ ਹੈਂ। ਭਲੇ ਬੁਰੇ ਦਾ ਤੈਨੂੰ ਗਿਆਨ ਕੀ ? ਤੇਰੀ ਆਤਮਾ ਤਾਂ ਨਿਰਮਲ ਹੈ।'

'ਮੈਂ ਚਾਹੁੰਦਾ ਹਾਂ ਭਵਸਾਗਰ ਤੋਂ ਪਾਰ ਹੋਣ ਦਾ ਕੋਈ ਸਾਧਨ ਲੱਭ ਪਵੇ।'

'ਹੈਂ ਤੂੰ ਬਾਲਕ ਪਰ ਗੱਲਾਂ ਤੂੰ ਬੁਢਿਆਂ ਵਾਲੀਆਂ ਕਰਦਾ ਹੈਂ ਤੂੰ ਬੂੜਾ ਨਹੀਂ ਬੁਢਾ ਹੈਂ।'

'ਆਪ ਦੀ ਕ੍ਰਿਪਾ, ਮੈਂ ਬੁਢਾ ਹੀ ਰਹਾਂ ਪਰ ਮੈਨੂੰ ਭਵ ਸਾਗਰ ਤੋਂ ਪਾਰ ਹੋਣ ਦਾ ਸਾਧਨ ਦਸੋ।'

ਤੈਨੂੰ ਕਿਵੇਂ ਪਤਾ ਹੈ ਕਿ ਕੋਈ ਭਵ ਸਾਗਰ ਹੈ, ਕੋਈ ਪਾਪ ਪੁੰਨ ਹੈ ਜਾਂ ਅਗੇ ਦਾ ਕੋਈ ਡਰ ਹੈ ?'

'ਮਹਾਰਾਜ ਸਾਡੇ ਸਾਧੂ ਆਏ ਸਨ, ਉਹ ਸਾਰੀ ਰਾਤ ਭਜਨ ਤੇ ਕਥਾ ਕਰਦੇ ਰਹੇ ਸੀ। ਉਨ੍ਹਾਂ ਨੇ ਦਸਿਆ ਕਿ ਜਦੋਂ ਮਨੁਖ ਮਰਦਾ ਹੈ ਤਾਂ ਧਰਮਰਾਜ ਇਸ ਤੋਂ ਹਿਸਾਬ ਲੈਂਦਾ ਹੈ ਜੇ ਮਾੜੇ ਕਰਮ ਕੀਤੇ ਹੋਣ ਤਾਂ ਧਰਮਰਾਜ ਦੇ ਦੂਤ ਉਸ ਨੂੰ ਤੰਗ ਕਰਦੇ ਹਨ, ਉਨ੍ਹਾਂ ਇਹ ਵੀ ਆਖਿਆ ਸੀ ਕਿ ਕਾਲ ਸਿਰ ਉਤੇ ਕੂਕਦਾ ਰਹਿੰਦਾ ਹੈ। ਪਤਾ ਨਹੀਂ ਕਦੋਂ ਮੌਤ ਆ ਜਾਵੇ। ਮੈਂ ਇਨ੍ਹਾਂ ਗੱਲਾਂ ਨੂੰ ਸੋਚਦਾ ਰਿਹਾ ਸਾਂ। ਇਕ ਦਿਨ ਮੈਂ ਇਹ ਵੀ ਦੇਖਿਆ ਕਿ ਅਸਾਡੇ ਪਿੰਡ ਬਿਮਾਰੀ ਪਈ। ਕਈ ਸਿਆਣੇ ਤੇ ਬਾਲਕ ਮੇਰੀ ਉਮਰ ਦੇ ਮਰ ਗਏ ਸਨ। ਜਰਵਾਣਿਆਂ ਨੇ ਸਾਡੇ ਪਿੰਡ ਉਤੇ ਹੱਲਾ ਕੀਤਾ ਸੀ। ਉਨ੍ਹਾਂ ਵੀ ਬੱਚੇ ਬੁੱਢੇ ਤੇ ਜਵਾਨ ਮਾਰ ਦਿਤੇ ਸੀ। ਮੈਂ ਸੋਚਦਾ ਰਹਿੰਦਾ ਹਾਂ ਜੇ ਇਕ ਦਿਨ ਕਾਲ ਆ ਗਿਆ ਮੈਂ ਮਰ ਗਿਆ ਤਾਂ ਹਿਸਾਬ ਕੀ ਦੇਵਾਂਗਾ ? ਮੈਨੂੰ ਤਾਂ ਮਾੜੇ ਚੰਗੇ ਕਰਮਾਂ ਦਾ ਪਤਾ ਨਹੀਂ। ਮੈਨੂੰ ਉਪਦੇਸ਼ ਕਰੋ ਮੈਂ ਕੀ ਕਰਿਆ ਕਰਾਂ ?' ਬੂੜੇ ਬਾਲਕ ਨੇ ਇਉਂ ਆਪਣੇ ਮਨ ਦੀ ਅਵਸਥਾ ਨੂੰ ਬਿਆਨ ਕੀਤਾ।

ਗੁਰੂ ਜੀ ਨੇ ਉਤਰ ਵਿਚ ਫ਼ੁਰਮਾਇਆ—

*ਕਾਇਆ ਕੋਟੁ ਗੜੈ ਮਹਿ ਰਾਜਾ ॥ ਨੇਬ ਖਵਾਸ ਭਲਾ ਦਰਵਾਜਾ ॥ ਮਿਥਿਆ*
*ਲੋਭੁ ਨਾਹੀ ਘਰਿ ਵਾਸਾ ਲਬਿ ਪਾਪਿ ਪਛੁਤਾਇਦਾ ॥੧੫॥*
*ਸਤੁ ਸੰਤੋਖੁ ਨਗਰ ਮਹਿ ਕਾਰੀ ॥ ਜਤੁ ਸਤੁ ਸੰਜਮੁ ਸਰਣਿ ਮੁਰਾਰੀ ॥*
*ਨਾਨਕ ਸਹਜਿ ਮਿਲੈ ਜਗਜੀਵਨੁ ਗੁਰ ਸਬਦੀ ਪਤਿ ਪਾਇਦਾ ॥੧੬॥*

(ਮਾਰੂ ਮਹਲਾ ੧)

ਤਿਸਦਾ ਪ੍ਰਮਾਰਥ—'ਹੇ ਬਾਲਕ ! ਇਹ ਸਰੀਰ ਇਕ ਕਿਲ੍ਹੇ ਦੀ ਨਿਆਈਂ ਹੈ। ਇਸ ਕਿਲ੍ਹੇ ਵਿਚ ਹਿਰਦਾ ਇਕ ਸੁੰਦਰ ਮਹੱਲ ਹੈ। ਉਸ ਮਹੱਲ ਵਿਚ ਪ੍ਰਮਾਤਮਾ ਦੀ ਜੋਤ ਰਹਿੰਦੀ ਹੈ। ਜੋ ਝੂਠੇ ਪਦਾਰਥਾਂ ਦਾ ਖ਼ਿਆਲ ਕਰਦੇ ਹਨ ਉਨ੍ਹਾਂ ਦੇ ਹਿਰਦੇ ਮੰਦਰ ਵਿਚ ਵਾਹਿਗੁਰੂ ਵਾਸ ਨਹੀਂ ਕਰਦਾ। ਉਹ ਲੋਭ ਤੇ ਪਾਪ ਨਾਲ ਦੁਖੀ ਹੁੰਦੇ ਹਨ। ਜਿਸ ਪੁਰਸ਼ ਨੇ ਸੱਚ ਤੇ ਸੰਜਮ ਦਾ ਧਿਆਨ ਕੀਤਾ ਹੈ ਨੇਕ ਕੰਮ ਕੀਤੇ ਹਨ। ਜਤ ਤੇ ਸਤ ਨੂੰ ਜੀਵਨ ਦਾ ਅੰਗ ਮਿਥਿਆ

ਹੈ, ਉਸ ਨੂੰ ਪ੍ਰਮਾਤਮਾ ਸਹਿਜੇ ਹੀ ਮਿਲ ਜਾਂਦਾ ਹੈ ਉਹ ਪ੍ਰਮਾਤਮਾ ਨੂੰ ਪਾ ਲੈਂਦਾ ਹੈ। ਸਹਿਜੇ ਹੀ ਉਸ ਦਾ ਜਨਮ ਸਫਲ ਹੁੰਦਾ ਹੈ। ਉਹ ਭਵ ਸਾਗਰ ਤੋਂ ਤਰ ਜਾਂਦਾ ਹੈ। ਇਸ ਵਾਸਤੇ ਹੇ ਬਾਲਕ! ਹੁਣ ਤੋਂ ਹੀ ਸੱਚ ਬੋਲੀਂ ਕਰਤਾਰ ਦੇ ਨਾਮ ਦਾ ਸਿਮਰਨ ਕਰੀਂ। ਧਰਮ ਦੀ ਕਿਰਤ ਕਰੀਂ ਪਰ ਚਿਤ ਕਰਤਾਰ ਨਾਲ ਜੋੜੀਂ। ਗਊਆਂ ਨੂੰ ਚਰਾਉਂਦਾ ਹੋਇਆ ਸਾਧਾਂ ਸੰਤਾਂ ਦੀ ਸੰਗਤ ਤੇ ਸੇਵਾ ਕਰੀਂ। ਕਿਸੇ ਦਾ ਹਿਰਦਾ ਨਾ ਦੁਖਾਈਂ। ਇਹੋ ਧਰਮ ਦੀ ਕਿਰਤ ਹੈ ਇਹੋ ਨੇਕੀ ਹੈ। ਇਹੋ ਪ੍ਰਮਾਤਮਾ ਨੂੰ ਮਿਲਣ ਦੇ ਚੰਗੇ ਸਾਧਨ ਹਨ। ਮਨੁਖਾ ਜਨਮ ਦਾ ਮਨੋਰਥ ਪ੍ਰਭੂ ਨੂੰ ਚੇਤੇ ਕਰਨਾ ਹੈ। ਇਸ ਜੀਵ ਆਤਮਾ ਨੂੰ ਜਨਮ ਜਨਮ ਦੀ ਮੈਲ ਲਗੀ ਹੈ। ਇਹ ਕਾਲਾ ਸਵਾਹ ਹੋਇਆ ਹੈ। ਇਸ ਨੂੰ ਰਾਮ ਸਿਮਰਨ ਰੂਪੀ ਸਾਬਣ ਨਾਲ ਧੋਣਾ ਹੈ। ਅਜ ਤੋਂ ਤੂੰ ਬੁਢਾ ਹੋਇਆ। ਗੁਰੂ ਘਰ ਦੀ ਸੇਵਾ ਕਰਿਆ ਕਰੇਂਗਾ, ਦਰਗਾਹ ਤੋਂ ਬਿਨਾਂ ਇਸ ਜਨਮ ਵਿਚ ਵੀ ਤੇਰੇ ਨਾਮ ਦੀ ਸੋਭਾ ਹੋਵੇਗੀ, ਬਸ ਅਜ ਤੋਂ ਸਿਮਰਨ ਦੀ ਸੇਵਾ ਵਿਚ ਰੁਝ ਜਾਹ।'

'ਸਤਿ ਬਚਨ ਦਾਤਾ ਜੀ! ਮੈਂ ਸੇਵਾ ਤੇ ਸਿਮਰਨ ਵਿਚ ਸਾਰਾ ਜੀਵਨ ਬਤੀਤ ਕਰਾਂਗਾ।' ਬਾਲਕ ਬੂੜੇ ਨੇ ਉੱਤਰ ਦਿਤਾ ਤੇ ਗੁਰੂ ਜੀ ਦੇ ਚਰਨਾਂ ਉਤੇ ਮੱਥਾ ਟੇਕਿਆ।

ਉਸ ਦਿਨ ਤੋਂ ਬੂੜੇ ਦਾ ਨਾਮ 'ਬਾਬਾ ਬੁੱਢਾ ਜੀ' ਹੋ ਗਿਆ। ਗੁਰੂ ਜੀ ਦਾ ਵਰ ਸੱਚਾ ਹੋ ਗਿਆ। ਸਾਰਾ ਨਗਰ ਉਸ ਦਿਨ ਤੋਂ ਆਪ ਨੂੰ ਬਾਬਾ ਬੁੱਢਾ ਜੀ ਆਖ ਕੇ ਬੁਲਾਉਣ ਲੱਗ ਪਿਆ। ਭਾਵੇਂ ਅਜੇ ਛੋਟੀ ਉਮਰ ਵਿਚ ਹੀ ਸਨ ਆਪ ਨੇ ਗੁਰੂ ਨਾਨਕ ਦੇਵ ਜੀ ਦਾ ਲੜ ਫੜ ਲਿਆ। ਸੇਵਾ ਕਰਨ ਲਗਾ। ਸੇਵਾ ਕਰਦਾ ਹੋਇਆ ਐਸੀ ਪਦਵੀ ਉਤੇ ਪੁਜਾ ਕਿ ਛੇਵੀਂ ਪਾਤਸ਼ਾਹੀ ਤਕ ਗੁਰ-ਗੱਦੀ ਤੇ ਬੈਠਣ ਵਾਲੇ ਗੁਰੂ ਜੀ ਨੂੰ ਗੁਰਿਆਈ ਦਾ ਤਿਲਕ ਲਾਉਂਦਾ ਰਿਹਾ। ਜ਼ਿਲ੍ਹਾ ਅੰਮ੍ਰਿਤਸਰ ਵਿਚ ਆਪ ਦੀ ਯਾਦ ਵਿਚ ਕਈ ਗੁਰਦੁਆਰੇ ਹਨ। ਆਪ ਦੇ ਗੁਰਦੁਆਰੇ ਰਮਦਾਸ ਦੀ ਬਹੁਤ ਮਹਿਮਾ ਹੈ। ਆਪ ਦੇ ਹਿਰਦੇ ਬਾਰੇ ਭਾਈ ਗੁਰਦਾਸ ਜੀ ਨੇ ਇਉਂ ਫ਼ੁਰਮਾਇਆ ਹੈ—

*ਹਉ ਤਿਸੁ ਵਿਟਹੁ ਵਾਰਿਆ ਹੋਦੈ ਤਾਣਿ ਜੁ ਹੋਇ ਨਿਤਾਣਾ।*
*ਹਉ ਤਿਸੁ ਵਿਟਹੁ ਵਾਰਿਆ ਹੋਦੈ ਮਾਣਿ ਜੁ ਰਹੈ ਨਿਮਾਣਾ।*
*ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਣਪ ਹੋਇ ਇਆਣਾ।*
*ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।*

ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ।
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ।
ਦੀਨ ਦੁਨੀ ਦਰਗਹ ਪਰਵਾਣਾ॥੩॥ (ਭਾਈ ਗੁਰਦਾਸ ਜੀ, ਵਾਰ ੧੨)

# ੯੯. ਸ੍ਰੀ ਅੰਮ੍ਰਿਤਸਰ ਜੀ ਦੀ ਕਥਾ

ਅੰਮ੍ਰਿਤ ਸਰੁ ਸਤਿਗੁਰੁ ਸਤਿਵਾਦੀ ਜਿਤੁ ਨਾਤੈ ਕਊਆ ਹੰਸੁ ਹੋਹੈ॥

ਸ੍ਰੀ ਅੰਮ੍ਰਿਤਸਰ ਜੀ ਸਿੱਖਾਂ ਦਾ ਮਹਾਨ ਤੀਰਥ ਹੈ। ਪੂਰਬੀ ਪੰਜਾਬ ਦੇ ਉਤਰੀ ਹਿੰਦ ਵਿਚ ਪਹਿਲੇ ਨੰਬਰ ਦਾ ਵਿਉਪਾਰਕ ਤੇ ਧਾਰਮਿਕ ਸ਼ਹਿਰ ਹੈ। ਅੱਜ ਤੋਂ ਕੁਝ ਸਦੀਆਂ ਪਹਿਲਾਂ ਇਥੇ ਹਰੇ ਖੇਤ ਤੇ ਖੁਲ੍ਹੀ ਜੂਹ ਸੀ। ਇਹ ਨਗਰ ਤੁੰਗ ਤੇ ਸੁਲਤਾਨਵਿੰਡ ਪਿੰਡ ਦੀ ਜ਼ਮੀਨ ਸੀ। ਇਸ ਤੀਰਥ ਦੇ ਪ੍ਰਗਟ ਹੋਣ ਦੀ ਕਥਾ ਇਉਂ ਹੈ—

## ਗੁਰੂ ਰਾਮਦਾਸ ਜੀ ਦਾ ਗੋਇੰਦਵਾਲ ਤੋਂ ਆਉਣਾ

ਗੁਰੂ ਅਮਰਦਾਸ ਜੀ ਦੇ ਆਖਣ ਉਤੇ ਸ੍ਰੀ ਗੁਰੂ ਰਾਮਦਾਸ ਜੀ ਸੁਲਤਾਨਵਿੰਡ ਪਿੰਡ ਤੇ ਤੁੰਗਾਂ ਦੀ ਜ਼ਮੀਨ ਵਿਚ ਆ ਬੈਠੇ। ਪੁਰਾਤਨ ਗ੍ਰੰਥਾਂ ਦੇ ਲਿਹਾਜ ਨਾਲ ਇਹ ਥਾਂ ਬਹੁਤ ਪਵਿੱਤਰ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਵੀ ਰਾਮ ਤੀਰਥ ਦੇ ਮੇਲੇ ਨੂੰ ਆਉਂਦੇ ਹੋਏ ਇਥੇ ਠਹਿਰੇ ਸਨ। ਆਖਦੇ ਨੇ ਇਸ ਅਸਥਾਨ ਉਤੇ ਹੀ ਸ੍ਰੀ ਰਾਮ ਚੰਦਰ ਆਪਣੇ ਪੁੱਤਰ ਹਥੋਂ ਘਾਇਲ ਹੋਇਆ ਸੀ। ਗੁਰੂ ਜੀ ਨੇ ਸੰਤੋਖਸਰ ਦੇ ਨੇੜੇ ਮੋਹੜੀ ਗੱਡੀ ਤੇ ਇਸ ਦਾ ਨਾਮ ਚਕ ਰਾਮਦਾਸ ਪੈ ਗਿਆ। ਰੌਣਕਾਂ ਹੋਈਆਂ ਪਰ ਐਨੀਆਂ ਬਹੁਤੀਆਂ ਨਹੀਂ ਸਨ। ਫਿਰ ਵੀ ਰੌਣਕ ਵਾਲਾ ਡੇਰਾ ਸੀ ਉਨ੍ਹਾਂ ਦੇ ਸਮੇਂ ਕਥਾ ਇਉਂ ਹੈ।

## ਦੁਨੀ ਚੰਦ ਪੱਟੀ ਤੇ ਉਸ ਦੀਆਂ ਸਤ ਧੀਆਂ

ਉਸ ਸਮੇਂ ਪੱਟੀ ਵਡਾ ਸ਼ਹਿਰ ਸੀ। ਪੱਟੀ ਵਿਚ ਇਕ ਦੁਨੀ ਚੰਦ ਨਾਮ ਦਾ ਵੱਡਾ ਸ਼ਾਹੂਕਾਰ ਸੀ। ਉਸ ਦੀਆਂ ਸਤ ਧੀਆਂ ਸਨ। ਪੁੱਤਰ ਕੋਈ ਨਹੀਂ

ਸੀ। ਦੌਲਤ ਬਹੁਤੀ ਨੇ ਉਸ ਨੂੰ ਗਿਆਨ ਹੀਣ ਕਰ ਦਿੱਤਾ। ਉਹ ਹਰਨਾਕਸ਼ ਵਾਂਗ ਵਾਹਿਗੁਰੂ ਦੀ ਸ਼ਕਤੀ ਨੂੰ ਭੁਲ ਗਿਆ। ਜਿੰਨੀ ਮਾਇਆ ਵਧਦੀ ਗਈ। ਉਨਾ ਉਹ ਹੰਕਾਰੀ ਹੁੰਦਾ ਗਿਆ। ਇਕ ਦਿਨ ਉਸ ਨੂੰ ਹੰਕਾਰ ਦੀ ਗੱਲ ਸੁਝੀ। ਆਪਣੀਆਂ ਸਤਾਂ ਧੀਆਂ ਨੂੰ ਇਕੱਠੀਆਂ ਕਰ ਕੇ ਪੁੱਛਣ ਲਗਾ—'ਹੇ ਪੁਤਰੀਓ! ਇਹ ਦਸੋ ਤੁਸੀਂ ਕਿਸ ਦਾ ਦਿੱਤਾ ਖਾਂਦੀਆਂ ਜੇ। ਇਹ ਸਾਰੇ ਸੁਖ ਤੁਸਾਂ ਨੂੰ ਕਿਵੇਂ ਹਾਸਲ ਹੋਏ ਹਨ?'

ਛੇ ਕੁੜੀਆਂ ਇਕ ਜਬਾਨ ਬੋਲੀਆਂ ਪਿਤਾ ਜੀ ਇਹ ਕਿਹੜੀ ਪੁਛਣ ਵਾਲੀ ਗੱਲ ਹੈ। ਆਪ ਦੀ ਕ੍ਰਿਪਾ ਤੇ ਮਿਹਨਤ ਦਾ ਫਲ ਹੈ ਜੋ ਅਸੀਂ ਚੰਗੀ ਰੋਟੀ ਖਾ ਰਹੀਆਂ ਹਾਂ। ਸੋਹਣੇ ਕਪੜੇ ਹੰਡਾ ਰਹੀਆਂ ਹਾਂ ਅਤੇ ਰਾਤ ਦਿਨੇ ਸੁਖ ਹੀ ਸੁਖ ਭੋਗ ਰਹੀਆਂ ਹਾਂ। ਆਪ ਧਨ ਨਾ ਕਮਾਓ ਤਾਂ ਅਸਾਂ ਨੂੰ ਸੁਖ ਕਿਥੋਂ ਨਸੀਬ ਹੋਣ। ਜਿਵੇਂ ਕੰਗਾਲਾਂ ਦੀਆਂ ਲੜਕੀਆਂ ਨੰਗੀਆਂ ਭੁਖੀਆਂ ਰਹਿੰਦੀਆਂ ਹਨ ਤਿਵੇਂ ਅਸੀਂ ਵੀ ਤਰਲੇ ਲਈਏ। ਸਭ ਆਪ ਦਾ ਖਾ ਰਹੀਆਂ ਹਾਂ। ਸਾਡੇ ਭਾ ਦੇ ਤੁਸੀਂ ਸਾਡੇ ਰੱਬ ਹੋ। ਭਗਵਾਨ ਹੋ ਇਉਂ ਲੜਕੀਆਂ ਨੇ ਆਪਣੇ ਬਾਪ ਨੂੰ ਉੱਤਰ ਵੀ ਦਿਤਾ ਤੇ ਉਸ ਦੀ ਵਡਿਆਈ ਵੀ ਕੀਤੀ। ਆਪਣੀ ਉਸਤਤ ਸੁਣ ਕੇ ਦੁਨੀ ਚੰਦ ਬਹੁਤ ਖ਼ੁਸ਼ ਹੋ ਗਿਆ। ਉਸ ਦੀ ਖ਼ੁਸ਼ੀ ਅਧ ਵਿਚਾਲੇ ਰਹੀ ਜਦੋਂ ਉਸ ਨੇ ਦੇਖਿਆ ਕਿ ਉਸ ਦੀ ਛੋਟੀ ਲੜਕੀ ਨੇ ਇਕ ਸ਼ਬਦ ਮੂੰਹੋਂ ਨਹੀਂ ਆਖਿਆ। ਉਸ ਨੂੰ ਸੰਬੋਧਨ ਕਰ ਕੇ ਦੁਨੀ ਚੰਦ ਨੇ ਪੁਛਿਆ—'ਕਿਉਂ ਬੇਟੀ! ਤੂੰ ਕੁਝ ਨਹੀਂ ਦਸਿਆ ਤੂੰ ਕਿਉਂ ਚੁੱਪ ਰਹੀ ਹੈਂ? ਕੀ ਸੋਚਦੀ ਹੈਂ?'

ਰਜਨੀ—'ਪਿਤਾ ਜੀ ਮੈਂ ਕੀ ਦਸਾਂ?'

ਦੁਨੀ ਚੰਦ—'ਜੋ ਮੈਂ ਪੁਛਦਾ ਹਾਂ ਕਿ ਕਿਸ ਦਾ ਦਿਤਾ ਖਾਂਦੀਆਂ ਜੇ?'

ਰਜਨੀ—'ਮੈਂ ਇਸ ਸੋਚ ਵਿਚ ਹਾਂ ਕਿ ਉੱਤਰ ਕੀ ਦੇਵਾਂ।'

ਦੁਨੀ ਚੰਦ—(ਰਤਾ ਗਰਮ ਹੋ ਕੇ) 'ਕਿਉਂ? ਇਹ ਵੀ ਕੋਈ ਗੀਤਾ ਦੇ ਸਲੋਕਾਂ ਦਾ ਅਰਥ ਦਸਣਾ ਹੈ। ਸਿੱਧੀ ਗੱਲ ਹੈ। ਮੇਰਾ ਦਿੱਤਾ ਖਾਂਦੀ ਹੈਂ ਕਿ ਹੋਰ ਕਿਸੇ ਦਾ।'

ਰਜਨੀ—'ਇਹ ਠੀਕ ਹੈ ਪਿਤਾ ਜੀ ਦੇਖਣ ਨੂੰ ਇੰਝ ਪ੍ਰਤੀਤ ਹੁੰਦਾ ਹੈ ਕਿ ਆਪ ਦਾ ਦਿੱਤਾ ਖਾ ਰਹੀਆਂ ਹਾਂ ਪਰ ਆਪ ਦਾ ਦਿੱਤਾ ਖਾਂਦੀਆਂ ਨਹੀਂ। ਵਿਧਾਤਾ ਨੇ ਜੋ ਨਸੀਬ ਵਿਚ ਲਿਖ ਦਿਤਾ ਹੈ। ਉਹ ਤੁਸਾਂ ਦੇ ਰਾਹੀਂ ਮਿਲਦਾ

ਹੈ। ਅਸਾਡੇ ਭਾਗਾਂ ਦਾ ਹਿੱਸਾ ਤੁਸਾਂ ਕੋਲ ਆਉਂਦਾ ਹੈ। ਰਿਜਕ ਦੇਣ ਵਾਲਾ ਭਗਵਾਨ ਹੈ। ਉਹ ਜਦੋਂ ਚਾਹੇ ਖੋਹ ਲੈਂਦਾ ਹੈ। ਜਦੋਂ ਚਾਹੇ ਦੇ ਦੇਂਦਾ ਹੈ। ਤੁਸੀਂ ਅਸਾਂ ਦੇ ਪਿਤਾ ਜੇ ਤੁਸਾਂ ਦੇ ਵਸੀਲੇ ਰਾਹੀਂ ਪ੍ਰਮਾਤਮਾ ਅਸਾਨੂੰ ਰੋਜੀ ਦੇ ਰਿਹਾ ਹੈ।'

ਰਜਨੀ ਦੀ ਜ਼ਬਾਨੋਂ ਇਹ ਸੁਣ ਕੇ ਦੁਨੀ ਚੰਦ ਗਰਮ ਹੋ ਗਿਆ। ਉਸ ਨੂੰ ਬਹੁਤ ਗੁੱਸਾ ਲੱਗਾ। ਹਰਨਾਕਸ਼ ਤੇ ਰਾਵਣ ਦੀ ਤਰ੍ਹਾਂ ਉਹ ਤਾਂ 'ਮੈਂ ਰੱਬ, ਮੈਂ ਰੱਬ' ਕੂਕ ਰਿਹਾ ਸੀ। ਉਸ ਨੇ ਮਸੂਮ ਬਾਲਕੀ ਦੇ ਮੂੰਹ ਉਤੇ ਦੋ ਚਪੇੜਾਂ ਮਾਰ ਦਿਤੀਆਂ। 'ਮੈਂ ਵੇਖਾਂਗਾ ਉਹ ਕਿਹੜਾ ਭਗਵਾਨ ਹੈ ਜੋ ਤੈਨੂੰ ਰੋਜੀ ਦੇਂਦਾ ਹੈ। ਸਵੇਰੇ ਹੀ ਵੇਖਦਾ ਹਾਂ।'

## ਰਜਨੀ ਨੂੰ ਕੋਹੜੇ ਨਾਲ ਵਿਆਹੁਣਾ

ਹੰਕਾਰੀ ਪੁਰਸ਼ ਦਾ ਗੁੱਸਾ ਬਹੁਤ ਚੰਡਾਲ ਹੁੰਦਾ ਹੈ। ਜਵਾਨ ਤੇ ਕਚ ਕੌਲ ਧੀ ਨੂੰ ਤੰਗ ਕਰਨ ਉਤੇ ਬਾਪ ਤੁਲ ਗਿਆ। ਉਹ ਸੋਹਲ ਕਲੀ ਜੋ ਅਜੇ ਪੂਰੀ ਖਿੜੀ ਵੀ ਨਹੀਂ ਸੀ। ਦੁਨੀ ਚੰਦ ਦੀ ਇਸਤਰੀ ਨੇ ਤੇ ਉਸ ਦੀਆਂ ਛੇਆਂ ਕੁੜੀਆਂ ਰਿਸ਼ਤੇਦਾਰਾਂ ਗੁਆਂਢੀਆਂ ਤੇ ਮਿੱਤਰਾਂ ਨੇ ਦੁਨੀ ਚੰਦ ਨੂੰ ਸਮਝਾਇਆ ਕਿ ਏਨੀਂ ਗੱਲ ਬਦਲੇ ਧੀ ਨੂੰ ਤੰਗ ਨਾ ਕਰੀਂ। ਆਪੇ ਸਮਝ ਜਾਵੇਗੀ ਅਜੇ ਬਾਲੜੀ ਹੈ, ਪਰ ਦੁਨੀ ਚੰਦ ਇਕੋ ਆਖੀ ਗਿਆ ਇਹ ਨਹੀਂ ਹੋ ਸਕਦਾ। ਮੈਂ ਹੁਣ ਦੱਸ ਕੇ ਹਟਾਂਗਾ ਕਿ ਮੇਰੇ ਤੋਂ ਬਿਨਾਂ ਇਸ ਕੁੜੀ ਨੂੰ ਰੋਜੀ ਕੌਣ ਦੇ ਸਕਦਾ ਹੈ।'

ਆਖ਼ਰ ਇਕ ਦਿਨ ਰਜਨੀ ਦੇ ਹਾਣ ਦਾ ਮੁੰਡਾ ਲੱਭ ਲਿਆਇਆ। ਉਹ ਗ਼ਰੀਬ ਸੀ। ਉਸ ਦੇ ਤਨ ਦੇ ਕਈ ਹਿਸਿਆਂ ਨੂੰ ਕੋਹੜ ਹੋਇਆ ਹੋਇਆ ਸੀ। ਉਸ ਕੋਹੜੇ ਨੂੰ ਘਰ ਲਿਆ ਕੇ ਉਸ ਨੇ ਪੰਡਤ ਨੂੰ ਸੱਦਿਆ। ਮਲੋ ਮਲੀ ਰਜਨੀ ਦਾ ਵਿਆਹ ਉਸ ਨਾਲ ਕਰ ਦਿੱਤਾ। ਕੋਹੜੀ ਹੈਰਾਨ ਸੀ। ਰਜਨੀ ਚੁਪ ਸੀ। ਰਜਨੀ ਦੀ ਮਾਂ ਰੋਂਦੀ ਰਹੀ। ਭੈਣਾਂ ਹਿਤ ਕਰਦੀਆਂ ਸਨ ਉਨ੍ਹਾਂ ਨੂੰ ਬਹੁਤ ਦੁਖ ਹੋਇਆ ਪਰ ਦੁਨੀ ਚੰਦ ਨੇ ਕਿਸੇ ਦੀ ਪਰਵਾਹ ਨਾ ਕੀਤੀ। ਕੋਹੜੀ ਨੂੰ ਰਜਨੀ ਦਾ ਹੱਥ ਫੜਾ ਕੇ ਆਖਣ ਲੱਗਾ—'ਇਸ ਨੂੰ ਪੱਟੀ ਸ਼ਹਿਰ ਤੋਂ ਦੂਰ ਲੈ ਜਾ ਇਹ ਤੇਰੀ ਚੀਜ਼ ਹੈ।'

ਰਜਨੀ ਤੇ ਕੋਹੜੀ* ਤੁਰ ਪਏ । ਹੌਲੀ ਹੌਲੀ ਪੱਟੀ ਤੋਂ ਬਾਹਰ ਆ ਗਏ। ਸ਼ਾਹੂਕਾਰ ਦੀ ਬੇਟੀ ਰਜਨੀ ਨੇ ਕੀਮਤੀ ਕਪੜੇ ਲਾਹ ਸੁਟੇ । ਵਾਲਾਂ ਨੂੰ ਅਨਵਾਹੇ ਤੇ ਖ਼ੁਸ਼ਕ ਕਰ ਲਿਆ । ਮੂੰਹ ਨਾ ਧੋਤਾ । ਪੈਰਾਂ ਤੋਂ ਨੰਗੀ ਹੀ ਤੁਰ ਪਈ। ਉਸ ਨੇ ਖ਼ੁਦ ਕੰਗਾਲਾਂ ਵਾਲਾ ਹੁਲੀਆ ਬਣਾ ਲਿਆ ਤਾਂ ਕਿ ਮੰਗਣ ਗਿਆਂ ਉਸ ਨੂੰ ਆਪਣੇ ਕੋਲੋਂ ਸ਼ਰਮ ਨਾ ਆਵੇ । ਉਸ ਨੇ ਵਾਹਿਗੁਰੂ ਅਗੇ ਪ੍ਰਾਰਥਨਾ ਕੀਤੀ – 'ਹੇ ਭਗਵਾਨ! ਮੈਨੂੰ ਤੇਰੇ ਉਤੇ ਭਰੋਸਾ ਹੈ । ਆਪ ਦਾ ਦਿਤਾ ਖਾਂਦੀ ਹਾਂ ਜੇ ਮੰਗ ਕੇ ਸੁਕੇ ਟੁਕੜੇ ਖਵਾਉਣ ਤੇ ਤੂੰ ਖ਼ੁਸ਼ ਹੈ ਤਾਂ ਮੈਂ ਉਸੇ ਵਿਚ ਰਾਜ਼ੀ ਹਾਂ । ਮੇਰਾ ਇਹ ਪਤੀ ਕੋਹੜੀ ਨਿਰਬਲ ਹੈ । ਮਮੂਲੀ ਤੁਰ ਫਿਰ ਸਕਦਾ ਹੈ । ਇਸ ਦੇ ਸਰੀਰ ਨੂੰ ਅਰੋਗਤਾ ਬਖ਼ਸ਼ੀਂ । ਮੈਂ ਇਸ ਨੂੰ ਪਤੀ ਪਰਮੇਸ਼ਰ ਸਮਝਦੀ ਹਾਂ। ਸਾਰੀ ਉਮਰ ਇਸੇ ਦੀ ਸੇਵਾ ਕਰਾਂਗੀ, ਕਿਉਂਕਿ ਮੇਰੇ ਸੰਜੋਗ ਵਿਚ ਹੀ ਇਹੋ ਹੈ । ਹੇ ਦਾਤਾ! ਮੇਰੇ ਦੁਖਾਂ ਨੂੰ ਤੂੰ ਹੀ ਦੂਰ ਕਰਨਾ ਹੈ। ਮੇਰੇ ਧਰਮ ਨੂੰ ਤੂੰ ਹੀ ਪਾਲਣਾ ਹੈ।'

ਜਿਥੇ ਰਾਤ ਪੈਂਦੀ ਉਥੋਂ ਹੀ ਪਿੰਡੋਂ ਬਾਹਰ ਆਪਣੇ ਪਿੰਗਲੇ ਪਤੀ ਨੂੰ ਬੈਠਾ ਕੇ ਆਪ ਨਗਰ ਵਿਚ ਮੰਗਣ ਚਲੀ ਜਾਂਦੀ । ਖਾਣ ਜੋਗੀ ਰੋਟੀ ਮੰਗ ਕੇ ਲੈ ਆਉਂਦੀ । ਪਤੀ ਨੂੰ ਖਵਾਉਂਦੀ ਤੇ ਆਪ ਖਾ ਕੇ ਉਸ ਦੇ ਕੋਲ ਲੇਟ ਰਹਿੰਦੀ। ਇਉਂ ਦਿਨ ਕੱਟਦੇ ਤੇ ਪੰਧ ਮੁਕਾਉਂਦੇ ਉਹ ਚੱਕ ਰਾਮਦਾਸ ਨੇੜੇ ਆ ਗਏ। ਇਕ ਨਿਰਮਲ ਜਲ ਵਾਲੀ ਛਪੜੀ ਤੇ ਬੇਰੀ ਦੀ ਸੰਘਣੀ ਛਾਂ ਦੇਖ ਕੇ ਬੇਰੀ ਦੇ ਹੇਠਾਂ ਰਜਨੀ ਨੇ ਪਤੀ ਬਿਠਾ ਦਿਤਾ ਤੇ ਆਪ ਸੁਲਤਾਨਵਿੰਡ ਨਗਰ ਵਲ ਮੰਗਣ ਵਾਸਤੇ ਤੁਰ ਗਈ । ਪਿੰਗਲਾ ਬੇਰੀ ਹੇਠ ਬੈਠਾ ਬੈਠਾ ਰੱਬ ਦੀ ਲੀਲ੍ਹਾ ਦੇਖ ਕੇ ਹੈਰਾਨ ਹੋ ਰਿਹਾ ਸੀ । ਸੋਚਦਾ ਸੀ ਕਿ ਕੁਦਰਤ ਨੇ ਕੈਸਾ ਮੇਲ ਕੀਤਾ ਹੈ ਮੈਂ ਕੋਹੜਾ ਤੇ ਮੇਰਾ ਸੰਜੋਗ ਇਕ ਸ਼ਾਹੂਕਾਰ ਦੀ ਸੁੰਦਰ ਲੜਕੀ ਨਾਲ ਜੋੜ ਦਿਤਾ । ਅੱਜ ਭਿਖਾਰੀਆਂ ਦੀ ਤਰ੍ਹਾਂ ਦਰ ਦਰ ਰੋਟੀ ਮੰਗਦੀ ਫਿਰਦੀ ਹੈ । ਆਖ਼ਰ ਇਹ ਸਿਲਸਿਲਾ ਕਿੰਨਾ ਚਿਰ ਰਹੇਗਾ ?

---

*ਕਈਆਂ ਸਾਖੀਆਂ ਵਿਚ ਲਿਖਿਆ ਹੈ ਕਿ ਕੋਹੜੀ ਨੂੰ ਟੋਕਰੇ ਵਿਚ ਪਾ ਕੇ ਸਿਰ ਉਤੇ ਚੁਕ ਤੁਰੀ । ਸਿਰ ਉਤੇ ਮਰਦ ਨੂੰ ਚੁੱਕ ਕੇ ਇਕ ਲੜਕੀ ਦਾ ਫਿਰਨਾ ਅਸੰਭਵ ਹੈ । ਉਹ ਕੋਹੜੀ ਤੁਰ ਫਿਰ ਸਕਦਾ ਸੀ। ਵੈਸੇ ਕਮਜ਼ੋਰ ਸੀ ।

## ਕਾਲੇ ਕਾਵਾਂ ਦਾ ਹੰਸ ਬਣਨਾ

ਜਿਸ ਬੇਰੀ ਹੇਠਾਂ ਪਿੰਗਲਾ ਬੈਠਾ ਸੀ, ਉਸ ਦੇ ਉਤੇ ਬਹੁਤ ਸਾਰੇ ਕਾਂ ਸਨ। ਉਹ ਕੇਲਾਂ ਕਰ ਰਹੇ ਤੇ ਖ਼ੁਸ਼ੀ ਵਿਚ ਰੌਲਾ ਪਾ ਰਹੇ ਸਨ। ਰੌਲਾ ਪਾਉਂਦੇ ਪਾਉਂਦੇ ਉਹ ਨਿਰਮਲ ਜਲ ਵਾਲੀ ਛਪੜੀ ਕਿਨਾਰੇ ਆ ਬੈਠੇ। ਕਈਆਂ ਨੇ ਜਲ ਪੀਤਾ ਤੇ ਕਈਆਂ ਨੇ ਇਸ਼ਨਾਨ ਕਰ ਲਿਆ। ਜਿਉਂ ਹੀ ਕਾਂ ਨਹਾਉਂਦੇ ਗਏ ਤਿਉਂ ਹੀ ਉਨ੍ਹਾਂ ਦੇ ਕਾਲੇ ਪਰ ਚਿਟੇ ਹੁੰਦੇ ਗਏ। ਉਹ ਹੰਸ ਬਣਦੇ ਗਏ। ਇਹ ਕੌਤਕ ਪਿੰਗਲਾ ਕਿੰਨਾ ਚਿਰ ਦੇਖਦਾ ਰਿਹਾ। ਉਹ ਬਹੁਤ ਹੈਰਾਨ ਸੀ ਕਿ ਕੀ ਖੇਲ ਰਚਿਆ ਜਾ ਰਿਹਾ ਹੈ। ਕਾਲੇ ਕਾਂ ਕਿਵੇਂ ਚਿਟੇ ਹੋ ਰਹੇ ਹਨ ? ਕੀ ਇਹ ਛਪੜੀ ਕਿਤੇ ਅੰਮ੍ਰਿਤ ਦਾ ਕੁੰਡ ਤਾਂ ਨਹੀਂ ਕੀ ਜੇ ਮੈਂ ਇਸ਼ਨਾਨ ਕਰਾਂ ਤਾਂ ਕੀ ਮੇਰਾ ਕੋਹੜ ਹਟ ਜਾਵੇਗਾ ? ਇਉਂ ਦਲੀਲਾਂ ਕਰਦੇ ਨੇ ਚੋਖਾ ਸਮਾਂ ਗੁਜ਼ਾਰ ਦਿੱਤਾ। ਆਖ਼ਰ ਪ੍ਰਮਾਤਮਾ ਉਤੇ ਭਰੋਸਾ ਰੱਖ ਕੇ ਉਹ ਛਪੜੀ ਦੇ ਕੰਢੇ ਪੁੱਜਾ। ਕੰਢੇ ਪੁੱਜ ਕੇ ਝਿਜਕਿਆ ਕਿ ਪਾਣੀ ਡੂੰਘਾ ਹੋਇਆ ਤਾਂ ਉਹ ਡੁਬ ਨਾ ਜਾਵੇ। ਬੇਰੀ ਦੇ ਮੁਢ ਨੂੰ ਹੱਥ ਪਾ ਕੇ ਹੌਲੀ ਹੌਲੀ ਹੇਠਾਂ ਉਤਰਿਆ ਜਿਉਂ ਹੀ ਪਾਣੀ ਵਿਚ ਉਤਰਿਆ ਤੇ ਪਾਣੀ ਉਸ ਦੇ ਕੋਹੜ ਦੇ ਜ਼ਖ਼ਮਾਂ ਨੂੰ ਲਗਾ। ਤਿਉਂ ਹੀ ਸਾਰੇ ਜ਼ਖ਼ਮ ਮਿਟ ਗਏ ਤੇ ਉਸ ਦਾ ਸਰੀਰ ਕੁੰਦਨ ਵਰਗਾ ਹੋ ਗਿਆ। ਸੋਹਣੇ ਸਰੀਰ ਨੂੰ ਪਾ ਕੇ ਉਹ ਬਹੁਤ ਖ਼ੁਸ਼ ਹੋਇਆ। ਉਸ ਦਾ ਕੋਹੜ ਜਾਂਦਾ ਰਿਹਾ। ਉਹ ਛਪੜੀ ਦੇ ਕਿਨਾਰੇ ਬੈਠ ਕੇ ਆਪਣੀ ਇਸਤਰੀ ਨੂੰ ਉਡੀਕਣ ਲੱਗਾ। ਤਕੜੀ ਦੁਪਹਿਰ ਚੜ੍ਹੀ ਰਜਨੀ ਆਈ। ਉਹ ਖਾਣ ਜੋਗੀਆਂ ਰੋਟੀਆਂ ਮੰਗ ਕੇ ਲਿਆਈ ਸੀ।

## ਰਜਨੀ ਦਾ ਕੋਹੜੀ ਨੂੰ ਭਾਲਣਾ

ਰਜਨੀ ਆਈ ਤੇ ਆਪਣੇ ਪਿੰਗਲੇ ਪਤੀ ਨੂੰ ਨਾ ਦੇਖ ਕੇ ਹੈਰਾਨ ਹੋਈ। ਉਸ ਦੀ ਥਾਂ ਅਰੋਗ ਸੁੰਦਰ ਗਭਰੂ ਬੈਠਾ ਦੇਖ ਕੇ ਡਰ ਗਈ। ਆਪਣੀ ਜਵਾਨੀ ਸੁੰਦਰਤਾ ਤੇ ਗ਼ਰੀਬੀ ਦਾ ਖ਼ਿਆਲ ਕਰ ਕੇ ਉਸ ਦੇ ਚਿਤ ਆਇਆ ਕਿ ਹੋ ਸਕਦਾ ਹੈ ਇਸ ਜਵਾਨ ਨੇ ਮੇਰੇ ਪਤੀ ਨੂੰ ਜਾਨੋਂ ਮਾਰ ਦਿਤਾ ਹੋਵੇ ਤਾਂ ਕਿ ਉਹ ਰਜਨੀ ਦਾ ਵਾਰਸ ਬਣ ਜਾਵੇ। ਉਹ ਨੇੜੇ ਹੋ ਕੇ ਕ੍ਰੋਧ ਨਾਲ ਬੋਲੀ—'ਮੇਰਾ ਪਤੀ ਕਿਧਰ ਗਿਆ ਹੈ ?'

ਉਸ ਦਾ ਪਤੀ—(ਹੈਰਾਨ ਹੋ ਕੇ) 'ਕੀ ਰਜਨੀ! ਤੂੰ ਪਛਾਣਿਆ ਨਹੀਂ। ਮੈਂ ਉਹੋ ਤੇਰਾ ਪਤੀ ਹਾਂ।'

ਰਜਨੀ—(ਕਾਹਲੀ ਨਾਲ) 'ਨਹੀਂ, ਉਹ ਤਾਂ ਸਰੀਰ ਦਾ ਰੋਗੀ ਸੀ। ਉਸ ਕੋਲੋਂ ਤਾਂ ਮੁਸ਼ਕਲ ਨਾਲ ਤੁਰਿਆ ਜਾਂਦਾ ਸੀ, ਤੂੰ ਕੋਈ ਹੋਰ ਹੈਂ ਉਸ ਨੂੰ ਮਾਰ ਤਾਂ ਨਹੀਂਓਂ ਦਿੱਤਾ?'

ਉਸ ਦਾ ਪਤੀ—'ਦੇਵੀ! ਕੋਈ ਸ਼ੱਕ ਨਾ ਕਰ ਤੇਰੀ ਸੇਵਾ ਤੇਰੇ ਭਰੋਸੇ ਵਲ ਦੇਖ ਕੇ ਮੇਰੇ ਸਰੀਰ ਨੂੰ ਭਗਵਾਨ ਨੇ ਅਰੋਗ ਕਰ ਦਿੱਤਾ ਹੈ, ਕੋਈ ਵਹਿਮ ਨਾ ਕਰ ਮੈਂ ਹੁਣ ਤੈਨੂੰ ਕਮਾ ਕੇ ਖਵਾਵਾਂਗਾ। ਤੇਰਾ ਸਿਦਕ ਤੈਨੂੰ ਤਾਰ ਰਿਹਾ ਹੈ। ਪੂਰੀ ਗੱਲ ਤਾਂ ਸੁਣ।'

ਰਜਨੀ—'ਮੈਂ ਕੋਈ ਗੱਲ ਨਹੀਂ ਸੁਨਣੀ। ਤੂੰ ਚੋਰ ਹੈਂ, ਖ਼ੂਨੀ ਹੈਂ। ਮੇਰੇ ਪਤੀ ਨੂੰ ਮਾਰ ਦਿੱਤਾ ਹੈ। ਮੈਂ ਤੈਨੂੰ ਪਤੀ ਨਹੀਂ ਮੰਨਣਾ। ਤੂੰ ਮੇਰਾ ਧਰਮ ਲੁਟਣਾ ਚਾਹੁੰਦਾ ਹੈਂ।'

ਇਉਂ ਰਜਨੀ ਉਚੀ ਉਚੀ ਪੁਕਾਰ ਕੇ ਰੋਣ ਲਗ ਪਈ। ਲਾਗੇ ਖੇਤ ਸਨ। ਖੇਤਾਂ ਵਿਚ ਕਿਸਾਨ ਕੰਮ ਕਰ ਰਹੇ ਸੀ। ਕੁਝ ਰੌਲਾ ਸੁਣ ਕੇ ਉਨ੍ਹਾਂ ਦੇ ਕੋਲ ਆ ਗਏ ਉਨ੍ਹਾ ਨੇ ਪੁਛਿਆ—'ਕੀ ਮਾਮਲਾ ਹੈ?'

ਰਜਨੀ ਦੇ ਪਤੀ ਨੇ ਸਾਰੀ ਕਹਾਣੀ ਸੁਣਾ ਦਿਤੀ ਕਿ ਉਸ ਦਾ ਕੋਹੜ ਕਿਸ ਤਰ੍ਹਾਂ ਹਟਿਆ ਹੈ। ਕਿਸਾਨ ਵੀ ਸੁਣ ਕੇ ਹੈਰਾਨ ਹੋਏ। ਰਜਨੀ ਨੂੰ ਵੀ ਭਰੋਸਾ ਨਾ ਆਇਆ। ਉਸ ਨੇ ਜਾਤਾ ਇਹ ਝੂਠ ਮਾਰ ਰਿਹਾ ਹੈ। ਉਹ ਬੇ-ਸਬਰੀ ਨਾਲ ਧਾਹੀਂ ਮਾਰਨ ਲਗ ਪਈ।

## ਗੁਰੂ ਜੀ ਕੋਲ ਮਾਮਲਾ ਪੇਸ਼ ਹੋਣਾ

ਜਿਮੀਂਦਾਰ ਨੇ ਰਜਨੀ ਨੂੰ ਦਿਲਾਸਾ ਦੇ ਕੇ ਆਖਿਆ—'ਭੈਣਾਂ, ਇਸ ਤਰ੍ਹਾਂ ਰੋ ਨਾ, ਥੋੜ੍ਹੀ ਵਾਟ ਤੇ ਕਰਨੀ ਵਾਲੇ ਗੁਰੂ ਰਹਿੰਦੇ ਹਨ। ਉਹ ਸੱਚ ਦਾ ਨਿਆਇ ਕਰਨਗੇ। ਉਹ ਕਰਾਮਾਤੀ ਤੇ ਸਭ ਕੁਝ ਜਾਣਦੇ ਹਨ। ਉਨ੍ਹਾਂ ਕੋਲ ਚਲ ਤੇਰਾ ਨਿਬੇੜਾ ਹੋ ਜਾਵੇਗਾ। ਇਸ ਦੀ ਗੱਲ ਵੀ ਸੱਚੀ ਲਗਦੀ ਹੈ ਤੇਰਾ ਬਿਆਨ ਵੀ ਸੱਚਾ ਹੈ ਅਸੀਂ ਝਮੇਲੇ ਵਿਚ ਫਸ ਗਏ ਹਾਂ। ਪਤਾ ਨਹੀਂ ਲਗਦਾ ਕੀ ਆਖੀਏ ਕਿਸ ਨੂੰ ਸੱਚਾ ਮੰਨੀਏ। ਇਸ ਨੇ ਤੇਰੇ ਪਤੀ ਨੂੰ ਮਾਰਿਆ ਵੀ ਨਹੀਂ

ਕਿਉਂਕਿ ਅਸੀਂ ਕੋਈ ਰੌਲਾ ਨਹੀਂ ਸੁਣਿਆ।'

ਇਹ ਸਲਾਹ ਰਜਨੀ ਨੂੰ ਕੁਝ ਜਚ ਗਈ। ਉਸ ਨੇ ਉਸੇ ਵੇਲੇ ਹਾਂ ਕੀਤੀ ਤੇ ਸਾਰੇ ਇਕੱਠੇ ਹੋ ਕੇ ਸ੍ਰੀ ਗੁਰੂ ਰਾਮਦਾਸ ਜੀ ਕੋਲ ਆ ਪੁਜੇ। ਅਗੇ ਗੁਰੂ ਜੀ ਦਾ ਦੀਵਾਨ ਲੱਗਾ ਹੋਇਆ ਸੀ। ਗੁਰੂ ਜੀ ਦੇ ਸਨਮੁਖ ਜਾ ਕੇ ਰਜਨੀ ਨੇ ਬੇਨਤੀ ਕਰਨੀ ਸ਼ੁਰੂ ਕੀਤੀ। ਬੇਨਤੀ ਕਰਦਿਆਂ ਹੋਇਆਂ ਉਸ ਦੇ ਨੈਣਾਂ ਵਿਚੋਂ ਜਲ ਵਗ ਰਿਹਾ ਸੀ—'ਹੇ ਦਾਤਾ! ਮੈਂ ਦੁਖੀ ਅਬਲਾ ਹਾਂ। ਮੇਰੇ ਨਾਲ ਧੱਕਾ ਹੋ ਰਿਹਾ ਹੈ। ਮੈਂ ਚਿਟੇ ਦਿਨ ਲੁਟੀ ਜਾ ਰਹੀ ਹਾਂ। ਮੇਰੇ ਬਾਪ ਨੇ ਮੈਨੂੰ ਕੋਹੜੀ (ਪਿੰਗਲੇ) ਨਾਲ ਵਿਆਹਿਆ ਸੀ। ਅੱਜ ਸਵੇਰੇ ਉਸ ਕੋਹੜੀ ਪਤੀ ਨੂੰ ਬੇਰੀ ਹੇਠਾਂ ਛੱਡ ਕੇ ਸੁਲਤਾਨਵਿੰਡ ਪਿੰਡ ਵਿਚ ਰੋਟੀ ਮੰਗਣ ਵਾਸਤੇ ਗਈ ਸਾਂ, ਮੁੜ ਕੇ ਆਈ ਤਾਂ ਮੇਰਾ ਪਤੀ ਉਥੇ ਨਹੀਂ ਸੀ ਪਰ ਇਹ ਓਪਰਾ ਗਭਰੂ ਜੋ ਸੂਰਤ ਤੋਂ ਤਾਂ ਉਹਨਾਂ ਹੀ ਵਰਗਾ ਪ੍ਰਤੀਤ ਹੁੰਦਾ ਹੈ, ਪਰ ਇਹ ਕੋਹੜੀ ਨਹੀਂ। ਹੋ ਸਕਦਾ ਹੈ ਸੂਰਤ ਮਿਲਦੀ ਜੁਲਦੀ ਵੇਖ ਕੇ ਇਸ ਨੇ ਮੇਰੇ ਪਤੀ ਨੂੰ ਮਾਰ ਦਿਤਾ ਹੋਵੇ। ਮੈਂ ਧਰਮ ਨੂੰ ਪਾਲਣਾ ਹੈ। ਬਾਪ ਦੇ ਦਿਤੇ ਪਤੀ ਨੂੰ ਹੀ ਖਤੀ ਮੰਨਣਾ ਹੈ। ਮੇਰਾ ਨਿਆਇ ਕਰੋ ਮੇਰਾ ਪਤੀ ਮੈਨੂੰ ਲਭ ਦਿਓ। ਮੇਰਾ ਧਰਮ ਭ੍ਰਿਸ਼ਟ ਨਾ ਹੋਵੇ। ਮੈਂ ਪਤੀਬ੍ਰਤਾ ਇਸਤਰੀ ਹਾਂ। ਕਿਤੇ ਪਾਪਣ ਨਾ ਬਣਾਂ।'

ਸਤਿਗੁਰੂ ਜੀ ਨੇ ਉਸ ਦੇ ਪਤੀ ਕੋਲੋਂ ਸਾਰੀ ਵਾਰਤਾ ਸੁਣੀ। ਦੋਹਾਂ ਦੇ ਬਿਆਨ ਸੁਣਨ ਪਿਛੋਂ ਸਤਿਗੁਰੂ ਜੀ ਆਪ ਸਿੰਘਾਸਨ ਤੋਂ ਉਠੇ ਤੇ ਉਸ ਥਾਂ ਪੁਜੇ ਜਿਥੇ ਪਿੰਗਲੇ ਨੇ ਇਸ਼ਨਾਨ ਕੀਤਾ ਸੀ। ਉਸ ਅਸਥਾਨ ਨੂੰ ਦੇਖ ਕੇ ਭਗਵਾਨ ਰੂਪ ਗੁਰੂ ਜੀ ਬੋਲੇ—'ਪੁੱਤਰੀ! ਇਹ ਤੇਰਾ ਪਤੀ ਹੈ। ਜੋ ਇਹ ਆਖਦਾ ਹੈ ਸੋ ਠੀਕ ਹੈ। ਇਹ ਦੁੱਖ ਭੰਜਨੀ ਬੇਰੀ ਹੈ। ਇਹ ਨਿਰਮਲ ਜਲ ਵਾਲੀ ਛਪੜੀ ਨਹੀਂ ਸਗੋਂ ਅੰਮ੍ਰਿਤ ਦਾ ਕੁੰਡ ਹੈ। ਇਥੇ ਸਰੋਵਰ ਤਿਆਰ ਹੋਵੇਗਾ, ਕਲਜੁਗ ਦੇ ਹਜ਼ਾਰਾਂ ਜੀਵ ਇਥੋਂ ਇਸ਼ਨਾਨ ਕਰ ਕੇ ਰਾਜੀ ਹੋਣਗੇ। ਇਹ ਅਸਥਾਨ ਸੰਸਾਰ ਦਾ ਮਹਾਨ ਤੀਰਥ ਬਣੇਗਾ। ਪਤੀ ਦੇਵਤੇ ਦੀ ਚਰਨੀ ਲਗੋ। ਤੇਰੇ ਸਿਦਕ ਨੇ ਤੇਰਾ ਬੇੜਾ ਪਾਰ ਕਰ ਦਿਤਾ ਹੈ। ਤੇਰੇ ਬਾਪ ਨੂੰ ਜੋ ਹੰਕਾਰ ਸੀ ਉਹ ਦੂਰ ਹੋ ਗਿਆ। ਇਧਰ ਤੇਰਾ ਪਤੀ ਰਾਜੀ ਹੋ ਗਿਆ ਹੈ ਉਧਰ ਤੇਰੇ ਬਾਪ ਦਾ ਧਨ ਡਾਕੂਆਂ ਲੁਟ ਲਿਆ ਹੈ। ਉਹ ਕੰਗਾਲ ਹੋ ਗਿਆ ਹੈ। ਅੱਜ ਉਹ ਤੰਗ

ਹੈ ਹੁਣ ਧੀਆਂ ਨੂੰ ਨਹੀਂ ਪੁਛੇਗਾ ਕਿ ਤੁਸੀਂ ਕਿਸ ਦਾ ਦਿਤਾ ਖਾਂਦੀਆਂ ਜੇ ?'

ਗੁਰਾਂ ਦੇ ਇਹ ਬਚਨ ਸੁਣ ਕੇ ਰਜਨੀ ਨੂੰ ਤਸੱਲੀ ਹੋ ਗਈ । ਉਸ ਨੇ ਉਸੇ ਸਮੇਂ ਆਪਣੇ ਪਤੀ ਦੇ ਪੈਰਾਂ ਉਤੇ ਸਿਰ ਰੱਖ ਦਿੱਤਾ । ਵਧ ਘੱਟ ਜੋ ਬਚਨ ਬੋਲੇ ਸਨ, ਉਨ੍ਹਾਂ ਦੀ ਖਿਮਾ ਮੰਗੀ ਤੇ ਖ਼ੁਸ਼ੀ ਨਾਲ ਗੁਰੂ ਜੀ ਦੇ ਚਰਨਾਂ ਵਿਚ ਹੀ ਰਹਿਣ ਲਗੇ ।

## ਅੰਮ੍ਰਿਤਸਰ ਸ਼ਹਿਰ ਵਸਣਾ

ਉਸ ਦਿਨ ਤੋਂ ਗੁਰੂ ਜੀ ਨੇ ਉਸ ਛਪੜੀ ਦਾ ਸਰੋਵਰ ਪੁਟਾਉਣਾ ਸ਼ੁਰੂ ਕਰ ਦਿਤਾ। ਨਾਲ ਹੀ ਇਹ ਵਰ ਦਿਤੇ ਕਿ ਜੋ ਇਸ ਸਰੋਵਰ ਵਿਚ ਇਸ਼ਨਾਨ ਕਰੇਗਾ, ਉਸ ਦੇ ਸਾਰੇ ਸਰੀਰ ਦੇ ਤੇ ਆਤਮਿਕ ਰੋਗ ਦੂਰ ਹੋ ਜਾਣਗੇ । ਸਤਿਗੁਰੂ ਰਾਮਦਾਸ ਜੀ ਦੇ ਪਿਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਸਰੋਵਰ ਨੂੰ ਪੱਕਿਆਂ ਕੀਤਾ ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਉਸਾਰੀ ਆਰੰਭ ਕੀਤੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਤਿਆਰ ਕਰਵਾਇਆ। ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਇਸ ਤੀਰਥ ਤੇ ਸ਼ਹਿਰ ਵਿਚ ਬਹੁਤ ਵਾਧਾ ਹੋਇਆ । ਗੁਰੂ ਕਾ ਬਜ਼ਾਰ ਬਣ ਗਿਆ । ਦਿਨ ਦਿਹਾਰ ਨੂੰ ਇਕੱਠ ਹੋਣ ਲਗੇ ਕਿਉਂਕਿ ਪਿਛਲੇ ਗੁਰੂ ਸਾਹਿਬਾਨ ਸ੍ਰੀ ਅੰਮ੍ਰਿਤਸਰ ਤੋਂ ਬਾਹਰ ਰਹਿੰਦੇ ਰਹੇ । ਇਸ ਕਰਕੇ ਕੁਝ ਵਾਧਾ ਰੁਕ ਗਿਆ। ਗੁਰੂ ਮਹਾਰਾਜ ਦੇ ਸਮੇਂ ਪਿਛੋਂ ੧੭੦੫ ਤੋਂ ੧੭੬੫ ਤਕ ਇਸ ਸ਼ਹਿਰ ਉਤੇ ਬਹੁਤ ਮਾਰੂ ਤੂਫ਼ਾਨ ਆਉਂਦੇ ਰਹੇ । ਕਈ ਵਾਰ ਜ਼ਾਲਮਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਨਿਰਾਦਰੀ ਕੀਤੀ ਤੇ ਕਈ ਵਾਰ ਸਰੋਵਰ ਨੂੰ ਪੂਰਨ ਦਾ ਯਤਨ ਵੀ ਕੀਤਾ ਪਰ ਇਸ ਸ਼ਹਿਰ ਤੇ ਸਰੋਵਰ ਵਿਚ ਰੱਬੀ ਬਰਕਤਾਂ ਹਨ । ਪ੍ਰਮੇਸ਼ਰ ਦਾ ਆਪਣਾ ਬਣਾਇਆ ਹੋਇਆ ਸ਼ਹਿਰ ਹੈ, ਇਸ ਨੂੰ ਮਨੁਖ ਕਿਵੇਂ ਬਰਬਾਦ ਕਰ ਸਕਦਾ ਹੈ । ਮਿਸਲਾਂ ਵੇਲੇ ਸਰਦਾਰਾਂ ਨੇ ਇਸ ਸ਼ਹਿਰ ਤੇ ਹਰਿਮੰਦਰ ਸਾਹਿਬ ਦੀ ਬਹੁਤ ਸੇਵਾ ਕੀਤੀ । ਬਜ਼ਾਰ ਬਣਵਾਏ ਬੁੰਗੇ ਤਿਆਰ ਕਰਵਾਏ ਤੇ ਸ੍ਰੀ ਹਰਿਮੰਦਰ ਸਾਹਿਬ ਦਾ ਯੋਗ ਪ੍ਰਬੰਧ ਕੀਤਾ । ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਤਾਂ ਇਹ ਸ਼ਹਿਰ ਉਤਰੀ ਹਿੰਦ ਦਾ ਵਿਉਪਾਰਕ ਕੇਂਦਰ ਬਣ ਗਿਆ । ਜਿਸ ਛਪੜੀ ਤੇ ਕਦੀ ਪਿੰਗਲੇ ਨੇ ਇਸ਼ਨਾਨ ਕੀਤਾ ਸੀ ਉਸ ਉਤੇ ਅੱਜ ਪੱਕੇ ਮੰਦਰ ਹਨ।

ਉਸ ਦੁਖਭੰਜਨੀ ਬੇਰੀ ਹੇਠਾਂ ਹਜ਼ਾਰਾਂ ਕਲਜੁਗੀ ਜੀਵ ਰੋਜ਼ ਇਸ਼ਨਾਨ ਕਰਦੇ ਹਨ। ਮਹਾਰਾਜੇ ਨੇ ਸੋਨੇ ਦਾ ਹਰਿਮੰਦਰ ਬਣਾ ਦਿਤਾ। ਉਸ ਦਿਨ ਤੋਂ ਸੰਸਾਰ ਵਿਚ ਗੋਲਡਨ ਟੈਂਪਲ (ਸੁਨਹਿਰੀ ਮੰਦਰ) ਦੇ ਨਾਂ ਨਾਲ ਮਸ਼ਹੂਰ ਹੈ। ਸੰਸਾਰੀ ਯਾਤਰੂ ਦਰਸ਼ਨ ਕਰਨ ਆਉਂਦੇ ਹਨ। ਸ਼ਹਿਰ ਦੀ ਵਸੋਂ ੧੦ ਲਖ ਤੋਂ ਉਪਰ ਹੋ ਗਈ ਹੈ। ਕਈਆਂ ਕੋਹਾਂ ਵਿਚ ਸ਼ਹਿਰ ਖਿਲਰਿਆ ਹੋਇਆ ਹੈ। ਸ੍ਰੀ ਅੰਮ੍ਰਿਤਸਰ ਜੀ ਦਾ ਇਤਿਹਾਸ ਖਾਲਸੇ ਦਾ ਇਤਿਹਾਸ ਹੈ। ਇਸ ਨੂੰ ਸੰਖੇਪ ਵਿਚ ਲਿਖਣ ਲਗਿਆਂ ਵੀ ਕਈਆਂ ਸਫਿਆਂ ਦੀ ਲੋੜ ਹੈ। ਧੰਨ ਧੰਨ ਗੁਰੂ ਰਾਮਦਾਸ ਜੀ ਜਿਨ੍ਹਾਂ ਕਲਜੁਗੀ ਜੀਵਾਂ ਦੇ ਉਧਾਰ ਵਾਸਤੇ ਇਸ ਮਹਾਨ ਤੀਰਥ ਦੀ ਰਚਨਾ ਕੀਤੀ। ਧੰਨ ਰਜਨੀ ਜਿਸ ਦੇ ਸਿਦਕ ਨੇ ਇਸ ਅੰਮ੍ਰਿਤ ਕੁੰਡ ਨੂੰ ਲੱਭਿਆ।

# ੯੭. ਮਾਈ ਭਿਰਾਈ ਦੀ ਭਗਤੀ

*ਮੁਰਦਾ ਹੋਇ ਮੁਰੀਦੁ ਸੋ ਗੁਰ ਗੋਰਿ ਸਮਾਵੈ। ਸਬਦ ਸੁਰਤਿ ਲਿਵ ਲੀਣੁ ਹੋਇ ਓਹੁ ਆਪੁ ਗਵਾਵੈ। ਤਨੁ ਧਰਤੀ ਧਰਮਸਾਲ ਮਨੁ ਦਭੁ ਵਿਛਾਵੈ। ਲਤਾਂ ਹੇਠਿ ਲਤਾੜੀਐ ਗੁਰ ਸਬਦੁ ਕਮਾਵੈ। ਭਾਇ ਭਗਤਿ ਨੀਵਾਣੁ ਗੁਰਮਤਿ ਠਹਰਾਵੈ। ਵਰਸੈ ਨਿਝਰ ਧਾਰ ਹੋਇ ਸੰਗਤਿ ਚਲਿ ਆਵੈ ॥੨੨॥੯॥*
*(ਭਾਈ ਗੁਰਦਾਸ ਜੀ)*

ਗੁਰੂ ਦਾ ਪ੍ਰੇਮ ਅਸਚਰਜ ਹੈ, ਜਿਨ੍ਹਾਂ ਨੂੰ ਇਹ ਪ੍ਰੇਮ ਲਗਨ ਲਗ ਜਾਂਦੀ ਹੈ ਉਹ ਸਦਾ ਦੀਵਾਨੇ ਹੋਏ ਫਿਰਦੇ ਹਨ। ਮਾਈ ਭਿਰਾਈ ਖਡੂਰ ਵਿਚ ਵਸਦੀ ਸੀ, ਇਹ ਕਦੀ ਗੁਰੂ ਨਾਨਕ ਜੀ ਦੇ ਦਰਸ਼ਨ ਨੂੰ ਜਾਇਆ ਕਰਦੀ ਸੀ। ਗੁਰੂ ਜੀ ਪਾਸੋਂ ਹੀ 'ਸਤਿ ਕਰਤਾਰ' ਦੇ ਸਿਮਰਨ ਦਾ ਵਲ ਸਿਖਿਆ ਸੀ। ਆਪਣੀ ਜਵਾਨੀ ਵਿਚ ਪੈਦਲ ਤੁਰ ਕੇ ਗੁਰੂ ਦਰਸ਼ਨਾਂ ਨੂੰ ਜਾਇਆ ਕਰਦੀ ਸੀ। ਉਹ ਉਸ ਵੇਲੇ ਉਥੇ ਹੀ ਸੀ, ਜਦੋਂ ਗੁਰੂ ਨਾਨਕ ਦੇਵ ਜੀ ਨੇ ਚੋਲਾ ਛਡਿਆ। ਇਹ ਵੈਰਾਗਨ ਹੋ ਗਈ। ਵਿਛੋੜੇ ਨੂੰ ਸਹਿ ਨਾ ਸਕੀ, ਨੀਮ ਪਾਗਲ ਜਹੀ ਹੋਈ ਹੋਈ ਆਪਣੇ ਪਿੰਡ ਖਡੂਰ ਆ ਗਈ। ਉਧਰ ਗੁਰੂ ਅੰਗਦ ਦੇਵ ਜੀ ਮਹਾਰਾਜ ਵੀ ਸ੍ਰੀ ਗੋਇੰਦਵਾਲ ਆ ਬਿਰਾਜੇ ਪਰ ਮਾਈ ਗੋਇੰਦਵਾਲ ਨਾ ਪੁਜੀ ਕਿਉਂਕਿ ਉਸ ਦੀ ਆਤਮਾ ਵਿਚ ਸ੍ਰੀ ਗੁਰੂ ਨਾਨਕ ਹੀ ਵਸ ਗਿਆ ਸੀ। ਉਹ ਰਾਤ ਦਿਨੇ ਧੰਨ ਗੁਰੂ ਨਾਨਕ ਸਤਿ ਕਰਤਾਰ, ਧੰਨ ਗੁਰੂ ਨਾਨਕ ਦਾ ਹੀ

ਜਾਪ ਜਪਦੀ ਰਹਿੰਦੀ ਸੀ। ਕਦੀ ਕਦੀ ਲੋਕਾਂ ਨੂੰ ਪੁਛਣ ਲਗ ਜਾਂਦੀ—'ਵੇ ਵੀਰਾ, ਨੀ ਭੈਣਾਂ, ਕਿਤੇ ਗੁਰੂ ਨਾਨਕ ਜੀ ਦੇਖੇ ਈ ? ਉਹ ਕਦੋਂ ਆਉਣਗੇ ? ਮੇਰੇ ਗੁਰੂ ਮੈਨੂੰ ਕਦੋਂ ਮਿਲਣਗੇ ?' ਕਦੀ ਉਹ ਆਪ ਮੁਹਾਰੀ ਗਾਉਣ ਲੱਗ ਪੈਂਦੀ—

*ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥*
*ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥ (ਮਹਲਾ ੧ ਕੁਚਜੀ)*

ਉਹ ਬਹੁਤ ਵੈਰਾਗਣ ਹੋ ਗਈ, ਉਸ ਦਾ ਚਿਤ ਉਦਾਸ ਹੋ ਗਿਆ, ਉਹਦਾ ਚਿਤ ਕਿਸੇ ਘਰ ਦੇ ਧੰਦੇ ਵਿਚ ਨਾ ਲੱਗਦਾ। ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਲੱਭਣ ਦੀ ਲਗਨ ਲਗ ਗਈ। ਉਹ ਇਹ ਵੀ ਭੁੱਲ ਗਈ ਕਿ ਗੁਰੂ ਨਾਨਕ ਜੀ ਤਾਂ ਪ੍ਰਲੋਕ ਚਲੇ ਗਏ ਹਨ। ਉਹ ਤਾਂ ਪ੍ਰਮਾਤਮਾ ਨਾਲ ਇੰਜ ਇਕ ਮਿਕ ਹੋ ਗਏ ਹਨ ਜਿਵੇਂ ਪਾਣੀ ਨਾਲ ਪਾਣੀ ਮਿਲਕੇ ਇਕ ਰੂਪ ਹੋ ਜਾਂਦਾ ਹੈ, ਪਰ ਉਹ ਘਰੋਂ ਨਿਕਲ ਕੇ ਗੁਰੂ ਨਾਨਕ ਜੀ ਨੂੰ ਟੋਲਣ ਤੁਰ ਪਈ। ਖੇਤਾਂ ਤੇ ਪੈਲੀਆਂ ਵਿਚ ਹਾਕਰਾਂ ਮਾਰਨ ਲਗੀ—'ਹੇ ਪਿਆਰੇ ਨਾਨਕ ਆ! ਮੈਂ ਤੇਰੇ ਦਰਸ਼ਨ ਕਰਨੇ ਹਨ। ਮੈਂ ਵਾਰਨੇ ਜਾਵਾਂ, ਬਲਿਹਾਰੇ ਜਾਵਾਂ, ਅੱਖਾਂ ਚਰਨਾਂ ਹੇਠ ਵਿਛਾਵਾਂ। ਮੇਰੇ ਗੁਰੂ ਮੈਂ ਤੇਰੇ ਦਰਸ਼ਨਾਂ ਬਿਨਾਂ ਤੜਪ ਰਹੀ ਹਾਂ, ਉਸੇ ਤਰ੍ਹਾਂ ਜਿਵੇਂ ਮੱਛੀ ਪਾਣੀ ਤੋਂ ਵਿਛੜ ਕੇ ਬਰੇਤੇ ਉਤੇ ਪਈ ਤੜਪਦੀ ਹੈ। ਮੇਰੀ ਬਹੁੜੀ ਨੂੰ ਸੁਣ।' ਕਈਆਂ ਮੂਰਖਾਂ ਤੇ ਮਨਮਤੀਆਂ ਨੇ ਮਾਈ ਨੂੰ ਮਖੌਲ ਕੀਤਾ। ਕਈਆਂ ਨੇਕ ਪੁਰਸ਼ਾਂ ਨੇ ਸਮਝਾਇਆ—'ਹੇ ਮਾਤਾ! ਐਵੇਂ ਨਾ ਭੁਲੀ ਫਿਰ ਤੇਰੇ ਗੁਰੂ ਨਾਨਕ ਜੀ ਦੀ ਜੋਤ ਉਨ੍ਹਾਂ ਦੇ ਦੂਸਰੇ ਰੂਪ ਗੁਰੂ ਅੰਗਦ ਦੇਵ ਜੀ ਵਿਚ ਹੈ। ਜੋ ਗੋਇੰਦਵਾਲ ਰਹਿੰਦੇ ਹਨ। ਗੋਇੰਦਵਾਲ ਜਾ ਕੇ ਉਨ੍ਹਾਂ ਦੇ ਦਰਸ਼ਨ ਕਰ। ਤੇਰੇ ਹਿਰਦੇ ਨੂੰ ਸ਼ਾਂਤੀ ਆਵੇ। ਉਹ ਪੂਰੇ ਗੁਰੂ ਹਨ। ਉਹ ਸਭ ਦੀਆਂ ਆਸਾਂ ਪੂਰੀਆਂ ਕਰਦੇ ਹਨ। ਐਵੇਂ ਖੇਤਾਂ ਵਿਚ ਧਕੇ ਨਾ ਖਾਹ। ਗੁਰੂ ਕੋਲ ਜਾ ਕੇ ਗੁਰੂ ਗੁਰੂ ਜਪ।'

ਮਾਈ ਭਿਰਾਈ ਨੂੰ ਕਿਸੇ ਦੇ ਦੱਸਣ ਨਾਲ ਭਰੋਸਾ ਨਾ ਆਇਆ। ਉਹ ਗੁਰੂ ਨਾਨਕ ਗੁਰੂ ਨਾਨਕ ਪੁਕਾਰਦੀ ਫਿਰੀ। ਉਸ ਦੇ ਸੱਚੇ ਪ੍ਰੇਮ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਸਰੇ ਸਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਹਿਰਦੇ ਨੂੰ ਖਿਚ ਪਾਈ। ਬਿਜਲੀ ਦੀਆਂ ਤਾਰਾਂ ਜੁੜਨ ਵਾਂਗ ਪ੍ਰੇਮ ਦੀ ਤਾਰ ਬੈਠੇ ਦੋ ਦਿਲਾਂ ਨਾਲ ਜੁੜੀ। ਗੁਰੂ ਜੀ ਕਿਸੇ ਨੂੰ ਅਨਦਸੇ ਹੀ ਇਕੱਲੇ ਗੋਇੰਦਵਾਲ

ਤੋਂ ਤੁਰ ਪਏ। ਉਨ੍ਹਾਂ ਦੇ ਬੁਲ੍ਹਾਂ ਉਤੇ ਵੀ ਇਹੋ ਸ਼ਬਦ ਸਨ—'ਧੰਨ ਗੁਰੂ ਨਾਨਕ ਜੀ, ਧੰਨ ਗੁਰੂ ਨਾਨਕ ਜੀ, ਪਿਆਰੇ ਗੁਰੂ ਨਾਨਕ ਜੀ।' ਇਉਂ ਨਾਨਕ ਜੀ ਦੇ ਨਾਮ ਦਾ ਸਿਮਰਨ ਕਰਦੇ ਹੋਏ ਅੰਗਦ ਦੇਵ ਜੀ ਖਡੂਰ ਸਾਹਿਬ ਪੁਜੇ। ਸ਼ਾਮਾਂ ਦਾ ਵੇਲਾ ਸੀ। ਕੁਦਰਤ ਨਾਲ ਮਾਈ ਭਿਰਾਈ ਉਸ ਸਮੇਂ ਆਪਣੇ ਘਰ ਸਮਾਧੀ ਲਾ ਕੇ ਬੈਠੀ ਹੋਈ ਸੀ। ਉਸ ਨੇ ਲਿਵ ਗੁਰ ਨਾਨਕ ਜੀ ਦੇ ਚਰਨਾਂ ਨਾਲ ਜੋੜੀ ਹੋਈ ਸੀ। ਅੱਖਾਂ ਵਿਚ ਪਿਆਰੇ ਗੁਰ ਨਾਨਕ ਦੀ ਤਸਵੀਰ ਸੀ।

ਗੁਰੂ ਜੀ ਨੇ ਕੋਲ ਜਾ ਕੇ ਕਿਹਾ—'ਉਠ ਮਾਈ ਅੱਖਾਂ ਖੋਹਲ। ਮੇਰੇ ਪਿਆਰੇ ਗੁਰੂ ਦੇ ਪਿਆਰੇ ਰੰਗ ਵਿਚ ਰਤੀਏ। ਮੈਨੂੰ ਮੇਰੇ ਸਤਿਗੁਰ ਦੀਆਂ ਬਾਤਾਂ ਸੁਣਾ। ਤੂੰ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਦੀ ਰਹੀ ਹੈਂ।' ਇਹ ਸੁਣ ਕੇ ਮਾਈ ਦੀਆਂ ਅੱਖਾਂ ਖੁਲ੍ਹੀਆਂ। ਪ੍ਰਤੱਖ ਗੁਰੂ ਨਾਨਕ ਦੀ ਮੂਰਤ ਸਾਹਮਣੇ ਖਲੋਤੇ ਸਤਿਗੁਰਾਂ ਨੂੰ ਦੇਖ ਕੇ ਮਾਈ ਛੇਤੀ ਨਾਲ ਉਠੀ। ਚਰਨਾਂ ਉਤੇ ਸੀਸ ਰਖ ਦਿਤਾ। ਹਿਰਦੇ ਵਿਚ ਖ਼ੁਸ਼ੀ ਦੀ ਲਹਿਰ ਉਠੀ। ਉਹ ਪਿਆਰੇ ਗੁਰੂ ਨਾਨਕ ਜੀ ਦੀਆਂ ਬਾਤਾਂ ਰਾਹੀਂ ਆਪਣੇ ਅਨੰਦ ਮਗਨ ਹਿਰਦੇ ਦੀ ਹਾਲਤ ਦਸਣ ਲੱਗੀ—

> *ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥ ਸਹਜਿ ਮਿਲਾਏ ਹਰਿ ਮਨਿ ਭਾਏ ਪੰਚ ਮਿਲੇ ਸੁਖੁ ਪਾਇਆ ॥ ਸਾਈ ਵਸਤੁ ਪਰਾਪਤਿ ਹੋਈ ਜਿਸੁ ਸੇਤੀ ਮਨੁ ਲਾਇਆ ॥ ਅਨਦਿਨੁ ਮੇਲੁ ਭਇਆ ਮਨੁ ਮਾਨਿਆ ਘਰ ਮੰਦਰ ਸੋਹਾਏ ॥ ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥੧॥ ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥ ਸਚੁ ਮੰਗਲੁ ਗਾਵਹੁ ਤਾ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥ ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥ ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ ॥ ਸਖੀ ਮਿਲਹੁ ਰਸਿ ਮੰਗਲੁ ਗਾਵਹੁ ਹਮ ਘਰਿ ਸਾਜਨੁ ਆਇਆ ॥੨॥ ਮਨੁ ਤਨੁ ਅੰਮ੍ਰਿਤਿ ਭਿੰਨਾ ॥ ਅੰਤਰਿ ਪ੍ਰੇਮੁ ਰਤੰਨਾ ॥ ਅੰਤਰਿ ਰਤਨੁ ਪਦਾਰਥੁ ਮੇਰੈ ਪਰਮ ਤਤੁ ਵੀਚਾਰੋ ॥ ਜੰਤ ਭੇਖ ਤੂ ਸਫਲਿਓ ਦਾਤਾ ਸਿਰਿ ਸਿਰਿ ਦੇਵਣਹਾਰੋ ॥ ਤੂ ਜਾਨੁ ਗਿਆਨੀ ਅੰਤਰਜਾਮੀ ਆਪੇ ਕਾਰਣੁ ਕੀਨਾ ॥ ਸੁਨਹੁ ਸਖੀ ਮਨੁ ਮੋਹਨਿ ਮੋਹਿਆ ਤਨੁ ਮਨੁ ਅੰਮ੍ਰਿਤਿ ਭੀਨਾ ॥੩॥ ਆਤਮ ਰਾਮੁ ਸੰਸਾਰਾ ॥ ਸਾਚਾ ਖੇਲੁ ਤੁਮ੍ਹਾਰਾ ॥ ਸਚੁ ਖੇਲੁ ਤੁਮ੍ਹਾਰਾ ਅਗਮ ਅਪਾਰਾ ਤੁਧੁ ਬਿਨੁ ਕਉਣੁ ਬੁਝਾਏ ॥ ਸਿਧ ਸਾਧਿਕ ਸਿਆਣੇ ਕੇਤੇ ਤੁਝ ਬਿਨੁ ਕਵਣੁ ਕਹਾਏ ॥ ਕਾਲੁ ਬਿਕਾਲੁ ਭਏ ਦੇਵਾਨੇ ਮਨੁ ਰਾਖਿਆ ਗੁਰਿ ਠਾਏ ॥ ਨਾਨਕ ਅਵਗਣ ਸਬਦਿ ਜਲਾਏ ਗੁਣ ਸੰਗਮਿ ਪ੍ਰਭੁ ਪਾਏ ॥੪॥੧॥੨॥* (ਸੂਹੀ ਛੰਤ ਮ: ੧)

ਇਸ ਸ਼ਬਦ ਦਾ ਪ੍ਰਮਾਰਥ—ਸਾਡੇ ਘਰ ਵਿਚ ਸੰਤ ਪਿਆਰੇ ਆਏ ਹਨ,

ਪਰ ਇਹ ਮੇਲ ਸੰਤਾਂ ਦਾ ਪ੍ਰਮਾਤਮਾ ਨੇ ਆਪ ਕ੍ਰਿਪਾ ਕਰ ਕੇ ਮਿਲਾਇਆ ਹੈ। ਉਹ ਵੀ ਉਸ ਵੇਲੇ ਜਦੋਂ ਪ੍ਰਮਾਤਮਾ ਨੂੰ ਅਸੀਂ ਚੰਗੇ ਲੱਗੇ, ਸੰਤਾਂ ਨਾਲ ਮਿਲ ਕੇ ਹਿਰਦੇ ਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਉਹ ਚੰਗੀ ਵਸਤੂ ਜਿਸ ਦੀ ਭਾਲ ਕਰਦੇ ਸਾਂ। ਉਹ ਆ ਕੇ ਮਿਲ ਪਈ ਹੈ। ਜਦੋਂ ਰਾਤ ਦਿਨੇ ਸੰਤਾਂ ਦੀ ਸੰਗਤ ਕਰਨ ਲੱਗਾ ਤਾਂ ਅੱਖਾਂ ਦੀ ਨਿਗਾਹ ਐਸੀ ਹੋ ਗਈ ਕਿ ਹਰ ਚੀਜ਼ ਸੁੰਦਰ ਲੱਗਣ ਲੱਗ ਪਈ, ਹਿਰਦੇ ਤੇ ਦਿਮਾਗ ਵਿਚ ਖ਼ੁਸ਼ੀ ਦੇ ਰਾਗ ਹੋਣ ਲਗ ਪਏ, ਅੰਦਰੋਂ ਹੀ ਖ਼ੁਸ਼ੀਆਂ ਦੀਆਂ ਲਹਿਰਾਂ ਉਠੀਆਂ। ਹੇ ਮੇਰੀ ਸਹੇਲੀਓ, ਛੇਤੀ ਨਾਲ ਮੇਰੇ ਕੋਲ ਪੁਜੋ। ਖ਼ੁਸ਼ੀ ਦੇ ਗੀਤ ਗਾਓ, ਉਨ੍ਹਾਂ ਗੀਤਾਂ ਨੂੰ ਸੁਣ ਕੇ ਮਾਲਕ ਖ਼ੁਸ਼ ਹੋਵੇਗਾ, ਤੁਹਾਡਾ ਵੀ ਭਲਾ ਹੋਵੇਗਾ ਜੋ ਸਤ ਸੰਗਤ ਦੇ ਘਰ ਆਉਂਦਾ ਹੈ, ਪ੍ਰਭੂ ਉਸ ਦੇ ਸਾਰੇ ਕਾਰਜ ਸਵਾਰ ਦੇਂਦਾ ਹੈ। ਮੈਨੂੰ ਗੁਰੂ ਨੇ ਗਿਆਨ ਦਾ ਸੁਰਮਾ ਮੇਰੀਆਂ ਅੱਖਾਂ ਵਿਚ ਪਾਇਆ ਹੈ ਜਿਸ ਨਾਲ ਮੈਨੂੰ ਅਕਲ ਆ ਗਈ ਹੈ। ਤਿੰਨਾਂ ਲੋਕਾਂ ਵਿਚ ਪ੍ਰਮੇਸ਼ਰ ਦਾ ਨੂਰ ਨਜ਼ਰ ਆਉਣ ਲਗ ਪਿਆ ਹੈ। ਆਓ ਸਤਸੰਗਤ ਵਿਚ ਬੈਠ ਕੇ ਖ਼ੁਸ਼ੀ ਦੇ ਗੀਤ ਗਾਓ, ਜੀਵ ਇਸਤਰੀ ਅਰਦਾਸ ਕਰਦੀ ਹੈ—ਹੇ ਅੰਮ੍ਰਿਤ ਸਮਾਨ ਚੰਗੇ ਪ੍ਰਭੂ! ਮੇਰਾ ਮਨ ਤੇ ਤਨ ਤੇਰੇ ਪਿਆਰ ਵਿਚ ਰੰਗਿਆ ਗਿਆ ਹੈ। ਪ੍ਰੇਮ ਦਾ ਕੀਮਤੀ ਰਤਨ ਹਿਰਦੇ ਵਿਚ ਹੀ ਹੈ। ਉਹ ਰਤਨ ਕੀ ਹੈ ਤੇਰਾ ਗਿਆਨ, ਸਾਰੇ ਜੀਵਾਂ ਨੂੰ ਆਪ ਅੰਨ ਬਖ਼ਸ਼ਣ ਵਾਲੇ ਜੋ ਸਾਰੇ ਆਪ ਕੋਲੋਂ ਮੰਗਦੇ ਹਨ। ਹੇ ਸਖੀ! ਮੇਰਾ ਮਨ ਐਸੇ ਮਾਲਕ ਨੇ ਮੋਹ ਲਿਆ ਹੈ, ਜਗਤ ਦਾ ਕਰਤਾ ਹੈ ਮੈਂ ਉਸ ਦੇ ਪ੍ਰੇਮ ਦੀ ਦੀਵਾਨੀ ਹਾਂ। ਮੇਰੀ ਬੇਨਤੀ ਹੈ ਕਿ ਇਸ ਸਾਰੇ ਸੰਸਾਰ ਦੀ ਰਚਨਾ ਤੇਰਾ ਇਕ ਖੇਲ ਹੈ। ਇਸ ਖੇਲ ਦੇ ਭੇਤ ਨੂੰ ਸਮਝਣਾ ਔਖਾ ਹੈ, ਹੇ ਵਾਹਿਗੁਰੂ! ਤੇਰੇ ਸਮਝਾਉਣ ਤੋਂ ਬਿਨਾਂ ਇਸ ਖੇਲ ਨੂੰ ਕੌਣ ਸਮਝਾਵੇ। ਭਾਵੇਂ ਸਿਧ ਸੰਤ ਤੇ ਮਹਾਂ ਪੁਰਖ ਬਹੁਤ ਹਨ ਪਰ ਤੈਥੋਂ ਬਿਨਾਂ ਕੋਈ ਨਹੀਂ। ਹੇ ਦਾਤਾ! ਮੇਰੇ ਤੇ ਮਿਹਰ ਕਰ। ਜਿਨ੍ਹਾਂ ਦੇ ਹਿਰਦੇ ਵਿਚ ਗੁਰੂ ਨੇ ਪ੍ਰੇਮ ਬਖ਼ਸ਼ਿਆ ਹੈ ਉਹ ਸੁਖੀ ਤੇ ਅਨੰਦ ਹਨ। ਹੇ ਮਾਲਕ! ਤੇਰੇ ਘਰ ਆਉਣ ਤੇ ਬਹੁਤ ਪ੍ਰਸੰਨ ਹਾਂ ਕਿਉਂਕਿ ਤੁਸਾਂ ਮੇਰੇ ਮਾੜੇ ਔਗੁਣ ਸਾੜ ਕੇ ਸੁਆਹ ਕਰ ਦਿਤੇ ਹਨ। ਇਉਂ ਮਾਈ ਗੁਰਬਾਣੀ ਦੇ ਰਾਹੀਂ ਗੁਰ ਜਸ ਨੂੰ ਗਾਉਂਦੀ ਰਹੀ। ਗੁਰੂ ਜੀ ਨੇ ਖੁਲ੍ਹੇ ਦਰਸ਼ਨ ਦੇ ਕੇ ਮਾਈ ਭਿਰਾਈ ਨੂੰ ਨਿਹਾਲ ਕੀਤਾ।

## ਗੁਰੂ ਅੰਗਦ ਦੇਵ ਜੀ ਦੀ ਇਕਾਂਤ ਸਮਾਧੀ

ਮਾਈ ਭਿਰਾਈ ਬਹੁਤ ਸਿਆਣੀ ਸੀ, ਗੁਰੂ ਨਾਨਕ ਦੇਵ ਜੀ ਉਸ ਦੇ ਲੂੰ ਲੂੰ ਵਿਚ ਰਚੇ ਹੋਏ ਸਨ। ਉਸ ਨੇ ਆਪ ਮੁਹਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਸ ਉਨ੍ਹਾਂ ਦੀਆਂ ਸਾਖੀਆਂ ਤੇ ਪਿਆਰ ਨੂੰ ਗੁਰੂ ਅੰਗਦ ਦੇਵ ਜੀ ਅਗੇ ਬਿਆਨ ਕਰ ਦਿਤਾ। ਆਪਣੇ ਪਿਆਰੇ ਦੀਆਂ ਸਾਖੀਆਂ ਸੁਣ ਕੇ ਗੁਰੂ ਜੀ ਦਾ ਮਨ ਭਰ ਆਇਆ, ਪ੍ਰੇਮ ਮਗਨਤਾ ਨਾਲ ਨੇਤ੍ਰਾਂ ਵਿਚ ਹੰਝੂ ਆ ਗਏ। ਸਮਾਧੀ ਲਗ ਗਈ। ਗੁਰੂ ਜੀ ਅੱਖਾਂ ਤੇ ਦਿਲ ਵਿਚ ਆ ਗਏ। ਉਨ੍ਹਾਂ ਦੀ ਯਾਦ ਤਾਜ਼ਾ ਹੋ ਗਈ। ਮਾਈ ਭਿਰਾਈ ਨੂੰ ਕਹਿਣ ਲਗੇ—'ਅਸਾਂ ਅੰਦਰ ਇਕਾਂਤ ਵਿਚ ਬੈਠਣਾ ਹੈ। ਪਿਆਰੇ ਗੁਰੂ ਜੀ ਦੀ ਯਾਦ ਵਿਚ ਸਮਾਧੀ ਲਾਉਣੀ ਹੈ। ਦੁਨੀਆਂ ਤੰਗ ਕਰ ਰਹੀ ਹੈ, ਕਿਸੇ ਨੂੰ ਦਸਿਓ ਨਾ, ਦਰਵਾਜ਼ੇ ਅਗੇ ਮਿੱਟੀ ਲਾ ਕੇ ਕਮਰਾ ਬੰਦ ਕਰ ਦਿਓ। ਮੈਂ ਆਪਣੇ ਪਿਆਰੇ ਨੂੰ ਚੇਤੇ ਕਰ ਲਵਾਂ। ਉਸ ਨਾਲ ਇਕ ਰੂਪ ਹੋ ਲਵਾਂ। ਮੇਰਾ ਦਾਤਾ ਮਾਲਕ ਧੰਨ ਗੁਰੂ ਨਾਨਕ।

## ਸੰਗਤਾਂ ਦਾ ਵਿਆਕੁਲ ਹੋ ਕੇ ਗੁਰੂ ਜੀ ਨੂੰ ਭਾਲਣਾ

ਮਾਈ ਭਿਰਾਈ ਨੇ ਆਪਣੇ ਕੋਠੇ ਵਿਚ ਆਸਣ ਵਿਛਾ ਦਿੱਤਾ। ਉਸ ਆਸਣ ਉਤੇ ਗੁਰੂ ਜੀ ਚੌਂਕੜਾ ਮਾਰ ਕੇ ਬਿਰਾਜ ਗਏ। ਸਮਾਧੀ ਲਾ ਬੈਠੇ, ਮਾਈ ਨੇ ਬੂਹਾ ਬੰਦ ਕਰ ਕੇ ਦਰਵਾਜ਼ੇ ਅਗੇ ਮਿੱਟੀ ਲਾ ਦਿੱਤੀ। ਕੋਈ ਪੁਛੇ ਤਾਂ ਦਸਣ ਦਾ ਹੁਕਮ ਨਹੀਂ ਸੀ। ਆਪ ਵਿਹੜੇ ਵਿਚ ਬੈਠ ਕੇ 'ਗੁਰੂ ਗੁਰੂ' ਜਪਣ ਲਗੀ।

ਗੋਇੰਦਵਾਲ ਤੋਂ ਗੁਰੂ ਜੀ ਚੁਪ ਚਾਪ ਤੁਰ ਆਏ ਸਨ। ਸੰਗਤ ਤੇ ਨੇੜੇ ਰਹਿਣ ਵਾਲੇ ਗੁਰਸਿਖਾਂ ਨੂੰ ਕੋਈ ਪਤਾ ਨਾ ਲਗਾ ਕਿ ਗੁਰੂ ਜੀ ਕਿਧਰ ਗਏ। ਸਾਰਾ ਦਿਨ ਉਡੀਕਣ ਪਿਛੋਂ ਰਾਤ ਸਿਰ ਤੇ ਆ ਗਈ, ਪਰ ਗੁਰੂ ਜੀ ਨਾ ਆਏ। ਸਿੱਖ ਵਿਆਕੁਲ ਹੋ ਉਠੇ। ਇਧਰ ਉਧਰ ਨਸੇ ਭੱਜੇ, ਬਿਆਸਾ ਦਾ ਕਿਨਾਰਾ, ਬੇਲਾ ਉਜਾੜ ਤੇ ਖੇਤ ਲਾਗੇ ਦੇ ਨਗਰ ਸਭ ਛਾਣ ਮਾਰੇ ਪਰ ਗੁਰੂ ਜੀ ਦਾ ਕਿਤਿਓਂ ਪਤਾ ਨਾ ਲਗਾ, ਮਾਯੂਸੀ ਤੇ ਉਦਾਸੀ ਦੀ ਲਹਿਰ ਦੌੜ ਗਈ। ਬਾਬਾ ਬੁੱਢਾ ਜੀ ਸਿਆਣੇ ਸਿਖ ਸਨ, ਸਾਰੀ ਸੰਗਤ ਉਨ੍ਹਾਂ ਦੇ ਉਦਾਲੇ ਆਣ ਇਕੱਠੀ ਹੋਈ। ਸੰਗਤ ਨੇ ਆਖਿਆ—'ਬਾਬਾ ਜੀ! ਦਇਆ ਕਰ ਕੇ ਦਸੋ

ਗੁਰੂ ਜੀ ਕਿਧਰ ਗਏ ਹਨ। ਅਸੀਂ ਤਾਂ ਦਰਸ਼ਨਾਂ ਦੇ ਭੁਖੇ ਵਿਆਕੁਲ ਹੋ ਰਹੇ ਹਾਂ। ਅੰਨ ਜਲ ਮੂੰਹ ਲਾਉਣ ਨੂੰ ਚਿਤ ਨਹੀਂ ਕਰਦਾ, ਹਸੂੰ ਹਸੂੰ ਘਰ ਵਿਚ ਉਦਾਸੀ ਦੇ ਬੱਦਲ ਛਾ ਗਏ ਹਨ। ਪਿਆਰ ਦੀ ਮੂਰਤ ਗੁਰੂ ਨੂੰ ਸਿੱਖ ਭਾਲਦੇ ਫਿਰਦੇ ਹਨ। ਆਪ ਸਿਆਣੇ ਜੇ, ਆਪ ਦਸੋ ਆਪ ਤੋਂ ਬਿਨਾਂ ਅਸਾਂ ਨੂੰ ਕੋਈ ਗੁਰੂ ਦੀ ਭਾਲ ਕਰ ਕੇ ਨਹੀਂ ਦੇ ਸਕਦਾ।'

ਬਾਬਾ ਬੁੱਢਾ ਜੀ ਆਪ ਹੈਰਾਨ ਸਨ ਉਹ ਗੁਰੂ ਜੀ ਦੇ ਦਰਸ਼ਨ ਕੀਤੇ ਬਿਨਾਂ ਪ੍ਰਸ਼ਾਦ ਨਹੀਂ ਸਨ ਛਕਦੇ। ਮਿਠੇ ਸ਼ਬਦਾਂ ਵਿਚ ਬੋਲੇ—'ਗੁਰੂ ਚਰਨਾਂ ਦੇ ਭੌਰਿਓ, ਮੈਂ ਕੀ ਦਸਾਂ, ਮੇਰਾ ਤਾਂ ਆਪ ਹਿਰਦਾ ਤੜਪ ਰਿਹਾ ਹੈ। ਗੁਰੂ ਨਾਨਕ ਦੇਵ ਜੀ ਦਾ ਧਿਆਨ ਧਰ ਕੇ ਅਰਦਾਸ ਕਰੀਏ, ਅਸਾਡੀ ਅਰਦਾਸ ਸੁਣੀ ਜਾਵੇਗੀ, ਜਰੂਰ ਸੁਣੀ ਜਾਵੇਗੀ। ਗੁਰਾਂ ਦਾ ਪਤਾ ਲਗ ਜਾਵੇਗਾ। ਮੇਰਾ ਮਨ ਮੰਨਦਾ ਹੈ ਗੁਰੂ ਜੀ ਚੰਗੀ ਹਾਲਤ ਵਿਚ ਹਨ, ਉਹ ਕਿਤੇ ਰੱਬ ਦੇ ਰੰਗ ਵਿਚ ਸਮਾਧੀ ਲਾ ਕੇ ਬਿਰਾਜੇ ਹੋਏ ਹਨ, ਪਰ ਕਿਥੇ ਹਨ ? ਇਹ ਕੋਈ ਪਤਾ ਨਹੀਂ ਲਗਦਾ। ਸੱਚੇ ਹਿਰਦੇ ਨਾਲ ਅਰਦਾਸ ਕਰੋ।

ਗੁਰੂ ਜੀ ਦਾ ਧਿਆਨ ਕਰ ਕੇ ਸਾਰੀ ਸੰਗਤ ਨੇ ਅਰਦਾਸ ਬੇਨਤੀ ਕੀਤੀ। ਅਗੇ ਅਗੇ ਬਾਬਾ ਬੁੱਢਾ ਜੀ ਤੇ ਪਿਛੇ ਸੰਗਤ ਗੁਰੂ ਜੀ ਨੂੰ ਲੱਭਣ ਵਾਸਤੇ ਲਹਿੰਦੇ ਨੂੰ ਤੁਰ ਪਏ। ਪੁਛਦਿਆਂ ਪੁਛਦਿਆਂ ਇਹ ਸੂਹ ਮਿਲੀ ਕਿ ਗੁਰੂ ਜੀ ਖਡੂਰ ਪਿੰਡ ਵਿਚ ਹਨ। ਪਿੰਡ ਵਿਚੋਂ ਭਾਲ ਕਰਦਿਆਂ ਹੋਇਆਂ, ਮਾਈ ਭਿਰਾਈ ਦੇ ਘਰ ਦੀ ਸੂਹ ਲਈ। ਮਾਈ ਭਿਰਾਈ ਨੂੰ ਪੁਛਿਆ ਉਹ ਚੁਪ ਰਹੀ, ਕਿਉਂਕਿ ਉਸ ਨੂੰ ਸਤਿਗੁਰਾਂ ਦਾ ਹੁਕਮ ਸੀ, ਜ਼ਬਾਨ ਨਾਲ ਨਹੀਂ ਦਸਣਾ। ਉਹ ਹੈਰਾਨ ਹੋਈ, ਇਕ ਪਾਸੇ ਗੁਰੂ ਜੀ ਦਾ ਹੁਕਮ ਦੂਸਰੇ ਪਾਸੇ ਸੰਗਤਾਂ ਦੀ ਵਿਆਕੁਲਤਾ, ਉਹ ਕੀ ਕਰੇ ਤੇ ਕੀ ਨਾ ਕਰੇ ? ਬਾਬਾ ਬੁੱਢਾ ਜੀ ਨੇ ਮਾਈ ਨੂੰ ਪੁਛਿਆ, ਮੁੜ ਮੁੜ ਪੁਛਿਆ ਕਿ ਗੁਰੂ ਜੀ ਕਿਥੇ ਹਨ। ਦਸ ਦਿਓ, ਸੰਗਤ ਬਹੁਤ ਵਿਆਕੁਲ ਹੈ। ਸੰਗਤ ਵਲ ਦੇਖ ਕੇ ਮਾਈ ਨੇ ਕੋਠੇ ਵਲ ਇਸ਼ਾਰਾ ਕੀਤਾ ਪਰ ਮੂੰਹੋਂ ਕੁਝ ਨਾ ਕਿਹਾ। ਬਾਬਾ ਬੁੱਢਾ ਜੀ ਸਿਆਣੇ ਸਨ ਉਹ ਤਾੜ ਗਏ ਕਿ ਗੁਰੂ ਜੀ ਇਸ ਕੋਠੇ ਵਿਚ ਹਨ। ਉਨ੍ਹਾਂ ਨੇ ਨਵੀਆਂ ਲਗੀਆਂ ਇੱਟਾਂ ਪੁਟ ਸੁਟੀਆਂ ਤੇ ਦਰਵਾਜ਼ਾ ਖੋਲ੍ਹ ਦਿੱਤਾ। ਦਰਵਾਜ਼ਾ ਖੋਲ੍ਹ ਕੇ ਕੀ ਦੇਖਦੇ ਹਨ ਕਿ ਗੁਰੂ ਜੀ ਦੀ ਸਮਾਧੀ ਲਗੀ ਹੋਈ ਹੈ। ਨੈਣ ਮੂੰਦੇ ਹੋਏ ਹਨ। ਹੌਲੀ ਹੌਲੀ ਬੁਲ੍ਹ ਫਰਕੀ ਜਾਂਦੇ

ਹਨ । ਬਾਬਾ ਬੁੱਢਾ ਜੀ ਤੇ ਸੰਗਤ ਹੱਥ ਜੋੜ ਕੇ ਬੈਠ ਗਈ । ਸਤਿਨਾਮੁ ਸਤਿ ਕਰਤਾਰ ਦੀ ਧੁਨ ਗਾਉਣੀ ਆਰੰਭ ਕਰ ਦਿੱਤੀ, ਇਸ ਤਰ੍ਹਾਂ ਅਖੰਡ ਕੀਰਤਨ ਕਰਦਿਆਂ ਨੂੰ ਪੰਦਰਾਂ ਮਿੰਟ ਹੋ ਗਏ ਤਾਂ ਗੁਰੂ ਜੀ ਨੇ ਨੇਤਰ ਖੋਲ੍ਹੇ । ਦੇਖਿਆ ਅਗੇ ਬਾਬਾ ਬੁੱਢਾ ਜੀ ਤੇ ਸੰਗਤ ਬੈਠੀ ਹੋਈ ਹੈ । ਗੁਰੂ ਜੀ ਮੁਸਕਰਾ ਪਏ, ਮਿਹਰਬਾਨ ਹੋ ਕੇ ਬੋਲੇ—'ਧੰਨ ਹੋ ਆਪ ਸਿੱਖ।' ਇਹ ਮਾਈ ਭਿਰਾਈ ਥੋੜ੍ਹਾ ਚਿਰ ਗੁਰ ਜਸ ਕਰਨ ਤੋਂ ਪਿਛੋਂ ਪ੍ਰਲੋਕ ਗਮਨ ਕਰ ਗਈ। ਵਾਸਾ ਬੈਕੁੰਠ ਵਿਚ ਹੋਇਆ । ਉਸ ਦੇ ਘਰ ਤੇ ਨਗਰ ਨੂੰ ਗੁਰੂ ਜੀ ਨੇ ਸਫਲ ਕੀਤਾ।

# ੯੮. ਗਾਇਤ੍ਰੀ ਦੀ ਕਥਾ

*ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥*
*ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥੧॥*

*(ਗੋਂਡ ਨਾਮਦੇਵ ਜੀ)*

ਗਾਇਤ੍ਰੀ ਇਕ ਕਥਾ ਜਾਂ ਮੰਤਰ ਹੈ । ਕਲਜੁਗ ਤੋਂ ਪਹਿਲਾਂ ਆਖਦੇ ਹਨ ਗਾਇਤ੍ਰੀ ਜਪ ਵਿਚ ਇਹ ਸ਼ਕਤੀ ਹੁੰਦੀ ਸੀ ਕਿ ਇਸ ਦਾ ਜਾਪੁ ਕਰਨ ਵਾਲੇ ਦੇ ਸਾਰੇ ਦੁਖ ਤੇ ਪਾਪ ਨਸ਼ਟ ਹੋ ਜਾਂਦੇ ਸਨ । ਜਿਸ ਬਾਰੇ ਸੈਂਕੜੇ ਇਸ ਕਥਾ ਵੱਲ ਪ੍ਰਚਲਤ ਹਨ । ਇਹ ਵੀ ਵਿਚਾਰ ਹੈ ਤੇ ਪ੍ਰਾਚੀਨ ਗ੍ਰੰਥਾਂ ਵਿਚ ਲਿਖਿਆ ਹੈ ਕਿ—'ਗਾਇਤ੍ਰੀ ! ਇਕ ਸ਼ਕਤੀ ਸੀ ਜੋ ਕਿਸੇ ਨਾ ਕਿਸੇ ਰੂਪ ਵਿਚ ਦੇਵਤਿਆਂ ਦੀ ਸਹਾਇਤਾ ਕਰਿਆ ਕਰਦੀ ਸੀ । ਭਗਤ ਨਾਮਦੇਵ ਜੀ ਨੇ ਇਸ ਕਥਾ ਵਲ ਇਸ਼ਾਰਾ ਕੀਤਾ ਹੈ ਕਿ—'ਹੇ ਪੰਡਤ ਗਾਇਤ੍ਰੀ (ਗਾਂ ਦੇ ਰੂਪ ਵਿਚ) ਲੋਧੀ ਜ਼ਿਮੀਂਦਾਰ ਦਾ ਖੇਤ ਖਾਂਦੀ ਸੀ। ਉਸ ਨੇ ਸੋਟਾ ਲੈ ਕੇ ਉਸ ਦੀ ਲੱਤ ਉਤੇ ਮਾਰਿਆ, ਲੱਤ ਟੁੱਟ ਗਈ ਤੇ ਤੇਰੀ ਗਾਇਤ੍ਰੀ ਲੰਗੜੀ ਹੋ ਗਈ।' ਇਸ ਗਾਇਤ੍ਰੀ ਦੇ ਲੰਗੜੀ ਹੋਣ ਦੀਆਂ ਕਈ ਕਥਾਵਾਂ ਹਨ ਜਿਨ੍ਹਾਂ ਵਿਚੋਂ ਕੁਝ ਕਥਾ ਜੋ ਆਮ ਪ੍ਰਚਲਤ ਹਨ ਅਗੇ ਲਿਖੀਆਂ ਜਾਂਦੀਆਂ ਹਨ।

੧. ਦੇਵਤਿਆਂ ਦੇ ਮੁਖੀ ਦੇਵਤਾ ਬ੍ਰਹਮਾ ਨੇ ਗਾਇਤ੍ਰੀ ਨੂੰ ਸਰਾਪ ਦਿੱਤਾ ਕਿ ਉਹ ਮਾਤ ਲੋਕ ਧਰਤੀ ਉਤੇ ਜਾ ਕੇ ਇਕ ਗਊ ਦੇ ਜਨਮ ਵਿਚ ਜੀਵਨ ਬਤੀਤ ਕਰੇ ਉਹ ਸੁੰਦਰ ਗਊ ਬਣ ਕੇ ਧਰਤੀ ਉਤੇ ਰਹਿਣ ਲਗੀ । ਇਕ

ਲੋਧੀ ਨਾਮ ਦੇ ਖੇਤ ਵਿਚ ਜਾ ਵੜੀ। ਖੇਤ ਸੀ ਹਰਾ ਕਣਕ ਦਾ, ਅਵਾਰਾ ਗਊ ਖੇਤ ਉਜਾੜਦੀ ਦੇਖ ਕੇ ਲੋਧੀ ਨੂੰ ਗੁੱਸਾ ਆ ਗਿਆ। ਉਸ ਨੇ ਸੋਟਾ ਮਾਰ ਕੇ ਗਾਂ ਦੀ ਲੱਤ ਤੋੜ ਦਿੱਤੀ। ਇਹ ਲੰਗੜੀ ਹੋ ਕੇ ਬਹੁਤ ਦੁਖੀ ਹੋਈ, ਕਈ ਸਾਲ ਦੁੱਖ ਉਠਾਉਂਦੀ ਰਹੀ।

੨. ਇਹ ਵੀ ਕਥਾ ਹੈ ਕਿ ਜਿਵੇਂ ਅੰਤ੍ਰਯ ਬ੍ਰਾਹਮਣ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ ਆਪਣੇ ਨੇਮ ਅਨੁਸਾਰ ਇਕ ਵਾਰ ਚੰਦ੍ਰਮਾ ਉਦੇ ਨ ਹੋਆ। ਜਗਤ ਉਤੇ ਹਨੇਰਾ ਹੀ ਹਨੇਰਾ ਹੋ ਗਿਆ। ਰਿਸ਼ੀ ਮੁਨੀ ਜੋ ਜੰਗਲਾਂ 'ਚ ਦਰਿਆਵਾਂ ਕਿਨਾਰਿਆਂ ਤੇ ਰਹਿੰਦੇ ਸੀ। ਜਿਨ੍ਹਾਂ ਨੇ ਕਦੀ ਦੀਵਾ ਨਹੀਂ ਸੀ ਜਗਾਇਆ, ਹਨੇਰੇ ਨੂੰ ਦੇਖ ਕੇ ਉਹ ਬੜੇ ਦੁਖੀ ਹੋਏ। ਉਨ੍ਹਾਂ ਨੇ ਗਾਇਤ੍ਰੀ ਨੂੰ ਅਸਮਾਨ ਉਪਰ ਭੇਜਿਆ ਕਿ ਉਹ ਜਿਵੇਂ ਵੀ ਹੋਵੇ ਚੰਦ੍ਰਮਾ ਨੂੰ ਮਨਾਵੇ ਕਿ ਉਹ ਉਦੇ ਹੋ ਕੇ ਜਗਤ ਉਪਰ ਚਾਨਣ ਕਰੇ। ਗਾਇਤ੍ਰੀ ਨੇ ਇਕ ਪੰਛੀ ਦਾ ਰੂਪ ਧਾਰਨ ਕੀਤਾ। ਅਸਮਾਨ ਤੇ ਪਹੁੰਚੀ। ਦੇਖਿਆ ਚੰਦ੍ਰਮਾ ਸੁੱਤਾ ਹੋਇਆ ਹੈ ਉਹ ਆਪਣੇ ਨੇਕ ਕਰਮ ਨੂੰ ਭੁੱਲ ਗਿਆ ਹੈ, ਗਾਇਤ੍ਰੀ ਨੇ ਮਲਕੜੇ ਜਿਹੇ ਚੰਦ੍ਰਮਾ ਨੂੰ ਆਪਣੀ ਚੁੰਜ ਵਿਚ ਘੁਟ ਕੇ ਉਸ ਦਾ ਮੂੰਹ ਮਾਤ ਲੋਕ ਵਲ ਕਰ ਦਿੱਤਾ। ਲੋਧੀ ਨਾਮ ਦਾ ਇਕ ਪੁਰਸ਼ ਚੰਦ੍ਰਮਾ ਦੀ ਰਾਖੀ ਕਰ ਰਿਹਾ ਸੀ। ਉਸ ਨੇ ਜਦੋਂ ਦੇਖਿਆ ਕਿ ਇਕ ਪੰਛੀ ਨੇ ਉਸ ਦੇ ਮਾਲਕ ਨੂੰ ਬੇਚੈਨ ਕੀਤਾ ਹੈ ਤਾਂ ਉਸ ਨੂੰ ਕ੍ਰੋਧ ਆ ਗਿਆ। ਉਸ ਨੇ ਕ੍ਰੋਧ ਵਿਚ ਤੀਰ ਚਲਾ ਦਿੱਤਾ। ਉਹ ਤੀਰ ਗਾਇਤ੍ਰੀ ਦੇ ਪੈਰ ਤੇ ਲੱਗਾ। ਇਸ ਦਾ ਨਹੁੰ ਕਟਿਆ ਗਿਆ। ਜਿਸ ਨਹੁੰ ਦੇ ਕਟੇ ਜਾਣ ਤੇ ਅਤਿਅੰਤ ਦੁਖੀ ਹੋਈ ਤੇ ਲੰਗੜੀ ਹੋਈ ਰਿਸ਼ੀਆਂ ਕੋਲ ਮੁੜ ਆਈ।

੩. ਗਾਇਤ੍ਰੀ ਮੰਤ੍ਰ ਵਿਚੋਂ ਪਾਪਹਰਨ ਦੀ ਸ਼ਕਤੀ ਦੇ ਚਲੇ ਜਾਣ ਦੀ ਕਥਾ ਵੀ ਹੈ। ਆਖਦੇ ਹਨ ਇਕ ਵਾਰ ਵਿਸ਼ਵਾਮਿਤ੍ਰ ਨੇ ਵਸ਼ਿਸ਼ਟ ਦੇ ਸੌ ਪੁੱਤਰਾਂ ਨੂੰ ਮਾਰ ਦਿਤਾ। ਮਾਰਿਆਂ ਪੁੱਤਰਾਂ ਨੂੰ ਇਕੱਲਿਆਂ ਇਕੱਲਿਆਂ ਕਰ ਕੇ ਕਿਉਂਕਿ ਵਿਸ਼ਵਾਮਿਤਰ ਵਸ਼ਿਸ਼ਟ ਦੀ ਜ਼ਬਾਨੋਂ ਆਪਣੇ ਆਪ ਨੂੰ ਬ੍ਰਹਮ ਰਿਖੀ ਅਖਵਾਉਣਾ ਚਾਹੁੰਦਾ ਸੀ ਪਰ ਵਸ਼ਿਸ਼ਟ ਜੀ ਉਸ ਨੂੰ 'ਰਾਜਿ ਰਿਖੀ' ਆਖ ਕੇ ਬੁਲਾਉਂਦੇ ਸਨ। ਸੌ ਵਾਰ ਵਿਸ਼ਵਾਮਿਤਰ ਉਸ ਦੇ ਆਸ਼ਰਮ ਵਿਚ ਗਿਆ ਤੇ ਸੌ ਪੁੱਤਰ ਮਾਰ ਦਿੱਤਾ। ਵਸ਼ਿਸ਼ਟ ਬ੍ਰਾਹਮਣ ਸੀ। ਬ੍ਰਾਹਮਣ ਦੇ ਪੁੱਤਰ ਮਾਰਨ ਤੇ ਬ੍ਰਹਮ ਹੱਤਿਆ ਲਗਣੀ ਸੀ। ਉਸ ਬ੍ਰਹਮ ਹੱਤਿਆ ਤੋਂ ਬਚਣ ਵਾਸਤੇ ਵਿਸ਼ਵਾਮਿਤ੍ਰ

ਨੇ ਸੌ ਵਾਰ ਹੀ ਗਾਇਤਰੀ ਦਾ ਪਾਠ ਕਰ ਲਿਆ ਜਿਸ ਨਾਲ ਉਸ ਦੀ ਬ੍ਰਹਮ ਹੱਤਿਆ ਦੂਰ ਹੋ ਗਈ। ਆਖ਼ਰ ਵਸ਼ਿਸ਼ਟ ਨੂੰ ਪਤਾ ਲੱਗਾ ਕਿ ਉਸ ਨੇ ਵਿਸ਼ਵਾਮਿਤਰ ਨੂੰ ਬ੍ਰਹਮ ਰਿਖੀ ਆਖ ਦਿੱਤਾ। ਨਾਲ ਹੀ ਉਸ ਦਿਨ ਤੋਂ ਗਾਇਤ੍ਰੀ ਦੀ ਪਾਪ ਹਰਨ ਸ਼ਕਤੀ ਨੂੰ ਗਾਇਤ੍ਰੀ ਨਾਲੋਂ ਅਲਗ ਕਰ ਦਿੱਤਾ। ਇਹ ਖ਼ਿਆਲ ਕਰ ਕੇ ਕਿ ਕਲਜੁਗ ਦੇ ਜੀਵ ਲੋਕਾਂ ਦਾ ਖ਼ੂਨ ਕਰ ਕੇ ਗਾਇਤ੍ਰੀ ਦਾ ਪਾਠ ਕਰਕੇ ਹਤਿਆ ਬਖ਼ਸ਼ਾ ਲਿਆ ਕਰਨਗੇ।

ਭਗਤ ਨਾਮਦੇਵ ਜੀ ਨੇ ਉਸ ਵਲ ਇਸ਼ਾਰਾ ਕੀਤਾ ਹੈ ਕਿ ਗਾਇਤ੍ਰੀ ਦਾ ਮੰਤਰ ਹੁਣ ਸ਼ਕਤੀ ਹੀਣ ਹੈ। ਉਸ ਦੇ ਜਾਪ ਕਰਨ ਦਾ ਕੁਝ ਲਾਭ ਨਹੀਂ, ਇਹ ਮਨੁਖਾਂ ਦਾ ਭਲਾ ਨਹੀਂ ਕਰ ਸਕਦੀ। ਵਾਹਿਗੁਰੂ ਦੀ ਭਗਤੀ ਹੀ ਹੈ ਜੋ ਮਨੁਖਾਂ ਦੇ ਪਾਪਾਂ ਨੂੰ ਕੱਟ ਸਕਦੀ ਹੈ। ਇਸ ਵਾਸਤੇ 'ਹੇ ਪੰਡਤ, ਹਰੀ ਸਿਮਰਨ ਕਰ। ਪਖੰਡ ਕਰਮ ਦਾ ਤਿਆਗ ਕਰ।'

# ੯੯. ਦੁਆਦਸ ਸਿਲਾ ਬਾਰਾਂ ਤੀਰਥਾਂ ਦੀ ਕਥਾ

*ਜੇ ਓਹੁ ਅਠਸਠਿ ਤੀਰਥ ਨ੍ਹਾਵੈ॥ ਜੇ ਓਹੁ ਦੁਆਦਸ ਸਿਲਾ ਪੂਜਾਵੈ॥*
*ਜੇ ਓਹੁ ਕੂਪ ਤਟਾ ਦੇਵਾਵੈ॥ ਕਰੈ ਨਿੰਦ ਸਭ ਬਿਰਥਾ ਜਾਵੈ॥੧॥*

*(ਗੋਂਡ ਰਵਿਦਾਸ)*

ਇਥੇ ਜੋ ਸ਼ਬਦ ਦੁਆਦਸ ਸਿਲਾ ਹੈ ਇਸ ਦਾ ਅਖਰੀ ਅਰਥ ਹੈ ਬਾਰਾਂ ਪੱਥਰ—ਧਾਰਮਿਕ ਅਰਥ ਬਾਰਾਂ ਤੀਰਥ ਜੋ ਸਿਲਾ ਪੱਥਰ ਦੀਆਂ ਮੂਰਤੀਆਂ ਦੇ ਸਰੂਪ ਵਿਚ ਪੂਜੇ ਜਾਂਦੇ ਹਨ। ਪੁਰਾਤਨ ਗ੍ਰੰਥਾਂ ਪੁਰਾਣਾਂ ਦੀ ਲਿਖਤ ਅਨੁਸਾਰ ਇਉਂ ਬਿਆਨ ਕੀਤਾ ਹੋਇਆ ਹੈ। ਹਰ ਤੀਰਥ ਉਤੇ ਭਗਵਾਨ ਸ਼ੰਕਰ ਲਿੰਗ ਦੀ ਸ਼ਕਲ ਵਿਚ ਬਿਰਾਜਮਾਨ ਹੈ। ਇਨ੍ਹਾਂ ਦੀ ਜੋਤੀ ਲਿੰਗਾਂ ਦੀ ਗਿਣਤੀ ਨਹੀਂ ਪਰ ੧੨ ਐਸੇ ਅਸਥਾਨ ਹਨ ਜਿਥੇ ਆਪ ਭਗਵਾਨ ਸ਼ੰਕਰ ਦੀ ਜੋਤ ਲਿੰਗ ਵਿਚ ਆਪਣੀ ਸ਼ਕਤੀ ਨੂੰ ਜਗਤ ਭਲੇ ਵਾਸਤੇ ਦਸਦੇ ਹਨ। ਉਨ੍ਹਾਂ ਬਾਰਾਂ ਜੋਤੀ ਲਿੰਗਾਂ ਦੇ ਬਾਰਾਂ ਤੀਰਥ ਹਨ। ਜਿਨ੍ਹਾਂ ਤੀਰਥਾਂ ਦੀ ਬਹੁਤ ਪੂਜਾ ਹੁੰਦੀ ਹੈ ਉਨ੍ਹਾਂ ਦਾ ਸੰਖੇਪ ਹਾਲ ਇਉਂ ਹੈ—

**੧. ਸੋਮਨਾਥ ਮੰਦਰ**—ਇਹ ਮੰਦਰ ਪੂਜਨੀਕ ਤੇ ਕਾਠੀਆ ਵਾੜ ਵਿਚ

ਹੈ। ਇਸੇ ਨੂੰ ਮਹਿਮੂਦ ਗਜ਼ਨਵੀ ਨੇ ਲੁੱਟਿਆ ਸੀ। ਹੁਣ ਹਿੰਦ ਸਰਕਾਰ ਨੇ ਇਸ ਦੀ ਮੁੜ ਕੇ ਮੁਰੰਮਤ ਕਰਾਈ ਹੈ। ਇਸ ਜੋਤੀ ਲਿੰਗ ਦੇ ਕਾਇਮ ਹੋਣ ਦੀ ਕਥਾ ਇਹ ਹੈ ਦਖਸ਼ ਪ੍ਰਜਾ ਪਤੀ ਦੀਆਂ ੨੭ ਲੜਕੀਆਂ ਸਨ ਉਹ ੨੭ ਹੀ ਬਹੁਤ ਸੁੰਦਰ ਤੇ ਜਵਾਨ ਹੋਈਆਂ। ਦਖਸ਼ ਪ੍ਰਜਾਪਤੀ ਨੇ ਚੰਦਰਮਾ ਨੂੰ ਯੋਗ ਵਰ ਸਮਝ ਕੇ ੨੭ ਹੀ ਲੜਕੀਆਂ ਨੂੰ ਉਸ ਦੇ ਨਾਲ ਵਿਆਹ ਦਿੱਤਾ। ਉਨ੍ਹਾਂ ਸਤਾਈਆਂ ਲੜਕੀਆਂ ਵਿਚੋਂ ਇਕ ਦਾ ਨਾਂ ਰੋਹਣੀ ਸੀ। ਉਹ ਸਾਰੀਆਂ ਨਾਲੋਂ ਜਵਾਨ ਤੇ ਸੁੰਦਰਤਾ ਵਿਚ ਵਖਰੀ ਸੀ। ਚੰਦ੍ਰਮਾ ਸਿਰਫ਼ ਰੋਹਣੀ ਨਾਲ ਪ੍ਰੇਮ ਕਰਨ ਲੱਗਾ। ਬਾਕੀ ਦੀਆਂ ਨੂੰ ਬੁਲਾਵੇ ਹੀ ਨਾ। ਉਹ ੨੬ ਲੜਕੀਆਂ ਆਪਣੇ ਬਾਪ ਕੋਲ ਜਾ ਕੇ ਰੋਈਆਂ। ਉਨ੍ਹਾਂ ਆਖਿਆ—'ਹੇ ਪਿਤਾ ਜੀ! ਅਸੀਂ ਸੁੰਦਰ ਤੇ ਜਵਾਨ ਹਾਂ। ਚੰਦ੍ਰਮਾ ਰੋਹਣੀ ਤੋਂ ਬਿਨਾਂ ਅਸਾਡੀ ਖ਼ਬਰ ਸੁਰਤ ਨਹੀਂ ਲੈਂਦਾ ਅਸੀਂ ਕੀ ਕਰੀਏ, ਅਸਾਂ ਨੂੰ ਦੁਖੀ ਕਰਨ ਵਾਸਤੇ ਵਿਆਹਿਆ ਹੈ? ਅਸੀਂ ਕੀ ਪਾਪ ਕੀਤਾ ਹੈ, ਇਸ ਤੋਂ ਤਾਂ ਚੰਗਾ ਸੀ ਸਾਨੂੰ ਕਿਸੇ ਗ਼ਰੀਬ ਨਾਲ ਇਕੱਲੀ ਇਕੱਲੀ ਨੂੰ ਵਿਆਹ ਦੇਂਦੇ।' ਧੀਆਂ ਦਾ ਇਹ ਵਿਰਲਾਪ ਸੁਣ ਕੇ ਦਖਸ਼ ਪ੍ਰਜਾਪਤੀ ਨੂੰ ਬਹੁਤ ਦੁਖ ਹੋਇਆ। ਉਹ ਉਸੇ ਵੇਲੇ ਚੰਦ੍ਰਮਾ ਕੋਲ ਗਿਆ। ਚੰਦ੍ਰਮਾ ਨੂੰ ਬਹੁਤ ਸਮਝਾਇਆ ਪਰ ਉਹ ਨਾ ਸਮਝਿਆ। ਉਸਨੇ ਸਗੋਂ ਕੌੜਾ ਉੱਤਰ ਦਿੱਤਾ—'ਮੈਨੂੰ ਤਾਂ ਰੋਹਣੀ ਚੰਗੀ ਲਗਦੀ ਹੈ, ਇਸੇ ਨੂੰ ਕੋਲ ਰਖਾਂਗਾ। ਉਨ੍ਹਾਂ ਛੱਬੀਆਂ ਨੂੰ ਬੇਸ਼ੱਕ ਕਿਸੇ ਹੋਰ ਥਾਂ ਵਿਆਹ ਦੇਵੋ।' ਇਹ ਸੁਣ ਕੇ ਰਿਸ਼ੀ ਕ੍ਰੋਧਵਾਨ ਹੋ ਗਿਆ ਤੇ ਆਪਣੇ ਜਵਾਈ ਨੂੰ ਸਰਾਪ ਦੇ ਦਿੱਤਾ, ਤੈਨੂੰ ਖਈ ਦਾ ਰੋਗ ਹੋ ਜਾਵੇ। ਉਸੇ ਵੇਲੇ ਚੰਦ੍ਰਮਾ ਨੂੰ ਖਈ ਰੋਗ ਹੋ ਗਿਆ, ਜੋ ਸੀਤਲ ਅੰਮ੍ਰਿਤ ਦੀਆਂ ਕਿਰਨਾਂ ਝਰਦੀਆਂ ਸਨ ਉਹ ਰੁਕ ਗਈਆਂ, ਚੰਦ੍ਰਮਾ ਬਹੁਤ ਦੁਖੀ ਹੋਇਆ। ਬਾਕੀ ਦੇਵਤੇ ਵੀ ਤੰਗ ਹੋਏ। ਆਖ਼ਰ ਇੰਦਰ ਵਸ਼ਿਸ਼ਟ ਦੋਵੇਂ ਬ੍ਰਹਮਾ ਕੋਲ ਗਏ। ਉਸ ਨੂੰ ਪੁਛਿਆ ਕਿ—'ਚੰਦ੍ਰਮਾ ਦਾ ਖਈ ਰੋਗ ਕਿਵੇਂ ਦੂਰ ਹੋ ਸਕਦਾ ਹੈ?'

ਬ੍ਰਹਮਾ ਬਹੁਤ ਸਿਆਣਾ ਸੀ, ਤ੍ਰੈਕਾਲ ਦਾ ਉਸ ਨੂੰ ਗਿਆਨ ਸੀ ਉਹ ਬੋਲਿਆ—'ਹੇ ਦੇਵ ਜਨ! ਚੰਦ੍ਰਮਾ ਨੂੰ ਚਾਹੀਏ ਕਿ ਬਹੁਤ ਸਾਰੇ ਦੇਵਤਿਆਂ ਨੂੰ ਨਾਲ ਲੈ ਕੇ ਪ੍ਰਭਾਸ ਤੀਰਥ ਉਤੇ ਜਾਵੇ। ਉਸ ਅਸਥਾਨ ਤੇ ਮਿਤ੍ਰੰਜਯ ਮਹਾਂ ਮੰਤ੍ਰ ਦਾ ਜਾਪ ਕਰਾਵੇ ਇਹ ਜਪ ਦਸ ਕਰੋੜ ਹੋਣਾ ਚਾਹੀਦਾ ਹੈ ਤਾਂ ਇਸ ਦਾ ਉਧਾਰ ਹੋ ਸਕਦਾ ਹੈ।' ਮਰਦਾ ਕੀ ਨਹੀਂ ਕਰਦਾ ਦੇ ਕਥਨ ਅਨੁਸਾਰ

ਚੰਦ੍ਰਮਾ ਨੇ ਇਸ ਤਰ੍ਹਾਂ ਹੀ ਕੀਤਾ । ਛੇ ਮਹੀਨੇ ਜਪ ਹੁੰਦਾ ਰਿਹਾ । ਆਖ਼ਰ ਭਗਵਾਨ ਸ਼ਿਵ ਸ਼ੰਕਰ ਪ੍ਰਗਟ ਹੋਏ ਉਨ੍ਹਾਂ ਨੇ ਖ਼ੁਸ਼ ਹੋ ਕੇ ਚੰਦ੍ਰਮਾ ਨੂੰ ਇਹ ਵਰ ਦਿੱਤਾ, ਹੇ ਚੰਦ੍ਰਮਾ ਤੂੰ ਅਮਰ ਹੋਇਆ ਪਰ ੧੫ ਦਿਨ ਘਟਿਆ ਕਰੇਂਗਾ ਤੇ ਪੰਦਰਾਂ ਦਿਨ ਵਧਿਆ ਕਰੇਂਗਾ, ਇਕ ਦਿਨ ਪੂਰਾ ਰਹਿਆ ਕਰੇਂਗਾ । ਸੀਤਲ ਅੰਮ੍ਰਿਤ ਕਿਰਨਾਂ ਬਰਸਨਗੀਆਂ । ਜਿਸ ਦਿਨ ਪੂਰਾ ਰਹਿਆ ਕਰੇਂਗਾ ਉਸ ਦਿਨ ਮਾਤ ਲੋਕ ਦੇ ਜੀਵ ਤੇਰੀ ਪੂਜਾ ਕਰਿਆ ਕਰਨਗੇ । ਇਹ ਵਰ ਪਾ ਕੇ ਚੰਦ੍ਰਮਾ ਨੇ ਹੋਰ ਦੇਵਤਿਆਂ ਸਮੇਤ ਭਗਵਾਨ ਸ਼ਿਵਸ਼ੰਕਰ ਅਗੇ ਬੇਨਤੀ ਕੀਤੀ ਕਿ ਕਲਜੁਗੀ ਮਾਤ ਲੋਕ ਦੇ ਜੀਵਾਂ ਦੇ ਉਧਾਰ ਵਾਸਤੇ ਭਗਵਾਨ ਜੀ ਇਥੇ ਰਹਿਣ ਤਾਂ ਭਗਵਾਨ ਦੀ ਜਯੋਤੀ ਲਿੰਗ ਦੇ ਰੂਪ ਵਿਚ ਇਸ ਸੋਮਨਾਥ ਨਾਮ ਦੀ ਸਿਲਾ ਵਿਚ ਬਿਰਾਜਮਾਨ ਹੈ । ਜੋ ਕੋਈ ਸ਼ੁਧ ਹਿਰਦੇ ਨਾਲ ਪੂਜਾ ਕਰਦਾ ਹੈ ਸੋ ਫਲ ਪਾਉਂਦਾ ਹੈ।

੨. ਸ੍ਰੀ ਮਲਕਾਰਜਨ ਤੀਰਥ ਜਾਂ ਇਹ ਸਿਲਾ ਸੂਬਾ ਮਦਰਾ ਦੇਸ਼ ਕ੍ਰਿਸ਼ਨਾ ਜਿਲ੍ਹਾ ਤੇ ਕ੍ਰਿਸ਼ਨਾ ਨਦੀ ਦੇ ਕਿਨਾਰੇ ਸੈਲ ਪਰਬਤ ਉਤੇ ਹੈ । ਦੱਖਣੀ ਹਿੰਦ ਵਿਚ ਇਸ ਦੀ ਬਹੁਤ ਪੂਜਾ ਹੁੰਦੀ ਹੈ । ਇਸ ਸਿਲਾ ਦੇ ਕਾਇਮ ਹੋਣ ਦੀ ਕਥਾ ਇਉਂ ਹੈ—ਸ਼ਿਵਾਂ ਦੇ ਪੁੱਤਰ ਸਨ ਗਣੇਸ਼ ਤੇ ਸਵਾਮੀ ਕਾਰਤਿਕ ਇਹ ਦੋਵੇਂ ਹੀ ਇਕ ਦਿਨ ਲੜ ਪਏ ਇਨ੍ਹਾਂ ਦੀ ਲੜਾਈ ਇਸ ਗੱਲ ਤੋਂ ਸੀ ਕਿ ਦੋਵੇਂ ਹੀ ਇਕ ਦੂਸਰੇ ਤੋਂ ਪਹਿਲਾਂ ਆਪਣਾ ਵਿਆਹ ਕਰਵਾਉਣਾ ਚਾਹੁੰਦੇ ਸਨ, ਇਸ ਲੜਾਈ ਦਾ ਪਤਾ ਸ਼ਿਵਾਂ ਨੂੰ ਲੱਗਾ, ਉਨ੍ਹਾ ਨੇ ਦੋਹਾਂ ਨੂੰ ਕੋਲ ਸੱਦ ਕੇ ਆਖਿਆ ਤੁਸਾਂ ਦੋਹਾਂ ਵਿਚੋਂ ਜੋ ਪ੍ਰਿਥਵੀ ਦਾ ਚੱਕਰ ਕੱਟ ਕੇ ਪਹਿਲਾਂ ਆ ਜਾਵੇਗਾ ਉਸ ਦਾ ਵਿਆਹ ਪਹਿਲਾਂ ਕਰ ਦਿੱਤਾ ਜਾਵੇਗਾ । ਇਹ ਬਚਨ ਸੁਣ ਕੇ ਸਵਾਮੀ ਕਾਰਤਿਕ ਛੇਤੀ ਪੰਧ ਮੁਕਾਉਣ ਵਾਸਤੇ ਨੱਠ ਉਠਾ । ਉਸ ਨੇ ਮੁੜ ਕੇ ਨਹੀਂ ਦੇਖਿਆ ਪਰ ਗਣੇਸ਼ ਦੌੜਿਆ ਨਹੀਂ । ਉਹ ਬਹੁਤ ਸਿਆਣਾ ਤੇ ਬੁਧੀਵਾਨ ਸੀ । ਉਸ ਨੂੰ ਯਾਦ ਆ ਗਿਆ ਕਿ ਲਿਖਿਆ ਹੈ ਰੁਦਰ ਖੰਡ ਵਿਚ ਆ ਕੇ ਜੇ ਮਾਂ ਬਾਪ ਦੀਆਂ ੭ ਪ੍ਰਕਰਮਾ ਕਰ ਲਈਆਂ ਜਾਣ ਤਾਂ ਸਾਰੀ ਪ੍ਰਿਥਵੀ ਦਾ ਚੱਕਰ ਕੱਟਣ ਦਾ ਫਲ ਮਿਲ ਜਾਂਦਾ ਹੈ । ਉਸ ਨੇ ਇਹ ਸੋਚ ਕੇ ਕਿ ਸਾਰੀ ਪ੍ਰਿਥਵੀ ਦਾ ਚੱਕਰ ਕੱਟਣ ਵਾਸਤੇ ਦੁਖ ਜੋ ਉਠਾਉਣਾ ਹੈ ਉਸ ਨਾਲੋਂ ਇਹ ਚੰਗਾ ਹੈ । ਉਸ ਨੇ ਮਾਂ ਬਾਪ ਨੂੰ ਇਕ ਆਸਣ ਉਤੇ ਬਿਠਾ ਕੇ ਸਤ ਪ੍ਰਕਰਮਾ ਕਰ ਲਈਆਂ । ਉਸ ਦੀ ਅਕਲ ਦਾ ਖ਼ਿਆਲ ਕਰ ਕੇ ਤੇ ਪ੍ਰਿਥਵੀ ਦਾ ਚੱਕਰ

ਦਾ ਫਲ ਮਿਲਿਆ ਦੇਖ ਕੇ ਪਾਰਬਤੀ ਤੇ ਸ਼ਿਵਾਂ ਨੇ ਗਣੇਸ਼ ਦਾ ਵਿਆਹ ਬੁਧਿ ਤੇ ਸਿਧਿ ਨਾਲ ਕਰ ਦਿੱਤਾ। ਗਣੇਸ਼ ਦੋਹਾਂ ਸੁੰਦਰ ਇਸਤਰੀਆਂ ਨਾਲ ਪ੍ਰੇਮ ਕਲੋਲ ਕਰਨ ਲੱਗਾ ਤੇ ਸਵਾਮੀ ਕਾਰਤਿਕ ਵਿਚਾਰਾ ਪ੍ਰਿਥਵੀ ਦੇ ਚੌਗਿਰਦੇ ਨੱਸ ਕੇ ਦਮ ਤੁੜਾਉਣ ਲੱਗਾ। ਉਸ ਦਾ ਪ੍ਰਿਥਵੀ ਚੱਕਰ ਨਾ ਮੁਕਿਆ ਪਰ ਗਣੇਸ਼ ਦੇ ਘਰ ਦੋ ਪੁੱਤਰ ਹੋ ਗਏ।

ਸਵਾਮੀ ਕਾਰਤਿਕ ਜਦੋਂ ਨੱਸਾ ਆਉਂਦਾ ਸੀ, ਉਸ ਦੀ ਮੰਦੀ ਦਸ਼ਾ ਵੇਖ ਕੇ ਨਾਰਦ ਨੇ ਉਸ ਨੂੰ ਸਮਝਾਇਆ ਕਿ—'ਹੇ ਬਾਲਕ! ਇਉਂ ਨੱਸ ਨੱਸ ਕੇ ਦਮ ਕਿਉਂ ਤੋੜਦਾ ਹੈਂ? ਤੇਰੇ ਭਰਾ ਗਣੇਸ਼ ਨੇ ਵਿਆਹ ਕਰ ਲਿਆ ਹੈ ਉਸ ਦੇ ਦੋ ਪੁੱਤਰ ਹੋ ਗਏ ਹਨ। ਤੂੰ ਸ਼ਰਤ ਹਾਰ ਚੁੱਕਾ ਹੈਂ। ਇਸ ਵਾਸਤੇ ਨੱਸਣ ਦਾ ਤੈਨੂੰ ਕੋਈ ਲਾਭ ਨਹੀਂ।' ਨਾਰਦ ਕੋਲੋਂ ਇਹ ਸੁਣ ਕੇ ਸਵਾਮੀ ਕਾਰਤਿਕ ਨੂੰ ਕ੍ਰੋਧ ਆ ਗਿਆ। ਉਸ ਨੇ ਸਮਝਿਆ ਕਿ ਉਸ ਦੇ ਮਾਂ ਬਾਪ ਨੇ ਉਸ ਨਾਲ ਧੋਖਾ ਕੀਤਾ ਹੈ, ਇਸ ਵਾਸਤੇ ਉਹ ਮਾਂ ਬਾਪ ਦੇ ਮਥੇ ਨਹੀਂ ਲਗੇਗਾ। ਸੈਲ ਪਰਬਤ ਉਤੇ ਸਮਾਧੀ ਲਾ ਬੈਠਾ। ਉਸ ਨੇ ਫ਼ੈਸਲਾ ਕੀਤਾ ਕਿ ਉਹ ਮਾਂ ਬਾਪ ਦੇ ਮਥੇ ਨਹੀਂ ਲਗੇਗਾ। ਜਦੋਂ ਸ਼ਿਵਾਂ ਨੂੰ ਪਤਾ ਲੱਗਾ ਕਿ ਉਸ ਦਾ ਪੁੱਤਰ ਨਰਾਜ਼ ਹੋ ਗਿਆ ਹੈ ਤਾਂ ਉਹ ਉਸ ਨੂੰ ਮਨਾਉਣ ਵਾਸਤੇ ਸੈਲ ਪਰਬਤ ਉਤੇ ਗਏ ਪਰ ਸਵਾਮੀ ਕਾਰਤਿਕ ਕਈ ਜੋਜਨ ਹੋਰ ਅਗੇਰੇ ਚਲਿਆ ਗਿਆ। ਸੈਲ ਪਰਬਤ ਉੱਤੇ ਪੁੱਜ ਕੇ ਭਗਵਾਨ ਸ਼ਿਵਸ਼ੰਕਰ ਨੇ ਉਥੇ ਸਿਲਾ ਰੂਪ ਵਿਚ ਆਪਣੇ ਆਪ ਨੂੰ ਪ੍ਰਗਟ ਕੀਤਾ। ਉਸ ਦਿਨ ਤੋਂ ਉਸ ਸਿਲਾ ਦਾ ਨਾਂ ਮਲਕਰ ਕਰ ਜੋਨੀ ਜਨ ਲਿੰਗ ਪ੍ਰਸਿੱਧ ਹੋਇਆ।

**੩. ਸ੍ਰੀ ਮਹਾਂ ਕਾਲੇਸ਼ਵਰ**—ਇਹ ਛ੍ਰਿਪਾ ਨਦੀ ਕਿਨਾਰੇ ਹੈ। ਇਸ ਦੀ ਕਥਾ ਇਉਂ ਹੈ—ਇਸ ਅਸਥਾਨ ਦੇ ਨੇੜੇ ਹੀ ਇਕ ਸ਼ਿਵ ਸ਼ੰਕਰ ਦਾ ਭਗਤ ਬ੍ਰਾਹਮਣ ਸੀ। ਉਸ ਦੇ ਚਾਰ ਲੜਕੇ ਸਨ। ਸ਼ਿਵ ਭਗਤੀ ਤੇ ਸ਼ਿਵ ਮਹਿਮਾ ਉਸ ਦੇ ਚੌਗਿਰਦੇ ਇਸ ਤਰ੍ਹਾਂ ਖਿਲਰੀ ਸੀ ਕਿ ਜਿਵੇਂ ਫੁੱਲਾਂ ਦੀ ਸੁਗੰਧੀ ਖਿਲਰ ਜਾਂਦੀ ਹੈ ਜਾਂ ਚੰਦਨ ਦੇ ਬਾਗ ਦੀ ਸੁਗੰਧੀ ਦੂਰ ਦੂਰ ਤਕ ਖਿਲਰ ਜਾਂਦੀ ਹੈ। ਬ੍ਰਾਹਮਣ ਰਾਹੀਂ ਖਿਲਾਰੀ ਸ਼ਿਵਾਂ ਦੀ ਉਪਮਾ ਨੂੰ ਦੇਖ ਕੇ ਦੂਖਨ ਨਾਮੀ ਦੈਂਤ ਬਹੁਤ ਕ੍ਰੋਧਵਾਨ ਹੋਇਆ। ਉਸ ਨੇ ਹੋਰ ਦੈਂਤਾਂ ਨੂੰ ਨਾਲ ਮਦਦ ਬਣਾ ਕੇ ਬ੍ਰਾਹਮਣ ਉਤੇ ਚੜ੍ਹਾਈ ਕਰ ਦਿੱਤੀ। ਜਦੋਂ ਬ੍ਰਾਹਮਣ ਨੂੰ ਉਸ ਦੀ ਚੜ੍ਹਾਈ ਦਾ

ਪਤਾ ਲੱਗਾ ਤਾਂ ਉਸ ਨੇ ਇਕ ਮਨ ਹੋ ਕੇ ਸ਼ਿਵ ਸ਼ੰਕਰ ਭਗਵਾਨ ਦੀ ਅਰਾਧਨਾ ਕੀਤੀ। ਦੈਂਤ ਨੂੰ ਮਾਰਨ ਵਾਸਤੇ ਸ਼ਿਵ ਸ਼ੰਕਰ ਪ੍ਰਗਟ ਹੋਏ। ਦੈਂਤ ਨੂੰ ਮਾਰ ਦਿੱਤਾ ਤੇ ਬ੍ਰਾਹਮਣ ਨੂੰ ਬਚਾਇਆ। ਉਸ ਦਿਨ ਤੋਂ ਲਿੰਗ ਰੂਪ ਵਿਚ ਬਿਰਾਜ ਰਹੇ ਹਨ। ਇਨ੍ਹਾਂ ਨੂੰ ਮਹਾਂ ਕਾਲ ਵੀ ਆਖਦੇ ਹਨ।

**੪. ਓਅੰਕਾਰੇਸ਼ਵਰ**—ਇਹ ਮੰਦਰ ਓਅੰਕਾਰ ਨਾਥ ਦੀ ਭਗਤੀ ਦਾ ਸਦਕਾ ਕਾਇਮ ਹੋਇਆ ਤੇ ਨਰਬਦਾ ਨਦੀ ਕਿਨਾਰੇ ਹੈ।

**੫. ਸ੍ਰੀ ਕੇਦਾਰ ਨਾਥ ਤੇ ਬਦਰੀਨਾਥ**—ਇਹ ਦੋਵੇਂ ਤੀਰਥ ਹਰਦੁਆਰ ਤੋਂ ਉਪਰ ਹਿਮਾਲੀਆ ਦੀ ਕੁਖ ਵਿਚ ਹਨ। ਬਰਫ਼ਾਨੀ ਇਲਾਕਾ ਹੈ। ਇਨ੍ਹਾਂ ਦੋਹਾਂ ਤੀਰਥਾਂ ਦੀ ਪੂਜਾ ਬਹੁਤ ਹੁੰਦੀ ਹੈ। ਇਨ੍ਹਾਂ ਦੇ ਪ੍ਰਗਟ ਹੋਣ ਦੀ ਕਹਾਣੀ ਇਉਂ ਹੈ। ਦੋ ਪੁਰਸ਼ ਨਰ ਤੇ ਨਰਾਇਣ ਨੇ ਬਰਫ਼ ਵਿਚ ਬੈਠ ਕੇ ਘੋਰ ਤਪੱਸਿਆ ਕੀਤੀ। ਇਨ੍ਹਾਂ ਦੀ ਤਪੱਸਿਆ ਵਲ ਦੇਖ ਕੇ ਸ਼ਿਵ ਸ਼ੰਕਰ ਜੀ ਨੇ ਇਨ੍ਹਾਂ ਨੂੰ ਪ੍ਰਤੱਖ ਦਰਸ਼ਨ ਦਿਤੇ। ਇਨ੍ਹਾਂ ਦੇ ਆਖਣ ਉਤੇ ਹੀ ਕਲਜੁਗ ਦੇ ਜੀਆਂ ਨੂੰ ਤਾਰਨ ਬਦਲੇ ਭਗਵਾਨ ਸ਼ਿਵ ਸ਼ੰਕਰ ਜੀ ਸਿਲਾ ਰੂਪ (ਲਿੰਗ ਜੋਤੀ) ਵਿਚ ਇਥੇ ਬਿਰਾਜਮਾਨ ਹਨ। ਲੱਖਾਂ ਯਾਤਰੂ ਹਰ ਸਾਲ ਦਰਸ਼ਨ ਕਰਦੇ ਹਨ।

**੬. ਭੀਮ ਸ਼ੰਕਰ**—ਇਹ ਲਿੰਗ ਆਸਾਮ ਵਿਚ ਹੈ। ਬ੍ਰਹਮਪੁਰ ਦੀਆਂ ਪਹਾੜੀਆਂ ਦੇ ਨੇੜੇ ਤੇੜੇ ਇਸ ਦੇ ਪ੍ਰਗਟ ਹੋਣ ਦੀ ਕਥਾ ਇਹ ਹੈ—ਇਕ ਰਾਜਾ ਕਾਮਰੁਪੇਸ਼ਵਰ ਸੀ। ਉਹ ਰਾਜ ਭਾਗ ਛੱਡ ਕੇ ਸ਼ਿਵ ਸ਼ੰਕਰ ਭਗਵਾਨ ਦੀ ਪੂਜਾ ਵਿਚ ਰੁਝ ਗਿਆ ਸੀ। ਐਸਾ ਭਗਤ ਬਣਿਆਂ ਕਿ ਦੁਨੀਆਂ ਭੁਲ ਗਈ।

ਉਸੇ ਹੀ ਪਹਾੜੀ ਇਲਾਕੇ ਵਿਚ ਇਕ ਭੀਮਾ ਨਾਮ ਦਾ ਦੈਂਤ ਸੀ। ਉਹ ਆਪਣੇ ਆਪ ਨੂੰ ਰੱਬ ਭਗਤਾਂ ਦਾ ਦੁਸ਼ਮਨ ਅਖਵਾਉਂਦਾ ਸੀ। ਜਿਥੇ ਵੀ ਕਿਤੇ ਉਸ ਨੂੰ ਪਤਾ ਲਗਦਾ ਕਿ ਕੋਈ ਸ਼ਿਵ ਭਗਤ ਹੈ ਉਥੇ ਹੀ ਪੁੱਜ ਕੇ ਉਹ ਭਗਤ ਨੂੰ ਡਰਾ ਦੇਂਦਾ। ਭੀਮ ਰਾਜੇ ਕੋਲ ਪੁਜਿਆ। ਉਸਨੇ ਦੇਖਿਆ ਕਿ ਰਾਜਾ ਸ਼ਿਵਲਿੰਗ ਦੀ ਪੂਜਾ ਕਰ ਰਿਹਾ ਹੈ। ਉਸ ਨੂੰ ਰੋਹਬ ਨਾਲ ਦੈਂਤ ਆਖਣ ਲੱਗਾ—'ਓ ਪਖੰਡੀ ਰਾਜਾ! ਇਹ ਕੀ ਕਰਦਾ ਹੈਂ? ਛੇਤੀ ਦੱਸ ਨਹੀਂ ਤੇ ਮੈਂ ਤੈਨੂੰ ਮਾਰ ਸੁਟਾਂਗਾ।' ਰਾਜਾ ਚੁਪ ਰਿਹਾ। ਉਹ ਸ਼ਿਵਾਂ ਦੀ ਅਰਾਧਨਾ ਕਰਦਾ ਰਿਹਾ। 'ਹੇ ਮੂਰਖ! ਛੇਤੀ ਦੱਸ ਨਹੀਂ ਤੇ ਮੈਂ ਤੈਨੂੰ ਮਾਰਨ ਲੱਗਾ ਹਾਂ।' ਭੀਮੇ ਨੇ ਮੁੜ ਰਾਜਾ ਕਾਮਰੁਪੇਸ਼ਰ ਨੂੰ ਆਖਿਆ।

ਸ਼ਿਵ ਭਗਤ ਰਾਜਾ ਅਡੋਲ ਰਿਹਾ । ਉਹ ਨਿਡਰ ਤੇ ਸਿਦਕਵਾਨ ਸੀ। ਉਸ ਨੂੰ ਸ਼ਿਵ ਭਗਤੀ ਉਤੇ ਪੂਰਾ ਭਰੋਸਾ ਸੀ । ਉਸ ਨੇ ਨਿਰਭੈਤਾ ਨਾਲ ਆਖਿਆ—'ਮੈਂ ਸੰਸਾਰ ਦੇ ਕਰਤਾ ਸ਼ਿਵ ਸ਼ੰਕਰ ਦੀ ਪੂਜਾ ਕਰ ਰਿਹਾ ਹਾਂ ਕਰਦਾ ਰਹਾਂਗਾ । ਓਹੋ ਹੀ ਜਗਤ ਦੇ ਰਾਖੇ ਹਨ, ਉਨ੍ਹਾਂ ਬਿਨਾਂ ਮੈਂ ਕਿਸੇ ਨੂੰ ਨਹੀਂ ਪਛਾਣਦਾ। ਮੈਨੂੰ ਡਰ ਤੇ ਧਮਕੀਆਂ ਦੇਣ ਦੀ ਲੋੜ ਨਹੀਂ।' ਭੀਮਾ ਕ੍ਰੋਧਵਾਨ ਹੋ ਗਿਆ। ਭਗਵਾਨ ਸ਼ਿਵਾਂ ਨੂੰ ਬੁਰਾ ਭਲਾ ਆਖਦਾ ਹੋਇਆ ਉਹ ਰਾਜੇ ਨੂੰ ਬਹੁਤ ਰੋਕ ਰਿਹਾ। ਪਰ ਰਾਜਾ ਅਟੱਲ ਰਿਹਾ। ਭੀਮੇ ਨੇ ਰਾਜੇ ਉਤੇ ਤਲਵਾਰ ਦਾ ਵਾਰ ਕੀਤਾ, ਉਹ ਵਾਰ ਭਗਵਾਨ ਸ਼ਿਵ ਦੇ ਸਰੂਪ ਲਿੰਗ ਉਤੇ ਹੋਇਆ, ਰਾਜਾ ਬਚ ਗਿਆ। ਉਸੇ ਵੇਲੇ ਭਗਵਾਨ ਸ਼ਿਵ ਸ਼ੰਕਰ ਪ੍ਰਗਟ ਹੋਏ। ਭੀਮੇ ਨੂੰ ਮਾਰਿਆ, ਰਾਜੇ ਨੂੰ ਨਿਹਾਲ ਕੀਤਾ । ਤਦੋਂ ਤੋਂ ਉਸ ਅਸਥਾਨ ਤੇ ਜੋਤੀ ਲਿੰਗ ਸਰੂਪ ਵਿਚ ਬਿਰਾਜਮਾਨ ਹਨ । ਇਸ ਲਿੰਗ ਦਾ ਨਾਮ ਭੀਮ ਸ਼ੰਕਰ ਲਿੰਗ ਹੈ ।

੭. **ਸ੍ਰੀ ਵਿਸ਼ੇਸ਼ਵਰ ਜੀ**—ਇਹ ਜੋਤੀ ਲਿੰਗ ਬਨਾਰਸ ਵਿਚ ਹੈ । ਬਨਾਰਸ ਨੂੰ ਕਾਂਸ਼ੀ ਵੀ ਆਖਿਆ ਜਾਂਦਾ ਹੈ । ਆਖਦੇ ਹਨ ਕਿ ਇਹ ਨਗਰੀ ਅਟੱਲ ਤੇ ਅਸਥਿਰ ਰਹਿਣ ਵਾਲੀ ਹੈ । ਕਿਸੇ ਤੂਫ਼ਾਨ ਪਰਲੋ ਦਾ ਇਸ ਉਤੇ ਕੱਖ ਅਸਰ ਨਹੀਂ ਹੁੰਦਾ । ਸ਼ਿਵ ਜੀ ਇਸ ਨਗਰੀ ਉਤੇ ਬਹੁਤ ਪ੍ਰਸੰਨ ਹਨ । ਜਦੋਂ ਕਦੀ ਕੋਈ ਪਰਲੋ ਆਉਂਦੀ ਹੁੰਦੀ ਹੈ ਤਦੋਂ ਸ਼ਿਵ ਜੀ ਆਪਣੇ ਤ੍ਰਿਸ਼ੂਲ ਉਤੇ ਚੁੱਕ ਕੇ ਇਸ ਨਗਰੀ ਨੂੰ ਬਚਾਅ ਲੈਂਦੇ ਸਨ । ਇਸ ਥਾਂ ਉਤੇ ਵਿਸ਼ਨੂੰ ਨੇ ਘੋਰ ਤਪੱਸਿਆ ਕੀਤੀ। ਸ੍ਰਿਸ਼ਟੀ ਦੀ ਉਤਪਤੀ ਵੇਲੇ ਇਸੇ ਥਾਂ ਹੀ ਨਾਭ ਕਮਲ ਤੋਂ ਬ੍ਰਹਮਾ ਪੈਦਾ ਹੋਇਆ ਸੀ । ਹੋਰ ਵੀ ਬਹੁਤ ਸਾਰੀ ਨਗਰੀ ਦੀ ਮਹਿਮਾ ਹੈ ਜਿਵੇਂ ਜੋ ਪੁਰਸ਼ ਇਸ ਨਗਰੀ ਵਿਚ ਚਲਾਣਾ ਕਰੇ, ਉਹ ਸਿਧਾ ਸਵਰਗਾਂ ਨੂੰ ਜਾਂਦਾ ਹੈ। ਜਮ ਉਸ ਨੂੰ ਕੁਛ ਨਹੀਂ ਆਖਦੇ, ਕਿਉਂਕਿ ਸ਼ਿਵ ਜੀ ਮਹਾਰਾਜ ਇਥੇ ਬਿਰਾਜਮਾਨ ਹਨ ।

੮. **ਤ੍ਰਿਅੰਬਕੇਸ਼ਵਰ**—ਇਹ ਤੀਰਥ ਗੁਦਾਵਰੀ ਨਦੀ ਦੇ ਕਿਨਾਰੇ ਹੈ । ਦੱਖਣ ਵਿਚ ਗੁਦਾਵਰੀ ਉਤਰ ਭਾਰਤ ਦੀ ਗੰਗਾ ਵਾਂਗ ਪੂਜੀ ਜਾਂਦੀ ਹੈ । ਆਖਦੇ ਹਨ ਗੋਤਮ ਰਿਖੀ ਨੇ ਤਪੱਸਿਆ ਕਰ ਕੇ ਗੁਦਾਵਰੀ ਨਦੀ ਨੂੰ ਧਰਤੀ ਉਤੇ ਲਿਆਂਦਾ ਸੀ । ਇਸ ਦੀ ਮਹਿਮਾ ਬਹੁਤ ਵਧ ਗਈ । ਸ਼ਿਵ ਜੀ ਮਹਾਰਾਜ ਪ੍ਰਗਟ ਹੋਏ ਤੇ ਗੌਤਮ ਨੂੰ ਪ੍ਰਤੱਖ ਦਰਸ਼ਨ ਦਿਤੇ । ਗੁਦਾਵਰੀ ਤੇ ਗੌਤਮ ਨੇ

ਬੇਨਤੀ ਕੀਤੀ ਕਿ ਸ਼ਿਵ ਸ਼ੰਕਰ ਜੋਤੀ ਸਰੂਪ ਵਿਚ ਇਥੇ ਰਹਿਣ ਤਾਂ ਕਲਜੁਗੀ ਜੀਵਾਂ ਦਾ ਉਧਾਰ ਹੋ ਸਕੇ। ਗੁਦਾਵਰੀ ਦੇ ਉਦਗਮ ਸਥਾਨ ਕੋਲ ਤ੍ਰਿਅੰਬਕੇਸ਼੍ਵਰ ਜੋਤੀ ਲਿੰਗ ਦੇ ਸਰੂਪ ਵਿਚ ਬਿਰਾਜਮਾਨ ਹਨ।

੯. ਬੈਜਨਾਥ—ਇਹ ਜੋਤੀ ਲਿੰਗ ਈ.ਆਈ. ਰੇਲਵੇ ਦੇ ਆਸੀ ਛੀਹ ਸਟੇਸ਼ਨ ਦੇ ਕੋਲ ਹੈ। ਇਸ ਇਲਾਕੇ ਨੂੰ ਪੁਰਾਣੇ ਸਮੇਂ ਵਿਚ ਮੰਥਾਲ ਦੇਸ ਵੀ ਆਖਿਆ ਜਾਂਦਾ ਸੀ। ਇਸ ਲਿੰਗ ਦੇ ਪ੍ਰਗਟ ਹੋਣ ਦੀ ਕਥਾ ਇਸ ਤਰ੍ਹਾਂ ਦੱਸੀ ਜਾਂਦੀ ਹੈ—ਲੰਕਾ ਦੇ ਰਾਜੇ ਰਾਵਣ ਨੇ ਹਿਮਾਲਿਆ ਦੇ ਬਰਫ਼ਾਨੀ ਘਰ ਵਿਚ ਘੋਰ ਤਪੱਸਿਆ ਕੀਤੀ। ਭਗਵਾਨ ਸ਼ੰਕਰ ਨਾ ਰੀਝੇ। ਆਖ਼ਰ ਤਪੱਸਿਆ ਦੀ ਨੌਬਤ ਇਥੇ ਤਕ ਪੁਜ ਗਈ ਕਿ ਰਾਵਣ ਨੇ ਆਪਣੇ ਦਸਾਂ ਸਿਰਾਂ ਨੂੰ ਕੱਟ ਕੇ ਸ਼ਿਵਲਿੰਗ ਉਤੇ ਚੜ੍ਹਾਉਣ ਦੀ ਸਲਾਹ ਕਰ ਲਈ। ਸਲਾਹ ਕਰਨ ਦੇ ਛੇਤੀ ਹੀ ਪਿਛੋਂ ਇਕ ਸਿਰ ਕਟਿਆ। ਉਸ ਦੇ ਨਿਕੇ ਨਿਕੇ ਡਕਰੇ ਕੀਤੇ ਤੇ ਸ਼ਿਵਲਿੰਗ ਉਤੇ ਚੜ੍ਹਾ ਦਿਤੇ। ਇਸੇ ਤਰ੍ਹਾਂ ਨੌਂ ਸਿਰ ਕੱਟ ਕੇ ਚੜ੍ਹਾ ਦਿੱਤੇ। ਜਦੋਂ ਦਸਵਾਂ ਸਿਰ ਕੱਟਣ ਲੱਗਾ ਤਾਂ ਭਗਵਾਨ ਸ਼ੰਕਰ ਜੀ ਪ੍ਰਗਟ ਹੋਏ ਤੇ ਉਸ ਨੂੰ ਦਸਵਾਂ ਸਿਰ ਕੱਟਣ ਤੋਂ ਰੋਕ ਲਿਆ। ਰਾਵਣ ਦੇ ਨੌਵੇਂ ਸਿਰ ਜਿਉਂ ਦੇ ਤਿਉਂ ਮੁੜ ਉਸ ਦੇ ਧੜ ਨਾਲ ਜੋੜ ਦਿਤੇ। ਉਸ ਨੂੰ ਭਗਵਾਨ ਸ਼ੰਕਰ ਨੇ ਕਿਹਾ ਕੋਈ ਵਰ ਮੰਗ ਲੈ। ਇਹ ਸੁਣ ਕੇ ਰਾਵਣ ਬਹੁਤ ਖ਼ੁਸ਼ ਹੋਇਆ ਤੇ ਬਹੁਤ ਸਾਰੇ ਵਰ ਮੰਗੇ ਪਰ ਇਹ ਵੀ ਵਰ ਮੰਗ ਲਿਆ ਕਿ ਇਸ ਸ਼ਿਵ ਲਿੰਗ ਵਿਚ ਜੇ ਜੋਤੀ ਸਰੂਪ ਹੋ ਕੇ ਬਿਰਾਜੋ ਤਾਂ ਮੈਂ ਇਸ ਲਿੰਗ ਨੂੰ ਲੰਕਾ ਲੈ ਜਾਵਾਂ। ਸ਼ਿਵ ਸ਼ੰਕਰ ਨੇ ਉਸ ਦੀ ਪ੍ਰਾਰਥਨਾ ਕਬੂਲ ਕਰ ਲਈ ਪਰ ਇਕ ਸ਼ਰਤ ਲਾਈ ਕਿ ਰਾਵਣ ਲੰਕਾਂ ਤੱਕ ਸ਼ਿਵਲਿੰਗ ਨੂੰ ਧਰਤੀ ਉਤੇ ਨਾ ਰਖੇ, ਧਰਤੀ ਉਤੇ ਰਖੇਗਾ ਤਾਂ ਇਸ ਦੀ ਸ਼ਕਤੀ ਦੂਰ ਹੋ ਜਾਵੇਗੀ। ਸ਼ੰਕਰ ਜੀ ਦੀ ਆਗਿਆ ਪਾ ਕੇ ਰਾਵਣ ਸ਼ਿਵ ਲਿੰਗ ਨੂੰ ਚੁੱਕ ਕੇ ਲੰਕਾ ਵਲ ਨੱਠ ਤੁਰਿਆ। ਭਗਵਾਨ ਸ਼ਿਵ ਸ਼ੰਕਰ ਨੇ ਆਪਣੀ ਜੋਤੀ ਸ਼ਿਵਲਿੰਗ ਵਿਚ ਸਥਾਪਤ ਤਾਂ ਕਰ ਦਿਤੀ ਪਰ ਉਹ ਖ਼ੁਸ਼ ਨਹੀਂ ਸਨ ਕਿ ਰਾਵਣ ਉਸ ਸ਼ਕਤੀ ਨੂੰ ਲੰਕਾ ਵਿਚ ਲੈ ਜਾਵੇ ਕਿਉਂਕਿ ਰਾਵਣ ਦੈਂਤ ਸੀ ਉਹ ਮਨੁਖਤਾ ਦਾ ਭਲਾ ਨਹੀਂ ਸੀ ਕਰ ਸਕਦਾ। ਉਸਦਾ ਮਨ ਹੰਕਾਰੀ ਸੀ ਉਹ ਚਾਹੁੰਦਾ ਸੀ ਕਿ ਸ਼ਕਤੀ ਹਾਸਲ ਕਰ ਕੇ ਖ਼ੁਦ ਬ੍ਰਹਮਾ ਬਣੇ ਤੇ ਮਨ ਮਾਨੀਆਂ ਕਰੇ। ਭਗਵਾਨ ਸ਼ੰਕਰ ਨੇ ਨਵਾਂ ਹੀ ਬਹਾਨਾ ਘੜ ਕੇ ਰਾਵਣ ਕੋਲੋਂ

ਆਪਣੀ ਸ਼ਕਤੀ ਖੋਹ ਲਈ। ਉਹ ਬਹਾਨਾ ਇਹ ਸੀ ਕਿ ਰਾਵਣ ਜਿਸ ਵੇਲੇ ਚਿਤਾ ਭੂਮੀ ਸਥਾਨ ਉਤੇ ਪੁਜਿਆ ਤਾਂ ਉਸ ਨੂੰ ਪਿਸ਼ਾਬ ਨੇ ਬਹੁਤ ਜੋਰ ਪਾਇਆ। ਸ਼ਿਵਲਿੰਗ ਨੂੰ ਚੁੱਕ ਕੇ ਪਿਸ਼ਾਬ ਨਹੀਂ ਸੀ ਕਰ ਸਕਦਾ। ਜੇ ਧਰਤੀ ਉਤੇ ਰਖੇ ਤਾਂ ਸ਼ਿਵਲਿੰਗ ਧਰਤੀ ਨਾਲ ਜੁੜ ਜਾਣਾ ਸੀ। ਉਹ ਅਗੇ ਨਹੀਂ ਸੀ ਜਾ ਸਕਦਾ, ਉਹ ਖਲੋ ਗਿਆ ਤੇ ਉਸ ਨੇ ਚੌਗਿਰਦੇ ਨਿਗਾਹ ਮਾਰੀ। ਇਕ ਵਾਗੀ ਉਸ ਨੂੰ ਗਊਆਂ ਚਰਾਉਂਦਾ ਹੋਇਆ ਨਜ਼ਰ ਪਿਆ। ਉਸ ਵਾਗੀ ਨੂੰ ਕੋਲ ਸੱਦ ਕੇ ਆਖਣ ਲੱਗਾ—'ਹੇ ਲੜਕੇ! ਜੇ ਤੂੰ ਇਸ ਸਿਲਾ ਨੂੰ ਚੁੱਕ ਕੇ ਰਖੇਂ ਤਾਂ ਮੈਂ ਪੇਸ਼ਾਬ ਕਰ ਲਵਾਂ। ਇਹ ਸਿਲਾ ਭਗਵਾਨ ਸ਼ੰਕਰ ਜੀ ਦੀ ਪੂਜਨੀਕ ਜੋਤ ਹੈ। ਇਸ ਵਾਸਤੇ ਇਸ ਨੂੰ ਧਰਤੀ ਉਤੇ ਰੱਖਣਾ ਯੋਗ ਨਹੀਂ।' ਰਾਵਣ ਦਾ ਇਹ ਬਚਨ ਸੁਣ ਕੇ ਲੜਕਾ ਮੰਨ ਗਿਆ ਤੇ ਉਸ ਨੇ ਸ਼ਿਵਲਿੰਗ ਚੁੱਕ ਲਿਆ। ਭਗਵਾਨ ਸ਼ੰਕਰ ਨੇ ਐਸੀ ਖੇਡ ਰਚੀ ਕਿ ਸ਼ਿਵਲਿੰਗ ਲੜਕੇ ਨੂੰ ਤਾਂ ਬਹੁਤ ਭਾਰਾ ਪ੍ਰਤੀਤ ਹੋਇਆ ਤੇ ਉਧਰੋਂ ਰਾਵਣ ਦਾ ਪੇਸ਼ਾਬ ਲੰਮੇਰਾ ਕਰ ਦਿਤਾ। ਉਸ ਨੂੰ ਪੇਸ਼ਾਬ ਕਰਦਿਆਂ ਹੋਇਆਂ ਚੋਖਾ ਚਿਰ ਲਗ ਗਿਆ। ਲੜਕੇ ਨੂੰ ਜਦੋਂ ਭਾਰ ਲੱਗਾ, ਉਸ ਦੀ ਜਦੋਂ ਜਾਨ ਤੰਗ ਹੋਈ ਤਾਂ ਉਸ ਨੇ ਸ਼ਿਵਲਿੰਗ ਨੂੰ ਧਰਤੀ ਉਤੇ ਰਖ ਦਿੱਤਾ। ਉਸੇ ਵੇਲੇ ਸ਼ਿਵਲਿੰਗ ਧਰਤੀ ਵਿਚ ਗਡਿਆ ਗਿਆ। ਰਾਵਣ ਪੇਸ਼ਾਬ ਕਰ ਕੇ ਉਠਿਆ। ਹੱਥ ਸਾਫ਼ ਕਰਕੇ ਜਾਂ ਚੁਕਣ ਲੱਗਾ ਤਾਂ ਸ਼ਿਵਲਿੰਗ ਉਸ ਕੋਲੋਂ ਹਿੱਲਿਆ ਹੀ ਨਾ, ਰਾਵਣ ਬਹੁਤ ਬਲੀ ਸੀ। ਉਹ ਬਹੁਤ ਹੈਰਾਨ ਹੋਇਆ ਕਿ ਨਿੱਕੀ ਜਿਹੀ ਸਿਲਾ ਜਿਸ ਨੂੰ ਉਹ ਸੁਖਾਲਾ ਚੁੱਕੀ ਆਉਂਦਾ ਸੀ ਹੁਣ ਉਸ ਕੋਲੋਂ ਨਾ ਹਿੱਲਦੀ ਹੈ ਨਾ ਉਠਦੀ ਹੈ। ਆਖ਼ਰ ਉਹ ਜਦੋਂ ਆਪਣਾ ਸਾਰਾ ਜੋਰ ਲਾ ਥੱਕਾ ਤਾਂ ਨਿਰਾਸ ਹੋ ਕੇ ਤੁਰਨ ਲਗਾ। ਤੁਰਦੇ ਹੋਏ ਨੇ ਸ਼ਿਵਲਿੰਗ ਸਿਲਾ ਵਿਚ ਆਪਣਾ ਅੰਗੂਠਾ ਦਬਾ ਦਿੱਤਾ। ਉਸ ਦਬਾਅ ਨਾਲ ਤਕੜਾ ਡੂੰਘ ਪੈ ਗਿਆ ਜੋ ਅਜੇ ਤਕ ਕਾਇਮ ਹੈ। ਸਿਲਾ ਉਥੇ ਹੀ ਰਹੀ। ਰਾਵਣ ਲੰਕਾ ਜਾ ਵੜਿਆ। ਰਾਵਣ ਦੇ ਜਾਣ ਪਿਛੋਂ ਦੇਵਤੇ ਆਏ ਤੇ ਉਨ੍ਹਾਂ ਨ ਜੋਤੀ ਲਿੰਗ ਸਰੂਪ ਭਗਵਾਨ ਸ਼ੰਕਰ ਦੀ ਪੂਜਾ ਕੀਤੀ।

੧੦. ਨਾਗੇਸ਼ਵਰ—ਇਹ ਨਾਗੇਸ਼ਵਰ ਜੋਤੀ ਲਿੰਗ ਗੌਤਮ ਦਵਾਰਕਾ ਬੇਟ ਦਵਾਰਕਾ ਦੇ ਵਿਚਾਲੇ ਹੈ। ਇਸ ਦੇ ਬਾਰੇ ਸ਼ਿਵ ਪੁਰਾਣ ਵਿਚ ਇਹ ਕਥਾ ਹੈ—ਵੈਸ਼ਾਂ ਵਿਚੋਂ ਭਗਤ ਬਹੁਤ ਘਟ ਹੁੰਦੇ ਸਨ ਪਰ ਇਕ ਵੈਸ਼ ਜਿਸ ਦਾ ਨਾਮ

ਸੁਪ੍ਰੀਆ ਸੀ। ਉਹ ਬਹੁਤ ਭਗਤੀ ਵਾਲਾ ਸੀ। ਉਹ ਰਾਤ ਦਿਨੇ ਸ਼ਿਵ ਭਗਤੀ ਵਿਚ ਰੁਝਾ ਰਹਿੰਦਾ। ਸਬੱਬ ਨਾਲ ਉਸ ਨੂੰ ਕਿਤੇ ਦੂਰ ਜਾਣਾ ਪੈ ਗਿਆ ਤੇ ਰਾਹ ਵਿਚ ਦਰਿਆ ਆਉਂਦਾ ਸੀ। ਉਸ ਦਰਿਆ ਦੇ ਪੱਤਨ ਲਾਗੇ ਬਹੁਤ ਸੰਘਣਾ ਜੰਗਲ ਸੀ। ਸੁਪ੍ਰੀਆ ਬੇੜੀ ਵਿਚ ਬੈਠਾ, ਉਸ ਦੇ ਨਾਲ ਹੋਰ ਵੀ ਬਹੁਤ ਸਾਰੇ ਮੁਸਾਫ਼ਰ ਸਨ। ਜਿਸ ਸਮੇਂ ਬੇੜੀ ਦਰਿਆ ਦੇ ਵਿਚਾਲੇ ਗਈ ਤਾਂ ਦਾਰੁਕ ਦੈਂਤ ਨੇ ਬੇੜੀ ਉਤੇ ਹਮਲਾ ਕਰ ਦਿਤਾ। ਦੈਂਤ ਦੀ ਭਿਆਨਕ ਸ਼ਕਤੀ ਅਗੇ ਮੁਸਾਫ਼ਰਾਂ ਦੀ ਕੋਈ ਪੇਸ਼ ਨਾ ਗਈ। ਉਹ ਕਬੂਤਰਾਂ ਵਾਂਗ ਅੱਖਾਂ ਮੀਚ ਕੇ ਬੈਠ ਗਏ। ਉਨ੍ਹਾਂ ਨੇ ਹਥ ਜੋੜ ਕੇ ਤਰਲਾ ਕੀਤਾ—'ਹੇ ਬਲੀ ਰਾਖਸ਼! ਅਸੀਂ ਗ਼ਰੀਬ ਮਨੁੱਖ ਹਾਂ। ਅਸਾਂ ਦੇ ਬਾਲ ਬੱਚੇ ਇਸਤਰੀਆਂ ਘਰੀਂ ਹਨ। ਅਸਾਂ ਨੂੰ ਜਾਨੋਂ ਨਾ ਮਾਰ, ਬੇੜੀ ਡੋਬਣ ਦਾ ਯਤਨ ਨਾ ਕਰ। ਅਸਾਂ ਨੂੰ ਮਾਰਨ ਤੇ ਤੇਰੇ ਹਥ ਕੁਝ ਨਹੀਂ ਆਵੇਗਾ। ਅਸੀਂ ਤੇਰੇ ਅਗੇ ਬੇਨਤੀ ਕਰਦੇ ਹਾਂ।'

ਦੈਂਤ ਨੇ ਇਹ ਤਰਲਾ ਸੁਣ ਕੇ ਉਸ ਵੇਲੇ ਕਿਸੇ ਨੂੰ ਜਾਨੋਂ ਨਾ ਮਾਰਿਆ ਪਰ ਸਾਰਿਆਂ ਨੂੰ ਕੈਦ ਕਰ ਕੇ ਆਪਣੇ ਜੰਗਲ ਦੇ ਘਰ ਲੈ ਗਿਆ। ਸਾਰੇ ਬੰਦੀਖਾਨੇ ਵਿਚ ਸੁਟ ਦਿਤੇ। ਉਹ ਦੈਂਤ ਰੱਬੀ ਸ਼ਕਤੀਆਂ—ਸ਼ਿਵ ਬ੍ਰਹਮਾ ਤੇ ਵਿਸ਼ਨੂੰ ਆਦਿਕ ਦੀ ਪੂਜਾ ਦੇ ਵਿਰੁੱਧ ਸੀ। ਉਹ ਕਿਸੇ ਐਸੇ ਭਗਤ ਨੂੰ ਜੀਉਂਦਿਆਂ ਨਹੀਂ ਸੀ ਰਹਿਣ ਦੇਂਦਾ ਜੋ ਕਿਸੇ ਸ਼ਕਤੀ ਦੀ ਪੂਜਾ ਕਰਦੇ ਹੋਣ। ਪਰ ਸੁਪ੍ਰੀਆ ਨੇ ਦੈਂਤ ਦੇ ਬੰਦੀਖਾਨੇ ਵਿਚ ਵੀ ਸ਼ਿਵਸ਼ੰਕਰ ਦੀ ਪੂਜਾ ਨਾ ਛੱਡੀ। ਉਹ ਰਾਤ ਦਿਨ ਉਸੇ ਦੀ ਅਰਾਧਨਾ ਕਰਦੇ ਰਹੇ। ਇਸ ਗੱਲ ਦਾ ਪਤਾ ਦੈਂਤ ਨੂੰ ਲੱਗ ਗਿਆ। ਉਸ ਨੇ ਬੰਦੀਖਾਨੇ ਵਿਚ ਪੁੱਜ ਕੇ ਸੁਪ੍ਰੀਆ ਨੂੰ ਬਹੁਤ ਡਰਾਇਆ ਧਮਕਾਇਆ। ਇਥੋਂ ਤਕ ਕਿਹਾ ਕਿ ਜੇ ਉਹ ਸ਼ਿਵ ਪੂਜਾ ਨਾ ਛਡੇਗਾ ਤਾਂ ਮਾਰਿਆ ਜਾਵੇਗਾ। ਪਰ ਸੁਪ੍ਰੀਆ ਰਤਾ ਨਾ ਘਬਰਾਇਆ। ਉਸ ਨੂੰ ਸ਼ਿਵ ਸ਼ਕਤੀ ਉਤੇ ਭਰੋਸਾ ਸੀ। ਉਸ ਨੇ ਨਿਡਰਤਾ ਨਾਲ ਉੱਤਰ ਦਿਤਾ—'ਹੇ ਮਨੁਖਤਾ ਤੇ ਨੇਕੀ ਦੇ ਦੁਸ਼ਮਨ ਦੈਂਤ! ਮੈਨੂੰ ਸ਼ਿਵ ਪੂਜਾ ਤੋਂ ਨਾ ਰੋਕ ਜੇ ਰੋਕੇਂਗਾ ਤਾਂ ਤੇਰਾ ਅੰਤ ਹੋ ਜਾਵੇਗਾ।' ਇਹ ਸਚੇ ਤੇ ਸਖ਼ਤ ਸ਼ਬਦ ਸੁਣ ਕੇ ਦੈਂਤ ਮਚ ਉਠਿਆ। ਉਸ ਨੇ ਉਸੇ ਵੇਲੇ ਹੁਕਮ ਦਿਤਾ—'ਸੁਪ੍ਰੀਆ ਨੂੰ ਕੋਹ ਕੋਹ ਕੇ ਮਾਰ ਸੁਟੋ। ਇਹ ਬਚਨ ਦੇ ਲਾਇਕ ਨਹੀਂ।' ਜਦੋਂ ਸੁਪ੍ਰੀਆ ਨੇ ਸੁਣਿਆ ਤਾਂ ਉਸ ਨੇ ਸੱਚੇ ਹਿਰਦੇ ਨਾਲ ਸ਼ਿਵ ਜੀ ਮਹਾਰਾਜ ਅਗੇ ਬੇਨਤੀ ਕੀਤੀ। ਉਸੇ ਵੇਲੇ

ਬੇਨਤੀ ਪ੍ਰਵਾਨ ਹੋ ਗਈ। ਆਪਣੇ ਭਗਤ ਦੀ ਰੱਖਿਆ ਕਰਨ ਵਾਸਤੇ ਸ਼ਿਵ ਜੀ ਆ ਹਾਜਰ ਹੋਏ। ਦੂਰੋਂ ਹੀ ਸੁਪ੍ਰੀਆ ਨੂੰ ਇਕ ਐਸਾ ਹਥਿਆਰ ਦਿੱਤਾ। ਜਿਸ ਨਾਲ ਸੁਪ੍ਰੀਆ ਸਾਰਿਆਂ ਦੈਂਤਾਂ ਨੂੰ ਮਾਰ ਸਕਦਾ ਸੀ। ਸੁਪ੍ਰੀਆ ਨੇ ਉਹ ਹਥਿਆਰ ਲੈ ਕੇ ਸਾਰੇ ਦੈਂਤ ਮਾਰ ਦਿਤੇ। ਮੁਸਾਫ਼ਰਾਂ ਨੂੰ ਸੁਤੰਤਰ ਕੀਤਾ। ਉਸ ਅਸਥਾਨ ਉਤੇ ਭਗਵਾਨ ਸ਼ਿਵ ਸ਼ੰਕਰ ਜੀ ਨਾਗੇਸ਼੍ਵਰ ਜੋਤੀ ਲਿੰਗ ਸਰੂਪ ਵਿਚ ਰਹਿਣ ਲਗੇ ਤਾਂ ਕਿ ਜੀਵਾਂ ਦਾ ਉਧਾਰ ਹੋਵੇ। ਸ਼ਿਵ ਪੁਰਾਣ ਵਿਚ ਲਿਖਿਆ ਹੈ ਕਿ ਜੋ ਇਸ ਜੋਤੀ ਲਿੰਗ (ਸਿਲਾ) ਦਾ ਦਰਸ਼ਨ ਕਰੇ ਉਸ ਦਾ ਜਨਮ ਮਰਨ ਸੌਰਦਾ ਹੈ। ਸਾਰੇ ਪਾਪ ਨਸ਼ਟ ਹੁੰਦੇ ਹਨ ਤੇ ਉਹ ਮੁਕਤੀ ਹਾਸਲ ਕਰਦਾ ਹੈ। ਲਖਾਂ ਯਾਤਰੂ ਦਰਸ਼ਨ ਕਰਨ ਵਾਸਤੇ ਜਾਂਦੇ ਹਨ।

**੧੧. ਸੇਤ ਬੰਧ ਰਾਮੇਸ਼ਵਰ**—ਇਹ ਜੋਤੀ ਲਿੰਗ ਹਿੰਦ ਦੇ ਸਮੁੰਦਰੀ ਕਿਨਾਰੇ ਉਤੇ ਹੈ। ਇਥੋਂ ਹੀ ਲੰਕਾ ਨੂੰ ਰਸਤਾ ਜਾਂਦਾ ਹੈ। ਇਸ ਦੀ ਇਤਿਹਾਸਕ ਕਥਾ ਇਹ ਹੈ ਕਿ ਰਾਵਣ ਸੀਤਾ ਨੂੰ ਛਲ ਕੇ ਲੈ ਗਿਆ। ਇਸ ਗੱਲ ਦਾ ਜਦੋਂ ਪੂਰਾ ਪਤਾ ਸ੍ਰੀ ਰਾਮਚੰਦਰ ਜੀ ਨੂੰ ਲੱਗਾ ਤਾਂ ਉਨ੍ਹਾਂ ਨੇ ਬਾਂਦਰ ਸੈਨਾ ਦੀ ਸਹਾਇਤਾ ਨਾਲ ਲੰਕਾ ਉਤੇ ਚੜ੍ਹਾਈ ਕਰਨ ਦਾ ਫ਼ੈਸਲਾ ਕਰ ਲਿਆ। ਜਿਸ ਵੇਲੇ ਸਮੁੰਦਰ ਕਿਨਾਰੇ ਪੁਜੇ ਤਾਂ ਸਮੁੰਦਰ ਠਾਠਾਂ ਮਾਰਦਾ ਸੀ। ਉਸ ਸਮੁੰਦਰ ਨੂੰ ਪਾਰ ਕਰਨ ਵਾਸਤੇ ਈਸ਼ਵਰ ਸ਼ਕਤੀ ਦੀ ਲੋੜ ਸੀ ਤੇ ਪੁਲ ਬੰਨ੍ਹਣਾ ਸੀ। ਸ੍ਰੀ ਰਾਮਚੰਦਰ ਜੀ ਨੇ ਰਾਤੋ ਰਾਤ ਸ਼ਿਵ ਲਿੰਗ ਤਿਆਰ ਕਰ ਕੇ ਉਸ ਦੀ ਪੂਜਾ ਕੀਤੀ। ਸੁਧ ਹਿਰਦੇ ਨਾਲ ਪੂਜਾ ਹੁੰਦੀ ਦੇਖ ਕੇ ਭਗਵਾਨ ਸ਼ਿਵ ਜੀ ਪ੍ਰਗਟ ਹੋਏ। ਜਿਸ ਵੇਲੇ ਭਗਵਾਨ ਜੀ ਪ੍ਰਗਟ ਹੋਏ ਤਾਂ ਰਾਮ ਚੰਦਰ ਜੀ ਨੇ ਇਹ ਵਰ ਮੰਗਿਆ ਕਿ ਉਹ ਰਾਵਣ ਨੂੰ ਜਿੱਤ ਲਵੇ। ਸ਼ਿਵ ਜੀ ਨੇ ਖ਼ੁਸ਼ ਹੋ ਕੇ ਇਹ ਵਰ ਦੇ ਦਿੱਤਾ। ਦੂਸਰੀ ਬੇਨਤੀ ਕੀਤੀ ਕਿ ਭਗਵਾਨ ਜੋਤੀ ਲਿੰਗ ਸਰੂਪ ਵਿਚ ਇਥੇ ਰਹਿਣ। ਇਸ ਬੇਨਤੀ ਨੂੰ ਭਗਵਾਨ ਨੇ ਮੰਨ ਲਿਆ। ਉਸ ਦਿਨ ਤੋਂ ਰਾਮੇਸ਼ਵਰ ਵਿਚ ਜੋਤੀ ਲਿੰਗ ਦੇ ਸਰੂਪ ਵਿਚ ਭਗਵਾਨ ਸ਼ਿਵ ਸ਼ੰਕਰ ਬਿਰਾਜਮਾਨ ਹਨ। ਇਸ ਤੀਰਥ ਰਾਮੇਸ਼ਵਰ ਦੀ ਬਹੁਤ ਉਪਮਾ ਲਿਖੀ ਹੈ। ਰਾਮਾਇਣ ਵਿਚ ਤਾਂ ਇਥੋਂ ਤਕ ਲਿਖਿਆ ਹੈ ਕਿ ਰਾਮੇਸ਼ਵਰ ਦੇ ਦਰਸ਼ਨ ਕਰਨ ਵਾਲਾ ਬੈਕੁੰਠ ਨੂੰ ਜਾਂਦਾ ਹੈ।

**੧੨. ਘੁਸਮੇਸ਼ਵਰ**—ਇਹ ਤੀਰਥ ਜਾਂ ਜੋਤੀ ਲਿੰਗ ਰਿਆਸਤ ਹੈਦਰਾਬਾਦ

ਦੇ ਸ਼ਹਿਰ ਦੌਲਤਾਬਾਦ ਦੇ ਨੇੜੇ ਹੈ । ਇਸ ਦੀ ਕਥਾ ਇਹ ਹੈ—

ਦੇਵਗਿਰੀ ਪਰਬਤ ਦੀ ਕੁਖ ਵਿਚ ਛੋਟਾ ਜਿਹਾ ਨਗਰ ਸੀ, ਉਸ ਨਗਰ ਦੇ ਬਾਹਰ ਇਕ ਤਲਾਬ ਸੀ । ਉਸ ਤਲਾਬ ਦਾ ਨਿਰਮਲ ਜਲ ਨਗਰ ਵਾਲੇ ਪੀਂਦੇ ਵੀ ਸੀ । ਉਸ ਨਗਰ ਵਿਚ ਸੁਧਰਮਾ ਨਾਮ ਦਾ ਇਕ ਬ੍ਰਾਹਮਣ ਰਹਿੰਦਾ ਸੀ । ਉਹ ਮਾਮੂਲੀ ਪੂਜਾ ਪਾਠ ਕਰ ਕੇ ਰੋਟੀ ਖਾਈ ਜਾਂਦਾ । ਬਹੁਤ ਵਿਦਵਾਨ ਨਹੀਂ ਸੀ ਪਰ ਬੁਧੀ ਚੰਗੀ ਸੀ । ਉਸ ਦੀ ਇਸਤਰੀ ਸੁਦੇਹਾ ਬਹੁਤ ਸੋਹਣੀ ਤੇ ਜਵਾਨ ਸੀ ਪਰ ਕਈ ਸਾਲ ਵਿਆਹ ਹੋਏ ਨੂੰ ਹੋ ਜਾਣ ਤੇ ਉਸ ਦੀ ਕੁਖੋਂ ਕੋਈ ਬਾਲ ਨਹੀਂ ਜਨਮਿਆ ਸੀ । ਔਲਾਦ ਦੇ ਘਾਟੇ ਨੂੰ ਬਹੁਤ ਬੁਰੀ ਤਰ੍ਹਾਂ ਅਨੁਭਵ ਕਰਦੀ ਸੀ ਪਰ ਉਸ ਦੀ ਪੇਸ਼ ਨਹੀਂ ਸੀ ਜਾਂਦੀ । ਜਿਵੇਂ ਮੋਰ ਆਪਣੇ ਪੈਰਾਂ ਵਲ ਦੇਖ ਕੇ ਝੂਰਦਾ ਹੈ ਤਿਵੇਂ ਉਹ ਔਲਾਦ ਦਾ ਘਾਟਾ ਮਹਿਸੂਸ ਕਰ ਕੇ ਝੂਰਦੀ ਸੀ । ਕਈ ਵਾਰ ਆਪ ਮੁਹਾਰੀ ਆਖਣ ਲਗ ਪੈਂਦੀ—'ਹੇ ਭਗਵਾਨ ! ਜੇ ਤੂੰ ਮੇਰੀ ਕੁਖ ਨਹੀਂ ਸੀ ਹਰੀ ਕਰਨੀ ਤਾਂ ਮੈਨੂੰ ਐਨੀ ਜਵਾਨੀ ਤੇ ਸੁੰਦਰਰਤਾ ਕਿਉਂ ਦਿਤੀ । ਮੈਂ ਕੋਝੀ ਹੀ ਚੰਗੀ ਸੀ ।' ਪਰ ਵਿਧਮਾਤਾ ਨੇ ਜੋ ਲੇਖ ਲਿਖੇ ਹਨ ਉਨ੍ਹਾਂ ਦੀ ਉਲੰਘਣਾ ਹੋਣੀ ਮੁਸ਼ਕਲ ਹੈ ।

ਸੁਧਰਮੇ ਤੇ ਸੁਦੇਹਾ ਦਾ ਆਪਸ ਵਿਚ ਬਹੁਤ ਪ੍ਰੇਮ ਸੀ । ਉਹ ਖ਼ੁਸ਼ੀ ਖ਼ੁਸ਼ੀ ਦਿਨ ਕੱਟਦੇ ਸਨ । ਇਕ ਦੂਸਰੇ ਦੇ ਦੁਖ ਸੁਖ ਦੇ ਭਾਈਵਾਲ ਸਨ । ਉਮਰ ਵਡੇਰੀ ਹੁੰਦੀ ਗਈ । ਔਲਾਦ ਦੇ ਘਾਟੇ ਦੀ ਪੀੜਾ ਦੋਹਾਂ ਨੂੰ ਦੁਖੀ ਕਰਨ ਲਗੀ । ਸੁਦੇਹਾ ਤਾਂ ਐਨੀ ਦੁਖੀ ਹੋਈ ਕਿ ਉਹ ਇਕ ਦਿਨ ਰੋ ਕੇ ਸੁਧਰਮੇ ਨੂੰ ਆਖਣ ਲਗੀ—'ਹੇ ਦੇਵਤਾ ਸਰੂਪ ਪਤੀ ! ਮੈਂ ਪ੍ਰਾਰਥਨਾ ਕਰਦੀ ਹਾਂ ਕਿ ਤੁਸੀਂ ਦੂਸਰੀ ਸ਼ਾਦੀ ਕਰ ਲਵੋ । ਮੈਂ ਪੁੱਤਰ ਦਾ ਮੂੰਹ ਦੇਖਣਾ ਚਾਹੁੰਦੀ ਹਾਂ ਆਪ ਦੀ ਕੁਲ ਵਧੇਗੀ । ਮੇਰੇ ਹਿਰਦੇ ਦੀ ਪੀੜਾ ਮਿਟੇਗੀ । ਜ਼ਰੂਰ ਵਿਆਹ ਕਰੋ । ਮੈਂ ਕਦੀ ਨਵੀਂ ਸੌਂਕਣ ਨਾਲ ਨਰਾਜ਼ ਨਹੀਂ ਹੋਵਾਂਗੀ ।'

ਸੁਦੇਹਾ ਦਾ ਇਹ ਤਰਲਾ ਸੁਣ ਕੇ ਸੁਧਰਮਾ ਬੋਲਿਆ—'ਪਿਆਰੀ ਦੂਸਰੀ ਸ਼ਾਦੀ ਨਹੀਂ ਕਰਨੀ ਚਾਹੀਦੀ । ਦੂਸਰੀ ਸ਼ਾਦੀ ਕੀਤਿਆਂ ਹੋ ਸਕਦਾ ਹੈ ਕਿ ਔਲਾਦ ਦਾ ਸੁੱਖ ਤਾਂ ਪ੍ਰਾਪਤ ਹੋ ਜਾਵੇ ਪਰ ਹੋਰ ਦੁਖ ਬਹੁਤ ਮਿਲਣਗੇ । ਇਸਤਰੀ ਦਾ ਕੁਦਰਤੀ ਸੁਭਾਵ ਹੈ ਕਿ ਉਹ ਆਪਣੀ ਸੌਂਕਣ ਨੂੰ ਚੰਗਾ ਨਹੀਂ ਸਮਝਦੀ, ਕੋਈ ਇਸਤਰੀ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਹੋਰ ਕਿਸੇ ਇਸਤਰੀ ਨਾਲ ਪਿਆਰ

ਕਰੇ। ਲੜਾਈ ਘਿਰਨਾ ਉਦਾਸੀ ਤੇ ਦੁਸ਼ਮਨੀ ਘਰ ਵਿਚ ਡੇਰੇ ਆ ਲਾਉਣਗੀਆਂ। ਇਸ ਵੇਲੇ ਨੂੰ ਪਛਤਾਵਾਂਗਾ ਮੈਂ ਦੂਸਰੀ ਸ਼ਾਦੀ ਕਰਨ ਦੇ ਹੱਕ ਵਿਚ ਨਹੀਂ।'

ਪਰ ਇਸਤਰੀ ਦੀ ਜਿਦ ਬਹੁਤ ਬੁਰੀ ਹੁੰਦੀ ਹੈ। ਇਹ ਅਨਹੋਣੀਆਂ ਗੱਲਾਂ ਨੂੰ ਹੋਣੀਆਂ ਕਰ ਦੇਂਦੀ ਹੈ। ਸੁਦੇਹਾ ਇਸ ਗੱਲ ਉਤੇ ਡੱਟ ਗਈ ਕਿ ਉਸ ਦਾ ਪਤੀ ਦੂਸਰੀ ਸ਼ਾਦੀ ਕਰ ਲਵੇ। ਉਸ ਨੇ ਆਪਣੇ ਪਤੀ ਨੂੰ ਆਖਿਆ— 'ਹੇ ਸਵਾਮੀ ਜੀ! ਜੇ ਹੋਰ ਕਿਸੇ ਇਸਤਰੀ ਨਾਲ ਮੈਂ ਲੜਾਂਗੀ ਤਾਂ ਤੁਸੀਂ ਮੇਰੀ ਭੈਣ ਘੁਸਮਾ ਨਾਲ ਵਿਆਹ ਕਰ ਲਵੋ ਉਹ ਜਵਾਨ ਹੋ ਗਈ ਹੈ ਉਸ ਨਾਲ ਤਾਂ ਮੈਂ ਲੜਨ ਨਹੀਂ ਲਗੀ। ਉਹ ਮੇਰੀ ਛੋਟੀ ਭੈਣ ਹੈ। ਭੈਣਾਂ ਭੈਣਾਂ ਦਾ ਬਹੁਤ ਪਿਆਰ ਹੁੰਦਾ ਹੈ। ਉਹ ਮੇਰਾ ਸਤਿਕਾਰ ਕਰੇਗੀ ਤੇ ਮੈਂ ਉਸ ਨੂੰ ਛੋਟੀ ਭੈਣ ਜਾਣ ਕੇ ਚੰਗਾ ਸਮਝਾਂਗੀ ਆਖ਼ਰ ਅਸੀਂ ਇਕ ਮਾਂ ਪਿਉ ਜਾਈਆਂ ਹਾਂ। ਜਰੂਰ ਸ਼ਾਦੀ ਕਰੋ ਹਾਂ ਕਰੋ। ਮੈਂ ਹੁਣੇ ਆਪਣੇ ਮਾਂ ਬਾਪ ਕੋਲ ਜਾਂਦੀ ਹਾਂ। ਭੈਣ ਨੂੰ ਮਨਾਉਂਦੀ ਹਾਂ। ਪੰਜਾਂ ਸੱਤਾਂ ਦਿਨਾਂ ਦੇ ਅੰਦਰ ਅੰਦਰ ਵਿਆਹ ਹੋ ਜਾਵੇ ਤਾਂ ਆਉਂਦੇ ਇਨ੍ਹਾਂ ਦਿਨਾਂ ਨੂੰ ਮੈਂ ਪੁੱਤਰ ਦਾ ਮੂੰਹ ਦੇਖ ਲਵਾਂ। ਚੰਗੇ ਸਵਾਮੀ ਜੀ ਮੇਰੀ ਗੱਲ ਮੰਨੋ ਜਰੂਰ ਮੰਨੋ। ਮੈਂ ਤੁਸਾਂ ਦੇ ਪੈਰੀਂ ਪੈਂਦੀ ਹਾਂ। ਮੈਂ ਖ਼ੁਸ਼ ਰਹਾਂਗੀ, ਆਪ ਦੀ ਸੇਵਾ ਕਰਾਂਗੀ। ਸੁਧਰਮਾ ਨਾਂਹ ਨਰ ਕਰ ਸਕਿਆ। ਹੋਣੀ ਨੇ ਇਸ ਤਰ੍ਹਾਂ ਹੋਣਾ ਸੀ ਸੋ ਹੋ ਕੇ ਹੀ ਰਹਿਣਾ ਸੀ। ਇਕ ਸੰਜੋਗ ਦੀ ਗੱਲ, ਦੂਸਰਾ ਸੁਦੇਹਾ ਦਾ ਹਠ ਸੁਧਰਮੇ ਨੇ ਘੁਸਮਾ ਨਾਲ ਦੂਸਰਾ ਵਿਆਹ ਕਰ ਹੀ ਲਿਆ। ਘੁਸਮਾ ਸੁਧਰਮੇ ਦੇ ਘਰ ਆ ਗਈ। ਸੋਲ੍ਹਾਂ ਸਤਾਰ੍ਹਾਂ ਸਾਲਾਂ ਦੀ ਮੁਟਿਆਰ ਸੀ। ਕੁਦਰਤ ਦੇ ਰੰਗ ਸੁਧਰਮੇ ਦੇ ਘਰ ਆਉਣ ਦੇ ਮਹੀਨੇ ਪਿਛੋਂ ਉਸ ਦੀ ਕੁੱਖ ਹਰੀ ਹੋ ਗਈ। (ਗਰਭ ਠਹਿਰ ਗਿਆ) ਇਸ ਗੱਲ ਦਾ ਪਤਾ ਜਦੋਂ ਸੁਦੇਹਾ ਨੂੰ ਲੱਗਾ ਤਾਂ ਉਹ ਖ਼ੁਸ਼ੀ ਨਾਲ ਫੁਲ ਕੇ ਪਹਾੜ ਹੋ ਗਈ। ਉਹ ਆਪਣੀ ਛੋਟੀ ਭੈਣ ਦੀ ਬਹੁਤ ਸੇਵਾ ਤੇ ਸਤਿਕਾਰ ਕਰਨ ਲੱਗੀ।

ਘੁਸਮਾ ਦਾ ਸੁਭਾਅ ਸੁਦੇਹਾ ਨਾਲੋਂ ਵੱਖਰਾ ਸੀ। ਘੁਸਮਾ ਸੁਸ਼ੀਲ ਗੁਣਵੰਤੀ ਪ੍ਰਮਾਤਮਾ ਦੇ ਭੈਅ ਵਾਲੀ ਨਿਰਛਲ ਦੇਵੀ ਸੀ। ਉਹ ਸ਼ਿਵਸ਼ੰਕਰ ਭਗਵਾਨ ਦੀ ਉਪਾਸ਼ਕ ਸੀ। ਬਚਪਨ ਤੋਂ ਹੀ ਉਸਦਾ ਸੁਭਾਅ ਸੀ ਕਿ ਉਹ ਹਰ ਰੋਜ਼ ਇਕ ਸੌ ਇਕ (੧੦੧) ਮਿੱਟੀ ਦੇ ਸ਼ਿਵਲਿੰਗ ਬਣਾ ਕੇ ਪਿੰਡੋਂ ਬਾਹਰ ਜਲ ਵਿਚ ਪ੍ਰਵਾਹ ਆਇਆ ਕਰਦੀ ਸੀ ਜਦੋਂ ਸਹੁਰੇ ਘਰ ਗਈ ਤਾਂ ਵੀ ਉਸ ਨੇ ਇਹ

ਨਿਤਨੇਮ ਨਾ ਛਡਿਆ। ਸਵੇਰੇ ਉਠ ਕੇ ਇਸ਼ਨਾਨ ਕਰਦੀ ਘਰ ਦੇ ਕੰਮ ਤੋਂ ਵਿਹਲੀ ਹੋ ਕੇ ਇਕ ਸੌ ਇਕ ਸ਼ਿਵਲਿੰਗ ਤਿਆਰ ਕਰ ਕੇ ਤਲਾਬ ਵਿਚ ਛਡ ਆਉਂਦੀ। ਇਸ ਤਰ੍ਹਾਂ ਦੀ ਸ਼ਿਵਾਂ ਦੀ ਭਗਤੀ ਕਰਦੀ ਕਰਦੀ ਨੂੰ ਉਹ ਦਿਨ ਆ ਗਿਆ ਜਿਸ ਦਿਨ ਉਸ ਦੇ ਘਰ ਲੜਕਾ ਪੈਦਾ ਹੋਇਆ। ਲੜਕੇ ਦਾ ਮੂੰਹ ਦੇਖ ਕੇ ਸੁਧਰਮਾ ਤੇ ਸੁਦੇਹਾ ਬਹੁਤ ਅਨੰਦ ਪ੍ਰਸੰਨ ਸਨ। ਉਨ੍ਹਾਂ ਨੇ ਰੱਜ ਕੇ ਖ਼ੁਸ਼ੀਆਂ ਕੀਤੀਆਂ। ਸਾਰੇ ਨਗਰ ਵਾਸੀਆਂ ਨੂੰ ਭੋਜਨ ਛਕਾਇਆ।

ਹੌਲੀ ਹੌਲੀ ਲੜਕਾ ਜਵਾਨ ਹੋਇਆ। ਉਸ ਦਾ ਵਿਆਹ ਕੀਤਾ। ਨੂੰਹ ਘਰ ਆ ਗਈ। ਕੁਦਰਤ ਨੇ ਇਕ ਹੋਰ ਖੇਡ ਰਚ ਦਿਤੀ। ਸੁਦੇਹਾ ਦੇ ਮਨ ਵਿਚ ਈਰਖਾ ਤੇ ਘਿਰਣਾ ਆ ਗਈ। ਉਸ ਦੀ ਆਤਮਾ ਉਤੇ ਵੈਰ ਨੇ ਦਬਾ ਪਾ ਲਿਆ। ਉਸ ਨੇ ਇਕ ਦਿਨ ਇਹ ਅਨੁਭਵ ਕੀਤਾ ਕਿ ਕਿੰਨੀ ਮੰਦ-ਕਰਮਨ ਹਾਂ ਮੇਰੇ ਪੁੱਤਰ ਨਹੀਂ ਹੋਇਆ। ਘੁਸਮਾ ਦੇ ਪੁੱਤਰ ਵੀ ਹੋ ਗਿਆ। ਉਹ ਨੂੰਹ ਵਾਲੀ ਹੋ ਗਈ। ਮੇਰਾ ਪਤੀ ਹੁਣ ਉਸ ਦੇ ਨਾਲ ਬਹੁਤ ਪਿਆਰ ਕਰਦਾ ਹੈ। ਪਰ ਮੇਰੇ ਨਾਲ ਨਹੀਂ ਕਰਦਾ। ਮੈਂ ਬੁਢਜ਼ੀ ਹੋ ਰਹੀ ਹਾਂ। ਘੁਸਮਾ ਜਵਾਨੀ ਦੀ ਦੁਪਹਿਰ ਵਿਚ ਹੈ। ਸਾਰੇ ਸੁਖ ਘੁਸਮਾ ਕਿਉਂ ਮਾਣੇ ? ਕਿਉਂ ਨਾ ਮੈਂ ਇਸ ਨੂੰ ਵੀ ਦੁਖੀ ਕਰ ਦੇਵਾਂ। ਇਸ ਵਿਚਾਰ ਨੇ ਉਸ ਦੇ ਮਨ ਨੂੰ ਚੰਡਾਲ ਬਣਾ ਦਿਤਾ। ਉਸਨੇ ਬਿਨਾਂ ਝਿਜਕ ਦੇ ਘੁਸਮਾ ਦੇ ਪੁੱਤਰ ਦਾ ਸਿਰ ਵੱਢ ਸੁਟਿਆ। ਧੜ ਤੇ ਸਿਰ ਚੁੱਕ ਕੇ ਰਾਤੋ ਰਾਤ ਉਸ ਤਲਾਬ ਵਿਚ ਸੁਟ ਆਈ ਜਿਥੇ ਘੁਸਮਾ ਇਕ ਸੌ ਇਕ ਸ਼ਿਵਲਿੰਗ ਤਾਰਨ ਜਾਇਆ ਕਰਦੀ ਸੀ। ਇਸ ਮਾਮਲੇ ਦਾ ਪਤਾ ਨਾ ਘੁਸਮਾ ਨੂੰ ਲੱਗਾ ਤੇ ਨਾ ਸੁਧਰਮੇ ਨੂੰ। ਰਾਤੋ ਰਾਤ ਤਲਾਬ ਵਿਚ ਸੁੱਟ ਕੇ ਉਹ ਆਪਣੀ ਮੰਜੀ ਉਤੇ ਆ ਸੁੱਤੀ।

ਸਵੇਰ ਹੋਈ ਘੁਸਮਾ ਉਠੀ ਇਸ਼ਨਾਨ ਕੀਤਾ। ਪੁੱਤਰ ਸੁਤੇ ਨੂੰ ਜਗਾਉਣ ਗਈ ਤਾਂ ਕੀ ਦੇਖਦੀ ਹੈ ਕਿ ਉਸ ਦਾ ਪੁੱਤਰ ਮੰਜੀ ਉਤੇ ਨਹੀਂ। ਪਰ ਬਿਸਤਰਾ ਲਹੂ ਨਾਲ ਰੰਗਿਆ ਹੋਇਆ ਹੈ। ਉਸ ਨੇ ਹੌਕਾ ਨਹੀਂ ਭਰਿਆ। ਪੁੱਤਰ ਨੂੰ ਭਾਲਣ ਦਾ ਯਤਨ ਨਹੀਂ ਕੀਤਾ। ਚੁਪ ਚਾਪ ਬਾਹਰ ਚਲੀ ਗਈ ਤੇ ਨਿਤ ਕਰਮ ਅਨੁਸਾਰ ੧੦੧ ਸ਼ਿਵਲਿੰਗ ਮਿੱਟੀ ਦਾ ਤਿਆਰ ਕੀਤਾ। ਸਰੋਵਰ ਵਿਚ ਤਾਰਨ ਵਾਸਤੇ ਗਈ। ਜਦੋਂ (ਸਰੋਵਰ) ਵਿਚ ਸ਼ਿਵਲਿੰਗ ਤਾਰੇ ਤਾਂ ਕੀ ਦੇਖਦੀ ਹੈ ਕਿ ਉਸ ਦਾ ਪੁੱਤਰ ਸਰੋਵਰ ਵਿਚੋਂ ਨਿਕਲਿਆ ਜਿਵੇਂ ਕੋਈ ਪੁਰਸ਼ ਇਸ਼ਨਾਨ

ਕਰਕੇ ਨਿਕਲਦਾ ਹੈ। ਉਸ ਦੇ ਪੁੱਤਰ ਨੇ ਬਾਹਰ ਨਿਕਲ ਕੇ ਮਾਤਾ ਦੇ ਚਰਨਾਂ ਉਪਰ ਮੱਥਾ ਟੇਕਿਆ। ਮਾਤਾ ਨੇ ਪਿਆਰ ਤੇ ਅਸੀਸ ਦਿੱਤੀ।

ਘੁਸਮਾ ਨੂੰ ਉਸ ਦੇ ਪੁੱਤਰ ਨੇ ਆਖਿਆ—'ਮਾਤਾ ਜੀ! ਮਾਸੀ ਨੇ ਮੈਨੂੰ ਮਾਰ ਕੇ ਇਸ ਸਰੋਵਰ ਵਿਚ ਸੁੱਟ ਦਿੱਤਾ ਸੀ। ਭਗਵਾਨ ਸ਼ਿਵ ਨੇ ਬਚਾਅ ਲਿਆ ਹੈ। ਮੁੜ ਸੁਰਜੀਤ ਕਰ ਦਿੱਤਾ ਹੈ।'

ਘੁਸਮਾ ਨੇ ਕੋਈ ਉੱਤਰ ਨਾ ਦਿਤਾ। ਉਸ ਨੇ ਮਨ ਹੀ ਮਨ ਭਗਵਾਨ ਸ਼ਿਵਾਂ ਦੀ ਅਰਾਧਨਾ ਕੀਤੀ ਤੇ ਉਸ ਦਾ ਧੰਨਵਾਦ ਕੀਤਾ। ਉਸ ਦੇ ਨੇਕ ਤੇ ਨਿਰਵੈਰ ਸੁਭਾਅ ਨੂੰ ਦੇਖ ਕੇ ਸ਼ਿਵਜੀ ਪ੍ਰਸੰਨ ਹੋ ਗਏ। ਉਹ ਪ੍ਰਗਟ ਹੋਏ। ਉਨ੍ਹਾਂ ਨੇ ਘੁਸਮਾ ਦੇ ਪੁੱਤਰ ਦੇ ਸਿਰ ਤੇ ਹੱਥ ਰਖਿਆ। ਘੁਸਮਾ ਚਰਨਾਂ ਤੇ ਡਿਗੀ। ਸ਼ਿਵ ਜੀ ਕ੍ਰੋਧਵਾਨ ਹੋ ਕੇ ਸੁਦੇਹਾ ਨੂੰ ਤ੍ਰਿਸ਼ੂਲ ਨਾਲ ਮਾਰਨ ਲਗੇ ਸਨ ਕਿ ਘੁਸਮਾ ਨੇ ਤਰਲਾ ਕੀਤਾ—'ਹੇ ਭਗਵਾਨ! ਇਹ ਨਾ ਕਰਨਾ, ਮੇਰੀ ਵੱਡੀ ਭੈਣ ਹੈ। ਮੈਂ ਮਾਤਾ ਦੀ ਤਰ੍ਹਾਂ ਇਸ ਦਾ ਸਤਿਕਾਰ ਕਰਦੀ ਹਾਂ। ਇਸ ਨੇ ਪਾਪ ਕੀਤਾ ਹੈ ਇਸ ਭੁੱਲ ਨੂੰ ਅਨੁਭਵ ਕਰ ਕੇ ਉਸ ਦਾ ਹਿਰਦਾ ਹੁਣ ਪਛਤਾ ਰਿਹਾ ਹੋਵੇਗਾ। ਨਾਲ ਹੀ ਈਰਖਾ ਤੇ ਥੁੜ ਦੇ ਕਾਰਨ ਕੀਤਾ ਹੈ ਜੇ ਭਗਵਾਨ ਨੇ ਉਸ ਦੀ ਕੁਖ ਹਰੀ ਕੀਤੀ ਹੋਈ ਹੁੰਦੀ ਤਾਂ ਉਹ ਕਿਉਂ ਈਰਖਾ ਕਰਦੀ। ਉਸ ਨੂੰ ਪੁੱਤਰ ਨਾਲ ਪਿਆਰ ਕਰਨ ਤੇ ਆਪਣੇ ਨਾਮ ਨੂੰ ਅਮਰ ਰੱਖਣ ਦੀ ਭੁੱਖ ਹੈ। ਇਹ ਪਾਪ ਕਰਮ ਮਜਬੂਰੀ ਨਾਲ ਹੋਇਆ ਹੈ। ਜੋ ਮਜਬੂਰੀ ਕਾਰਨ ਹੋਵੇ ਉਸ ਦੀ ਸਜ਼ਾ ਨਹੀਂ ਹੋ ਸਕਦੀ। ਖਿਮਾਂ ਕਰੋ ਮੇਰੇ ਬਦਲੇ ਖਿਮਾਂ ਕਰੋ। ਹੇ ਭਗਵਾਨ! ਸਗੋਂ ਮੈਂ ਤਾਂ ਆਖਦੀ ਹਾਂ ਆਪ ਜਗਤ ਕਰਤਾ ਰੱਖਯਕ ਸਭ ਕੁਝ ਹੋ ਉਸ ਨੂੰ ਪੁਤ੍ਰ ਬਖ਼ਸ਼ੋ। ਉਸ ਦਾ ਮਨ ਸ਼ਾਂਤ ਹੋ ਜਾਵੇ। ਉਹ ਪਾਪ ਕਰਮ ਚਿਤਵੇ ਨਾ।'

ਭਗਵਾਨ ਸ਼ਿਵਸ਼ੰਕਰ ਇਹ ਤਰਲਾ ਸੁਣ ਕੇ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਆਪਣੀ ਸ਼ਕਤੀ ਨਾਲ ਸੁਦੇਹਾ ਦਾ ਤਨ ਨਵਾਂ ਤੇ ਅਰੋਗ ਕਰ ਦਿਤਾ। ਉਹ ਘੁਸਮਾ ਨਾਲੋਂ ਵੀ ਛੋਟੀ ਪ੍ਰਤੀਤ ਹੋਣ ਲਗੀ। ਨਾਲ ਹੀ ਵਰ ਦਿਤਾ—'ਤੇਰੇ ਘਰ ਦੋ ਪੁੱਤਰ ਹੋਣਗੇ।' ਇਹ ਵਰ ਦੇ ਕੇ ਜਾਂ ਭਗਵਾਨ ਅਲੋਪ ਹੋਣ ਲਗੇ ਤਾ ਘੁਸਮਾ ਨੇ ਅੰਤਮ ਬਿਨੈ ਕੀਤੀ—'ਹੇ ਭਗਵਾਨ! ਕਲਜੁਗੀ ਜੀਵਾਂ ਨੂੰ ਤਾਰਨ ਵਾਸਤੇ ਜੋਤੀ ਲਿੰਗ ਸਰੂਪ ਵਿਚ ਇਥੇ ਰਹੋ ਮੈਂ ਵੀ ਦਰਸ਼ਨ ਕਰ ਜਾਇਆ

ਕਰਾਂਗੀ ।' ਭਗਵਾਨ ਜੀ ਨੇ ਨਿਰਮਲ ਆਤਮਾ ਘੁਸਮਾ ਦੀ ਇਹ ਪ੍ਰਾਰਥਨਾ ਵੀ ਮੰਨ ਲਈ । ਜੋਤੀ ਲਿੰਗ ਵਿਚ ਰਹਿਣਾ ਪ੍ਰਵਾਨ ਕਰ ਲਿਆ ਉਸ ਜੋਤੀ ਲਿੰਗ ਦਾ ਨਾਮ ਘੁਸਮੇਸ਼ਵਰ ਪਿਆ । ਜਿਸ ਦਾ ਅਰਥ ਇਹ ਹੈ ਕਿ ਘੁਸਮਾ ਦਾ ਵੱਡਾ ਪ੍ਰਮੇਸ਼ਰ ।

ਉਪਰਲੇ ਬਾਰ੍ਹਾਂ ਤੀਰਥਾਂ ਦੀ ਪੂਜਾ ਨੂੰ ਗੁਰਮਤਿ ਨਹੀਂ ਮੰਨਦੀ ਗੁਰਮਤਿ ਨਾਮ ਸਿਮਰਨ ਉਤੇ ਭਰੋਸਾ ਰਖਦੀ ਹੈ ।

# ੧੦੦. ਜਨਮੇਜੇ ਦਾ ਕੋਹੜ ਨਾਲ ਮਰਨਾ

*ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥*
*ਤਿਨ੍ਹਿ ਕਰਿ ਜੁਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥੪॥ (ਪ੍ਰਭਾਤੀ ਮ: ੧)*

ਪ੍ਰਮਾਰਥ—ਰਾਜੇ ਜਨਮੇਜੇ ਨੂੰ ਬਿਆਸ ਨੇ ਸਿਖਿਆ ਦੇ ਕੇ ਬਹੁਤ ਪੜ੍ਹਾਇਆ ਹੁਸ਼ਿਆਰ ਕੀਤਾ, ਪਰ ਹੋਣੀ ਹੋ ਕੇ ਰਹਿੰਦੀ ਹੈ । ਭਾਵ ਅਟੱਲ ਹੈ, ਪੂਰੀ ਕਥਾ ਇਸ ਤਰ੍ਹਾਂ ਹੈ—ਰਾਜਾ ਜਨਮੇਜਾ ਬਿਆਸ ਰਿਖੀ ਕੋਲੋਂ ਧਾਰਮਿਕ ਕਥਾ ਅਤੇ ਇਤਿਹਾਸ ਸੁਣਿਆ ਕਰਦਾ ਸੀ । ਜਨਮੇਜਾ ਆਪਣੇ ਆਪ ਨੂੰ ਬਹੁਤ ਸਮਝਦਾਰ ਗਿਣਦਾ ਸੀ । ਕਥਾ ਸੁਣਦਿਆਂ ਸੁਣਦਿਆਂ ਉਸ ਨੇ ਸ੍ਰੀ ਕ੍ਰਿਸ਼ਨ ਜੀ ਦੀ ਆਤਮਿਕ ਸ਼ਕਤੀ ਉਤੇ ਸ਼ੱਕ ਕੀਤਾ । ਉਸ ਨੇ ਬਿਆਸ ਕੋਲੋਂ ਪੁਛਿਆ—'ਹੇ ਰਿਖੀ ਜੀ ! ਆਪ ਬਹੁਤ ਸਿਆਣੇ ਤੇ ਤ੍ਰੈਕਾਲ ਦਰਸ਼ੀ ਜੇ, ਪਰ ਮੇਰਾ ਸ਼ੰਕਾ ਹੈ ਕਿ ਜੇ ਸ੍ਰੀ ਕ੍ਰਿਸ਼ਨ ਜੀ ਖ਼ੁਦ ਭਗਵਾਨ ਸਨ ਉਹ ਰਿਧੀਆਂ ਸਿਧੀਆਂ ਦੇ ਮਾਲਕ ਤੇ ਬ੍ਰਹਮ ਸਨ ਤਾਂ ਉਨ੍ਹਾਂ ਦੇ ਹੁੰਦਿਆਂ ਹੋਇਆਂ ਪੰਜਾਂ ਪਾਂਡਵਾਂ ਨੂੰ ਤਕਲੀਫ਼ਾਂ ਕਿਉਂ ਹੋਈਆਂ । ਜੇ ਉਹ ਅੰਤਰਜਾਮੀ ਸਨ ਤਾਂ ਉਨ੍ਹਾਂ ਪਾਂਡਵਾਂ ਨੂੰ ਜੂਆ ਖੇਡਣ ਤੋਂ ਕਿਉਂ ਨਾ ਰੋਕਿਆ ? ਮੈਂ ਹੈਰਾਨ ਹਾਂ ਪ੍ਰਮੇਸ਼ਰ ਜਿਸ ਦਾ ਸਹਾਇਕ ਹੋਵੇ ਉਸ ਨੂੰ ਦੁੱਖ ਕਿਉਂ ਹੋਵੇ ?'

ਬਿਆਸ ਬੋਲੇ—'ਹੇ ਰਾਜਨ ! ਇਹ ਠੀਕ ਹੈ ਸ੍ਰੀ ਕ੍ਰਿਸ਼ਨ ਜੀ ਆਪ ਪ੍ਰਮੇਸ਼ਰ ਸਨ, ਇਹ ਵੀ ਠੀਕ ਹੈ ਕਿ ਉਹ ਪੰਜਾਂ ਪਾਂਡਵਾਂ ਦੀ ਸਹਾਇਤਾ ਕਰਦੇ ਸਨ । ਦਰੋਪਤੀ ਦੀ ਲਾਜ ਉਨ੍ਹਾਂ ਰੱਖੀ ਸੀ, ਪਰ ਹੋਣੀ ਹੋ ਕੇ ਰਹਿੰਦੀ ਹੈ । ਜੋ ਕਰਮ ਰੇਖਾ ਹੈ ਇਹ ਮਿਟਦੀ ਨਹੀਂ । ਭਾਵੀ ਨੂੰ ਰੋਕਣ ਵਾਲਾ ਕੋਈ ਨਹੀਂ । ਭਾਵੀ ਕਈ ਵਾਰ ਖ਼ੁਦ ਅਵਤਾਰਾਂ ਉਤੇ ਵੀ ਵਾਪਰ ਜਾਂਦੀ ਹੈ ।'

ਜਨਮੇਜਾ—'ਮੈਂ ਇਹ ਸਮਝਦਾ ਹਾਂ ਕਿ ਜੇ ਮਨੁਖ ਨੂੰ ਗਿਆਨ ਹੋਵੇ ਉਹ

ਕਦੀ ਭੁੱਲ ਨਹੀਂ ਕਰ ਸਕਦਾ। ਜੇ ਮੈਂ ਦੇਖਾਂ ਅਗੇ ਖੂਹ ਹੈ। ਉਸ ਵਿਚ ਡਿੱਗ ਕੇ ਡੁੱਬ ਮਰਾਂਗਾ। ਮੈਂ ਕਦੀ ਖੂਹ ਦੇ ਲਾਗੇ ਨਹੀਂ ਜਾਵਾਂਗਾ। ਅੱਗ ਨੂੰ ਫੜਨ ਵਾਸਤੇ ਸਿਆਣਾ ਪੁਰਸ਼ ਕਦੀ ਹੱਥ ਅਗੇ ਨਹੀਂ ਵਧਾਉਂਦਾ। ਮੈਂ ਆਖਦਾ ਹਾਂ .ਕ ਜੇ ਸ੍ਰੀ ਕ੍ਰਿਸ਼ਨ ਜੀ ਪਾਂਡਵਾਂ ਨੂੰ ਉਨ੍ਹਾਂ ਦੇ ਭਵਿਖਤ ਜੀਵਨ ਬਾਰੇ ਦਸ ਦੇਂਦੇ ਤਾਂ ਉਨ੍ਹਾਂ ਕੋਲੋਂ ਐਨੀਆਂ ਭੁਲਾਂ ਨਹੀਂ ਸੀ ਹੋਣੀਆਂ। ਮਨੁੱਖ ਫਿਰ ਵੀ ਪਸ਼ੂ ਨਾਲੋਂ ਸੂਝ ਬੂਝ ਰੱਖਦਾ ਹੈ।'

ਬਿਆਸ ਤ੍ਰੈਕਾਲ ਦਰਸ਼ੀ ਸੀ। ਉਸ ਨੂੰ ਜਨਮ ਜਨਮ ਤੇ ਘੜੀ ਪਲ ਦੇ ਜੀਵਨ ਦਾ ਗਿਆਨ ਸੀ, ਉਹ ਰਾਜੇ ਜਨਮੇਜਾ ਨੂੰ ਆਖਣ ਲੱਗਾ—'ਹੇ ਰਾਜਨ! ਸੁਣ ਤੇਰੇ ਭਵਿਖਤ ਜੀਵਨ ਬਾਰੇ ਮੈਂ ਤੈਨੂੰ ਦਸਦਾ ਹਾਂ ਕਿ ਤੇਰੀ ਮੌਤ ਕੋਹੜ ਹੋਣ ਨਾਲ ਹੋਵੇਗੀ। ਤੂੰ ਬਹੁਤ ਦੁਖੀ ਹੋ ਕੇ ਮਰੇਂਗਾ।'

ਜਨਮੇਜਾ—(ਹੈਰਾਨ ਹੋ ਕੇ) 'ਮੈਨੂੰ ਕੋਹੜ ਕਿਉਂ ਹੋਵੇਗਾ? ਮੈਂ ਕੀ ਪਾਪ ਕੀਤਾ ਹੈ?'

ਬਿਆਸ—(ਹੱਸ ਕੇ) 'ਪਾਪ ਕੀਤਾ ਨਹੀਂ ਕਰੇਂਗਾ। ਭਾਵੀ ਵਿਚ ਹੈ। ਕਰਮ ਵਿਚ ਲਿਖਿਆ ਹੈ। ਗਿਆਨ ਕਰਾਉਣ ਉਤੇ ਨਹੀਂ ਸਮਝੇਂਗਾ।'

ਜਨਮੇਜਾ—'ਇਹ ਕਦੀ ਹੋ ਸਕਦਾ ਹੈ ਕਿ ਮੈਨੂੰ ਮੇਰੇ ਜੀਵਨ ਦੇ ਖ਼ਤਰਿਆਂ ਦਾ ਗਿਆਨ ਹੋ ਜਾਵੇ ਤੇ ਮੈਂ ਫਿਰ ਭੁੱਲ ਕਰਾਂ। ਮੈਂ ਕਦੀ ਭੁੱਲ ਨਹੀਂ ਸਕਦਾ।'

ਬਿਆਸ—'ਆਪ ਦਾ ਇਹ ਕਹਿਣਾ ਵੀ ਭੁੱਲ ਹੈ। ਮਨੁੱਖ ਨੂੰ ਕਦੀ ਕਿਸੇ ਗੱਲ ਦਾ ਹੰਕਾਰ ਨਹੀਂ ਕਰਨਾ ਚਾਹੀਦਾ। ਹੰਕਾਰ ਭੈੜਾ ਹੈ। ਪ੍ਰਮਾਤਮਾ ਨੂੰ ਵੀ ਨਹੀਂ ਭਾਉਂਦਾ।'

ਜਨਮੇਜਾ—'ਮੈਂ ਤਾਂ ਹੰਕਾਰ ਨਹੀਂ ਕਰਦਾ। ਮੈਂ ਤਾਂ ਸਰਸਰੀ ਆਪਣੀ ਸਮਝ ਦੀ ਗੱਲ ਕਰਦਾ ਹਾਂ ਕਿ ਮੇਰੇ ਜੀਵਨ ਬਾਰੇ ਮੈਨੂੰ ਪਤਾ ਲਗ ਜਾਵੇ ਤਾਂ ਮੈਂ ਖ਼ਤਰਿਆਂ ਦੇ ਮੋੜ ਤੋਂ ਬਚਣ ਦਾ ਜ਼ਰੂਰ ਯਤਨ ਕਰਾਂਗਾ।'

ਬਿਆਸ—'ਸੁਣੋ ਰਾਜਨ! ਇਕ ਸਮਾਂ ਆਵੇਗਾ ਤੁਸੀਂ ਇਕ ਸੁੰਦਰ ਰਾਜ ਕੁਮਾਰੀ ਨੂੰ ਪਹਿਲਾਂ ਦਾਸੀ ਬਣਾਓਗੇ। ਦਾਸੀ ਦੀ ਸੁੰਦਰਤਾ ਤੇ ਜਵਾਨੀ ਉਤੇ ਲਟੂ ਹੋ ਕੇ ਅਣਵਿਆਹਿਆਂ ਹੀ ਤੁਸੀਂ ਉਸ ਨੂੰ ਰਾਣੀ ਬਣਾ ਲਵੋਗੇ। ਦੂਜੀਆਂ ਰਾਣੀਆਂ ਨੂੰ ਭੁੱਲ ਜਾਵੋਗੇ। ਉਸ ਨਾਲ ਪਿਆਰ ਕਰੋਗੇ। ਇਕ ਦਿਨ ਘੋੜੀ ਉਤੇ ਸਵਾਰ ਹੋ ਕੇ ਸ਼ਿਕਾਰ ਖੇਡਣ ਜਾਵੋਗੇ। ਸਰੋਵਰ ਦੇ ਕਿਨਾਰੇ ਘੋੜੀ ਨੂੰ

ਬੰਨ੍ਹ ਕੇ ਸੌਂ ਜਾਵੋਗੇ। ਜਦੋਂ ਤੁਸੀਂ ਸੁਤੇ ਹੋਏ ਹੋਵੋਗੇ ਤਾਂ ਪਾਣੀ ਵਿਚੋਂ ਇਕ ਘੋੜਾ ਨਿਕਲੇਗਾ ਉਸ ਘੋੜੇ ਰਾਹੀਂ ਤੁਸਾਂ ਦੀ ਘੋੜੀ ਮਿਲ ਜਾਵੇਗੀ। ਘੋੜੀ ਦੇ ਮਿਲਣ ਪਿਛੋਂ ਘੋੜਾ ਫਿਰ ਸਰੋਵਰ ਵਿਚ ਅਲੋਪ ਹੋ ਜਾਵੇਗਾ। ਦਿਨ ਪਾ ਕੇ ਘੋੜੀ ਸੂਏਗੀ। ਉਸ ਘੋੜੀ ਦੇ ਪੇਟੋਂ ਸਿਆਹ ਰੰਗ ਦਾ ਬੱਚਾ ਪੈਦਾ ਹੋਵੇਗਾ। ਉਸ ਘੋੜੇ ਨੂੰ ਆਪ ਪਿਆਰ ਨਾਲ ਪਾਲੋਗੇ। ਜਦੋਂ ਉਹ ਜਵਾਨ ਹੋਵੇਗਾ ਤਾਂ ਅਸ੍ਵਮੇਧ ਯੱਗ ਕਰੋਗੇ, ਉਸ ਯੱਗ ਸਮੇਂ ਦਾਸੀ ਰਾਣੀ ਤੁਸਾਂ ਦੇ ਕੋਲ ਆਵੇਗੀ। ਉਸ ਨੇ ਹਲਕੇ ਲੀੜੇ ਪਾਏ ਹੋਣਗੇ। ਉਹ ਸਭਾ ਵਿਚ ਨੰਗੀ ਹੋ ਜਾਵੇਗੀ। ਉਸ ਨੂੰ ਦੇਖ ਕੇ ਬ੍ਰਾਹਮਣ ਲੜਕੇ ਹੱਸ ਪੈਣਗੇ। ਆਪ ਗੁੱਸੇ ਵਿਚ ਆ ਕੇ ਬ੍ਰਾਹਮਣਾਂ ਨੂੰ ਮਾਰ ਸੁਟੋਗੇ। ਬ੍ਰਹਮ ਹੱਤਿਆ ਦੇ ਕਾਰਨ ਆਪ ਦੇ ਸਰੀਰ ਨੂੰ ਕੋਹੜ ਹੋ ਜਾਵੇਗਾ। ਉਸ ਕੋਹੜ ਹਟਾਉਣ ਬਦਲੇ ਤੁਸਾਂ ਨੂੰ ਯੱਗ ਕਰਨਾ ਪਵੇਗਾ। ਮਹਾਂਭਾਰਤ ਦੀ ਕਥਾ ਸੁਣੋਗੇ। ਕਥਾ ਸੁਣਦਿਆਂ ਸੁਣਦਿਆਂ ਇਕ ਸਮਾਂ ਆਵੇਗਾ ਕਿ ਜਦੋਂ ਨੱਕ ਚੜ੍ਹਾ ਕੇ ਕਥਾ ਉਤੇ ਕਿੰਤੂ ਕਰੋਗੇ। ਉਸ ਕਿੰਤੂ ਦੇ ਨੱਕ ਚੜ੍ਹਾਉਣ ਦੇ ਕਾਰਨ ਨੱਕ ਉਤੇ ਕੋਹੜ ਰਹਿ ਜਾਵੇਗਾ। ਉਸ ਕੋਹੜ ਨਾਲ ਮਰੋਗੇ। ਇਹ ਭਾਵੀ ਅਟੱਲ ਹੈ ਹੋਣੀ ਹੋ ਕੇ ਰਹੇਗੀ। ਭਾਵੇਂ ਤੁਸੀਂ ਲੱਖ ਯਤਨ ਕਰੋ।'

ਜਨਮੇਜਾ—'ਮੈਂ ਆਪ ਕੋਲੋਂ ਸਭ ਕੁਝ ਸੁਣ ਲਿਆ ਹੈ। ਨਾ ਮੈਂ ਦਾਸੀ ਨਾਲ ਪਿਆਰ ਕਰਾਂਗਾ। ਨਾ ਘੋੜੀ ਉਤੇ ਚੜ੍ਹ ਕੇ ਦੱਖਣ ਵੱਲ ਸ਼ਿਕਾਰ ਨੂੰ ਹੀ ਜਾਵਾਂਗਾ ਜੇ ਜਾਵਾਂਗਾ ਤਾਂ ਪਾਣੀ ਕਿਨਾਰੇ ਘੋੜੀ ਨਹੀਂ ਬੰਨ੍ਹਾਂਗਾ, ਜੇ ਜਗ ਕਰਾਂਗਾ ਤਾਂ ਦਾਸੀ ਰਾਣੀ ਕੋਲ ਨਹੀਂ ਸੱਦਾਂਗਾ, ਜੇ ਆ ਵੀ ਜਾਵੇ ਤਾਂ ਉਸ ਦੇ ਨੰਗੀ ਹੋਣ ਤੇ ਮੈਂ ਕਰੋਧ ਨਹੀਂ ਕਰਾਂਗਾ। ਨਾ ਕਰੋਧ ਵਿਚ ਆ ਕੇ ਬ੍ਰਾਹਮਣਾਂ ਨੂੰ ਮਾਰਾਂਗਾ। ਜੇ ਸਭ ਕੁਛ ਹੋ ਵੀ ਜਾਵੇ ਤਾਂ ਕਥਾ ਸੁਣਨ ਵੇਲੇ ਮੈਂ ਨਾ ਕਥਾ ਉਤੇ ਕਿੰਤੂ ਕਰਾਂਗਾ ਤੇ ਨਾ ਨੱਕ ਚੜ੍ਹਾਵਾਂਗਾ ਕਿਉਂਕਿ ਮੈਨੂੰ ਗਿਆਨ ਹੋ ਗਿਆ ਹੈ ਕਿ ਇਹ ਮੋੜ ਖ਼ਤਰੇ ਵਾਲੇ ਹਨ। ਇਨ੍ਹਾਂ ਤੋਂ ਬਚਾਂਗਾ।'

ਬਿਆਸ—'ਮੈਂ ਵੀ ਇਹੋ ਚਾਹੁੰਦਾ ਹਾਂ ਤੁਸੀਂ ਬਚੋ, ਪਰ ਬਚਣਾ ਔਖਾ ਹੈ। ਹੱਛਾ ਭਗਵਾਨ ਨੂੰ ਜੋ ਭਾਵੇ।'

ਕੁਝ ਸਮਾਂ ਬੀਤ ਗਿਆ। ਬਿਆਸ ਜੀ ਕਥਾ ਕਰ ਕੇ ਤੁਰ ਗਏ। ਰਾਜੇ ਜਨਮੇਜੇ ਦੇ ਜੀਵਨ ਵਿਚ ਖ਼ਤਰੇ ਵਾਲੇ ਮੋੜ ਆਰੰਭ ਹੋ ਗਏ। ਭਾਵੀ ਨੇ ਰਾਜੇ ਜਨਮੇਜੇ ਨੂੰ ਭੁਲਾ ਦਿਤਾ ਕਿ ਬਿਆਸ ਨੇ ਉਸ ਨੂੰ ਕਿਸੇ ਖ਼ਤਰੇ ਦਾ ਗਿਆਨ

ਕਰਾਇਆ ਸੀ ।

ਜਨਮੇਜਾ ਜਿੰਨਾ ਸਿਆਣਾ ਸੀ ਉਤਨਾ ਹੀ ਕਾਮੀ ਸੀ । ਉਸ ਨੂੰ ਪਤਾ ਲੱਗਾ ਕਿ ਕਾਂਸ਼ੀ ਦੇ ਰਾਜੇ ਦੀਆਂ ਦੋ ਸੁੰਦਰ ਰਾਜਕੁਮਾਰੀਆਂ ਹਨ । ਉਨ੍ਹਾਂ ਦੇ ਰੂਪ ਦੀ ਸੋਭਾ ਸੁਣ ਕੇ ਰਾਜੇ ਨੇ ਕਾਂਸ਼ੀ ਦੇ ਨਰੇਸ਼ ਉਤੇ ਹਮਲਾ ਕਰ ਦਿੱਤਾ। ਰਾਜੇ ਨੂੰ ਜਦੋਂ ਲੜਾਈ ਦੇ ਕਾਰਨ ਦਾ ਪਤਾ ਲੱਗਾ ਤਾਂ ਉਸ ਨੇ ਝਟ ਹੀ ਸੁਲਾਹ ਕਰ ਲਈ । ਆਪਣੀਆਂ ਦੋਹਾਂ ਰਾਜਕੁਮਾਰੀਆਂ ਦਾ ਰਾਜੇ ਨਾਲ ਵਿਆਹ ਕਰ ਦਿੱਤਾ । ਉਨ੍ਹਾਂ ਰਾਜਕੁਮਾਰੀਆਂ ਦੇ ਨਾਲ ਇਕ ਦਾਸੀ ਆ ਗਈ । ਉਹ ਬਹੁਤ ਸੁੰਦਰ ਤੇ ਜਵਾਨ ਸੀ । ਰਾਜਾ ਉਸ ਦੇ ਰੂਪ ਤੇ ਭੁਲ ਗਿਆ । ਉਸ ਦਾਸੀ ਨਾਲ ਪਿਆਰ ਕਰਨ ਲਗ ਪਿਆ, ਜੋ ਬਿਆਸ ਨੇ ਗੱਲਾਂ ਦੱਸੀਆਂ ਸੀ ਉਨ੍ਹਾਂ ਵਿਚੋਂ ਪਹਿਲੀ ਗੱਲ ਪੂਰੀ ਹੋ ਗਈ । ਉਸ ਰਾਜੇ ਨੇ ਦਾਸੀ ਅਣਵਿਆਹੀ ਨੂੰ ਰਾਣੀ ਤੋਂ ਪਟਰਾਣੀ ਬਣਾ ਦਿੱਤਾ ।

ਇਸੇ ਭਾਵ ਨੂੰ ਲੈ ਕੇ ਗੁਰੂ ਜੀ ਨੇ ਫ਼ੁਰਮਾਇਆ ਹੈ—

ਰੋਵੈ ਜਨਮੇਜਾ ਖੁਇ ਗਇਆ ॥ ਏਕੀ ਕਾਰਣਿ ਪਾਪੀ ਭਇਆ ॥

ਜਨਮੇਜਾ ਰੋਣ ਲੱਗਾ ਕਿ ਉਸ ਨੂੰ ਪਤਾ ਨਹੀਂ ਲਗਦਾ ਕਿ ਉਹ ਕਿਉਂ ਪਾਪੀ ਹੋਇਆ ਹੈ ? ਕਿਵੇਂ ਪਾਪੀ ਹੋਇਆ ਅਗੇ ਕਥਾ ਇਉਂ ਹੈ—

ਰਾਜ ਮਹਿਲਾਂ ਵਿਚ ਦਾਸੀ ਦਾ ਬੋਲ ਬਾਲਾ ਹੋ ਗਿਆ । ਉਹ ਰਾਣੀਆਂ ਨਾਲੋਂ ਚੰਗਾ ਖਾਣ ਤੇ ਚੰਗਾ ਹੰਢਾਉਣ ਲਗੀ । ਉਹ ਕੰਮ ਨੂੰ ਹੱਥ ਨਾ ਲਾਉਂਦੀ ਸਗੋਂ ਰਾਣੀਆਂ ਉਸ ਦੀ ਸੇਵਾ ਕਰਨ ਲਗੀਆਂ । ਦਾਸੀ ਰੋਜ਼ ਰਾਤ ਨੂੰ ਰਾਜੇ ਦੀ ਸੇਜ ਉਤੇ ਸੌਣ ਲਗੀ, ਜਿਨ੍ਹਾਂ ਰਾਜਕੁਮਾਰੀਆਂ ਦੀ ਦਾਸੀ ਬਣ ਕੇ ਨਾਲ ਆਈ ਸੀ, ਉਹ ਰਾਜਕੁਮਾਰੀਆਂ ਦਾਸੀਆਂ ਵਰਗੀਆਂ ਹੋ ਗਈਆਂ । ਉਨ੍ਹਾਂ ਦੇ ਦੁਖ ਸੁਖ ਨੂੰ ਕੋਈ ਨਾ ਫੋਲਦਾ, ਉਹ ਛੁਟੜਾਂ ਹੋ ਗਈਆਂ ।

ਰਾਜੇ ਦੇ ਵਜ਼ੀਰ ਨੇ ਸੁਦਾਗਰਾਂ ਕੋਲੋਂ ਸੁੰਦਰ ਘੋੜੀ ਖ਼ਰੀਦ ਲਈ । ਘੋੜੀ ਨਹੀਂ ਉਹ ਹੋਣੀ ਸੀ ਜੋ ਘੋੜੀ ਦਾ ਸਰੂਪ ਧਾਰ ਕੇ ਰਾਜੇ ਦੇ ਸ਼ਹਿਰ ਵਿਚ ਆਈ। ਵਜ਼ੀਰ ਨੇ ਰਾਜੇ ਨੂੰ ਘੋੜੀ ਦਿਖਾਈ ਤੇ ਆਖਿਆ ਕਿ ਇਕ ਵਾਰ ਇਸ ਉਤੇ ਚੜ੍ਹ ਕੇ ਜਰੂਰ ਸ਼ਿਕਾਰ ਖੇਡਣ ਜਾਵੋ । ਇਹ ਹਵਾ ਵਾਂਗ ਚਲਦੀ ਹੈ । ਪਾਣੀ ਦਾ ਛੰਨਾ ਰੱਖ ਦੇਈਏ ਤਾਂ ਉਹ ਵੀ ਨਹੀਂ ਡੁਲ੍ਹਦਾ । ਐਸੀ ਤੇਜ਼ੀ ਚਾਲ ਚੱਲਣ ਵਾਲੀ ਘੋੜੀ ਕਦੀ ਨਹੀਂ ਸੁਣੀ ਦੇਖੀ । ਰਾਜਾ ਵਜ਼ੀਰ ਦੀਆਂ

ਗੱਲਾਂ ਵਿਚ ਆ ਗਿਆ। ਘੋੜੀ ਉਤੇ ਚੜ੍ਹ ਕੇ ਇਕੱਲਾ ਹੀ ਸ਼ਿਕਾਰ ਨੂੰ ਤੁਰ ਗਿਆ। ਸਵੇਰ ਦਾ ਸ਼ਿਕਾਰ ਦੇ ਪਿਛੇ ਲਗਾ ਦੁਪਹਿਰ ਹੋ ਗਈ। ਸ਼ਿਕਾਰ ਹੱਥ ਨਾ ਆਇਆ। ਸੂਰਜ ਦੀ ਗਰਮੀ ਰਾਜੇ ਨੂੰ ਵਿਆਕੁਲ ਕਰਨ ਲੱਗੀ। ਉਸ ਵਿਆਕੁਲਤਾ ਨੂੰ ਦੂਰ ਕਰਨ ਬਦਲੇ ਇਕ ਜਲ ਦੇ ਕਿਨਾਰੇ ਬੋਹੜ ਹੇਠਾਂ ਰਾਜਾ ਘੋੜੀ ਉਪਰੋਂ ਉਤਰ ਬੈਠਾ। ਘੋੜੀ ਨੂੰ ਬੋਹੜ ਦੀਆਂ ਜੜ੍ਹਾਂ ਨਾਲ ਬੰਨ੍ਹ ਦਿੱਤਾ। ਲੰਮੇ ਪੰਧ ਦੇ ਸਫ਼ਰ ਨਾਲ ਰਾਜਾ ਥੱਕ ਗਿਆ ਸੀ। ਉਹ ਲੇਟ ਗਿਆ, ਲੇਟਦਿਆਂ ਸਾਰ ਹੀ ਉਸ ਨੂੰ ਨੀਂਦ ਆ ਗਈ। ਰਾਜਾ ਸੌਂ ਗਿਆ ਉਸ ਦੇ ਸੌਂਦੇ ਸਾਰ ਹੀ ਸਚਮੁਚ ਜਲ ਵਿਚੋਂ ਕੋਤਲ ਘੋੜਾ ਨਿਕਲਿਆ। ਉਹ ਹੌਲੀ ਹੌਲੀ ਤੁਰ ਕੇ ਘੋੜੀ ਦੇ ਕੋਲ ਆ ਗਿਆ। ਘੋੜੀ ਉਸ ਨੂੰ ਦੇਖ ਕੇ ਡਰੀ ਨਹੀਂ, ਭੁੜਕੀ ਨਹੀਂ, ਸਗੋਂ ਉਸ ਨਾਲ ਲਾਡ ਕਰਨ ਲਗੀ। ਲਾਡ ਕਰਦਿਆਂ ਕਰਦਿਆਂ ਘੋੜਾ ਘੋੜੀ ਉਤੇ ਚੜ੍ਹ ਗਿਆ, ਘੋੜੀ ਲਗ ਗਈ। ਲਗਣ ਪਿਛੋਂ ਘੋੜਾ ਫਿਰ ਜਲ ਵਿਚ ਅਲੋਪ ਹੋ ਗਿਆ। ਉਹ ਕੋਈ ਦੇਵਤਾ ਸੀ। ਲੌਂਢੇ ਵੇਲੇ ਰਾਜੇ ਦੀ ਅੱਖ ਖੁਲ੍ਹੀ। ਰਾਜਾ ਘੋੜੀ ਉਤੇ ਚੜ੍ਹ ਕੇ ਆਪਣੇ ਰਾਜ ਮਹਿਲਾਂ ਵਿਚ ਆ ਗਿਆ। ਦਿਨ ਪੂਰੇ ਹੋਣ ਉਤੇ ਘੋੜੀ ਸੂਈ। ਉਸ ਨੇ ਸਯਾਮ ਰੰਗ ਦਾ ਵਛੇਰਾ ਦਿੱਤਾ। ਉਸ ਵਛੇਰੇ ਨੂੰ ਅਸਮੇਧ ਜਗ ਵਾਸਤੇ ਖੁਲ੍ਹਾ ਛੱਡ ਦਿਤਾ। ਉਹ ਜੁਆਨ ਹੋਇਆ। ਸਾਰੇ ਰਾਜਿਆਂ ਦੇ ਰਾਜਾਂ ਵਿਚ ਚਕ੍ਰ ਕੱਟ ਕੇ ਜਨਮੇਜੇ ਦੇ ਰਾਜ ਵਿਚ ਆ ਗਿਆ। ਜਨਮੇਜੇ ਨੂੰ ਬਹੁਤ ਖ਼ੁਸ਼ੀ ਹੋਈ ਕਿਉਂਕਿ ਹਰ ਥਾਂ ਉਸ ਦੇ ਨਾਮ ਦੀ ਮਹਿਮਾ ਹੋ ਰਹੀ ਸੀ, ਉਹ ਚੱਕ੍ਰਵਰਤੀ ਰਾਜਾ ਹੋ ਗਿਆ।

ਅਸਮੇਧ ਯੱਗ ਦੀ ਤਿਆਰੀ ਕੀਤੀ ਗਈ। ਰਾਜਿਆਂ ਤੇ ਮਹਾਰਾਜਿਆਂ ਵਲ ਸੱਦੇ ਪੱਤਰ ਭੇਜੇ ਗਏ। ਸਾਰੇ ਰਾਜਾਂ ਦੇ ਪੰਡਤਾਂ ਨੂੰ ਸੱਦਿਆ ਗਿਆ। ਸਾਰੀ ਸਮਗਰੀ ਇਕੱਠੀ ਕੀਤੀ ਗਈ। ਰਾਜੇ ਦੇ ਬੈਠਣ ਵਾਸਤੇ ਉਚਾ ਸਿੰਘਾਸਣ ਤਿਆਰ ਕੀਤਾ ਗਿਆ। ਅਸਮੇਧ ਜਗ ਵਾਸਤੇ ਜੋ ਦਿਨ ਮਿਥਿਆ ਸੀ ਉਸ ਦੇ ਕਈ ਦਿਨ ਪਹਿਲਾਂ ਹੀ ਰਾਜੇ ਮਹਾਰਾਜੇ, ਦੇਸ਼ ਦੇ ਵਿਦਵਾਨ, ਬ੍ਰਾਹਮਣ ਤੇ ਸੈਨਾਪਤੀ ਜਨਮੇਜੇ ਦੇ ਸ਼ਹਿਰ ਆ ਪੁਜੇ। ਯਗ ਦੇ ਪੰਡਾਲ ਨੂੰ ਬਹੁਤ ਸੋਹਣਾ ਬਣਾਇਆ ਗਿਆ। ਮਿਥੇ ਸਮੇਂ ਅਨੁਸਾਰ ਯਗ ਸ਼ੁਰੂ ਹੋਇਆ। ਰਾਜਾ ਜਨਮੇਜਾ ਸਿੰਘਾਸਨ ਉਤੇ ਆ ਕੇ ਬਿਰਾਜਮਾਨ ਹੋਇਆ। ਉਸ ਦੀ ਕੋਈ ਰਾਣੀ ਜਾਂ ਪਟਰਾਣੀ ਤਾਂ ਪੰਡਾਲ ਵਿਚ ਨਾ ਆਈ, ਸਗੋਂ ਦਾਸੀ ਪਟਰਾਣੀ ਬਣ ਕੇ ਰਾਜੇ

ਕੋਲ ਸਿੰਘਾਸਣ ਉਤੇ ਬੈਠਣ ਵਾਸਤੇ ਪੰਡਾਲ ਵਿਚ ਪੁੱਜੀ, ਥੋੜਾ ਚਿਰ ਬੈਠੀ ਨੂੰ ਹੋਇਆ ਤਾਂ ਕਿਸੇ ਕਾਰਨ ਉਸ ਨੂੰ ਉਠਣਾ ਪਿਆ। ਜਦੋਂ ਉਠ ਕੇ ਬਾਹਰ ਨੂੰ ਚਲੀ ਤਾਂ ਸਬੱਬ ਨਾਲ ਹਵਾ ਦਾ ਬੁਲ੍ਹਾ ਬਹੁਤ ਜ਼ੋਰ ਨਾਲ ਆਇਆ। ਰਾਣੀ ਨੇ ਬਹੁਤ ਹਲਕੇ ਕਪੜੇ ਪਾਏ ਹੋਏ ਸਨ। ਉਸ ਦੀ ਧੋਤੀ ਬਰੀਕ ਰੇਸ਼ਮੀ ਸੀ, ਉਹ ਹਵਾ ਨਾਲ ਉਪਰ ਚੁਕੀ ਗਈ ਤੇ ਰਾਣੀ ਸਭਾ ਵਿਚ ਅਲਫ਼ ਨੰਗੀ ਹੋ ਗਈ। ਉਸ ਦੇ ਨੰਗੇਜ ਨੂੰ ਦੇਖ ਕੇ ਕੁਝ ਬ੍ਰਾਹਮਣ ਗਭਰੂ ਖਿੜ ਖਿੜਾ ਕੇ ਹੱਸ ਪਏ। ਉਸ ਹਾਸੇ ਨਾਲ ਦਾਸੀ ਰਾਣੀ ਸ਼ਰਮਿੰਦੀ ਹੋ ਕੇ ਲਾਜਵੰਤੀ ਵਾਂਗ ਕੁਮਲਾ ਗਈ। ਰਾਜਾ ਵੀ ਸ਼ਰਮਸਾਰ ਹੋਇਆ, ਪਰ ਬ੍ਰਾਹਮਣਾਂ ਦੇ ਹੱਸਣ ਉਤੇ ਰਾਜੇ ਨੂੰ ਕ੍ਰੋਧ ਆਇਆ। ਉਹ ਕ੍ਰੋਧ ਨਾਲ ਪਾਗਲ ਹੋ ਗਿਆ, ਕ੍ਰੋਧ ਵਿਚ ਉਸ ਨੂੰ ਇਹ ਵੀ ਨਾ ਯਾਦ ਰਿਹਾ ਕਿ ਬਿਆਸ ਨੇ ਉਸ ਨੂੰ ਸਾਰਾ ਹਾਲ ਦੱਸਿਆ ਹੋਇਆ ਸੀ ਤੇ ਕ੍ਰੋਧਤਾ ਕਰਨ ਤੋਂ ਰੋਕਿਆ ਸੀ। ਉਸ ਨੇ ਸਭ ਕੁਝ ਭੁਲ ਕੇ ਗੁੱਸੇ ਨਾਲ ਹੁਕਮ ਦਿਤਾ—'ਸਾਰੇ ਬ੍ਰਾਹਮਣ ਮਾਰ ਸੁਟੋ।' ਨਿਰੀ ਹੁਕਮ ਉਤੇ ਗੱਲ ਨਾ ਰਹੀ ਸਗੋਂ ਤਲਵਾਰ ਫੜ ਕੇ ਬ੍ਰਾਹਮਣਾਂ ਨੂੰ ਆਪ ਮਾਰਨ ਲਈ ਸਿੰਘਾਸਨ ਤੋਂ ਉਠ ਬੈਠਾ ਤੇ ਕਈ ਬ੍ਰਾਹਮਣ ਆਪ ਮਾਰ ਦਿਤੇ। ਅਸਮੇਧ ਜਗ ਦਾ ਪੰਡਾਲ ਬ੍ਰਾਹਮਣਾਂ ਦੇ ਲਹੂ ਨਾਲ ਲਾਲ ਹੋ ਗਿਆ। ਚਾਰੇ ਪਾਸੇ ਹਾਹਾਕਾਰ ਮਚ ਗਈ। ਪੰਡਾਲ ਖ਼ਾਲੀ ਹੋ ਗਿਆ। ਰਾਜੇ ਮਹਾਰਾਜੇ ਤੇ ਬਾਕੀ ਦੇ ਪੁਰਖ ਆਪੋ ਆਪਣੇ ਰਾਹ ਤੁਰ ਗਏ। ਹਰ ਕੋਈ ਗੱਲਾਂ ਕਰਨ ਲੱਗਾ, ਬੜਾ ਮਾੜਾ ਹੋਇਆ ਰਾਜੇ ਨੂੰ ਬ੍ਰਹਮ ਹੱਤਿਆ ਲਗੇਗੀ। ਨਰਕਾਂ ਦਾ ਭਾਗੀ ਬਣੇਗਾ। ਰਾਜ ਭਾਗ ਤਬਾਹ ਹੋ ਜਾਵੇਗਾ। ਰਾਜੇ ਨੇ ਬਹੁਤ ਵੱਡੀ ਭੁੱਲ ਕੀਤੀ ਹੈ। ਇਕ ਦਾਸੀ ਤੋਂ ਚਿੜ ਕੇ ਬ੍ਰਾਹਮਣ ਮਾਰ ਸੁਟੇ ਹਨ।

ਗੁੱਸੇ ਨਾਲ ਪਾਗਲ ਹੋਏ ਹੋਏ ਰਾਜੇ ਨੇ ਉਸ ਵੇਲੇ ਤਾਂ ਬ੍ਰਹਮ ਹੱਤਿਆ ਦਾ ਖ਼ਿਆਲ ਨਾ ਕੀਤਾ, ਪਰ ਜਦੋਂ ਸ਼ਾਂਤੀ ਆਈ। ਲੋਕਾਂ ਦੀ ਜ਼ਬਾਨੀ ਆਪਣੇ ਗੁੱਸੇ ਤੇ ਭੁੱਲ ਦੀ ਕਥਾ ਸੁਣੀ ਤਾਂ ਘਾਬਰ ਗਿਆ। ਉਸ ਵੇਲੇ ਉਸ ਨੂੰ ਬਿਆਸ ਦੇ ਭਵਿਖਤ ਵਾਕ ਚੇਤੇ ਆਏ ਪਰ ਉਸ ਵੇਲੇ ਕਰਨ ਤੇ ਪਛਤਾਉਣ ਦਾ ਕੁਛ ਲਾਭ ਨਹੀਂ ਸੀ। ੧੫ ਦਿਨਾਂ ਪਿਛੋਂ ਸਚਮੁਚ ਰਾਜੇ ਨੂੰ ਕੋਹੜ ਹੋਇਆ। ਸਾਰੇ ਰਾਜ ਵਿਚ ਹਲਚਲ ਮਚ ਗਈ। ਰਾਜ ਮਹਿਲਾਂ 'ਚ ਹਾਹਾਕਾਰ ਮਚ ਗਈ, ਸਾਰੀਆਂ ਰਾਣੀਆਂ ਦਾਸੀ ਦੇ ਦੁਆਲੇ ਹੋ ਗਈਆਂ, ਉਨ੍ਹਾਂ ਨਿਡਰ ਉਸ ਦੇ ਮੂੰਹ

ਉਤੇ ਕਹਿਣਾ ਸ਼ੁਰੂ ਕੀਤਾ—'ਚੁੜੇਲ ਪਹਿਲਾਂ ਰਾਜੇ ਨੂੰ ਸਾਂਭਿਆ, ਅਸਾਨੂੰ ਛੁੱਟੜ ਕੀਤਾ। ਸਭਾ ਵਿਚ ਕਿਵੇਂ ਜਾਈਦਾ ਤੇ ਕਿਵੇ ਬੈਠੀਦਾ ਹੈ, ਇਸ ਗੱਲ ਦਾ ਤੈਨੂੰ ਪਤਾ ਨਹੀਂ ਸੀ। ਹਲਕੇ ਲੀੜੇ ਪਹਿਨ ਕੇ ਗਈ, ਭੁੱਲ ਤੇਰੀ ਪਰ ਕੋਹੜ ਅਸਾਂ ਦੇ ਪਤੀ ਪ੍ਰਮੇਸ਼ਰ ਨੂੰ ਹੋ ਗਿਆ। ਤੇਰੀ ਖ਼ਾਤਰ ਇਹ ਸਾਰਾ ਪਾਪ ਹੋਇਆ। ਦੁਸ਼ਟਨੀਏਂ ਅਜੇ ਵੀ ਤੂੰ ਰਾਜੇ ਦਾ ਖਹਿੜਾ ਨਹੀਂ ਛਡਦੀ, ਭਲੀ ਮਾਣਸ ਬਣ ਕੇ ਮਹਿਲਾਂ ਨੂੰ ਛਡ ਜਾਹ, ਨਹੀਂ ਤੇ ਅਸੀਂ ਤੈਨੂੰ ਮਾਰ ਸੁਟਾਂਗੀਆਂ। ਤੂੰ ਪਾਪਣ ਹੈਂ। ਜਿਨ੍ਹਾਂ ਕਾਸ਼ੀ ਵਾਲੀਆਂ ਰਾਜਕੁਮਾਰੀਆਂ ਨੇ ਦਾਸੀ ਬਣਾ ਕੇ ਨਾਲ ਲਿਆਂਦਾ ਸੀ ਉਹ ਤਾਂ ਉਸ ਦੇ ਹੀ ਸਾਹਮਣੇ ਪਿੱਟਣ ਲਗ ਪਈਆਂ, ਉਨ੍ਹਾਂ ਨੇ ਬਹੁਤ ਮੰਦੇ ਸ਼ਬਦ ਬੋਲੇ। ਦਾਸੀ ਘਬਰਾ ਗਈ। ਉਹ ਰਾਤੋ ਰਾਤ ਰਾਜ ਮਹਿਲਾਂ ਨੂੰ ਛਡ ਕੇ ਖੁਲ੍ਹੇ ਮੈਦਾਨ ਵਿਚ ਚਲੀ ਗਈ। ਕੀਤੇ ਪਾਪ ਦਾ ਪ੍ਰਾਸਚਿਤ ਕਰਨ ਵਾਸਤੇ ਦਰਿਆ ਵਿਚ ਡੁੱਬ ਕੇ ਮਰ ਗਈ। ਰਾਜੇ ਨੇ ਬੀਮਾਰੀ ਸਮੇਂ ਵੀ ਉਸ ਦੇ ਵਿਛੋੜੇ ਨੂੰ ਬਹੁਤ ਬੁਰੀ ਤਰ੍ਹਾਂ ਅਨੁਭਵ ਕੀਤਾ। ਉਹ ਕਈ ਦਿਨ ਉਸ ਦਾਸੀ ਦਾ ਨਾਮ ਲੈ ਕੇ ਤੜਫਦਾ ਰਿਹਾ।

ਰਾਜਾ ਜਨਮੇਜਾ ਪਾਪੀ ਹੋ ਗਿਆ। ਉਹ ਰੋਇਆ, ਰੱਜ ਕੇ ਰੋਇਆ ਕਿ ਹੋਣੀ ਨੇ ਉਸ ਦੇ ਨਾਲ ਕੀ ਖੇਡ ਖੇਡੀ ਹੈ। ਉਹ ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਹੋਣ ਉਤੇ ਕਿੰਤੂ ਕਰਦਾ ਸੀ। ਆਖਦਾ ਸੀ ਪਾਂਡਵਾਂ ਨੂੰ ਸਾਰੇ ਹਾਲਾਂ ਦਾ ਪਹਿਲਾਂ ਪਤਾ ਲਗ ਜਾਂਦਾ ਤਾਂ ਉਹ ਜਰੂਰ ਜੂਆ ਨਾ ਖੇਡਦੇ ਪਰ ਆਪ ਜਨਮੇਜੇ ਨੂੰ ਤਾਂ ਬਿਆਸ ਨੇ ਸਾਰਾ ਹਾਲ ਪਹਿਲਾਂ ਦੱਸ ਦਿੱਤਾ ਸੀ। ਹੋਣੀ ਹੋ ਕੇ ਰਹੀ, ਉਹ ਨਹੀਂ ਟਲੀ। ਜਨਮੇਜੇ ਦਾ ਰੋਣਾ ਸੁਣ ਕੇ ਸਾਰੇ ਦੇਵਤੇ ਇਕੱਠੇ ਹੋ ਗਏ। ਨਾਰਦ ਤੇ ਵਿਸ਼ਵਾਮਿਤਰ ਜੀ ਤਾਂ ਉਚੇਚੇ ਚੱਲ ਕੇ ਰਾਜੇ ਦੇ ਕੋਲ ਪੁਜੇ। ਰਾਜੇ ਨੇ ਖਿਮਾ ਮੰਗੀ ਆਖਿਆ—'ਹੇ ਮੁਨੀ ਜਨੋ! ਮੈਨੂੰ ਸਾਰੇ ਬ੍ਰਾਹਮਣਾਂ ਕੋਲੋਂ ਮੁਆਫ਼ੀ ਦਿਵਾਵੋ। ਮੈਂ ਜੋ ਭੁੱਲ ਕੀਤੀ ਹੈ ਉਸ ਉਤੇ ਪਛਤਾਵਾ ਕਰਦਾ ਹਾਂ। ਮੇਰੀ ਆਤਮਾ ਦੁਖੀ ਹੈ। ਮੇਰਾ ਅੰਗ ਅੰਗ ਦੁਖ ਰਿਹਾ ਹੈ। ਕੋਈ ਵਸੀਲਾ ਦੱਸੋ ਜਿਸ ਨਾਲ ਮੇਰਾ ਕੋਹੜ ਦੂਰ ਹੋ ਜਾਵੇ।'

ਰਾਜੇ ਦੇ ਇਹ ਬਚਨ ਸੁਣ ਕੇ ਵਿਸ਼ਵਾਮਿੱਤਰ ਨੇ ਬਾਕੀ ਦੇ ਬ੍ਰਾਹਮਣਾਂ ਨਾਲ ਸਲਾਹ ਕੀਤੀ ਕਿ ਰਾਜੇ ਦਾ ਕੋਹੜ ਹਟਾਉਣ ਦਾ ਉਪਾਅ ਲਭਿਆ, ਸਭ ਨੇ ਇਕ ਜ਼ਬਾਨ ਹੋ ਕੇ ਕਿਹਾ—'ਰਾਜਨ! ਜੋ ਹੋਇਆ ਸੋ ਹੋਇਆ। ਬੀਤੀ ਗੱਲ

ਨੂੰ ਰੇਤਾ ਕਰਨ ਦਾ ਕੁਝ ਲਾਭ ਨਹੀਂ। ਤੁਸਾਂ ਦਾ ਕੋਹੜ ਤਾਂ ਹੀ ਹਟ ਸਕਦਾ ਹੈ ਜੇ ਬਿਆਸ ਜੀ ਮਹਾਰਾਜ ਕੋਲੋਂ ਸਾਰੇ ਮਹਾਂਭਾਰਤ ਦੀ ਕਥਾ ਇਕ ਮਨ ਚਿਤ ਹੋ ਕੇ ਸੁਣੋ ਤੇ ਉਸ ਉਤੇ ਕੋਈ ਕਿੰਤੂ ਨਾ ਕਰਨਾ, ਜੇ ਕਿੰਤੂ ਕਰੋਗੇ ਤਾਂ ਕੋਹੜ ਨਹੀਂ ਹਟੇਗਾ, ਜਾਂ ਕੁਛ ਅਸਰ ਰਹਿ ਜਾਵੇਗਾ।'

ਰਾਜੇ ਜਨਮੇਜੇ ਨੇ ਇਹ ਸ਼ਰਤ ਮਨਜ਼ੂਰ ਕਰ ਲਈ, ਉਸੇ ਵੇਲੇ ਬਿਆਸ ਨੂੰ ਸੱਦਿਆ ਤੇ ਰਾਜੇ ਨੇ ਬਹੁਤ ਨਿਮਰਤਾ ਨਾਲ ਬੇਨਤੀ ਕੀਤੀ।

## ਮਹਾਂ ਭਾਰਤ ਦੀ ਕਥਾ

'ਮੈਨੂੰ ਮਹਾਂਭਾਰਤ ਦੀ ਕਥਾ ਸੁਣਾਓ।' ਬਿਆਸ ਜੀ ਨੇ ਬੇਨਤੀ ਮਨਜ਼ੂਰ ਕਰ ਲਈ ਤੇ ਰਾਜੇ ਨੂੰ ਮਹਾਂਭਾਰਤ ਦੀ ਕਥਾ ਸੁਨਾਉਣ ਲਗੇ—

'ਹੇ ਰਾਜਨ, ਇਕ ਦੇਸ਼ ਵਿਚ ਸੂਰਜਵੰਸ਼ੀ ਰਾਜਾ ਭਰਤ ਹੋਇਆ ਹੈ, ਇਹ ਬੜਾ ਵੱਡਾ ਪ੍ਰਤਾਪੀ ਰਾਜਾ ਸੀ, ਉਸੇ ਰਾਜੇ ਦੇ ਨਾਮ ਉਤੇ ਇਸ ਦੇਸ਼ ਦਾ ਨਾਮ 'ਭਰਤ ਖੰਡ' ਜਾਂ 'ਭਰਤ ਦੇਸ਼' ਰਖਿਆ ਗਿਆ ਹੈ। ਇਸੇ ਕੁਲ ਵਿਚ ਰਾਜਾ ਰਘੁ ਹੋਇਆ ਸੀ, ਇਹ ਸ੍ਰੀ ਰਾਮਚੰਦਰ ਜੀ ਦੀ ਕੁਲ ਸੀ। ਰਘੁਕੁਲ ਵਿਚ ਰਾਜਾ ਯਦੂ ਹੋਇਆ, ਉਸ ਯਦੂ ਦੀ ਔਲਾਦ ਵਿਚ ਰਾਜਾ ਸੰਤਨੁ ਹੋਇਆ ਹੈ। ਉਸ ਸੰਤਨੁ ਨੇ ਦੇਵ ਕੰਨਿਆਂ ਗੰਗਾ ਨਾਲ ਸ਼ਾਦੀ ਕੀਤੀ। ਉਸ ਦੇਵ ਕੰਨਿਆਂ ਨੇ ਇਹ ਸ਼ਰਤ ਰਖੀ ਹੋਈ ਸੀ ਕਿ ਰਾਜਾ ਸੰਤਨੁ ਉਸ ਦੇ ਜਨਮੇ ਹੋਏ ਕਿਸੇ ਪੁੱਤਰ ਦਾ ਮੂੰਹ ਨਹੀਂ ਦੇਖੇਗਾ, ਜੇ ਦੇਖੇਗਾ ਤਾਂ ਗੰਗਾ ਅਲੋਪ ਹੋ ਜਾਵੇਗੀ। ਗੰਗਾ ਦੀ ਕੁਖੋਂ ਛੇ ਪੁੱਤਰਾਂ ਨੇ ਜਨਮ ਲਿਆ। ਜਿਉਂ ਜਿਉਂ ਉਹ ਜੰਮਦੇ ਰਹੇ ਤਿਵੇਂ ਤਿਵੇਂ ਗੰਗਾ ਉਨ੍ਹਾਂ ਨੂੰ ਜਲ ਪ੍ਰਵਾਹ ਕਰ ਕੇ ਖ਼ਤਮ ਕਰ ਦੇਂਦੀ ਰਹੀ। ਰਾਜੇ ਨੂੰ ਸਮਝ ਆ ਗਈ ਕਿ ਪੁੱਤਰ ਹਰ ਇਕ ਨੂੰ ਚੰਗੇ ਲਗਦੇ ਹਨ। ਪੁੱਤਰ ਜਗਤ ਵਿਚ ਪੁਰਸ਼ ਦਾ ਨਿਸ਼ਾਨ ਹੁੰਦਾ ਹੈ। ਗੰਗਾ ਦੀ ਕੁਖੋਂ ਸਤਵਾਂ ਪੁੱਤਰ ਜੰਮਿਆ ਤਾਂ ਰਾਜੇ ਨੇ ਉਹ ਪੁਤਰ ਨਦੀ ਵਿਚ ਰੋੜ੍ਹਨ ਨਾ ਦਿੱਤਾ, ਉਸ ਨੂੰ ਫੜ ਕੇ ਪਾਲਣਾ ਸ਼ੁਰੂ ਕਰ ਦਿਤਾ ਪਰ ਗੰਗਾ ਸਚਮੁਚ ਗੰਗਾ ਨਦੀ ਵਿਚ ਅਲੋਪ ਹੋ ਗਈ। ਰਾਜੇ ਸੰਤਨੁ ਨੂੰ ਗੰਗਾ ਦੇ ਵਿਛੋੜੇ ਨੇ ਬਹੁਤ ਦੁਖੀ ਕੀਤਾ। ਉਹ ਰੋਜ਼ ਸਵੇਰੇ ਗੰਗਾ ਕਿਨਾਰੇ ਜਾ ਕੇ ਗੰਗਾ ਦਾ ਜਾਪ ਜਪਦਾ ਰਹਿੰਦਾ।'

ਏਦਾਂ ਬਿਆਸ ਜੀ ਰਾਜੇ ਜਨਮੇਜੇ ਨੂੰ ਕਥਾ ਸੁਣਾਈ ਗਏ ਤੇ ਉਹ ਸਤਿ ਬਚਨ,

ਹਾਂ ਜੀ, ਸ਼ਬਦਾਂ ਵਿਚ ਹੁੰਗਾਰਾ ਦਿੰਦਾ ਗਿਆ। ਉਹ ਸਚਮੁਚ ਇਕ ਮਨ ਚਿਤ ਹੋ ਕੇ ਕਥਾ ਸੁਣ ਰਿਹਾ ਸੀ। ਇਥੋਂ ਤਕ ਕਥਾ ਸੁਣਨ ਨਾਲ ਉਸ ਦੇ ਤਨ ਦੇ ਕੋਹੜ ਦੇ ਜ਼ਖ਼ਮ ਸੋਖਤਾ ਹੋਣੇ ਸ਼ੁਰੂ ਹੋ ਗਏ ਸਨ ਜਲਨ ਵੀ ਘਟਣ ਲਗੀ।

ਬਿਆਸ ਜੀ ਕਥਾ ਸੁਣਾਈ ਗਏ—ਜਿਸ ਪੁੱਤਰ ਨੂੰ ਸੰਤਨੁ ਨੇ ਪਾਲਿਆ ਉਸ ਦਾ ਨਾਮ ਭੀਸ਼ਮ ਸੀ ਕਿਉਂਕਿ ਉਸ ਨੇ ਭੀਸ਼ਮ ਪ੍ਰਤਿਗਿਆ ਕੀਤੀ ਸੀ ਸਾਰੀ ਉਮਰ ਵਿਆਹ ਨਾ ਕਰਾਉਣ ਤੇ ਜਤੀ ਰਹਿਣ ਦਾ ਪ੍ਰਣ ਕੀਤਾ ਸੀ, ਉਹ ਇਸ ਵਾਸਤੇ ਕਿ ਰਾਜਾ ਸੰਤਨੁ ਰੋਜ਼ ਗੰਗਾ ਉਤੇ ਜਾਇਆ ਕਰਦਾ ਸੀ, ਉਥੇ ਮਲਾਹ ਦੀ ਲੜਕੀ ਸਤਿਆਵਤੀ ਜਾਇਆ ਕਰਦੀ ਸੀ, ਉਸ ਨਾਲ ਰਾਜੇ ਦਾ ਪਿਆਰ ਹੋ ਗਿਆ, ਜਦੋਂ ਵਿਆਹ ਵਾਸਤੇ ਆਖਿਆ ਤਾਂ ਲੜਕੀ ਤੇ ਲੜਕੀ ਦੇ ਬਾਪ ਨੇ ਇਹ ਸ਼ਰਤ ਰਖੀ—'ਹੇ ਰਾਜਨ! ਸ਼ਾਦੀ ਤਾਂ ਹੋ ਸਕਦੀ ਹੈ ਜੇ ਦੋ ਸ਼ਰਤਾਂ ਮੰਨੋ। ਇਕ ਸ਼ਰਤ ਇਹ ਕਿ ਆਪ ਦਾ ਪਹਿਲਾ ਲੜਕਾ ਸਾਰੀ ਉਮਰ ਕੁਆਰਾ ਰਹੇ, ਦੂਸਰੀ ਆਪ ਦੇ ਮਰਨ ਪਿਛੋਂ ਰਾਜ ਗੱਦੀ ਉਤੇ ਸਿਰਫ਼ ਸਤਿਆਵਤੀ ਦੀ ਕੁਖੋਂ ਜੰਮਿਆਂ ਲੜਕਿਆਂ ਵਿਚੋਂ ਹੀ ਇਕ ਲੜਕਾ ਬੈਠੇਗਾ। ਰਾਜਾ ਇਹ ਸ਼ਰਤਾਂ ਸੁਣ ਕੇ ਘਬਰਾ ਗਿਆ ਪਰ ਜਦੋਂ ਭੀਸ਼ਮ ਨੂੰ ਪਤਾ ਲਗਾ ਤਾਂ ਉਸ ਨੇ ਇਹ ਦੋਵੇਂ ਸ਼ਰਤਾਂ ਮੰਨ ਲਈਆਂ ਤੇ ਰਾਜੇ ਸੰਤਨੁ ਦਾ ਦੂਸਰਾ ਵਿਆਹ ਸਤਿਆਵਤੀ ਨਾਲ ਹੋ ਗਿਆ। ਉਸ ਦੇ ਘਰ ਦੋ ਪੁੱਤਰ ਹੋਏ। ਚਿਤ੍ਰਾਂਗਦ ਤੇ ਬਚਿਤ੍ਰ ਬੀਰਜ। ਜਵਾਨ ਹੋ ਕੇ ਦੋਨੋਂ ਵਿਆਹੇ ਗਏ। ਪਰ ਦੋਹਾਂ ਦੀਆਂ ਮੌਤਾਂ ਹੋ ਗਈਆਂ। ਇਨ੍ਹਾਂ ਦੀ ਔਲਾਦ ਨਾ ਹੋਈ। ਜਿਸ ਵੇਲੇ ਸਤਿਆਵਤੀ (ਜੋਜਨ ਗੰਧਾਰੀ) ਨੇ ਦੇਖਿਆ ਕਿ ਉਸ ਦਾ ਪੋਤਰਾ ਕੋਈ ਨਹੀਂ ਤੇ ਰਾਜ ਭਾਗ ਕਿਸੇ ਕੋਲ ਚਲਿਆ ਜਾਵੇਗਾ ਤਾਂ ਉਸ ਨੇ ਸੌਕਣ ਦੇ ਪੁੱਤਰ ਭੀਸ਼ਮ ਨੂੰ ਮਿਲ ਕੇ ਆਖਿਆ—'ਹੇ ਬੇਟਾ! ਮੇਰੀ ਇਕ ਗੱਲ ਮੰਨ।' ਇਹ ਸੁਣ ਕੇ ਭੀਸ਼ਮ ਨੇ ਪੁਛਿਆ 'ਕਿਹੜੀ ਗੱਲ ਮਾਤਾ?'

'ਤੇਰੇ ਦੋਵੇਂ ਵੀਰ ਮਰ ਗਏ ਹਨ, ਤੇਰੀਆਂ ਭਰਜਾਈਆਂ ਅੰਬਕਾ ਤੇ ਅੰਬਾਲਿਕਾ ਦੋਵਾਂ ਦੇ ਪੁੱਤਰ ਨਹੀਂ ਹਨ, ਉਹ ਅਜੇ ਜਵਾਨ ਹਨ ਤੂੰ ਉਨ੍ਹਾਂਨੂੰ ਪੁੱਤਰ ਦਾਨ ਬਖ਼ਸ਼ ਤਾਂ ਕਿ ਤੇਰੇ ਬਾਪ ਦਾ ਨਾਮ ਰਹੇ, ਵੰਸ਼ ਨਸ਼ਟ ਨਾ ਹੋਵੇ।'

ਗੰਧਾਰੀ ਦੀ ਇਹ ਗੱਲ ਸੁਣ ਕੇ ਭੀਸ਼ਮ ਉਦਾਸ ਵੀ ਹੋਇਆ ਤੇ ਮੁਸਕ੍ਰਾਇਆ ਵੀ। ਉਸ ਨੇ ਉਤਰ ਦਿੱਤਾ—'ਮਾਤਾ ਜੀ! ਇਸ ਮਾਮਲੇ ਬਾਰੇ ਤਾਂ ਆਪ ਮੇਰੋਂ

ਪਹਿਲਾਂ ਪ੍ਰਤਿਗਿਆ ਲੈ ਚੁਕੇ ਜੇ, ਕਿਸੇ ਕੀਮਤ ਉਤੇ ਮੈਂ ਪ੍ਰਤਿਗਿਆ ਭੰਗ ਨਹੀਂ ਕਰਾਂਗਾ, ਮੈਂ ਬ੍ਰਹਮਚਰਜ ਧਾਰਨ ਕਰ ਚੁੱਕਾ ਹਾਂ।'

ਗੰਧਾਰੀ ਉਦਾਸ ਹੋ ਕੇ ਤੁਰ ਆਈ, ਉਸ ਨੂੰ ਯਾਦ ਆਇਆ ਕਿ ਸੰਤਨੁ ਦੇ ਨਾਲ ਵਿਆਹ ਕਰਨ ਤੋਂ ਪਹਿਲਾਂ ਉਸ ਗੰਧਾਰੀ ਸਤਿਆਵਤੀ ਨੇ ਬੇੜੀ ਵਿਚ ਪਰਾਸਰ ਨਾਲ ਮੇਲ 'ਭੋਗ' ਕੀਤਾ ਸੀ। ਉਸ ਮੇਲ ਦਾ ਫਲ ਇਹ ਹੋਇਆ ਕਿ ਉਹ ਕੁਆਰੀ ਹੀ ਗਰਭਵਤੀ ਹੋ ਗਈ ਸੀ ਤੇ ਉਸ ਦੀ ਕੁਖੋਂ ਜੋ ਲੜਕਾ ਪੈਦਾ ਹੋਇਆ ਸੀ, ਉਹ ਬਿਆਸ ਸੀ। ਗੰਧਾਰੀ ਉਸ ਪੁੱਤਰ ਕੋਲ ਗਈ ਤੇ ਉਸ ਨੂੰ ਜਾ ਕੇ ਇਹ ਗੱਲ ਆਖੀ, ਉਹ ਮੰਨ ਗਿਆ। ਬਿਆਸ ਆ ਕੇ ਗੰਧਾਰੀ ਦੀਆਂ ਨੂੰਹਾਂ ਅੰਬਕਾ ਤੇ ਅੰਬਾਲਿਕਾ ਕੋਲ ਰਹਿਣ ਲੱਗਾ। ਅੰਬਕਾ ਦੇ ਪੇਟੋਂ ਧ੍ਰਿਤਰਾਸ਼ਟਰ ਜੰਮਿਆਂ ਜੋ ਜਨਮ ਤੋਂ ਅੰਨ੍ਹਾ ਸੀ। ਉਸ ਦੇ ਅੰਨ੍ਹੇ ਹੋਣ ਦਾ ਕਾਰਨ ਇਹ ਸੀ ਕਿ ਅੰਬਕਾ ਬਿਆਸ ਨੂੰ ਚੰਗਾ ਨਹੀਂ ਸੀ ਸਮਝਦੀ। ਉਹ ਉਸ ਦੀ ਸੂਰਤ ਦੇਖਣਾ ਨਹੀਂ ਸੀ ਚਾਹੁੰਦੀ। ਇਸ ਵਾਸਤੇ ਮੇਲ (ਭੋਗ ਸਮੇਂ) ਵੇਲੇ ਉਸ ਨੇ ਅੱਖਾਂ ਮੀਟ ਲਈਆਂ ਸਨ। ਜਿਸ ਦੇ ਕਾਰਨ ਧ੍ਰਿਤਰਾਸ਼ਟਰ ਅੰਨ੍ਹਾ ਪੈਦਾ ਹੋਇਆ। ਅੰਬਾਲਿਕਾ ਦੇ ਪੇਟੋਂ ਲੜਕਾ ਪੈਦਾ ਹੋਇਆ। ਉਸ ਦਾ ਨਾਮ ਪੰਡ ਸੀ। ਬਿਆਸ ਨੇ ਭੋਗ ਬਿਲਾਸ ਵਾਸਤੇ ਅੰਬਕਾ ਨੂੰ ਮੁੜ ਕੇ ਕੋਲ ਸੱਦਿਆ। ਉਹ ਬਿਆਸ ਨੂੰ ਚੰਗਾ ਨਹੀਂ ਸੀ ਚਾਹੁੰਦੀ, ਇਸ ਵਾਸਤੇ ਉਹ ਆਪ ਤਾਂ ਬਿਆਸ ਕੋਲ ਨਾ ਗਈ ਪਰ ਆਪਣੀ ਦਾਸੀ ਨੂੰ ਭੇਜ ਦਿੱਤਾ, ਉਹ ਦਾਸੀ ਦੀ ਕੁਖੋਂ ਬਿਦਰ ਨੇ ਜਨਮ ਲਿਆ, ਜਿਸ ਬਿਦਰ ਨੂੰ ਸਦਾ ਦਾਸੀ ਸੁਤ ਆਖਿਆ ਜਾਂਦਾ ਰਿਹਾ।

ਧ੍ਰਿਤਰਾਸ਼ਟਰ, ਪੰਡੂ ਤੇ ਬਿਦਰ ਦੀ ਪਾਲਨਾ ਭੀਸ਼ਮ ਨੇ ਕੀਤੀ, ਤਿੰਨਾਂ ਨੂੰ ਸ਼ਸਤ੍ਰ ਵਿਦਿਆ ਸਿਖਾਈ, ਜਦੋਂ ਜਵਾਨ ਹੋਏ ਤਾਂ ਧ੍ਰਿਤਰਾਸ਼ਟਰ ਦਾ ਵਿਆਹ ਗੰਧਾਰੀ ਨਾਲ ਹੋਇਆ ਤੇ ਪੰਡੂ ਦਾ ਵਿਆਹ ਕੁੰਤੀ ਤੇ ਮਾਦਰੀ ਨਾਲ ਕੀਤਾ। ਧ੍ਰਿਤਰਾਸ਼ਟਰ ਦੇ ਘਰ ਸੌ ਪੁੱਤਰ ਤੇ ਇਕ ਕੰਨਿਆਂ ਨੇ ਜਨਮ ਲਿਆ, ਧ੍ਰਿਤਰਾਸ਼ਟਰ ਦਾ ਵੱਡਾ ਪੁੱਤਰ ਦੁਰਯੋਧਨ ਸੀ। ਪੰਡੂ ਦੇ ਪੰਜ ਪੁੱਤਰ ਸਨ। ਇਹ ਪੰਜੇ ਕੁੰਤੀ ਦੇ ਪੇਟੋਂ ਸਨ। ਉਨ੍ਹਾਂ ਪੰਜਾਂ ਪੁੱਤਰਾਂ ਦੇ ਨਾਮ ਸਨ—ਯੁਧਿਸ਼ਟਰ, ਅਰਜਨ, ਭੀਮ, ਨਕੁਲ ਤੇ ਸਹਿਦੇਵ। ਇਨ੍ਹਾਂ ਪੰਜਾਂ ਭਰਾਵਾਂ ਨੂੰ ਪਾਂਡੋ ਤੇ ਧ੍ਰਿਤਰਾਸ਼ਟਰ ਦੇ ਪੁੱਤਰਾਂ ਨੂੰ ਕੌਰਵ ਆਖਿਆ ਜਾਂਦਾ ਸੀ। ਰਾਜਾ ਪਾਂਡੂ ਤੀਰਥ ਉਤੇ ਮਾਦਰੀ ਦੇ ਨਾਲ ਭੋਗ ਕਰਨ ਦੇ ਕਾਰਨ ਮਰ ਗਿਆ, ਉਸ ਦੀ ਮੌਤ ਪਿਛੋਂ ਰਾਜ ਗੱਦੀ ਤੇ

ਅੰਨ੍ਹਾ ਧ੍ਰਿਤਰਾਸ਼ਟਰ ਬੈਠਾ। ਪਾਂਡੋ ਮਸੂਮ ਬੱਚੇ ਸਨ। ਇਨ੍ਹਾਂ ਨੂੰ ਕੁੰਤੀ ਨੇ ਪਾਲਿਆ। ਜਦੋਂ ਰਤਾ ਕੁ ਜਵਾਨ ਹੋਏ ਤਾਂ ਧ੍ਰਿਤਰਾਸ਼ਟਰ ਦੇ ਪੁੱਤਰ ਦੁਰਯੋਧਨ ਨੇ ਪੰਜਾਂ ਭਰਾਵਾਂ ਨੂੰ ਮਾਰ ਦੇਣ ਦੀ ਸਲਾਹ ਕੀਤੀ ਤਾਂ ਕਿ ਉਹ ਰਾਜ ਦਾ ਹਿਸਾ ਨਾ ਮੰਗਣ। ਲਾਖ ਦੇ ਮੰਦਰ ਵਿਚ ਮਾਰਨ ਦਾ ਯਤਨ ਕੀਤਾ, ਪਰ ਉਹ ਸੁਰੰਗ ਲਾ ਕੇ ਨਿਕਲ ਗਏ। ਕਈ ਸਾਲ ਬ੍ਰਾਹਮਣਾਂ ਦੇ ਵੇਸ ਵਿਚ ਫਿਰਦੇ ਰਹੇ। ਰਾਜਾ ਦਰੁਪਦ ਦੀ ਨਗਰੀ ਚਲੇ ਗਏ। ਸਬੱਬ ਨਾਲ ਉਥੇ ਦਰੁਪਦ ਦੀ ਕੰਨਿਆਂ ਕ੍ਰਿਸ਼ਨਾ 'ਦਰੋਪਤੀ' ਦਾ ਸਵੰਬਰ ਸੀ। ਉਸ ਸਵੰਬਰ ਉਤੇ ਅਰਜਨ ਨੇ ਦਰੋਪਤੀ ਨੂੰ ਜਿੱਤ ਲਿਆ। ਕੁੰਤੀ ਦੇ ਬਚਨ ਅਨੁਸਾਰ ਪੰਜਾਂ ਭਰਾਵਾਂ ਨੇ ਉਸ ਨਾਲ ਵਿਆਹ ਕੀਤਾ। ਰਾਜੇ ਦਰੁਪਦ ਤੇ ਕ੍ਰਿਸ਼ਨ ਦੇ ਸਮਝਾਉਣ ਉਤੇ ਧ੍ਰਿਤਰਾਸ਼ਟਰ ਨੇ ਅੱਧਾ ਰਾਜ ਪਾਂਡਵਾਂ ਨੂੰ ਦੇ ਦਿੱਤਾ। ਆਪਣੀ ਰਾਜਧਾਨੀ ਇੰਦਰ ਪ੍ਰਸਤ ਵਿਚ ਪਾਂਡਵਾਂ ਨੇ ਅਸਮੇਧ ਯਗ਼ ਰਚਿਆ। ਉਸ ਯਗ ਉਤੇ ਦੁਰਯੋਧਨ ਤੇ ਉਸ ਦੇ ਭਾਈ ਵੀ ਗਏ। ਪਾਂਡਵਾਂ ਨੇ ਇਕ ਮਹਿਲ ਐਸਾ ਤਿਆਰ ਕੀਤਾ ਹੋਇਆ ਸੀ, ਜੋ ਮਾਯਾ ਜਾਲ ਸੀ। ਜਿਥੇ ਪਾਣੀ ਮਲੂਮ ਹੁੰਦਾ ਸੀ, ਉਥੇ ਸੁਕੀ ਥਾਂ ਸੀ ਤੇ ਜਿਹੜੀ ਸੁੱਕੀ ਪ੍ਰਤੀਤ ਹੁੰਦੀ ਸੀ ਉਥੇ ਅਸਲ ਵਿਚ ਪਾਣੀ ਸੀ। ਉਸ ਮਹੱਲ ਨੂੰ ਦੇਖਦਾ ਹੋਇਆ ਦੁਰਯੋਧਨ ਧੋਖਾ ਖਾ ਗਿਆ। ਉਹ ਸੁੱਕੀ ਥਾਂ ਦੇ ਭੁਲੇਖੇ ਪਾਣੀ ਦੇ ਸਰੋਵਰ ਵਿਚ ਡਿਗ ਪਿਆ। ਦਰੋਪਤੀ ਸਹੇਲੀਆਂ ਤੇ ਦਾਸੀਆਂ ਸਮੇਤ ਦੇਖਦੀ ਸੀ। ਉਸ ਨੇ ਹੰਕਾਰ ਵਿਚ ਹਾਸੀ ਕੀਤੀ ਤੇ ਮੂੰਹੋਂ ਉਚੀ ਸਾਰੀ ਆਖਿਆ— 'ਅੰਨ੍ਹੇ ਦੀ ਔਲਾਦ ਅੰਨ੍ਹੀ।' ਇਹ ਵਾਕ ਦੁਰਯੋਧਨ ਨੇ ਸੁਣ ਲਿਆ। ਸੁਣਦੇ ਸਾਰ ਹੀ ਉਸ ਦੇ ਮਨ ਨੂੰ ਅੱਗ ਲਗ ਗਈ। ਉਸ ਨੇ ਮਨ ਹੀ ਮਨ ਫ਼ੈਸਲਾ ਕੀਤਾ, ਮੈਂ ਪਿਊ ਦਾ ਪੁੱਤ ਨਹੀਂ ਜੇ ਦਰੋਪਤੀਏ ਤੈਨੂੰ ਅਲਫ਼ ਨੰਗੀ ਕਰ ਕੇ ਭਰੀ ਸਭਾ ਵਿਚ ਆਪਣੇ ਪੱਟਾਂ ਉਤੇ ਨਾ ਬੈਠਾਵਾਂ। ਇਹ ਆਖ ਕੇ ਉਹ ਆਪਣੇ ਰਾਜ ਵਲ ਆ ਗਿਆ। ਪਾਂਡਵਾਂ ਦਾ ਯਗ ਸਮਾਪਤ ਹੋ ਗਿਆ।

ਕਥਾ ਇਸੇ ਹਿੱਸੇ ਵਿਚ ਪੁਜਣ ਸਮੇਂ ਰਾਜੇ ਜਨਮੇਜੇ ਦੇ ਅੱਧੇ ਸਰੀਰ ਦਾ ਕੋਹੜ ਹਟ ਗਿਆ, ਉਸ ਦਾ ਸਰੀਰ ਕੁੰਦਨ ਵਰਗਾ ਸਾਫ਼ ਹੋ ਗਿਆ। ਉਹ ਮਨ ਹੀ ਮਨ ਵਿਚ ਬਹੁਤ ਖ਼ੁਸ਼ ਹੋਇਆ। ਉਸ ਦੀਆਂ ਰਾਣੀਆਂ ਦੇਖ ਦੇਖ ਪ੍ਰਸੰਨ ਹੋ ਰਹੀਆਂ ਸਨ।

ਬਿਆਸ ਇਕ ਚਿਤ ਹੋ ਕੇ ਕਥਾ ਕਰੀ ਗਿਆ। ਦੁਰਯੋਧਨ ਬੜਾ ਚਲਾਕ

ਸੀ। ਸ਼ਕੁਨੀ ਦੀ ਸਹਾਇਤਾ ਨਾਲ ਉਸ ਨੇ ਯੁਧਿਸ਼ਟਰ ਨੂੰ ਸੱਦ ਕੇ ਜੂਆ ਖੇਡਿਆ। ਚਲਾਕੀਆਂ ਨਾਲ ਜੂਏ ਵਿਚ ਸਾਰਾ ਰਾਜ ਭਾਗ ਜਿੱਤ ਲਿਆ। ਇਥੋਂ ਤਕ ਕਿ ਪੰਜੇ ਪਾਂਡੋ ਤੇ ਦਰੋਪਤੀ ਵੀ ਜਿੱਤ ਲਈ। ਜਦੋਂ ਦਰੋਪਤੀ ਜਿੱਤ ਲਈ ਤਾਂ ਦੁਸ਼ਾਸਨ ਨੂੰ ਰਾਜ ਮਹਿਲਾਂ ਵਿਚ ਭੇਜ ਕੇ ਦਰੋਪਤੀ ਨੂੰ ਮੰਗਵਾਇਆ। ਦੁਸ਼ਾਸਨ ਦਰੋਪਤੀ ਨੂੰ ਕੇਸਾਂ ਤੋਂ ਫੜ ਕੇ ਸਭਾ ਵਿਚ ਲੈ ਆਇਆ। ਦੁਸ਼ਟ ਉਸ ਨੂੰ ਨੰਗੀ ਕਰਨ ਲਗੇ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਦਰੋਪਤੀ ਦੀ ਲਾਜ ਰੱਖੀ। ਉਹ ਨੰਗੀ ਨਾ ਹੋ ਸਕੀ। ਲੀੜਿਆਂ ਦੇ ਅੰਬਾਰ ਲਗ ਗਏ। ਪਾਂਡਵਾਂ ਨੂੰ ੧੨ ਸਾਲ ਬਨਵਾਸ ਭੋਗਣਾ ਪਿਆ। ਤੇਰ੍ਹਵੇਂ ਸਾਲ ਉਨ੍ਹਾਂ ਨੇ ਰਾਜ ਦਾ ਅੱਧ ਮੰਗਿਆ ਤਾਂ ਦੁਰਯੋਧਨ ਨੇ ਦੇਣੋਂ ਨਾਂਹ ਕਰ ਦਿੱਤੀ। ਸ੍ਰੀ ਕ੍ਰਿਸ਼ਨ ਜੀ ਨੇ ਸਮਝੌਤਾ ਕਰਾਉਣ ਦਾ ਬਹੁਤ ਯਤਨ ਕੀਤਾ, ਪਰ ਉਸ ਦੀਆਂ ਕੋਸ਼ਿਸ਼ਾਂ ਨਿਸਫਲ ਗਈਆਂ ਤੇ ਮਹਾਂਭਾਰਤ ਦਾ ਯੁਧ ਹੋਇਆ, ਉਸ ਯੁਧ ਵਿਚ ਦੁਰਯੋਧਨ ਤੇ ਉਸ ਦੇ ਸਾਰੇ ਭਾਈ ਮਾਰੇ ਗਏ। ਦੁਸ਼ਾਸਨ ਨੂੰ ਮਾਰ ਕੇ ਭੀਮ ਨੇ ਉਸ ਦੇ ਲਹੂ ਦੀਆਂ ਚੁਲੀਆਂ ਪੀਤੀਆਂ। ਲੜਾਈ ਵਿਚ ਭੀਮ ਨੇ ਐਸੇ ਕੌਤਕ ਕੀਤੇ ਕਿ ਜੋ ਅਸਚਰਜ ਸਨ। ਉਸ ਨੇ ਦੁਸ਼ਾਸਨ ਦੇ ਹਾਥੀਆਂ ਨੂੰ ਲੱਤਾਂ ਤੋਂ ਫੜ ਕੇ ਘੁਮਾ ਕੇ ਐਸਾ ਉਪਰ ਸੁਟਿਆ ਕਿ ਉਹ ਅਜੇ ਤਕ ਅਕਾਸ਼ ਵਿਚ ਘੁੰਮ ਰਹੇ ਹਨ, ਹੇਠਾਂ ਨਹੀਂ ਆਏ।

ਕੁਦਰਤ ਦੇ ਰੰਗ ਜਨਮੇਜੇ ਦੀ ਮੌਤ ਕੋਹੜ ਨਾਲ ਹੋਣੀ ਸੀ, ਭਾਵੀ ਨੇ ਵਰਤ ਕੇ ਰਹਿਣਾ ਸੀ, ਜਦੋਂ ਕਥਾ ਇਥੇ ਪੁੱਜੀ ਤਾਂ ਉਸ ਦਾ ਸਾਰਾ ਸਰੀਰ ਅਰੋਗ ਹੋ ਗਿਆ ਸੀ ਸਿਰਫ਼ ਨੱਕ ਉਤੇ ਕੋਹੜ ਰਹਿ ਗਿਆ ਸੀ। ਭੀਮ ਦੇ ਹਾਥੀ ਘੁਮਾਉਣ ਵਾਲੀ ਕਥਾ ਸੁਣ ਕੇ ਰਾਜੇ ਜਨਮੇਜੇ ਨੇ ਨੱਕ ਚੜ੍ਹਾ ਕੇ ਕਥਾ ਉਤੇ ਕਿੰਤੂ ਕੀਤਾ—'ਕਿੰਨੀ ਵੱਡੀ ਗੱਪ ਮਾਰੀ ਹੈ, ਕਦੀ ਹੋ ਸਕਦਾ ਹੈ ਕਿ ਹਾਥੀ ਨੂੰ ਘੁਮਾ ਕੇ ਕੋਈ ਮਨੁਖ ਅਸਮਾਨ ਵਿਚ ਸੁਟੇ ਤੇ ਉਹ ਅਜੇ ਤਕ ਅਸਮਾਨ ਵਿਚੋਂ ਹੀ ਨਾ ਆਉਣ। ਜੇ ਉਹ ਐਸਾ ਕਰਨੀ ਵਾਲਾ ਬਲੀ ਸੀ ਤਾਂ ਲੁਕ ਕੇ ਬਨਵਾਸ ਦੇ ਦਿਨ ਕਿਉਂ ਕਟਦਾ ਰਿਹਾ? ਜੂਏ ਦੇ ਪਿਛੋਂ ਦੁਰਯੋਧਨ ਤੇ ਦੁਸ਼ਾਸਨ ਨੂੰ ਮਾਰ ਸੁਟਦਾ।'

ਬਿਆਸ ਨੇ ਉਥੇ ਹੀ ਕਥਾ ਠੱਪ ਦਿਤੀ ਅਤੇ ਆਖਿਆ—'ਹੇ ਰਾਜਨ! ਇਹ ਵੀ ਭਾਵੀ ਦੀ ਖੇਡ ਹੈ ਤੁਸਾਂ ਕਿੰਤੂ ਕਰ ਦਿਤਾ ਹੈ। ਜਿਹੜਾ ਆਪ ਨੂੰ ਅੱਜ ਤੋਂ ਪਹਿਲਾਂ ਦਸਿਆ ਗਿਆ ਸੀ ਕਿ ਕਥਾ ਸੁਨਣ ਵੇਲੇ ਨੱਕ ਚੜ੍ਹਾ ਕੇ

ਕਿੰਤੂ ਨਾ ਕਰਿਓ, ਪਰ ਤੁਸੀਂ ਨਹੀਂ ਰੁਕੇ। ਹੁਣ ਨੱਕ ਤੋਂ ਕੋਹੜ ਨਹੀਂ ਜਾਵੇਗਾ। ਇਸੇ ਨਾਲ ਆਪ ਦੀ ਮੌਤ ਹੋਵੇਗੀ।

ਆਖਰ ਇਸੇ ਤਰ੍ਹਾਂ ਹੋਇਆ ਕਿ ਨੱਕ ਦੇ ਕੋਹੜ ਨਾਲ ਰਾਜਾ ਜਨਮੇਜਾ ਮਰ ਗਿਆ।

# ੧੦੧. ਜਰਾਸਿੰਧ ਦੀ ਕਥਾ

ਜਰਾਸੰਧਿ ਕਾਲਜਮੁਨ ਸੰਘਾਰੇ॥ (ਗਉੜੀ ਮ: ੧)

ਪੁਰਾਣੇ ਸਮੇਂ ਦੀ ਕਥਾ ਹੈ—ਇਕ ਰਾਜਾ ਬ੍ਰਿਹਤਰਥ ਸੀ। ਉਸ ਦੀਆਂ ਦੋ ਰਾਣੀਆਂ ਸਨ। ਉਹ ਦੋਵੇਂ ਰਾਣੀਆਂ ਗਰਭਵਤੀ ਹੋ ਗਈਆਂ। ਵੱਡੀ ਰਾਣੀ ਨੂੰ ਅਰੋਗ ਬੱਚਾ ਜਨਮਿਆਂ ਤੇ ਛੋਟੀ ਨੂੰ ਮਰਿਆ ਹੋਇਆ। ਜੋ ਮਰਿਆ ਸੀ, ਉਸ ਦੇ ਦੋ ਹਿੱਸੇ ਸਨ। ਇਕ ਲੱਤ, ਇਕ ਬਾਂਹ ਤੇ ਅੱਧਾ ਸਿਰ ਸੀ ਤੇ ਇਸੇ ਤਰ੍ਹਾਂ ਦੂਸਰਾ ਹਿੱਸਾ ਸੀ। ਦਾਈ ਨੇ ਉਸ ਮੋਏ ਬੱਚੇ ਦੇ ਦੋਵੇਂ ਟੋਟੇ ਫੜ ਕੇ ਬਾਹਰ ਸੁਟ ਦਿਤੇ। ਸਵੇਰ ਹੋਈ ਦੇਵਨੇਤ ਨਾਲ 'ਜਰਾ' ਨਾਮ ਦੀ ਦੈਂਤਣੀ ਆਈ। ਉਸ ਨੇ ਮੋਏ ਬੱਚੇ ਦੇ ਦੋਵੇਂ ਹਿੱਸੇ ਫੜ ਕੇ ਜੋੜ ਦਿਤੇ ਤੇ ਆਖਿਆ ਜਾਨ ਪੈ ਜਾਵੇ, ਜਾਨ ਪੈ ਜਾਵੇ, ਇਹ ਰੋਣ ਤੇ ਹੱਸਣ ਲੱਗ ਪਵੇ। ਉਸ ਦੇ ਇਨ੍ਹਾਂ ਵਾਕਾਂ ਦੇ ਨਾਲ ਹੀ ਬੱਚਾ ਰੋਣ ਲਗ ਪਿਆ। ਮੋਏ ਬੱਚੇ ਨੂੰ ਜੀਉਂਦਾ ਦੇਖ ਕੇ ਉਸ ਨੂੰ ਬਹੁਤ ਪ੍ਰਸੰਨਤਾ ਹੋਈ। ਉਹ ਬੱਚੇ ਨੂੰ ਚੁਕ ਕੇ ਆਪਣੇ ਟਿਕਾਣੇ ਚਲੀ ਗਈ। ਉਸ ਨੂੰ ਪਾਲਣ ਲਗੀ ਤੇ ਉਸ ਦਾ ਨਾਮ 'ਜਰਾਸਿੰਧ ਰੱਖ ਦਿੱਤਾ। ਜਰਾ—ਰਾਕਸ਼ਣੀ ਨੇ ਜਰਾ ਸਿੰਧ ਨੂੰ ਪਾਲਿਆ। ਉਹ ਬਹੁਤ ਬਲੀ ਯੋਧਾ ਨਿਕਲਿਆ। ਦੈਂਤਾਂ ਦੀ ਸਹਾਇਤਾ ਨਾਲ ਉਸ ਨੇ ਮੁਗਧ ਰਾਜ ਦਾ ਰਾਜ ਹਾਸਲ ਕਰ ਲਿਆ। ਥੋੜ੍ਹੇ ਸਮੇਂ ਵਿਚ ਹੀ ਉਸ ਦੀ ਬਹਾਦਰੀ ਦੀ ਧੁੰਮ ਪੈ ਗਈ। ਜਰਾਸਿੰਧ ਕੰਸ ਦਾ ਸਹੁਰਾ ਸੀ ਜਦੋਂ ਕੰਸ ਮਾਰਿਆ ਗਿਆ ਤਾਂ ਇਸ ਨੂੰ ਬਹੁਤ ਦੁਖ ਹੋਇਆ। ਇਹ ਉਗ੍ਰਸੈਨ ਕੋਲੋਂ ਬਦਲਾ ਲੈਣ ਵਾਸਤੇ ਚੜ੍ਹਾਈ ਕਰ ਕੇ ਆਇਆ। ਬਹੁਤ ਭਿਆਨਕ ਯੁਧ ਹੋਇਆ ਪਰ ਜਰਾਸਿੰਧ ਨੂੰ ਹਾਰ ਹੋਈ। ਆਪ ਇਹ ਲੋਹੇ ਦੇ ਕਿਸੇ ਹਥਿਆਰ ਨਾਲ ਨਹੀਂ ਸੀ ਮਰ ਸਕਦਾ। ਇਹ ਇਸ ਨੂੰ ਵਰ ਮਿਲਿਆ ਹੋਇਆ ਸੀ। ਸ੍ਰੀ ਕ੍ਰਿਸ਼ਨ ਜੀ ਨੇ ਉਗ੍ਰਸੈਨ ਦੀ ਸਹਾਇਤਾ

ਕੀਤੀ, ਇਸ ਕਰਕੇ ਸ੍ਰੀ ਕ੍ਰਿਸ਼ਨ ਜੀ ਵੀ ਜਰਾਸਿੰਧ ਦਾ ਦੁਸ਼ਮਨ ਹੋਇਆ। ਜਰਾਸਿੰਧ ਨੇ ਮਥਰਾ ਉਤੇ ਕਈ ਹੱਲੇ (੧੯ ਹਮਲੇ) ਕੀਤੇ, ਪਰ ਸ੍ਰੀ ਕ੍ਰਿਸ਼ਨ ਜੀ ਦੀ ਸ਼ਕਤੀ ਨੂੰ ਜਰਾ ਵੀ ਨੁਕਸਾਨ ਨਾ ਪੁਚਾ ਸਕਿਆ।

ਪਾਂਡਵਾਂ ਨੇ ਚਕ੍ਰਵਰਤੀ ਰਾਜੇ ਹੋਣ ਦੇ ਬਦਲੇ ਅਸਮੇਧ ਯੱਗ ਦਾ ਘੋੜਾ ਫੇਰਿਆ ਤਾਂ ਜਰਾਸਿੰਧ ਨੇ ਉਸ ਘੋੜੇ ਨੂੰ ਫੜ ਲਿਆ। ਈਨ ਮੰਨਣ ਤੋਂ ਇਨਕਾਰ ਕਰ ਦਿੱਤਾ। ਘੋੜੇ ਨੂੰ ਫੜਨ ਦਾ ਮਤਲਬ ਐਲਾਨਿ-ਜੰਗ ਸੀ। ਜਰਾਸਿੰਧ ਨੂੰ ਫ਼ਤਹ ਕਰਨ ਵਾਸਤੇ ਸ੍ਰੀ ਕ੍ਰਿਸ਼ਨ ਜੀ ਅਰਜਨ ਤੇ ਭੀਮ ਨੂੰ ਸਾਥ ਲੈ ਕੇ ਮਗਧ ਦੇਸ਼ ਵਲ ਗਏ। ਮਗਧ ਦੇਸ਼ ਦੀ ਰਾਜਧਾਨੀ ਗਿਰਬਿਜ ਸੀ। ਪਹਿਲਾਂ ਦੋਹਾਂ ਪਾਸਿਆਂ ਦੀ ਸੈਨਾ ਵਿਚਾਲੇ ਯੁਧ ਹੋਇਆ ਤੇ ਅੰਤ ਜਰਾਸਿੰਧ ਤੇ ਭੀਮ ਵਿਚਾਲੇ ਦ੍ਵੰਦਯੁਧ ਹੋਣ ਲੱਗਾ। ਜਰਾਸਿੰਧ ਕਿਸੇ ਤਰ੍ਹਾਂ ਵੀ ਅਰਜਨ ਤੇ ਭੀਮ ਕੋਲੋਂ ਨਹੀਂ ਸੀ ਮਰਦਾ। ਆਤਮਿਕ ਸ਼ਕਤੀ ਵਾਲਾ ਸ੍ਰੀ ਕ੍ਰਿਸ਼ਨ ਇਸ ਭੇਦ ਨੂੰ ਜਾਣਦਾ ਸੀ ਕਿ ਜੇ ਜਰਾਸਿੰਧ ਨੂੰ ਲੱਤਾਂ ਤੋਂ ਫੜ ਕੇ ਚੀਰ ਦਿਤਾ ਜਾਵੇ ਤਾਂ ਉਹ ਮਰੇਗਾ। ਸ੍ਰੀ ਕ੍ਰਿਸ਼ਨ ਨੇ ਕਾਨੇ ਨੂੰ ਚੀਰ ਕੇ ਭੀਮ ਨੂੰ ਸਮਝਾਇਆ ਕਿ ਇਸ ਨੂੰ ਚੀਰ ਸੁਟ। ਉਸ ਨੇ ਸੱਜੇ ਪੱਟ ਉਤੇ ਪੈਰ ਰੱਖ ਕੇ ਖੱਬੇ ਨੂੰ ਉਪਰ ਚੁਕਿਆ, ਜਰਾਸਿੰਧ ਦੇ ਜੋੜ ਖੁਲ੍ਹ ਗਏ, ਉਹ ਮਰ ਗਿਆ। ਗੁਰੂ ਵਾਕ ਦਾ ਇਸ ਲੜਾਈ ਵਲ ਇਸ਼ਾਰਾ ਹੈ।

# ੧੦੨. ਸ੍ਰੀ ਕ੍ਰਿਸ਼ਨ ਜੀ ਨੇ ਕੁਵਲੀਆ ਪੀੜ ਹਾਥੀ ਨੂੰ ਮਾਰਨਾ

*ਕੁਵਲੀਆ ਪੀੜ ਆਪਿ ਮਰਾਇਦਾ ਪਿਆਰਾ ਕਰਿ ਬਾਲਕ ਰੂਪਿ ਪਚਾਹਾ ॥*

*(ਸੋਰਠਿ ਮ: ੪)*

ਕੰਸ ਦੇ ਸੱਦਣ ਉਤੇ ਸ੍ਰੀ ਕ੍ਰਿਸ਼ਨ ਜੀ ਮਥਰਾ ਪੁਰੀ ਪੁਜੇ, ਸ੍ਰੀ ਕ੍ਰਿਸ਼ਨ ਜੀ ਦਾ ਭਗਤ ਅਕਰੂਰ ਵੀ ਨਾਲ ਸੀ, ਉਸ ਵੇਲੇ ਸ੍ਰੀ ਕ੍ਰਿਸ਼ਨ ਜੀ ਇਕੱਲੇ ਨਹੀਂ ਸਨ ਸਗੋਂ ਬਲਦੇਵ ਤੇ ਹੋਰ ਗਵਾਲੇ ਗਭਰੂ ਨਾਲ ਸਨ। ਜਿਸ ਵੇਲੇ ਸ੍ਰੀ ਕ੍ਰਿਸ਼ਨ ਜੀ ਅਖਾੜੇ ਦੇ ਬੂਹੇ ਕੋਲ ਪੁਜੇ ਤਾਂ ਕੀ ਦੇਖਦੇ ਹਨ ਕਿ ਮਸਤ ਹਾਥੀ ਬੂਹੇ ਅਗੇ ਖਲੋਤਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਮਹਾਵਤ ਨੂੰ ਇਸ਼ਾਰਾ ਕੀਤਾ ਕਿ ਉਹ ਹਾਥੀ ਨੂੰ ਪਿਛੇ ਕਰ ਲਵੇ ਪਰ ਉਸ ਨੇ ਹਾਥੀ ਪਾਸੇ ਨਾ ਕੀਤਾ। ਹਾਥੀ ਪਾਸੇ

ਨਾ ਕਰਨ ਦਾ ਕਾਰਨ ਇਹ ਸੀ ਕਿ ਕੰਸ ਪਾਪੀ ਨੇ ਸ੍ਰੀ ਕ੍ਰਿਸ਼ਨ ਜੀ ਨੂੰ ਮਥਰਾ ਇਸ ਲਈ ਸੱਦਿਆ ਸੀ ਕਿ ਉਹ ਕਿਸੇ ਨਾ ਕਿਸੇ ਬਹਾਨੇ ਕ੍ਰਿਸ਼ਨ ਜੀ ਨੂੰ ਮਰਵਾ ਸੁੱਟੇ। ਹਾਥੀ ਸ੍ਰੀ ਕ੍ਰਿਸ਼ਨ ਜੀ ਨੂੰ ਮਾਰਨ ਵਾਸਤੇ ਖੜਾ ਕੀਤਾ ਹੋਇਆ ਸੀ।

ਮਹਾਵਤ ਨੇ ਹਾਥੀ ਦੇ ਸਿਰ ਵਿਚ ਕੁੰਡਾ ਮਾਰ ਕੇ ਹਾਥੀ ਨੂੰ ਹੁਸ਼ਿਆਰ ਕਰ ਦਿਤਾ, ਉਹ ਅਗੇ ਵਧ ਕੇ ਸ੍ਰੀ ਕ੍ਰਿਸ਼ਨ ਜੀ ਨੂੰ ਸੁੰਡ ਨਾਲ ਚੁੱਕਣ ਲੱਗਾ ਪਰ ਸੋਲ੍ਹਾਂ ਕਲਾ ਸੰਪੂਰਨ ਪਰਮ ਸ਼ਕਤੀ ਵਾਲੇ ਨੂੰ ਹਾਥੀ ਕਿਵੇਂ ਮਾਰ ਸਕੇ? ਲਘੁਮਾ ਸਿਧੀ ਦੇ ਕਾਰਨ ਉਹ ਸੁੰਡ ਵਿਚ ਜਕੜੇ ਨਾ ਰਹਿ ਸਕੇ ਸਗੋਂ ਲੱਤਾਂ ਵਿਚ ਖਲੋ ਗਏ। ਖਿਸਕੇ ਨਹੀਂ ਪਾਸੇ ਨੱਸਣ ਦਾ ਯਤਨ ਨਹੀਂ ਕੀਤਾ। ਹਾਥੀ ਦੀ ਸੁੰਡ ਉਤੇ ਮੁਕੀਆਂ ਮਾਰਨ ਲਗ ਪਏ। ਉਨ੍ਹਾਂ ਮੁਕੀਆਂ ਨਾਲ ਹਾਥੀ ਨੂੰ ਇਸ ਤਰ੍ਹਾਂ ਦੁਖ ਹੋਇਆ ਜਿਵੇਂ ਲੋਹੇ ਦੀ ਵਦਾਨ ਵੱਜਣ ਨਾਲ ਦੁੱਖ ਹੁੰਦਾ ਹੈ। ਪੀੜਾ ਨਾਲ ਦੁਖੀ ਹੋ ਕੇ ਹਾਥੀ ਨੇ ਗੁੱਸਾ ਖਾਧਾ ਤੇ ਸੁੰਡ ਨਾਲ ਦੂਸਰੀ ਵਾਰ ਕ੍ਰਿਸ਼ਨ ਜੀ ਨੂੰ ਚੁੱਕਣ ਲਗਾ ਪਰ ਚੁੱਕ ਨਾ ਸਕਿਆ। ਕ੍ਰਿਸ਼ਨ ਜੀ ਦੀ ਦੇਹ ਸੈਂਕੜੇ ਮਣਾਂ ਭਾਰੀ ਹੋ ਗਈ। ਸੁੰਡ ਵਿਚੋਂ ਨਿਕਲ ਕੇ ਸ੍ਰੀ ਕ੍ਰਿਸ਼ਨ ਜੀ ਅਗੇ ਹੋਏ। ਹਾਥੀ ਉਨ੍ਹਾਂ ਦੇ ਪਿਛੇ ਨੱਸਿਆ। ਕ੍ਰਿਸ਼ਨ ਜੀ ਜਾਣ ਕੇ ਧਰਤੀ ਉਤੇ ਲੇਟ ਗਏ। ਜਦੋਂ ਹਾਥੀ ਕੋਲ ਆਇਆ ਤਾਂ ਸ੍ਰੀ ਕ੍ਰਿਸ਼ਨ ਜੀ ਖਿਸਕ ਕੇ ਹਾਥੀ ਦੇ ਪਿਛੇ ਹੋ ਗਏ, ਉਨ੍ਹਾਂ ਨੇ ਪੂਛ ਫੜ ਲਈ। ਪੂਛੋਂ ਫੜ ਕੇ ਹਾਥੀ ਨੂੰ ਜੋਰ ਨਾਲ ਪਿਛੇ ਖਿਚਿਆ। ਖਿਚ ਕੇ ਕਈ ਗਜ ਪਿਛੇ ਲੈ ਗਏ। ਹਾਥੀ ਚੀਕਾਂ ਮਾਰਨ ਲਗ ਪਿਆ। ਉਹ ਬਹੁਤ ਦੁਖੀ ਹੋਇਆ। ਕਦੀ ਸੱਜੇ ਕਦੀ ਖੱਬੇ ਧੂਹ ਧੂਹ ਕੇ ਬਲੀ ਕ੍ਰਿਸ਼ਨ ਜੀ ਨੇ ਹਾਥੀ ਨੂੰ ਧੱਕਾ ਮਾਰ ਦਿਤਾ। ਉਹ ਥੱਕ ਕੇ ਧਰਤੀ ਉਤੇ ਡਿਗ ਪਿਆ। ਡਿੱਗੇ ਦੇ ਦੰਦ ਤੋੜ ਕੇ ਕ੍ਰਿਸ਼ਨ ਜੀ ਨੇ ਹਾਥੀ ਨੂੰ ਜਾਨੋਂ ਮਾਰ ਦਿੱਤਾ। ਮਹਾਵਤ ਨੂੰ ਵੀ ਜੀਉਂਦਾ ਨਾ ਜਾਣ ਦਿੱਤਾ। ਉਸਦਾ ਵੀ ਕਾਲ ਹੋ ਗਿਆ। ਹਾਥੀ ਦੇ ਦੰਦਾਂ ਨੂੰ ਪੁਟ ਸੁਟਿਆ। ਇਕ ਦੰਦ ਕ੍ਰਿਸ਼ਨ ਜੀ ਨੇ ਫੜ ਲਿਆ ਤੇ ਦੂਸਰਾ ਦੰਦ ਬਲਦੇਵ ਕੋਲ ਸੀ। ਅਖਾੜੇ ਵਿਚ ਦਲੇਰੀ ਨਾਲ ਗਏ, ਉਸ ਅਖਾੜੇ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਕੰਸ ਨੂੰ ਮਾਰ ਦਿਤਾ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ। ਪ੍ਰਮਾਤਮਾ ਨੇ ਆਪ ਹੀ ਕੁਵਲੀਆ ਪੀੜ ਹਾਥੀ ਨੂੰ ਮਾਰਿਆ ਤੇ ਕ੍ਰਿਸ਼ਨ ਜੀ ਨੂੰ ਆਪਣਾ ਬਾਲਕ ਸਮਝਕੇ ਰਖਿਆ ਸੀ।

# ੧੦੩. ਸ੍ਰੀ ਕ੍ਰਿਸ਼ਨ ਤੇ ਚੰਡੂਰ ਦਾ ਘੋਲ

*'ਆਪਿ ਅਖਾੜਾ ਪਾਇਦਾ ਪਿਆਰਾ ਕਰਿ ਵੇਖੈ ਆਪਿ ਚੋਜਾਹਾ॥*
*ਕਰਿ ਬਾਲਕ ਰੂਪ ਉਪਾਇਦਾ ਪਿਆਰਾ ਚੰਡੂਰੁ ਕੰਸੁ ਕੇਸੁ ਮਾਰਾਹਾ॥'*

ਹਾਥੀ ਨੂੰ ਮਾਰ ਕੇ ਕ੍ਰਿਸ਼ਨ ਜੀ ਤੇ ਬਲਦੇਵ ਜੀ ਅਖਾੜੇ ਵਿਚ ਪੁਜੇ ਤਾਂ ਚੰਡੂਰ ਤੇ ਮੁਸ਼ਕਿਟ ਵਰਗੇ ਪਹਿਲਵਾਨ ਅਗੇ ਹੋ ਕੇ ਕ੍ਰਿਸ਼ਨ ਜੀ ਨੂੰ ਮਖੌਲ ਕਰਨ ਲੱਗੇ। ਕੱਦ ਦੇ ਲਿਹਾਜ ਨਾਲ ਸ੍ਰੀ ਕ੍ਰਿਸ਼ਨ ਤੇ ਬਲਦੇਵ ਜੀ ਚੰਡੂਰ ਤੇ ਮੁਸ਼ਕਿਟ ਦੇ ਮੁਕਾਬਲੇ ਬੱਚੇ ਸਨ। ਉਮਰ ਵੀ ਅਜੇ ਛੋਟੀ ਸੀ, ਚੰਡੂਰ ਨੇ ਆਖਿਆ—'ਗੋਕਲ ਦੇ ਗੋਵਾਇਲ ਬਾਲਕੋ! ਮਹਾਰਾਜ ਦੀ ਇਛਾ ਹੈ ਕਿ ਮਹਾਰਾਜ ਨੂੰ ਅਸੀਂ ਘੋਲ ਕਰਕੇ ਵਿਖਾਈਏ ਤੇ ਮਹਾਰਾਜ ਦੀ ਰੂਹ ਨੂੰ ਖ਼ੁਸ਼ ਕਰੀਏ।'

ਸ੍ਰੀ ਕ੍ਰਿਸ਼ਨ ਜੀ ਨੇ ਉੱਤਰ ਦਿੱਤਾ—'ਅਸੀਂ ਤਾਂ ਬਾਲਕ ਹਾਂ, ਅਸੀਂ ਤੁਸਾਂ ਵਰਗੇ ਪਹਿਲਵਾਨਾਂ ਨਾਲ ਘੋਲ ਨਹੀਂ ਕਰ ਸਕਦੇ। ਅਸਾਡੇ ਹਾਣੀ ਬਾਲਕ ਆਉਣ ਤਾਂ ਕੋਈ ਖੇਡ ਖੇਡ ਕੇ ਵਿਖਾਲ ਸਕਦੇ ਹਾਂ। ਮਾੜਿਆਂ ਤਕੜਿਆਂ ਦਾ ਕੀ ਮੇਲ।'

ਚੰਡੂਰ—'ਤੁਸਾਂ ਹਾਸੇ ਹਾਸੇ ਵਿਚ ਉਸ ਹਾਥੀ ਨੂੰ ਮਾਰ ਦਿਤਾ ਹੈ ਜਿਸ ਹਾਥੀ ਵਿਚ ਹਜਾਰਾਂ ਹਾਥੀਆਂ ਦਾ ਬਲ ਸੀ। ਤੁਸੀਂ ਬਾਲਕ ਨਹੀਂ ਸਗੋਂ ਪੱਕੀ ਉਮਰ ਦੇ ਪਹਿਲਵਾਨ ਹੋ। ਆਓ ਘੋਲ ਕਰੋ, ਐਵੇਂ ਨਹੀਂ ਜਾਣ ਦਿੱਤਾ ਜਾਵੇਗਾ।' ਇਸ ਵੰਗਾਰ ਨੂੰ ਸੁਣ ਕੇ ਸ੍ਰੀ ਕ੍ਰਿਸ਼ਨ ਜੀ ਢਿਲੇ ਨਾ ਪਏ। ਉਨ੍ਹਾਂ ਨੇ ਚੰਡੂਰ ਨੂੰ ਆਖਿਆ—'ਚੰਗਾ ਆਓ ਘੋਲ ਕਰਕੇ ਦੇਖ ਲੈਂਦੇ ਹਾਂ। ਜਿੱਤ ਹਾਰ ਭਗਵਾਨ ਦੇ ਹੱਥ ਹੈ।'

ਸ੍ਰੀ ਕ੍ਰਿਸ਼ਨ ਜੀ ਤੇ ਚੰਡੂਰ ਘਸੁੰਨ ਮੁਕੀ ਦਾ ਘੋਲ ਕਰਨ ਲਗੇ। ਬਲਦੇਵ ਨਾਲ ਮਸ਼ਕਿਟ ਜੁਟ ਪਿਆ। ਦੇਖਣ ਵਾਲੇ ਹੈਰਾਨ ਸਨ ਕਿ ਇਹ ਘੋਲ ਕਿਸ ਤਰ੍ਹਾਂ ਦਾ ਹੈ। ਇਹ ਬਾਲਕ ਮਾੜੇ ਤੇ ਦੂਸਰਿਆਂ ਦੇ ਕੱਦ ਦੈਂਤਾਂ ਵਰਗੇ ਅਬਲ ਤੇ ਸਬਲ ਦਾ ਇਹ ਘੋਲ ਕੀ ਹੈ। ਇਸਤਰੀ ਦਾ ਦਿਲ ਨਰਮ ਹੁੰਦਾ ਹੈ, ਨਰਮ ਦਿਲ ਵਾਲੀਆਂ ਇਸਤਰੀਆਂ ਕੋਠਿਆਂ ਉਤੇ ਚੜ੍ਹੀਆਂ ਹੋਈਆਂ ਸ੍ਰੀ ਕ੍ਰਿਸ਼ਨ ਜੀ

ਨਾਲ ਹਮਦਰਦੀ ਕਰਨ ਲਗੀਆਂ । ਬਹੁਤ ਦਰਸ਼ਕਾਂ ਨੇ ਖ਼ਿਆਲ ਕੀਤਾ ਕਿ ਇਨ੍ਹਾਂ ਬਾਲਕਾਂ ਨੂੰ ਮਰਵਾਉਣ ਵਾਸਤੇ ਇਕ ਖੇਡ ਰਚੀ ਹੈ । ਬਾਲਕਾਂ ਨਾਲ ਜ਼ਰੂਰ ਕੋਈ ਦੁਸ਼ਮਨੀ ਹੈ । ਕਿਉਂਕਿ ਕਿਸੇ ਨੂੰ ਨਹੀਂ ਸੀ ਪਤਾ ਕਿ ਇਹ ਸ੍ਰੀ ਕ੍ਰਿਸ਼ਨ ਜੀ ਮਹਾਰਾਜ ਕੰਸ ਦੇ ਭਣੇਵੇਂ ਹਨ । ਭਗਵਾਨ ਨੇ ਸ੍ਰੀ ਕ੍ਰਿਸ਼ਨ ਜੀ ਦੇ ਤਨ ਨੂੰ ਸਬਲ ਕਰ ਦਿਤਾ । ਉਹ ਫ਼ੌਲਾਦ ਦੀ ਤਰ੍ਹਾਂ ਕਰੜਾ ਹੋ ਗਿਆ। ਜੋ ਮੁਕੀਆਂ ਉਸ ਨੂੰ ਵਜਦੀਆਂ, ਉਨ੍ਹਾਂ ਦੀ ਸੱਟ ਨਾ ਲੱਗਦੀ, ਪਰ ਜੋ ਕ੍ਰਿਸ਼ਨ ਦੇ ਛੋਟੇ ਹੱਥਾਂ ਦੀਆਂ ਮੁੱਕੀਆਂ ਚੰਡੂਰ ਨੂੰ ਵੱਜਦੀਆਂ, ਚੰਡੂਰ ਨੂੰ ਬਹੁਤ ਦਰਦ ਹੁੰਦੀ । ਚੰਡੂਰ ਥੱਕ ਗਿਆ । ਘਾਬਰ ਕੇ ਅਗੇ ਅਗੇ ਚੱਕਰ ਕੱਟਣ ਲੱਗਾ। ਸ੍ਰੀ ਕ੍ਰਿਸ਼ਨ ਜੀ ਨੇ ਚੰਡੂਰ ਨੂੰ ਠਿੱਬੀ ਮਾਰ ਕੇ ਧਰਤੀ ਉਤੇ ਸੁਟ ਲਿਆ। ਜਦੋਂ ਧਰਤੀ ਉਤੇ ਡਿਗਾ ਤਾਂ ਉਸ ਨੂੰ ਕ੍ਰਿਸ਼ਨ ਜੀ ਨੇ ਚੁਕ ਲਿਆ ਤੇ ਚੁਕ ਕੇ ਸਿਰ ਤੋਂ ਉਪਰ ਲੈ ਗਏ ਜਦੋਂ ਝੋਟੇ ਵਰਗੇ ਚੰਡੂਰ ਨੂੰ ਬਾਹਵਾਂ ਉਤੇ ਤੋਲਿਆ ਤਾਂ ਦਰਸ਼ਕ ਹੈਰਾਨ ਹੋ ਗਏ । ਇਸਤਰੀਆਂ ਨੇ ਬਹੁਤ ਜ਼ੋਰ ਨਾਲ ਤਾਲੀ ਮਾਰੀ। ਖ਼ੁਸ਼ੀ ਵਿਚ ਦਲੇਰੀ ਦਿਤੀ—ਸ਼ਾਬਾਸ਼ ! ਬਹੁਤ ਹੱਛਾ, ਬਹੁਤ ਹੱਛਾ, ਕਈ ਤਾਂ ਇਹ ਆਖਣ ਲਗ ਪਏ ਕਿਤੇ ਪਾਪੀ ਕੰਸ ਦੀ ਮੌਤ ਤਾਂ ਨਹੀਂ ਆ ਗਈ । ਕਿਤੇ ਇਹੋ ਹੀ ਇਸ ਦਾ ਭਣੇਵਾਂ ਨਾ ਹੋਵੇ ਜਿਸ ਦੇ ਹੱਥੋਂ ਇਸ ਦੀ ਮੌਤ ਹੋਣੀ ਹੈ।

ਜਿਉਂ ਹੀ ਕ੍ਰਿਸ਼ਨ ਜੀ ਨੇ ਚੰਡੂਰ ਨੂੰ ਧਰਤੀ ਉਤੇ ਸੁਟਿਆ ਤਿਉਂ ਹੀ ਉਸ ਦੀ ਜਾਨ ਨਿਕਲ ਗਈ । ਉਸ ਦੇ ਸਰੀਰ ਦੀਆਂ ਹੱਡੀਆਂ ਟੁਟ ਗਈਆਂ ਉਸ ਦੀ ਮੌਤ ਦੇ ਨਾਲ ਹੀ ਬਲਦੇਵ ਨੇ ਮੁਸ਼ਕਿਟ ਨੂੰ ਮਾਰ ਦਿਤਾ। ਚੰਡੂਰ ਤੇ ਮੁਸ਼ਕਿਟ ਦੀ ਮੌਤ ਦੇ ਪਿਛੋਂ ਚਾਰ ਪੰਜ ਪਹਿਲਵਾਨ ਹੋਰ ਆਏ । ਉਨ੍ਹਾਂ ਨੂੰ ਵੀ ਦੋਹਾਂ ਵੀਰਾਂ ਨੇ ਮਾਰ ਦਿਤਾ । ਇਸ ਦੇ ਪਿਛੋਂ ਗਵਾਲ ਬਾਲਕਾਂ ਨੂੰ ਕ੍ਰਿਸ਼ਨ ਜੀ ਨੇ ਹੁਕਮ ਦਿਤਾ ਕਿ ਅਖਾੜੇ ਵਿਚ ਸ਼ੋਰ ਮਚਾ ਦਿਓ । ਐਸੀ ਲੁਡੀ ਪਾਓ ਕਿ ਸਾਰੇ ਡਰ ਕੇ ਨੱਸ ਜਾਣ । ਗਵਾਲ ਬਾਲਕਾਂ ਨੇ ਇਸੇ ਤਰ੍ਹਾਂ ਕੀਤਾ । ਜਿੱਤ ਦਾ ਮੈਦਾਨ ਸ੍ਰੀ ਕ੍ਰਿਸ਼ਨ ਜੀ ਦੇ ਹੱਥ ਰਿਹਾ ।

ਗੁਰੂ ਜੀ ਉਪਰਲੀ ਤੁਕ ਵਿਚ ਆਖਦੇ ਹਨ ਕਿ ਚੰਡੂਰ ਤੇ ਕੰਸ ਨੂੰ ਮਾਰਨ ਵਾਲਾ ਆਪ ਪ੍ਰਭੂ ਸੀ ਕਿਉਂਕਿ ਉਹ ਹੰਕਾਰੀ ਤੇ ਪਾਪੀ ਸਨ । ਬਾਲਕ ਸ੍ਰੀ ਕ੍ਰਿਸ਼ਨ ਦੀ ਰਾਖੀ ਪ੍ਰਮਾਤਮਾ ਪਿਆਰੇ ਨੇ ਆਪ ਕੀਤੀ ਸੀ ।

# ੧੦੪. ਚੰਦਰਮਾ ਨੂੰ ਕਲੰਕ

*ਸੰਕਰਾ ਮਸਤਕਿ ਬਸਤਾ ਸੁਰਸਰੀ ਇਸਨਾਨ ਰੇ ॥ ਕੁਲ ਜਨ ਮਧੇ ਮਿਲ੍ਹਿ ਸਾਰਗ ਪਾਨ ਰੇ ॥ ਕਰਮ ਕਰਿ ਕਲੰਕੁ ਮਫੀਟਸਿ ਰੀ ॥੧॥ (ਧਨਾਸਰੀ ਤ੍ਰਿਲੋਚਨ ਜੀ)*

ਉਪਰਲੇ ਮਹਾਂਵਾਕ ਵਿਚ ਤ੍ਰਿਲੋਚਨ ਜੀ ਨੇ ਦਸਿਆ ਕਿ ਚੰਦਰਮਾ ਭਾਵੇਂ ਪੂਜਨੀਕ ਹੈ ਉਹ ਸ਼ਿਵ ਜੀ ਦੇ ਮਥੇ ਉਤੇ ਵਸਦਾ ਤੇ ਪਵਿੱਤਰ ਗੰਗਾ ਵਿਚ ਇਸ਼ਨਾਨ ਕਰਦਾ ਹੈ। ਉਹਦੇ ਵੰਸ਼ ਵਿਚੋਂ ਕ੍ਰਿਸ਼ਨ ਜੀ ਸਨ ਪਰ ਉਸ ਦੇ ਮੰਦੇ ਕਰਮਾਂ ਦੇ ਕਾਰਣ ਉਸ ਨੂੰ ਕਲੰਕ ਲਗੇ ਹਨ ਜੋ ਦੂਰ ਨਹੀਂ ਹੋ ਸਕੇ। ਇਸ ਵਾਸਤੇ ਕੁਲ ਅਭਿਮਾਨ ਨਹੀਂ ਹੋਣਾ ਚਾਹੀਦਾ ਸਗੋਂ ਕਰਮ ਅਭਿਮਾਨ ਦੀ ਲੋੜ ਹੈ। ਕਰਮ ਚੰਗੇ ਹੋਣ। ਚੰਦਰਮਾ ਦੇ ਕਲੰਕਾਂ ਦੀ ਕਥਾ ਭਾਵੇਂ ਅਸੀਂ ਪਿਛੇ ਕਈਆਂ ਕਥਾਵਾਂ ਵਿਚ ਬਿਆਨ ਕਰ ਆਏ ਹਾਂ ਫਿਰ ਵੀ ਸੰਖੇਪ ਤੌਰ ਤੇ ਇਥੇ ਲਿਖਿਆ ਜਾਂਦਾ ਹੈ।

ਇੰਦਰ ਅਹਿਲਿਆ ਮੇਲ ਵੇਲੇ ਗੌਤਮ ਨੇ ਕ੍ਰੋਧਵਾਨ ਹੋ ਕੇ ਚੰਦਰਮਾ ਨੂੰ ਗਿੱਲਾ ਪਰਨਾ ਮਾਰਿਆ ਜਿਸ ਕਾਰਨ ਉਸ ਦੇ ਪਿੰਡੇ ਉਤੇ ਕਾਲੇ ਨਿਸ਼ਾਨ ਨਜ਼ਰ ਆਉਂਦੇ ਹਨ। ਉਹ ਅਟੱਲ ਹਨ ਮਿਟ ਨਹੀਂ ਸਕਦੇ।

ਚੰਦਰਮਾ ਜਦੋਂ ਆਪਣੇ ਸਹੁਰੇ ਦਖਸ਼ ਪਰਜਾਪਤੀ ਦੇ ਆਖੇ ਨਹੀਂ ਸੀ ਲਗਾ ਤਾਂ ਉਸ ਨੇ ਖਈ ਰੋਗ ਦਾ ਸਰਾਪ ਦਿਤਾ ਸੀ ਤਦੋਂ ਤੋਂ ਇਸ ਦੀ ਕਲਾ ਘਟ ਗਈ ਹੁਣ ਪੰਦਰਾਂ ਦਿਨ ਚੜ੍ਹਦਾ ਤੇ ਪੰਦਰਾਂ ਦਿਨ ਉਤਰਦਾ ਰਹਿੰਦਾ ਹੈ। ਜਿਥੇ ਅਗੇ ਪੂਰਾ ਮਹੀਨਾ ਪੂਰਾ ਰਹਿੰਦਾ ਸੀ।

ਇਕ ਹੋਰ ਕਥਾ ਹੈ ਕਿ ਚੰਦਰਮਾ ਬ੍ਰਹਸਪਤੀ ਪਾਸ ਵਿਦਿਆ ਪੜ੍ਹਦਾ ਸੀ। ਬ੍ਰਹਸਪਤੀ ਦੀ ਵਹੁਟੀ ਚੰਦਰਮਾ ਦੇ ਰੂਪ ਉਤੇ ਭਰਮ ਪਈ। ਚੰਦਰਮਾ ਦਾ ਦਿਲ ਚਲਾਇਮਾਨ ਹੋ ਗਿਆ। ਚੰਦਰਮਾ ਆਪਣੇ ਗੁਰੂ ਬ੍ਰਹਸਪਤੀ ਦੀ ਇਸਤਰੀ ਨੂੰ ਕੱਢ ਕੇ ਤੁਰਦਾ ਹੋਇਆ। ਬ੍ਰਹਸਪਤੀ ਨੂੰ ਬਹੁਤ ਕ੍ਰੋਧ ਆਇਆ। ਉਸ ਨੇ ਚੰਦਰਮਾ ਦੇ ਬਹੁਤ ਤਰਲੇ ਕਢੇ ਕਿ ਉਹ ਉਸ ਦੀ ਇਸਤਰੀ ਮੋੜ ਦੇਵੇ ਨਾਲੇ ਵਿਦਿਆ ਗੁਰੂ ਦੀ ਇਸਤਰੀ ਕਢਣੀ ਜਾਂ ਇਸਤਰੀ ਰੂਪ ਵਿਚ ਰਖਣੀ ਅਯੋਗ ਹੈ ਪਰ ਚੰਦਰਮਾ ਨੇ ਇਕ ਨਾ ਸੁਣੀ। ਉਸ ਨੇ ਬ੍ਰਹਸਪਤੀ ਦੀ ਇਸਤਰੀ ਨੂੰ ਨਹੀਂ ਮੋੜਿਆ। ਉਸ ਨੇ ਸਰਾਪ ਦਿਤਾ ਤੇਰਾ ਇਹ ਰੂਪ ਨਾ ਰਹੇ। ਉਸ ਦਿਨ ਤੋਂ ਚੰਦਰਮਾ ਦੇ ਰੂਪ ਦੀਆਂ ਕਲਾਂ ਘਟ ਗਈਆਂ।









**B. Jawahar Singh Kirpal Singh & Co.**
Jallianwala Bagh , Amritsar
Website:www.jsks.co.in Phone:0183-2545421